
ਪੰਜਾਬੀ ਬੋਲੀ ਦਾ ਇਤਿਹਾਸ

ਪ੍ਰੋ. ਪਿਆਰਾ ਸਿੰਘ 'ਪਦਮ'

ਕਲਮ ਮੰਦਿਰ, ਲੋਇਰ ਮਾਲ,
ਪਟਿਆਲਾ।

Sri Satguru Jagjit Singh Ji eLibrary NamdhariElibrary@gmail.com

ਪੰਜਾਬੀ ਬੋਲੀ ਦਾ ਇਤਿਹਾਸ






ਇਸੇ ਕਲਮ ਤੋਂ—

ਗੁਰੂ ਘਰ, ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਦਸਮ ਗ੍ਰੰਥ ਦਰਸ਼ਨ, ਆਦਿ ਗ੍ਰੰਥ ਦਰਸ਼ਨ, ਗੁਰੂ ਨਾਨਕ ਸਾਗਰ, ਸੰਖੇਪ ਸਿਖ ਇਤਿਹਾਸ, ਦਰਬਾਰੀ ਰਤਨ, ਪੰਜ ਦਰਿਆ, ਰਬਾਬ, ਨਾਨਕ ਸਾਇਰੁ ਏਵੁ ਕਹਤ ਹੈ, ਗੁਰ ਨਾਨਕ ਜਿਨ ਸੁਣਿਆ ਪੇਖਿਆ, ਵਾਰਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀਆਂ, ਚਾਰ ਸਾਹਿਬਜ਼ਾਦੇ, ਰਹਿਤਨਾਮੇ, ਜ਼ਫਰਨਾਮਾ, ਕਲਾਮ ਭਾਈ ਨੰਦ ਲਾਲ, ਪ੍ਰਾਚੀਨ ਸੌ ਸਾਖੀ, ਪਰਚੀ ਪਾਤਸ਼ਾਹੀ ਦਸਵੀਂ ਕੀ, ਗੁਰੂ ਕੀਆਂ ਸਾਖੀਆਂ. ਪ੍ਰਸਿਧ ਪੰਜਾਬੀ ਗੁਰਬਾਣੀ ਕੋਸ਼, ਸ੍ਰੀ ਗੁਰੂ ਗ੍ਰੰਥ ਵਿਚਾਰ ਕੋਸ਼, ਸ੍ਰੀ ਗੁਰੂ ਗ੍ਰੰਥ ਸੰਕੇਤ ਕੋਸ਼, ਗੁਰੂ ਗ੍ਰੰਥ ਮਹਿਮਾ ਕੋਸ਼, ਸੁਖਮਨੀ ਦਰਸ਼ਨ, ਮਹਾਤਮਾ ਸੰਤਰੇਣ, ਪੰਜਾਬੀ ਮਹਾਰਾਜਾ, ਪੰਜਾਬੀ ਬੋਲੀ ਦਾ ਇਤਿਹਾਸ, ਗੁਰਮੁਖੀ ਲਿਪੀ ਦਾ ਇਤਿਹਾਸ, ਪੰਜਾਬੀ ਸਾਹਿਤ ਦੀ ਰੂਪ ਰੇਖਾ, ਕਲਮ ਦੇ ਧਨੀ ਕਲਮ ਦੇ ਚਮਤਕਾਰ, ਪੰਜਾਬੀ ਵਾਰਾਂ, ਪੰਜਾਬੀ ਬਾਰਾਂਮਾਹੇ, ਪੰਜਾਬੀ ਮਾਝਾਂ, ਪੰਜਾਬੀ ਜੈਵਾਂ, ਪੰਜਾਬੀ ਝਗੜੇ, ਹਾਸ਼ਮ ਰਚਨਾਵਲੀ, ਹੁਸੈਨ ਰਚਨਾਵਲੀ. ਸਾਈਂ ਬੁੱਲ੍ਹੇ ਸ਼ਾਹ, ਬੱਲੇ ਸ਼ੇਖ ਫਰੀਦ, ਦੋਹੜੇ ਸੁਲਤਾਨ ਬਾਹੂ, ਮਿਰਜ਼ੇ ਦੀਆਂ ਸੱਦਾਂ, ਬਾਬਾ ਸਾਧੂਜਨ, ਸਾਧੂ ਈਸ਼ਰਦਾਸ, ਬਾਬਾ ਵਜੀਦ, ਦਰਸ਼ਨ ਭਗਤ, ਹਿੰਦੁਸਤਾਨੀ ਕਵਿਤਾ, ਹਿੰਦੁਸਤਾਨੀ ਕਵੀ, ਹਿੰਦੁਸਤਾਨੀ ਕਲਾ, ਖਲੀਲ ਜਿਬ੍ਰਾਨ ਦੇ ਬਚਨ ਬਿਲਾਸ, ਪੁਸ਼ਪਾਂਜਲੀ, ਅਜ਼ਾਦੀ ਆਦਿ ।

ਪੰਜਾਬੀ ਬੋਲੀ ਦਾ ਇਤਿਹਾਸ

ਪ੍ਰੋ. ਪਿਆਰਾ ਸਿੰਘ ਪਦਮ
ਕਲਮ ਮੰਦਿਰ,
ਲੋਯਰ ਮਾਲ, ਪਟਿਆਲਾ



995 ਈ.

Rs. 100-00

Sri Satguru Jagjit Singh Ji eLibrary NamdhariElibrary@gmail.com

ਕਰਤਾ ਦੇ ਸਭ ਹੱਕ ਰਾਖਵੇਂ ਹਨ

ਪਹਿਲੀ ਵਾਰ 1954
ਦੂਜੀ ਵਾਰ 1969
ਤੀਜੀ ਵਾਰ 1995



ਚੌਥੀ ਵਾਰ

ਪ੍ਰੋ. ਪਿਆਰਾ ਸਿੰਘ ਪਦਮ, ਕਲਮ ਮੰਦਿਰ, ਲੌਂਦਰਾ ਮਾਲ, ਪਟਿਆਲਾ।

ਤਤਕਰਾ

	ਇਕ ਪ੍ਰਸ਼ੰਸਾ ਪੱਤਰ	ਡਾ. ਰਘੁਵੀਰ		
	ਕੁਝ ਵਿਦਵਾਨਾਂ ਦੀਆਂ ਰਾਵਾਂ	ਪ੍ਰਿ. ਤੇਜਾ ਸਿੰਘ, ਡਾ. ਰੰਜ਼ਨ ਲਾਲ ਅਹੂਜਾ, ਪ੍ਰਿੰ. ਜੋਧ ਸਿੰਘ, ਪ੍ਰਿੰ. ਤਾਲਿਬ, ਪ੍ਰਿੰ. ਸੰਤ ਸਿੰਘ ਸੇਖੋਂ ...	...	9
	Foreword	ਡਾਕਟਰ ਬਨਾਰਸੀ ਦਾਸ ਜੈਨ...	...	15
	ਪ੍ਰਵੇਸ਼	...	...	18
		ਪਹਿਲਾ ਭਾਗ		
1.	ਬੋਲੀ ਦਾ ਜਨਮ ਤੇ ਵਿਕਾਸ	...	...	23
2.	ਬੋਲੀਆਂ ਦੀ ਖੋਜ (ਭਾਸ਼ਾ ਵਿਗਿਆਨ)	...	...	31
3.	ਸੰਸਾਰ ਦੀਆਂ ਬੋਲੀਆਂ	...	...	39
4.	ਹਿੰਦੁਸਤਾਨੀ ਬੋਲੀਆਂ ਅਸਾਮੀ, ਬੰਗਾਲੀ, ਉੜੀਆ, ਮਰਾਠੀ, ਗੁਜਰਾਤੀ, ਬਿਹਾਰੀ, ਰਾਜਸਥਾਨੀ, ਹਿੰਦੀ, ਉਰਦੂ, ਪੰਜਾਬੀ, ਸਿੰਧੀ, ਪਹਾੜੀ, ਕਸ਼ਮੀਰੀ, ਪਸ਼ਤੋ, ਤਾਮਲ, ਤੈਲਗੂ, ਮਲਿਆਲਮ ਤੇ ਕੰਨੜ	...	...	46
5.	ਪੰਜਾਬੀ ਦਾ ਪਿੱਛਾ ਵੈਦਿਕ ਸੰਸਕ੍ਰਿਤ 54, ਸੰਸਕ੍ਰਿਤ 55, ਪਾਲੀ 56, ਪ੍ਰਾਕ੍ਰਿਤ 58	...	...	52
6.	ਪੰਜਾਬੀ ਦੀ ਜਨਮ-ਦਾਤੀ ਮਾਈ ਅਪਭ੍ਰੰਸ਼	...	...	63
7.	ਅਪਭ੍ਰੰਸ਼ ਦੀ ਵੰਨਗੀ (੯੧ ਦੂਹੇ ਪੰਜਾਬੀ ਅਨੁਵਾਦ ਸਮੇਤ)	...	...	73
		ਦੂਜਾ ਭਾਗ		
8.	ਪੰਜਾਬੀ ਦਾ ਜਨਮ ਪੰਜਾਬ ਦੀਆਂ ਪ੍ਰਾਚੀਨ ਬੋਲੀਆਂ 89, ਸ਼ੌਰਸੈਨੀ 91, ਪੈਸ਼ਾਚੀ 94, ਪੰਜਾਬੀ ਸ਼ੁਧ ਆਰੀਆ ਬੰਸੀ ਹਨ 98, ਪੰਜਾਬੀ ਦਾ ਮੂਲ ਸੰਸਕ੍ਰਿਤ ਨਹੀਂ 100, ਸੰਸਕ੍ਰਿਤ ਵਿਚ ਵੀ ਰਲਾ-ਵਟ ਹੈ 105, ਜਨਮ-ਕਾਲ 108	...	...	87
9.	ਪੰਜਾਬੀ ਦਾ ਵਿਕਾਸ ਪੁਰਾਣਾ ਸਮਾਂ 112, ਮੱਝਲਾ ਸਮਾਂ 119, ਵਰਤਮਾਨ ਸਮਾਂ 122	...	...	110
10.	ਪੰਜਾਬੀ ਦਾ ਨਾਮ-ਸੰਸਕਾਰ ਪੰਜਾਬ ਦੇ ਪੁਰਾਣੇ ਨਾਂ—ਸਪਤ ਸਿੰਧੂ, ਵਾਹੀਕ, ਮਦ੍ ਦੇਸ, ਟਕ ਦੇਸ, ਪੰਜ ਨਦ, ਪੰਜਾਬ, ਪੰਜਾਬੀ ਦੇ ਨਾਂ 133	...	...	124

11.	ਪੰਜਾਬੀ ਦੀਆਂ ਹੱਦਾਂ	... ...	137
12.	ਪੰਜਾਬੀ ਦੀ ਬਣਤਰ	... ...	142
	ਧੁਨੀ ਬਣਤਰ 145, ਸ਼ਬਦ ਬਣਤਰ 153	... ...	
	ਵਾਕ ਬਣਤਰ 156, ਅਰਥ ਬਣਤਰ 158	... ...	
13.	ਪੰਜਾਬੀ ਸ਼ਬਦ-ਭੰਡਾਰ	... ...	160
14.	ਪੰਜਾਬੀ ਤੇ ਹੋਰ ਬੋਲੀਆਂ	... ...	168
	ਦ੍ਰਾਵੜੀ ਤੇ ਪੰਜਾਬੀ, ਸੰਸਕ੍ਰਿਤ ਤੇ ਪੰਜਾਬੀ, ਪਾਲੀ ਤੇ ਪੰਜਾਬੀ, ਯੂਨਾਨੀ ਤੇ ਪੰਜਾਬੀ, ਤੁਰਕੀ ਤੇ ਪੰਜਾਬੀ, ਅਰਬੀ ਤੇ ਪੰਜਾਬੀ, ਫ਼ਾਰਸੀ ਤੇ ਪੰਜਾਬੀ, ਪਸ਼ਤੋ ਤੇ ਪੰਜਾਬੀ, ਸਾਧ-ਭਾਸ਼ਾ ਤੇ ਪੰਜਾਬੀ, ਬ੍ਰਿਜ ਭਾਸ਼ਾ ਤੇ ਪੰਜਾਬੀ, ਹਿੰਦੀ ਤੇ ਪੰਜਾਬੀ, ਉਰਦੂ ਤੇ ਪੰਜਾਬੀ, ਅੰਗਰੇਜ਼ੀ ਤੇ ਪੰਜਾਬੀ; ਪੁਰਤਗਾਲੀ ਤੇ ਪੰਜਾਬੀ		
15.	ਪੰਜਾਬੀ ਦੀਆਂ ਉਪਬੋਲੀਆਂ	... ...	189
	ਪੋਠੋਹਾਰੀ, ਲਹਿੰਦੀ, ਕੇਂਦਰੀ ਜਾਂ ਲਾਹੌਰੀ, ਪੁਆਧੀ, ਭਟਿਆਣੀ, ਪਹਾੜੀ ਜਾਂ ਡੋਗਰੀ		
16.	ਟਕਸਾਲੀ ਪੰਜਾਬੀ	... ...	201
17.	ਪੰਜਾਬੀ ਦੀ ਵਿਸ਼ੇਸ਼ਤਾ	... ...	209
18.	ਪੰਜਾਬੀ ਬਾਰੇ ਰਾਵਾਂ	... ...	213
	ਤੀਜਾ ਭਾਗ		
19.	ਪੰਜਾਬੀ ਲਿਪੀ—ਗੁਰਮੁਖੀ	... ...	228
	ਲਿੱਪੀ ਕਲਾ ਦਾ ਪਿੱਛਾ, ਜਨਮ ਤੇ ਵਿਕਾਸ, ਸੰਸਾਰ ਦੀਆਂ ਲਿੱਪੀਆਂ, ਹਿੰਦੁਸਤਾਨੀ ਲਿੱਪੀਆਂ, ਪੰਜਾਬ ਦੀਆਂ ਲਿੱਪੀਆਂ (ਸ਼ਾਰਦਾ, ਟਾਕਰੀ, ਲੰਡੇ, ਗੁਰਮੁਖੀ) ਗੁਰਮੁਖੀ ਦਾ ਜਨਮ ਤੇ ਵਿਕਾਸ, ਗੁਰਮੁਖੀ ਤੇ ਸਿਧੰ ਲਿੱਪੀ, ਤੁਲਨਾਤਮਕ ਲਿੱਪੀ ਚਿਤ੍ਰ, ਗੁਰਮੁਖੀ ਦਾ ਨਾਂ ਸੰਸਕਾਰ, ਗੁਰਮੁਖੀ ਦੀ ਪ੍ਰਾਚੀਨਤਾ, ਦੇਵਨਾਗਰੀ ਗੁਰਮੁਖੀ ਦਾ ਮੂਲ ਨਹੀਂ, ਨਾਗਰੀ ਲਿਪੀ ਠੀਕ ਨਹੀਂ, ਫ਼ਾਰਸੀ ਲਿਪੀ ਠੀਕ ਨਹੀਂ, ਗੁਰਮੁਖੀ ਹੀ ਠੀਕ ਹੈ, ਗੁਰਮੁਖੀ ਬਾਰੇ ਰਾਵਾਂ।		
	ਚੌਥਾ ਭਾਗ		
20.	ਪੰਜਾਬੀ ਦਾ ਖ਼ਜ਼ਾਨਾ	... ...	267
	(ੳ) ਪੰਜਾਬੀ ਸਾਹਿਤ (ਅ) ਪੰਜਾਬੀ ਪੱਤ੍ਰਕਾਰੀ		
	(ਅ) ਅੰਤਿਕਾ—ਸਰ ਜਾਰਜ ਇਬ੍ਰਾਹਿਮ ਗ੍ਰੀਅਰਸਨ ਤੇ ਪੰਜਾਬੀ	...	272
	(ਏ) ਅੰਤਿਕਾ—ਸੰਸਕ੍ਰਿਤ ਤੇ ਆਧੁਨਿਕ ਭਾਸ਼ਾਵਾਂ	... ...	288
	ਭਾਸ਼ਾ ਵਿਗਿਆਨਕ ਸੰਕੇਤਾਵਲੀ	... ...	290
	ਸਹਾਇਕ ਪੁਸਤਕ-ਸੂਚੀ	... ...	294
	ਵਿਸ਼ੇਸ਼ ਨਾਮਾਵਲੀ	... ...	296

Sri Satguru Jagjit Singh Ji eLibrary NamdhariElibrary@gmail.com

ਤੀਜੀ ਛਾਪ ਬਾਰੇ

ਪੰਜਾਬੀ ਭਾਸ਼ਾ ਵਿਗਿਆਨ ਦੇ ਖੇਤਰ ਵਿਚ ਇਹ ਮੇਰੀ ਪੁਸਤਕ ਆਪਣੀ ਤਰ੍ਹਾਂ ਦਾ ਪਹਿਲਾ ਯਤਨ ਸੀ। ਜਿਸ ਤਰ੍ਹਾਂ ਯੂਨੀਵਰਸਿਟੀਆਂ, ਪੰਜਾਬੀ ਵਿਦਵਾਨਾਂ ਤੇ ਪੰਜਾਬੀ ਪਿਆਰਿਆਂ ਇਸ ਨੂੰ ਮਾਣ ਆਦਰ ਤੇ ਪਿਆਰ ਸਹਿਕਾਰ ਪ੍ਰਦਾਨ ਕੀਤਾ, ਉਸ ਲਈ ਮੈਂ ਦਿਲੋਂ ਮਨੋ ਸਭ ਦਾ ਰਿਣੀ ਹਾਂ। ਚਿਰ ਤੋਂ ਪੁਸਤਕ ਦੀ ਅਪ੍ਰਾਪਤੀ ਖਟਕ ਰਹੀ ਸੀ। ਪਾਠਕਾਂ ਦੀ ਲੋੜ ਨੂੰ ਮੁੱਖ ਰੱਖ ਕੇ ਕਈ ਵਾਧਿਆਂ ਸਮੇਤ ਇਸਨੂੰ ਦੁਬਾਰਾ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ।

ਇਕ ਗੱਲ ਮੈਂ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਮੈਂ ਕੁਝ ਰੂੜ੍ਹੀਵਾਦੀ ਪੰਡਤਾਂ ਵਾਂਙ ਸੰਸਕ੍ਰਿਤ-[illegible] ਕਹਿ ਕੇ ਜਾਂ ਕਹਿ ਕੇ ਕਲੰਕਰ ਇਨ੍ਹਾਂ ਨੂੰ 'ਭੂਤਵਾਦੀ' ਆਖਦੇ ਹਨ, ਮੈਂ ਇਉਂ ਵੀ ਨਹੀਂ ਕਹਿੰਦਾ। ਮੈਂ ਮੰਨਦਾ ਹਾਂ ਕਿ ਪ੍ਰਾਚੀਨ ਪੰਜਾਬ ਦੀ ਭਾਰਤ ਨੂੰ ਬਹੁਤ ਵੱਡੀ ਦੇਣ—ਸੰਸਕ੍ਰਿਤ ਭਾਸ਼ਾ ਤੇ ਰਿਗਵੇਦ ਗ੍ਰੰਥ ਹੈ। ਸੰਸਕ੍ਰਿਤ ਸਾਡੀ ਕਲਚਰ ਦੀ ਜ਼ਬਾਨ ਰਹੀ ਹੈ, ਮੈਂ ਇਸ ਦਾ ਆਦਰ ਕਰਦਾ ਹਾਂ ਪਰ ਜਦ ਇਹ ਕਿਹਾ ਜਾਂਦਾ ਹੈ ਕਿ ਛੱਤੀ ਕਿਸਮ ਦੀਆਂ, ਵੱਖਰੇ ਵੱਖਰੇ ਵਿਅਕਰਣਕ ਨੇਮ ਧਾਰਨ ਵਾਲੀਆਂ ਸਭੇ ਭਾਸ਼ਾਵਾਂ ਦਾ ਮੂਲ ਇਕੋ ਸੰਸਕ੍ਰਿਤ ਹੈ ਤਾਂ ਇਹ ਗੱਲ ਵਿਗਿਆਨਕ ਕਸਵੱਟੀ ਉਤੇ ਪੂਰੀ ਨਹੀਂ ਉਤਰਦੀ। ਕੁਝ ਪੁਰਾਤਨਵਾਦੀ ਪੰਡਤਾਂ ਇਹ ਗੱਲ ਚਲਾਈ ਸੀ ਤੇ ਇਸ ਦਾ ਕੁਝ ਮੰਦਾ ਪ੍ਰਭਾਵ ਸਾਡੇ ਪੰਜਾਬੀ ਵਿਦਵਾਨਾਂ ਤੇ ਵੀ ਪਿਆ ਹੈ ਪਰ ਜਿਉਂ ਜਿਉਂ [illegible] ਮਿਟ ਰਿਹਾ ਹੈ। ਭਾਸ਼ਾ-ਵਿਗਿਆਨ ਦਾ ਮੂਲ ਸਿਧਾਂਤ ਹੈ ਕਿ ਕੋਈ ਨਵੀਂ ਜ਼ਬਾਨ ਬੋਲਚਾਲ ਦੀ ਬੋਲੀ ਤੋਂ ਹੀ ਬਣਦੀ ਹੈ, ਕਿਤਾਬੀ ਬੋਲੀ ਤੋਂ ਨਹੀਂ। ਦੂਜੇ, ਸ਼ਬਦ-ਭੰਡਾਰ ਦੀ ਸਾਂਝ ਇਕ ਮੁੱਢਲੀ ਦੀਆਂ ਬੋਲੀਆਂ ਵਿਚ ਆਮ ਹੁੰਦੀ ਹੈ, ਇਸ ਦੇ ਅਧਾਰ ਤੇ ਨਿਰਣਾ ਕਰਨ ਦੀ ਥਾਂ ਵਿਆਕਰਣਕ ਨੇਮਾਵਲੀ ਨੂੰ ਅਧਾਰ ਬਣਾਉਣਾ ਵਧੇਰੇ ਯੋਗ ਹੈ। ਖ਼ੁਸ਼ੀ ਦੀ ਗੱਲ ਹੈ ਕਿ ਹਿੰਦੀ ਦੇ ਵਿਦਵਾਨ ਇਸ ਪਾਸੇ ਆ ਰਹੇ ਹਨ ਜੇਹਾ ਕਿ ਪੁਸਤਕ ਦੇ ਅੰਦਰ ਅਤੇ ਅੰਤਿਕਾ ਦੇ ਵਿਚ ਦਿੱਤੀਆਂ ਰਾਵਾਂ ਤੋਂ ਸਪਸ਼ਟ ਹੈ। ਮੈਨੂੰ ਭਰੋਸਾ ਹੈ ਕਿ ਪੰਜਾਬੀ ਪਾਠਕ ਵੀ ਇਸ ਬੁਨਿਆਦੀ ਹਕੀਕਤ ਨੂੰ ਅੱਖੋਂ ਉਹਲੇ ਨਹੀਂ ਹੋਣ ਦੇਣਗੇ ਤੇ ਲੇਖਕ ਦੇ ਦ੍ਰਿਸ਼ਟੀਕੋਣ ਨੂੰ ਸ਼ਾਂਤੀ ਤੇ ਸੂਝ-ਬੂਝ ਨਾਲ ਸਮਝਣ ਦਾ ਯਤਨ ਕਰਨਗੇ।

13 ਅਪ੍ਰੈਲ, 1969

ਪਿਆਰਾ ਸਿੰਘ ਪਦਮ

ਯਾਰਾ ਆਣਕੇ ਸਾਨੂੰ ਸਵਾਲ ਕੀਤਾ

ਡਾ. ਜੋਗਿੰਦਰ ਸਿੰਘ ਪੁਆਰ ਵਾਇਸ-ਚਾਂਸਲਰ ਪੰਜਾਬੀ ਯੂਨੀਵਰਸਿਟੀ ਜੈਸੇ ਭਾਸ਼ਾ-ਵਿਗਿਆਨੀ ਦੋਸਤਾਂ ਤੇ ਮਾ. ਜ਼ਾਕੀਰ ਸਿੰਘ ਜੈਸੇ ਲੰਕ-ਸੇਵਕ ਪੰਜਾਬੀ ਪ੍ਰੇਮੀਆਂ ਦੀ ਹਾਦਿ ਸੀ ਕਿ ਸਾਹਿਤਕ ਚੇਤਨਾ ਤਾਂ ਪੰਜਾਬੀਆਂ ਵਿਚ ਕਾਫੀ ਹੈ ਪਰ ਭਾਸ਼ਾ ਚੇਤਨਾ ਕੁਝ ਘਟ ਹੀ ਹੈ। ਕੁਹਾੜੀ ਪੁਸਤਕ ਇਸ ਚੇਤਨਾ ਦਾ ਝੰਡਾ ਬੁਲੰਦ ਕਰਦੀ ਹੈ ਤੇ ਇਸਦਾ ਪੁਨਰ-ਪ੍ਰਕਾਸ਼ਨ ਸਮੇ ਦੀ ਮੰਗ ਹੈ। ਇਹ ਤੀਜੀ ਛਾਪ ਇਸ ਪ੍ਰੇਰਨਾ ਦਾ ਨਤੀਜਾ ਹੈ।

ਅਕਤੂਬਰ 1994

Sri Satguru Jagjit Singh Ji eLibrary NamdhariElibrary@gmail.com

ਡਾ. ਰਘੁਵੀਰ

ਮੈਂਬਰ, ਕੌਂਸਲ ਆਫ ਸਟੇਟਸ ਤੇ ਡਾਇਰੈਕਟਰ 'ਇੰਟਰਨੈਸ਼ਨਲ ਇਕਾਡਮੀ ਆਫ ਇੰਡੀਅਨ ਕਲਚਰ', ਨਾਗਪੁਰ

ਵਲੋਂ

ਪ੍ਰਸ਼ੰਸਾ—ਪੱਤਰ

ਓਲਡ ਅਸੈਂਬਲੀ, ਰੈਸਟ ਹਾਊਸ
ਨਾਗਪੁਰ
21-11-53

'ਤੁਸਾਂ 'ਪੰਜਾਬੀ ਬੋਲੀ ਦਾ ਇਤਿਹਾਸ' ਲਿਖ ਕੇ ਪੰਜਾਬੀ ਸਾਹਿਤ ਵਿਚ ਨਿੱਗਰ ਵਾਧਾ ਕੀਤਾ ਹੈ। ਇਸ ਦੇ 20 ਅਧਿਆਵਾਂ ਵਿਚ ਜੋ ਤੁਸਾਂ ਕਈ ਪਹਿਲੂਆਂ ਤੋਂ ਰੌਸ਼ਨੀ ਪਾਈ ਹੈ, ਇਸ ਵਿਚ ਕਈ ਕੁ ਥਾਈਂ ਆਪ ਦੇ ਵਿਚਾਰ ਆਮ ਪ੍ਰਚਲਤ ਵੀਚਾਰਾਂ ਨਾਲੋਂ ਕੁਝ ਕੁ ਵੱਖਰੇ ਹਨ।

ਆਪ ਧੰਨ ਹੋ, ਜੋ ਪੰਜਾਬੀ ਦੀ ਸੇਵਾ ਕਰ ਰਹੇ ਹੋ।

ਮੈਨੂੰ ਪੂਰਨ ਆਸ ਹੈ ਕਿ ਪੰਜਾਬੀ ਜਨਤਾ ਇਸ ਪੁਸਤਕ ਦਾ ਸੁਆਗਤ ਕਰੇਗੀ ਤੇ ਇਸ ਤੋਂ ਲਾਭ ਉਠਾਏਗੀ।

(ਸਹੀ) ਰਘੁਵੀਰ

ਕੁਝ ਵਿਦਵਾਨਾਂ ਦੀਆਂ ਰਾਵਾਂ

Principal Teja Singh :

This is the first book on the difficult subject of the history of Panjabi language. It requires a master mind, well grounded in Panjabi and its past, familiarly conversant with Hindi, Urdu, Sanskrit, and Persian, and capable of marshalling facts and figures with a sweep of balanced imagination accustomed to handling such subject. S. Piara Singh Padam possesses these qualities in a large measure, as is evidenced by a large volume of literature already published by him.

In this book he traced the origin of Panjabi. Then he gives its development in relation to its different dialects and the neighbouring languages showing how there have been mutual reactions in vocabularies as well as grammatical formations. He has clearly given the development of Gurmukhi from Brahmi down to its present form. Lastly he gives a comprehensive but illuminating bird's eye view of Panjabi literature, showing its vastness, variety and richness.

He has made out a convincing case that Panjabi is not descended from Sanskrit but from the final form of Apbhransha, which is descended from Prakrit older than Sanskrit. The specimens of Apbhransh given by him along with their rendering into modern Panjabi are very illuminating and helpful for the study of comparative languages. He has controverted the view that Panjabi is a branch of Hindi or another form of it. He has shown that Panjabi is a distinct language, possessing a rich and respectable literature of its own. He has thrown exhaustive light on the origin of the names, Panjab and Panjabi. In fact he has taken up all the main topics a'lied to the subject of Panjabi language and dealt with them adequately.

Such a dry subject as that of language has been made interesting by copious illustrations. In handling such a vast and intricate subject there is always a danger—especially for a writer who has to handle it for the first time—to make slips here and there, but this author has made his way with an easy familiarity without making any serious mistake, critics might find fault with his stumbling on the word

'Lahnda' which should be 'Lahndi (Grierson's use of this word will take some time before it is given its true burial).

This book is worthy to be prescribed for the fifth paper of the M.A. in Panjabi. It contains a mine of information, which no writer on Panjabi or Hindi literature or languages can afford or omit.

The Tribune, Ambala. Dated. 18.4.54.

Dr. Roshan Lal Ahuja :

S. Piara Singh Padam is a great scholar of Panjabi language and literature, who has made excursions into the field of comparative study of Indian languages, and has brought thus much learning to bear upon his knowledge of Panjabi as it has come down to us trickling through centuries of apathy and neglect. His work is a typical product of indigenous scholarship based on empirical observations of linguistic phenomena and a spirit of inquiry that Panjabi has discovered only recently in the 20th century. He has broken fresh ground in the dry sands of linguistic research. He has set up a precedent which I hope will inspire many others in its wake. The students of Panjabi language will find in it a fund of new knowledge which is so instructive and interesting.

ਪ੍ਰਿੰਸੀਪਲ ਜੋਧ ਸਿੰਘ :—

ਮੈਂ ਇਸ ਪੁਸਤਕ ਨੂੰ ਬੜੀ ਦਿਲਚਸਪੀ ਨਾਲ ਪੜ੍ਹਿਆ ਹੈ ਜਿਸ ਤਰ੍ਹਾਂ ਡਾਕਟਰ ਜੈਨ ਜੀ ਨੇ ਇਸ ਪੁਸਤਕ ਦੇ ਮੁਖਬੰਧ ਵਿਚ ਲਿਖਿਆ ਹੈ ਕਿ ਭਾਸ਼ਾ-ਵਿਗਿਆਨ ਦੇ ਸੰਬੰਧ ਵਿਚ 'ਸ਼ਬਦ ਚਮਤਕਾਰ' ਪਿਛੋਂ ਪੰਜਾਬੀ ਵਿਚ ਇਹ ਦੂਜੀ ਪੁਸਤਕ ਹੈ ਜੋ ਪੰਜਾਬੀ ਬੋਲੀ ਦੀ ਉਤਪਤੀ ਤੇ ਵਿਕਾਸ ਪੁਰ ਲਿਖੀ ਗਈ ਹੈ। 'ਪਦਮ' ਜੀ ਨੇ ਬਹੁਤ ਸਾਰਾ ਮਸਾਲਾ ਇਕ ਸੁੰਦਰ ਢਾਂਚੇ ਵਿਚ ਤਰਤੀਬਿਆ ਹੈ ਜਿਸ ਦੁਆਰਾ ਪਾਠਕਾਂ ਨੂੰ ਇਸ ਵਿਸ਼ੇ ਤੇ ਚੋਖੀ ਜਾਣਕਾਰੀ ਸੁਖੈਨ ਹੀ ਹੋ ਜਾਂਦੀ ਹੈ। ਭਾਸ਼ਾ-ਵਿਗਿਆਨ ਇਕ ਅਜਿਹਾ ਮਜ਼ਮੂਨ ਹੈ ਜਿਸ ਵਿੱਚ ਰਾਵਾਂ ਦਾ ਵਖੇਵਾਂ ਵੱਡੇ ਵੱਡੇ ਉੱਘੇ ਲੇਖਕਾਂ ਵਿਚ ਕਈ ਵੇਰ ਕਦੀ ਨਾ ਮਿਲਣ ਵਾਲੀ ਸ਼ਕਲ ਪਕੜ ਜਾਂਦਾ ਹੈ। ਇਸ ਲਈ ਇਹ ਨਹੀਂ ਕਿਹਾ ਜਾ ਸਕਦਾ ਕਿ ਸਾਰੇ ਹੀ ਪਾਠਕ ਲੇਖਕ ਦੇ ਸਾਰੇ ਸਿੱਟਿਆਂ ਨੂੰ ਮੰਨ ਲੈਣਗੇ ਪਰੰਤੂ ਇਕ ਗੱਲ ਨਿਸਚਤ ਹੈ, ਉਹ ਪਦਮ ਜੀ ਦੀ ਮੇਹਨਤ, ਸੂਝ ਅਤੇ ਵਿਦਵਤਾ ਭਰੀ ਖੋਜ ਦੀ ਦਾਦ ਦਿੱਤੇ ਬਿਨਾਂ ਨਹੀਂ ਰਹਿ ਸਕਣਗੇ। ਮੈਂ 'ਪਦਮ' ਜੀ ਨੂੰ ਇਸ ਪੁਸਤਕ ਦੇ ਪਰਕਾਸ਼ਨ ਤੇ ਵਧਾਈ ਦਿੰਦਾ ਹਾਂ।

ਪ੍ਰੋ: ਗੁਰਬਚਨ ਸਿੰਘ ਤਾਲਿਬ :—

ਭਾਵੇਂ ਪਦਮ ਜੀ ਦੀ ਰਚਨਾ ਪਿਛੋਂ ਪੰਜਾਬੀ ਭਾਸ਼ਾ ਬਾਰੇ ਕੁਝ ਹੋਰ ਪੁਸਤਕਾਂ ਵੀ ਪ੍ਰਕਾਸ਼ਤ ਹੋਈਆਂ ਹਨ ਪਰ ਇਸ ਦੀ ਆਪਣੀ ਥਾਂ ਹੈ। ਜਿਸ ਤਰ੍ਹਾਂ ਵਿਦਵਾਨ ਲੇਖਕ ਨੇ ਇਸ ਗ੍ਰੰਥ ਵਿਚ ਭਾਸ਼ਾ ਵਿਗਿਆਨ ਸਬੰਧੀ ਤੇ ਪੰਜਾਬੀ ਦਾ ਗੌਰਵ ਪ੍ਰਗਟ ਕਰਨ ਲਈ ਇਤਨੀ ਬਹੁਭਾਂਤੀ ਠੋਸ ਸਮੱਗਰੀ ਸੰਚਿਤ ਕੀਤੀ ਹੈ ਉਤਨੀ ਤੇ ਉਸ ਪ੍ਰਕਾਰ ਦੀ ਹੋਰ ਕਿਧਰੇ ਵੀ ਪ੍ਰਾਪਤ ਨਹੀਂ। ਇਹ ਭਾਵਨਾ ਤੇ ਖੋਜ ਦੇ ਸੁਮੇਲ ਦੀ ਗੱਲ ਹੈ। ਕਈ ਅਜੇਹੇ ਕਾਂਡ ਹਨ ਜੋ ਮੌਲਿਕ ਪ੍ਰਤਿਭਾ ਦੇ ਧਾਰਨੀ ਹਨ ਜਿਵੇਂ, ਪੰਜਾਬੀ ਦਾ ਪਿੱਛਾ, ਪੰਜਾਬੀ ਦਾ ਜਨਮ, ਪੰਜਾਬੀ ਤੇ ਹੋਰ ਬੋਲੀਆਂ, ਪੰਜਾਬੀ ਦੀ ਬਣਤਰ, ਪੰਜਾਬੀ ਦਾ ਨਾਮ ਸੰਸਕਾਰ ਆਦਿ। ਇਨ੍ਹਾਂ ਵਿਸ਼ਿਆਂ ਤੇ ਅਜੇ ਹੋਰ ਅਗੇਰੇ ਕੰਮ ਨਹੀਂ ਹੋਇਆ। ਵਾਸਤਵ ਵਿਚ ਸਚਾਈ ਇਹ ਹੈ ਕਿ ਲੇਖਕ ਨੂੰ ਪੰਜਾਬ ਤੇ ਪੰਜਾਬੀ ਨਾਲ ਡੂੰਘਾ ਸਨੇਹ ਹੈ, ਇਸੇ ਸਨੇਹ ਤੇ ਉਤਸ਼ਾਹ ਵਿਚ ਉਸ ਇਕ ਨਿਪੁਣ ਵਕੀਲ ਵਾਂਙ ਪੰਜਾਬੀ ਭਾਸ਼ਾ ਦੀ ਵਡਿਆਈ ਦਾ ਕੇਸ ਤਿਆਰ ਕੀਤਾ ਹੈ, ਰਾਵਾਂ ਦਾ ਮਤਭੇਦ ਸਾਧਾਰਣ ਗੱਲ ਹੈ ਪਰ ਇਹ ਇਸ ਪੁਸਤਕ ਦੀ ਅਸਾਧਾਰਣਤਾ ਹੈ ਕਿ ਭਾਸ਼ਾ ਵਿਗਿਆਨ ਜਹੇ ਖੁਸ਼ਕ ਵਿਸ਼ੇ ਨੂੰ ਅਲੰਕਾਰਕ ਸ਼ੈਲੀ ਦੁਆਰਾ ਬੜਾ ਹੀ ਸਰਲ ਤੇ ਰਸ-ਭਰਪੂਰ ਬਣਾ ਕੇ ਪੇਸ਼ ਕੀਤਾ ਗਿਆ ਹੈ।

ਇਕ ਹੋਰ ਗੱਲ ਜੋ ਮੇਰੇ ਲਈ ਵਿਸ਼ੇਸ਼ ਪ੍ਰਸੰਨਤਾ ਦਾ ਕਾਰਣ ਹੈ, ਉਹ ਪੰਜਾਬੀ ਸੰਸਕ੍ਰਿਤੀ ਦੇ ਗੌਰਵ ਲਈ ਲੇਖਕ ਦੀ ਥਾਂ ਥਾਂ ਦਿਖਾਈ ਚੇਤਨਾ ਹੈ, ਜਿਸ ਦੀ ਸਾਡੇ ਵਿਦਵਾਨਾਂ ਨੂੰ ਪਹਿਲੇ ਨਾਲੋਂ ਅਜ ਵਧੇਰੇ ਆਵੱਸ਼ਕਤਾ ਹੈ।

ਪ੍ਰੋ: ਸੰਤ ਸਿੰਘ ਸੇਖੋਂ :—

ਪ੍ਰੋ: ਪਿਆਰਾ ਸਿੰਘ ਪਦਮ ਦੀ ਕਿਰਤ—'ਪੰਜਾਬੀ ਬੋਲੀ ਦਾ ਇਤਿਹਾਸ' ਪੰਜਾਬੀ ਬੋਲੀ ਸੰਬੰਧੀ ਵਿਗਿਆਨਕ ਸੂਝ ਵਿਚ ਇਕ ਨਿੱਗਰ ਵਾਧਾ ਕਰਨ ਵਾਲੀ ਪੁਸਤਕ ਹੈ। ਇਸ ਦੇ ਪੰਜ ਸੌ ਦੇ ਕਰੀਬ ਪੰਨੇ (ਪਹਿਲੀ ਐਡੀਸ਼ਨ) ਪੰਜਾਬੀ ਬੋਲੀ ਲਈ ਅਤਿ ਲੋੜਵੰਦੇ ਗਿਆਨ ਦਾ ਭੰਡਾਰ ਹਨ। ਮੇਰਾ ਵਿਚਾਰ ਹੈ ਕਿ ਇਸ ਵਿਸ਼ੇ ਉਪਰ ਹਾਲੀ ਤਕ ਪੰਜਾਬੀ ਬੋਲੀ ਵਿਚ ਸਾਹਿਤ ਨਾ ਹੋਣ ਦੇ ਬਰਾਬਰ ਹੈ ਅਤੇ ਇਹ ਪੁਸਤਕ ਇਸ ਖੱਪੇ ਦਾ ਇਕ ਦਸ ਚੋਖਾ ਭਾਗ ਭਰ ਦੇਂਦੀ ਹੈ। ਮੈਨੂੰ ਕੇਵਲ ਇਕੋ ਸ਼ਿਕਾਇਤ ਇਸ ਪੁਸਤਕ ਬਾਰੇ ਹੈ ਤੇ ਉਹ ਇਹ ਕਿ ਇਸ ਵਿਚ ਕਰਤਾ ਨੇ ਜੋਗ ਤੋਂ ਵਧੇਰੇ ਪ੍ਰਕਰਣਾਂ ਉਤੇ ਵਿਚਾਰ ਕੀਤੀ ਹੈ ਤੇ ਇਸ ਤਰ੍ਹਾਂ ਜਿਹੜਾ ਇਕਾਗਰ ਧਿਆਨ ਉਹ ਪੰਜਾਬੀ ਬੋਲੀ ਦੇ ਵਿਕਾਸ ਤੇ ਇਤਿਹਾਸ ਨੂੰ ਦੇ ਸਕਦਾ ਸੀ, ਪੂਰਾ ਨਹੀਂ ਦਿਤਾ ਜਾ ਸਕਿਆ। ਮੈਂ ਆਪਣੀ ਇਹ ਸ਼ਕਾਇਤ ਪਹਿਲਾਂ ਇਸ ਵਾਸਤੇ ਕਰ ਦਿਤੀ ਹੈ ਤਾਂ ਜੋ ਉਹ ਭਰਪੂਰ ਪ੍ਰਸੰਸਾ ਜੋ ਮੈਂ ਇਸ ਪੁਸਤਕ ਦੀ ਕਰ ਸਕਦਾ ਹਾਂ, ਇਕ ਪਾਖੰਡ ਤੇ ਖੁਸ਼ਾਮਦ ਜਾਂ ਮਿਤਰਾਚਾਰ ਨਾ ਪਰਤੀਤ ਹੋਵੇ।

ਮੇਰੀ ਜਾਚ ਵਿਚ ਪੁਸਤਕ ਦੇ ਵਿਸ਼ੇ ਦਾ ਠੀਕ ਮੁੱਢ ਪਹਿਲੇ ਭਾਗ ਦੇ ਚੌਥੇ ਅਧਿਆਇ 'ਪੰਜਾਬੀ ਦਾ ਪਿੱਛਾ' ਤੋਂ ਹੁੰਦਾ ਹੈ ਭਾਵੇਂ ਇਸ ਤੋਂ ਪਹਿਲਾਂ ਦੇ ਅਧਿਆਇ ਵੀ ਬੋਲੀ ਬਾਰੇ ਚੋਰ ਵਾਕਫੀ ਦੇਣ ਵਾਲੇ ਹਨ। ਇਹ ਅਧਿਆਇ ਅਸਾਨੂੰ ਆਪਣੀ ਮਾਤ-ਬੋਲੀ ਬਾਰੇ ਇਕ ਵੱਡਮੁਲਾ ਗਿਆਨ ਪ੍ਰਦਾਨ ਕਰਦਾ ਹੈ। ਇਸ ਵਿਚ ਕਰਤਾ ਨੇ ਅਸਾਨੂੰ ਸੰਖੇਪ ਵਿਚ ਵੈਦਿਕ, ਸੰਸਕ੍ਰਿਤ, ਪਾਲੀ ਤੇ ਪ੍ਰਾਕ੍ਰਿਤ ਦਾ ਜੋ ਪੰਜਾਬੀ ਬੋਲੀ ਦੇ ਬੰਸ ਦੀਆ ਜਠੇਰੀਆਂ ਹਨ, ਸੁਹਣਾ ਗਿਆਨ ਕਰਵਾਇਆ ਹੈ ਪਰ ਮੇਰੇ ਵਿਚਾਰ ਵਿਚ ਬਿਹਤਰ ਹੁੰਦਾ ਜੇ ਕੁਝ ਕੁ ਵਾਕ ਦੇ ਕੇ ਵੈਦਿਕ ਤੋਂ ਪੰਜਾਬੀ ਤਕ ਦੇ ਵੱਖ ਵੱਖ ਪੜਾਵਾਂ ਦਾ ਰੂਪ ਦਰਸਾਇਆ ਜਾਂਦਾ। ਇਸ ਅਧਿਆਇ ਵਿਚ ਕਰਤਾ ਨੇ ਉਸ ਗੱਲ ਦੀ ਜੋ ਬੋਲੀਆਂ ਦੇ ਵਿਕਾਸ ਦਾ ਇਕ ਸਾਧਾਰਣ ਲੱਛਣ ਹੈ, ਪਰ ਜਿਸ ਨੂੰ ਅਸਾਡੇ ਦੇਸ ਵਿਚ ਮੁੜ ਮੁੜ ਭੁਲਾਇਆ ਜਾਂਦਾ ਰਿਹਾ ਹੈ, ਬੜੀ ਪ੍ਰਭਾਵਸ਼ਾਲੀ ਵਿਆਖਿਆ ਕੀਤੀ ਹੈ। ਉਹ ਗੱਲ ਇਹ ਹੈ ਕਿ ਕਿਸੇ ਦੇਸ ਵਿਚ ਸਦਾ, ਹੋਰ ਖੇਤਰਾਂ ਵਾਂਕਰ, ਬੋਲੀ ਦੇ ਖੇਤਰ ਵਿਚ ਵੀ ਦੋ ਧੜੇ ਹੁੰਦੇ ਹਨ, ਇਕ ਜੋ ਪਿੱਛੇ ਨੂੰ ਖਿਚ ਰਿਹਾ ਹੁੰਦਾ ਹੈ ਤੇ ਦੂਜਾ, ਜੋ ਅੱਗੇ ਨੂੰ ਤਾਂਘ ਰਿਹਾ ਹੁੰਦਾ ਹੈ। ਉਹ ਵਿਦਵਾਨ ਜੋ ਪ੍ਰਾਕ੍ਰਿਤ ਦੀ ਸ਼ਲਾਘਾ ਤੇ ਸੰਸਕ੍ਰਿਤ ਨੂੰ ਛੁਟਿਆਂਦੇ ਸਨ, ਇਸ ਅੱਗਰਗਾਮੀ ਧੜੇ ਦੇ ਵਿਅਕਤੀ ਸਨ, ਅਤੇ ਉਨ੍ਹਾਂ ਦੇ ਕਥਨਾਂ ਵਿਚੋਂ ਮੇਰੇ ਜੇਹੇ ਪਾਠਕਾਂ ਨੂੰ ਬੜਾ ਰਸ ਤੇ ਉਤਸ਼ਾਹ ਮਿਲਦਾ ਹੈ, ਪਰ ਸ਼ਾਇਦ ਇਕ ਇਤਿਹਾਸਕਾਰ ਦੇ ਦ੍ਰਿਸ਼ਟੀ-ਕੋਣ ਤੋਂ ਇਸ ਨੂੰ ਕੁਝ ਲੰਕ ਪ੍ਰਾਪੋਗੰਡਾ ਕਹਿਣ, ਜਿਸ ਤਰ੍ਹਾਂ ਮੁਖੱਬੰਧ ਵਿਚ ਇਸ਼ਾਰਾ ਵੀ ਕੀਤਾ ਗਿਆ ਹੈ।

ਅਗਲੇ ਅਧਿਆਇ, 'ਮਾਦੀ ਅਪਭ੍ਰੰਸ਼ ਤੇ 'ਅਪਭ੍ਰੰਸ਼ ਦੀ ਵੰਨਗੀ' ਵਿਚ ਕਰਤਾ ਨੇ ਮੇਰੀ

ਉਪਰੋਕਤ ਸ਼ਕਾਇਤ ਨੂੰ ਕਾਫੀ ਹਦ ਤਕ ਦੂਰ ਕਰ ਦਿਤਾ ਹੈ । ਖਾਸ ਕਰਕੇ ਅਪਭ੍ਰੰਸ਼ ਦੇ ਇਹ ਪੰਨੇ ਮੈਨੂੰ ਬਹੁਤ ਹੀ ਮੁੱਲ ਵਾਲੇ ਪਰਤੀਤ ਹੋਏ ਹਨ । ਪਰ ਬਿਹਤਰ ਹੁੰਦਾ ਜੇ ਅਪਭ੍ਰੰਸ਼ ਦੋਹਿਆਂ ਦਾ ਪੰਜਾਬੀ ਅਨੁਵਾਦ ਜੋ ਇਨ੍ਹਾਂ ਪੰਨਿਆਂ ਵਿਚ ਨਾਲ ਨਾਲ ਦਿਤਾ ਗਿਆ ਹੁੰਦਾ, ਭਾਵੇਂ ਸਾਹਿਤਕ ਪੱਖ ਤੋਂ ਘਟ ਸੁੰਦਰ ਪਰ ਅਪਭ੍ਰੰਸ਼ ਦੇ ਵਧੇਰੇ ਨਜ਼ਦੀਕ ਹੁੰਦਾ । ਉਸ ਤਰ੍ਹਾਂ ਇਸ ਪੁਸਤਕ ਦਾ ਮਨੋਰਥ ਸ਼ਾਇਦ ਭਲੇਰੀ ਭਾਂਤ ਸਿੱਧ ਹੁੰਦਾ ।

ਪੰਜਾਬੀ ਦੇ ਜਨਮ ਬਾਰੇ ਮੈਂ ਉਨ੍ਹਾਂ ਕਥਨਾਂ ਨਾਲ ਸਹਮਤ ਨਹੀਂ ਜਿਹੜੇ ਪੰਜਾਬੀ ਦਾ ਸੰਬੰਧ ਪੈਸ਼ਾਚੀ ਨਾਲ ਜੋੜਦੇ ਹਨ । ਮੇਰੇ ਵਿਚਾਰ ਵਿਚ ਲਹਿੰਦੀ ਪੰਜਾਬੀ ਸੰਸਕ੍ਰਿਤ ਦੇ, ਕੇਂਦਰੀ ਤੇ ਅੱਜ ਕੱਲ ਦੀ ਟਕਸਾਲੀ ਪੰਜਾਬੀ ਨਾਲੋਂ ਵਧੇਰੇ ਨਜ਼ਦੀਕ ਹੈ ਤੇ ਜੇ ਇਸ ਦੇ ਸਾਹਿਤ ਵਿਚ ਵੀ ਫ਼ਾਰਸੀ ਅਰਬੀ ਸ਼ਬਦ ਵਧੇਰੇ ਮਿਲਣ ਤਾਂ ਇਹ ਗੱਲ ਇਸ ਦੇ ਬੰਸ ਨੂੰ ਨਹੀਂ ਬਦਲਾ ਸਕਦੀ, ਇਸ ਦੇ ਰੂਪ ਨੂੰ ਗਹਿਣੇ ਤੇ ਕਪੜੇ ਵਾਕਰ ਭਾਵੇਂ ਕੁਝ ਓਪਰਾ ਜਿਹਾ ਬਣਾ ਦੇਵੇ । ਫਿਰ ਜਦੋਂ ਅਸਾਡੇ ਪਾਸ ਪੈਸ਼ਾਚੀ ਅਪਭ੍ਰੰਸ਼ ਬਾਰੇ ਕੋਈ ਗਿਆਨ ਜਾਂ ਸਾਹਿਤ ਨਹੀਂ ਤਾਂ ਪੰਜਾਬੀ ਜਿਹੀ ਬੋਲੀ ਦਾ ਐਵੇਂ ਹੀ ਪੈਸ਼ਾਚੀ ਨਾਲ ਰਿਸ਼ਤਾ ਜੋੜ ਦੇਣਾ ਇਕ ਅਨਿਆਇ ਹੈ । ਲੇਖਕ ਮਾਰਕੰਡੇ ਪੁਰਾਣ ਦਾ ਇਕ ਹਵਾਲਾ ਦੇਂਦਾ ਹੈ, ਜਿਸ ਤੋਂ ਮੇਰੇ ਉਪਰੋਕਤ ਕਥਨ ਦੀ ਪੁਸ਼ਟੀ ਹੁੰਦੀ ਹੈ । 'ਮਾਰਕੰਡੇ ਪੁਰਾਣ' ~~ਵਿਚ ਕੈਕਯ, ਸ਼ੋਰਸੇਨ ਤੇ ਪੰਚਾਲ ਇਨ੍ਹਾਂ ਤਿੰਨਾਂ ਦੇਸ਼ਾਂ ਵਿਚ ਪੈਸ਼ਾਚੀ ਦੀ ਵਰਤੋਂ~~ ਹੁੰਦੀ ਦੱਸੀ ਹੈ । ~~ਫੁਟ ਅਜਿਹੇ ਕਥਨ ਦੀ ਕੀ ਮਹੱਤਤਾ ਹੋ ਸਕਦੀ ਹੈ ।~~ ਜੇ ਕੋਈ ਆਖੇ ਕਿ ਫਰਾਂਸ ਵਿਚ ਵੀ ~~ਜਰਮਨ ਭਾਸ਼ਾ ਦੀ ਵਰਤੋਂ~~ ਹੁੰਦੀ ਹੈ, ਤਾਂ ਇਸ ਤੋਂ ਕੀ ਅਰਥ ਕੱਢੇ ਜਾ ਸਕਦੇ ਹਨ ? ਮੇਰਾ ਵਿਚਾਰ ਤਾਂ ਇਹ ਹੈ ਕਿ ਜਿਸ ਤਰ੍ਹਾਂ ਅਜ ਕੱਲ ਪੁਆਧ, ਜੰਗਲ, ਪਹਾੜ ਆਦਿ, ਵਰਨਾਤਮਕ ਨਾਵਾਂ ਦੀ ਗਲਤ ਵਿਚ ਹੁੰਦਾ ਹੈ; ਉਸ ਸਮੇਂ ਹਰ ਕੋਈ ਆਪਣੇ ਪੱਛਮੀ ਗੁਆਂਢੀਆਂ ਨੂੰ 'ਪੈਸ਼ਾਚ' ਤੇ ਉਨ੍ਹਾਂ ਗੁਆਂਢੀਆਂ ਦੀ ਬੋਲੀ ਤੇ ਹੋਰ ਲੱਛਣਾਂ ਨੂੰ 'ਪੈਸ਼ਾਚੀ' ਆਖ ਛਡਦਾ ਸੀ । ਹਾਂ, ਇਹ ਜ਼ਰੂਰ ਹੈ ਕਿ ਪਸ਼ਤੋ ਤੇ ਕਸ਼ਮੀਰੀ ਬੋਲੀਆਂ, ਬਾਕੀ ਭਾਰਤੀ ਬੋਲੀਆਂ ਨਾਲੋਂ ਇਤਨੀਆਂ ਵੱਖਰੀਆਂ ਹਨ ਕਿ ਇਨ੍ਹਾਂ ਦਾ ਸੰਬੰਧ ਅਸੀਂ ਸ਼ੋਰਸੇਨੀ ਨਾਲ ਨਹੀਂ ਜੋੜ ਸਕਦੇ ਅਤੇ ਇਨ੍ਹਾਂ ਦੀ ਵਡੇਰੀ ਅਪਭ੍ਰੰਸ਼ ਅਸਾਨੂੰ ਕੋਈ ਹੋਰ ਸੰਨਣੀ ਪੈਂਦੀ ਹੈ ਤੇ ਜੇ ਅਸੀਂ ਇਸ ਅਪਭ੍ਰੰਸ਼ ਨੂੰ ਪੈਸ਼ਾਚੀ ਦਾ ਨਾਉਂ ਦੇ ਦੇਈਏ ਤਾਂ ਸ਼ਾਇਦ ਗਲਤ ਵੀ ਨਾ ਹੋਈਏ ।

ਮੈਂ ਇਸ ਕਥਨ ਨੂੰ ਸਮਝਣ ਤੋਂ ਅਸਮਰੱਥ ਹਾਂ ਕਿ ਪੰਜਾਬੀ ਦਾ ਮੂਲ ਸੰਸਕ੍ਰਿਤ ਨਹੀਂ । ਜੇ ਇਹ ਕਿਹਾ ਜਾਵੇ ਕਿ ਪੰਜਾਬੀ ਦਾ ਮੂਲ ਮੱਧ-ਕਾਲੀਨ ਜਾਂ ਸਨਾਤਨੀ (ਕਲਾਸੀਕਲ) ਸੰਸਕ੍ਰਿਤ ਨਹੀਂ ਵੈਦਿਕ (ਸੰਸਕ੍ਰਿਤ) ਹੈ, ਤਾਂ ਮੈਨੂੰ ਬਹੁਤਾ ਉਜ਼ਰ ਨਹੀਂ । ਅਸਲ ਵਿਚ, ਅਸਾਡੇ ਦੇਸ ਦੇ ਬੌਧਿਕ ਲੱਛਣਾਂ ਕਾਰਨ, ਸਾਹਿਤਕ ਪ੍ਰਾਕ੍ਰਿਤ ਤੇ ਅਪਭ੍ਰੰਸ਼ (ਅਤੇ ਅਸਾਨੂੰ ਪ੍ਰਾਕ੍ਰਿਤ ਜਾਂ ਅਪਭ੍ਰੰਸ਼ ਬਾਰੇ ਗਿਆਨ ਇਸੇ ਸਾਹਿਤਕ ਭਾਂਤ ਦਾ ਹੀ ਪਰਾਪਤ ਹੋ ਸਕਦਾ ਹੈ) ਇਕ ਤਰ੍ਹਾਂ ਨਾਲ ਸੰਸਕ੍ਰਿਤ ਨਾਲੋਂ ਵੀ ਵਧੇਰੇ ਬਨਾਵਟੀ ਬੋਲੀਆਂ ਹਨ । ਜਿਸ ਤਰ੍ਹਾਂ ਸ੍ਰੀ ਰਾਹੁਲ ਸਾਂਕ੍ਰਿਤਯਾਇਨ ਦਾ ਕਥਨ ਹੈ, ਪ੍ਰਾਕ੍ਰਿਤ ਤੇ ਅਪਭ੍ਰੰਸ਼ ਨੇ ਸੰਸਕ੍ਰਿਤ ਦੇ ਤਤਸਮ ਰੂਪਾਂ ਦਾ ਜਾਣੋ ਮੁਕੰਮਲ ਬਾਈਕਾਟ ਕੀਤਾ ਹੋਇਆ ਸੀ । ਅਤੇ ਉਹ ਤਤਸਮ ਰੂਪ ਜੋ ਹੁਣ ਤਕ ਅਸਾਡੀਆਂ ਬੋਲੀਆਂ ਵਿਚ ਮਿਲਦੇ ਹਨ, ਪ੍ਰਾਕ੍ਰਿਤ, ਅਪਭ੍ਰੰਸ਼ ਲਈ ਅਛੂਤ ਸਨ । ਪਾਲੀ ਵਿਚ ਵੀ ਬਾਈਕਾਟ ਦੀ ਇਹ ਰੁਚੀ ਤੇ ਇਸ ਦਾ ਪਰਣਾਮ-ਬਣਾਵਟ ਪ੍ਰਤੱਖ ਹੈ । 'ਧੰਮ' ਸ਼ਬਦ ਨੂੰ ਹੀ ਲੈ ਲਵੋ ਇਹ ਸੰਸਕ੍ਰਿਤ ਸ਼ਬਦ 'ਧਰਮ' ਦਾ ਤਦਭਵ ਰੂਪ ਹੈ ਭਾਵੇਂ ਹੁਣ ਤਕ ਸਾਰੀਆਂ ਭਾਰਤੀ ਬੋਲੀਆਂ 'ਧਰਮ' ਸ਼ਬਦ ਹੀ ਵਰਤਦੀਆਂ

ਹਨ, ਪਾਲੀ 'ਧਰਮ' ਦਾ 'ਧੰਮ' ਹੀ ਬਣਾਂਦੀ ਹੈ । ਇਸੇ ਤਰ੍ਹਾਂ 'ਸੁਆਉ' ਆਦਿ ਸ਼ਬਦਾਂ ਦੀ ਗੱਲ ਹੈ । ਮੇਰਾ ਮੰਤਵ ਇਸ ਚਰਚਾ ਤੋਂ ਇਹ ਹੀ ਹੈ ਕਿ ਅਸਾਨੂੰ ਜੋ ਪ੍ਰਾਕ੍ਰਿਤ ਜਾਂ ਅਪਭ੍ਰੰਸ਼ ਸਾਹਿਤ ਮਿਲਦਾ ਹੈ, ਉਸ ਦੀ ਬੋਲੀ ਕਈ ਪੱਖਾਂ ਤੋਂ ਉਤਨੀ ਤੇ ਕੁਝ ਪੱਖਾਂ ਤੋਂ ਸ਼ਾਇਦ ਵਧੇਰੇ ਬਣਾਵਟੀ ਹੈ, ਜਿਤਨੀ ਸੰਸਕ੍ਰਿਤ । ਇਸ ਲਈ ਪੰਜਾਬੀ ਦੇ ਸੰਬੰਧ ਬਾਰੇ ਸੰਸਕ੍ਰਿਤ ਜਾਂ ਪ੍ਰਾਕ੍ਰਿਤ ਦਾ ਵਿਤਕਰਾ ਕਰਨਾ, ਕੋਈ ਬਹੁਤੀ ਉਚਿਤ ਗੱਲ ਨਹੀਂ । ਹਾਂ, ਇਹ ਗੱਲ ਜ਼ਰੂਰੀ ਹੈ ਕਿ ਸੰਸਕ੍ਰਿਤ ਤੋਂ ਪੰਜਾਬੀ ਦੀ ਉਤਪਤੀ ਕਈ ਪੀੜ੍ਹੀਆਂ ਦੀ ਵਿਥ ਉਤੇ ਹੈ ਤੇ ਇਹ ਪੀੜ੍ਹੀਆਂ ਪ੍ਰਾਕ੍ਰਿਤ ਤੇ ਅਪਭ੍ਰੰਸ਼ ਦੀਆਂ ਪੀੜ੍ਹੀਆਂ ਹੀ ਸਨ ।

ਬਾਕੀ ਅਧਿਆਇ ਪੰਜਾਬੀ ਦੀਆਂ ਹੱਦਾਂ, ਨਾਮ-ਸੰਸਕਾਰ, ਬਣਤਰ, ਸ਼ਬਦ-ਭੰਡਾਰ, ਉਪ-ਬੋਲੀਆਂ ਆਦਿ ਦਾ ਵਿਸ਼ੇ ਬਹੁਤ ਮਤ-ਭੇਦ ਵਾਲਾ ਖੇਤਰ ਨਹੀਂ ਤੇ ਇਸ ਖੇਤਰ ਵਿਚ ਵੀ ਕਰਤਾ ਨੇ ਸੁਹਣੀ ਵਿਦਵਤਾ ਦਿਖਾਈ ਹੈ ।

ਸਮੁੱਚੇ ਰੂਪ ਵਿਚ ਮੈਨੂੰ ਇਹ ਕਹਿਣ ਵਿਚ ਸੰਕੋਚ ਨਹੀਂ ਕਿ ਪਦਮ ਜੀ ਦੀ ਇਹ ਕਿਰਤ ਉਨ੍ਹਾਂ ਦੀ ਵਿਦਵਤਾ ਤੇ ਅਧਿਐਨ ਦਾ ਇਕ ਨਿਸਚੈ-ਜਨਕ ਪਰਕਾਸ਼ ਹੈ ਤੇ ਉਨ੍ਹਾਂ ਦਾ ਉੱਦਮ ਹਰ ਪੱਖ ਤੋਂ ਸ਼ਲਾਘਾ ਯੋਗ ਹੈ ।

FOREWORD

In his inaugural address delivered at the Panjabi Conference held at Patiala in March, 1951, Sardar Gian Singh Rarewala, the then Chief Minister of Pepsu, recounted the urgent needs of Panjabi in order to raise it to the level of development enjoyed by some of its more fortunate sisters such as Hindi, Urdu, Bengali, Marathi and Gujrati. In the list of these needs the first place was assigned to study and research of Panjabi Phonetics and Philology. The credit of supplying this need, goes to Professor Piara Singh Padam of Panjabi Department, Patiala, who has just brought out his book *Panjabi Boli da Itihas* written in Panjabi.

I read the book with great interest, for in Panjabi there is absolute dearth of books on linguistics, whether, general or relating to a particular language. Prof. Ram Singh's *Shabad Chamatkar* published in 1930, was the first book on the subject as stated by its author. This book, however, was for the greater part of it a Panjabi adaptation of Dr. Mangal Dev Shashtri's *Bhasha Vigyan* in Hindi published from Benaras in 1926. In spite of a large number of palpable shortcomings of *Shabad Chamatkar* no revised edition of it or any other book on linguistics appeared during the quarter of a century that has passed since the publication of the *Shabad Chamatkar*.

This omission becomes even more striking when one finds hundreds of panjabi books appearing year after year. Under these circumstances, any venture on a linguistic book must be welcome. Prof. Piara Singh Padam deserves thanks of the Panjabi readers for removing this long and keenly felt want in Panjabi literature. He must be congratulated for taking to linguistics which writers of greater pretensions have avoided so far.

The book under discussion is divided into four parts :

Part I deals with ancestors of Panjabi (ਪੰਜਾਬੀ ਦਾ ਪਿੱਛਾ) preceded by a brief history of linguistics ; an account of the forces that bring about change in a language and the division of the world-languages into

several families ; of these the Indo-European Family to which Panjabi belongs, has been described in its successive stages down to Apbhransh, the real mother of Panjabi.

Part II. relates to the development of Panjabi itself from the time it assumed its modern form. Its boundries are defined and the chief characteristics of the various dialects into which Panjabi can be divided have been mentioned. Its structure and vocabulary have been described. It has also been shown in what respects Panjabi was influenced by its neighbouring languages and conversly how it influenced them. Finally the gradual development of the standard Panjabi has been traced.

Part III deals with the origin and evolution of the art of writing in general, and with the history of the Gurmukhi script as a descendant of Brahmi in particular.

Part IV gives a bird's eye view of Panjabi literature, both old and new.

Prof. Padam's fame as a writer of Panjabi is firmly established by his books on different subjects His style is charming and at the same time clear. He tries to bring home to his readers what he wants to say by the use of appropriate similies and metaphors—a rare quality in writers on scientific subjects.

In judging the merits of the book one should keep in mind that Mr. Padam never received a regular training in linguistics. He is a self-made scholar of this branch of knowledge. The fuller treatment of the topics that he has attempted shows what a rich store of information he must have gathered by an extensive and deep study of books available in English, Hindi and Urdu etc.

Mr. Padam's credit lies in co-ordinating the unwieldy mass of facts, a task in which he has admirably succeded. Some of the facts presented by him are quite fresh and original. The specimens of of different dialects of Panjabi are not only instructive but are also amusing.

In the end, I must add that Prof. Padam has not occasionally been able to keep himself aloof from popular view held by enthusiastic admirers of Panjabi and Gurmukhi. However with advanced studies of linguistics, these views will automatically go to the background.

I congratulate, Prof. Padam once again for producing such a useful book in an attractive and easy style. The book can be profitably included in the curricula of higher examinations of Panjabi, where linguistics does not find any place, perhaps owing to the absence of a suitable book.

Ludhiana
16-11-53

Banarsi Das Jain,
M. A., Ph. D.,
Retired Reader in Hindi,
Panjab University, Lahore.

Sri Satguru Jagjit Singh Ji eLibrary NamdhariElibrary@gmail.com

ਪ੍ਰਵੇਸ਼

ਪੰਜਾਬ ਇਸ ਲਈ ਹੀ ਵੱਡਾ ਨਹੀਂ ਕਿ ਇਹ ਮੇਰੀ ਜਨਮ-ਭੂਮੀ ਹੈ। ਪੰਜਾਬ ਇਸ ਲਈ ਵੱਡਾ ਹੈ ਕਿ ਇਹ ਪ੍ਰਹਿਲਾਦ ਵਰਗੇ ਭਗਤਾਂ, ਵੇਦ ਵਿਆਸ ਵਰਗੇ ਰਿਸ਼ੀਆਂ, ਪਾਣਿਨੀ ਜੇਹੇ ਵਿਦਵਾਨਾਂ, ਗੋਰਖ ਤੇ ਪੂਰਨ ਜੇਹੇ ਜੋਗੀਆਂ, ਸਾਲਵਾਹਨ ਤੇ ਪੋਰਸ ਜੇਹੇ ਰਾਜਿਆਂ, ਬਾਬਾ ਰਤਨਨਾਥ ਤੇ ਸ਼ੇਖ ਫਰੀਦ ਜੇਹੇ ਪੀਰਾਂ ਫਕੀਰਾਂ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਵਰਗੇ ਗੁਰੂ-ਮਹਾਂ ਪਰਸਾਂ, ਗੁਰੂ ਅਰਜਨ ਤੇ ਗੁਰੂ ਤੇਗ ਬਹਾਦਰ ਜੇਹੇ ਸ਼ਹੀਦਾਂ, ਸ਼ਾਹ ਹੁਸੈਨ ਤੇ ਬੁਲ੍ਹੇ ਸ਼ਾਹ ਵਰਗੇ ਸੂਫੀਆਂ, ਵਾਰਸ ਵਰਗੇ ਕਵੀਆਂ, ਹੀਰ ਰਾਂਝੇ ਤੇ ਸੋਹਣੀ ਮਹੀਂਵਾਲ ਜੇਹੇ ਆਸ਼ਕਾਂ ਦਾ ਦੇਸ ਹੈ। ਅੱਜ ਵੀ ਇਸ ਦੀ ਉਪਜਾਊ ਸ਼ਕਤੀ ਘਟੀ ਨਹੀਂ, ਸੁਆਮੀ ਰਾਮਤੀਰਥ ਤੇ ਅਤਰ ਸਿੰਘ ਵਰਗੇ ਸੰਤ ਅਕਾਲੀ ਕੌਰ ਸਿੰਘ ਜਹੇ ਨਿਹੰਗ, ਬਾਬਾ ਰਾਮ ਸਿੰਘ ਤੇ ਲਾਲਾ ਹਰਦਿਆਲ ਵਰਗੇ ਇਨਕਲਾਬੀ, ਭਗਤ ਸਿੰਘ ਤੇ ਕਰਤਾਰ ਸਿੰਘ ਸਰਾਭਾ ਜੇਹੇ ਸ਼ਹੀਦ ਦੇਸ਼-ਭਗਤ, ਪ੍ਰੋ. ਪੂਰਨ ਸਿੰਘ ਤੇ ਡਾ. ਇਕਬਾਲ ਜੇਹੇ ਸ਼ਾਇਰ, ਮੁਲਕਰਾਜ ਅਨੰਦ ਤੇ ਕ੍ਰਿਸ਼ਨ ਚੰਦਰ ਜੇਹੇ ਸਾਹਿਤਕਾਰ, ਅੰਮ੍ਰਿਤਾ ਸ਼ੇਰੇ-ਗਿਲ ਤੇ ਐਸ. ਜੀ. ਠਾਕਰ ਸਿੰਘ ਜੇਹੇ ਚਿਤ੍ਰਕਾਰ, ਸਹਿਗਲ ਜੇਹੇ ਸੰਗੀਤਕਾਰ, ਪ੍ਰਿਥਵੀ ਰਾਜ ਕਪੂਰ ਤੇ ਗੀਤਾਬਾਲੀ ਵਰਗੇ ਅਦਾਕਾਰ ਇਸੇ ਧਰਤੀ ਦੇ ਜਾਏ ਹਨ। ਪੰਜਾਬ ਕਿਸ ਗੱਲੋਂ ਊਣਾ ਹੈ? ਇਥੇ ਕੀ ਨਹੀਂ? ਪਹਾੜ, ਮੈਦਾਨ, ਦਰਿਆ, ਨਦੀ, ਨਾਲੇ, ਰੇਤ ਥਲ, ਜੰਗਲ—ਸਭ ਕੁਝ ਇਥੇ ਹੈ। ਇਹ ਰਾਸਾਂ, ਗਿੱਧਿਆਂ, ਤ੍ਰਿੰਞਣਾਂ, ਛਿੰਝਾਂ, ਅਖਾੜਿਆਂ ਦਾ ਦੇਸ ਹੈ, ਜਿਥੇ ਸਦਾ ਵੰਝਲੀਆਂ ਅਲਗੋਜ਼ਿਆਂ, ਢੱਡ ਸਾਰੰਗੀਆਂ, ਬੀਨਾਂ ਵਾਜਿਆਂ ਤੇ ਢੋਲਾਂ ਦੀ ਧੁਨਕਾਰ ਉਠਦੀ ਰਹਿੰਦੀ ਹੈ। ਮੱਖਣ, ਦੁਧ, ਲੱਸੀ, ਅੰਨ, ਸਾਗ, ਗੰਨੇ, ਬੇਰ, ਹੋਲਾਂ, ਮੁਰਮਰੇ ਖਾਣ ਵਾਲੇ ਅਤੇ ਪੱਗਾਂ, ਚਾਦਰੇ, ਟਸਰੀਆਂ, ਲੁੰਗੀਆਂ, ਸਲਾਨੀਆਂ, ਬਾਗ, ਫੁਲਕਾਰੀਆਂ ਪਹਿਨਣ ਵਾਲੇ ਪੰਜਾਬੀ ਜਿਥੇ ਚਰਖਾ ਚਲਾਉਣ ਤੇ ਹਲ ਵਾਹੁਣ ਦੇ ਸ਼ੌਕੀਨ ਹਨ, ਉਥੇ ਤੇਗ ਯਾ ਕਲਮ ਵਾਹੁਣਾ ਵੀ ਭੁੱਲੇ ਹੋਏ ਨਹੀਂ।

ਪੰਜਾਬ ਸੜ ਨਸਲਾਂ, ਜਾਤੀਆਂ ਤੇ ਮਜ਼ਬਾਂ ਦੀ ਵੀ ਰੰਗ-ਭੂਮੀ ਹੈ। ਇਥੇ ਹਰ ਤਰ੍ਹਾਂ ਦੀ ਜੀਵਨ-ਵੰਨਗੀ ਮਿਲਦੀ ਹੈ ਤੇ ਸਭ ਪੁਰਾਣੇ ਗਿਆਨ ਇਥੋਂ ਦੀ ਪੈਦਾਵਾਰ ਹਨ, ਵੇਦ ਇਥੇ ਬਣੇ, ਉਪਨਿਸ਼ਦ ਇਥੇ ਤੇ ਗੀਤਾ ਗਿਆਨ ਇਥੇ ਪ੍ਰਕਾਸ਼ਮਾਨ ਹੋਇਆ ਤੇ ਗੁਰੂ ਗ੍ਰੰਥ ਸਾਹਿਬ ਇਥੇ ਤਿਆਰ ਹੋਇਆ। ਰਿਗ ਵੇਦ ਵਿਚ ਪੰਜਾਬ (ਸਪਤ-ਸਿੰਧੂ) ਨੂੰ 'ਜ਼ਿਦਗੀ ਦਾ ਸੋਮਾ' ਅਖਿਆ ਗਿਆ ਹੈ, ਜਿਸ ਨੂੰ ਇਤਿਹਾਸਕ ਸੱਚ ਵਾਂਙ ਮੰਨਣਾ ਪੈਂਦਾ ਹੈ।

ਡਾਕਟਰ ਡਾਧਾ ਕੁਮਦ ਮੁਕਰਜੀ ਨੇ (ਦਸੰਬਰ– 1952) ਗੁਆਲੀਅਰ ਵਿਚ ਹੋਏ 'ਹਿਸਟਰੀ ਕਾਂਗਰਸ' ਸੈਸ਼ਨ ਦੇ ਪ੍ਰਧਾਨਗੀ ਭਾਸ਼ਨ ਵਿਚ ਆਖਿਆ ਸੀ, 'ਆਦਿ ਮਨੁੱਖ, ਪੰਜਾਬ ਤੇ ਸ਼ਿਵਾਲਕ ਦੀ ਉਚੀ ਧਰਤੀ ਉਤੇ ਵਿਕਸਤ ਹੋਇਆ ਹੋਵੇਗਾ। ਇਸ ਗੱਲ ਦੇ ਸਾਡੇ ਪਾਸ ਨਿੱਗਰ ਸਬੂਤ ਹਨ।' 'ਫਿਰ ਦੁਨੀਆਂ ਦੀ ਪ੍ਰਾਚੀਨ ਖੇਤੀ-ਸਭਿਅਤਾ ਵੀ ਹੜੱਪਾ ਤੇ ਮੋਹਿੰਜੋ ਦੜੋ ਵਿਚ ਇਥੇ ਹੀ ਪ੍ਰਗਟ ਹੋਈ।' ਇਸ ਤਰ੍ਹਾਂ ਇਹ ਆਖਿਆ ਜਾ ਸਕਦਾ ਹੈ ਕਿ ਪੰਜਾਬ ਸਭਿਅਤਾ ਦਾ ਨਹੀਂ ਬਲਕਿ ਮਨੁੱਖਤਾ ਦਾ ਵੀ ਪਿਉ ਹੈ। ਮਨੁੱਖ ਵੀ ਇਥੇ ਜੰਮਿਆ ਤੇ ਸਭਿਅਤਾ ਵੀ ਇਥੇ ਜੰਮੀ। ਗਿਆਨ ਧਿਆਨ ਦੀ ਤਾਂ ਗੱਲ ਹੀ ਛੱਡੋ, ਇਹ ਤਾਂ ਹੈ ਹੀ ਪੰਜਾਂ ਦਰਿਆਵਾਂ ਦਾ ਸਿੰਜਿਆ ਬੂਟਾ।

ਪੁਰਾਣੇ ਜ਼ਮਾਨੇ ਵਿਚ ਏਸ਼ੀਆ ਦਾ ਸਭ ਤੋਂ ਵਡਾ ਵਿਦਿਆਲਾ ਟੈਕਸਲਾ ਇਥੇ ਹੀ ਸੀ, ਪੰ: ਜਯ ਚੰਦਰ ਵਿਦਿਆਲੰਕਾਰ ਦੇ ਸ਼ਬਦਾਂ ਵਿਚ 'ਉਨ੍ਹੀਂ ਦਿਨੀਂ ਪੰਜਾਬੀ—ਅਚਾਰਯਾਂ ਦੇ ਚਰਨਾਂ ਵਿਚ ਬੈਠੇ ਬਿਨਾਂ ਕੋਈ ਪੜ੍ਹਿਆ ਲਿਖਿਆ ਨਹੀਂ ਸੀ ਕਿਹਾ ਜਾ ਸਕਦਾ। ਕਾਂਸ਼ੀ, ਕੌਸ਼ਲ, ਬਿਹਾਰ ਬੰਗਾਲ ਤਕ ਤੋਂ ਸਭ ਗਰੀਬ ਅਮੀਰ ਟੈਕਸਲਾ ਪੜ੍ਹਨ ਆਉਂਦੇ ਸਨ।'

(ਭਾਰਤੀ ਵਾਂਙ ਮਯ ਕੇ ਅਮਰ ਰਤਨ, ਪੰਨਾ 17)

ਇਤਨਾ ਵੱਡਾ ਉੱਚਾ ਸੁੱਚਾ ਦੇਸ ਬ੍ਰਾਹਮਣ ਦੀ ਕ੍ਰੋਪੀ ਦਾ ਸ਼ਿਕਾਰ ਹੋ ਕੇ ਇਕ ਸਮੇਂ 'ਪਿਸ਼ਾਚ ਦੇਸ' ਕਹਿ ਕੇ ਵੀ ਭੰਡਿਆ ਗਿਆ। ਇਹ ਨਿੰਦਾ ਠੀਕ ਸੀ ਜਾਂ ਨਹੀਂ, ਇਸ ਦਾ ਨਿਤਾਰਾ ਅਗੇ ਆਵੇਗਾ। ਇਹ ਵੀ ਸੱਚ ਹੈ ਕਿ ਹਰਨਾਕਸ਼ ਵੀ ਇਥੇ ਜੰਮੇ, ਦੁਰਜੋਧਨ ਦੇ ਹਿਮਾਇਤੀ ਵੀ ਇਥੋਂ ਉਠੇ। ਆਖਰ ਇਹ ਨਿਰੀ ਦੇਵਪੁਰੀ ਵੀ ਨਹੀਂ ਨ ਸੀ।

ਅਜੇਹੇ ਵਚਿਤਰ ਚਰਿੱਤਰ ਵਾਲੇ ਦੇਸ਼ ਦੀ ਬੋਲੀ ਵੀ ਵਚਿੱਤਰ ਤੇ ਵਿਸ਼ੇਸ ਹੋਣੀ ਕੁਦਰਤੀ ਗੱਲ ਸੀ। ਪਿਛਲੇ ਜ਼ਮਾਨੇ ਦੀ ਹੀ ਗੱਲ ਲੈ ਲਓ 'ਕੌਸ਼ੀਤਕੀ ਬ੍ਰਾਹਮਣ' (600 ਈ: ਪੂ:) ਵਿਚ ਲਿਖਿਆ ਹੈ ਕਿ ਮੱਧ ਦੇਸ ਨਾਲੋਂ ਪੰਜਾਬ (ਉਦੀਚਯ ਭਾਗ) ਦੀ ਆਰੀਆ-ਬੋਲੀ ਵਧੇਰੇ ਸ਼ੁਧ ਅਤੇ ਗਿਆਨ—ਭਰਪੂਰ ਹੈ। ਇਸੇ ਲਈ ਲੋਕ ਉਥੇ ਗਿਆਨ ਦੀ ਪਿਆਸ ਬੁਝਾਉਣ ਲਈ ਜਾਂਦੇ ਹਨ ਤੇ ਜੋ ਕੋਈ ਉਥੋਂ (ਪੰਜਾਬੋਂ) ਆਉਂਦਾ ਹੈ, ਲੋਕ ਉਸ ਨੂੰ ਸੁਣਨ ਦੇ ਚਾਹਵਾਨ ਹੁੰਦੇ ਹਨ।

ਅਸਲ ਸ਼ਬਦ ਇਹ ਹਨ :—

'तस्मात् उदीच्यां दिशि प्रज्ञाततरा
वागुद्यत, उदाञ्चो उ एव यन्ति
वाचं शिक्षितुम्।
यो वा तत् आगच्छति तस्य वा
शुश्रूषन्त इति।' [कौशीतकि ब्राह्मण

ਯੂਨਾਨੀ ਲੇਖਕਾਂ ਨੇ ਵੀ ਇਹ ਰਾਇ ਜ਼ਾਹਰ ਕੀਤੀ ਹੈ, 'ਪੰਜਾਬ ਦੀ ਬੋਲੀ ਨੇ ਪ੍ਰਾਚੀਨ ਆਰੀਆ-ਭਾਸ਼ਾ ਦੇ ਗੁਣਾਂ ਨੂੰ ਵਿਸ਼ੇਸ਼ ਤੌਰ ਤੇ ਸੰਭਾਲਿਆ ਹੋਇਆ ਹੈ।' ਇਸ ਬੋਲੀ ਦੇ ਲਹੂ ਦੀ ਤਾਸੀਰ ਦੇਖੋ, 'ਦੇਵ-ਭਾਸ਼ਾ' ਕਹਾਉਣ ਵਾਲੀ ਤੇ 'ਪੈਸ਼ਾਚੀ' ਆਖੀ ਜਾਣ ਵਾਲੀ ਦੋਵੇਂ ਬੋਲੀਆਂ ਇਸੇ ਤੋਂ ਪ੍ਰਗਟ ਹੋਈਆਂ।

ਇਹ ਤਾਂ ਸਾਰੇ ਵਿਦਵਾਨਾਂ ਮੰਨਿਆ ਹੈ ਕਿ ਵੈਦਕ ਬੋਲੀ ਪੰਜਾਬ ਦੀ ਹੀ ਭਾਸ਼ਾ ਸੀ ਤੇ ਬਾਦ ਵਿਚ ਏਹੀ ਸੰਸਕ੍ਰਿਤ ਵੀ ਪੰਜਾਬ ਦੀ ਬੋਲੀ ਦਾ ਹੀ ਇਕ ਸੰਸਕਾਰਿਆ ਰੂਪ ਸੀ, ਜਿਸ ਦੇ ਬੁਨਿਆਦੀ ਨੇਮ ਵੀ ਇਕ ਪੰਜਾਬੀ ਵਿਦਵਾਨ (ਪਾਣਿਨੀ) ਨੇ ਹੀ ਸੂਤ੍ਰਬਧ ਕੀਤੇ। ਪਾਣਿਨੀ ਜਦੋਂ ਸੰਸਕ੍ਰਿਤ ਨੂੰ ਵੇਦਕ-ਭਾਸ਼ਾ (ਛਾਂਦਸ) ਦੇ ਮੁਕਾਬਲੇ ਤੇ ਲੌਕਿਕ ਕਹਿੰਦਾ ਹੈ, ਉਸ ਦਾ ਮਤਲਬ ਇਥੋਂ ਦੀ ਲੋਕ-ਵਰਤੋਂ ਵਿਚ ਆ ਰਹੀ 'ਸਥਾਨਕ ਬੋਲੀ' ਤੋਂ ਹੀ ਹੈ ਜੋ ਪਿਛੋਂ ਜਾ ਕੇ ਪ੍ਰੋਹਤਾਂ ਦੇ ਸੰਗ ਨਾਲ ਲੋਕ-ਬੋਲੀ ਤੋਂ ਬਿਲਕੁਲ ਹੀ ਨਿਆਰੀ ਹੋ ਗਈ ਤੇ ਮਾਰੀ ਗਈ।

ਬੋਧੀਆਂ ਦੀ ਧਾਰਮਕ ਤੇ ਰਾਜ-ਭਾਸ਼ਾ 'ਪਾਲੀ' ਦੀ ਬਣਤਰ ਵਿਚ ਵੀ ਪੰਜਾਬ ਦੀ ਬੋਲੀ ਨੇ ਡੂੰਘਾ ਪ੍ਰਭਾਵ ਪਾਇਆ। ਹਿੰਦੁਸਤਾਨੀ ਜਾਂ ਇਸ ਦੇ ਨਵੇਂ ਰੂਪਾਂ—ਹਿੰਦੀ, ਉਰਦੂ ਦੀ ਘਾੜਤ ਵਿਚ ਵੀ ਪੰਜਾਬ ਦੀ ਬੋਲੀ ਦਾ ਬਾਕੀ ਸਭ ਨਾਲੋਂ ਵਧੇਰੇ ਹਿਸਾ ਹੈ; ਇਹਨਾਂ ਗੱਲਾਂ ਦੀ ਸਵਿਸਤਾਰ ਚਰਚਾ ਬਾ ਸਿਰ ਅੱਗੇ ਆਏਗੀ।

ਪਰ ਇਸ ਤੋਂ ਇਹ ਨਹੀਂ ਸਮਝਣਾ ਚਾਹੀਦਾ ਕਿ ਪੰਜਾਬ ਵਿਚ ਕੋਈ ਪੁਰਾਣਾ ਬੋਲੀਆਂ ਦਾ ਕਾਰਖਾਨਾ ਲਗਿਆ ਰਿਹਾ ਹੈ। ਅਸਲ ਗੱਲ ਪੰਜਾਬ ਦੀ ਭੂਗੋਲਕ ਪੁਜ਼ੀਸ਼ਨ ਹੈ, ਜਿਸ ਦੇ ਕਾਰਣ ਇਥੋਂ ਦੀ ਬੋਲੀ ਨੇ ਸਦਾ ਤੋਂ ਹੀ ਸਮੁਚੇ ਹਿੰਦ ਦੀ ਬੋਲੀ ਉਤੇ ਭਰਪੂਰ ਪ੍ਰਭਾਵ ਪਾਇਆ। ਖਾਸ ਕਰਕੇ ਹਿੰਦ ਦੀ ਕੋਈ ਵੀ ਕੇਂਦਰੀ ਭਾਸ਼ਾ ਇਸ ਅਸਰ ਤੋਂ ਨਹੀਂ ਬਚ ਸਕੀ। ਇਸ ਤੋਂ ਵੀ ਇਨਕਾਰ ਨਹੀਂ ਕਿ ਪੰਜਾਬੀ ਉਤੇ ਵੀ ਇਸ ਦੇ ਡੂੰਘੇ ਅਸਰ ਪਏ। ਇਸੇ ਪਰਸਪਰ ਵਟਾਂਦਰੂ — ਪ੍ਰਭਾਵ ਨੇ ਪੰਜਾਬੀ ਨੂੰ ਵਿਸ਼ੇਸ਼ ਗੌਰਵ ਦੀ ਮਾਲਕ ਬਣਾ ਦਿਤਾ ਹੈ। ਜਿਥੇ ਪ੍ਰਾਚੀਨ ਵੈਦਕ-ਭਾਸ਼ਾ ਦੇ ਖੰਜੀ ਪੰਜਾਬੀ ਦੇ ਪੁਰਾਣੇ ਲੋਕ-ਗੀਤਾਂ ਦੀਆਂ ਤਰਜ਼ਾਂ ਵਿਚ ਵੈਦਕ ਧੁਨੀਆਂ ਦੀ ਗੂੰਜ ਸੁਣ ਰਹੇ ਹਨ, ਉਥੇ ਨਵੀਨ ਜ਼ਬਾਨਾਂ—ਹਿੰਦੀ ਤੇ ਉਰਦੂ ਦੇ ਮਾਹਰ ਪੰਜਾਬੀ ਨਾਲ ਇਨ੍ਹਾਂ ਦਾ ਮਾਵਾਂ ਧੀਆਂ ਵਾਲਾ ਮੁਹਾਂਦਰਾ ਮਿਲਦਾ ਤੱਕ ਰਹੇ ਹਨ। ਇਹ ਹੈ ਪੰਜਾਬ ਤੇ ਪੰਜਾਬੀ ਦੀ ਇਤਿਹਾਸਕ ਮਹੱਤਤਾ।

ਪਰੰਤੂ ਪੰਜਾਬੀ ਦੀ ਇਸ ਲਾਸਾਨੀ ਵਡਿਆਈ ਵਲ ਅਜੇ ਤਕ ਪੰਜਾਬੀ ਵਿਦਵਾਨਾਂ ਧਿਆਨ ਨਹੀਂ ਦਿਤਾ। ਹੁਣ ਜਦੋਂ ਕਿ ਬੋਲੀ ਦੀ ਸਾਇੰਸ, ਤਰੱਕੀ ਕਰਕੇ ਹਰ ਜ਼ਬਾਨ ਦੇ ਇਕ ਇਕ ਸ਼ਬਦ ਦੀ ਛਾਣ-ਬੀਣ ਕਰ ਰਹੀ ਹੈ ਤਾਂ ਅਜੇਹੀ ਮਹੱਤ੍ਵ-ਪੂਰਣ ਭਾਸ਼ਾ ਦੇ ਗੁੱਝੇ ਰਤਨਾਂ ਨੂੰ ਨ ਪ੍ਰਗਟਾਉਣਾ ਸਮੇਂ ਤੇ ਆਪਣੇ ਆਪ ਨਾਲ ਅਨਿਆ ਕਰਨਾ ਹੈ।

ਪੰਜਾਬੀ ਵਿਚ ਇਸ ਵਿਸ਼ੇ ਉਤੇ 'ਪੰਜਾਬੀ ਬੋਲੀ ਦਾ ਇਤਿਹਾਸ' ਪਹਿਲੀ ਪੁਸਤਕ ਹੈ। ਇਸੇ ਲਈ ਮੈਂ ਇਸ ਵਿਚ ਜਾਣ ਬੁਝ ਕੇ ਕਈ ਗੱਲਾਂ ਦਾ ਥਾਂ ਥਾਂ ਜ਼ਰਾ ਵਧੇਰੇ ਵਿਸਤਾਰ ਕੀਤਾ ਹੈ ਤਾਂ ਕਿ ਪੰਜਾਬੀ ਦਾ ਭਾਸ਼ਾ-ਵਿਗਿਆਨਕ ਪਿਛਵਾੜਾ ਚੰਗੀ ਤਰ੍ਹਾਂ ਨਿੱਖਰਵਾਂ ਦਿਸ ਆਵੇ ਅਤੇ ਤੁਲਨਾਤਮਕ ਅਧਿਐਨ ਲਈ ਸਮੱਗਰੀ ਜੁੜ ਜਾਵੇ। ਪਹਿਲੀ ਖੋਜ ਹੋਣ ਕਾਰਣ ਇਸ ਵਿਚ ਤਰੁਟੀਆਂ ਹੋਣੀਆਂ ਸਾਧਾਰਣ ਜੇਹੀ ਗੱਲ ਹੈ ਪਰ ਫਿਰ ਵੀ ਮੈਨੂੰ ਵਿਸ਼ਵਾਸ ਹੈ ਕਿ ਖੋਜੀ ਵਿਦਵਾਨ ਤੇ ਪੰਜਾਬੀ-ਪ੍ਰੇਮੀ ਇਸ ਦੀ ਕਦਰ ਕਰਨਗੇ।

ਪਟਿਆਲਾ
ਅਪ੍ਰੈਲ, 1953

ਪਿਆਰਾ ਸਿੰਘ ਪਦਮ

ਭਾਗ ਪਹਿਲਾ

LANGUAGE

A common definition of speech as the use of articulate sound symbols for the expression of thought.

(A. H. Gardiner)

The most general definition of language that can be given is that it is a system of signs.....by signs, we understand all those symbols capable of serving as a means of communication between men. (J. Vendryes)

Language is a city to the buildining of which every human being brought a stone. (Emerson)

Every language is a temple, in which the soul of those who speek it is enshrined. (O. W. Holmes)

Language is the memory of the human race. It is as a thread or nerve of life running through all the ages, connecting them into one common, prolonged and advancing existence. (William Smith)

'Slang has no country, it owns the world.....It is the voice of the God that dwells in the People.'

(Ralcy Husted Bell)

'Language is what people speak not what some one thinks they ought to speak.'

ਬੋਲੀ ਦਾ ਜਨਮ ਤੇ ਵਿਕਾਸ

ਮਨੁੱਖ ਦੇ ਮਨੋ-ਭਾਵਾਂ ਤੇ ਦਿਮਾਗ਼ੀ ਵਿਚਾਰਾਂ ਨੂੰ ਪ੍ਰੰਗਟਾਉਣ ਵਾਲੀ ਸਾਰਥਕ ਅਵਾਜ਼ ਨੂੰ 'ਬੋਲੀ' ਕਿਹਾ ਜਾਂਦਾ ਹੈ। ਮੁੱਢ ਵਿਚ ਕਿਵੇਂ ਮਨੁੱਖ ਨੇ ਬੋਲਣਾ ਸਿਖਿਆ ਤੇ ਕਿਵੇਂ ਬੋਲੀ ਦਾ ਸ਼ਬਦ-ਭੰਡਾਰ ਆਪਣੇ ਆਪ ਬਣਦਾ ਗਿਆ, ਇਹ ਇਕ ਬੜੀ ਦਿਲਚਸਪ ਖੋਜ ਹੈ। ਇਸ ਬਾਰੇ ਵਿਦਵਾਨਾਂ ਦੀਆਂ ਮੁਖਤਲਿਫ਼ ਰਾਵਾਂ ਹਨ। ਪਹਿਲਾ ਤੇ ਪੁਰਾਣਾ ਮੱਤ ਇਹ ਹੈ ਕਿ ਬੋਲੀ ਮਨੁੱਖ ਨੂੰ ਰੱਬ ਤੋਂ 'ਬਖ਼ਸ਼ਿਸ਼' ਦੇ ਤੌਰ ਤੇ ਮਿਲੀ ਸੀ ਇਸੇ ਕਰ ਕੇ ਪੁਰਾਣੇ ਧਰਮਾਂ ਵਾਲੇ ਯਹੂਦੀ ਤੇ ਈਸਾਈ ਹਿਬਰੂ (ਇਬਰਾਨੀ) ਨੂੰ, ਹਿੰਦੂ ਵੈਦਕ ਬੋਲੀ ਨੂੰ ਤੇ ਮੁਸਲਮਾਨ ਅਰਬੀ ਨੂੰ 'ਖ਼ੁਦਾਈ ਜ਼ਬਾਨ' ਮੰਨਦੇ ਆ ਰਹੇ ਹਨ। ਇਵੇਂ ਜਿਵੇਂ ਬੋਧੀਆਂ ਮਾਗਧੀ ਨੂੰ ਤੇ ਜੈਨੀਆਂ ਅਰਧ ਮਾਗਧੀ ਨੂੰ 'ਮੂਲ ਭਾਸ਼ਾ' ਕਿਹਾ ਸੀ। ਇਹ ਮਤ ਵਿਗਿਆਨਕ ਕਸਵੱਟੀ ਤੇ ਠੀਕ ਨਾ ਉਤਰਨ ਕਾਰਣ ਪ੍ਰਮਾਣੀਕ ਨਹੀਂ ਰਿਹਾ। ਦੂਜਾ ਮਤ ਹੈ ਕਿ ਮਨੁੱਖ ਨੇ ਕੁਦਰਤੀ ਵਸਤਾਂ ਤੇ ਪਸ਼ੂ ਪੰਛੀਆਂ ਦੀ ਅਵਾਜ਼ ਦੀ ਨਕਲ ਕਰਕੇ ਆਪਣੀ ਬੋਲੀ ਬਣਾਈ। ਜਿਵੇਂ ਕਾਂ ਕਾਂ ਕਰਨ ਵਾਲਾ ਕਾਂ ਤੇ ਗਾਂ ਗਾ ਕਰਕੇ ਅੜਾਉਣ ਵਾਲਾ ਪਸ਼ੂ ਗਾਂ ਤੇ ਕੁੜ ਕੁੜ ਕਰਨ ਵਾਲਾ ਕੁੱਕੜ ਅਖਵਾਇਆ। ਇਵੇਂ ਹੀ ਪਉਣ ਦੀ ਸਰ ਸਰ ਨੇ ਤੇ ਪਾਣੀ ਦੀ ਝਰ ਝਰ ਨੇ ਅਨੁਕਰਣ-ਆਤਮਕ ਸ਼ਬਦਾਂ ਨੂੰ ਜਨਮ ਦਿਤਾ। ਤੀਸਰਾ ਮੱਤ ਹੈ ਕਿ ਅੰਦਰ ਦੀ ਖ਼ੁਸ਼ੀ ਗ਼ਮੀ ਦੇ ਜ਼ੋਰ ਨਾਲ ਜੋ ਖਾਸ ਤਰ੍ਹਾਂ ਦੀ 'ਆਹਾ ਹਾ !, ਹਾਇ !' ਜਾਂ ਰੋਣ ਚੀਕਣ ਤੇ ਹੱਸਣ ਦੀ ਕੁਦਰਤੀ ਅਵਾਜ਼ ਨਿਕਲਦੀ ਹੈ, ਪਹਿਲੇ ਪਹਿਲ ਇਨ੍ਹਾਂ ਧੁਨੀਆਂ ਤੋਂ ਹੀ ਬੋਲੀ ਦਾ ਮੁੱਢ ਬੱਝਾ। ਚੌਥਾ ਮਤ ਇਹ ਵੀ ਹੈ ਕਿ ਜ਼ੋਰ ਦੀ ਮਿਹਨਤ ਕਰਦਿਆਂ ਮਨੁੱਖ ਦਾ ਸਾਹ ਤੇਜ਼ ਚਲਣ ਨਾਲ ਉਸ ਦੀਆਂ ਸੁਰ-ਤੰਤੀਆਂ ਕੰਬਣ ਲੱਗੀਆਂ ਤੇ ਇਸੇ ਕੰਬਣੀ ਨੇ ਮੁਢਲੇ ਸ਼ਬਦਾਂ ਨੂੰ ਜਨਮ ਦਿੱਤਾ। ਪੰਜਵਾਂ ਮਤ ਹੈ ਕਿ ਮਨੁੱਖ ਦੇ ਸੰਕੇਤਾ ਇਸ਼ਾਰਿਆਂ ਤੋਂ ਹੀ ਅਰੰਭਕ ਬੋਲੀ ਦੀ ਰੂਪ ਰੇਖਾ ਉਲੀਕੀ ਗਈ। ਇਹ ਸਾਰੇ ਵਿਚਾਰ ਇਕੱਲੇ ਇਕੱਲੇ ਤਾਂ ਮੁਕੰਮਲ ਤੇ ਠੀਕ ਨਹੀਂ ਮੰਨੇ ਜਾ ਸਕਦੇ, ਬੋਲੀ ਦੀ ਮੁਢਲੀ ਬਣਤਰ ਵਿਚ ਇਨ੍ਹਾਂ ਸਾਰਿਆਂ ਦਾ ਥੋੜ੍ਹਾ ਥੋੜਾ ਹਿੱਸਾ ਜ਼ਰੂਰ ਹੈ। ‡ਮਨੁੱਖੀ ਵਿਕਾਸ ਦੇ ਨਾਲ ਨਾਲ ਜਿਉਂ ਜਿਉਂ ਸਮਾਜਕ ਤਬਦੀਲੀਆਂ ਹੁੰਦੀਆਂ ਗਈਆਂ ਤਿਉਂ ਤਿਉਂ ਨਵਾਂ ਬੋਲ-ਭੰਡਾਰ ਵੀ ਬਣਦਾ ਤੇ ਵਧਦਾ ਗਿਆ। ਦਰਅਸਲ ਬੋਲੀ ਜਾਂ ਜ਼ਬਾਨ ਵਿਅਕਤੀਗਤ ਵਸਤੂ ਨਹੀਂ, ਸਮਾਜਕ ਕ੍ਰਿਆ ਹੈ। ਇਕ ਮਨੁੱਖ ਦੂਜੇ ਮਨੁੱਖ ਤਾਈਂ ਆਪਣੇ ਸੂਖਮ ਮਾਨਸਕ ਭਾਵਾਂ ਨੂੰ ਬੋਲੀ ਰਾਹੀਂ ਮੂਰਤੀਮਾਨ ਕਰਕੇ ਪੇਸ਼ ਕਰਦਾ ਹੈ। ਜੇ ਕਰ ਇਕੱਲਾ ਆਦਮੀ ਵੀ ਗੁਣਗੁਣਾਵੇ ਤਾਂ ਵੀ ਉਸ ਦੀ ਅਵਾਜ਼ ਵਿਚ ਆਮ ਤੌਰ ਤੇ ਦੂਜੇ ਨੂੰ ਹੀ ਵਿਸ਼ਾ ਬਣਾਇਆ ਗਿਆ ਹੁੰਦਾ ਹੈ। ਭਾਵੇਂ ਅੱਖ, ਹੱਥ ਤੇ ਹੋਰ ਸਰੀਰ ਦੇ ਇਸ਼ਾਰੇ ਵੀ ਕੁਝ

‡ ਇਨਸਾਇਕਲੋਪੀਡੀਆ ਬ੍ਰਿਟੇਨਕਾ—ਪੰਨਾ 702-3 (ਜਿਲਦ ੧੩ਵੀਂ)

ਕੁਝ ਕੰਮ ਸਾਰ ਦਿੰਦੇ ਹਨ, ਪਰ ਬੋਲੀ ਦੇ ਮੁਕਾਬਲੇ ਤੇ ਇਹ ਬੜੇ ਅਧੂਰੇ ਤੇ ਤੁੱਛ ਹਨ। ਬੋਲੀ ਹੀ ਇਕ ਪੂਰਣ ਸਾਧਨ ਹੈ, ਜਿਸ ਨਾਲ ਮਨੁੱਖ ਹਜ਼ਾਰਾਂ ਵਰ੍ਹਿਆਂ ਤੋਂ ਪਰਸਪਰ ਭਾਵਾਂ ਦਾ ਵਟਾਂਦਰਾ ਕਰਦਾ ਆਇਆ ਹੈ। ਉਸ ਦਾ ਆਪਣੇ ਟਬਰ, ਆਪਣੇ ਕਬੀਲੇ, ਆਪਣੀ ਜਾਤੀ, ਆਪਣੇ ਦੇਸ਼ ਤੇ ਬਾਕੀ ਸਾਰੇ ਸੰਸਾਰ ਨਾਲ ਬੋਲੀ ਰਾਹੀਂ ਹੀ ਰਿਸ਼ਤਾ ਜੁੜਿਆ ਹੋਇਆ ਹੈ। ਬੋਲੀ ਨੂੰ ਸਮਾਜਕ ਜੀਵਨ ਦੀ ਸਭ ਤੋਂ ਵੱਡੀ ਸ਼ਕਤੀ ਆਖਿਆ ਜਾਵੇ ਤਾਂ ਇਹ ਗ਼ਲਤ ਨਹੀਂ ਹੋਵੇਗਾ। ਇਸੇ ਨੇ ਹੀ ਮਨੁੱਖ ਨੂੰ ਦੂਜੇ ਜਾਨਵਰਾਂ ਤੋਂ ਸਰੇਸ਼ਟ ਤੇ ਵੱਡਾ ਬਣਨ ਬਣਾਉਣ ਵਿਚ ਭਾਰੀ ਮੱਦਦ ਦਿੱਤੀ। ਜੇ ਬੋਲੀ ਨਾ ਹੁੰਦੀ ਤਾਂ ਪਰਸਪਰ ਵਿਚਾਰ-ਮੇਲ ਰਾਹੀਂ ਮਨੁੱਖ ਇਤਨੀਆਂ ਡੂੰਘੀਆਂ ਖੋਜਾਂ, ਵਿਚਾਰਾਂ, ਫਲਸਫਿਆਂ, ਸਾਇੰਸਾਂ, ਹੁਨਰਾਂ ਤੇ ਵਿਸ਼ਾਲ ਸਾਹਿਤਾਂ ਨੂੰ ਜਨਮ ਨਾ ਦੇ ਸਕਦਾ। ਅੱਜ ਅਸੀਂ ਬੋਲੀ ਦੇ ਸਦਕੇ ਹੀ ਵੇਦ ਵਿਆਸ, ਬਾਲਮੀਕਿ, ਸੁਕਰਾਤ, ਅਰਸਤੂ, ਕਾਲੀਦਾਸ ਤੇ ਹੋਮਰ ਆਦਿ ਦੇ ਵਿਚਾਰਾਂ ਨੂੰ ਇਉਂ ਜਾਣ ਰਹੇ ਹਾਂ ਜਿਵੇਂ ਉਹ ਸਾਡੇ ਕੋਲ ਬੈਠੇ ਹੁੰਦੇ ਹਨ। ਇਸੇ ਕਰਕੇ ਪੁਰਾਣੇ ਨਿਆਇਕਾਂ ਬਾਕੀ 'ਅਨਿਤ' ਜਗਤ ਦੇ ਮੁਕਾਬਲੇ ਸ਼ਬਦ ਨੂੰ 'ਨਿਤ' ਮੰਨ ਕੇ ਇਸ ਦੀ ਵਡਿਆਈ ਨੂੰ ਸਵੀਕਾਰ ਕੀਤਾ ਹੈ, ਬੋਲੀ ਮਨੁੱਖ ਨਾਲੋਂ ਵੀ ਵੱਡੀ ਚੀਜ਼ ਹੈ, ਅੰਦਰਲੀ ਮਨੁੱਖਤਾ ਦਾ ਪੂਰਾ ਪੂਰਾ ਧੁਨੀ-ਆਤਮਕ ਚਿੱਤ੍ਰ। ਬੋਲੀ ਨੂੰ 'ਸਭਿਅਤਾ ਦੀ ਮਾਂ' ਕਹਿਣਾ ਕੋਈ ਮੁਬਾਲਗਾ ਜਾਂ ਅਲੰਕਾਰਕ ਬਿਆਨ ਨਹੀਂ ਸਗੋਂ ਇਕ ਅਸਲੀਅਤ ਦਾ ਸਾਧਾਰਨ ਜੇਹਾ ਕਥਨ ਹੈ। ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਖਾਮੋਸ਼ ਗੂੰਗੀ ਕੁਦਰਤ ਬੋਲੀ ਨੂੰ ਹੀ ਸੰਸਾਰ ਦੀ ਸੰਚਾਲਕਾ ਥਾਪ ਕੇ ਆਪ ਕਿਧਰੇ ਅਲੋਪ ਹੋ ਗਈ। ਇਕ ਹੋਰ ਮੁਸ਼ਕਲ ਇਹ ਹੈ ਕਿ ਬੋਲੀ ਦੀ ਵਡਿਆਈ ਜਾਂ ਮਹੱਤਤਾ ਨੂੰ ਵੀ ਅਸੀਂ ਹੋਰ ਕਿਵੇਂ ਸ਼ਰਧਾਂਜਲੀ ਨਹੀਂ ਚੜ੍ਹਾ ਸਕਦੇ, ਇਸ ਕੰਮ ਲਈ ਵੀ ਸਾਨੂੰ ਬੋਲੀ ਦੀ ਹੀ ਸ਼ਰਣ ਲੈਣੀ ਪੈਂਦੀ ਹੈ।

ਮਨੁੱਖ ਨੂੰ ਉਸ ਦੀ ਮਾਂ ਜਨਮ ਦੇਂਦੀ ਤੇ ਕੁਝ ਚਿਰ ਸੰਭਾਲਦੀ ਵੀ ਹੈ। ਪਰ ਫਿਰ ਉਹ ਆਪਣੇ ਬੱਚੇ ਨੂੰ ਸਦਾ ਜੀਉਣ-ਜੋਗੀ ਮਾਂ ਬੋਲੀ ਦੀ ਝੋਲੀ ਪਾ ਦਿੰਦੀ ਹੈ, ਜੋ ਉਸ ਨੂੰ ਉਮਰ ਭਰ ਪਾਲਦੀ ਤੇ ਸੰਭਾਲਦੀ ਹੈ। ਜਣਨ ਵਾਲੀ ਮਾਂ ਨੂੰ ਛੱਡ ਕੇ ਬੋਲੀ ਨੂੰ ਮਾਂ ਕਹਿਣ ਦਾ ਵਿਚਾਰ ਇਸੇ ਸਤਿਕਾਰ ਦਾ ਮਹਾਨ ਚਿੰਨ੍ਹ ਹੈ। ਬਚਾ ਮਾਂ ਦੇ ਦੁਧ ਨਾਲ ਮੁਢਲੀਆਂ ਅਵਾਜ਼ਾਂ ਆਪਣੇ ਮਾਂ ਪਿਉ, ਭੈਣ ਭਰਾ ਤੋਂ ਸਿਖਦਾ ਤੇ ਉਨ੍ਹਾਂ ਸੰਕੇਤੀ ਅਵਾਜ਼ਾਂ ਲਈ ਨੀਅਤ ਕੀਤੇ ਅਰਥਾਂ ਨੂੰ ਹੌਲੀ ਹੌਲੀ ਜ਼ਾਣਦਾ ਹੈ। ਇਸ ਅਵਾਜ਼ ਤੇ ਅਰਥ ਦੇ ਮੇਲ ਤੋਂ ਹੀ ਬੋਲੀ ਦਾ ਸਹੀ ਅਰੰਭ ਹੁੰਦਾ ਹੈ। ਫਿਰ ਵਰਤੋਂ ਵਿਹਾਰ ਤੇ ਸਮਾਜਕ ਮੇਲ-ਜੋਲ ਨਾਲ ਉਸ ਦੇ ਸ਼ਬਦ-ਭੰਡਾਰ ਵਿਚ ਵਾਧਾ ਹੁੰਦਾ ਰਹਿੰਦਾ ਹੈ। ਤੇ ਇਹੋ ਬਚਪਨ ਦੀ ਦੌਲਤ ਅਗੇ ਉਮਰ ਭਰ ਖਰਚਣ ਦੇ ਕੰਮ ਆਉਂਦੀ ਹੈ।

ਸਰੀਰਕ ਭਿੰਨਤਾ, ਮਾਨਸਕ ਅਵਸਥਾ ਦੀ ਭਿੰਨਤਾ ਅਤੇ ਭੂਗੋਲਕ ਵਿਥੇਵਿਆਂ ਨੇ ਹਜ਼ਾਰਾਂ ਵਰ੍ਹਿਆਂ ਵਿਚ ਬੋਲੀਆਂ ਨੂੰ ਭਿੰਨ ਭਿੰਨ ਰੂਪ ਦਿਤੇ। ਸਮੇਂ ਦੇ ਲੰਮੇ ਚੱਕਰ ਹੇਠ ਆ ਕੇ ਇਹ ਵਿਥੇਵੇਂ ਹੋਰ ਵਧਦੇ ਗਏ। ਪਰ ਇਨ੍ਹਾਂ ਦਾ ਪਿੱਛਾ ਫੋਲਿਆਂ ਏਕਤਾ ਸਾਫ ਦਿਸ ਪੈਂਦੀ ਹੈ। ਹੁਣ ਵੀ ਭਾਸ਼ਾ-ਵਿਗਿਆਨੀ ਸੰਸਾਰ ਦੀਆਂ ਤਿੰਨ ਹਜ਼ਾਰ ਵੱਖੋ ਵੱਖ ਬੋਲੀਆਂ ਨੂੰ ਕੇਵਲ ਅੱਠ ਦਸ ਹਿਸਿਆਂ ਵਿਚ ਵੰਡ ਕੇ ਨਿਪਟ ਲੈਂਦੇ ਹਨ। ਪ੍ਰੋਫੈਸਰ ਮੈਕਸਮੂਲਰ (1823-1900) ਦੇ ਵਿਚਾਰ ਅਨੁਸਾਰ ਸੰਸਾਰ ਦੇ ਭਾਸ਼ਾ-ਪਰਵਾਰਾਂ ਦੀ ਫੋਲਾ-ਫਾਲੀ ਕਰ ਕੇ ਅਖ਼ੀਰ ਚਾਰ ਪੰਜ ਸੌ ਮੂਲ ਧਾਤੂ ਰਹਿ ਜਾਂਦੇ ਹਨ। ਇਨ੍ਹਾਂ ਮੂਲ ਧਾਤੂਆਂ ਨੇ ਹੀ ਸਮਾਜਕ ਘੁੰਲ ਵਿਚ ਆ

ਕੇ ਹਜ਼ਾਰਾਂ ਬੋਲੀਆਂ ਤੇ ਲੱਖਾਂ ਸ਼ਬਦਾਂ ਨੂੰ ਜਨਮ ਦਿਤਾ। ‡ਇਕ ਆਦਮੀ ਨੇ ਦੂਜੇ ਆਦਮੀ ਉਤੇ, ਇਕ ਕਬੀਲੇ ਨੇ ਦੂਜੇ ਕਬੀਲੇ ਉਤੇ, ਤੇ ਇਕ ਦੇਸ਼ ਨੇ ਦੂਜੇ ਦੇਸ਼ ਉਤੇ ਜਦੋਂ ਰਾਜਸੀ ਜਾਂ ਮਾਨਸਕ ਪ੍ਰਭਾਵ ਪਾਇਆ ਤਾਂ ਜੇਤੂ ਮਨੁੱਖ, ਕਬੀਲੇ ਜਾਂ ਦੇਸ਼ ਦੀ ਬੋਲੀ ਨੇ ਦੂਜੇ ਮਨੁੱਖਾਂ ਦੀ ਬੋਲੀ ਉਤੇ ਭਾਰੂ ਹੋ ਕੇ ਵਿਜੈ ਪਾਈ। ਵਿਕਾਸ਼-ਵਾਦ ਦੇ ਸਿਧਾਂਤ ਅਨੁਸਾਰ ਤਕੜੀ ਕੌਮ ਦੇ ਤਕੜੇ ਬਲਵਾਨ ਸ਼ਬਦਾਂ ਨੂੰ ਹੀ ਜੀਉਣ ਦੀ ਆਗਿਆ ਮਿਲੀ। ਪੁਰਾਣੀਆਂ ਬੋਲੀਆਂ ਆਪਣੇ ਮਾਲਕਾਂ ਵਾਂਙ ਹੌਲੀ ਹੌਲੀ ਮਾਰੀਆਂ ਗਈਆਂ। ਇਨ੍ਹਾਂ ਜਿੱਤਾਂ ਹਾਰਾਂ ਨੇ ਬੋਲੀਆਂ ਵਿਚ ਅਦਲਾ ਬਦਲੀ ਪੈਦਾ ਕੀਤੀ ਤੇ ਨਵੀਆਂ ਨਵੀਆਂ ਬੋਲੀਆਂ ਨੂੰ ਮੂਹਰੇ ਲਿਆਂਦਾ। ਜੇਤੂ ਕੌਮ ਜਿੰਨੇ ਸ਼ਬਦ ਜਿਤਨੇ ਇਲਾਕੇ ਵਿਚ ਵਰਤਦੀ ਉਤਨੇ ਵੱਡੇ ਰਕਬੇ ਵਿਚ ਹੀ ਉਸ ਜ਼ਬਾਨ ਦਾ ਸ਼ਬਦ-ਕੋਸ਼ ਬਣਦਾ ਗਿਆ। ਇਉਂ ਵੱਖੋ ਵੱਖ ਦੇਸ਼ਾਂ ਦੇ ਘੇਰੇ ਵਿਚ ਵੱਖ ਵੱਖ ਤਰ੍ਹਾਂ ਦੇ ਸ਼ਬਦ ਪਲਦੇ ਰਹੇ। ਹਰ ਇਕ ਨੇ ਇਕੋ ਚੀਜ਼ ਦਾ ਨਾਂ ਆਪਣੇ ਆਪਣੇ ਨੁਕਤਾ ਨਿਗਾਹ ਤੋਂ ਭਿੰਨ ਭਿੰਨ ਪਾਇਆ। ਕਿਸੇ ਸਿੰਹ, ਕਿਸੇ ਸ਼ੀਂਹ, ਕਿਸੇ ਸ਼ੇਰ ਅਤੇ ਕਿਸੇ ਟਾਈਗਰ, ਲੌਇਨ ਜਾਂ ਹੋਰ ਆਖਿਆ। ਇਉਂ ਹਰ ਥਾਂ ਮਨੁੱਖ ਆਪਣੀ ਮਰਜ਼ੀ ਨਾਲ ਸ਼ਬਦ ਘੜਦਾ ਗਿਆ। ਭਾਵੇਂ ਉਸ ਦਾ ਸ਼ਬਦ-ਭੰਡਾਰ ਆਪਣੇ ਆਲੇ ਦੁਆਲੇ ਤਕ ਹੀ ਮਹਿਦੂਦ ਸੀ, ਪਰ ਉਸ ਦੇ ਲਈ ਇਹੋ ਕਾਫੀ ਸੀ। ਬਾਦ ਵਿਚ ਭਰਤੀ ਦੇ ਸ਼ਬਦਾਂ ਦੀ ਭਰਮਾਰ ਨੇ ਵਾਧੂ ਸ਼ਬਦ-ਕੋਸ਼ ਵਧਾਇਆ ਜਿਸ ਤੋਂ ਬਗੈਰ ਵੀ ਗੁਜ਼ਾਰਾ ਸੰਭਵ ਸੀ। ਅੰਦਾਜ਼ਾ ਲਾਇਆ ਗਿਆ ਹੈ ਕਿ ਇਕ ਅਨਪੜ੍ਹ ਅੰਗਰੇਜ਼ ਕੇਵਲ ਤਿਨ ਸੌ ਸ਼ਬਦਾਂ ਵਿਚ ਹੀ ਆਪਣਾ ਕੰਮ ਸਾਰ ਲੈਂਦਾ ਹੈ ਤੇ ਪੜ੍ਹਿਆ ਲਿਖਿਆ ਛੇ ਸੱਤ ਸੌ ਸ਼ਬਦਾਂ ਨਾਲ। ਕਹਿਣ ਦਾ ਭਾਵ ਇਹ ਹੈ ਕਿ ਗੁਜ਼ਾਰਾ ਤਾਂ ਮਨੁੱਖ ਇਤਨੇ ਕੁ ਬੋਲ-ਭੰਡਾਰ ਨਾਲ ਵੀ ਕਰ ਸਕਦਾ ਸੀ ਤੇ ਕਰਦਾ ਹੈ ਪਰ ਦੁਨੀਆਂ ਭਰ ਦੇ ਮਨੁੱਖਾਂ ਦਾ ਮੇਲ ਜੋਲ ਵਧਣ ਨਾਲ ਹਰ ਬੋਲੀ ਦੇ ਭੰਡਾਰ ਵਿਚ ਬੇਅੰਤ ਸ਼ਬਦਾਂ ਦਾ ਵਾਧਾ ਹੋਇਆ। ਤਜਾਰਤੀ ਆਵਾਜਾਈ ਨੇ ਇਕ ਦੂਜੇ ਦੇਸ਼ ਦੀ ਬੋਲੀਆਂ ਦੇ ਵੀ ਸੌਦੇ ਕੀਤੇ। ਕੋਈ ਵਪਾਰੀ ਕਿਤੋਂ ਕੋਈ ਸ਼ਬਦ ਲੈ ਆਇਆ ਤੇ ਕੋਈ ਉਥੇ ਆਪਣੇ ਦੇਸ਼ ਦਾ ਛੱਡ ਆਇਆ। ਇਹ ਬੋਲੀਆਂ ਦਾ ਲੈਣ ਦੇਣ ਇਤਨੇ ਵਿਸ਼ਾਲ ਪੈਮਾਨੇ ਤੇ ਚਲਿਆ ਕਿ ਇਸ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਇਸੇ ਕਰਕੇ ਕਈ ਸ਼ਬਦਾਂ ਦਾ ਅਸਲ ਪਿੱਛਾ ਲੱਭਣਾ ਔਖਾ ਹੋ ਜਾਂਦਾ ਹੈ। ਕਲਗੀ, ਕੋਂਚੀ, ਗਲੀਚਾ, ਚਾਕੂ, ਤੋਪ ਆਦਿਕ ਸ਼ਬਦ ਤੁਰਕੀ ਤੋਂ ਆਏ ਹਨ। ਰੋਟੀ, ਤਵਾ, ਪਰਾਤ ਵੀ ਸਾਡੇ ਦੇਸ਼ ਦੇ ਨਹੀਂ। ਇਸੇ ਤਰ੍ਹਾਂ ਹੋਰ ਸ਼ਬਦਾਂ ਦਾ ਹਾਲ ਹੈ। ਹਿੰਦ ਦੀਆਂ ਬੋਲੀਆਂ ਵਿਚ ਫ਼ਾਰਸੀ ਤੇ ਅੰਗਰੇਜ਼ੀ ਸ਼ਬਦ ਤਾਂ ਬੇਅੰਤ ਹਨ ਕਿਉਂਕਿ ਦੋਵੇਂ ਜ਼ਬਾਨਾਂ ਬਦੇਸ਼ੀ ਹੋਣ ਦੇ ਬਾਵਜੂਦ ਕਾਫੀ ਸਮਾਂ ਇਥੋਂ ਦੀਆਂ ਰਾਜ-ਬੋਲੀਆਂ ਰਹੀਆਂ ਹਨ। ਕਮੀਜ਼, ਕਮਰਾ, ਚਾਬੀ, ਪੀਪਾ, ਬਾਲਟੀ, ਬਿਸਕੁਟ ਸੁਣ ਕੇ ਸਾਨੂੰ ਸ਼ੱਕ ਹੀ ਨਹੀਂ ਪੈਂਦਾ ਕਿ ਇਹ ਸ਼ਬਦ ਪੁਰਤਗਾਲ ਤੋਂ ਆਏ ਹੋਣਗੇ। ਇਵੇਂ ਹੀ ਮੈਕਸੀਕਨ ਦਾ ਚਾਕਲੇਟ, ਅਮ੍ਰੀਕਾ ਦਾ ਤਮਾਕੂ, ਜਰਮਨੀ ਦੀ ਟੀ, ਅਰਬੀ ਦੇ ਕਾਫੀ, ਹਲਵਾ, ਯੂਨਾਨੀ ਦਾ ਫੋਟੋ, ਫਰਾਂਸੀਸੀ ਦਾ ਕਾਰਤੂਸ, ਡੱਚੀ ਦਾ ਤਰੁਪ, ਤੇ ਇਤਾਲਵੀ ਜ਼ਬਾਨ ਦਾ ਲਫਜ਼ ਪਿਆਨੋ ਹੈ। ਜਪਾਨ ਦੀ 'ਬੈਂਜੋ' ਕਿਸ ਨੂੰ ਭੁੱਲੀ

‡ਮਿਸਾਲ ਲਈ ਕਰ ਧਾਤੂ ਤੋਂ—ਕਰਨਾ, ਕਰਾਉਣਾ, ਕਾਰ, ਕਾਰਾ, ਕਾਰਨਾਮਾ, ਕਿਰਤ, ਕਿੱਤਾ, ਕਿਰਤੀ, ਕਾਰਣ, ਕਾਰਜ, ਕਾਜ, ਕਰਤਾ, ਕਰਮ, ਕੰਮ, ਕੰਮੀ, ਕਮਾਊ, ਕਾਮਾ, ਨਿਕੰਮਾ, ਕਰਿੰਦਾ, ਕਰਤੱਵ, ਕਰਤੂਤ, ਕਰਨੀ, ਕਰੇਵਾ, ਕਰਾਇਆ, ਕਰਮੀਕੀ, ਕਾਰਮਣਾ ਆਦਿ।

ਕੇ ਹਜ਼ਾਰਾਂ ਬੋਲੀਆਂ ਤੇ ਲੱਖਾਂ ਸ਼ਬਦਾਂ ਨੂੰ ਜਨਮ ਦਿਤਾ । ‡ਇਕ ਆਦਮੀ ਨੇ ਦੂਜੇ ਆਦਮੀ ਉਤੇ, ਇਕ ਕਬੀਲੇ ਨੇ ਦੂਜੇ ਕਬੀਲੇ ਉਤੇ, ਤੇ ਇਕ ਦੇਸ਼ ਨੇ ਦੂਜੇ ਦੇਸ਼ ਉਤੇ ਜਦੋਂ ਰਾਜਸੀ ਜਾਂ ਮਾਨਸਕ ਪ੍ਰਭਾਵ ਪਾਇਆ ਤਾਂ ਜੇਤੂ ਮਨੁੱਖ, ਕਬੀਲੇ ਜਾਂ ਦੇਸ ਦੀ ਬੋਲੀ ਨੇ ਦੂਜੇ ਮਨੁੱਖਾਂ ਦੀ ਬੋਲੀ ਉਤੇ ਭਾਰੂ ਹੋ ਕੇ ਵਿਜੈ ਪਾਈ । ਵਿਕਾਸ਼-ਵਾਦ ਦੇ ਸਿਧਤ ਅਨੁਯਾਨ ਤਕੜੀ ਕੌਮ ਦੇ ਤਕੜੇ ਬਲਵਾਨ ਸ਼ਬਦਾਂ ਨੂੰ ਹੀ ਜੀਉਣ ਦੀ ਆਗਿਆ ਮਿਲੀ । ਪੁਰਾਣੀਆਂ ਬੋਲੀਆਂ ਆਪਣੇ ਮਾਲਕਾਂ ਵਾਂਙ ਹੌਲੀ ਹੌਲੀ ਮਾਰੀਆਂ ਗਈਆਂ । ਇਨ੍ਹਾਂ ਜਿੱਤਾਂ ਹਾਰਾਂ ਨੇ ਬੋਲੀਆਂ ਵਿਚ ਅਦਲਾ ਬਦਲੀ ਪੈਦਾ ਕੀਤੀ ਤੇ ਨਵੀਆਂ ਨਵੀਆਂ ਬੋਲੀਆਂ ਨੂੰ ਮੂਹਰੇ ਲਿਆਂਦਾ । ਜੇਤੂ ਕੌਮ ਜਿੰਨੇ ਸ਼ਬਦ ਜਿਤਨੇ ਇਲਾਕੇ ਵਿਚ ਵਰਤਦੀ ਉਤਨੇ ਵੱਡੇ ਰਕਬੇ ਵਿਚ ਹੀ ਉਸ ਜ਼ਬਾਨ ਦਾ ਸ਼ਬਦ-ਕੋਸ਼ ਬਣਦਾ ਗਿਆ । ਇਉਂ ਵੱਖੋ ਵੱਖ ਦੇਸ਼ਾਂ ਦੇ ਘੇਰੇ ਵਿਚ ਵੱਖ ਵੱਖ ਤਰ੍ਹਾਂ ਦੇ ਸ਼ਬਦ ਪਲਦੇ ਰਹੇ । ਹਰ ਇਕ ਨੇ ਇਕੋ ਚੀਜ਼ ਦਾ ਨਾਂ ਆਪਣੇ ਆਪਣੇ ਨੁਕਤਾ ਨਿਗਾਹ ਤੋਂ ਭਿੰਨ ਭਿੰਨ ਪਾਇਆ । ਕਿਸੇ ਸਿੰਹ, ਕਿਸੇ ਸ਼ੀਂਹ, ਕਿਸੇ ਸ਼ੇਰ ਅਤੇ ਕਿਸੇ ਟਾਈਗਰ, ਲੈਇਨ ਜਾਂ ਹੋਰ ਆਖਿਆ । ਇਉਂ ਹਰ ਥਾਂ ਮਨੁੱਖ ਆਪਣੀ ਮਰਜ਼ੀ ਨਾਲ ਸ਼ਬਦ ਘੜਦਾ ਗਿਆ । ਭਾਵੇਂ ਉਸ ਦਾ ਸ਼ਬਦ-ਭੰਡਾਰ ਆਪਣੇ ਆਲੇ ਦੁਆਲੇ ਤਕ ਹੀ ਮਹਿਦੂਦ ਸੀ, ਪਰ ਉਸ ਦੇ ਲਈ ਇਹੋ ਕਾਫੀ ਸੀ । ਬਾਦ ਵਿਚ ਭਰਤੀ ਦੇ ਯਬਦਾਂ ਦੀ ਭਤਮਾਰ ਨੇ ਵਾਧੂ ਸ਼ਬਦ-ਕੋਸ਼ ਵਧਾਇਆ ਜਿਸ ਤੋਂ ਬਗ਼ੈਰ ਵੀ ਗੁਜ਼ਾਰਾ ਸੰਭਵ ਸੀ । ਅੰਦਾਜ਼ਾ ਲਾਇਆ ਗਿਆ ਹੈ ਕਿ ਇਕ ਅਨਪੜ੍ਹ ਅੰਗਰੇਜ਼ ਕੇਵਲ ਤਿਨ ਸੌ ਸ਼ਬਦਾਂ ਵਿਚ ਹੀ ਆਪਣਾ ਕੰਮ ਸਾਰ ਲੈਂਦਾ ਹੈ ਤੇ ਪੜ੍ਹਿਆ ਲਿਖਿਆ ਛੇ ਸੱਤ ਸੌ ਸ਼ਬਦਾਂ ਨਾਲ । ਕਹਿਣ ਦਾ ਭਾਵ ਇਹ ਹੈ ਕਿ ਗੁਜ਼ਾਰਾ ਤਾਂ ਮਨੁੱਖ ਇਤਨੇ ਕੁ ਬੋਲ-ਭੰਡਾਰ ਨਾਲ ਵੀ ਕਰ ਸਕਦਾ ਸੀ ਤੇ ਕਰਦਾ ਹੈ ਪਰ ਦੁਨੀਆਂ ਭਰ ਦੇ ਮਨੁੱਖਾਂ ਦਾ ਮੇਲ ਜੋਲ ਵਧਣ ਨਾਲ ਹਰ ਬੋਲੀ ਦੇ ਭੰਡਾਰ ਵਿਚ ਬੇਅੰਤ ਸ਼ਬਦਾਂ ਦਾ ਵਾਧਾ ਹੋਇਆ । ਤਜਾਰਤੀ ਆਵਾਜਾਈ ਨੇ ਇਕ ਦੂਜੇ ਦੇਸ਼ ਦੀ ਬੋਲੀਆਂ ਦੇ ਵੀ ਸੌਦੇ ਕੀਤੇ । ਕੋਈ ਵਪਾਰੀ ਕਿਤੋਂ ਕੋਈ ਸ਼ਬਦ ਲੈ ਆਇਆ ਤੇ ਕੋਈ ਉਥੇ ਆਪਣੇ ਦੇਸ਼ ਦਾ ਛੱਡ ਆਇਆ । ਇਹ ਬੋਲੀਆਂ ਦਾ ਲੈਣ ਦੇਣ ਇਤਨੇ ਵਿਸ਼ਾਲ ਪੈਮਾਨੇ ਤੇ ਚਲਿਆ ਕਿ ਇਸ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ । ਇਸੇ ਕਰਕੇ ਕਈ ਸ਼ਬਦਾਂ ਦਾ ਅਸਲ ਪਿੱਛਾ ਲੱਭਣਾ ਔਖਾ ਹੋ ਜਾਂਦਾ ਹੈ । ਕਲਗੀ, ਕੈਂਚੀ, ਗਲੀਚਾ, ਚਾਕੂ, ਤੋਪ ਆਦਿਕ ਸ਼ਬਦ ਤੁਰਕੀ ਤੋਂ ਆਏ ਹਨ । ਰੰਟੀ, ਤਵਾ, ਪਰਾਤ ਵੀ ਸਾਡੇ ਦੇਸ਼ ਦੇ ਨਹੀਂ । ਇਸੇ ਤਰ੍ਹਾਂ ਹੋਰ ਸ਼ਬਦਾਂ ਦਾ ਹਾਲ ਹੈ । ਹਿੰਦ ਦੀਆਂ ਬੋਲੀਆਂ ਵਿਚ ਫ਼ਾਰਸੀ ਤੇ ਅੰਗਰੇਜ਼ੀ ਸ਼ਬਦ ਤਾਂ ਬੇਅੰਤ ਹਨ ਕਿਉਂਕਿ ਦੋਵੇਂ ਜ਼ਬਾਨਾਂ ਬਦੇਸ਼ੀ ਹੋਣ ਦੇ ਬਾਵਜੂਦ ਕਾਫੀ ਸਮਾਂ ਇਥੋਂ ਦੀਆਂ ਰਾਜ-ਬੋਲੀਆਂ ਰਹੀਆਂ ਹਨ । ਕਮੀਜ਼, ਕਮਰਾ, ਚਾਬੀ, ਪੀਪਾ, ਬਾਲਟੀ, ਬਿਸਕੁਟ ਸੁਣ ਕੇ ਸਾਨੂੰ ਸ਼ੱਕ ਹੀ ਨਹੀਂ ਪੈਂਦਾ ਕਿ ਇਹ ਸ਼ਬਦ ਪੁਰਤਗਾਲ ਤੋਂ ਆਏ ਹੋਣਗੇ । ਇਵੇਂ ਹੀ ਮੈਕਸੀਕਨ ਦਾ ਚਾਕਲੇਟ, ਅਮ੍ਰੀਕਾ ਦਾ ਤਮਾਕੂ, ਜਰਮਨੀ ਦੀ ਟੀ, ਅਰਬੀ ਦੇ ਕਾਫੀ, ਹਲਵਾ, ਯੂਨਾਨੀ ਦਾ ਫੋਟੋ, ਫਰਾਂਸੀਸੀ ਦਾ ਕਾਰਤੂਸ, ਡੱਚੀ ਦਾ ਤਰੁਪ, ਤੇ ਇਤਾਲਵੀ ਜ਼ਬਾਨ ਦਾ ਲਫਜ਼ ਪਿਆਨੋ ਹੈ । ਜਪਾਨ ਦੀ 'ਬੈਂਜੋ' ਕਿਸ ਨੂੰ ਭੁੱਲੀ

‡ਮਿਸਾਲ ਲਈ ਕਰ ਧਾਤੂ ਤੋਂ—ਕਰਨਾ, ਕਰਾਉਣਾ, ਕਾਰ, ਕਾਰਾ, ਕਾਰਨਾਮਾ, ਕਿਰਤ, ਕਿੱਤਾ, ਕਿਰਤੀ, ਕਾਰਣ, ਕਾਰਜ, ਕਾਜ, ਕਰਤਾ, ਕਰਮ, ਕੰਮ, ਕੰਮੀ, ਕਮਾਊ, ਕਾਮਾ, ਨਿਕੰਮਾ, ਕਰਿੰਦਾ, ਕਤੱਵ, ਕਰਤੂਤ, ਕਰਨੀ, ਕਰੇਵਾ, ਕਰਾਇਆ, ਕਰਮੀਕੀ, ਕਾਰਮਣਾ ਆਦਿ ।

ਵਿਚ 'ਪਰਮੇਸ਼ਰ' ਦੇ ਅਰਥਾਂ ਵਿਚ ਵਰਤਿਆ ਜਾਣ ਲੱਗਾ । 'ਬਾਬਾ' ਅਰਬੀ ਵਿਚ ਬਜ਼ੁਰਗ ਜਾਂ 'ਪਿਉ' ਨੂੰ ਕਹਿੰਦੇ ਹਨ । ਸਾਡੇ ਆ ਕੇ ਇਹੋ ਪਿਉ ਦਾ ਪਿਉ ਬਣ ਗਿਆ । ਪਹਿਲੇ ਵੀਣਾ ਵਜਾਉਣ ਵਿਚ ਮਾਹਰ ਕਲਾਕਾਰ ਨੂੰ 'ਪ੍ਰਬੀਣ' ਕਿਹਾ ਜਾਂਦਾ ਸੀ ਹੁਣ ਪ੍ਰਬੀਣ ਦਾ ਅਰਥ ਹੀ 'ਸਿਆਣਾ' ਚਲ ਪਿਆ, ਭਾਵੇਂ ਉਹ ਕਿਸੇ ਗੱਲ ਦਾ ਮਾਹਰ ਹੋਵੇ । 'ਹਿਮਾਚਲ' ਦਾ ਅਰਥ ਹੈ 'ਬਰਫ਼ ਦਾ ਘਰ' ਇਸੇ ਤੋਂ ਉਤਰ ਵਲ ਦਾ ਪਾਸਾ 'ਸ਼ਿਮਾਲ' ਕਹਾਇਆ ਤੇ ਠੰਢੇ ਦੇਸ਼ ਦੇ ਸ਼ਹਿਰ ਦਾ ਨਾਂ ਵੀ 'ਸ਼ਿਮਲਾ' ਪਿਆ । ਜ਼ਬਾਨ ਵਿਚ 'ਹਾਹੇ' ਦੀ ਥਾਂ 'ਸੱਸਾ' ਹੋ ਜਾਣਾ ਮਾਮੂਲੀ ਗੱਲ ਹੈ । ਜਿਵੇਂ ਸਿੰਧ ਦਾ ਹਿੰਦ, ਸਪਤ ਦਾ ਹਫਤ, ਕੋਸ ਦਾ ਕੋਹ, ਰੋਸ ਦਾ ਰੋਹ ਤੇ ਦਸ ਦਾ ਦਹ । ਅਰਬੀ ਵਿਚ 'ਅਮੀਰ' ਮੁਖੀ ਆਗੂ ਨੂੰ ਕਹਿੰਦੇ ਹਨ, ਅਸੀਂ 'ਦੌਲਤਮੰਦ' ਨੂੰ ਆਖਦੇ ਹਾਂ । 'ਫ਼ਕੀਰ' ਦਾ ਅਰਥ ਹੈ ਸਾਧੂ ਆਦਮੀ, ਪਰ ਇਹ ਮੰਗਤੇ ਲਈ ਵੀ ਵਰਤਿਆ ਜਾਂਦਾ ਹੈ । 'ਬਿੰਦੂ' ਜਾਂ 'ਬੂੰਦ' ਵਰਗੀ ਨਿੱਕੀ ਨਿੱਕੀ ਮਠਿਆਈ 'ਬੂੰਦੀ' ਕਹੀ ਜਾਂਦੀ ਹੈ । ਇਸੇ ਤੋਂ ਮੱਥੇ ਦਾ ਗੋਲ ਟਿੱਕਾ 'ਬਿੰਦੀ' ਅਖਵਾਇਆ । 'ਧੌਲਾ' ਦਾ ਅਰਥ ਹੈ 'ਚਿੱਟਾ,' ਇਸ ਤੋਂ ਚਿੱਟੇ ਕੇਸਾਂ ਤੇ ਚਿੱਟੇ ਉਜਲ ਬੈਲ ਦਾ ਨਾਂ ਵੀ 'ਧੌਲਾ' ਪੈ ਗਿਆ । 'ਰੱਤ'—ਲਹੂ ਵਰਗਾ ਲਾਲ ਰੰਗ ਹੋਣ ਕਾਰਣ ਇਕ ਬੂਟੀ ਦੇ ਨਿੱਕੇ ਫਲਾਂ ਦਾ ਨਾਂ 'ਰੱਤੀਆਂ' ਜਾਂ ਰੱਤਕਾਂ ਕਹਿਲਾਇਆ । ਮੁੰਡਨ ਸੰਸਕਾਰ ਕਰਨ ਕਰਕੇ ਮੁੰਡਾ ਸ਼ਬਦ ਚਲਿਆ (ਕੁੜੀਆਂ ਦਾ ਇਹ ਸੰਸਕਾਰ ਨਹੀਂ ਹੁੰਦਾ) ਮੋਨਾ (ਕੇਸ ਹੀਣ) ਸ਼ਬਦ ਇਸ ਤੋਂ ਚਲਿਆ । 'ਚੇਲਾ ਮੁੰਨਣਾ' ਇਸੇ ਰੀਤੀ ਦੀ ਕਾਢ ਸੀ, ਇਸੇ ਰੌਡ ਭੋਂਡ ਸੂਰਤ ਤੋਂ ਹੀ ਚਰਖੇ ਦਾ 'ਮੁੰਨਾ' ਬਣਿਆ ਜਾਪਦਾ ਹੈ । ਖੱਟ (ਕੁੜੀ ਦੇ ਵਿਆਹ ਦੇ ਕਪੜੇ) ਕਿਉਂਕਿ ਖਾਟਾਂ-ਪਲੰਘਾਂ ਉਤੇ ਧਰ ਕੇ ਵਿਖਾਏ ਜਾਂਦੇ ਸਨ ਇਸ ਲਈ ਇਸ ਦਾ ਨਾਂ ਹੀ 'ਖਟ' ਪੈ ਗਿਆ । ਹੋ ਸਕਦਾ ਹੈ ਖਟ—ਛੇ ਕਪੜਿਆਂ ਦੀ ਪੁਸ਼ਾਕ ਲਈ ਵਰਤਿਆ ਜਾਂਦਾ ਰਿਹਾ ਹੋਵੇ । ਪਹਿਲਿਆਂ ਜ਼ਮਾਨਿਆਂ ਵਿਚ ਜ਼ਮੀਨੀ ਕਬਜ਼ੇ ਦੀ ਲਿਖਤ ਫੱਟੀ ਜਾਂ ਪੱਟੀ ਉਤੇ ਲਿਖੀ ਹੁੰਦੀ ਸੀ । ਇਸੇ ਤੋਂ ਪੱਟਾ ਲਫ਼ਜ਼ ਤੁਰਿਆ, ਇਸੇ ਪੱਟੀ ਤੋਂ ਹੀ ਪੱਤੀ ਸ਼ਬਦ ਚੱਲਿਆ ਹੈ । ਪੁਰਾਣੇ ਜ਼ਮਾਨੇ ਘੜੀ ਯਾ ਘੜਾ ਰੇਤ ਦਾ ਭਰਿਆ ਜਾਂਦਾ ਸੀ ਤੇ ਉਸ ਵਿਚ ਕੀਤੇ ਨਿਕੇ ਜੇਹੇ ਛੇਕ ਥਾਹੀਂ ਰੇਤਾ ਵਗਦਾ ਰਹਿੰਦਾ ਸੀ, ਇਹ ਰੇਤਾ ਖਾਸ ਮਿਣਤੀ ਦਾ ਹੁੰਦਾ ਸੀ ਤੇ ਮੁਕਰਰ ਸਮੇਂ ਵਿਚ ਵਗ ਨਿਕਲਦਾ ਸੀ । ਇਸ ਤੋਂ ਸਮੇਂ ਦਾ ਅਨੁਮਾਨ ਲਾਇਆ ਜਾਂਦਾ ਸੀ । ਅਜ ਕਲ੍ਹ ਇਸੇ ਕਰ ਕੇ ਸਮਾਂ ਦਸਣ ਵਾਲੇ ਯੰਤ੍ਰ ਨੂੰ 'ਘੜੀ' ਕਿਹਾ ਜਾਂਦਾ ਹੈ । ਪਹਿਲੇ ਪਹਿਲ ਈਸਟ ਇੰਡੀਆ ਕੰਪਨੀ ਨੇ ਹਿੰਦ ਵਿਚ ਜੋ ਫੌਜਾਂ ਖੜੀਆਂ ਕੀਤੀਆਂ, ਉਨ੍ਹਾਂ ਵਿਚ ਮਦਰਾਸ ਦੇ ਵਸਨੀਕਾਂ—ਤੈਲਗੂ ਲੋਕਾ ਦੀ ਗਿਣਤੀ ਵਧੇਰੇ ਸੀ, ਇਸ ਲਈ ਤਲੰਗਾ ਲਫ਼ਜ਼ (ਜ਼ਰਾ ਛੇੜਖਾਨੀ ਨਾਲ) ਫ਼ੌਜੀ ਲਈ ਵਰਤਿਆਂ ਜਾਣ ਲੱਗਾ । ਮਸ਼ਹੂਰ ਜਰਮਨ ਫਿਲਾਸਫਰ ਨਿਤਸ਼ੇ ਦੇ ਨਾਂ ਤੇ ਨਾਜ਼ੀਵਾਦ ਚਲਿਆ ਤੇ ਪਿਛੋਂ ਹਿਟਲਰੀ ਪ੍ਰਭਾਵ ਦਾ ਸਿਟਾ ਇਹ ਹੋਇਆ ਕਿ 'ਨਾਜ਼ੀ' ਜ਼ਾਲਮ ਦੇ ਅਰਥਾਂ ਵਿਚ ਵਰਤਿਆ ਜਾਣ ਲੱਗਾ । ਲਾਤੀਨੀ ਦਾ ਕੇਸਰ, ਅਰਬੀ ਵਿਚ ਕੈਸਰ, ਅੰਗਰੇਜ਼ੀ ਵਿਚ ਸੀਜ਼ਰ ਤੇ ਰੂਸੀ ਵਿਚ ਜ਼ਾਰ ਬਣਕੇ ਚਲਦਾ ਰਿਹਾ ਹੈ । ਅਰਥ ਸੀ ਰਾਜਾ ।

ਅੰਗਰੇਜ਼ੀ ਵਿਚ ਪਹਿਲੇ ਸ਼ਰਾਬ ਦੇ ਪੀਪਿਆਂ ਵਿਚ ਸੁਰਾਖ ਕਰਨ ਵਾਲੇ ਨੂੰ 'ਬਰੋਕਰ' ਕਿਹਾ ਜਾਂਦਾ ਸੀ, ਅਜ ਇਸ ਦਾ ਅਰਥ 'ਦਲਾਲ' ਹੈ । ਇਵੇਂ ਜਿਵੇਂ ਯੂਨਾਨੀ ਪਦ ਪੌਲਿਸ ਦਾ ਅਰਥ 'ਨਗਰ' ਸੀ ਪਿਛੋਂ ਇਹੋ ਪੌਲੀਸ, ਪਾਲਸੀ ਤੇ ਪਾਲਿਟਿਕਸ ਆਦਿ ਦਾ ਜਨਮ ਦਾਤਾ ਬਣਿਆ । ਇਕ ਇਤਾਲਵੀ ਸਿੱਕੇ ਦਾ ਨਾਂ ਗਜ਼ਟ (ਇਕ ਪੈਸੇ) ਹੈ ਕਿਉਂਕਿ ਕਿਸੇ ਜ਼ਮਾਨੇ ਵਿਚ ਉਥੇ ਇਕ ਅਖਬਾਰ ਇਕ ਪੈਸੇ ਨੂੰ ਵਿਕਦਾ ਹੁੰਦਾ ਸੀ ਤੇ ਫਿਰ ਉਸ ਅਖ਼ਬਾਰ ਦਾ ਨਾਂ ਹੀ ਗਜ਼ਟ

ਪੈ ਗਿਆ ਤੇ ਉਥੋਂ ਚਲ ਕੇ ਗਜ਼ਟ 'ਪ੍ਰਕਾਸ਼ਨ' ਦੇ ਅਰਥਾਂ ਵਿਚ ਵਰਤਿਆ ਜਾਣ ਲਗਾ।

ਇਹ ਹੈ ਸ਼ਬਦਾਂ ਦੀਆਂ ਉਲਟ ਪੁਲਟ ਕਲਾਬਾਜ਼ੀਆਂ। ਕਈ ਚੀਜ਼ਾਂ ਮਨੁੱਖ ਨੂੰ ਕਹਿਣੀਆਂ ਸੁਣਨੀਆਂ ਪਸੰਦ ਨਹੀਂ ਇਸ ਲਈ ਉਨ੍ਹਾਂ ਦੇ ਥਾਂ ਸ਼ਬਦ ਬਦਲ ਲੈਂਦਾ ਹੈ। ਮੌਤ ਨੂੰ ਸੁਰਗਵਾਸ ਜਾਂ ਚੜ੍ਹਾਈ ਕਰਨਾ, ਚੋਚਕ ਨੂੰ ਮਾਤਾ, ਵਿਭਚਾਰ ਨੂੰ ਮੂੰਹ-ਕਾਲਾ, ਸੱਪ ਨੂੰ ਕੀੜਾ, ਵੇਸਵਾ ਨੂੰ ਰਾਮਜਨੀ ਜਾਂ ਬਾਈ (ਬਾਈ ਅਦਰਵਾਚਕ ਪਦ ਹੈ ਜਿਵੇਂ ਮੀਰਾਬਾਈ), ਅੰਨ੍ਹੇ ਨੂੰ ਸੂਰਦਾਸ ਜਾਂ ਹਾਫ਼ਜ਼, ਭੰਗੀ ਨੂੰ ਮਿਹਤਰ ਜਾਂ ਬਾਲਮੀਕ, ਨਾਈ ਨੂੰ ਰਾਜਾ ਜਾਂ ਸੈਨਾਪਤ, ਚਮਾਰ ਨੂੰ ਰਵਦਾਸੀਆ, ਜੁਲਾਹੇ ਨੂੰ ਕਬੀਰ ਪੰਥੀ, ਅਛੂਤ ਨੂੰ ਹਰੀਜਨ ਜਾਂ ਮਜ਼ਬੀ ਆਖਣਾ ਪਸੰਦ ਕੀਤਾ ਜਾਂਦਾ ਹੈ। ਦੁਕਾਨਦਾਰ ਲਈ ਦੁਕਾਨ ਬੰਦ ਕਰਨੀ ਭਾਉਂਦੀ ਨਹੀਂ, ਉਹ ਦੁਕਾਨ ਬੰਦ ਕਰਨ ਨੂੰ ਦੁਕਾਨ ਵਧਾਉਣਾ ਕਹਿੰਦਾ ਹੈ। ਇਵੇਂ ਜਿਵੇਂ ਦੀਵਾ ਬੁਝਾਉਣ ਲਈ, ਦੀਵਾ ਵੱਡਾ ਕਰਨਾ, ਗਿੱਲੇ ਕੇਸ ਸੁਕਾਉਣ ਲਈ—'ਕੇਸ ਨਾਰੇ ਕਰਨ' ਦਾ ਮੁਹਾਵਰਾ ਹੈ। ਇਸੇ ਤਰ੍ਹਾਂ ਹੋਰ ਝਿਜਕ ਵਾਲੀਆਂ ਗੱਲਾਂ ਨੂੰ ਵੀ ਮਨੁੱਖ ਕਈ ਵਾਰ ਆਪਣੀ ਬੋਲੀ ਛੱਡ ਕੇ ਦੂਜੀ ਬੋਲੀ ਰਾਹੀਂ ਪ੍ਰਗਟ ਕਰਦਾ ਹੈ। ਕੋਈ ਸਾਊ ਆਦਮੀ 'ਮੂਤਣਾ ਜਾਂ ਹੱਗਣਾ' ਸ਼ਬਦ ਨਹੀਂ ਵਰਤਦਾ, ਇਸ ਦੀ ਥਾਂ ਪਿਸ਼ਾਬ ਕਰਨਾ ਜਾਂ ਸੌਚ ਜਾਣਾ ਹੀ ਆਖੇਗਾ ਹਾਲਾਂਕਿ ਅਰਥ ਇਕੋ ਹੀ ਹੈ। ਨਵਾਂ ਵਿਆਹਿਆ ਮੁੰਡਾ ਸੰਗ ਦਾ ਮਾਰਿਆ ਆਪਣੀ ਪਤਨੀ ਨੂੰ ਵਹੁਟੀ ਜਾਂ ਘਰਵਾਲੀ ਕਹਿਣੋਂ ਪਰਹੇਜ਼ ਕਰਦਾ 'ਵਾਈਫ਼' ਆਖਦਾ ਹੈ। ਇਹ ਗੱਲ ਮਨੁੱਖ ਦੀ ਇਸ ਰੁਚੀ ਦਾ ਸਿਟਾ ਹੈ ਕਿ ਉਹ ਸ਼ਰਮ ਲੱਜਿਆ ਵਾਲੇ ਮਾਮਲਿਆਂ ਵਿਚ ਸ਼ਬਦਾਵਲੀ ਬਦਲਾ ਕੇ ਡੰਗ ਟਪਾ ਲੈਂਦਾ ਹੈ। ਇਸ ਨਾਲ ਨਵੇਂ ਸ਼ਬਦਾਂ ਨੂੰ ਆਉਣ ਤੇ ਆ ਕੇ ਵੱਸਣ ਦੀ ਪੂਰੀ ਖੁੱਲ੍ਹ ਮਿਲ ਜਾਂਦੀ ਹੈ।

ਇਹੋ ਹਾਲ ਇਤਿਹਾਸਕ ਮਹੱਤਤਾ ਰੱਖਣ ਵਾਲੇ ਥਾਵਾਂ ਦੇ ਨਾਵਾਂ ਦਾ ਹੈ। ਕਿਸੇ ਇਕ ਪ੍ਰਭਾਵਸ਼ੀਲ ਵਿਅਕਤੀ ਦੇ ਜਾਂ ਕੌਮ ਦੇ ਨਾਂ ਤੇ ਕੋਈ ਸ਼ਬਦ ਚੱਲਿਆ ਤੇ ਫਿਰ ਆਪਣੀ ਨਿਸ਼ਾਨੀ ਕਾਇਮ ਰਖਦਾ ਹੋਇਆ ਉਸ ਤਾਰੀਖੀ ਵਡਿਆਈ ਵੱਲ ਇਸ਼ਾਰਾ ਕਰਦਾ ਰਹਿੰਦਾ ਹੈ। ਜਿਵੇਂ ਲਵਪੁਰ ਦਾ ਲਾਹੌਰ, ਕੁਸ਼ ਦਾ ਕਸੂਰ, ਪੋਰਸ ਦਾ ਪੁਰਸ਼ਪੁਰ (ਪਿਸ਼ਾਵਰ), ਟੱਕ ਜਾਤੀ ਦਾ ਟੈਕਸਲਾ, ਮਾਲਵ ਜਾਤੀ ਦਾ ਮਾਲਵਾ, ਗੁੱਜਰ ਜਾਤੀ ਦਾ ਗੁੱਜਰਾਂਵਾਲਾ ਜਾਂ ਗੁਜਰਾਤ, ਸਿਆਲਾਂ ਦਾ ਸਿਆਲ ਕੋਟ, ਭੱਟੀਆਂ ਦਾ ਭਟਿੰਡਾ (ਬਠਿੰਡਾ), ਫ਼ਿਰੋਜ਼ਸ਼ਾਹ ਬਾਦਸ਼ਾਹ ਦਾ ਵਸਾਇਆ ਹੋਇਆ ਫ਼ਿਰੋਜ਼ਪੁਰ, ਰਾਜੇ ਬੀਕਾ ਦਾ ਵਸਾਇਆ ਹੋਇਆ ਬੀਕਾਨਗਰ-ਬੀਕਾਨੇਰ, ਭੱਟੀਆਂ ਦਾ ਭੱਟੀਨਗਰ-ਭਟਨੇਰ, ਲੋਧੀਆਂ ਦਾ ਅਬਾਦ ਕੀਤਾ ਲੁਧਿਆਣਾ ਅਤੇ ਬਾਬੇ ਆਲੇ ਦੀ ਪੱਤੀ (ਪੱਟੀ) ਪਟਿਆਲਾ। ਇਸੇ ਤਰ੍ਹਾਂ ਐਬਟਾਬਾਦ, ਕੈਂਬਲਪੁਰ, ਮਿੰਟਗੁਮਰੀ, ਡਲਹੌਜ਼ੀ, ਕੋਹ ਮਰੀ, ਆਦਿਕ ਥਾਵਾਂ ਦੇ ਨਾਂ ਅੰਗਰੇਜ਼ੀ ਪ੍ਰਭਾਵ ਦਾ ਸਿੱਟਾ ਹਨ। ਕਈ ਸ਼ਬਦਾਂ ਦੀ ਅਜੀਬ ਦੁਨੀਆ ਦਾ ਕੁਝ ਪਤਾ ਨਹੀਂ ਲਗਦਾ ਕਿ ਉਹ ਕਿਸ ਕਿਸ ਤਰ੍ਹਾਂ ਦੇ ਭੇਦ ਆਪਣੇ ਜੁੱਸੇ ਵਿਚ ਛੁਪਾਈ ਬੈਠੇ ਹਨ। ਭਾਸ਼ਾ-ਵਿਗਿਆਨੀਆਂ ਨੇ ਸਥੂਲਕ ਤਬਦੀਲੀਆਂ ਤੋਂ ਇਲਾਵਾ ਮਨੁੱਖ ਦੀਆਂ ਬਹੁਤ ਸਾਰੀਆਂ ਪੁਰਾਣੀਆਂ ਮਾਨਸਕ ਤਬਦੀਲੀਆਂ ਦਾ ਵੀ ਇਨ੍ਹਾਂ ਸ਼ਬਦਾਂ ਦੇ ਰਾਹੀਂ ਹੀ ਕਾਫ਼ੀ ਨਿਰਣਾ ਕੀਤਾ ਹੈ। ਬੋਲੀਆਂ ਦੀ ਖੋਜ ਨੇ ਖਾਸ ਕਰ ਕੇ ਇਤਿਹਾਸਕ ਖੋਜ ਵਿਚ ਜਿਤਨੀ ਮਦਦ ਦਿੱਤੀ ਹੈ, ਉਤਨੀ ਮਦਦ ਹੋਰ ਕਿਸੇ ਚੀਜ਼ ਤੋਂ ਨਹੀਂ ਮਿਲੀ। ਇਕ ਇਕ ਸ਼ਬਦ ਕੀ ਕੀ ਅਰਥ, ਕੀ ਕੀ ਹੱਡਬੀਤੀਆਂ, ਤੇ ਕੀ ਕੀ ਜੱਗ ਬੀਤੀਆਂ ਦੇ ਪਾਜ ਖੋਲ੍ਹਦਾ ਹੈ, ਇਹ ਇਕ ਬੜਾ ਦਿਲਚਸਪ ਮਜ਼ਮੂਨ ਹੈ। ਪਰ ਇਹ ਗੱਲ ਮੰਨਣ ਵਾਲੀ ਹੈ ਕਿ ਸ਼ਬਦ ਵਿਚਾਰ ਆਪ ਤਾਂ ਕੁਝ ਵੀ ਨਹੀਂ, ਇਹ ਤਾਂ ਮਨੁੱਖ ਦਾ ਖਿਡੌਣਾ ਹੀ ਹੈ, ਜੋ ਕੁਝ ਉਹ ਆਖੇ, ਉਹ ਕੁਝ ਬਣ ਕੇ ਆ ਜਾਂਦਾ ਹੈ।

ਅਠਾਰਵੀਂ ਸਦੀ ਵਿਚ ਜ਼ਾਲਮ ਮੁਗ਼ਲ ਸਰਕਾਰ ਦੇ ਕੱਚੇ ਵੱਢੇ ਬਨਵਾਸੀ ਸਿੱਖਾਂ ਨੇ ਆਪਣੀ ਹੀ ਗੁਪਤ ਬੋਲੀ ਬਣਾ ਲਈ ਸੀ—ਮਿਰਚ ਨੂੰ ਲੜਾਕੀ, ਗੰਢੇ ਨੂੰ ਰੁਪਾ, ਛੋਲਿਆਂ ਨੂੰ ਬਦਾਮ, ਸਾਗ ਨੂੰ ਸਬਜ਼ ਪਲਾ, ਮੱਕੀ ਨੂੰ ਬਸੰਤ ਕੌਰ, ਕਣਕ ਨੂੰ ਰੂਪ ਕੌਰ, ਦੁੱਧ ਨੂੰ ਸਮੁੰਦਰ, ਘਿਉ ਨੂੰ ਪੰਜਵਾਂ, ਤੇਲ ਨੂੰ ਛੇਵਾਂ, ਖੰਡ ਨੂੰ ਚੁੱਪ, ਸ਼ੱਕਰ ਨੂੰ ਸਿਰਖਿੰਡੀ, ਅੰਨ੍ਹ ਨੂੰ ਸੂਰਮਾ, ਲੰਗੜੇ ਨੂੰ ਸੁਚਾਲਾ, ਗੰਜੇ ਨੂੰ ਕਲਗਾ, ਕਾਣੇ ਨੂੰ ਲੱਖਨੇਤਰਾ, ਲੁੱਵੇ ਨੂੰ ਲੱਖ-ਬਾਂਹਾ, ਰਜਾਈ ਨੂੰ ਅਛਲਾਤੂਨੀ, ਅਫੀਮ ਨੂੰ ਛਤਰਧਾਰਾ, ਬੱਕਰੀ ਨੂੰ ਅਕਾਸ਼ ਪਰੀ, ਘੋੜੇ ਨੂੰ ਅਹਾਕਾ, ਗੱਡੇ ਨੂੰ ਜਹਾਜ਼, ਖੁਰਪੇ ਨੂੰ ਬਾਜ਼, ਕਹੀ ਨੂੰ ਪਤਾਲਪੁਰੀ, ਸੋਟੇ ਨੂੰ ਅਕਲਦਾਨ ਜਾਂ ਕਾਨੂੰਗੋ, ਕੁੱਤੇ ਨੂੰ ਕੁਤਬਦੀਨ, ਲੰਗੋਟੇ ਨੂੰ ਚਿਸਕੂ, ਹੁੱਕਾ ਪੀਣ ਨੂੰ ਗਧੀ ਚੁੰਘਣਾ, ਰੁਪਏ ਨੂੰ ਛਿੱਲੜ, ਡੇਰੇ ਨੂੰ ਛਾਉਣੀ, ਜੰਞਫਲੀ ਨੂੰ ਜ਼ਲੇਬੀ, ਪਰੌਂਠੇ ਨੂੰ ਤਹਿਤੋੜ, ਚਟਣੀ ਨੂੰ ਤੁਰਤ ਪਲਾ, ਗਾਜਰਾਂ ਨੂੰ ਗੁਥਿੰਦੀਆਂ, ਬਤਾਊਂ ਨੂੰ ਬਟੇਰਾ, ਦਾਤਣ ਨੂੰ ਮੁੱਖਮਾਂਜਣਾ, ਟੀਂਡੇ ਨੂੰ ਰਾਮ ਲੱਡੂ, ਹੋਲਾਂ ਨੂੰ ਲਾਇਚੀ, ਮੋਠ ਬਾਜਰੇ ਨੂੰ ਲਾਇਚੀ ਦਾਣਾ ਇਤਿ ਆਦਿ।

ਇਹ ਸਾਰੇ ਸ਼ਬਦ ਕੋਈ ਅਰਥ ਰਖਦੇ ਸਨ ਤੇ ਹਰ ਚੀਜ਼ ਦੀ ਖਾਸ ਸਿਫ਼ਤ ਲੈ ਕੇ ਹੀ ਨਵੇਂ ਨਾਂ ਦੀ ਘਾੜਤ ਹੋਈ ਸੀ। ਇਉਂ ਅਸੀਂ ਵੇਖਦੇ ਹਾਂ ਕਿ ਸੰਕਟ ਕਾਲ ਦੀ ਟਕਸਾਲ ਵਿਚ ਵੀ ਮਨੁੱਖ ਨਵੇਂ ਸ਼ਬਦ ਘੜਦਾ ਰਹਿੰਦਾ ਹੈ। 1947 ਦੇ ਫ਼ਸਾਦਾਂ ਤੇ ਦੇਸ਼ ਵੰਡ ਨੇ ਕਈ ਅੰਗਰੇਜ਼ੀ ਦੇ ਅਪ੍ਰਸਿੱਧ ਲਫ਼ਜ਼ ਅਨਪੜ੍ਹਾਂ ਦੀ ਜ਼ਬਾਨ ਤੇ ਚਾੜ੍ਹ ਕੇ ਆਮ ਕਰ ਦਿੱਤੇ ਤੇ ਇਕ ਤਰ੍ਹਾਂ ਪੰਜਾਬੀ ਦਾ ਅੰਗ ਬਣਾ ਦਿੱਤੇ। ਜਿਵੇਂ ਕਰਫਿਊ, ਰੇਇਟਸ, ਅਟੈਕ, ਰਫਿਊਜੀ, ਅੱਲਾਟਮੈਂਟ ਕਲੇਮ, ਲੋਨ, ਪਰਾਪਟੀ, ਇਸੇ ਤਰ੍ਹਾਂ ਰਾਸ਼ਨ ਬੰਦੀ ਨੇ ਰਾਸ਼ਨ, ਕੰਟਰੋਲ, ਬਲੈਕ ਡੀਪੂ, ਪਰਮਿਟ ਆਦਿ।

ਬੋਲੀ ਦੇ ਬਣਾਉਣ ਢਾਹੁਣ ਵਿਚ ਇਕ ਹੋਰ ਮਨੁੱਖੀ ਸੁਭਾਵ ਵੀ ਡਾਢਾ ਕੰਮ ਕਰਦਾ ਹੈ, ਉਹ ਹੈ ਕਿਸੇ ਸ਼ਬਦ ਨੂੰ ਸੰਖੇਪ ਨਿਕਾ ਕਰਨ ਦੀ ਆਦਤ। ਸੰਸਕ੍ਰਿਤ ਵਿਚ ਦੋ ਜਾਂ ਤਿੰਨ ਸ਼ਬਦਾਂ ਦੀ ਸੰਧੀ ਕਰਨ ਦੀ ਪ੍ਰਣਾਲੀ ਵੀ ਇਸੇ ਧੁਨੀ-ਸੰਜਮ ਦੇ ਕਾਰਣ ਹੀ ਸੀ। ਕਹਿ ਨਹੀਂ ਸਕਦੇ ਕਿ ਸੰਸਕ੍ਰਿਤ ਨੇ ਆਪਣੇ ਤੋਂ ਪਹਿਲਾਂ ਦੀ ਬੋਲੀ ਦੇ ਕਿੰਨੇ ਸਥੂਲ ਤੇ ਵਿਰਾਟ ਸ਼ਬਦਾਂ ਨੂੰ ਸੂਖਮ ਕੀਤਾ। ਇਸੇ ਸੁਭਾਵ ਨੇ ਅੱਜ ਵੀ ਕਿੰਨੇ ਲਫ਼ਜ਼ਾਂ ਨੂੰ ਘਸਾ ਘਸਾ ਕੇ ਨਵੇਂ ਛੋਟੇ ਸ਼ਬਦਾਂ ਨੂੰ ਜਨਮ ਦਿੱਤਾ ਹੈ। ਕਚ-ਗ੍ਰਿਹ ਦਾ ਕੰਘਾ, ਪੁਸਤਕ ਦਾ ਪੋਥੀ, ਚੰਦ੍ਰਮਾ ਦਾ ਚੰਨ, ਸ਼ਰੇਸ਼ਟ ਦਾ ਸੇਠ, ਸਤਬਕ ਦਾ ਥੱਬਾ, ਉਪਾਧਿਆਇ ਦਾ ਪਾਂਧਾ ਜਾਂ ਝਾ ਵੀ, ਮਾਤਾ ਪਿਤਾ ਭ੍ਰਾਤਾ ਦਾ ਮਾਂ, ਪਿਉ ਤੇ ਭਾ, ਗਰਭਵਤੀ ਦਾ ਗੱਭਣ, ਇਸ਼ਨਾਨ ਦਾ ਨ੍ਹਾਉਣ, ਅਸਥਾਣ ਦਾ ਥਾਂ, ਕਮਅਕਲੀ ਦਾ ਕਮੱਕਲੀ, ਮੈਂ ਆਖਿਆ ਦਾ ਮਖਿਆ, ਹੱਥ ਆਇਆ ਦਾ ਥਿਆਇਆ, ਡਿੱਗ ਪਉ ਦਾ ਡੀ ਪੂ, ਮੈਡਮ ਦਾ ਮੇਮ, ਸਿਗਨਲ ਦਾ ਸਿੰਗਲ, ਪ੍ਰੈਕਟਿਸ ਦਾ ਪ੍ਰਾਟੀਸ, ਸਟੈਂਡ-ਅੱਟ-ਈਜ਼ ਦਾ ਟੰਡੇ ਟੀ, ਅਟੈਨਸ਼ਨ ਦਾ ਟਿਚਨ, ਬਣਾਉਣਾ ਇਸੇ ਰੁਚੀ ਦਾ ਸਿਟਾ ਹੈ। ਬੱਚਿਆਂ ਦੇ ਜਾਂ ਆਦਮੀਆਂ ਦੇ ਨਾਵਾਂ ਵਿਚ ਇੰਦਰ ਦਾ ਇੰਦੀ, ਮਹਿੰਦਰ ਦਾ ਮਿੰਦੀ, ਜਗਜੀਤ ਦਾ ਜੱਗੀ, ਪਾਰਬਤੀ ਦਾ ਪਾਰੋ, ਲਛਮੀ ਦਾ ਲੱਛੀ ਆਦਿ ਇਸ ਤਰ੍ਹਾਂ ਦਾ ਸੰਜਮ ਤਾਂ ਅਸੀਂ ਨਿਤ ਕਰਦੇ ਹਾਂ। ਯੂ ਪੀ., ਸੀ ਪੀ., ਯੂ ਐਸ ਏ., ਯੂ. ਕੇ., ਬੀ. ਏ., ਐਮ ਏ, ਪੀ ਐਚ.ਡੀ., ਐਮ. ਐਲ ਏ., ਆਦਿਕ ਦੀ ਬਣਤਰ ਧੁਨੀ-ਸੰਜਮ ਤੇ ਲੇਖ-ਸੰਜਮ ਦਾ ਪਰਮਾਣ ਹੈ। ਪ੍ਰਚਲਤ ਬਲੀ ਤੋਂ ਜਦ ਵੀ ਨਵੀਂ ਬੋਲੀ ਦਾ ਜਨਮ ਹੁੰਦਾ ਹੈ, ਤਾਂ ਉਸ ਵਿਚ ਵੱਡਾ ਹੱਥ ਇਸੇ ਸ਼ਬਦ-ਸੰਖੇਪਤਾ ਦਾ ਹੁੰਦਾ ਹੈ।

ਲੈਕਾਂ ਦੀ ਜੀਭਾ ਵਗਦੀ ਨਦੀ ਵਾਂਗ ਵੱਡੇ ਵੱਡੇ ਖੁਰਦਰੇ ਪੱਥਰ ਵੱਟਿਆਂ ਵਰਗੇ ਸ਼ਬਦਾਂ ਨੂੰ ਘਸਾ ਘਸਾ ਕੇ ਕੂਲਾ ਤੇ ਛੋਟਾ ਕਰ ਦਿੰਦੀ ਹੈ ਭੇ ਹੌਲੀ ਹੌਲੀ ਬੁੱਢੜ ਬੋਲੀ ਦੀ ਥਾਂ ਨਵੀਂ ਆ ਮੱਲਦੀ ਹੈ। ਲੋਕਾਂ ਨੂੰ ਕੀ ਲੋੜ ਹੈ ਕਿ ਉਹ ਘੋਟਕਾ, ਮਖਸ਼ਕਾ, ਲਸ਼ਟਕਾ, ਪੂਰਨਮਾਸ਼ੀ, ਅਮਾਵਸ ਕਹਿਣ, ਜਦੋਂ ਉਹ ਇਸ ਦੀ ਥਾਂ ਸਿਧਾ ਘੋੜਾ, ਮੱਖੀ, ਲਾਠੀ, ਪੰਨਿਆਂ ਤੇ ਮੱਸ ਕਹਿ ਕੇ ਕੰਮ ਸਾਰ ਸਕਦੇ ਹਨ। ਇਸ ਤਰ੍ਹਾਂ ਬੋਲੀਆਂ ਦਾ ਕਾਇਆਂ-ਕਲਪ ਹੁੰਦਾ ਰਹਿੰਦਾ ਹੈ।

ਉਪਰੋਕਤ ਸ਼ਬਦਾਂ ਦੀ ਅਦਲਾ-ਬਦਲੀ ਤੋਂ ਇਹ ਸਪਸ਼ਟ ਹੈ ਕਿ ਸਮਾਜਕ ਹਾਲਤਾਂ ਅਨੁਸਾਰ ਨਿਤ ਬਦਲਦੀਆਂ ਰੁਚੀਆਂ ਮਨੁੱਖੀ ਮੇਲ-ਜੋਲ ਦੀਆਂ ਸਰਗਰਮੀਆਂ, ਆਵਾਜਾਈ ਕਾਰਣ ਸ਼ਬਦਾਂ ਦੇ ਲੰਮੇ ਸਫਰ, ਨਵੇਂ ਅਰਥ ਦੇਣ ਦੀ ਵਾਦੀ, ਅਤੇ ਧੁਨੀ-ਸੰਜਮ ਦੇ ਝੁਕਾ ਕਿਵੇਂ ਨਿਤ ਨਵੀਂ ਬੋਲੀ ਨੂੰ ਜਨਮ ਦੇਂਦੇ ਰਹਿੰਦੇ ਹਨ। ਬੋਲੀ ਕਦੀ ਵੀ ਮੁਕੰਮਲ ਬਣ ਨਹੀਂ ਚੁਕਦੀ ਸਗੋਂ ਸਦਾ ਬਣਦੀ ਹੀ ਰਹਿੰਦੀ ਹੈ। ਇਸ ਦੀ ਖੂਬਸੂਰਤੀ ਇਸੇ ਵਿਚ ਹੈ ਕਿ ਇਹ ਸ਼ਬਦ-ਪ੍ਰਵਾਹ ਚਲਦਾ ਰਹੇ, ਪੁਰਾਣੇ ਜਾਂਦੇ ਰਹਿਣ ਨਵੇਂ ਲਫ਼ਜ਼ ਆਉਂਦੇ ਰਹਿਣ। ਉਂਜ ਤਾਂ ਦੁਨੀਆਂ ਵਿਚ ਕੋਈ ਵੀ ਚੀਜ਼ ਅਚੱਲ ਤੇ ਅਟੱਲ ਨਹੀਂ, 'ਅਦਲਾ ਬਦਲੀ ਹੋਣੀ' ਹੀ ਅਚੱਲ ਤੇ ਅਟੱਲ ਸ਼ੈ ਹੈ। ਇਹੋ ਅਦਲਾ ਬਦਲੀ ਬੋਲੀ ਤੇ ਲਾਗੂ ਹੁੰਦੀ ਹੈ। ਭਾਵੇਂ ਸਮੇਂ ਸਮੇਂ ਅਨੁਸਾਰ ਸਿਆਣਾ ਮਨੁੱਖ ਆਪਣੀ ਅਕਲ ਨਾਲ ਹੋਰ ਚੀਜ਼ਾਂ ਨੂੰ ਅਟੱਲ ਕਰਨ ਦੇ ਯਤਨਾਂ ਦੇ ਨਾਲ ਬੋਲੀ ਦੇ ਬੇਮੁਹਾਰਾ ਵਗਦੇ ਦਰਿਆ ਨੂੰ ਵੀ ਬੰਨ੍ਹ ਮਾਰ ਕੇ ਨਹਿਰ ਕਢਣ ਵਾਂਙ ਇਕ ਬੰਨ੍ਹਵੀ ਟਕਸਾਲੀ ਬੋਲੀ ਤਿਆਰ ਕਰਦਾ ਹੈ ਅਤੇ ਸਾਹਿਤਕ ਜਾਂ ਰਾਜਸੀ ਬਲ ਨਾਲ ਉਸ ਨੂੰ ਸਰਬ-ਪਰਵਾਨ ਬਣਾ ਕੇ ਦੂਜੀਆਂ ਆਮ ਬੋਲੀਆਂ ਨਾਲੋਂ ਜ਼ਿਆਦਾ ਮਾਣ ਦਿੰਦਾ ਹੈ ਪਰ ਉਸ ਬੋਲੀ ਨੂੰ ਨਰੋਲ ਖਾਲਸ ਰੂਪ ਵਿਚ ਉਸੇ ਤਰ੍ਹਾਂ ਜਾਰੀ ਰੱਖਣਾ ਫਿਰ ਔਖਾ ਹੋ ਜਾਂਦਾ ਹੈ। ਨਵੇਂ ਹਾਲਾਤ, ਨਵੀਆਂ ਤੂਫਾਨੀ ਅਦਲਾ ਬਦਲੀਆਂ ਬੋਲੀ ਦੇ ਪੱਕੇ ਪੈਰ ਨਹੀਂ ਲਗਣ ਦੇਂਦੀਆਂ।

ਅਜ ਦੁਨੀਆਂ ਦੀ ਕੋਈ ਬੋਲੀ ਲੈ ਲਵੋ, ਕੋਈ ਵੀ ਖਾਲਸ, ਨਰੋਲ ਜਾਂ ਅਛੋਹ ਨਹੀਂ ਨਿਕਲੇਗੀ। ਹਰ ਬੋਲੀ ਵਿਚ ਵੱਖੋ ਵੱਖ ਨਸਲਾਂ, ਦੇਸ਼ਾਂ ਤੇ ਕੌਮਾਂ ਦੇ ਸ਼ਬਦ ਸਹਿਜ ਸੁਭਾ ਆ ਕੇ ਰਲ ਮਿਲ ਗਏ ਹਨ। ਜਿਉਂਦੀ ਜਾਗਦੀ ਬੋਲੀ ਦੀ ਨਿਸ਼ਾਨੀ ਵੀ ਇਹੋ ਹੈ ਕਿ ਉਹ ਦੂਜੀਆਂ ਬੋਲੀਆਂ ਨੂੰ ਹਜ਼ਮ ਕਰ ਕੇ ਆਪਣੇ ਆਪ ਨੂੰ ਵਧੇਰੇ ਬਲਵਾਨ ਬਣਾਵੇ ਪਰ ਕੋਈ ਵੀ ਜਿਉਂਦੀ ਬੋਲੀ ਨਾ ਦੂਜੀ ਬੋਲੀ ਦਾ ਉਚਾਰਣ ਲੈਂਦੀ ਹੈ ਨਾ ਵਿਆਕਰਣ ਅਤੇ ਨਾ ਹੀ ਕ੍ਰਿਆ ਤੇ ਅਵਯਜ ਗ੍ਰਹਿਣ ਕਰਦੀ ਹੈ। ਕੇਵਲ ਸੰਗਿਆ ਵਾਚੀ ਪਦ ਲੈ ਕੇ ਜ਼ਰੂਰ ਆਪਣੀ ਟਕਸਾਲ ਵਿਚ ਢਾਲਦੀ ਤੇ ਮਰਜ਼ੀ ਅਨੁਸਾਰ ਵਰਤਦੀ ਹੈ। ਪੰਡਤ ਲੋਕਾਂ ਨੇ ਸੰਸਕ੍ਰਿਤ ਉਤੇ ਇਹ ਵੀ ਪਾਬੰਦੀ ਲਾ ਦਿਤੀ ਤੇ ਇਕ ਤਰ੍ਹਾਂ ਉਸ ਨੂੰ ਜੰਦਰੇ ਲਾ ਕੇ ਅੰਦਰ ਬੰਦ ਕਰ ਦਿਤਾ। ਆਖਰ ਉਹ ਵਿਚਾਰੀ ਰੱਜੇ ਪੁਜੇ ਘਰ ਦੀ ਧੀ ਭੁਖਣ-ਭਾਣੀ ਮਰਦੀ ਮਰਦੀ ਮਰ ਗਈ। ਉਸ ਦੇ ਲਾਇਕ ਪੁੱਤ-ਵਿਸ਼ਾਲ ਸੰਸਕ੍ਰਿਤ ਸਾਹਿਤ ਨੇ ਉਸ ਦਾ ਅਜੇ ਵੀ ਸਨਮਾਨ ਬਣਾਈ ਰਖਿਆ ਹੋਇਆ ਹੈ ਪਰ ਉਹ ਆਮ ਲੋਕਾਂ ਦੀ ਬੋਲ-ਚਾਲ ਦਾ ਅੰਗ ਨਾ ਰਹਿਣ ਕਰਕੇ ਬਤੌਰ ਬੋਲੀ ਦੇ ਮਾਰੀ ਗਈ। ਜੋ ਬੋਲੀ ਲੋਕਾਂ ਦੀ ਜੀਭ ਦੀ ਛੋਹ ਹਾਸਲ ਕਰਨੋਂ ਰਹਿ ਜਾਏ ਉਹ ਮਰ ਹੀ ਜਾਂਦੀ ਹੈ। ਸੰਸਕ੍ਰਿਤ ਵਰਗ ਪਤਾ ਨਹੀਂ ਕਿੰਨੀਆਂ ਜ਼ਬਾਨਾਂ ਦੀਆਂ ਕਬਰਾਂ ਬਣੀਆਂ ਤੇ ਕਿੰਨੀਆਂ ਦੇ ਉਨ੍ਹਾਂ ਉਤੇ ਮਹਿਲ ਉਸਰੇ ਤੇ ਚਹੇ ਇਸ ਦੀ ਬਾਕਾਇਦਾ ਲੰਮੀ ਵੀਚਾਰ-ਚਰਚਾ, ਭਾਸ਼ਾ ਵਿਗਿਆਨ ਕਰਦਾ ਹੈ।

———

ਬੋਲੀਆਂ ਦੀ ਖੋਜ

ਬੋਲੀ ਦੀ ਸਾਇੰਸ ਦਾ ਨਾਂ 'ਭਾਸ਼ਾ-ਵਿਗਿਆਨ' ਹੈ, ਇਸ ਦਾ ਕਿੱਤਾ ਹੈ ਕਿਸੇ ਬੋਲੀ ਦੇ ਜਨਮ ਮਰਣ, ਵਧਣ ਫੁਲਣ ਦੀ ਵੇਰਵੇ ਸਹਿਤ ਵਿਗਿਆਨਕ ਵਿਆਖਿਆ ਕਰਨਾ । ਧੁਨੀ, ਧੁਨੀ ਦੇ ਰੂਪ-ਸ਼ਬਦ ਤੇ ਅਰਥ ਤਿੰਨਾਂ ਦਾ ਨਿਰਣਾ ਭਾਸ਼ਾ-ਵਿਗਿਆਨ ਕਰਦਾ ਹੈ । ਖਾਸ ਕਰ ਕੇ ਦੂਸਰੀਆਂ ਬੋਲੀਆਂ ਨਾਲ ਤੁਲਨਾਤਮਕ ਵਿਚਾਰ ਪੇਸ਼ ਕਰਨੀ ਇਸ ਦੇ ਹਿਸੇ ਆਈ ਹੈ। ਇਸ ਨੂੰ ਅੰਗਰੇਜ਼ੀ ਵਿਚ ਫਿਲਾਲੱਜੀ ਤੇ ਅਰਬੀ, ਫਾਰਸੀ ਵਿਚ 'ਲਸਾਨੀਆਤ' ਕਿਹਾ ਜਾਂਦਾ ਹੈ । ਲਸਾਨ ਦਾ ਅਰਥ ਹੈ ਜ਼ਬਾਨ, ਭਾਵ ਜ਼ਬਾਨਾਂ ਦਾ ਇਲਮ । ਕਿਸੇ ਬੋਲੀ ਦੀਆਂ ਕਿੰਨੇ ਭਾਂਤ ਦੀਆਂ ਅਵਾਜ਼ਾਂ ਤੇ ਇਹ ਅਵਾਜ਼ਾਂ ਕਿਵੇਂ ਜੰਮਦੀਆਂ ਹਨ, ਇਸ ਦਾ ਨਿਖੇੜਾ ਕਰਨਾ ‡ਧੁਨੀ ਵਿਗਿਆਨ (Phonology—The Science of sounds in language) ਦਾ ਕੰਮ ਹੈ, ਜੋ ਕਿ ਧੁਨੀ ਕੱਢਣ ਵਾਲੇ ਯੰਤਰ-ਮੂੰਹ, ਨੱਕ ਤੇ ਸਵਾਸਾਂ ਦੀਆਂ ਨਾਲੀਆਂ ਦੀ ਪੁਣਛਾਣ ਕਰ ਕੇ ਇਨ੍ਹਾਂ ਦਾ ਨਿਰਣਾ ਕਰਦਾ ਹੈ। ਭਾਵੇਂ ਧੁਨੀ ਵਿਚ ਅੱਖਰ, ਸ਼ਬਦ, ਵਾਕ ਸਭ ਕੁਝ ਆ ਜਾਂਦਾ ਹੈ ਤੇ ਧੁਨੀ-ਸੰਕੇਤਾਂ ਦਾ ਸਮੁਦਾਇ ਹੀ ਬੋਲੀ ਹੈ§ ਪਰ ਧੁਨੀ-ਵਿਗਿਆਨ ਨਿਰੇ ਅਵਾਜ਼ਾਂ ਦੇ ਮੁਢ ਦੀ ਤੇ ਭਾਸ਼ਾ-ਵਿਗਿਆਨ ਉਸ ਦੇ ਵਿਸਤਾਰਤ ਬਹੁ-ਰੂਪਾਂ ਦੀ ਨਿਰਖ ਪਰਖ ਕਰਦਾ ਹੈ । ਇਕ ਇਲਾਕੇ ਦੀ ਇਕ ਬੋਲੀ ਹੁੰਦੀ ਹੈ ਤੇ ਥੋੜ੍ਹੇ ਬਹੁਤੇ ਭੇਦ ਨਾਲ ਉਸ ਦੀਆਂ ਕਈ ਉਪਬੋਲੀਆਂ ਵੀ ਹੁੰਦੀਆਂ ਹਨ । ਇਨ੍ਹਾਂ ਉਪਬੋਲੀਆਂ ਦਾ ਸਭ ਕੁੱਝ ਕੇ ਬਣੀ ਜ਼ਬਾਨ

---

‡ਪੰਜਾਬੀ ਧੁਨੀ-ਵਿਗਿਆਨ (Phonology) ਸੰਬੰਧੀ ਇਹ ਚੀਜ਼ਾਂ ਲਿਖੀਆਂ ਗਈਆਂ ਹਨ :—

1. Punjabi Phonetic Reader—T. G. Baily (1914)
2. Lahandi Pronunciation—ਡਾ. ਸਿਧੇਸ਼ਵਰ ਵਰਮਾ
3. Ejective of Multani—(ਫਰੈਂਚ) ਪਰਮਾਨੰਦ ਬਹਿਲ
4. Phonology of Punjabi—ਡਾ: ਬਨਾਰਸੀ ਦਾਸ (1934)
5. Ludhiani Phonetic Reader (,,)
6. ਪੰਜਾਬੀ ਫੁਨੈਟਿਕ ਉਤੇ ਇਕ ਲੇਖ ਉਰਸ੍ਰਤੀ ਜਨਰਲ Vol. II ਦੇ ਪੰਨਾ 53-ਏ ਉਤੇ 'E Sramek ਡਿਪਟੀ ਡਾਇਰੈਕਟਰ ਲਿਬਾਰਟਰੀ, ਫੁਨੈਟਿਕ ਐਕਸਪੈਰੀਮੈਂਟਲ ਕਾਲਜ ਫਰਾਂਸ ਪੈਰਸ' ਵਲੋਂ ਲਿਖਿਆ ਛਪਿਆ ਸੀ ।

§Language. (J. Vendryes) P. 7.

ਜਾਂ ਕਿਸੇ ਇਕ ਕੇਂਦਰੀ ਖੇਤਰ ਦੀ ਬੋਲੀ, ਰਾਜਸੀ ਸ਼ਕਤੀ, ਯਾ ਸਾਹਿਤਕਾਰਾਂ ਦੀ ਕਿਰਪਾ ਨਾਲ ਟਕਸਾਲੀ ਬਣ, ਸਰਬ-ਪ੍ਰਵਾਨ ਹੋ ਜਾਂਦੀ ਹੈ । ਆਮ ਤੌਰ ਤੇ ਰਾਜਧਾਨੀਆਂ ਦੀਆਂ ਸਥਾਨਕ ਬੋਲੀਆਂ ਨੂੰ ਹੀ ਇਹ ਵਡਿਆਈ ਮਿਲਦੀ ਹੈ । ਅੰਗਰੇਜ਼ੀ ਲੰਡਨ ਦੀ ਉਪਬੋਲੀ ਹੈ, ਬੋਲੀ ਵੀ ਹੈ, ਟਕਸਾਲੀ ਭਾਸ਼ਾ ਵੀ ਹੈ, ਰਾਜ-ਭਾਸ਼ਾ ਵੀ ਹੈ ਤੇ ਅੱਜ ਤਾਂ ਕੌਮਾਂਤਰੀ ਭਾਸ਼ਾ ਦੀ ਕੁਰਸੀ ਵੀ ਇਸੇ ਕੋਲ ਹੀ ਹੈ । ਇਸ ਲਈ ਕਿਸੇ ਜ਼ਬਾਨ ਨੂੰ ਪੇਂਡੂ, ਦਿਹਾਤੀ, ਗਵਾਰੂ ਜਾਂ ਬਜ਼ਾਰੂ ਕਹਿ ਕੇ ਨਿੰਦਣਾ ਫਜ਼ੂਲ ਹੈ । ਆਖ਼ਰ ਗਵਾਰੂ ਬੋਲੀਆਂ ਤੋਂ ਹੀ ਮੌਜੂਦਾ ਮਹਾਰਾਣੀਆਂ— ਟਕਸਾਲੀ ਬੋਲੀਆਂ ਨੇ ਜਨਮ ਲਿਆ ਹੈ । ਇਸ ਲਈ ਬੋਲੀ ਦਾ ਤ੍ਰਿਸਕਾਰ ਕੋਈ ਈਮਾਨਦਾਰੀ ਜਾਂ ਸਚਾਈ ਦੀ ਗੱਲ ਨਹੀਂ ।

ਭਾਸ਼ਾ-ਵਿਗਿਆਨ ਉਨ੍ਹਾਂ ਪੌੜੀਆਂ ਦਾ ਚੰਗੀ ਤਰ੍ਹਾਂ ਨਿਰਣਾ ਕਰਦਾ ਹੈ ਕਿ ਕਿਵੇਂ ਇਨ੍ਹਾਂ ਸਾਧਾਰਣ ਮਾਮੂਲੀ ਬੋਲੀਆਂ ਦਾ ਨਿਕਾਸ ਤੇ ਵਿਕਾਸ ਹੋਇਆ ਤੇ ਕਿਵੇਂ ਉਹੋ ਬਣ ਸੰਵਰ ਕੇ ਸ਼ਾਨਦਾਰ ਭਾਸ਼ਾ ਜਾਂ ਜ਼ਬਾਨਾਂ ਅਖਵਾਈਆਂ । ਉਹ ਸਾਨੂੰ ਵੇਰਵੇਵਾਰ ਸਮਝਾਉਂਦਾ ਹੈ ਕਿ ਕਿਵੇਂ ਪਹਿਲੇ ਆਰੀਆ ਲੋਕਾਂ ਦੀ ਕੁਦਰਤੀ ਬੋਲੀ ਪ੍ਰਾਕ੍ਰਿਤ ਤੋਂ ਵੈਦਿਕ ਭਾਸ਼ਾ ਬਣੀ, ਫਿਰ ਸਦੀਆਂ ਬਾਅਦ ਸੋਧੇ-ਮਾਂਜੇ ਜਾਣ ਉਪਰੰਤ ਸੰਸਕ੍ਰਿਤ ਤਿਆਰ ਹੋਈ । ਇਹ ਸੰਸਕ੍ਰਿਤ ਪੜ੍ਹੇ ਲਿਖੇ ਬ੍ਰਾਹਮਣਾਂ ਤਕ ਮਹਿਦੂਦ ਸੀ ਤੇ ਲੋਕ-ਬੋਲੀ ਦਾ ਕੁਦਰਤੀ ਪ੍ਰਵਾਹ ਉਸੇ ਤਰ੍ਹਾਂ ਚਲ ਰਿਹਾ ਸੀ । ਇਸੇ ਪ੍ਰਵਾਹ ਵਿਚੋਂ ਫਿਰ ਸਾਹਿਤਕ ਪ੍ਰਾਕ੍ਰਿਤਾਂ-ਪਾਲੀ, ਮਹਾਰਾਸ਼ਟਰੀ, ਸ਼ੌਰਸੈਨੀ ਤੇ ਪੈਸ਼ਾਚੀ ਆਦਿ ਨੇ ਜਨਮ ਲਿਆ, ਜਿਨ੍ਹਾਂ ਨੂੰ ਸੰਸਕ੍ਰਿਤ ਵਾਂਙ ਤਰ੍ਹਾਂ ਤਰ੍ਹਾਂ ਨਾਲ ਸਜਾਇਆ ਫਬਾਇਆ ਗਿਆ । ਇਕ ਦਿਨ ਆਇਆ ਇਹ ਵੀ ਸੰਸਕ੍ਰਿਤ ਵਾਂਙ ਪੜ੍ਹਿਆਂ ਲਿਖਿਆਂ ਦੇ ਦਿਮਾਗ਼ੀ ਰੇਤਥਲ ਵਿਚ 'ਜੋਤੀਜੋਤ' ਸਮਾ ਗਈਆਂ । ਲੋਕ ਬੋਲੀ ਦਾ ਕੁਦਰਤੀ ਪ੍ਰਵਾਹ ਉਵੇਂ ਜਿਵੇਂ ਜਾਰੀ ਸੀ ਪਰ ਪੰਡਿਤ ਲੋਕ ਸੰਸਕਾਰਾਂ ਨਾਲ ਸੋਧੀ ਸੰਸਕ੍ਰਿਤ ਤੋਂ ਸਿਵਾ ਬਾਕੀਆਂ ਨੂੰ 'ਭਰਿਸ਼ਟੀ' ਹੋਈ ਜਾਂ ਭਿੱਟੀ ਹੋਈ' ਬੋਲੀ-ਅਪਭ੍ਰੰਸ਼ ਦਾ ਖਿਤਾਬ ਦਿੰਦੇ ਸਨ । ਆਖ਼ਰ ਇਹ ਅਪਭ੍ਰੰਸ਼ ਵੀ ਇਕ ਦਿਨ ਮਲਕਾ ਬਣ ਕੇ ਸਾਹਿਤਕ ਸਿੰਘਾਸਣ ਤੇ ਬੈਠੀ ਤੇ ਇਸ ਨੇ ਵੀ ਰਾਜ ਕੀਤਾ । ਜਦੋਂ ਅਪਭ੍ਰੰਸ਼ ਦੇ ਦਿਨ ਮੁਕੇ ਤਾਂ ਫਿਰ ਸਾਡੀਆਂ ਅੱਜ ਦੀਆਂ ਬੋਲੀਆਂ—ਬੰਗਾਲੀ, ਮਰਾਠੀ, ਗੁਜਰਾਤੀ, ਰਾਜਸਥਾਨੀ, ਪੰਜਾਬੀ ਆਦਿ ਵਜੂਦ ਵਿਚ ਆਈਆਂ ਤੇ ਇਹ ਹੁਣ ਰਾਜ-ਭਾਗ ਸਾਂਭਣ ਲਈ ਅੱਗੇ ਵਧ ਰਹੀਆਂ ਹਨ ।

ਇਉਂ ਭਾਸ਼ਾ-ਵਿਗਿਆਨ ਸਿਆਣੇ ਸਾਹਿਤਕਾਰ ਵਾਂਙ ਬੋਲੀਆਂ ਦੇ ਇਸ ਉਤਰਾ ਚੜ੍ਹਾ ਨੂੰ ਚੰਗੀ ਤਰ੍ਹਾਂ ਜਾਂਚਦਾ ਤੇ ਬਿਆਨ ਕਰਦਾ ਹੈ । ਉਸ ਦੀ ਦੂਰ-ਦਰਸ਼ੀ ਅੱਖ ਨਕਸ਼-ਵਿਗਿਆਨੀ ਵਾਂਙ ਫੋਰਨ ਤਾੜ ਜਾਂਦੀ ਹੈ ਕਿ ਕਿਹੜੀ ਬੋਲੀ ਕਿਸ ਮੂੰਹੀ ਤੇ ਕਿਸ ਖਾਨਦਾਨ ਨਾਲ ਸਬੰਧ ਰਖਦੀ ਹੈ । ਕਿੰਨੀਆਂ ਪੀੜ੍ਹੀਆਂ ਲੰਘਣ ਉਪਰੰਤ ਕੀ ਕੀ ਤਬਦੀਲੀ ਆਈ ਤੇ ਕੀ ਕੀ ਕੁਝ ਨਸ਼ਟ ਹੋਇਆ ਅਤੇ ਕੀ ਕੁਝ ਬਾਕੀ ਬਚਿਆ । ਮਿਸਾਲ ਲਈ ਉਹ ਵਰਤਮਾਨ ਰਾਜਸਥਾਨੀ ਜਾਂ ਪੰਜਾਬੀ ਦਾ ਚਿਹਰਾ ਮੋਹਰਾ ਅਪਭ੍ਰੰਸ਼ ਨਾਲ ਮਿਲਾਏਗਾ, ਅਪਭ੍ਰੰਸ਼ ਦਾ ਪਿਛਾ ਪ੍ਰਾਕ੍ਰਿਤਾਂ ਵਿਚੋਂ ਲੱਭੇਗਾ । ਪ੍ਰਾਕ੍ਰਿਤਾਂ ਦਾ ਸੋਧਿਆ ਮਾਂਜਿਆ ਰੂਪ ਸੰਸਕ੍ਰਿਤ ਵਿਚੋਂ ਤੱਕੇਗਾ । ਤੇ ਫਿਰ ਇਸ ਤੋਂ ਪਹਿਲੇਂ ਦੀਆਂ ਆਦਿ ਪ੍ਰਾਕ੍ਰਿਤਾਂ ਨੂੰ ਪੜਤਾਲੇਗਾ । ਇਥੇ ਜਾ ਕੇ ਰਿਗ ਵੇਦ ਦੀ ਬੋਲੀ ਤੇ ਈਰਾਨੀਆਂ ਦੀ ਧਰਮ-ਪੋਥੀ ਜ਼ੈਂਦਾਵਸਤਾ ਦੀ ਬੋਲੀ ਦਾ ਟਾਕਰਾ ਕਰੇਗਾ ਤੇ ਇਨ੍ਹਾਂ ਦੇ ਨਾਲ ਹੀ ਲਾਤੀਨੀ, ਯੂਨਾਨੀ ਵਗੈਰਾ ਦਾ ਤੁਲਨਾਤਮਕ ਅਧਿਐਨ ਉਸ ਅਗੇ ਅਜੇਹੇ ਤਸੱਲੀ-

ਬਖਸ਼ ਦਿਲਚਸਪ ਸਿਟੇ ਉਜਾਗਰ ਕਰੇਗਾ, ਜਿਸ ਲਈ ਇਤਿਹਾਸਕਾਰਾਂ ਤੇ ਵਿਗਿਆਨੀਆਂ ਨੂੰ ਵੀ ਉਸ ਦਾ ਰਿਣੀ ਹੋਣਾ ਪਵੇਗਾ। ਮੌਜੂਦਾ ਸਮੇਂ ਵਿਚ ਲੱਭਿਆ ਕਾਫੀ ਸਾਰਾ ਪੁਰਾਣਾ ਇਤਿਹਾਸ ਬਹੁਤਾ ਜ਼ਬਾਨਾਂ ਦੀ ਖੋਜ ਦਾ ਸਿਟਾ ਹੀ ਹੈ।

ਮਿ: ਜ਼ਿਊਲਜ਼ ਬਲਾਕ ਦੇ ਸ਼ਬਦਾਂ ਵਿਚ 'ਹਿੰਦ, ਭਾਸ਼ਾ ਵਿਗਿਆਨ ਦੀ ਜਨਮਭੂਮੀ ਹੈ।‡ ਪੁਰਾਣੇ ਹਿੰਦ ਵਿਚ ਭਾਸ਼ਾ-ਵਿਗਿਆਨ ਦੀ ਵਿਦਿਆ ਕਾਫੀ ਤਰੱਕੀ ਤੇ ਰਹੀ ਹੈ। ਸ਼ਿਖਸ਼ਾ, ਕਲਪ, ਵਿਆਕਰਣ, ਨਿਰੁਕਤ. ਛੰਦ ਤੇ ਜੋਤਿਸ਼ ਇਨ੍ਹਾਂ ਵੇਦ ਦੇ ਛੇ ਅੰਗਾਂ ਵਿਚੋਂ ਤਿਨ ਤਾਂ ਬਿਲਕੁਲ ਭਾਸ਼ਾ-ਵਿਗਿਆਨ ਨਾਲ ਹੀ ਸਬੰਧ ਰੱਖਣ ਵਾਲੇ ਸਨ। ਸ਼ਿਖਸ਼ਾ ਤੋਂ ਧੁਨੀ ਦੀ ਉਚਾਰਨ ਸ਼ੈਲੀ, ਵਿਆਕਰਣ ਤੋਂ ਬੋਲੀ ਦੀ ਸ਼ੁਧੀ ਅਸ਼ੁਧੀ ਅਤੇ ਨਿਰੁਕਤ ਤੋਂ ਸ਼ਬਦਾਂ ਦਾ ਮੁਢਲਾ ਧੁਰਾ ਖੋਜ ਲੱਭਣ ਦਾ ਕੰਮ ਲਿਆ ਜਾਂਦਾ ਸੀ। ਸਭ ਤੋਂ ਪੁਰਾਣਾ ਭਾਸ਼ਾ-ਵਿਗਿਆਨੀ ਸ਼ਾਕਟਾਇਨ ਹੋਇਆ, ਜਿਸ ਨੇ ਅਜ ਤੋਂ ਤਿੰਨ ਹਜ਼ਾਰ ਵਰ੍ਹੇ ਪਹਿਲਾਂ ਸ਼ਬਦਾਂ ਦੀਆਂ ਜੜ੍ਹਾਂ ਖੋਜ ਕੇ ਦੇਖੀਆਂ। ਯਾਸਿਕ (700 ਈ: ਪੂਰਬ) §ਪਾਣਿਨੀ (500 ਈ: ਪੂਰਬ) ਕਾਤਿਆਇਨ

---

‡Evolution of Avadhi (in Preface)

§ਰਿਸ਼ੀ-ਪਾਣਿਨੀ, ਵਿਆਕਰਣੀ-ਆਕਾਸ਼ ਦਾ ਉਹ ਧਰੂ ਤਾਰਾ ਹੈ, ਜਿਸ ਦੀ ਪ੍ਰਮਾਣੀਕਤਾ ਸਰਬ-ਪ੍ਰਵਾਨ ਸਚਾਈ ਹੈ। ਪਾਣਿਨੀ ਤੋਂ ਪਹਿਲਾਂ ਸ਼ਾਕਟਾਇਨ, ਆਪਿਸ਼ਲਿ, ਕਾਸ-ਕ੍ਰਿਤਸਨ, ਗਾਰਗਿ, ਕਾਸ਼ਯਪ, ਗਾਲਵ ਆਦਿ ਕਈ ਵਿਆਕਰਣੀ ਹੋਏ ਤੇ ਉਸ ਤੋਂ ਪਿਛੋਂ ਹੋਣ ਵਾਲੇ ਵਿਆੜੀ, ਕਾਤਯਾਇਨ, ਪੰਤੰਜਲਿ, ਬੈਂਜੀ, ਸੌਭਵ, ਹਰਯਖਛ, ਭਰਤਹੀਹਰੀ, ਕੈਯਟ, ਹੇਮ ਚੰਦਰ, ਹਰਦੱਤ, ਭਟੋਜਿ ਤੇ ਨਾਗੇਸ਼ ਆਦਿ ਕਈ ਵਿਦਵਾਨ ਹਨ ਪਰ ਉਸ ਦੀ ਸਮਤਾ ਨੂੰ ਕੋਈ ਨਹੀਂ ਪੁਜਦਾ। ਉਹ ਸ਼ਬਦ-ਸ਼ਾਸਤਰ ਦਾ ਸਭ ਤੋਂ ਵੱਡਾ ਅਚਾਰਜ ਸੀ ਜਿਸ ਨੇ ਸੰਸਕ੍ਰਿਤ ਨੂੰ ਨੇਮਬੱਧ ਕਰ ਕੇ ਮਰਨੋਂ ਬਚਾ ਦਿੱਤਾ। ਇਕ ਵੇਰ ਮੂੰਹ ਵਿਚ ਬੱਚਾ ਚੁਕੀ ਜਾਂਦੀ ਸ਼ੇਰਨੀ ਨੂੰ ਦੇਖ ਕੇ ਪਾਣਿਨੀ ਨੇ ਆਖਿਆ ਸੀ, 'ਕੈਹਾ ਚੰਗਾ ਹੋਵੇ ਜੇ ਬੋਲਣ ਵਾਲੇ ਵੀ ਇਸ ਸ਼ੇਰਨੀ ਵਾਂਙ ਨ ਤਾਂ ਅੱਖਰਾਂ ਨੂੰ ਕੱਟ ਕੱਟ ਖਾਣ ਅਤੇ ਨ ਹੀ ਅੱਖਰਾਂ ਨੂੰ ਮੂੰਹੋਂ ਐਵੇਂ ਡਿਗਣ ਦੇਣ। ਤਾਂ ਇਸ ਨਾਲ ਬੋਲੀ ਦੀ ਰਖਿਆ ਹੋ ਸਕਦੀ ਹੈ।'

ਪਾਣਿਨੀ ਦਾ ਜਨਮ ਜ਼ਿਲਾ ਕੈਮਲ ਪੁਰ ਵਿਚ ਜਹਾਂਗੀਰ ਸਟੇਸ਼ਨ ਤੋਂ ਬਾਰਾਂ ਮੀਲ ਦੀ ਵਿਥ ਤੇ ਪਿੰਡ ਲਹੁਰ (ਸ਼ਲਾਤੁਰ) ਵਿਚ ਹੋਇਆ ਤੇ ਉਸ ਨੇ ਟੈਕਸਲਾ ਦੇ ਵਿਦਿਆਲੇ ਵਿਚ ਵਿਦਿਆ ਪਾ ਫਿਰ ਪਾਟਲੀਪੁਤਰ ਦੇ ਰਾਜ ਦਰਬਾਰ ਵਿਚ ਆਪਣੀ ਵਿਦਵਤਾ ਦਾ ਸਿੱਕਾ ਜਮਾਇਆ। 'ਯੁਆਨ ਚੁਆਂਙ' ਨਾਮੀ ਇਕ ਚੀਨੀ ਸੈਲਾਨੀ, ਜੋ 645 ਈਸਵੀ ਵਿਚ ਮਹਾਰਾਜਾ ਹਰਸ਼ ਵਰਧਨ ਦੇ ਜ਼ਮਾਨੇ ਮਧ ਏਸ਼ੀਆ ਤੇ ਗੰਧਾਰ ਥਾਣੀਂ ਹੁੰਦਾ ਹਿੰਦ ਆਇਆ, ਉਹ ਸਿੰਧ ਦਰਿਆ ਲਾਗੇ ਸ਼ਲਾਤੁਰ ਪਿੰਡ ਕੋਲ ਆ ਕੇ ਲਿਖਦਾ ਹੈ, ''ਇਹ ਥਾਂ ਰਿਸ਼ੀ ਪਾਣਿਨੀ ਦਾ ਜਨਮ ਅਸਥਾਨ ਹੈ, ਇਥੇ ਉਨ੍ਹਾਂ ਦੀ ਮੂਰਤੀ ਵੀ ਬਣੀ ਹੋਈ ਹੈ। ਇਥੋਂ ਦੇ ਲੋਕ ਹੁਣ ਵੀ ਪਾਣਿਨੀ ਦੇ ਸ਼ਾਸਤਰ ਦਾ ਮੁਤਾਲਿਆ ਕਰਦੇ ਹਨ ਤੇ ਬਾਕੀ ਇਲਾਕਿਆਂ ਨਾਲੋਂ ਇਹ ਲੋਕ ਜ਼ਿਆਦਾ ਪੜ੍ਹੇ ਲਿਖੇ ਤੇ ਵਿਦਵਾਨ ਹਨ।' ਇਹੋ ਸੈਲਾਨੀ ਅਗੇ ਲਿਖਦਾ ਹੈ। 'ਜਦੋਂ ਰਿਸ਼ੀ ਨੇ ਆਪਣੀ ਰਚਨਾ ਤਿਆਰ ਕਰ ਕੇ ਸ਼ਾਹੀ ਦਰਬਾਰ ਵਿਚ ਰਖੀ ਤਾਂ ਰਾਜੇ ਨੇ ਆਗਿਆ ਕੀਤੀ ਸੀ ਕਿ ਸਾਰੇ ਦੇਸ਼ ਵਿਚ ਇਹ ਪੁਸਤਕ ਪੜ੍ਹਾਈ ਜਾਵੇ ਜੋ ਵਿਦਿਆਰਥੀ ਇਸ ਨੂੰ ਜ਼ਬਾ ਕੰਠ ਕਰੇਗਾ ਉਸ ਨੂੰ ਇਕ ਹਜ਼ਾਰ ਮੋਹਰ ਦਿੱਤੀ ਜਾਵੇਗੀ।'

(350 ਈ: ਪੂਰਬ) ਪਤੰਜਲਿ (200 ਈ: ਪੂਰਬ) ਤੇ ਹੇਮ ਚੰਦਰ (12ਵੀਂ ਈਸਵੀ ਸਦੀ) ਆਦਿ ਹਿੰਦ ਦੇ ਚੰਗੇ ਚੰਗੇ ਭਾਸ਼ਾ-ਵਿਗਿਆਨੀ ਹੋਏ, ਜਿਨ੍ਹਾਂ ਨੇ ਸਮੇਂ ਸਮੇਂ ਸੰਸਕ੍ਰਿਤ, ਪ੍ਰਾਕ੍ਰਿਤ, ਪਾਲੀ ਤੇ ਅਪਭ੍ਰੰਸ਼ ਆਦਿ ਬੋਲੀਆਂ ਦੇ ਗੁੱਝੇ ਚਮਤਕਾਰਾਂ ਨੂੰ ਪ੍ਰਗਟਾਇਆ। ਪ੍ਰੋਫੈਸਰ Sayce ਲਿਖਦੇ ਹਨ, ਹਿੰਦੁਸਤਾਨੀ ਵਿਆਕਰਣ-ਅਚਾਰਜਾਂ ਨੇ ਬਹੁਤ ਪਹਿਲੇ ਹੀ ਸੰਸਕ੍ਰਿਤ ਦੀਆਂ ਅਵਾਜ਼ਾਂ ਤੇ ਸ਼ਬਦਾਂ ਦਾ ਅਨੋਖੇ ਢੰਗ ਨਾਲ ਠੀਕ ਠੀਕ ਵਿਸ਼ਲੇਸ਼ਣ ਕਰ ਲਿਆ ਸੀ ਤੇ ਇਨ੍ਹਾਂ ਲੋਕਾਂ ਅਸਕੰਦਰੀਆਂ ਤੇ ਰੋਮ ਦੇ ਭਾਸ਼ਾ-ਵਿਗਿਆਨੀਆਂ ਨਾਲੋਂ ਚੰਗਾ ਪੂਰਨ ਵਿਆਕਰਣ ਬਣਾ ਲਿਆ ਸੀ। ਭਾਵੇਂ ਉਨ੍ਹਾਂ ਦੀ ਖੋਜ ਦਾ ਦਾਇਰਾ ਇਕ ਹੀ ਬੋਲੀ ਸੀ ਪਰ ਫਿਰ ਵੀ ਜ਼ਬਾਨ ਦੇ ਸਰੂਪ ਬਾਰੇ ਉਨ੍ਹਾਂ ਦਾ ਨਜ਼ਰੀਆ ਬੜਾ ਬਰੀਕੀ ਵਾਲਾ ਸੀ।' ('ਇੰਟਰੋਡਕਸ਼ਨ ਟੂ ਦੀ ਸਾਇੰਸ ਆਫ ਲੈਂਗੂਏਜ' Vol. I. Page 38)

ਹੁਣ ਦੇ ਜ਼ਮਾਨੇ ਵਿਚ ਮਨੁੱਖ ਨੂੰ ਵਿਗਿਆਨਕ ਖੋਜ ਦੇ ਸਾਧਨ ਵਧੇਰੇ ਚੰਗੇ ਪ੍ਰਾਪਤ ਹਨ ਤੇ ਆਵਾਜਾਈ ਦੇ ਸਾਧਨਾਂ ਅਤੇ ਰੇਡੀਓ ਆਦਿ ਨੇ ਦੇਸ਼ ਕਾਲ ਦੀਆਂ ਵਿੱਥਾਂ ਮਿਟਾ ਕੇ ਮਨੁੱਖ ਮਾਤ੍ਰ ਨੂੰ ਇਕ ਥਾਂ ਜੋੜ ਦਿੱਤਾ ਹੈ। ਇਸ ਲਈ ਇਸ ਯੁਗ ਵਿਚ ਹੋਰਾਂ ਸਾਇੰਸਾਂ ਤੇ ਵਿਦਿਆਵਾਂ ਵਾਂਙ ਭਾਸ਼ਾ-ਵਿਗਿਆਨ ਨੇ ਵੀ ਬਹੁਤ ਤਰੱਕੀ ਕੀਤੀ ਹੈ। ਪਰ ਇਨ੍ਹਾਂ ਨਵੀਆਂ ਨਰੋਈਆਂ ਖੋਜਾਂ ਦਾ ਸਿਹਰਾ ਭਾਵੇਂ ਉਹ ਯੋਰਪੀਨ ਬੋਲੀਆਂ ਬਾਰੇ ਹਨ ਭਾਵੇਂ ਏਸ਼ੀਆਈ ਬੋਲੀਆਂ ਬਾਰੇ, ਪੱਛਮੀ ਵਿਦਵਾਨਾਂ ਦੇ ਸਿਰ ਹੀ ਹੈ। ਨਵੀਆਂ ਲੀਹਾਂ ਉਤੇ ਹਿੰਦੁਸਤਾਨੀ ਬੋਲੀਆਂ ਦੀ ਖੋਜ ਭਰੀ ਪੁਣਛਾਣ ਵੀ ਉਨ੍ਹਾਂ ਨੇ ਹੀ ਅਰੰਭੀ। ਖਾਸ ਕਰਕੇ ਈਸਾਈ ਮਿਸ਼ਨਰੀਆਂ ਪਹਿਲੇ ਪਹਿਲ ਯੂਰਪ ਵਿਚ ਭਾਰਤੀ ਜ਼ਬਾਨਾਂ ਦੀ ਜਾਣ ਪਛਾਣ ਕਰਵਾਈ।

1767 ਈ: ਵਿਚ ਕੁਰਡੋ ਨਾਮੀ ਫਰਾਂਸੀਸੀ ਪਾਦਰੀ ਨੇ ਸੰਸਕ੍ਰਿਤ ਤੇ ਲਾਤੀਨੀ ਉਤੇ ਤੁਲਨਾਤਮਕ ਵਿਚਾਰ ਕਰ ਕੇ ਇਨ੍ਹਾਂ ਦੀ ਏਕਤਾ ਦਰਸਾਈ। 1785 ਵਿਚ ਚਾਰਲਸ ਵਿਲਕਨਜ਼ ਨੇ ਗੀਤਾ ਤੇ ਹਿਤੋਪਦੇਸ਼ ਦਾ ਅੰਗਰੇਜ਼ੀ ਉਲਥਾ ਕੀਤਾ। 1786 ਵਿਚ ਸਰ ਵਿਲਿਅਮ ਜੋਨਜ਼ (1746-1794) ਨੇ ਰਾਇਲ ਏਸ਼ਿਆਟਿਕ ਸੁਸਾਇਟੀ ਦੀ ਨੀਂਹ ਰੱਖ ਕੇ ਗੰਭੀਰ ਖੋਜਾਂ ਦਾ ਮੁਢ ਬੰਨ੍ਹਿਆ। ਇਹ ਆਪ ਵੀ ਸੰਸਕ੍ਰਿਤ ਦਾ ਮੁਤਾਲਿਆ ਕਰ ਕੇ ਇਸ ਸਿੱਟੇ ਉਤੇ ਪੁਜਿਆ ਕਿ ਯੂਨਾਨੀ, ਲਾਤੀਨੀ ਤੇ ਸੰਸਕ੍ਰਿਤ ਤਿੰਨੇ ਇਕੋ ਘਰਾਣੇ ਦੀਆਂ ਬੋਲੀਆਂ

ਪਾਣਿਨੀ ਨੇ ਆਪਣਾ ਵਿਆਕਰਣ ਸੂਤਰਾਂ ਵਿਚ ਰਚਿਆ, ਜਿਸ ਦਾ ਅਠ ਅਧਿਆਇ ਕਰ ਕੇ ਅਸ਼ਟਾਧਿਆਈ ਨਾਂ ਹੈ। ਇਸ ਦੇ ਕੁਲ 3995 ਸੂਤਰ ਹਨ। ਇਸ ਦੀ ਸੰਖੇਪਤਾ, ਤੇ ਤਰਤੀਬ ਬੇਮਿਸਾਲ ਹੈ। ਪਤੰਜਲੀ ਨੇ ਕਿਹਾ ਹੈ ਕਿ ਅਸ਼ਟਾਧਿਆਈ ਵਿਚ ਵਾਧੂ ਨਹੀਂ। ਨਾ ਹੀ ਕੋਈ ਅਜਿਹਾ ਸ਼ਬਦ ਹੈ ਜੋ ਅਚਾਰਜ ਦੀ ਤਿਖੀ ਨਜ਼ਰ ਤੋਂ। ਪਤੰਜਲੀ ਨੇ ਪਾਣਿਨੀ ਨੂੰ ਭਗਵਾਨ, ਕਵੀ, ਸੂਤਰਕਾਰ ਤੇ 'ਪ੍ਰਮਾਣ-ਵਿਸ਼ੇਸ਼ਣਾਂ ਨਾਲ ਯਾਦ ਕੀਤਾ ਹੈ। 'ਪੰਚ ਤੰਤਰ' ਦੀ ਕਥਾ ਮੁਤਾਬਕ ਵਿਚ ਇਕ ਖੂਨੀ ਸ਼ੇਰ ਦਾ ਖਾਜਾ ਬਣ ਗਿਆ ਸੀ।

ਆਈ ਉਤੇ ਕਾਤਿਆਇਨ ਨੇ 'ਵਾਰਤਕ' (ਖੁਲਾਸਾ) ਲਿਖੀ ਭਾਸ਼ (ਕੁਮੈਂਟਰੀ) ਲਿਖਿਆ। ਇਨ੍ਹਾਂ ਸੂਤਰਾਂ ਉਤੇ ਹੋਰ ਦੀਆਂ ਹਨ ਪਰੰਤੂ ਜਯਾਦਿਤ ਕ੍ਰਿਤ 'ਕਾਸ਼ਿਕਾ' ਸਭ ਲਿਖੀ 'ਸ਼ਬਦ-ਕੌਸਤੁਭ' ਬਹੁਤ ਵਡੀ ਟੀਕਾ ਹੈ।

ਹਨ, ਗਾਥਕ (ਜਰਮਨੀ) ਤੇ ਕੈਲਟਿਕ ਵੀ।'‡ 1816 ਵਿਚ ਮਿਸਟਰ ਕੈਰੀ, ਮਾਰਸ਼ਮੈਨ ਤੇ ਬਾਰਡ ਨਾਮੇਂ ਤਿੰਨ ਵਿਦਵਾਨਾਂ ਹਿੰਦੁਸਤਾਨੀ ਬੋਲੀਆਂ ਉਤੇ ਰਿਪੋਰਟ ਤਿਆਰ ਕੀਤੀ, ਜਿਸ ਵਿਚ ਇਥੋਂ ਦੀਆਂ 33 ਬੋਲੀਆਂ ਦੇ ਨਮੂਨੇ ਵੀ ਦਰਜ ਸਨ।

1833 ਵਿਚ ਜਰਮਨੀ ਵਿਦਵਾਨ ਮਿਸਟਰ ਫ੍ਰਾਂਜ਼ ਬਾਪ (1791-1867) ਨੇ ਇਕ ਵਿਆਕਰਣ ਲਿਖਿਆ, ਜਿਸ ਵਿਚ ਸੰਸਕ੍ਰਿਤ, ਲਾਤੀਨੀ, ਯੂਨਾਨੀ, ਗਾਥਿਕ ਤੇ ਜਰਮਨੀ ਆਦਿ ਦੀ ਤੁਲਨਾ ਕੀਤੀ ਗਈ ਸੀ। 1853 ਵਿਚ ਮਿਸਟਰ ਪੈਰੀ ਸਾਹਿਬ ਨੇ ਹਿੰਦੁਸਤਾਨੀ ਬੋਲੀਆਂ ਉਤੇ ਇਕ ਲੇਖ ਲਿਖਿਆ। 1868 ਵਿਚ ਮਿਸਟਰ ਹੰਟਰ ਨੇ ਬੜੀ ਅਣਥੱਕ ਮੇਹਨਤ ਨਾਲ 'ਨਨ ਆਰੀਅਨ ਲੈਂਗੁਏਜਿਜ਼ ਆਫ਼ ਇੰਡੀਆ ਐਂਡ ਹਾਈ ਏਸ਼ੀਆ' ਪੁਸਤਕ ਲਿਖੀ। 1868 ਵਿਚ ਜੌਹਨ ਬੀਮਜ਼ ਦੀ 'ਆਊਟ ਲਾਈਨਜ਼ ਆਫ ਇੰਡੀਅਨ ਫਿਲਾਲੋਜੀ' ਤੇ 1872-79 ਵਿਚ ਤਿੰਨ ਭਾਗਾਂ ਵਿਚ ਵਿਦਵਤਾ ਭਰੀ ਰਚਨਾ 'ਏ ਕੰਪੈਰਿਟਿਵ ਗਰਾਮਰ ਆਫ ਦੀ ਮਾਡਰਨ ਏਰੀਅਨ ਲੈਂਗੁਏਜਜ਼', ਤਿਆਰ ਹੋਈ, ਜਿਸ ਵਿਚ ਹਿੰਦੀ, ਸਿੰਧੀ, ਗੁਜਰਾਤੀ ਪੰਜਾਬੀ, ਮਰਾਠੀ ਤੇ ਬੰਗਾਲੀ ਆਦਿ ਦੀ ਖੋਜ-ਭਰੀ ਚਰਚਾ ਹੈ। 1876 ਵਿਚ ਜਰਮਨੀ ਪਾਦਰੀ ਕੈਲਾਗ ਨੇ 'ਗਰਾਮਰ ਆਫ ਦੀ ਹਿੰਦੀ ਲੈਂਗੁਏਜ' ਲਿਖੀ। ਇਸ ਵਿਚ ਹਿੰਦੀ ਦੀਆਂ ਉਪਬੋਲੀਆਂ ਦਾ ਵੀ ਜ਼ਿਕਰ ਹੈ। 1877 ਵਿਚ ਪਹਿਲੇ ਹਿੰਦੁਸਤਾਨੀ ਵਿਦਵਾਨ ਸ੍ਰੀ ਰਾਮ ਕ੍ਰਿਸ਼ਨ ਗੋਪਾਲ ਭੰਡਾਰਕਰ ਨੇ ਭਾਰਤੀ ਜ਼ਬਾਨਾਂ ਉਤੇ 7 ਲੈਕਚਰ ਦਿਤੇ, ਜੋ 1914 ਵਿਚ 'ਵਿਲਸਨ ਫਿਲਾਲੋਜੀਕਲ ਲੈਕਚਰਜ਼' ਨਾਂ ਹੇਠ ਛਪੇ। 1880 ਵਿਚ ਰੁਡਲਫ ਹਾਰਨਲੇ ਦੀ 'ਗਰਾਮਰ ਆਫ ਦੀ ਈਸਟਰਨ ਹਿੰਦੀ' ਛਪੀ। ਇਸ ਵਿਚ ਹੋਰ ਆਰੀਅਨ ਬੋਲੀਆਂ ਬਾਰੇ ਵੀ ਤੁਲਨਾਤਮਕ ਸਮੱਗਰੀ ਜੋੜੀ ਗਈ ਹੈ। 1886 ਵਿਚ ਡੈਲਬਰੂਕ ਤੇ ਕਾਰਲ ਬਰੁਗਮੈਨ ਨੇ 'ਆਊਟ ਲਾਈਨ ਆਫ਼ ਦੀ ਕੰਪੈਰੇਟਿਵ ਗਰਾਮਰ ਆਫ਼ ਦੀ ਇੰਡੋ ਜੈਰਮੈਨਿਕ ਲੈਂਗੁਏਜਜ਼' ਇਕ ਮਾਰਕੇ ਦੀ ਪੋਥੀ ਲਿਖੀ।§ ਮਿਸਟਰ ਜਾਰਜ ਗਰੀਅਰਸਨ ਨੇ ਆਪਣੀ ਵੱਡੀ ਪੁਸਤਕ 'ਲਿੰਗੁਇਸਟਿਕ ਸਰਵੇ ਆਫ਼ ਇੰਡੀਆ' 1894 ਵਿਚ ਸ਼ੁਰੂ ਕਰ ਕੇ 1927 ਵਿਚ ਮੁਕੰਮਲ ਕੀਤੀ। ਇਹ ਗ੍ਰੰਥ 11 ਜਿਲਦਾਂ ਵਿਚ ਹੈ ਅਤੇ ਹਿੰਦੁਸਤਾਨੀ ਬੋਲੀਆਂ ਦੇ ਗੰਭੀਰ ਤੇ ਵਿਸ਼ਾਲ ਅਧਿਐਨ ਦਾ ਇਸ ਦੇ ਮੁਕਾਬਲੇ ਦਾ ਅਜੇ ਹੋਰ ਕੋਈ ਪੁਸਤਕ ਪ੍ਰਕਾਸ਼ਤ ਨਹੀਂ ਹੋਇਆ। ਇਸ ਦੀ ਨੌਵੀਂ ਜਿਲਦ ਦੇ ਪਹਿਲੇ ਭਾਗ ਵਿਚ ਪੰਜਾਬੀ ਦੀ ਚਰਚਾ ਕੀਤੀ ਗਈ ਹੈ। ਪ੍ਰੋ: ਪੀ. ਡੀ. ਗੁਨੇ ਨੇ 1918 ਵਿਚ 'ਐਨ ਇਨਟਰੋਡਕਸ਼ਨ ਟੂ ਕੰਪੈਰੇਟਿਵ ਫ਼ਿਲਾਲੋਜੀ' ਪੁਸਤਕ ਲਿਖੀ ਤੇ ਜਿਊਲਜ਼ ਬਲਾਕ ਨੇ 1919 ਵਿਚ ਮਰਾਠੀ ਜ਼ਬਾਨ ਤੇ ਵਿਦਵਤਾ ਭਰੀ ਪੁਸਤਕ ਰਚੀ। 1926 ਵਿਚ ਡਾਕਟਰ ਸੁਨੀਤੀ ਕੁਮਾਰ ਚੈਟਰਜੀ ਨੇ 'ਉਰਿਜਨ ਐਂਡ ਡਿਵੈਲਪਮੈਂਟ ਆਫ਼ ਦੀ ਬੰਗਾਲੀ ਲੈਂਗੁਏਜ' ਤੇ 1942 ਵਿਚ 'ਇੰਡੋ ਆਰੀਅਨ ਐਂਡ ਹਿੰਦੀ' ਪੁਸਤਕ ਛਾਪੀ, ਜਿਨ੍ਹਾਂ ਵਿਚ ਬਾਕੀ ਹਿੰਦ ਦੀਆਂ ਬੋਲੀਆਂ ਬਾਰੇ ਵੀ ਮੌਲਕ ਸਮੱਗਰੀ ਸੰਚਿਤ ਹੈ। 1931 ਵਿਚ ਬਾਬੂ ਰਾਮ ਸਕਸੈਨਾ ਨੇ 'ਐਵੋਲਿਊਸ਼ਨ ਆਫ ਅਵਧੀ' ਤੇ 1933 ਵਿਚ ਪ੍ਰੋ: ਧੀਰੇਂਦਰ ਵਰਮਾ ਨੇ 'ਹਿੰਦੀ ਭਾਸ਼ਾ ਕਾ ਇਤਹਾਸ' ਪੁਸਤਕ ਲਿਖੀ ਅਤੇ 1935 ਵਿਚ ਫ੍ਰਾਂਸੀਸੀ ਵਿਦ ਬ੍ਰਿਜ ਭਾਸ਼ਾ ਬਾਰੇ। ਫ੍ਰਾਂਸੀਸੀ ਵਿਦਵਾਨ ਮਿਸਟਰ ਜਿਊਲਜ਼ ਬਲਾਕ ਨੇ 1934 ਵਿਚ ਇਹ

‡Language (L. Bloomfield) P. 12.
§Language (L. Bloomfield) P. 15.

ਹੋਰ 'ਲ ਏਂਦੋ ਏਰੀਅਨ' ਪੁਸਤਕ ਪ੍ਰਕਾਸ਼ਤ ਕੀਤੀ । ਇਸ ਵਿਚ ਵੀ ਭਾਰਤੀ ਬੋਲੀਆਂ ਦੀ ਚੰਗੀ ਸਾਮੱਗ੍ਰੀ ਹੈ । 1937 ਵਿਚ ਟਰਨਰ ਦੀ 'ਨੈਪਾਲੀ ਡਿਕਸ਼ਨਰੀ' ਛਪੀ । ਇਸ ਵਿਚ ਬਹੁਤੀ ਥਾਂ ਦੂਜੀਆਂ ਬੋਲੀਆਂ ਦੇ ਵੀ ਸ਼ਬਦ ਨਾਲ ਦਿਤੇ ਹਨ । ਇਸੇ ਤਰ੍ਹਾਂ ਹੋਰ ਬਦੇਸ਼ੀ ਵਿਦਵਾਨਾਂ ਮੈਕਸਮੂਲਰ, ਵਿਟ੍ਰਾਨੇ, ਪਾਊਲ, ਉਲਨਬੈਕ, ਸਵੀਟ, ਜੈਕੋਬਸ੍ਰਮ, ਡਾ: ਪਿਸ਼ਲ, ਯਾਕੋਬੀ, ਟੈਸਟਰੀ, ਫੈਡਰਕ ਮੁਲਰ, ਬਲੂਮਫੀਲਡ, ਟਕਰ, ਜੇਸ ਰਰਸਨ, ਕਾਰਲ ਵਾਸਲਰ ਵਾਂਦਰੇਜ਼, ਤੇ ਫੁਲਨਰ ਸਾਹਿਬ ਆਦਿ ਨੇ ਭਾਸ਼ਾ-ਵਿਗਿਆਨ ਬਾਰੇ ਡੂੰਘੀਆਂ ਖੋਜਾਂ ਕੀਤੀਆਂ । ਹਿੰਦੁਸਤਾਨੀ ਵਿਦਵਾਨਾਂ ਵਿਚੋਂ ਸੁਨੀਤੀ ਕੁਮਾਰ ਚੈਟਰਜੀ, ਪ੍ਰੋਫੈਸਰ ਪੀ. ਡੀ. ਗੁਨੇ, ਆਈ. ਜੇ. ਐਸ. ਤਾਰਪੋਰ ਵਾਲਾ, ਪੰਡਤ ਗੌਰੀ ਸ਼ੰਕਰ ਹੀਰਾ ਚੰਦ ਓਝਾ, ਡਾ: ਤਗਾਰੇ, ਪ੍ਰੋਫੈਸਰ ਕਾਤਰੇ, ਅਬਦੁਲ ਕਾਦਰੀ ਜ਼ੋਰ, ਡਾ: ਸਿਧੇਸ਼ਵਰ ਵਰਮਾ, ਪ੍ਰੋ: ਮਹਮੂਦ ਸ਼ੀਰਾਨੀ, ਸ੍ਰੀ ਧੀਰੇਂਦਰ ਵਰਮਾ, ਬਾਬੂ ਰਾਮ ਸਕਸੈਨਾ, ਨਲਨੀ ਮੋਹਨ ਸੰਨਿਆਲ, ਮੰਗਲ ਦੇਵ ਸ਼ਾਸਤਰੀ, ਸਿਆਮ ਸੁੰਦਰ ਦਾਸ, ਹਰਦੇਵ ਬਾਹਰੀ ਆਦਿ ਦੇ ਨਾਂ ਵਰਣਨ ਯੋਗ ਹਨ। ਪੰਜਾਬੀ ਬੋਲੀ ਸਬੰਧੀ ਪ੍ਰੋ: ਦੁਨੀ ਚੰਦ, ਪ੍ਰੋਫੈਸਰ ਰਾਮ ਸਿੰਘ ਤੇ ਡਾਕਟਰ ਬਨਾਰਸੀ ਦਾਸ ਜੀ ਨੇ ਅਰੰਭਕ ਖੋਜ ਕੀਤੀ ਹੈ ।

ਉਪਰੋਕਤ ਅੰਗਰੇਜ਼ੀ ਰਚਨਾਵਾਂ ਵਿਚੋਂ ਬੀਮਜ਼ ਤੇ ਜਾਰਜ ਗ੍ਰੀਅਰਸਨ ਦੀਆਂ ਪੰਜਾਬੀ ਬਾਰੇ ਖੋਜਾਂ ਬਹੁ ਮੁੱਲੀਆਂ ਹਨ । ਇਸ ਤੋਂ ਇਲਾਵਾ ਯੋਰਪੀਨਾਂ ਵੱਲੋਂ ਜਾਂ ਉਨ੍ਹਾਂ ਦੀ ਪ੍ਰੇਰਨਾ ਨਾਲ ਰਾਜਸੀ ਮੰਤਵਾਂ ਦੀ ਪੂਰਤੀ ਲਈ ਕਈ ਪੰਜਾਬੀ ਵਿਆਕਰਣ ਤੇ ਕੋਸ਼ ਤਾਂ 19ਵੀਂ ਸਦੀ ਦੇ ਅਰੰਭ ਤੋਂ ਹੀ ਲਿਖੇ ਜਾਂਦੇ ਰਹੇ । ਇਸ ਵਿਚ ਅਗਵਾਈ ਈਸਾਈ ਮਿਸ਼ਨਰੀਆਂ ਨੇ ਕੀਤੀ । 1806-17 ਵਿਚ ਐਡਲੰਗ ਜੋਹਨ ਕ੍ਰਿਸਟਫ (ਬਰਲਨ) ਨੇ 'ਮਿਥਰੀ ਡੇਟਸ' ਵਿਚ 'ਲਾਹੌਰੀ' ਬਾਰੇ ਕੁਝ ਵੀਚਾਰ ਕੀਤੀ । 1812 ਵਿਚ ਸੀ. ਰਾਮਪੁਰ ਦੇ ਮਸ਼ਹੂਰ ਪਾਦਰੀ ਡਾ: ਡਬਲਯੂ ਕੈਰੀ ਨੇ 'ਏ. ਗਰਾਮਰ ਆਫ਼ ਪੰਜਾਬੀ ਲੈਂਗੁਏਜ' ਤਿਆਰ ਕੀਤੀ । 1815 ਈ: ਵਿਚ ਬਾਇਬਲ ਦਾ ਪਹਿਲਾ ਪੰਜਾਬੀ ਤਰਜਮਾ ਹੋਇਆ । ਫੇਰਵਾ ਇਉਂ ਹੈ :—

ਲੈ: ਰਾਬਰਟ ਲੀਚ—'ਏ ਗਰਾਮਰ ਆਫ਼ ਦੀ ਪੰਜਾਬੀ ਲੈਂਗੁਏਜ' (1838 ਈ.)

ਕੈਪਟਨ ਸਟਾਰਕੀ—'ਏ ਡਿਕਸ਼ਨਰੀ ਆਫ ਇੰਗਲਿਸ਼ ਐਂਡ ਪੰਜਾਬੀ (1849)

ਜੋਹਨ ਨਿਊਟਨ—'ਏ ਗਰਾਮਰ ਆਫ਼ ਦੀ ਪੰਜਾਬੀ ਲੈਂਗੁਏਜ,'(1851 ਈ.)

(ਇਸ ਦੀ ਦੂਜੀ, ਤੀਜੀ ਐਡੀਸ਼ਨ 1866 ਤੇ 1893 ਵਿਚ ਛਪੀ ਸੀ ।)

ਲੁਧਿਆਣਾ ਮਿਸ਼ਨ ਕਮੇਟੀ-'ਏ ਡਿਕਸ਼ਨਰੀ ਆਫ਼ ਦੀ ਪੰਜਾਬੀ ਲੈਂਗੁਏਜ' (1854 ਈ.)

ਬਿਹਾਰੀ ਲਾਲ-'ਪੰਜਾਬੀ ਵਿਆਕਰਣ' (1867 ਈ.)

ਮੁਹੰਮਦ ਅਬਦੁਲ ਗਫੂਰ-'ਏ ਕੰਪਲੀਟ ਡਿਕਸ਼ਨਰੀ ਆਫ਼ ਦੀ ਟਰਮਜ਼ ਬਾਈ ਦੀ ਕ੍ਰਿਮਿਨਲ ਟ੍ਰਾਈਬਜ਼ ਆਫ਼ ਦੀ ਪੰਜਾਬ' (1879)

ਮਿਸਟਰ ਟਜ਼ਡਲ-ਏ ਸਿੰਪਲੀਫਾਈਡ ਗਰਾਮਰ ਐਂਡ ਰੀਡਿੰਗ ਬੁੱਕ ਆਫ਼ ਦੀ ਪੰਜਾਬੀ ਲੈਂਗੁਏਜ' (1889)

ਆਰ. ਮੈਕੌਨੈਕੀ—'ਸਿਲਿਕੈਟਿਡ ਐਗ੍ਰੀਕਲਚਰਲ ਪ੍ਰੋਵਰਬਜ਼ ਆਫ਼ ਦੀ ਪੰਜਾਬ (1890)

ਭਾਈ ਮੱਈਆ ਸਿੰਘ-'ਦੀ ਪੰਜਾਬ ਡਿਕਸ਼ਨਰੀ' (1895)

ਮੁਨਸ਼ੀ ਜਵਾਹਰ ਸਿੰਘ—'ਏ ਫ੍ਰੈਬਲਰੀ ਆਫ਼ ਟੂ ਥਾਊਜ਼ੈਂਡ ਵਰਡਜ਼ ਫਰਾਮ ਇੰਗਲਿਸ਼ ਇਨ ਟੂ ਪੰਜਾਬੀ' (1895)

'ਏ ਗਾਈਡ ਟੂ ਪੰਜਾਬੀ' (1896)

ਈ ਪੀ. ਨਿਊਟਨ—'ਪੰਜਾਬੀ ਗਰਾਮਰ' (1898)

ਸਾਲਗ ਰਾਮ—'ਐਂਗਲੋ ਗੁਰਮੁਖੀ ਡਿਕਸ਼ਨਰੀ' (1897)

ਐਂਗਲੋ ਗੁਰਮੁਖੀ ਬੋਲਚਾਲ (1900)

ਗ੍ਰਾਹਮ ਬੇਲੀ—'ਪੰਜਾਬੀ ਗਰਾਮਰ' (1904) ਤੇ 'ਏ ਪੰਜਾਬੀ ਫੁਨੈਟਿਕ ਰੀਡਰ' (1914)

ਟੀ. ਐਫ. ਕਮਿੰਗ ਤੇ ਗ੍ਰਾਹਮ ਬੇਲੀ—'ਪੰਜਾਬੀ ਮੈਨੂਅਲ ਐਂਡ ਗਰਾਮਰ' (1912)

ਐਚ. ਏ. ਰੋਜ਼—'ਕਨਟਰੀਬਿਊਸ਼ਨਜ਼ ਟੂ ਪੰਜਾਬੀ ਲੈਕਸੀਕੋਗਰਾਫੀ'

ਮਿਸਟਰ ਈ. ਓ ਬ੍ਰਾਡਾਇਨ—'ਮੁਲਤਾਨੀ ਗਲੋਸਰੀ'

ਇੰਗਲਿਸ਼ ਪੰਜਾਬੀ ਡਿਕਸ਼ਨਰੀ—ਮਿ. ਹੇਅਰਜ਼ (1929 ਈ:)‡

ਹਕੂਮਤ ਕਰਨ ਆਏ ਅੰਗਰੇਜ਼ ਹਰ ਇਲਾਕੇ ਦੇ ਇਤਿਹਾਸ, ਰਸਮਾਂ, ਰਿਵਾਜਾਂ ਤੇ ਧਰਮਾਂ ਨੂੰ ਜਾਣਨਾ ਚਾਹੁੰਦੇ ਸਨ। ਇਹ ਮਤਲਬ ਕੇਵਲ ਬੋਲੀ ਰਾਹੀਂ ਹੀ ਹੱਲ ਹੋ ਸਕਦਾ ਸੀ। ਇਸ ਲਈ ਉਨ੍ਹਾਂ ਬੜੀ ਮਿਹਨਤ ਕਰ ਕੇ ਮੁਢ ਵਿਚ ਵਿਆਕਰਣ ਤੇ ਕੋਸ਼ ਲਿਖੇ ਜਾਂ ਲਿਖਾਏ ਤਾਕਿ ਉਨ੍ਹਾਂ ਦੇ ਅੰਗਰੇਜ਼ ਭਰਾ ਇਸ ਦੇਸ਼ ਤੋਂ ਚੰਗੀ ਤਰ੍ਹਾਂ ਜਾਣੂ ਹੋ ਜਾਣ। ਕੁਝ ਦੇਸੀ ਲੇਖਕਾਂ ਵੀ ਕੰਮ ਕੀਤਾ। ਇਹ ਵੀ ਅੰਗਰੇਜ਼ ਹਾਕਮਾਂ ਦੀ ਪ੍ਰੇਰਨਾ ਦਾ ਸਿੱਟਾ ਸੀ। ਇਸ ਤੋਂ ਪਿਛੋਂ ਭਾਈ ਬਿਸ਼ਨ ਦਾਸ ਪੁਰੀ ਦਾ ਕੋਸ਼ 'ਪੰਜਾਬੀ ਸ਼ਬਦ-ਭੰਡਾਰ' ਛਪਿਆ। ਭਾਈ ਕਾਨ੍ਹ ਸਿੰਘ ਨਾਭਾ ਦਾ 'ਮਹਾਨ ਕੋਸ਼' (4 ਜਿਲਦਾ) ਤੇ ਖਾਲਸਾ ਟ੍ਰੈਕਟ ਸੁਸਾਇਟੀ ਦਾ 'ਸ੍ਰੀ ਗੁਰੂ ਗ੍ਰੰਥ ਕੋਸ਼' ਭਾਵੇਂ ਗੁਰਮਤ ਸਾਹਿੱਤ ਦੇ ਕੋਸ਼ ਹਨ ਪਰ ਪੁਰਾਣੀ ਪੰਜਾਬੀ ਦੇ ਗਿਆਨ ਲਈ ਇਹ ਵੀ ਕਾਫ਼ੀ ਹਦ ਤਕ ਕੰਮ ਦੇਣ ਜੋਗੇ ਹਨ। ਦਰਅਸਲ ਵਿਆਕਰਣ ਤੇ ਕੋਸ਼ ਉਦੋਂ ਹੀ ਬਣਦੇ ਹਨ ਜਦੋਂ ਉਸ ਬੋਲੀ ਤੋਂ ਅਣਜਾਣ ਲੋਕਾਂ ਲਈ ਸਿਖਿਆ ਦੀ ਲੋੜ ਪਵੇ ਜਾਂ ਫਿਰ ਭਰਪੂਰ-ਸਾਹਿਤ ਰਚਿਆ ਜਾ ਚੁੱਕਾ ਹੋਵੇ। ਵਿਆਕਰਣ ਕਿਸੇ ਬੋਲੀ ਦੀ ਠੀਕ ਵਰਤੋਂ ਦਾ ਗਿਆਨ ਕਰਾਉਂਦਾ ਹੈ ਤੇ ਕੋਸ਼ ਬੋਲੀ ਦੇ ਸ਼ਬਦ-ਭੰਡਾਰ ਨੂੰ ਇਕ ਥਾਂ ਸੰਚਿਤ ਕਰ ਕੇ ਅਰਥਾਂ ਦਾ ਪਤਾ ਦਿੰਦਾ ਹੈ। ਇਉਂ ਭਾਸ਼ਾ-ਵਿਗਿਆਨ ਦੀਆਂ ਖੋਜਾਂ ਲਈ ਵਿਆਕਰਣ ਤੇ ਕੋਸ਼ ਮੁਢਲੀਆਂ ਲੋਹਾਂ ਭਰਦੇ ਹਨ। ਇਨ੍ਹਾਂ ਬਿਨਾਂ ਕਿਸੇ ਬੋਲੀ ਦਾ ਭਾਸ਼ਾ-ਵਿਗਿਆਨ ਨਹੀਂ ਲਿਖਿਆ ਜਾ ਸਕਦਾ। ਉਪਰੋਕਤ ਖੋਜਾਂ ਤੋਂ ਇਲਾਵਾ ਮੋਹਨ ਸਿੰਘ, ਪ੍ਰੋਫੈਸਰ ਰਾਮ ਸਿੰਘ, ਪ੍ਰੋਫੈਸਰ ਕਰਤਾਰ ਸਿੰਘ, ਪ੍ਰੋਫੈਸਰ ਸਾਹਿਬ ਸਿੰਘ, ਮਾਸਟਰ ਕਰਮ ਸਿੰਘ 'ਗੰਗਾਵਾਲਾ' ਨੇ ਵਿਆਕਰਣੀ ਖੇਤਰ ਵਿਚ ਬਹੁਤ ਵਡਿਆਈ ਜੋਗ ਕੰਮ ਕੀਤਾ ਹੈ। ਪੰਜਾਬੀ ਭਾਸ਼ਾ-ਵਿਗਿਆਨ ਬਾਰੇ ਪ੍ਰੋਫੈਸਰ ਚੁਨੀ ਚੰਦ ਨੇ ਹਿੰਦੀ ਵਿਚ 'ਹਿੰਦੀ ਪੰਜਾਬੀ ਭਾਸ਼ਾ ਵਿਗਿਆਨ' (1925), ਪ੍ਰੋਫੈਸਰ ਰਾਮ ਸਿਘ ਨੇ 'ਸ਼ਬਦ ਚਮਤਕਾਰ' (1929), ਡਾਕਟਰ ਬਨਾਰਸੀ ਦਾਸ ਜੀ ਨੇ ਧੁਨੀ-ਵਿਗਿਆਨ ਬਾਰੇ 'ਲੁਧਿਆਣਵੀ ਫੁਨੈਟਿਕ ਰੀਡਰ' (1934 ਈ:) ਤੇ 'ਫੁਨਾਲੋਜੀ ਆਫ਼ ਪੰਜਾਬੀ' ਲਿਖੀ ਅਤੇ ਡਾਕਟਰ ਸਿਧੇਸ਼ੁਰ ਵਰਮਾ ਤੇ ਸ੍ਰੀ ਪਰਮਾਨੰਦ ਬਹਿਲ ਨੇ ਲਹਿੰਦੀ ਪੰਜਾਬੀ ਸਬੰਧੀ ਖੋਜਾਂ ਕੀਤੀਆਂ। ਇਹ ਖੋਜਾਂ ਲੇਖਕਾਂ ਦੀ

---

‡ਮਿਸਟਰ ਗ੍ਰੀਅਰਸਨ ਨੇ 'ਲਿੰਗੁਇਸਟਿਕ ਸਰਵੇ ਆਫ਼ ਇੰਡੀਆ' ਦੀ ਨੌਵੀਂ ਜਿਲਦ ਦੇ ਪਹਿਲੇ ਭਾਗ ਵਿਚ ਪੰਨਾ 619 ਤੋਂ 624 ਤਕ ਮੁਢ ਵਿਚ ਪੰਜਾਬੀ ਸਬੰਧੀ ਲਿਖੇ ਗਏ ਲੇਖਾਂ, ਕਿਤਾਬਾਂ, ਕੋਸ਼ਾਂ ਤੇ ਵਿਆਕਰਣਾਂ ਦੀ ਸਵਿਸਤਾਰ ਸੂਚੀ ਦਿੱਤੀ ਹੈ।

Sri Satguru Jagjit Singh Ji eLibrary NamdhariElibrary@gmail.com

ਚੰਗੀ ਮਿਹਨਤ ਦਾ ਸਿੱਟਾ ਹਨ । ਪਰ ਅਜੇ ਪੰਜਾਬੀ ਸਬੰਧੀ ਕਰਨ ਜੋਗਾ ਬਹੁਤ ਕੰਮ ਬਾਕੀ ਪਿਆ ਹੈ । ਵਰਤਮਾਨ ਖੋਜ ਨੇ ਭੂਗੋਲਕ-ਹੱਦਾਂ ਦਾ ਉਲੰਘਣ ਕਰ ਕੇ ਬੋਲੀਆਂ ਦੇ ਵਿਸਰ ਚੁੱਕੇ ਪੁਰਾਣੇ ਖਾਨਦਾਨੀ ਰਿਸ਼ਤਿਆਂ ਨੂੰ ਮੁੜ ਜਗਾ ਛਿੱਤਾ ਹੈ ਅਤੇ ਸਾਰੀਆਂ ਬੋਲੀਆਂ ਹੀ ਕੌਮਾਂਤਰੀ ਮੇਲ-ਜੋਲ ਵਿਚ ਰੰਗੀਆਂ ਗਈਆਂ ਹਨ। ਇਸ ਲਈ ਇਸ ਪੜਾਅ ਉਤੇ ਆਪਣੀ ਬੋਲੀ ਦੇ ਨਿਕਾਸ, ਵਿਕਾਸ, ਇਤਿਹਾਸ ਅਤੇ ਮਹੱਤਵ ਨੂੰ ਜਾਣਨਾ ਇਕ ਨਿਹਾਇਤ ਜ਼ਰੂਰੀ ਚੀਜ਼ ਹੈ ।

— — —

ਸੰਸਾਰ ਦੀਆਂ ਬੋਲੀਆਂ

ਮਸ਼ਹੂਰ ਭਾਸ਼ਾ-ਵਿਗਿਆਨੀ ਈ. ਕੌਕਰੇ ਸੰਸਾਰ ਦੀਆਂ ਕੁਲ ਮਰੀਆਂ ਤੇ ਜੀਉਂਦੀਆਂ 3076 ਜ਼ਬਾਨਾਂ ਦਸਦਾ ਹੈ। 'ਫਰੈਂਚ ਇਕਾਡਮੀ' ਦੀ ਰੀਪੋਰਟ ਅਨੁਸਾਰ ਕੁਲ ਬੋਲੀਆਂ ਦੀ ਗਿਣਤੀ 2796 ਹੈ ਜਿਨ੍ਹਾਂ ਵਿਚੋਂ 13 ਹੀ ਅਜੇਹੀਆਂ ਜ਼ਬਾਨਾਂ ਹਨ ਜਿਨਾਂ ਦੇ ਬੁਲਾਰਿਆਂ ਦੀ ਗਿਣਤੀ ਪੰਜ ਪੰਜ ਕਰੋੜ ਜਾਂ ਇਸ ਤੋਂ ਵਧ ਹੈ। ਡਾ: ਐਸ. ਕੇ. ਚੈਟਰਜੀ ਕੁਲ ਬੋਲੀਆਂ ਦੀ ਸੰਖਿਆ ਅੱਠ ਨੌਂ ਸੌ ਦੱਸਦਾ ਹੈ (ਇੰਡੋਆਰੀਅਨ ਐਂਡ ਹਿੰਦੀ, ਪੰਨਾ 4)। 'ਯੂ. ਐਸ. ਏ. ਹੈਂਡ ਬੁੱਕ ਇਨਫ਼ਾਰਮੇਸ਼ਨ' ਵਿਚ ਸੰਸਾਰ ਦੀਆਂ ਮੁਖ ਬੋਲੀਆਂ ਦੀ ਗਿਣਤੀ 65 ਦਰਜ ਕੀਤੀ ਗਈ ਹੈ। ਹੁਣ ਵੀ 'ਇਕ ਸੰਸਾਰ', 'ਇਕੋ ਵੀਚਾਰ' ਤੇ 'ਇਕੋ ਸਰਕਾਰ' ਦਾ ਕੌਮਾਂਤਰੀ-ਸਾਂਝ ਵਾਲਾ ਸੁਪਨਾ ਤੱਕਣ ਵਾਲੇ ਚਿੰਤਕ ਇਸੇ ਆਹਰ ਵਿਚ ਹਨ ਕਿ ਇਕ ਸਾਂਝੀ ਕੌਮਾਂਤਰੀ ਬੋਲੀ ਵੀ ਤਿਆਰ ਕਰ ਲਈ ਜਾਵੇ ਤਾਂਕਿ ਬੋਲੀਆਂ ਦੀ ਭਿੰਨਤਾ ਮਨੁੱਖਾਂ ਵਿਚ ਕਿਸੇ ਤਰ੍ਹਾਂ ਦੀ ਰੁਕਾਵਟ ਨਾ ਪਾ ਸਕੇ। ਇਸ ਮਕਸਦ ਲਈ ਵੋਲਾਪੁਕ (1880) ਐਸਪੇਰੈਂਟੋ (1901) ਈਡੀਓਨ ਨਿਊਟਰਲ ਤੇ 'ਬੇਸਿਕ ਇੰਗਲਿਸ਼' ਆਦਿ 3, 4 ਨਵੀਆਂ ਜ਼ਬਾਨਾਂ ਦੀ ਕਾਢ ਕੱਢੀ ਗਈ ਹੈ ਪਰ ਇਨ੍ਹਾਂ ਕਾਢਾਂ ਨੂੰ ਅਮਲੀ ਸਫਲਤਾ ਨਹੀਂ ਮਿਲੀ। ਹੁਣੇ ਜੇਹੇ ਫ਼ਰਾਂਸ ਦੇ ਦੋ ਪ੍ਰੋਫੈਸਰਾਂ ਲਿਓਸ ਬੋਮਰੇ ਤੇ ਪੀਅਰ ਫੁਸ਼ ਨੇ ਇਹ ਤਜਵੀਜ਼ ਰੱਖੀ ਹੈ ਕਿ ਕੁਲ ਦੁਨੀਆਂ ਦੇ ਜ਼ਬਾਨਵਾਰ ਚਾਰ ਹਿੱਸੇ ਕਰ ਲਏ ਜਾਣ ਤੇ ਇਨ੍ਹਾਂ ਵਿਚ ਸਪੇਨੀ, ਅੰਗਰੇਜ਼ੀ, ਫਰਾਂਸੀਸੀ, ਰੂਸੀ, ਚੀਨੀ ਤੇ ਹਿੰਦੁਸਤਾਨੀ ਛੇ ਮੁਖ ਜ਼ਬਾਨਾਂ ਵਿਚੋਂ ਕੋਈ ਤਿੰਨ, ਇਕ ਇਕ ਹਿੱਸੇ ਵਿਚ ਜ਼ਰੂਰ ਪੜ੍ਹਾਈਆਂ ਜਾਣ। ਇਸ ਨਾਲ ਕੌਮਾਂਤਰੀ ਲੋੜ ਪੂਰੀ ਹੁੰਦੀ ਰਹੇਗੀ।‡

ਆਮ ਤੌਰ ਤੇ ਬੋਲੀਆਂ ਦੀ ਸਾਕ-ਸਕੋਰੀ ਮੇਲਣ ਲਈ ਘਰੇਲੂ ਵਰਤੋਂ ਦੇ ਸ਼ਬਦ ਮਾਂ, ਪਿਉ, ਭੈਣ, ਭਾਈ ਯਾ ਪੜਨਾਂਵ ਮੈਂ, ਤੂੰ ਅਸੀਂ, ਆਪ ਤੇ ਗਿਣਤੀ ਦੇ ਅੰਕ-ਇਕ, ਦੋ, ਤਿੰਨ, ਚਾਰ, ਪੰਜ, ਛੇ—ਆਦਿ ਮਿਲਾਏ ਜਾਂਦੇ ਹਨ ਤੇ ਇਨ੍ਹਾਂ ਤੋਂ ਹੀ ਖਾਨਦਾਨੀ ਮੇਲ ਦਾ ਸਿਟਾ ਕੱਢਿਆ ਜਾਂਦਾ ਹੈ। ਮਿਸਾਲ ਲਈ ਆਰੀਆ ਘਰਾਣੇ ਦੀਆਂ ਬੋਲੀਆਂ ਦੇ ਕੁਛ ਸ਼ਬਦਾਂ ਦਾ ਮੇਲ ਚਿਤ੍ਰ ਹੇਠ ਦਿਤਾ ਜਾਂਦਾ ਹੈ :—

ਪੰਜਾਬੀ	ਸੰਸਕ੍ਰਿਤ	ਫਾਰਸੀ	ਯੂਨਾਨੀ	ਲਾਤੀਨੀ	ਅੰਗਰੇਜ਼ੀ
ਪਿਉ,	ਪਿਤਾ,	ਪਿਤ੍ਰੀ	ਪਿਦਰ	ਪਾਟੇਰ	ਪੇਟਰ	ਫਾਦਰ
ਮਾਂ,	ਮਾਤਾ,	ਮਾਤ੍ਰੀ	ਮਾਦਰ	ਮਾਟੇਰ	ਮੇਟਰ	ਮਦਰ

‡ਅਮਰੀਕਨ ਫੀਚਰਟਰ, 11 ਸਤੰਬਰ, 1952

ਭਰਾ	ਭ੍ਰਾਤਾ	ਬਰਾਦਰ	ਫ੍ਰਾਟੇਰ	ਫਰੇਟਰ	ਬ੍ਰਦਰ	
ਨਾਂ	ਨਾਮ	ਨਾਮ	ਓਨੋਆ	ਨਾਮੇਨ	ਨੇਮ	
		(ਅਵੇਸਤਕੀ)				(ਗਾਥਕ)
ਮੈਂ	ਅਹੰ	ਅਜ਼ੇਮ੍	ਏਗੋ	ਏਗੋ	ਈਗੋ	ਇਗ
ਤੂੰ	ਤ੍ਵੰ	ਮੋ	ਸੁਇ	ਤੁ	ਯੂ	ਥੂ
ਦੋ	ਦ੍ਵੌ	ਦੋ	ਦੁਓ	ਦੁਓ	ਟੂ	ਤਵਈ
ਤ੍ਰੈ	ਤ੍ਰਯ	ਥ੍ਰੀ	ਤ੍ਰੇਸ	ਤ੍ਰੇਸ	ਥ੍ਰੀ	ਥ੍ਰੇ
ਨੌਂ	ਨਵ	ਨਵ	ਏਨੇਆ	ਨੌਵੇਮ	ਨਾਇਨ	ਨਿਉਨ
ਦਸ	ਦਸ	ਦਸ	ਦੇਕਾ	ਦੈਕੰ	ਟੈੱਨ	ਤੇਹੁਨ
ਸਉ (ਸੌ)	ਸ਼ਤ	ਸਤੇਮ੍	ਹੇਕਾਤੀਨ	ਕੇਂਤੁ	ਮੈਂਟ	ਹੁੰਦ

'ਸੌ' ਲਈ ਵਰਤੇ ਗਏ ਪਦਾਂ ਦੇ ਨਾਂ ਤੇ ਆਰੀਆ ਪਰਿਵਾਰ ਨੂੰ ਦੋ ਥਾਈਂ ਵੰਡਿਆ ਗਿਆ ਹੈ, ਪਹਿਲੀ 'ਸਤੇਮ੍ ਸ਼ਰੇਣੀ' ਹੈ ਜਿਸ ਵਿਚ ਹਿੰਦ-ਈਰਾਨੀ, ਅਰਮਾਨੀ, ਅਲਬਾਨੀ ਤੇ ਬਾਲਟਿੱਕ, ਸਲਾਵਿਕ ਆਦਿ ਜ਼ਬਾਨਾਂ ਹਨ। ਦੂਜੀ 'ਕੇਂਤੁਮ੍ ਸ਼ਰੇਣੀ ਹੈ, ਇਸ ਵਿਚ ਕੈਲਟਿਕ, ਇਤਾਲਵੀ, ਜਰਮਨੀ ਤੇ ਯੂਨਾਨੀ ਵਗੈਰਾ ਹਨ।

ਭਾਸ਼ਾ-ਵਿਗਿਆਨੀਆਂ ਨੇ ਇਨ੍ਹਾਂ ਪੁਰਾਣਿਆਂ ਰਿਸ਼ਤਿਆਂ ਦੇ ਅਧਾਰ ਤੇ ਪੀੜ੍ਹੀਆਂ ਮਿਲਾ ਕੇ ਹੀ ਸੰਸਾਰ ਦੀਆਂ ਕੁਲ ਬੋਲੀਆਂ ਨੂੰ 12 ਭਾਗਾਂ ਵਿਚ ਵੰਡਿਆ ਹੈ।‡ ਇਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ :—

1. **ਆਰੀਆ ਘਰਾਣਾ**—ਇਸ ਨੂੰ ਹਿੰਦ-ਯੂਰਨੀ ਯਾ ਹਿੰਦ-ਜਰਮਨੀ ਘਰਾਣੇ ਦਾ ਨਾਂ ਵੀ ਦਿੱਤਾ ਗਿਆ ਹੈ। ਇਸ ਬੰਸ ਦੀਆਂ ਜ਼ਬਾਨਾਂ ਉਤਰੀ ਹਿੰਦ, ਅਫਗਾਨਸਤਾਨ, ਈਰਾਨ ਤੇ ਲਗਭਗ ਸਾਰੇ ਯੂਰਪ ਵਿਚ ਬੋਲੀਆਂ ਜਾਂਦੀਆਂ ਹਨ। ਸੰਸਕ੍ਰਿਤ, ਪਾਲੀ, ਫ਼ਾਰਸੀ, ਯੂਨਾਨੀ, ਲਾਤੀਨੀ, ਅੰਗਰੇਜ਼ੀ, ਫਰਾਂਸੀਸੀ, ਜਰਮਨੀ ਤੇ ਹਿੰਦੁਸਤਾਨੀ ਸਭ ਇਸੇ ਟੱਬਰ ਵਿਚੋਂ ਨ। ਪੰਜਾਬੀ ਵੀ ਇਸੇ ਉਚੇ ਘਰਾਣੇ ਦੀ ਜੰਮੀ-ਜਾਈ ਹੈ।

2. **ਸਾਮੀ ਘਰਾਣਾ**—ਸਾਮੀ ਘਰਾਣੇ ਯਾ ਸੇਮੇਟਿਕ ਖਾਨਦਾਨ ਦੀਆਂ ਮਸ਼ਹੂਰ ਜ਼ਬਾਨਾਂ—ਹਿਬਰੂ (ਇਬਰਾਨੀ), ਅਰਬੀ, ਅਸੀਰੀਅਨ ਤੇ ਸ਼ੀਰੀਅਨ ਆਦਿਕ ਹਨ। ਯਹੂਦੀਆਂ ਤੇ ਈਸਾਈਆਂ ਦੀ ਧਰਮ-ਪੋਥੀ 'ਓਲਡ ਟੈਸਟਮੈਂਟ' ਪਹਿਲੇ ਇਬਰਾਨੀ ਵਿਚ ਹੀ ਲਿਖੀ ਗਈ ਸੀ। ਅਰਬੀ, ਕੁਰਾਨ ਦੀ ਜ਼ਬਾਨ ਹੋਣ ਕਰ ਕੇ ਮੁਸਲਮਾਨਾਂ ਵਿਚ ਬਹੁਤ ਆਦਰ ਤੇ ਅਸਰ ਰੱਖਦੀ ਹੈ।

3. **ਹਾਮੀ ਘਰਾਣਾ**—ਹਾਮੀ ਯਾ ਹੈਮੇਟਿਕ ਖਾਨਦਾਨ ਦੀਆਂ ਜ਼ਬਾਨਾਂ ਦਾ ਖੇਤਰ ਉਤਰੀ ਅਫਰੀਕਾ ਹੈ। ਜਿਨ੍ਹਾਂ ਵਿਚੋਂ ਮਿਸਰ ਦੀ ਪੁਰਾਣੀ ਬੋਲੀ ਕਾਪਟਕ, ਲਿਬੀਅਨ, ਇਥੋਪੀਅਨ ਤੇ ਹੌਸਾ ਆਦਿ ਹਨ। ਅਰਬ ਦੇ ਮੁਸਲਮਾਨੀ ਪ੍ਰਭਾਵ ਨੇ ਹੁਣ ਦੇ ਮਿਸਰ ਦੀ ਬੋਲੀ ਝਾਂ ਅਰਬੀ ਹੀ ਕਰ ਛੱਡੀ ਹੈ।

4. **ਚੀਨੀ-ਤਿੱਬਤੀ ਘਰਾਣਾ**—ਇਸ ਟੱਬਰ ਦੀਆਂ ਬੋਲੀਆਂ ਚੀਨ, ਤਿੱਬਤ, ਬਰਮਾ, ਸਿਆਮ ਤੇ ਕੁਛ ਹਿਮਾਲੀਆ ਦੇ ਅੰਦਰਲੇ ਭਾਗਾਂ ਵਿਚ ਬੋਲੀਆਂ ਜਾਂਦੀਆਂ ਹਨ। ਸਾਰੇ

Sri Sadguru Jagjit Singh Ji Library SriMaharIElibrary@gmail.com

ਦੱਖਣੀ ਪੂਰਬ ਏਸ਼ੀਆ ਵਿਚ ਇਨ੍ਹਾਂ ਦਾ ਬੋਲ-ਬਾਲਾ ਹੈ । ਇਨ੍ਹਾਂ ਵਿਚੋਂ ਚੀਨੀ ਸ਼ਿਰੋਮਣੀ ਅਤੇ ਪੁਰਾਣੀ ਜ਼ਬਾਨ ਹੈ ।

5. **ਯੂਰਾਲ ਅਲਟਾਇਕ ਘਰਾਣਾ**—ਇਸ ਨੂੰ ਤੂਰਾਨੀ ਘਰਾਣੀ ਵੀ ਕਿਹਾ ਗਿਆ ਹੈ । ਇਸ ਖਾਨਦਾਨ ਦੀਆਂ ਬੋਲੀਆਂ ਚੀਨ ਦੇ ਉੱਤੁਰ ਵੱਲ ਮੰਗੋਲੀਆ, ਮਨਚੋਰੀਆ ਤੇ ਸਾਇਬੇਰੀਆ ਵਿਚ ਬੋਲੀਆਂ ਜਾਂਦੀਆਂ ਹਨ । ਤੁਰਕੀ ਯਾ ਤਾਤਾਰੀ ਇਸੇ ਵਿਚੋਂ ਹੈ । ਫਿਨਲੈਂਡ ਤੇ ਹੰਗਰੀ ਦੀਆਂ ਯੂਰਪੀਨ ਬੋਲੀਆਂ ਵੀ ਇਸੇ ਟੱਬਰ ਦੀਆਂ ਦੱਸੀਆਂ ਜਾਂਦੀਆਂ ਹਨ ।

6. **ਦ੍ਰਾਵੜ ਘਰਾਣਾ**— ਇਸ ਕੁਲ ਦੀਆਂ ਜ਼ਬਾਨਾਂ ਦੱਖਣੀ ਭਾਰਤ ਵਿਚ ਬੋਲੀਆਂ ਜਾਂਦੀਆਂ ਹਨ । ਇਨ੍ਹਾਂ ਵਿਚੋਂ ਤਾਮਲ, ਤੈਲਗੂ, ਮਲਿਆਲਮ ਤੇ ਕੰਨੜ ਮੁੱਖ ਹਨ । ਬਲੋਚਸਤਾਨ ਵਿਚ ਕੋਇਟੇ ਦੁਆਲੇ ਦੀ ਬ੍ਰਾਹੂਈ ਜ਼ਬਾਨ ਵੀ ਇਸੇ ਬੰਸ ਦੀ ਹੈ ।‡ ਖ਼ਿਆਲ ਹੈ ਕਿ ਆਰੀਆ ਤੋਂ ਪਹਿਲਾਂ ਦੇ ਹਿੰਦ ਵਾਸੀ ਦ੍ਰਾਵੜ ਹੀ ਸਨ ਜਿਨ੍ਹਾਂ ਨੂੰ ਆਰੀਆਂ ਨੇ ਦੱਖਣ ਵਲ ਧੱਕ ਦਿਤਾ । ਰਾਮ ਰਾਵਣ ਦੀ ਜੰਗ ਦਰਅਸਲ ਦੋਹਾਂ ਕੌਮਾਂ ਦੀ ਫੈਸਲਾ-ਕੁਨ ਆਖ਼ਰੀ ਲੜਾਈ ਸੀ, ਜਿਸ ਵਿਚ ਆਰੀਏ ਵਿਜਈ ਹੋਏ ।

7. **ਮੈਲੇ ਪਾਲੀਨੇਸ਼ੀਅਨ ਘਰਾਣਾ**—ਇਹ ਟੱਬਰ ਮਲਾਕਾ, ਪ੍ਰਸ਼ਾਂਤ ਮਹਾਂਸਾਗਰ ਦੇ ਜਾਵਾ, ਸੁਮਾਟਰਾ, ਬੋਰਨੀਓ ਆਦਿ ਟਾਪੂਆਂ ਤੇ ਮਡਗਾਸਕਰ ਟਾਪ ਵਿਚ ਫੈਲਿਆ ਹੋਇਆ ਹੈ । ਨਿਊਜ਼ੀਲੈਂਡ ਦੀ ਬੋਲੀ ਇਸੇ ਕੁਲ ਦੀ ਹੈ ਅਤੇ ਹਿੰਦ ਦੇ ਸੰਥਾਲ ਤੇ ਕੋਲਾਂ, ਭੀਲਾਂ ਦੀ ਜ਼ਬਾਨ ਵੀ ਕੁਝ ਕੁਝ ਇਸੇ ਨਾਲ ਸਬੰਧ ਰਖਦੀ ਹੈ ।

8. **ਬੰਟੂ ਘਰਾਣਾ**—ਦੱਖਣੀ ਅਫਰੀਕਾ ਦੇ ਆਦਿ ਵਾਸੀਆਂ ਵਿਚ ਇਸ ਬੰਸ ਦੀਆਂ ਬੋਲੀਆਂ ਚਾਲੂ ਹਨ । ਜੰਜੀਬਾਰ ਦੀ ਸੁਆਹਲੀ ਇਨ੍ਹਾਂ ਵਿਚੋਂ ਮੁਖ ਹੈ ।

9. **ਮੱਧ-ਅਫਰੀਕੀ ਘਰਾਣਾ**—ਉਤਰ ਵਲ ਹਾਮੀ ਘਰਾਣੇ ਦੀਆਂ ਬੋਲੀਆਂ ਤੇ ਦੱਖਣ ਵੱਲ ਬੰਟੂ ਘਰਾਣੇ ਦੀਆਂ ਬੋਲੀਆਂ ਵਿਚਾਲੇ ਇਸ ਪਰਿਵਾਰ ਦਾ ਜ਼ੋਰ ਹੈ, ਸੂਡਾਨੀ ਭਾਸ਼ਾਵਾਂ ਇਸੇ ਵਿਚੋਂ ਹਨ ।

10. **ਮਿਰਕਣ ਘਰਾਣਾ**—ਉਤਰੀ ਤੇ ਦੱਖਣੀ ਅਮ੍ਰੀਕਾ ਦੇ ਆਦਿ—ਵਾਸੀਆਂ ਵਿਚ ਇਸ ਬੰਸ ਦੀਆਂ ਕਈ ਭਿੰਨ ਭਿੰਨ ਬੋਲੀਆਂ ਮਿਲਦੀਆਂ ਹਨ । ਨਵੇਂ ਵਾਸੀਆਂ ਦੀ ਪ੍ਰਧਾਨ ਜ਼ਬਾਨ ਤਾਂ ਆਰੀਆ ਬੰਸੀ ਹੀ ਹੈ ।

11. **ਆਸਟਰੇਲੀਅਨ ਘਰਾਣਾ**—ਆਸਟਰੇਲੀਆ ਟਾਪ ਵਿਚ ਤੇ ਤਸਮੇਨੀਆ ਦੇ ਆਦਿ-ਵਾਸੀਆਂ ਵਿਚ ਇਹ ਬੋਲੀਆਂ ਪ੍ਰਚਲਤ ਹਨ ।

12. **ਅਗਿਆਤ ਘਰਾਣਾ**—ਕਈ ਬੋਲੀਆਂ ਦਾ ਪੁਰਾਣਾ ਬੰਸ ਲੱਭਿਆ ਨਹੀਂ ਜਾ ਸਕਿਆ । ਕਾਕੇਸ਼ੀਆ ਦੀਆਂ ਬੋਲੀਆਂ ਤੇ ਯੂਰਪ ਵਿਚਲੀਆਂ ਬਾਸਕ ਤੇ ਯੂਟਰਸਕਨ ਇਸੇ ਤਰ੍ਹਾਂ ਦੀਆਂ ਹਨ ।

ਇਨ੍ਹਾਂ ਭਾਸ਼ਾ-ਘਰਾਣਿਆਂ ਦੀ ਜ਼ਰਾ ਹੋਰ ਵਧੇਰੇ ਵਾਕਫੀ ਲਈ ਬੋਲੀਆਂ ਦੇ ਖੋਜੀ ਵਿਦਵਾਨ ਸ੍ਰੀ ਬ੍ਰਿਜ ਮੋਹਨ ਤਿਵਾਰੀ ਐਮ. ਏ. ਦਾ ਇਹ ਟੋਟਾ ਪੜ੍ਹਨਾ ਲਾਭਦਾਇਕ ਰਹੇਗਾ ।

‡ਬਲੋਚੀ, (ਇੰਡੋ-ਅਰੀਅਨ ਐਂਡ ਇੰਡੀਅਨ) ਪੰਨਾ 39

ਬਾਵਜੂਦ ਕਈ ਗੱਲਾਂ ਦੀ ਦੋਹਮੈਣ ਦੇ ਇਸ ਲੱਭ ਨੂੰ ਤਿਆਗਿਆ ਨਹੀਂ ਜਾ ਸਕਦਾ। ਉਹ ਲਿਖਦੇ ਹਨ :—

ਭੂਗੋਲਕ ਨੁਕਤਾ ਨਿਗਾਹ ਨਾਲ ਸੰਸਾਰ ਭਰ ਦੀਆਂ ਬੋਲੀਆਂ ਨੂੰ ਚਾਰ ਹਿਸਿਆਂ ਵਿਚ ਵੰਡਿਆ ਜਾ ਸਕਦਾ ਹੈ। ਯੂਰੇਸ਼ੀਅਨ, ਅਫਰੀਕਨ, ਅਮਰੀਕਨ ਤੇ ਪ੍ਰਸ਼ਾਂਤ ਮਹਾਂ ਸਾਗਰੀ।

ਯੂਰੇਸ਼ੀਆ ਹਿਸੇ ਦੀ ਬੋਲੀ ਸਭ ਮਤਾਂ ਦੇ ਖਿਆਲ ਵਿਚ ਸਭ ਤੋਂ ਵਧੀਕ ਮਹੱਤਤਾ ਵਾਲੀ ਹੈ। ਇਸ ਦੇ ਮੋਹਰੀ ਪਰਵਾਰ ਇਹ ਹਨ :—(1) ਇੰਡੋ ਯੂਰਪੀਨ, (2) ਕਾਕੇਸ਼ੀਅਨ, (3) ਚੀਨੀ, (4) ਯੂਰਾਲ ਅਲਤਾਈ, (5) ਸੈਮੇਟਿਕ, (6) ਦ੍ਰਾਵੜ, (7) ਬਾਸਕ ਤੇ ਸੁਮੇਰੀਅਨ।

ਇੰਡੋ-ਯੂਰਪੀਨ ਪ੍ਰਵਾਰ ਦੇ ਦਸ ਉਪ-ਪ੍ਰਵਾਰ ਹਨ—(1) ਕੈਲਟਿਕ, (2) ਟਿਉਟਾਨਕ, (3) ਲੈਟਿਨ, (4) ਹੈਲੇਨਿਕ, (5) ਹਿਤੋ (ਹਿਟਾਟਿਕ), (6) ਤੁਖਾਰੀ, (7) ਅਲਬੇਨੀਅਨ, (8) ਅਰਮੇਨੀਅਨ, (9) ਲੈਟੋਸਲਾਵਿਕ, (10) ਆਰੀਆ (ਇੰਡੋਈਰਾਨੀ)। ਹਿੰਦੁਸਤਾਨ ਦੀ ਸੰਸਕ੍ਰਿਤ, ਪਾਲੀ, ਹਿੰਦੀ, ਉਰਦੂ, ਬੰਗਾਲੀ, ਗੁਜਰਾਤੀ, ਮਰਹਟੀ ਵਗੈਰਾ ਤੋਂ ਲੈ ਕੇ ਯੂਰਪ ਦੀਆਂ ਯੂਨਾਨੀ, ਲਾਤੀਨੀ, ਜਰਮਨੀ, ਫਰਾਂਸੀਸੀ, ਅੰਗਰੇਜ਼ੀ, ਇਤਾਲਵੀ, ਰੂਸੀ, ਸਪੇਨੀ, ਸਵੀਡਨੀ ਵਗੈਰਾ ਸਭ ਬੋਲੀਆਂ ਇਸੇ ਖਾਨਦਾਨ ਵਿਚੋਂ ਹਨ।

ਕਾਕੇਸ਼ੀਅਨ ਪਰਵਾਰ ਦੀਆਂ ਛੇ ਬੋਲੀਆਂ ਹਨ—(1) ਕਿਰਕਾਸ਼ੀਅਨ, (2) ਕਿਸਤਅਨ, (3) ਲੈਸਿਘਾਅਨ, (4) ਮਿਗਰੇਲੀਅਨ, (5) ਜਾਰਜੀਅਨ, (6) ਸੁਆਨੀਅਨ। ਇਨ੍ਹਾਂ ਬੋਲੀਆਂ ਵਿਚ ਪ੍ਰਤਯ ਬਹੁਤ ਹੁੰਦੇ ਹਨ।

ਚੀਨੀ ਪਰਵਾਰ ਵਿਚ ਚਾਰ ਮੁਖ ਬੋਲੀਆਂ ਹਨ—(1) ਚੀਨੀ, (2) ਸਿਆਮੀ, (3) ਅਨਾਮੀ, (4) ਤਿਬਤੀ-ਬਰਮੀ। ਇਸ ਪਰਵਾਰ ਦੇ ਬੋਲਣ ਵਾਲਿਆਂ ਦੀ ਗਿਣਤੀ ਇੰਡੋਯੂਰਪੀਨ ਪਰਵਾਰ ਦੇ ਮੁਕਾਬਲੇ ਦੇ ਦੂਜੇ ਦਰਜੇ ਤੇ ਹੈ। ਇਸ ਪਰਵਾਰ ਦਾ ਧਾਰਮਕ ਏਕਤਾ ਬਣਾਈ ਰੱਖਣ ਵਿਚ ਬਹੁਤ ਹਿੱਸਾ ਹੈ। ਇਸ ਵਿਚ ਚੀਨੀ ਬੋਲੀ ਹੀ ਪ੍ਰਧਾਨ ਹੈ, ਜਿਸ ਦਾ ਬਾਕੀਆਂ ਉਤੇ ਬਹੁਤ ਅਸਰ ਹੈ। ਚੀਨੀ ਬੋਲੀ ਵਿਚ ਹਰ ਇਕ ਸ਼ਬਦ ਲਈ ਇਕ ਚਿਤ੍ਰ ਹੁੰਦਾ ਹੈ, ਜਿਸ ਰਾਹੀਂ ਸੂਖਮ ਤੋਂ ਸੂਖਮ ਭਾਵ ਸੌਖਿਆਂ ਜ਼ਾਹਰ ਕੀਤੇ ਜਾ ਸਕਦੇ ਹਨ।

ਯੂਰਾਲ ਅਲਤਾਈ ਪਰਵਾਰ ਦੇ ਪੰਜ ਉਪ-ਪਰਵਾਰ ਹਨ—(1) ਮੰਗੋਲੀਅਨ, (2) ਟੱਰਕੋ ਟਾਰਟਰ, (3) ਟੰਗੂਜ਼, (4) ਫਿਨੋਅਗਰਿਕ, (5) ਸੈਮੋਯੇਦ।

ਮੰਗੋਲੀਅਨ ਭਾਸ਼ਾ ਮਨਚੋਰੀਆ ਤੇ ਮੰਗੋਲੀਆ ਵਿਚ ਬੋਲੀ ਜਾਂਦੀ ਹੈ। ਟੰਗੂਜ਼ ਉਥੇ ਟਸਰ ਸਾਗਰ ਦੇ ਲਾਗਲੇ ਹਿਸਿਆਂ ਵਿਚ ਤੇ ਮਨਚੋਰੀਆ ਦੇ ਕੁਝ ਹਿਸ੍ਸਿਆਂ ਵਿਚ ਬੋਲੀ ਜਾਂਦੀ ਹੈ। ਸੈਮੋਯੇਦ ਆਰਟਿਕ ਸਾਗਰ ਦੇ ਪੱਛਮੀ ਭਾਗਾਂ ਵਿਚ ਬੋਲੀ ਜਾਂਦੀ ਹੈ। ਫਿਨੋਅਗਰਿਕ ਵਿਚ ਕਈ ਬੋਲੀਆਂ ਹਨ। ਇਹ ਸਭ ਹੰਗਰੀ, ਬਲਗਾਰੀਆ, ਯੂਰਾਲ ਪਰਬਤ ਤੇ ਸਾਇਬੇਰੀਆ ਵਿਚ ਬੋਲੀਆਂ ਜਾਂਦੀਆਂ ਹਨ।

ਸੈਮੇਟਿਕ ਪਰਵਾਰ ਵਿਚ 9 ਬੋਲੀਆਂ ਹਨ—(1) ਅਸੀਰੀਅਨ, (2) ਬੈਬਲੋਨੀਅਨ, (3) ਪਰਵਰਤੀ ਅਰਮਾਈਕ, (4) ਹਿਬਰੂ, (5) ਮੋਬਾਇਟ, (6) ਪੀਊਨਿਕ, (7) ਅਰਬੀ, (8) ਹਿਮਅਰਟਿਕ, (9) ਐਬੇਸੀਨੀਅਨ। ਇੰਡੋਯੂਰਪੀਨ ਪਰਵਾਰ ਨੂੰ ਛਡ ਕੇ ਸਭ ਤੋਂ ਵੱਡਾ ਪਰਵਾਰ ਇਹੀ ਹੈ। ਇਸ ਪਰਵਾਰ ਨੇ ਸੰਸਾਰ ਨੂੰ ਲਿਪੀ ਕਲਾ ਸਿਖਲਾਈ। ਕੇਵਲ ਚੀਨ ਤੇ ਭਾਰਤ ਦੀਆਂ ਲਿਪੀਆਂ ਹੀ ਸੁਤੰਤਰ ਤੇ ਸੁਦੇਸ਼ੀ ਹਨ। ਇਸ ਬੋਲੀ ਵਿਚ ਪੜਨਾਂਵ, ਕਿਰਿਆ ਦੇ ਅੰਤ ਵਿਚ ਲਾਏ ਜਾਂਦੇ ਹਨ। ਜਿਸ ਤਰ੍ਹਾਂ ਕਤਰਾਈ (ਮੇਰੀ ਕਿਤਾਬ)।

ਦ੍ਰਾਵੜ ਪਰਵਾਰ ਵਿਚ 12 ਬੋਲੀਆਂ ਹਨ—(1) ਤਾਮਿਲ, (2) ਮਲਿਆਲਮ, (3) ਕੰਨੜ, (4) ਤੁਲੂ, (5) ਟੋਡਾ, (6) ਕੋਤਗੂ, (7) ਕੂਈ, (8) ਕੁਰੁਖ, (9) ਗੋਂਡੀ, (10) ਕੁਲਾਮੀ, (11) ਤੇਲਗੂ, (12) ਬਰਾਹੂਈ।

ਇਸ ਪਰਵਾਰ ਦੀਆਂ ਬੋਲੀਆਂ ਵਿਚ ਇਕ ਵਿਸ਼ੇਸ਼ਤਾ ਹੈ ਕਿ ਉਤਮ ਪੁਰਸ਼ ਪੜਨਾਂਵ ਦੇ ਦੋ ਰੂਪ ਹੁੰਦੇ ਹਨ, ਜਿਨ੍ਹਾਂ ਵਿਚ ਇਕ ਵਿਚ ਸ੍ਰੋਤਾ ਵੀ ਸ਼ਾਮਲ ਰਹਿੰਦਾ ਹੈ। ਬਾਸਕ ਭਾਸ਼ਾ ਸਪੇਨ ਤੇ ਫਰਾਂਸ ਦੀਆਂ ਹੱਦਾਂ ਤੇ ਬੋਲੀ ਜਾਂਦੀ ਹੈ। ਇਸ ਵਿਚ ਲਿੰਗ-ਭੇਦ ਕਿਰਿਆਵਾਂ ਰਾਹੀਂ ਪ੍ਰਗਟਾਇਆ ਜਾਂਦਾ ਹੈ। ਸੁਮੇਰੀਅਨ ਭਾਸ਼ਾ ਬੈਬੀਲਾਨ ਵਿਚ ਬੋਲੀ ਜਾਂਦੀ ਹੈ। ਇਸ ਦੀ ਸਭਿਅਤਾ ਕਦੀ ਬੜੀ ਉਚ ਕੋਟੀ ਦੀ ਰਹੀ ਹੈ।

ਅਫ਼ਰੀਕਨ ਪਰਵਾਰ ਦੀਆਂ ਚਾਰ ਮੁਖ ਬੋਲੀਆਂ ਹਨ—(1) ਬੰਟੂ, (2) ਹੈਮੇਟਿਕ, (3) ਸੈਮੇਟਿਕ, (4) ਸੂਡਾਨ। ਇਨ੍ਹਾਂ ਵਿਚੋਂ ਹੈਮੇਟਿਕ ਤੇ ਸੈਮੇਟਿਕ ਮੁਖ ਪਰਵਾਰ ਹਨ। ਹੈਮੇਟਿਕ ਦੀ ਕਾਮਟਿਕ ਭਾਸ਼ਾ ਵਿਚ ਲਿਖਿਆ ਹੋਇਆ ਧਾਰਮਕ ਸਾਹਿਤ ਬੜੀ ਖਾਸ ਮਹੱਤਤਾ ਰੱਖਦਾ ਹੈ। ਸੈਮੇਟਿਕ ਪਰਵਾਰ ਦੀ ਪ੍ਰਸਿਧ ਬੋਲੀ ਅਰਬੀ ਹੈ, ਜੋ ਕਿ ਮਿਸਰ, ਐਲਜੀਅਰਸ ਤੇ ਮਰਾਕੋ ਵਗੈਰਾ ਦੇਸ਼ਾਂ ਵਿਚ ਰਾਜ-ਕਾਜ ਵਿਚ ਵਰਤੀ ਜਾਂਦੀ ਹੈ। ਅਮਰੀਕਨ ਭਾਗ ਦੀਆਂ ਬੋਲੀਆਂ ਵਿਚ ਅਸਕੀਮੋ, ਮੋਦੋਕੂ, ਅਜ਼ਤੇਕ, ਮਯ, ਕਾਰਬ, ਅਰਬਾਕ, ਗੁਆਰਨੀ, ਤੁਪੀ, ਅਰੋਕਨ ਤੇ ਚਾਕੋ ਵਗੈਰਾ ਪ੍ਰਧਾਨ ਹਨ। ਇਨ੍ਹਾਂ ਬੋਲੀਆਂ ਦਾ ਖਾਸ ਮੁਤਾਲਿਆ ਨਹੀਂ ਹੋਇਆ। ਅਜਤੇਕ ਤੇ ਮਯ-ਸਭਿਅਤਾ ਬਹੁਤ ਪੁਰਾਣੀਆਂ ਹਨ।

ਪ੍ਰਸ਼ਾਂਤ ਮਹਾਂ ਸਾਗਰੀ ਬੋਲੀਆਂ ਦੇ ਪੰਜ ਉਪ-ਪਰਵਾਰ ਮੰਨੇ ਜਾਂਦੇ ਹਨ—(1) ਮਲਯਨ, (2) ਮੈਲਾਨੇਸ਼ੀਅਨ, (3) ਪੋਲੀਨੇਸ਼ੀਅਨ, (4) ਪ ਪੂਅਨ, (5) ਆਸਟਰੇਲੀਅਨ। ਮਲਯਮ ਬੋਲੀਆਂ, ਮਲੇ ਟਾਪੂ, ਸਮਾਟਰਾ, ਜਾਵਾ, ਬੋਰਨੀਓ ਤੇ ਫਿਲਪਾਇਨ ਵਗੈਰਾ ਜਜ਼ੀਰਿਆਂ ਵਿਚ ਬੋਲੀਆਂ ਜਾਂਦੀਆਂ ਹਨ। ਮਲੈਨੇਸ਼ੀਅਨ ਨੀਊਗਿਨੀ ਤੇ ਫਿਜ਼ੀ ਟਾਪੂਆਂ ਵਿਚ, ਪੋਲੀਨੇਸ਼ੀਅਨ ਨਿਊਜ਼ੀਲੈਂਡ ਵਿਚ ਤੇ ਆਸਟਰੇਲੀਅਨ ਆਸਟਰੇਲੀਆ ਨਾਮੀ ਮਹਾਂ ਦੀਪ ਵਿਚ ਬੋਲੀ ਜਾਂਦੀ ਹੈ। ਇਨ੍ਹਾਂ ਬੋਲੀਆਂ ਵਿਚ ਕੋਈ ਸਾਹਿਤ-ਰਚਨਾ ਨਹੀਂ ਹੋਈ ਤੇ ਨਾ ਹੀ ਅਜੇ ਵਿਦਵਾਨਾਂ ਇਨ੍ਹਾਂ ਦਾ ਡੂੰਘਾ ਮੁਤਾਲਿਆ ਹੀ ਕੀਤਾ ਹੈ।

[ਹਿੰਦੀ ਵਿਸ਼ਵ ਭਾਰਤੀ, ਪੰਨਾ 231-32

ਜੇ ਕਰ ਅਸੀਂ ਤੁਲਨਾਤਮਕ ਵਿਚਾਰ ਲਈ ਗਿਣਤੀ ਦੇ ਲਿਹਾਜ਼ ਨਾਲ ਵੀ ਸੰਸਾਰ ਦੀਆਂ ਬੋਲੀਆਂ ਦਾ ਥੋੜ੍ਹਾ ਜਿਹਾ ਖਿਆਲ ਕਰੀਏ ਤਾਂ ਇਹ ਵੀ ਇਕ ਵੱਡਾ ਦਿਲਚਸਪੀ ਦਾ ਵਿਸ਼ਾ ਹੈ। ਮਿਸਟਰ ਲੇਨਾਰਡ ਬਲੂਮਫੀਲਡ ਨੇ ਆਪਣੀ ਕਿਤਾਬ 'ਲੈਂਗੂਏਜ' ਵਿਚ—44 ਪਨੇ ਤੇ ਸੰਸਾਰ ਦੀਆਂ ਬੋਲੀਆਂ ਦਾ ਕੁਝ ਵੇਰਵਾ ਦਿਤਾ ਹੈ ਪਰ ਉਹ ਅੰਕੜੇ ਪੁਰਾਣੇ ਹਨ। ਨਵੇਂ ਅਕੜਿਆਂ ਮੁਤਾਬਕ ਅਗੇ ਕੁਝ ਵੇਰਵਾ ਦਿੱਤਾ ਜਾਂਦਾ ਹੈ :—

ਚੀਨੀ	475,000,000
ਅੰਗ੍ਰੇਜ਼ੀ	225,000,000
ਹਿੰਦੀ	150000000 ?
ਰੂਸੀ	170,000,000
ਜਾਪਾਨੀ	90,400,000
ਸਪੇਨੀ	80,189,000

Sri Satguru Jagjit Singh Ji eLibrary NamdhariElibrary@gmail.com

ਜਰਮਨੀ	78,233,000
ਫਰਾਂਸੀਸੀ	62,410,000
ਬੰਗਾਲੀ	60,000,000
ਪੁਰਤਗਾਲੀ	47,000,000
ਜਾਵਨੀ	42,000,000
ਇਤਾਲਵੀ	41,400,000
ਪੰਜਾਬੀ	34,000,000
ਪੋਲਿਸ਼	32,000,000
ਅਰਬੀ	29,021,000
ਤੈਲਗੂ	25,000,000
ਮਰਾਠੀ	20,000,000
ਤਾਮਲ	19,000,000
ਰੂਮਾਨੀ	17,400,000
ਤਿਬਤੀ ਬਰਮੀ	17,000,000
ਡੱਚੀ	15,683,000
ਜੈਕੋਸਲਵਾਕੀ	15,000,000
ਸਿਆਮੀ	11,200,000
ਸਰਬੀਅਨ	11,000,000
ਅਫਗਾਨੀ	11,000,000
ਗੁਜਰਾਤੀ	10,682,000
ਫਾਰਸੀ	10,000,000
ਹੰਗਰੀਅਨ	8,688,000
ਬੋਹੋਮੀ	7,100,000
ਸਵੀਡਨੀ	6,501,000
ਯੂਨਾਨੀ	6,480,000
ਨੈਪਾਲੀ	6,000,000
ਐਬੇਸੀਨੀਅਨ	5,550,000
ਸਲਵੇਨੀਅਨ	5,485,000
ਡੈਨਸ਼	3,660,000
ਫਲੇਮਸ਼	3,500,000
ਫਿਨੀਸ਼ੀ	3,022,000
ਨਾਰਵੀਅਨ	2,814,000
ਲਿਥੋਨੀਅਨ	2,393,000
ਲੈਟਿਸ਼	1,848,000
ਅਸਟੋਨੀਅਨ	1,120,000

ਅਲਬੇਨੀਅਨ 1,004,000

[ਭਾਰਤ ਈਅਰ ਬੁਕ (1953) ਪੰਨਾ 498

ਉਪਰੋਕਤ ਅੰਕੜੇ ਟਾਕਰੇ ਲਈ ਕਾਫੀ ਲਾਭਦਾਇਕ ਹਨ। ਇਸ ਤੋਂ ਅਸੀਂ ਹਿੰਦੁਸਤਾਨੀ ਬੋਲੀਆਂ ਅਤੇ ਆਪਣੀ ਮਾਤ-ਭਾਸ਼ਾ ਪੰਜਾਬੀ ਦੀ ਮਹੱਤਤਾ ਦਾ ਅਨੁਮਾਨ ਲਾ ਸਕਦੇ ਹਾਂ ਕਿ ਇਹ ਗਿਣਤੀ ਦੇ ਲਿਹਾਜ਼ ਨਾਲ ਵੀ ਹਿੰਦ ਤੇ ਯੂਰਪ ਦੀਆਂ ਬਈਆਂ ਬੋਲੀਆਂ ਨਾਲੋਂ ਵਧ ਵਡਿਆਈ ਦੀ ਮਾਲਕ ਹੈ।

ਹਿੰਦੁਸਤਾਨੀ ਬੋਲੀਆਂ

ਆਰੀਆ-ਘਰਾਣਾ ਬੋਲੀਆਂ ਦਾ ਸਭ ਤੋਂ ਵੱਡਾ ਘਰਾਣਾ ਹੈ। ਇਸ ਵਿਚ ਹਿੰਦੁਸਤਾਨੀ, ਈਰਾਨੀ ਤੇ ਯੂਰਪੀਨ ਤਿੰਨ ਵੱਡੀਆਂ ਸ਼ਾਖਾਂ ਹਨ। ਸਾਡਾ ਸਬੰਧ ਹਿੰਦੁਸਤਾਨੀ-ਆਰੀਆ ਘਰਾਣੇ ਨਾਲ ਹੈ। ਦੱਖਣੀ ਭਾਰਤ ਦੀਆਂ ਦਰਾਵੜ ਘਰਾਣੇ ਦੀਆਂ ਬੋਲੀਆਂ ਵੀ ਸ਼ਾਮਲ ਕਰ ਕੇ ਹਿੰਦ ਦੀਆਂ ਕੁਲ ਬੋਲੀਆਂ ਜਾਰਜ ਗ੍ਰੀਅਰਸਨ ਦੀ ਗਿਣਤੀ ਅਨੁਸਾਰ 179 ਬੋਲੀਆਂ ਤੇ 544 ਉਪਬੋਲੀਆਂ ਹਨ। ਡਾ: ਸਿਧੇਸਵਰ ਵਰਮਾ ਹਿੰਦ ਦੀਆਂ ਕੁਲ 225 ਬੋਲੀਆਂ ਤੇ 750 ਉਪਬੋਲੀਆਂ ਗਿਣਦਾ ਹੈ; 1911 ਦੀ ਮਰਦੁਮਸ਼ੁਮਾਰੀ ਵਿਚ ਹਿੰਦ ਦੀਆਂ (ਸਮੇਤ ਬਰਮਾ ਦੇ) ਕੁਲ 188 ਬੋਲੀਆਂ ਤੇ 49 ਉਪਬੋਲੀਆਂ ਦਰਜ ਕੀਤੀਆਂ ਗਈਆ ਹਨ।§

ਮੌਜੂਦਾ ਹਿੰਦ ਦੀ ਸਾਢੇ ਛੱਤੀ ਕਰੋੜ ਕੁਲ ਵਸੋਂ ਵਿਚ 73 ਫੀ ਸਦੀ ਲੋਕ ਆਰੀਆ ਜ਼ਬਾਨਾਂ ਬੋਲਦੇ, 20 ਫੀ ਸਦੀ ਦ੍ਰਾਵੜ ਜ਼ਬਾਨਾਂ ਵਰਤਦੇ ਹਨ। ਬਾਕੀ ਕੁਛ ਲੋਕ ਆਸਟਰਕ (ਨਿਖਾਦ) ਘਰਾਣੇ ਦੀਆਂ ਸੰਥਾਲੀ, ਮੁੰਡਾਰੀ ਤੇ ਹੋ ਆਦਿ ਬੋਲੀਆਂ ਬੋਲਦੇ ਹਨ। ਸੰਥਾਲੀ ਬੋਲਣਹਾਰੇ (ਅਸਾਮ, ਬੰਗਾਲ, ਉੜੀਸਾ ਤੇ ਬਿਹਾਰ ਵਿਚ) 30 ਕੁ ਲੱਖ ਹਨ, ਮੁੰਡਾਰੀ ਤੇ ਹੋ ਦੇ ਬੁਲਾਰੇ ਹਜ਼ਾਰਾਂ ਦੀ ਗਿਣਤੀ ਵਿਚ ਹੀ ਹਨ। ਇਸ ਤੋਂ ਇਲਾਵਾ ਚੀਨੀ-ਤਿਬਤੀ ਘਰਾਣੇ ਦੀਆਂ ਬੋਲੀਆਂ ਵੀ ਕੁਛ ਪਹਾੜੀ ਕਬੀਲਿਆਂ ਵਿਚ (ਹਿਮਾਲਾ ਦੀ ਦੱਖਣੀ ਢਲਾਣ, ਉਤਰੀ ਬੰਗਾਲ ਤੇ ਅਸਾਮ (ਮਨੀਪੁਰ) ਵਲ ਵਰਤੀਂਦੀਆਂ ਹਨ।‡

ਭਾਰਤ ਦੇ ਨਵੇਂ ਬਣੇ ਸੰਵਿਧਾਨ (ਆਈਨ) ਵਿਚ ਅੱਠਵੀਂ ਅਨੁਸੂਚੀ ਹੇਠ ਕੁਲ—ਉਰਦੂ, ਉੜੀਆ, ਅਸਾਮੀ, ਸੰਸਕ੍ਰਿਤ, ਹਿੰਦੀ, ਕਸ਼ਮੀਰੀ, ਕੰਨੜ, ਗੁਜਰਾਤੀ, ਤਾਮਲ, ਤੇਲਗੂ, ਪੰਜਾਬੀ, ਬੰਗਾਲੀ ਮਰਾਠੀ ਤੇ ਮਲਿਆਲਮ—14 ਬੋਲੀਆਂ ਨੂੰ ਸ਼ਿਰੋਮਣੀ ਮੰਨਕੇ ਗਿਣਿਆ ਗਿਆ ਹੈ। ਰਾਜਸਥਾਨੀ, ਬਿਹਾਰੀ ਤੇ ਕੁਛ ਪਹਾੜੀ ਬੋਲੀਆਂ ਨੂੰ 'ਹਿੰਦੀ' ਹੇਠ ਹੀ ਦਬਾ ਦਿੱਤਾ ਗਿਆ ਹੈ। ਪ੍ਰਾਚੀਨ ਭਾਰਤ ਵਿਚ ਕਿਹੜੀਆਂ ਕਿਹੜੀਆਂ ਬੋਲੀਆਂ ਪ੍ਰਧਾਨ ਤੇ ਉਹ ਕਿਸ ਕਿਸ ਨਾਂ ਹੇਠ ਪ੍ਰਚਲਤ ਸਨ, ਇਨ੍ਹਾਂ ਦਾ ਜ਼ਿਕਰ ਤਾਂ ਅੱਗੇ ਕੀਤਾ ਜਾਵੇਗਾ। ਹੁਣ ਹਿੰਦ ਦੀਆਂ ਪ੍ਰਚਲਤ ਮੁਖੀ ਭਾਸ਼ਾਵਾਂ ਦਾ ਥੋੜ੍ਹਾ ਜਿਹਾ ਹਾਲ ਦਿੱਤਾ ਜਾਂਦਾ ਹੈ।

---

§ਇੰਡੋ ਆਰੀਅਨ ਐਂਡ ਹਿੰਦੀ (ਐਸ. ਕੇ. ਚੈਟਰਜੀ) ਪੰਨਾ 134
‡ਮਾਰਚ ਆਫ਼ ਇੰਡੀਆ, ਸਤੰਬਰ, ਅਕਤੂਬਰ 1952 (S. K. ਚੈਟਰਜੀ)
*ਹਿੰਦੀ ਭਾਸ਼ਾ ਔਰ ਲਿਪੀ, (ਸ੍ਰੀ ਧੀਰੇਂਦ੍ਰ ਵਰਮਾ)
ਭਾਸ਼ਾ ਵਿਗਿਆਨ ਸਾਰ (ਰਾਮ ਮੂਰਤੀ ਮੇਹਰੋਤਰਾ)
ਸਮਾਨਜ ਭਾਸ਼ਾ-ਵਿਗਿਆਨ (ਬਾਬੂ ਰਾਮ ਸਕਸੈਨਾ)

1. **ਅਸਾਮੀ** :—ਅਸਾਮ ਪ੍ਰਾਂਤ ਦੀ ਬੋਲੀ ਹੈ, ਬੁਲਾਰਿਆਂ ਦੀ ਗਿਣਤੀ 2½ ਕਰੋੜ ਹੈ। ਉਥੇ ਦੇ ਲੋਕ ਇਸ ਨੂੰ 'ਅਸ਼ਮੀਆ' ਕਹਿੰਦੇ ਤੇ ਇਹ ਬੰਗਾਲੀ ਲਿੱਪੀ ਵਿਚ ਲਿਖੀ ਜਾਂਦੀ ਹੈ। ਇਸ ਵਿਚ ਸਾਹਿੱਤ 13ਵੀਂ ਸਦੀ ਤੋਂ ਪ੍ਰਾਪਤ ਹੈ।

2. **ਬੰਗਾਲੀ** :—ਇਹ ਗੰਗਾ ਦੇ ਮੁਹਾਣੇ ਤੇ ਉਸ ਦੇ ਉਤਰ ਪੱਛਮੀ ਮੈਦਾਨਾਂ ਵਿਚ ਸੂਬਾ ਬੰਗਾਲ ਦੀ ਬੋਲੀ ਹੈ। ਬੁਲਾਰਿਆਂ ਦੀ ਗਿਣਤੀ 6 ਕਰੋੜ 30 ਲੱਖ ਹੈ। ਹੁਗਲੀ ਦੇ ਨੇੜੇ ਦੀ ਪੱਛਮੀ ਬੰਗਾਲੀ ਟਕਸਾਲੀ ਤੇ ਸਾਹਿਤਕ ਬੋਲੀ ਮੰਨੀ ਗਈ ਹੈ। ਇਸ ਵਿਚ ਸੰਸਕ੍ਰਿਤ ਸ਼ਬਦਾਂ ਦਾ ਬਹੁਤ ਜ਼ੋਰ ਹੈ। ਮਹਾਂ ਕਵੀ ਟੈਗੋਰ ਨੇ ਇਸ ਨੂੰ ਸੰਸਾਰ ਭਰ ਵਿਚ ਪ੍ਰਸਿੱਧ ਕਰ ਦਿੱਤਾ ਹੈ ਤੇ ਡਾ: ਸੁਨੀਤੀ ਕੁਮਾਰ ਚੈਟਰ ਜੀ ਨੇ ਭਾਸ਼ਾ ਵਿਗਿਆਨਕ ਖੇਤਰ ਇਕ ਇਸ ਦਾ ਨਾਂ ਉੱਘਾ ਕਰ ਛੱਡਿਆ ਹੈ।

3. **ਉੜੀਆ** :—ਇਹ ਉੜੀਸਾ ਪ੍ਰਾਂਤ ਦੀ ਬੋਲੀ ਹੈ, ਬੋਲਣਹਾਰਿਆਂ ਦੀ ਗਿਣਤੀ 1 ਕਰੋੜ 10 ਲੱਖ ਹੈ। ਕਈ ਬੰਗਾਲੀ ਵਿਦਵਾਨ ਇਸ ਨੂੰ ਬੰਗਾਲੀ ਦੀ ਹੀ ਉਪਬੋਲੀ ਸਮਝਦੇ ਹਨ ਪਰ ਅਜੇਹੀ ਗੱਲ ਨਹੀਂ। ਉੜੀਸਾ ਉਤੇ ਤੈਲੰਗਾਂ ਤੇ ਮਰਾਠਿਆਂ ਦਾ ਕਾਫੀ ਚਿਰ ਰਾਜ ਰਹਿਣ ਕਰ ਕੇ ਉਨ੍ਹਾਂ ਦੀਆਂ ਬੋਲੀਆਂ ਦਾ ਵੀ ਅਸਰ ਹੈ। ਉੜੀਆ ਦੀ ਲਿੱਪੀ ਤੇ ਬੋਲੀ ਬੜੀ ਮੁਸ਼ਕਲ ਹੈ।

4. **ਮਰਾਠੀ** :—ਇਹ ਬੰਬਈ ਪ੍ਰਾਂਤ ਵਿਚ ਪੂਨੇ ਦੇ ਚਹੁੰਈਂ ਪਾਸੀਂ, ਮੱਧ ਭਾਰਤ, ਬਰਾਰ ਪ੍ਰਾਂਤ ਵਿਚ ਤੇ ਦੱਖਣ ਦੇ ਨਾਗਪੁਰ ਆਦਿ ਚਾਰ ਜ਼ਿਲਿਆਂ ਵਿਚ ਬੋਲੀ ਜਾਂਦੀ ਹੈ। ਬੁਲਾਰਿਆਂ ਦੀ ਗਿਣਤੀ 2 ਕਰੋੜ 10 ਲੱਖ ਹੈ। ਇਸ ਦੀਆਂ-ਕੋਂਕਣੀ, ਬਰਾਰੀ, ਹਲਵੀ ਤੇ ਦੇਸੀ ਚਾਰ ਉਪਬੋਲੀਆਂ ਹਨ। ਪੂਨੇ ਦੇ ਨੇੜੇ ਦੀ ਦੇਸੀ ਮਰਾਠੀ, ਟਕਸਾਲੀ ਮੰਨੀ ਜਾਂਦੀ ਹੈ। ਲਿੱਪੀ ਜ਼ਿਆਦਾ ਦੇਵਨਾਗਰੀ ਹੀ ਵਰਤਦੇ ਹਨ ਪਰ ਆਮ ਕਾਰ-ਵਿਹਾਰ ਵਿਚ ਮੋੜੀ ਲਿੱਪੀ ਦੀ ਵਰਤੋਂ ਹੈ। ਸਾਹਿਤ ਕਾਫੀ ਹੈ।

5. **ਗੁਜਰਾਤੀ**—ਇਹ ਗੁਜਰਾਤ ਅਤੇ ਕਾਠੀਆਵਾੜ (ਸੁਰਾਸ਼ਟਰ) ਦੀ ਬੋਲੀ ਹੈ। ਬੋਲਣਹਾਰੇ 1 ਕਰੋੜ 10 ਲੱਖ ਹਨ। ਵਪਾਰੀ ਗਜਰਾਤੀ ਪਾਰਸੀਆਂ ਕਰਕੇ ਪੱਛਮੀ ਹਿੰਦ ਵਿਚ ਇਸ ਦਾ ਜ਼ਿਆਦਾ ਵਰਤਾਰਾ ਹੈ। ਪ੍ਰਸਿੱਧ ਵਿਆਕਰਣੀ ਹੇਮ ਚੰਦਰ (1088-1172) ਗੁਜਰਾਤੀ ਸੀ। ਗੁਜਰਾਤੀ ਦੀ ਆਪਣੀ ਲਿੱਪੀ ਹੈ, ਜਿਸ ਨੂੰ ਕੈਂਥੀ ਕਹਿੰਦੇ ਹਨ। ਸਾਹਿਤ ਚੰਗਾ ਹੈ।

6. **ਬਿਹਾਰੀ**—ਬਿਹਾਰ ਪ੍ਰਾਂਤ ਦੀ ਬੋਲੀ ਬਿਹਾਰੀ ਹੈ, ਬੁਲਾਰੇ 4 ਕਰੋੜ ਹਨ। ਇਸ ਦੀਆਂ ਮੈਥਲੀ, ਮਗਹੀ ਤੇ ਭੋਜਪੁਰੀ ਤਿੰਨ ਉਪਬੋਲੀਆਂ ਹਨ ਤੇ ਲਿੱਪੀਆਂ ਵੀ ਦੇਵਨਾਗਰੀ, ਕੈਂਥੀ ਤੇ ਮੈਥਲੀ ਤਿੰਨੇ ਪ੍ਰਚਲਤ ਹਨ। ਹੁਣ ਤਾਂ ਬਿਹਾਰ ਵਿਚ ਹਿੰਦੀ ਹੀ ਸਾਹਿਤਕ, ਵਿਦਿਅਕ ਤੇ ਰਾਜ-ਭਾਸ਼ਾ ਹੋ ਰਹੀ ਹੈ। ਸਾਹਿਤ ਥੋੜ੍ਹਾ ਹੈ।

7. **ਰਾਜਸਥਾਨੀ**—ਸਮੂਹ ਰਾਜਸਥਾਨ ਦੀ ਬੋਲੀ ਹੈ, ਬੁਲਾਰਿਆਂ ਦੀ ਗਿਣਤੀ 1 ਕਰੋੜ 53 ਲੱਖ ਹੈ। ਮੇਵਾਤੀ, ਮਾਰਵਾੜੀ, ਜੈਪੁਰੀ ਤੇ ਮਾਲਵੀ ਇਸ ਦੀਆਂ ਉਪਬੋਲੀਆਂ ਹਨ। ਇਹ ਪੰਜਾਬੀ ਦੇ ਠੀਕ ਦੱਖਣ ਪਾਸੇ ਦੀ ਗੁਆਂਢਣ ਹੈ ਤੇ ਇਸ ਦਾ ਪੰਜਾਬੀ ਨਾਲ ਘਣਾ ਪੁਰਾਣਾ ਸਬੰਧ ਹੈ। 14ਵੀਂ ਸਦੀ ਤੋਂ ਸਾਹਿਤ ਮਿਲਦਾ ਹੈ; ਲਿੱਪੀ ਦੇਵਨਾਗਰੀ ਹੀ ਵਰਤੀਂਦੀ ਹੈ।

8. **ਹਿੰਦੀ**—ਹਿੰਦੀ, ਹਿੰਦੁਸਤਾਨੀ ਜ਼ਬਾਨ ਦਾ ਉਹ ਰੂਪ ਹੈ ਜਿਸ ਵਿਚ ਸੰਸਕ੍ਰਿਤ ਸ਼ਬਦਾਵਲੀ ਦੀ ਭਰਮਾਰ ਹੈ। ਇਸ ਦੇ ਪੂਰਬੀ ਹਿੰਦੀ ਤੇ ਪੱਛਮੀ ਹਿੰਦੀ ਦੋ ਭੇਦ ਕੀਤੇ ਜਾਂਦੇ ਹਨ। ਪੂਰਬੀ ਹਿੰਦੀ ਦੀ ਹਦ ਬਿਹਾਰੀ ਨਾਲ ਤੇ ਪੱਛਮੀ ਹਿੰਦੀ ਦੀਆਂ ਹੱਦਾਂ ਪੰਜਾਬੀ ਤੇ ਰਾਜਸਥਾਨੀ ਨਾਲ ਆ ਜੁੜਦੀਆਂ ਹਨ। ਹਿੰਦੀ ਵਿਦਵਾਨਾਂ ਦੀ ਗਿਣਤੀ ਅਨੁਸਾਰ ਇਸ ਦੇ ਬੁਲਾਰੇ ਨੌਂ ਕਰੋੜ ਹਨ। ਅਵਧੀ (ਕੋਸ਼ਲੀ), ਬਘੇਲੀ, ਛਤੀਸਗੜ੍ਹੀ, ਬੁੰਦੇਲੀ, ਕਨੌਜੀ, ਬ੍ਰਜ ਤੇ ਖੜੀ ਬੋਲੀ ਇਸ ਦੀਆਂ ਉਪਬੋਲੀਆਂ ਹਨ। ਕਿਸੇ ਸਮੇਂ ਬ੍ਰਜ, ਚੰਗੀ ਮੰਨੀ-ਚੰਨੀ ਸਾਹਿਤਕ ਭਾਸ਼ਾ ਵੀ ਰਹੀ ਹੈ। ਹੁਣ ਦਿਲੀ ਮੇਰਠ ਦੇ ਲਾਗੇ ਦੀ ਖੜੀ ਬੋਲੀ ਟਕਸਾਲੀ ਮੰਨੀ ਜਾਂਦੀ ਹੈ, ਇਸੇ ਦਾ ਸਾਹਿਤਕ ਤੇ ਰਾਜਸੀ ਖੇਤਰ ਵਿਚ ਬੋਲ-ਬਾਲਾ ਹੈ।

9. **ਉਰਦੂ**—ਉਰਦੂ ਹਿੰਦੁਸਤਾਨੀ ਜ਼ਬਾਨ ਦਾ ਉਹ ਰੂਪ ਹੈ ਜਿਸ ਵਿਚ ਫਾਰਸੀ ਅਰਬੀ ਲਫਜ਼ਾਂ ਦਾ ਅੰਸ਼ ਵਧੇਰੇ ਪਾਇਆ ਜਾਂਦਾ ਹੈ। ਹਿੰਦ ਵਿਚ ਮੁਸਲਮਾਨਾਂ ਦੇ ਆਉਣ ਨਾਲ ਇਸ ਦਾ ਮੁੱਢ ਬੱਝਾ ਤੇ ਇਸ ਦੀ ਵਰਤੋਂ ਵੀ ਜ਼ਿਆਦਾ ਇਨ੍ਹਾਂ ਵਿਚ ਹੀ ਹੈ। ਖਾਸ ਕਰਕੇ ਯੂ. ਪੀ. ਦੇ ਸ਼ਹਿਰੀ ਮੁਸਲਮਾਨਾਂ ਤੇ ਦੱਖਣ ਹੈਦਰਾਬਾਦ ਵਿਚ। ਦਿਲੀ ਤੇ ਲਖਨਊ ਇਸ ਦੇ ਪੁਰਾਣੇ ਚਲੇ ਆ ਰਹੇ ਕੇਂਦਰ ਹਨ। ਦੇਸ਼-ਵੰਡ ਨਾਲ ਪਾਕਿਸਤਾਨ ਬਣ ਜਾਣ ਕਰਕੇ ਉਰਦੂ ਉਥੇਂ ਦੀ ਕੌਮੀ ਜ਼ਬਾਨ ਬਣ ਗਈ ਹੈ। ਇਹ ਫਾਰਸੀ ਲਿਪੀ ਵਿਚ ਲਿਖੀ ਜਾਂਦੀ ਹੈ ਤੇ ਇਸ ਦਾ ਚੰਗਾ ਚੋਖਾ ਸਾਹਿਤ ਹੈ।

10. **ਪੰਜਾਬੀ**—ਇਹ ਪੰਜਾਬ ਦੇਸ਼ ਦੀ ਬੋਲੀ ਹੈ, ਬੁਲਾਰਿਆਂ ਦੀ ਗਿਣਤੀ ਜਾਂਚੇ 3 ਕਰੋੜ ਦੇ ਲਗਪਗ ਹੈ। ਭਾਸ਼ਾ-ਵਿਗਿਆਨੀ ਇਸ ਦੇ ਪੱਛਮੀ ਪੰਜਾਬੀ (ਲਹਿੰਦੀ) ਤੇ ਪੂਰਬੀ ਪੰਜਾਬੀ ਦੋ ਭੇਦ ਕਰਦੇ ਹਨ ਪਰ ਇਹ ਭੇਦ ਬਹੁਤ ਥੋੜ੍ਹਾ ਹੈ। ਪੰਜਾਬੀ ਦੀਆਂ-ਡੋਗਰੀ, ਮਾਝੀ, ਦੁਆਬੀ, ਮਲਵਈ, ਪੁਆਧੀ, ਰਾਠੀ, ਭਟਿਆਣੀ, ਲਹਿੰਦੀ ਤੇ ਪੋਠੋਹਾਰੀ ਆਦਿ ਉਪਬੋਲੀਆਂ ਹਨ ਤੇ ਲਾਹੌਰ, ਅੰਮ੍ਰਿਤਸਰ ਦੇ ਲਾਗੇ ਦੀ ਬੋਲੀ-ਮਾਝੀ, ਟਕਸਾਲੀ ਮੰਨੀ ਜਾਂਦੀ ਹੈ। ਪੰਜਾਬੀ ਗੁਰਮੁਖੀ ਲਿੱਪੀ ਵਿਚ ਲਿਖੀ ਜਾਂਦੀ ਹੈ। ਵਪਾਰੀ ਹਿਸਾਬ ਕਿਤਾਬ ਲਈ ਲੰਡੇ ਤੇ ਮੁਸਲਮਾਨ ਫ਼ਾਰਸੀ ਲਿੱਪੀ ਦੀ ਵਰਤੋਂ ਵੀ ਕਰ ਲੈਂਦੇ ਹਨ। ਸਾਹਿਤ ਕਾਫ਼ੀ ਹੈ।

11. **ਸਿੰਧੀ**—ਇਹ ਦਰਿਆ ਸਿੰਧ ਦੇ ਦੋਹਾਂ ਕੰਢਿਆਂ ਉਤੇ ਵਸਦੇ ਲੋਕਾਂ ਦੀ ਬੋਲੀ ਹੈ। ਮੁਸਲਮਾਨੀ ਪ੍ਰਭਾਵ ਕਾਰਣ ਫ਼ਾਰਸੀ ਅਸਰ ਜ਼ਿਆਦਾ ਹੈ। ਬੁਲਾਰਿਆਂ ਦੀ ਗਿਣਤੀ $1\frac{1}{2}$ ਕਰੋੜ ਹੈ। ਇਸ ਦੀਆਂ ਥਰੇਲੀ, ਸਿਰੈਕੀ, ਬਿਚੋਲੀ, ਲਾਹੀ ਤੇ ਕੱਛੀ ਪੰਜ ਉਪਬੋਲੀਆਂ ਹਨ। ਇਨ੍ਹਾਂ ਵਿਚੋਂ ਦਰਮਿਆਨ ਦੇ ਇਲਾਕੇ ਦੀ ਬੋਲੀ ਬਿਚੋਲੀ, ਟਕਸਾਲੀ ਮੰਨੀ ਗਈ ਹੈ। ਪੁਰਾਣੇ ਜ਼ਮਾਨੇ ਵਿਚ ਬ੍ਰਾਚੜ ਪ੍ਰਾਕ੍ਰਿਤ ਤੇ ਅਪਭ੍ਰੰਸ਼ ਇਸੇ ਦੇਸ਼ ਦੀ ਬੋਲੀ ਸੀ। ਸਿੰਧ ਦੇ ਦੱਖਣੀ ਪਾਸੇ ਕੱਛ ਵਿਚ 'ਕੱਛੀ' ਬੋਲੀ ਜਾਂਦੀ ਹੈ, ਜਿਸ ਵਿਚ ਗੁਜਰਾਤੀ ਦਾ ਰੰਗ ਮਿਲਿਆ ਹੋਇਆ ਹੈ। ਸਿੰਧ ਵਿਚ ਫ਼ਾਰਸੀ ਲਿੱਪੀ, ਦੇਵਨਾਗਰੀ ਲਿੱਪੀ ਦੇ ਬਦਲਵੇਂ ਰੂਪ ਤੇ ਗੁਰਮੁਖੀ ਲਿੱਪੀ ਪ੍ਰਚਲਤ ਹੈ ਪਰ ਹੁਣ ਦੇਸ਼ ਦੀ ਵੰਡ ਉਪਰੰਤ ਇਹ ਗੱਲ ਨਹੀਂ ਰਹੀ। ਸਿੰਧੀ ਬੁਲਾਰੇ ਖਿਲਰ ਗਏ ਹਨ। ਕਾਫੀ ਬੰਬਈ ਲਾਗੇ ਆ ਵਸੇ ਹਨ।

12. **ਪਹਾੜੀ ਬੋਲੀਆਂ**—ਹਿਮਾਲੀਆ ਦੇ ਦੱਖਣੀ ਹਿੱਸੇ ਵਿਚ ਨਿਪਾਲ ਤੋਂ ਸ਼ਿਮਲੇ ਤੱਕ ਪਹਾੜੀ ਬੋਲੀਆਂ ਦਾ ਪਹਿਰਾ ਹੈ। ਰਾਜਸਥਾਨੀ ਤੇ ਪੰਜਾਬੀ ਦੀਆਂ ਹੱਦਾਂ ਨਾਲ ਨਾਲ ਲਗਦੀਆਂ ਹੋਣ ਕਰਕੇ ਇਨ੍ਹਾਂ ਦੋਹਾਂ ਦਾ ਰੰਗ ਪਹਾੜੀ ਬੋਲੀਆਂ ਵਿਚ ਆਮ ਮਿਲਦਾ ਹੈ।

ਕਿਉਂਕਿ ਇਨ੍ਹਾਂ ਪਹਾੜੀ ਥਾਵਾਂ ਵਿਚ ਦਰਦ ਤੇ ਖੱਸ ਜਾਤੀ ਦੇ ਲੋਕ ਵੀ ਆ ਕੇ ਵਸੇ, ਉਨ੍ਹਾਂ ਪਹਾੜੀ ਬੋਲੀਆਂ ਤੇ ਬਹੁਤਾ ਪ੍ਰਭਾਵ ਪਾਇਆ, ਇਸ ਲਈ ਇਨ੍ਹਾਂ ਨੂੰ ਦਰਦ ਯਾ ਖੱਸ ਬੋਲੀਆਂ ਵੀ ਕਿਹਾ ਜਾਂਦਾ ਹੈ। ਵੈਸੇ ਈਰਾਨ ਤੇ ਹਿੰਦ ਦੇ ਵਿਚਾਲੇ ਵਸਣ ਵਾਲੇ ਦਰਦ ਲੋਕਾਂ ਦੀ ਭਾਸ਼ਾ ਵੱਖਰੀ ਗਿਣੀ ਜਾਂਦੀ ਹੈ, ਜਿਸ ਦੇ ਬੋਲਣਹਾਰੇ 15 ਕੁ ਲੱਖ ਹਨ। ਪਹਾੜੀ ਬੋਲੀ ਦੇ ਪੂਰਬੀ, ਵਿਚਕਾਰਲੀ ਤੇ ਪੱਛਮੀ ਤਿੰਨ ਹਿੱਸੇ ਕੀਤੇ ਜਾਂਦੇ ਹਨ। ਪੂਰਬੀ ਪਹਾੜੀ ਨੂੰ ਨੇਪਾਲੀ, ਖਸਕੁਰਾ ਯਾ ਗੋਰਖਾਲੀ ਵੀ ਕਹਿੰਦੇ ਹਨ। ਕਮਾਊਨੀ ਤੇ ਗਢਵਾਲੀਆ ਦੋਵੇਂ ਵਿਚਕਾਰਲੀ-ਪਹਾੜੀ ਦੇ ਅੰਦਰ ਗਿਣੀਆਂ ਗਈਆਂ ਹਨ। ਪੱਛਮੀ ਪਹਾੜੀ ਜੌਨਸਾਰ ਬਾਵਰ (ਯੂ.ਪੀ.) ਤੋਂ ਲੈਕੇ ਸ਼ਿਮਲੇ ਤੱਕ ਫੈਲੀ ਹੋਈ ਹੈ।

13. **ਕਸ਼ਮੀਰੀ** :—ਦਰਦ ਖਾਨਦਾਨ ਦੀਆਂ-ਸ਼ੀਨਾ, ਕੋਹਸਤਾਨੀ ਤੇ ਕਸ਼ਮੀਰੀ ਤਿੰਨ ਬੋਲੀਆਂ ਹਨ, ਇਨ੍ਹਾਂ ਵਿਚੋਂ ਕਸ਼ਮੀਰੀ ਕਸ਼ਮੀਰ ਵਾਦੀ ਦੀ ਬੋਲੀ ਹੈ, ਜਿਸ ਦੇ 15 ਲੱਖ ਬੁਲਾਰੇ ਹਨ। ਕਸ਼ਮੀਰ ਪਹਿਲੇ ਦਰਦ ਜਾਤੀ ਦਾ ਟਿਕਾਣਾ ਸੀ, ਫਿਰ ਹਿੰਦੂ ਪੰਡਤ ਗਏ ਤੇ ਪਿਛੋਂ ਮੁਸਲਮਾਨ। ਇਸ ਕਰ ਕੇ ਇਹ ਦਰਦੀ ਬੋਲੀ, ਹਜ਼ਾਰਾਂ ਵਰ੍ਹੇ ਆਰੀਆ ਬੋਲੀਆਂ—ਸੰਸਕ੍ਰਿਤ ਫਾਰਸੀ—ਦੇ ਗੂੜ੍ਹੇ ਪ੍ਰਭਾਵ ਹੇਠ ਰਹਿ ਕੇ ਹੋਰ ਦੀ ਹੋਰ ਹੋ ਗਈ ਹੈ, ਅੱਜ ਇਸ ਦੀ ਪਛਾਣ ਕਰਨੀ ਔਖੀ ਹੈ। ਕਸ਼ਮੀਰੀ ਦੀ ਇਕ ਉਪਬੋਲੀ ਕਿਸ਼ਤਵਾੜੀ ਹੈ ਜੋ ਦੱਖਣ ਪਛਮ ਦੀ ਘਾਟੀ ਵਿਚ ਬੋਲੀ ਜਾਂਦੀ ਹੈ। ਪੀਰ ਪੰਚਾਲ ਤੋਂ ਪਾਰ ਜੰਮੂ ਪ੍ਰਾਂਤ ਵਿਚ ਝਨਾਂ ਦੀ ਘਾਟੀ ਤਕ-ਪਾਗ਼ਲੀ, ਸਿਰਾਜੀ ਤੇ ਰਾਮਬਨੀ ਆਦਿ ਕਈ ਮਿੱਸੀਆਂ ਬੋਲੀਆਂ ਹਨ। ਪ੍ਰੇਮ ਨਾਥ ਬਜ਼ਾਜ਼ ਦੇ ਕਥਨ ਅਨੁਸਾਰ ਪਹਿਲਾ ਕਸ਼ਮੀਰੀ ਕਵੀ, ਰਾਜਨਕ ਸ਼ਿਤੀ ਕੰਠ (13ਵੀਂ ਸਦੀ) ਸੀ ਤੇ ਜਾਰਜ ਗ੍ਰੀਅਰਸਨ ਮੁਤਾਬਕ 14ਵੀਂ ਸਦੀ ਵਿਚ ਹੋਈ ਕਵਿਤ੍ਰੀ ਲਲੇਸ਼ੂਰੀ ਉਥੋਂ ਦੀ ਕਾਵਿ-ਮੱਢੀ ਸੀ। ਕਸ਼ਮੀਰੀ ਦੀ ਆਪਣੀ ਲਿਪੀ ਸ਼ਾਰਦਾ ਹੈ ਤੇ ਅਜ ਕਲ ਜ਼ਿਆਦਾ ਫਾਰਸੀ ਲਿਪੀ ਦਾ ਵੀ ਵਰਤਾਰਾ ਹੈ।‡

14. **ਪਸ਼ਤੋ** :—ਸਰਹੱਦੀ ਪ੍ਰਾਂਤ ਦੇ ਪਠਾਣਾਂ ਦੀ ਬੋਲੀ ਪਸ਼ਤੋ ਹੈ। ਇਹ ਈਰਾਨੀ ਸ਼ਾਖ ਦੀ ਬੋਲੀ ਹੈ। ਬੁਲਾਰੇ 18 ਲੱਖ ਹਨ, ਅਫਗਾਨਸਤਾਨੀ ਹਿਸੇ ਦੇ ਪਾ ਕੇ ਇਸ ਤੋਂ ਤਿੱਗਣੇ ਹਨ। ਸਾਹਿਤ ਨਾਂ ਮਾਤ੍ਰ ਹੈ।

ਹਿੰਦ ਦੇ ਦੱਖਣੀ ਹਿੱਸੇ ਵਿਚ ਦ੍ਰਾਵੜ ਘਰਾਣੇ ਦੀਆਂ ਬੋਲੀਆਂ ਦਾ ਰਾਜ ਹੈ। ਇਨ੍ਹਾਂ ਵਿਚੋਂ ਤਾਮਲ, ਤੈਲਗੂ, ਮਲਿਆਲਮ ਤੇ ਕੰਨੜੀ ਚਾਰ ਮੁੱਖ ਹਨ। ਬਾਕੀ ਤੁਲੂ, ਕੁੜਗੂ, ਖੋਂਡ, ਗੌਂਡੀ, ਟੋਡਾ, ਕੋਟਾ, ਕੂਈ, ਮਲਤੋ, ਕੋਤਾਮੀ, ਆਦਿ ਹੋਰ ਬੋਲੀਆਂ ਵੀ ਹਨ। ਕਲਾਤ (ਬਲੋਚਿਸਤਾਨ) ਵਿਚ ਬ੍ਰਾਹੂਈ ਬੋਲੀ ਹੈ, ਇਹ ਵੀ ਦਰਾਵੜੀ ਬੰਸ ਦੀ ਹੈ। ਮੁਖ ਬੋਲੀਆਂ ਦਾ ਹਾਲ ਦਿੰਦੇ ਹਾਂ।

15. **ਤਾਮਲ** :—ਇਹ ਰਾਸਕੁਮਾਰੀ ਤੋਂ ਨੀਲਗਿਰੀ ਅਥਵਾ ਮੈਸੂਰ ਤੱਕ, ਪੱਛਮੀ ਘਾਟ ਦੇ ਪੂਰਬ ਵੱਲ ਅਤੇ ਲੰਕਾ ਦੇ ਉਤਰੀ ਭਾਗ ਵੱਲ ਬੋਲੀ ਜਾਂਦੀ ਹੈ। ਇਸ ਦੇ ਉਤਰ ਵੱਲ ਤੈਲਗੂ ਤੇ ਪੱਛਮ ਵੱਲ ਮਲਿਆਲਮ ਤੇ ਕੰਨੜ ਹਨ। ਬੁਲਾਰਿਆਂ ਦੀ ਗਿਣਤੀ 2 ਕਰੋੜ ਹੈ (20 ਲੱਖ ਸੀਲੋਨੀ ਪਾ ਕੇ)। ਇਹ ਚੰਗੀ ਮਹੱਤਤਾ ਵਾਲੀ ਬੋਲੀ ਹੈ, ਇਸ ਵਿਚ ਅੱਠਵੀਂ ਸਦੀ ਤੋਂ ਸਾਹਿਤ ਮਿਲਦਾ ਹੈ।

16. **ਤੈਲਗ**—ਇਸ ਦਾ ਘੇਰਾ ਗੰਜਮ ਤੋਂ ਹੈਦਰਾਬਾਦ ਰਿਆਸਤ ਦੇ ਪੂਰਬਾਰਧ ਭਾਗ ਵੱਲ ਤੇ ਚਾਂਦਾ ਤੋਂ ਕਾਲੀਘਟ ਤੱਕ ਹੈ। ਬੋਲਣਹਾਰਿਆਂ ਦੀ ਗਿਣਤੀ ਲਗਭਗ 3 ਕਰੋੜ

‡ਕਸ਼ਮੀਰ ਦੇਸ ਵ ਸੰਸਕ੍ਰਿਤੀ, ਪੰਨਾ 126-27 ਤੇ 144

ਹੈ ਜੋ ਕਿ ਦ੍ਰਾਵੜ ਜ਼ਬਾਨਾਂ ਵਿਚੋਂ ਸਭ ਤੋਂ ਵਧੇਰੇ ਹੈ। ਇਸ ਨੂੰ ਤਾਮਲ ਦੇ ਮੁਕਾਬਲੇ ਤੇ ਮਿੱਠੀ ਬੋਲੀ ਕਿਹਾ ਜਾਂਦਾ ਹੈ। ਇਸ ਦਾ ਸਾਹਿਤ ਬਾਰ੍ਹਵੀਂ ਸਦੀ ਤੋਂ ਮਿਲਦਾ ਹੈ।

17. ਮਲਿਆਲਮ—ਇਹ ਬੋਲੀ ਤ੍ਰਿਵੇਂਦਰਮ ਤੋਂ ਮੰਗਲੌਰ ਤੱਕ ਪੱਛਮੀ ਘਾਟ ਅਤੇ ਲਖਸ਼ ਟਾਪੂ ਵਿਚ ਬੋਲੀ ਜਾਂਦੀ ਹੈ। ਬੋਲਣ ਵਾਲਿਆਂ ਦੀ ਗਿਣਤੀ 1 ਕਰੋੜ ਹੈ। ਇਸ ਵਿਚ ਸੰਸਕ੍ਰਿਤ ਸ਼ਬਦ ਜ਼ਿਆਦਾ ਹਨ। ਮੋਪਲੇ (ਮੁਸਲਮਾਨ ਲੋਕ) ਇਸ ਨੂੰ ਘਟ ਹੀ ਵਰਤਦੇ ਹਨ।

18. ਕੰਨੜ—ਮੈਸੂਰ ਦੀ ਬੋਲੀ ਕੰਨੜ ਯਾ ਕਨਾੜੀ ਹੈ। ਇਸ ਦੀ ਲਿੱਪੀ ਤੇਲਗੂ ਨਾਲ ਤੇ ਬੋਲੀ ਤਾਮਲ ਨਾਲ ਰਲਦੀ ਹੈ। ਬੋਲਣ ਵਾਲਿਆਂ ਦੀ ਗਿਣਤੀ 1 ਕਰੋੜ 10 ਲੱਖ ਹੈ। ਇਸ ਦੀਆਂ ਪੁਰਾਣੀਆਂ ਲਿਖਤਾਂ ਪੰਜਵੀਂ ਸਦੀ ਦੀਆਂ ਮਿਲਦੀਆਂ ਹਨ, ਜੋ ਕਿ ਇਸ ਨੂੰ ਸਾਰੀਆਂ ਦ੍ਰਾਵੜੀ ਬੋਲੀਆਂ ਤੋਂ ਪੁਰਾਣਾ ਸਾਬਤ ਕਰਦੀਆਂ ਹਨ।

ਹਿੰਦੁਸਤਾਨ ਦੀਆਂ ਇਨ੍ਹਾਂ ਆਰੀਅਨ ਤੇ ਅਣਆਰੀਅਨ ਬੋਲੀਆਂ ਦੇ ਦਰਮਿਆਨ ਪੰਜਾਬੀ ਇਕ ਵਿਸ਼ੇਸ਼ ਸ਼ਖਸੀਅਤ ਦੀ ਮਾਲਕ ਹੈ। ਇਸ ਦਾ ਕਾਰਣ ਇਹ ਹੈ ਕਿ ਇਨ੍ਹਾਂ ਤਮਾਮ ਬੋਲੀਆਂ ਦੀਆਂ ਵੱਡੀਆਂ ਵਡੇਰੀਆਂ ਨੇ ਕਿਸੇ ਨਾ ਕਿਸੇ ਵੇਲੇ ਪੰਜਾਬ ਦੇ ਪੰਜਾਂ ਦਰਿਆਵਾਂ ਦਾ ਪਾਣੀ ਜ਼ਰੂਰ ਪੀਤਾ ਹੈ ਤੇ ਇਸੇ ਅਸਰ ਦਾ ਸਦਕਾ ਉਨ੍ਹਾਂ ਵਿਚ ਪੰਜਾਬੀਅਤ ਯਾ ਪੰਜਾਬ ਦੀ ਬੋਲੀ ਦਾ ਥੋੜ੍ਹਾ ਬਾਹਲਾ ਅੰਸ਼ ਜ਼ਰੂਰ ਹੈ। ਕਿਉਂਕਿ ਦਰਾਵੜ ਤੇ ਆਰੀਆਂ ਦਾ ਪਹਿਲਾਂ ਪੁਰਾਣਾ ਡੇਰਾ ਪੰਜਾਬ ਹੀ ਸੀ। ਪੰਜਾਬ ਹਿੰਦੁਸਤਾਨੀ ਬੋਲੀਆਂ ਦਾ ਪੇਕਾ ਘਰ ਹੈ, ਪੰਜਾਬ ਹਿੰਦੁਸਤਾਨੀ ਨਸਲਾਂ ਦੀ ਪਨੀਰੀ-ਘਰ ਹੈ, ਜਿਥੋਂ ਇਹ ਪਨੀਰੀ ਜਾ ਕੇ ਭਿੰਨ ਭਿੰਨ ਦੇਸ਼ ਕਾਲ ਅਨੁਸਾਰ ਪ੍ਰਫੁਲਤ ਹੋਈ ਹੈ।‡

ਇਨ੍ਹਾਂ ਪ੍ਰਾਂਤਕ ਬੋਲੀਆਂ ਤੋਂ ਇਲਾਵਾ ਸਰਬ-ਹਿੰਦ ਮਹੱਤਤਾ ਰੱਖਣ ਵਾਲੀਆ

---

‡ਪ੍ਰਾਂਤਕ ਰੂਪ-ਭੇਦ ਦੇਖਣ ਲਈ ਇਹ ਨਮੂਨੇ ਦਿਲਚਸਪੀ ਜਨਕ ਹਨ :—

1. ਸਿੰਧੀ—ਮੂੰ ਕਿਤਾਬ ਪਢੀਮੇ
2. ਪੰਜਾਬੀ—ਮੈਂ ਪੋਥੀ ਪੜ੍ਹੀ
3. ਹਿੰਦੀ—ਮੈਂ ਨੇ ਪੋਥੀ ਪਢੀ
4. ਰਾਜਸਥਾਨੀ—ਮੂੰ ਪੋਥੀ ਪਢੀ ਛੈ
5. ਗੁਜਰਾਤੀ—ਮੇਂ ਪੋਥੀ ਬਾਂਚੀ
6. ਪਹਾੜੀ—ਮੈਇਲੇ ਕਿਤਾਬ ਪਢਿਓ
7. ਮਰਾਠੀ—ਮੀ ਪੋਥੀ ਵਾਚਿ ਲੀ
8. ਬਿਹਾਰੀ—ਹਮ ਪੋਥੀ ਪਢਲੀ
9. ਉੜੀਆ—ਆਮੇ ਪੋਥਿ ਪੰਢ ਲୁ
10. ਬੰਗਾਲੀ—ਆਮਿ ਵੋਇ ਪੋੜਿਲਾਂ
11. ਕਸ਼ਮੀਰੀ—ਮਿਛਸ ਪੁਜ਼ਮਤ ਕਿਤਾਬ
12. ਪਸ਼ਤੋ—ਮਾ ਕਿਤਾਬ ਉਨਸਤੋ
13. ਮਲਿਆਲਮ—ਞਾਨ ਪੁਸਤਕੌ ਵਾਈ ਛു
14. ਤਾਮਲ—ਨਾਨ ਪੁਸਤਕ ਪਚਿਤਾਨ

ਪੁਰਾਣੀਆਂ ਨਵੀਆਂ ਹਿੰਦੁਸਤਾਨੀ ਜ਼ਬਾਨਾਂ ਸੰਸਕ੍ਰਿਤ, ਪਾਲੀ, ਪ੍ਰਾਕ੍ਰਿਤ, ਅਪਭ੍ਰੰਸ਼, ਹਿੰਦੁਸਤਾਨੀ, ਹਿੰਦੀ ਤੇ ਉਰਦੂ ਆਦਿ ਵੀ ਪੰਜਾਬੀ ਦੀਆਂ ਰਿਣੀ ਹਨ ਚੂੰਕਿ ਇਨ੍ਹਾਂ ਸਭਨਾਂ ਦੀ ਬਣਤਰ ਵਿਚ ਪੰਜਾਬੀ ਦਾ ਖਾਸਾ ਹਿੱਸਾ ਹੈ।‡ ਇਹ ਗੱਲ ਪੰਜਾਬ ਤੇ ਪੰਜਾਬੀ ਲਈ ਇਕ ਬੜੀ ਗੌਰਵ ਵਾਲੀ ਹੈ। ਇਸ ਮਹੱਤਤਾ ਨੂੰ ਕਿਵੇਂ ਅਣਡਿਠ ਨਹੀਂ ਕੀਤਾ ਜਾ ਸਕਦਾ।

ਡਾ: ਸੁਨੀਤੀ ਕੁਮਾਰ ਚੈਟਰਜੀ ਲਿਖਦੇ ਹਨ :—

'The stream of linguistic influence has flowed in India generally from the West, from the Panjab, the fountain-head of Aryan influence and expansion in India, to the East ; and this pre-dominance is partly traditional, partly due to the energy of the People.' (Indo Aryan and Hindi P. 115)

‡ ਵਧੇਰੇ ਵੀਚਾਰ ਲਈ ਦੇਖੋ, ਮੇਰੀ ਪੁਸਤਕ 'ਹਿੰਦੁਸਤਾਨੀ ਕਵਿਤਾ' (1952)

ਪੰਜਾਬੀ ਦਾ ਪਿੱਛਾ

ਜਿਵੇਂ ਆਰੀਆ ਲੋਕਾਂ ਦੇ ਮੂਲ ਨਿਵਾਸ ਬਾਰੇ (ਕੋਈ ਮੱਧ ਏਸ਼ੀਆ, ਕੋਈ ਸੈਂਟਪੁਟਾਮੀਆ ਤੇ ਕੋਈ ਬਾਲਟਕ ਸਾਗਰ ਲਾਗੇ ਪੂਰਬੀ ਯੂਰਪ ਤੇ ਕੋਈ ਉਤਰੀ ਹਿੰਦ ਕਹਿੰਦਾ ਹੈ) ਕਈ ਵੀਚਾਰ ਪਾਏ ਜਾਂਦੇ ਹਨ, ਤਿਵੇਂ ਹਿੰਦ ਵਿਚ ਆਰੀਆਂ ਦੇ ਆਉਣ ਬਾਰੇ ਵੀ ਵਿਦਵਾਨਾਂ ਵਿਚ ਕਈ ਮਤ ਪ੍ਰਚਲਤ ਹਨ। ਪੱਛਮੀ ਵਿਦਵਾਨਾਂ ਦਾ ਖ਼ਿਆਲ ਹੈ ਕਿ ਆਰੀਆ ਲੋਕ ਮੱਧ ਏਸ਼ੀਆ ਤੋਂ ਹਿੰਦ ਦੀ ਧਰਤੀ ਵੱਲ ਆਏ, ਬਾਲ ਗੰਗਾਧਰ ਤਿਲਕ ਦਾ ਮਤ ਹੈ ਕਿ ਉਤਰੀ ਧਰੂ ਤੋਂ ਆਏ। ਡੀ. ਏ. ਤ੍ਰਿਵੇਦ ਆਰੀਆਂ ਦਾ ਮੂਲ-ਅਸਥਾਨ ਮੁਲਤਾਨ ਮੰਨਦੇ ਹਨ। ਉਮੇਸ਼ ਚੰਦ੍ਰ ਵਿਦਿਆ ਰਤਨ ਨੇ ਹਿਮਾਲੀਆ ਦਾ ਕੋਈ ਉਤਰੀ ਹਿੱਸਾ ਅਤੇ ਕਈ ਪੁਰਾਣੇ ਵੀਚਾਰਵਾਨਾਂ ਤਿਬਤ ਮੰਨਿਆ ਹੈ। ਬੰਗਾਲੀ ਵਿਦਵਾਨ, ਬਾਬੂ ਅਬਿਨਾਸ਼ ਚੰਦ੍ਰ ਨੇ 'ਰਿਗ ਵੇਦਿਕ ਇੰਡੀਆ' ਨਾਮੀ ਪੁਸਤਕ ਵਿਚ ਸਾਬਤ ਕੀਤਾ ਹੈ ਕਿ ਆਰੀਆਂ ਦਾ ਮੂਲ-ਅਸਥਾਨ ਸਪਤ-ਸਿੰਧੂ (ਪੰਜਾਬ) ਹੀ ਸੀ। ਇਥੋਂ ਹੀ ਉਨ੍ਹਾਂ ਦੇ ਟੋਲੇ ਈਰਾਨ ਤੇ ਯੂਰਪ ਵੱਲ ਗਏ। ਸ੍ਰੀ ਸੰਪੂਰਣਾਨੰਦ ਵੀ ਇਸ ਮੱਤ ਨਾਲ ਸੰਮਤੀ ਰਖਦੇ ਹਨ। ਇਹੋ ਵੀਚਾਰ ਈਰਾਨੀ ਵਿਦਵਾਨਾਂ ਦਾ ਹੈ।‡ ਪਰ ਦੋ ਤੇ ਦੋ ਚਾਰ ਵਾਂਗ ਨਿਸਚਿਤ ਕੁਝ ਵੀ ਨਹੀਂ ਕਿਹਾ ਜਾ ਸਕਦਾ। ਵਧੇਰੇ ਪ੍ਰਮਾਣੀਕ ਮਤ, ਮੱਧ ਏਸ਼ੀਆ ਤੋਂ ਆਉਣ ਦਾ ਹੀ ਹੈ। ਇਸ ਬਾਰੇ ਵੀ ਖੋਜੀਆਂ ਵਿਚ ਇਹ ਵੀਚਾਰ ਪਾਇਆ ਜਾਂਦਾ ਹੈ ਕਿ ਸਾਰੇ ਆਰੀਆ ਵੀਰ‡

---

‡ਪੁਰਾਣੀ ਵੈਦਕ ਬੋਲੀ ਤੇ ਪਾਰਸੀਆਂ ਦੀ ਧਰਮ-ਪੋਥੀ ਜ਼ੰਦਾਵਸਤਾ ਦੀ ਬੋਲੀ ਦੀ ਸਮਾਨਤਾ ਇਸ ਗੱਲ ਦਾ ਪਰਤੱਖ ਸਬੂਤ ਹੈ ਕਿ ਭਾਰਤੀ ਤੇ ਈਰਾਨੀ ਆਰੀਏ ਕਿਸੇ ਸਮੇਂ ਇਕੱਠੇ ਹੀ ਸਨ, ਤੇ ਇਨ੍ਹਾਂ ਦੀ ਬੋਲੀ ਇਕੋ ਹੀ ਸੀ, ਥਾਂ ਭਾਵੇਂ ਕੋਈ ਵੀ ਹੋਵੇ। ਸਰ ਵਿਲੀਅਮ ਜੋਨਜ਼ ਕਹਿੰਦੇ ਹਨ ਕਿ ਜ਼ੰਦ ਭਾਸ਼ਾ ਦੇ ਦਸ ਸ਼ਬਦਾਂ ਵਿਚੋਂ ਸੱਤ ਵੈਦਕ ਸੰਸਕ੍ਰਿਤ ਨਾਲ ਮਿਲਦੇ ਹਨ। ਮਿਸਾਲ ਲਈ ਕੁਝ ਸ਼ਬਦਾਂ ਦਾ ਟਾਕਰਾ ਕਰਨਾ ਹਿਤਕਾਰੀ ਹੈ—ਅਸੁਰ-ਅਹੁਰ, ਸੋਨਾ—ਹੋਨਾ, ਸੰਤਿ—ਹੋਂਤੀ, ਹ੍ਰਿਦਯ—ਜ਼ਰਦਯ, ਹਸਤ—ਜ਼ਸਤ, ਵਰਾਹ—ਵਰਾਜ਼, ਹੋਤਾ—ਜ਼ੋਤਾ, ਹਿਮ—ਜ਼ਿਮ, ਬਾਹੂ—ਬਾਜ਼ੂ, ਮੇਧਾ—ਮਜ਼ਦਾ, ਮਿਤ੍ਰ—ਮਿਥਰ, ਮਿਹਰ, ਮੰਤ੍ਰ—ਮੰਥਰ, ਬਾਤ—ਬਾਦ, ਅਭਰ—ਅਬਰ, ਚਕਰ—ਚਰਖ, ਜਨ—ਜ਼ਨ, ਜਾਨੁ—ਜ਼ਾਨੂ, ਵਿਸ਼ਵ—ਵਿਸਪ, ਅਸਵ—ਅਸਪ, ਸ੍ਵਨ—ਸਪਨ, ਸਹਸ—ਹਜ਼ਾਰ, ਸ੍ਵਾਪ—ਖ੍ਵਾਬ, ਯਜਨ—ਯਸਨ, ਵਰਣ—ਵਰੇਨ, ਛੰਦ—ਜ਼ੰਦ ਆਦਿ।

‡ਭਾਸ਼ਾ-ਵਿਗਿਆਨੀਆਂ ਨੇ ਸਭ ਤੋਂ ਪੁਰਾਣੇ ਜਥੇਬੰਦ ਆਰੀਆਂ ਨੂੰ, ਜੋ ਹਿੰਦ ਵੀ ਨਹੀਂ ਆਏ ਸਨ—'ਵੀਰੋਸ' ਦਾ ਨਾਂ ਦਿਤਾ ਹੈ। ਦੱਸਿਆ ਜਾਂਦਾ ਹੈ ਇਹ ਘੋੜਿਆਂ ਦੇ ਬੜੇ ਸ਼ੌਕੀਨ ਸਨ। ਪੰਜਾਬੀ ਦਾ ਨਿਤ ਵਰਤੀਂਦਾ 'ਵੀਰ' ਸ਼ਬਦ ਸ਼ਾਇਦ 4—5 ਹਜ਼ਾਰ ਵਰ੍ਹੇ ਦੀ ਪਰਾਣੀ ਯਾਦ ਹੈ।

ਇਕੋ ਵੇਰ ਤੇ ਇਕੋ ਟੋਲੀ ਵਿਚ ਨਹੀਂ ਆ ਗਏ । ਖ਼ਿਆਲ ਹੈ ਉਹ ਦੋ ਵਾਰ ਆਏ । ਪਹਿਲੀ ਵੇਰ ਆਉਣ ਵਾਲਾ ਕਾਫਲਾ ਸ਼ਾਇਦ ਕਾਬਲ ਦੇ ਰਸਤੇ ਆਇਆ ਸੀ ਤੇ ਦੂਜੀ ਵਾਰੀ ਆਉਣ ਵਾਲੇ ਆਰੀਆ ਕਾਬਲ ਵਾਲੇ ਰਾਹ ਨਹੀਂ ਸਗੋਂ ਗਿਲਗਿਤ ਤੇ ਚਿਤਰਾਲ ਤੋਂ ਸਿਧੇ ਦੱਖਣ ਵਲ ਆ ਉਤਰੇ ਸਨ । ਇਹ ਗੱਲ ਅਜ ਤੋਂ ਚਾਰ ਹਜ਼ਾਰ ਵਰ੍ਹੇ ਪਹਿਲਾਂ ਦੀ ਹੈ । ‡ ਪੰਜਾਬ ਦੀ ਧਰਤੀ ਤੇ ਪੈਰ ਧਰਨ ਸਾਰ ਇਸ ਨਵੇਂ ਟੋਲੇ ਨੂੰ ਪੁਰਾਣੇ ਆਰੀਆ ਭਾਈਆਂ ਨਾਲ ਦੇ ਚਾਰ ਵੀ ਹੋਣਾ ਪਿਆ ਹੋਵੇਗਾ । ਇਸ ਸਬੰਧੀ ਕੁਝ ਕੁਝ ਇਸ਼ਾਰੇ ਰਿਗ ਵੇਦ ਵਿਚੋਂ ਵੀ ਮਿਲਦੇ ਹਨ । ਇਹ ਨਵਾਂ ਜਥਾ ਪੂਰਬੀ ਪੰਜਾਬ ਵਿਚ ਸੁਰਸਤੀ ਨਦੀ ਕੰਢੇ ਵਸ ਗਿਆ ਤੇ ਕੁਛ ਦਿਨਾਂ ਦੇ ਸਾਥੀ ਆਰੀਏ ਹਿਮਾਲੀਆ ਦੀਆਂ ਪਹਾੜੀ ਗੁੱਠਾਂ ਵਿਚ ਰਹਿ ਪਏ । ਹੌਲੀ ਹੌਲੀ ਇਨ੍ਹਾਂ ਦੀ ਬੋਲੀ ਵਿਚ ਮੈਦਾਨੀ ਆਰੀਆਂ ਨਾਲੋਂ ਕਾਫ਼ੀ ਫਰਕ ਪੈਂਦਾ ਗਿਆ ਤੇ ਪਿਛੋਂ ਇਨ੍ਹਾਂ ਦਾ ਨਾਂ ਖਸ਼ਾਚ ਯਾ ਦਰਦ ਪਿਆ । ਹੁਣ ਇਹ ਲੋਕ ਕਸ਼ਮੀਰ ਤੇ ਹਿਮਾਲੀਆ ਦੇ ਉਤਰ ਵੱਲ, ਬਿਖਮ ਪਹਾੜਾਂ ਅੰਦਰ ਵਸੇਂ ਰੱਖਦੇ ਹਨ । ਇਨ੍ਹਾਂ ਦੀਆਂ ਮੁਖ ਜ਼ਬਾਨਾਂ ਕਸ਼ਮੀਰੀ, ਪਿਸ਼ਾਚੀ ਤੇ ਦਰਦ ਆਦਿ ਹਨ ।§

ਮੈਦਾਨੀ ਇਲਾਕੇ ਦੇ ਆਰੀਏ ਆਪਣੇ ਆਪ ਨੂੰ ਵਧੇਰੇ ਉਤਮ ਤੇ ਚਤੁਰ ਸਮਝਣ ਲਗੇ ਤੇ ਆਪਣੇ ਪਹਾੜ-ਵਾਸੀ ਭਾਈਆਂ ਨੂੰ ਪਛੜੇ ਤੇ ਅਸਭਯ ਜਾਣ ਕੇ ਪਿਸ਼ਾਚ ਕਹਿਣ ਲਗੇ, ਜਿਹਾ ਕਿ ਅਜ ਕੱਲ ਵੀ ਹੁੰਦਾ ਹੈ ।

ਹੁਣ ਜੋ ਆਰੀਏ ਗੰਧਾਰ, (ਕੰਧਾਰ) ਤੋਂ ਲੈ ਕੇ ਸਪਤ-ਸਿੰਧੂ (ਪੰਜਾਬ) ਦੇ ਮੈਦਾਨਾਂ ਵਿਚ ਆ ਉਤਰੇ ਸਨ, ਉਨ੍ਹਾਂ ਦਾ ਹਿੰਦ ਦੇ ਆਦਿ-ਵਾਸੀਆਂ ਨਾਲ ਵਾਹ ਪਿਆ । ਇਹ ਲੋਕ ਚੰਗੀ

ਡਾ: ਚੈਟਰਜੀ ਇਸ ਸਬੰਧੀ ਲਿਖਦੇ ਹਨ :—

'The Primitive Indo-European language, as the source of Vedic, Old Persian and Avestan, of Greek, of Gothic and other Germanic, of Latin, of Old Irish and other Celtic speeches, and of the Slav and Baltic languages, of Armenian and Albanian, of 'Hittite' and Tokharian, was spoken in its undivided state among a people to whom some philologists have given the name of 'wiros' that being the Primitive Indo-European word for 'man' from which the Sanskrit 'vira,' the Latin 'Uir,' the Germanic 'wer' and, the Old Irish 'fer' have come, the 'Wiros' are therefore the linguistic forefathers, if not actually the racial forbears, of all modern peoples, diverse in origin and in mental make up, who have joined the Indo-European Speech Family.'

(Indo-Aryan and Hindi, page 6)

‡ਡਾ: ਚੈਟਰਜੀ, ਪੰਨਾ 14, 156

§ਹਿੰਦੀ ਭਾਸ਼ਾ ਕਾ ਇਤਿਹਾਸ, ਪੰਨਾ 44 (ਸ੍ਰੀ ਧੀਰੇਂਦ੍ਰ ਵਰਮਾ)

ਸਭਿਅਤਾ ਦੇ ਮਾਲਕ ਸਨ। ਜਿਹਾ ਕਿ 'ਮੋਹਿੰ ਜੇ ਦੜੋ' ਤੇ ਹੜੱਪਾ ਦੇ ਪੁਰਾਣੇ ਖੰਡਰਾਂ ਤੋਂ ਸਾਬਤ ਹੈ। ਖੋਜੀਆਂ ਇਸ ਨੂੰ 'ਸਿੰਧ-ਪੰਜਾਬ ਸਭਿਅਤਾ' ਦਾ ਨਾਂ ਦਿਤਾ ਹੈ।§

ਆਰੀਆਂ ਦੇ ਆਉਣ ਤੋਂ ਪਹਿਲਾਂ ਸਾਰੇ ਹਿੰਦ ਵਿਚ ਨਾ ਸਹੀ ਘਟ ਤੋਂ ਘਟ ਸਿੰਧ ਤੇ ਪੰਜਾਬ ਵਿਚ ਅਜੇਹੀ ਉਚੀ ਸਭਿਅਤਾ ਜ਼ਰੂਰ ਮੌਜੂਦ ਸੀ ਜੋ ਕਈ ਗੱਲਾਂ ਵਿਚ ਮਿਸਰ ਤੇ ਇਰਾਕ ਦੀ ਸਭਿਅਤਾ ਨਾਲੋਂ ਵੀ ਉਚੇਰੀ ਸੀ। ਇਸ ਦਾ ਸਵਿਸਤਾਰ ਵਰਣਨ ਸਰ ਜੌਹਨ ਮਾਰਸ਼ਲ ਨੇ ਆਪਣੀ ਕਿਤਾਬ, 'ਮੋਹਿੰ ਜੇ ਦੜੋ' ਦੀਆਂ ਤਿੰਨ ਵੱਡੀਆਂ ਜਿਲਦਾਂ ਵਿਚ ਕੀਤਾ ਹੈ। ਇਹ ਸਭਿਅਤਾ ਅਜ ਤੋਂ ਪੰਜ ਹਜ਼ਾਰ ਵਰ੍ਹੇ ਦੀ ਪੁਰਾਣੀ ਦਸੀ ਜਾਂਦੀ ਹੈ। ਅਜਿਹੇ ਸਭਿਅ ਤੇ ਸੁਸਿਖਸ਼ਿਤ ਲੋਕਾਂ ਦਾ ਪ੍ਰਭਾਵ ਆਰੀਆਂ ਉਤੇ ਜ਼ਰੂਰ ਪਿਆ ਹੋਵੇਗਾ ਤੇ ਉਨ੍ਹਾਂ ਦੀ ਜ਼ਬਾਨ ਉਤੇ ਵੀ ਇਸ ਦਾ ਕਾਫ਼ੀ ਰੰਗ ਚੜ੍ਹਿਆ ਹੋਵੇਗਾ। ਇਸ ਤੋਂ ਕਿਸੇ ਤਰ੍ਹਾਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਵੈਦਿਕ ਸੰਸਕ੍ਰਿਤ—ਆਰੀਆਂ ਦੀ ਸਭ ਤੋਂ ਪੁਰਾਣੀ ਜ਼ਬਾਨ ਦਾ ਨਮੂਨਾ ‡ਰਿਗਵੇਦ ਵਿਚੋਂ ਮਿਲਦਾ ਹੈ, ਜਿਸ ਦੀ ਰਚਨਾ (1500 ਈ: ਪੂ:) ਪੰਜਾਬ ਦੇ ਦਰਿਆਵਾਂ ਕੰਢੇ ਹੋਈ। ਖੋਜੀ ਇਸ ਨੂੰ ਆਰੀਆਂ ਦਾ ਪਹਿਲਾ ਲਿਖਤੀ ਪਵਿਤ੍ਰ ਬੋਲ ਮੰਨਦੇ ਹਨ। ਇਉਂ ਪੰਜਾਬ ਵਿਚ ਇਕ ਤਰ੍ਹਾਂ ਆਰੀਆ ਸਭਿਆਚਾਰ ਤੇ ਬੋਲੀ ਦਾ ਬੁਨਿਆਦੀ ਪੱਥਰ ਰਖਿਆ ਜਾਂਦਾ ਹੈ, ਜੋ ਅਗਲੀ ਸਾਰੀ ਉਸਾਰੀ ਦਾ ਆਧਾਰ ਬਣਦਾ ਹੈ, ਸੰਸਕ੍ਰਿਤ ਤੇ ਪਾਲੀ ਆਦਿ ਸਭ ਦਾ।*

---

§ਡਾ: ਚੈਟਰਜੀ, ਪੰਨਾ 41

‡ਰਿਗਵੇਦ ਸਭ ਤੋਂ ਪੁਰਾਣਾ ਤੇ ਪਹਿਲਾ ਵੇਦ ਹੈ, ਇਸ ਵੇਦ ਵਿਚ ਪੰਜਾਬ ਦੇ ਦਰਿਆਵਾਂ ਦੇ ਨਾਂ ਤਾਂ ਕਈ ਵਾਰ ਆਏ ਹਨ ਪਰ ਗੰਗਾ ਜਮਨਾ ਦਾ ਜ਼ਿਕਰ ਬਹੁਤ ਘਟ ਹੈ। ਰਿਗ ਦੇ ਕੁਲ 10 ਮੰਡਲ, 64 ਅਧਿਆ, 1038 ਸੂਕਤ ਤੇ 10589 ਮੰਤਰ ਹਨ। ਕੁਲ ਅੱਖਰਾਂ ਦੀ ਗਿਣਤੀ 4 ਲਖ 32 ਹਜ਼ਾਰ ਦੱਸੀ ਜਾਂਦੀ ਹੈ। ਇਸ ਦਾ ਸੰਪਾਦਨ ਵੇਦ ਵਿਆਸ ਦੇ ਚੇਲੇ ਪਾਇਲ ਨੇ ਕੀਤਾ ਸੀ। ਪਾਠ-ਭੇਦ ਨਾਲ ਇਸ ਦੀਆਂ ਸੋਲਾਂ ਐਡੀਸ਼ਨਾਂ ਪ੍ਰਚਲਤ ਹਨ। ਇਹ ਵੇਦ ਰਿਚਾਂ—ਦੇਵਤਿਆਂ ਦੀ ਉਸਤਤੀ ਦਾ ਵੇਦ ਹੈ ਜਿਸ ਵਿਚ 80 ਦੇਵਤਿਆਂ ਤੇ 300 ਰਿਸ਼ੀਆਂ ਦੇ ਨਾਂ ਆਏ ਹਨ। ਮਿ: ਗ੍ਰਿਫਥ ਦੇ ਲਿਖਣ ਅਨੁਸਾਰ ਇਸ ਦੀ ਕਾਵਿਕ ਨਾਲੋਂ ਇਤਿਹਾਸਕ ਮਹੱਤਤਾ ਜ਼ਿਆਦਾ ਹੈ। ਲੇ. ਆਨਡੇਲਵਾਸ ਨੇ ਲਿਖਿਆ ਹੈ, 'ਰਿਗਵੇਦ ਤੋਂ ਵਧ ਰੋਮ ਤੇ ਯੂਨਾਨ ਵਿਚ ਵੀ ਕੋਈ ਹੋਰ ਪੁਰਾਣੀ ਕੀਮਤੀ ਯਾਦਗਾਰ ਨਹੀਂ।' ਖਿਆਲ ਰਹੇ ਸਾਮ ਵੇਦ ਵਾਲੇ ਮੰਤ੍ਰ ਵੀ ਰਿਗ ਵਾਲੇ ਹੀ ਹਨ, ਕੇਵਲ 75 ਕੁ ਮੰਤ੍ਰ ਨਵੇਂ ਹਨ। ਫਰਕ ਇਤਨਾ ਹੈ ਕਿ ਸਾਮ ਵਿਚ ਨਾਲ ਸੰਗੀਤਕ ਚਿੰਨ੍ਹ ਦਿਤੇ ਹੋਏ ਹਨ।

*Probably in the Panjab **was the fiercest resistance,** and in the panjab too was the **biggest settlement of the** Aryans : in any case, the panjab **formed** the nidus of the **Aryans** in India, and, under the **name of** Udicya or the Northern Country, boasted of the **purest Aryan** speech and the bluest Aryan blood (the Udicca i.e. **Udicya** Brahamanas of pali and other ancient Indian literature have always a

ਅਜ ਵੀ ਫੇਰ੍ਹਕ ਰਚਨਾ ਵਿਚ ਆਏ ਸ਼ਬਦ, ਬਾਰ (ਦਰਵਾਜ਼ਾ), ਭੂਮ (ਜ਼ਮੀਨ), ਸਾਕਮ (ਸਾਕ), ਦੂਲਭ, ਗੂਭੂ (ਗਭਰੂ), ਉਭਾ (ਖੜੋਤਾ), ਜਾਨਿ (ਪਿਆਰਾ), ਦਿ੍ਹ (ਡਾਢਾ), ਕਰੀਮ (ਕ੍ਰੀਹ), ਤਰਕੱਕਰੀ (ਤੱਕੜੀ), ਗਿ੍ਨ (ਘਿਨ), ਵਰਤਨੀ (ਵੱਤਣਾ), ਉਦਜਾਹ (ਉਘਾ), ਸੁਭਤ੍ਰੁਨ (ਸੁਹਪਣ), ਪ੍ਰੁਣਾ (ਪ੍ਰਾਹੁਣਾ), ਕੱਪਨਾ (ਕੰਬਣਾ), ਜਨਕ (ਜਣਦਾ), ਕ੍ਰਿਯਾ (ਕਤਿਆ), ਆਦਿ ਸ਼ਬਦ ਪੰਜਾਬੀ ਵਿਚ ਆਮ ਵਰਤੀਂਦੇ ਹਨ। ਇਹ ਵੈਦਕ ਬੋਲੀ ਉਸ ਸਮੇਂ ਦੀ ਸਾਹਿਤਕ ਭਾਸ਼ਾ ਜਾਪਦੀ ਹੈ, ਬੋਲ ਚਾਲ ਦੀ ਬੋਲੀ ਕਈ ਗੱਲਾਂ ਵਿਚ ਜ਼ਰੂਰ ਇਸ ਤੋਂ ਭਿੰਨ ਹੋਵੇਗੀ। ਡਾ. S. K. ਚੈਟਰਜੀ ਦੇ ਸ਼ਬਦਾਂ ਵਿਚ 'ਪੱਛਮੀ ਪੰਜਾਬ ਦੀ ਆਰੀਆ ਬੋਲੀ ਦੇ ਅਧਾਰ ਉਤੇ ਹੀ ਇਹ ਰਿਗਵੇਦ ਦੀ ਸਾਹਿਤਕ ਭਾਸ਼ਾ 'ਛਾਂਦਸਿ' ਤਿਆਰ ਹੋਈ ਸੀ।'

(ਰਾਜਸਥਾਨੀ ਭਾਸ਼ਾ, ਪੰਨਾ 42)

ਇਸੇ ਤਰ੍ਹਾਂ ਸ੍ਰੀ ਨਲਿਨੀ ਮੋਹਨ ਸੰਨਿਆਲ ਲਿਖਦੇ ਹਨ, 'ਹਿੰਦ ਵਿਚ ਜੋ ਸਭ ਤੋਂ ਪਹਿਲਾਂ ਸੋਧੀ-ਮਾਂਜੀ ਜ਼ਬਾਨ ਬਣੀ ਉਹ ਰਿਗਵੇਦ ਦੀ ਬੋਲੀ ਹੈ। ਈਸਾ ਤੋਂ ਇਕ ਹਜ਼ਾਰ ਵਰ੍ਹੇ ਪਹਿਲਾਂ ਪੰਜਾਬ ਵਿਚ ਇਹ ਬੋਲੀ ਪ੍ਰਚਲਤ ਸੀ।

(ਬਿਹਾਰੀ ਭਾਸ਼ਾਓਂ ਕੀ ਉਤਪਤੀ ਔਰ ਵਿਕਾਸ, ਪੰਨਾ 9)

ਸੰਸਕ੍ਰਿਤ—ਵੈਦਕ ਭਾਸ਼ਾ ਦਾ ਚੋਰ ਢਿਲਾ ਪੈਣ ਸਮੇਂ ਹਿੰਦੀ ਆਰੀਆਂ ਵਿਚ ਸੰਸਕ੍ਰਿਤ ਦੇ ਤਿੰਨ ਰੂਪ-ਉਦੀਚੀ, ਪ੍ਰਾਚੀ ਤੇ ਮੱਧ-ਦੇਸੀ ਪ੍ਰਚਲਤ ਸਨ। ਇਨ੍ਹਾਂ ਵਿਚੋਂ ਮੱਧ-ਦੇਸੀ ਰੂਪ ਫਿਰ ਪ੍ਰਧਾਨ ਹੋਇਆ, ਇਹੋ ਸੰਸਕ੍ਰਿਤ ਭਾਸ਼ਾ ਦਾ ਮੁਢ ਸੀ। ਸੈਂਕੜੇ ਵਰ੍ਹਿਆਂ ਵਿਚ ਲੋਕਾਂ ਦੀ ਬੋਲ ਚਾਲ ਦੀ ਕੁਦਰਤੀ ਬੋਲੀ (ਪ੍ਰਾਕ੍ਰਿਤ) ਨੂੰ ਸੋਧ ਸਵਾਰ ਕੇ ਸੰਸਕ੍ਰਿਤ ਤਿਆਰ ਕੀਤੀ ਗਈ ਸੀ। ਸੰਸਕ੍ਰਿਤ ਨਾਮ ਹੀ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਇਹ ਸੰਸਕਾਰੀ ਯਾ ਸੋਧੀ ਗਈ ਭਾਸ਼ਾ ਸੀ। ਮਹਾਂ ਵੀਰ ਪਰਸ਼ਾਦ ਦ੍ਵਿਵੇਦੀ ਕਹਿੰਦੇ ਹਨ ਕਿ 'ਇਹ ਸਾਫ ਸੋਹਣੀ ਸੰਸਕ੍ਰਿਤ ਕਿਸੇ ਪੁਰਾਣੀ ਪ੍ਰਾਕ੍ਰਿਤ ਤੋਂ ਬਣਾਈ ਸਵਾਰੀ ਗਈ ਹੋਵੇਗੀ ਤੇ ਇਹ ਪ੍ਰਾਕ੍ਰਿਤ ਪੰਜਾਬ ਦੀ ਲੋਕ-ਬੋਲੀ ਸੀ।' ਚੁਨਾਂਚਿ ਹਿੰਦ ਦੇ ਮਸ਼ਹੂਰ ਭਾਸ਼ਾ-ਵਿਗਿਆਨੀ ਡਾਕਟਰ ਸੁਨੀਤੀ ਕੁਮਾਰ ਚੈਟਰਜੀ ਸਾਫ਼ਟ ਲਿਖਦੇ ਹਨ :—

'Sanskrit was not exactally the home language of any part of the country, only in the centureis B. C. The dialects of the Punjab and the 'Midland' appear to have given to Sanskrit its basic form.' (Indo Aryan and Hindi, P. 15)

ਸੰਸਕ੍ਰਿਤ ਦੀ ਅਮੀਰੀ ਤੇ ਸ਼ਾਨ ਤੋਂ ਕਿਸੇ ਨੂੰ ਇਨਕਾਰ ਨਹੀਂ। ਇਹ ਸਚਮੁਚ ਹਿੰਦੁਸਤਾਨ ਦੀ ਪੁਰਾਣੀ ਸੱਭਿਆਚਾਰਕ ਤੇ ਧਾਰਮਿਕ ਭਾਸ਼ਾ ਸੀ ਜਿਸ ਵਿਚ ਭਾਰਤ ਦਾ ਸ਼ਦੀਆਂ ਦਾ ਸਾਹਿਤਕ, ਧਾਰਮਿਕ ਤੇ ਦਾਰਸ਼ਨਿਕ ਗਿਆਨ ਸੰਭਾਲਿਆ ਪਿਆ ਹੈ। ਪ੍ਰੋ: ਹੀਰਨ ਦੇ ਸ਼ਬਦਾਂ ਵਿਚ ਇਹ

---

pride of birth admitted by others without question); and the comparative purity of the Aryan language in the panjab area is fully borne out by the evidence of the Asoka inscriptions in the 3rd century B. C., and later.'

(Indo-Aryan and Hindi, P. 46)

ਗੱਲ ਨਿਰਸੰਕੋਚ ਕਹੀ ਜਾਣ ਵਾਲੀ ਹੈ ਕਿ ਸੰਸਕ੍ਰਿਤ ਸਭ ਤੋਂ ਅੱਛੀ ਸੁਧਰੀ ਜ਼ਬਾਨ ਹੈ।' ਸਰ ਵਿਲੀਅਮ ਜੋਨਜ਼ ਲਿਖਦੇ ਹਨ, 'ਸੰਸਕ੍ਰਿਤ ਦੀ ਬਣਤਰ ਅਸਚਰਜਮਈ ਹੈ । ਯੂਨਾਨੀ ਦੇ ਮੁਕਾਬਲੇ ਤੇ ਇਹ ਜ਼ਿਆਦਾ ਮੁਕੰਮਲ, ਲਾਤੀਨੀ ਦੇ ਮੁਕਾਬਲੇ ਤੇ ਇਹ ਜ਼ਿਆਦਾ ਭਰਪੂਰ ਅਤੇ ਦੋਹਾਂ ਦੇ ਟਾਕਰੇ ਤੇ ਇਹ ਵਧੇਰੇ ਸੋਧੀ-ਮਾਂਜੀ ਹੋਈ ਹੈ।'‡ ਇਸ ਨੂੰ ਇਲਮੀ, ਅਦਬੀ ਤੇ ਰਾਜ ਦਰਬਾਰੀ ਖੇਤਰ ਵਿਚ ਵੀ ਚੰਗੀ ਵਡਿਆਈ ਮਿਲੀ ਹੈ ਤੇ ਇਸ ਨੂੰ 'ਬ੍ਰਾਹਮਣੀ ਸਭਿਅਤਾ ਦੀ ਜ਼ਬਾਨ' ਕਹਿਣਾ ਜ਼ਿਆਦਾ ਢੁਕਦਾ ਹੈ। ਇਸੇ ਕਰਕੇ ਇਸ ਨੂੰ ਦੇਵਤਿਆਂ ਦੀ ਬੋਲੀ 'ਦੇਵ-ਭਾਸ਼ਾ' ਆਖਿਆ ਜਾਂਦਾ ਸੀ । ਮੈਕਡਾਨਲ ਦੇ ਅੰਦਾਜ਼ੇ ਅਨੁਸਾਰ ਸੰਸਕ੍ਰਿਤ ਸਾਹਿਤ ਯੂਨਾਨ ਤੇ ਰੋਮ ਦੇ ਮਿਲਵੇਂ ਸਾਹਿਤ ਤੋਂ ਵੀ ਜ਼ਿਆਦਾ ਹੈ । ਸਰ ਡਬਲਯੂ. ਜੋਨਜ਼ ਕਹਿੰਦੇ ਹਨ, 'ਮਨੁਖ ਪਾਸ ਇਤਨੀ ਲੰਮੀ ਉਮਰ ਨਹੀਂ ਕਿ ਉਹ ਇਸ ਦਾ ਪਾਰਾਵਾਰ ਪਾ ਸਕੇ।'

ਪਰ ਇਹ ਸਾਨੂੰ ਮੰਨਣਾ ਪਵੇਗਾ ਕਿ ਸੰਸਕ੍ਰਿਤ ਇਕ ਤਰ੍ਹਾਂ ਲੋਕ-ਬੋਲੀ ਦੇ ਖੁਲ੍ਹੇ ਕੁਦਰਤੀ ਵਗਦੇ ਦਰਿਆ ਵਿਚੋਂ ਬੰਨ੍ਹ ਮਾਰ ਕੇ ਕੱਢੀ ਨਹਿਰ ਹੀ ਸੀ ਜਿਸ ਦੇ ਕਿਨਾਰਿਆਂ ਨੂੰ ਪੰਡਤਾਂ ਖੂਬ ਸ਼ਿੰਗਾਰਿਆ ਬਣਾਇਆ । ਵੈਬਰ, ਹਾਰਨਲੇ ਤੇ ਗ੍ਰੀਅਰਸਨ ਵਗੈਰਾ ਕਈ ਪੱਛਮੀ ਵਿਦਵਾਨਾਂ ਜੋ ਇਹ ਮਤ ਜ਼ਾਹਰ ਕੀਤਾ ਹੈ ਕਿ ਸੰਸਕ੍ਰਿਤ ਇਕ ਵਿਆਕਰਣੀਆਂ ਦੀ ਬਣਾਈ ਨਕਲੀ (ਆਰਟੀਫਿਸ਼ਲ) ਜ਼ਬਾਨ ਹੈ, ਇਹ ਗ਼ਲਤ ਹੈ। ਇਉਂ ਕੁਝ ਆਦਮੀਆਂ ਦੇ ਬਣਾਇਆਂ ਜ਼ਬਾਨ ਕੋਈ ਨਹੀਂ ਬਣਦੀ, ਲੋਕ-ਕੰਠ ਹੀ ਇਸ ਨੂੰ ਸੈਂਕੜੇ ਵਰ੍ਹਿਆਂ ਵਿਚ ਤਿਆਰ ਕਰਦਾ ਹੈ ਤੇ ਵਿਆਕਰਣੀ ਤਾਂ ਕੇਵਲ ਨੇਮ-ਬਧ ਕਰ ਕੇ ਉਸ ਨੂੰ ਮਾਂਜਦਾ ਸੁਆਰਦਾ ਹੀ ਹੈ।§ ਸੰਸਕ੍ਰਿਤ ਚੂੰਕਿ ਰਾਜ-ਭਾਸ਼ਾ ਨਾਲ ਧਰਮ-ਭਾਸ਼ਾ ਵੀ ਸੀ ਇਸ ਲਈ ਇਹ ਬ੍ਰਾਹਮਣੀ ਜੰਜਾਲ ਵਿਚ ਫਸ ਗਈ। ਬ੍ਰਾਹਮਣਵਾਦ ਤੋਂ ਸਤੇ ਲੋਕ ਇਸ ਤੋਂ ਵੀ ਦੂਰ ਹੁੰਦੇ ਗਏ । ਸਮੇਂ ਦੇ ਫੇਰ ਨੇ ਸਭ ਪਾਸੇ ਤਬਦੀਲੀ ਲਿਆਂਦੀ। ਕੁਛ ਅਰਸੇ ਬਾਦ ਇਹ ਸੰਸਕ੍ਰਿਤ ਵੀ ਪੰਡਤਾਂ ਜੋਗੀ ਹੀ ਰਹਿ ਗਈ ਤੇ ਇਸ ਦਾ ਲੋਕਾਂ ਨਾਲ ਸਬੰਧ ਨਾ ਰਿਹਾ।

ਪਾਲੀ—ਲੋਕ-ਬੋਲੀ **ਦਾ** ਪਰਵਾਹ ਉਸੇ ਤਰ੍ਹਾਂ ਵਗ ਰਿਹਾ ਸੀ। ਲੋਕਾਂ ਭੋਜਪੱਤਰਾਂ ਤੇ ਸ਼ਿਲਾ ਲੇਖਾਂ ਦੀ ਥਾਂ ਆਪਣੇ **ਦਿਲ** ਦਿਮਾਗ ਤੇ ਜੀਭਾ ਉਤੇ ਹੀ ਆਪਣਾ ਅਟੂਟ ਸ਼ਬਦ-ਭੰਡਾਰ ਸੰਭਾਲ ਰਖਿਆ ਸੀ। ਈਸਵੀ **ਸਦੀ** ਤੋਂ ਛੇ ਸੌ ਵਰ੍ਹੇ ਪਹਿਲਾਂ ਬੁਧ ਤੇ ਜੈਨ ਮਤ ਦਾ ਅਰੰਭ ਹੋਇਆ। ਇਨ੍ਹਾਂ ਦੇ ਬਾਨੀ ਮਹਾਂਵੀਰ (599-527 ਈ: ਪੂਰਬ) ਤੇ ਮ: ਬੁਧ (563-483 ਈ: ਪੂਰਬ) ਨੇ ਲੋਕਾਂ ਨੂੰ ਆਪਣੇ ਧਰਮ ਉਪਦੇਸ਼ ਆਸਾਨੀ ਨਾਲ ਸਮਝਾਉਣ ਲਈ ਲੋਕ-ਬੋਲੀਆਂ ਨੂੰ ਵਰਤੋਂ ਵਿਚ ਲਿਆਂਦਾ । ਇਸ ਕਰ ਕੇ ਸੰਸਕ੍ਰਿਤ ਪਿਛੇ ਪੈ ਗਈ ਤੇ ਇਨ੍ਹਾਂ ਹਾਤਮਾਵਾਂ ਦੇ ਸੁਨਹਿਰੀ ਉਪਦੇਸ਼ਾਂ ਦੀ ਛੁਹ ਨਾਲ ਕੁਦਰਤੀ ਬੋਲੀ-ਪ੍ਰਾਕ੍ਰਿਤ ਦਾ ਫਿਰ ਸਤਾਰਾ ਚਮਕਣ ਲਗਾ। ਆਮ ਖ਼ਿਆਲ ਅਨੁਸਾਰ ਇਸ ਸਮੇਂ ਦੀਆਂ ਲੋਕ-ਬੋਲੀਆਂ ਵਿਚੋਂ ਮਗਧ (ਬਿਹਾਰ) ਦੀ ਪ੍ਰਾਂਤਕ ਬੋਲੀ ਨੂੰ ਜ਼ਿਆਦਾ ਸਨਮਾਨ ਮਿਲਿਆ ਜੋ ਪਿਛੋਂ ਦੇਸ਼ ਵਿਆਪੀ ਹੋ ਕੇ

---

‡ਡਾਕਟਰ ਚੈਟਰਜੀ, ਪੰਨਾ 4

§ਪੀ. ਡੀ. ਗੁਨੈ, 147 ਪੰਨਾ; ਭੰਡਾਰਕਾਰ, 27 ਪੰਨਾ।

ਪਾਲੀ‡ ਅਖਵਾਈ। ਪਰ ਵਰਤਮਾਨ ਭਾਸ਼ਾ-ਵਿਗਿਆਨੀ ਮੱਧ-ਦੇਸ਼ ਦੀ ਬੋਲੀ ਤੋਂ ਹੀ ਪਾਲੀ ਦਾ ਵਿਕਾਸ ਹੋਇਆ ਮੰਨਦੇ ਹਨ। ਪੰਜਾਬ ਦੀ ਬੋਲੀ ਦਾ ਵੀ ਇਸ ਵਿਚ ਕਾਫੀ ਹਿਸਾ ਸੀ§ ਮ: ਅਸ਼ੋਕ (273—231 ਈ: ਪੂਰਬ) ਨੇ ਬੁਧ ਧਰਮ ਦੇ ਸੁਨਹਿਰੀ ਉਪਦੇਸ਼ ਸ਼ਿਲਾਵਾਂ ਤੇ ਮੀਨਾਰਾਂ ਤੇ ਖੁਦਾ ਕੇ ਹਿੰਦ ਭਰ ਵਿਚ ਪ੍ਰਚਾਰੇ। ਇਹ ਇਕ ਤਰ੍ਹਾਂ ਲਿਖਤੀ ਪ੍ਰਾਕ੍ਰਿਤ ਦਾ ਪੁਰਾਣਾ ਰੀਕਾਰਡ ਹਨ ਜਿਨ੍ਹਾਂ ਦੀ ਗਿਣਤੀ 30 ਤੋਂ ਵਧੇਰੇ ਹੈ।* ਇਹ ਪੁਰਾਣੇ ਸ਼ਿਲਾ ਲੇਖ ਡੇਰ੍ਹਾਦੂਨ ਲਾਗੇ ਕਾਲਸੀ ਪਿੰਡ ਨੇੜੇ, ਜ਼ਿਲਾ ਹਜ਼ਾਰਾ ਵਿਚ ਮਾਨ ਸੇਹਰਾ ਤੇ ਜ਼ਿਲਾ ਪਿਸ਼ਾਵਰ ਵਿਚ ਸ਼ਹਿਬਾਜ਼ ਗੜ੍ਹੀ ਤੋਂ ਵੀ ਮਿਲੇ ਹਨ, ਮਗਰਲੇ ਦੋਵੇਂ ਖਰੋਸ਼ਟੀ ਲਿਪੀ ਵਿਚ ਲਿਖੇ ਹੋਏ ਹਨ। ਇਸ ਤੋਂ ਇਲਾਵਾ ਮਣਾਂ-ਮੂੰਹ ਬੋਧੀ ਸਾਹਿਤ ਪਾਲੀ ਵਿਚ ਲਿਖਿਆ ਗਿਆ, ਜਿਸ ਵਿਚੋਂ ਤ੍ਰਿਪਿਟਕ (ਸੁੱਤ, ਵਿਨਯ ਤੇ ਅਭਿਧੰਮ) ਜ਼ਿਆਦਾ ਮਸ਼ਹੂਰ ਹਨ। ਤ੍ਰਿਪਿਟਕ ਆਕਾਰ ਵਿਚ ਮਹਾਂ ਭਾਰਤ ਤੋਂ ਤਿੱਗਣੇ ਹਨ। ਖਿਆਲ ਹੈ ਕਿ 477 ਈ: ਪੂਰਬ ਵਿਚ ਬੋਧੀ ਵਿਦਵਾਨਾਂ ਦੀ ਪਹਿਲੀ ਇਕੱਤਰਤਾ ਵਿਚ ਇਹ ਤਿਆਰ ਕੀਤੇ ਗਏ ਸਨ। 'ਸੁੱਤ' ਵਿਚ ਬੁਧ ਦੇ ਸੁੰਦਰ ਬਚਨ ਹਨ, ਵਿਨਯ ਵਿਚ ਭਿਖ੍ਖੂਆਂ ਦੀ ਰਹਿਤ-ਮਰਯਾਦਾ ਦਰਜ ਹੈ ਤੇ 'ਅਭਿਧੰਮ' ਬੋਧੀ ਸਿਧਾਂਤਾਂ ਦੀ ਦਾਰਸ਼ਨਿਕ ਚਰਚਾ ਕਰਦਾ ਹੈ।

ਇਸ ਸਮੇਂ ਪਾਲੀ ਸਾਹਿਤਕ ਤੇ ਰਾਜ-ਭਾਸ਼ਾ ਸੀ ਪਰ ਇਸ ਵਿਚ ਸੰਸਕ੍ਰਿਤ ਵਾਲੀ ਥੁ ਨਹੀਂ ਸੀ ਪਈ। ਵੈਸੇ ਇਸ ਨੇ ਵੀ ਸਹੁੰ ਖਾਧੀ ਹੋਈ ਸੀ ਕਿ ਸੰਸਕ੍ਰਿਤ ਦਾ ਤਤਸਮ ਸ਼ਬਦ ਕੋਈ ਫਟਕਣ ਨਹੀਂ ਦੇਣਾ। ਉਂਵ ਤਾਂ ਹਰ ਟਕਸਾਲੀ ਬੋਲੀ ਹੀ ਕੁਝ ਕਾਇਦਿਆਂ ਵਿਚ ਬੱਝ ਕੇ ਲੋਕ-ਬੋਲੀ ਤੋਂ ਵੱਖਰਾ ਰੂਪ ਧਾਰਨ ਕਰ ਲੈਂਦੀ ਹੈ ਪਰ ਜੇ ਉਹ ਲੋਕ-ਬੋਲੀਆਂ ਨਾਲ ਆਪਣਾ ਸੰਬੰਧ ਕਾਇਮ ਹੀ ਨ ਰਖੇ ਤਾਂ ਜ਼ਿਆਦਾ ਚਿਰ ਜੀਉਂਦੀ ਨਹੀਂ ਰਹਿ ਸਕਦੀ। ਲੋਕ-ਬੋਲੀਆਂ ਉਸ ਨੂੰ ਇਕ ਤਰ੍ਹਾਂ ਨਵਾਂ ਜੀਵਨ ਦਿੰਦੀਆਂ ਰਹਿੰਦੀਆਂ ਹਨ, ਜਿਵੇਂ ਦਰਿਆ ਨਹਿਰਾਂ ਨੂੰ

---

‡'ਪਾਲੀ' ਅਸਲ ਵਿਚ ਕਿਸੇ ਭਾਸ਼ਾ ਦਾ ਨਾਂ ਨਹੀਂ ਰਿਹਾ, ਭਾਸ਼ਾ ਦਾ ਨਾਮ ਤਾਂ ਮਾਗਧੀ ਸੀ। ਪਾਲੀ ਤਾਂ ਕੇਵਲ 'ਮੂਲ ਬਚਨ' ਦਾ ਪਰਿਆਇਵਾਚੀ ਰਿਹਾ ਹੈ।' (ਭਦੰਤ ਅਨੰਦ ਕੌਸਲਾਇਨ, ਜਾਤਕ, ਭੂਮਿਕਾ ਪੰਨਾ 6) ਪਾਲੀ ਨਾਂ ਪੈਣ ਦਾ ਕਾਰਣ ਇਹ ਦਸਿਆ ਜਾਂਦਾ ਹੈ ਕਿ ਆਮ ਤੌਰ ਤੇ ਬੋਧੀ ਬਚਨਾਂ ਦੀ ਪੰਗਤੀ ਦੀ ਟੂਕ ਦੇਣ ਲਗਿਆਂ ਉਸ ਨੂੰ 'ਪਾਲੀ' ਕਿਹਾ ਜਾਂਦਾ ਸੀ (ਦੇਖੋ, ਪਾਲੀ ਪ੍ਰਕਾਸ਼) ਪੰਜਾਬੀ ਵਿਚ ਹੁਣ ਤਕ ਸਤਰ ਨੂੰ ਪਾਲੀ ਯਾ ਪਾਲ ਕਿਹਾ ਜਾਂਦਾ ਹੈ। 'ਜੈਨੀਆਂ ਦੇ 'ਅਗ' ਗ੍ਰੰਥਾਂ ਵਿਚ 'ਪੱਲੀ' ਸ਼ਬਦ ਪਿੰਡ ਦੇ ਅਰਥਾਂ ਵਿਚ ਮਿਲਦਾ ਹੈ। ਇਸ ਪੱਲੀ ਤੋਂ 'ਪਾਲੀ' ਲਫਜ਼ ਬਣਿਆ ਮੰਨੀਏ ਤਾਂ ਇਸ ਦਾ ਅਰਥ ਹੋਇਆ 'ਪੇਂਡੂ ਬੋਲੀ', ਇਹ ਵੀ ਕਾਫ਼ੀ ਚੁਕਵਾਂ ਹੈ।'

[ਪਾਇਓ ਸੱਦ ਮਹਾਰਣਵੋ, ਪੰਨਾ 13]

ਬੋਧੀ ਵਿਦਵਾਨ ਕੌਸੰਬੀ, ਪਾਲ-ਪਾਲਣਾ ਸੰਭਾਲਣਾ ਅਰਥਾਤ ਸਾਹਿਤਕ ਸੰਭਾਲ ਕਰ ਕੇ ਇਸ ਦਾ ਪਾਲੀ ਨਾਂ ਪਿਆ ਦਸਦਾ ਹੈ। [ਪੀ. ਡੀ. ਗੁਨੇ ਪੰਨਾ 178]

§ਡਾ: ਚੈਟਰਜੀ, ਪੰਨਾ 151 ਤੇ 46।

*Encyclopedia of Literature (J. T. Shipley) Vol. I P. 482। ਪੀ. ਡੀ. ਗੁਨੇ, ਕੇਵਲ 14 ਸ਼ਿਲਾ ਲੇਖਾਂ ਤੇ 7 ਮੀਨਾਰੀ ਲੇਖਾਂ ਦਾ ਜ਼ਿਕਰ ਕਰਦਾ ਹੈ। (ਪੰਨਾ 201)

ਪਾਣੀ। ਸੰਸਕ੍ਰਿਤ ਦੇ ਮਾਲਕ ਪੰਡਤਾਂ ਇਸ ਦੁਆਲੇ ਅਜੇਹੇ ਬਨ੍ਹ ਮਾਰੇ ਕਿ ਇਸ ਵਿਚ ਕਿਸੇ ਪਾਸਿਉਂ ਦੂਜੀਆਂ ਬੋਲੀਆਂ ਦਾ ਅੰਸ਼ ਮਾਤਰ ਵੀ ਆ ਕੇ ਨਾ ਰਲੇ । ਬ੍ਰਾਹਮਣਾਂ ਅਜਿਹੀ ਪਾਬੰਦੀ ਇਸ ਲਈ ਲਾਈ ਸੀ ਤਾਂਕਿ ਇਸ ਨਾਲ ਉਨ੍ਹਾਂ ਦਾ ਰੋਟੀ ਪਾਣੀ ਚਲਦਾ ਜਾਵੇ। ਔਖੀ ਬੋਲੀ ਵਿਚ ਔਖੀਆਂ ਔੜੀਆਂ ਅਜੀਬ ਗੱਲਾਂ ਕਹਿ ਕੇ ਲੋਕਾਂ ਨੂੰ ਭੰਬਲ-ਭੂਸਿਆਂ ਵਿਚ ਪਾਈ ਰੱਖਣਾ ਪੁਜਾਰੀਆਂ ਲਈ ਫਾਇਦੇਮੰਦ ਸੀ, ਬ੍ਰਾਹਮਣ ਸਦਾ ਇਵੇਂ ਹੀ ਕਰਦੇ ਰਹੇ। ਬੋਧੀਆਂ ਦੀ ਰਾਜਸੀ ਸ਼ਕਤੀ ਢਿਲੀ ਪੈਣ ਨਾਲ ਫਿਰ ਸੰਸਕ੍ਰਿਤ ਰਾਜ-ਭਾਸ਼ਾ ਬਣ ਗਈ। ਦੂਜੇ ਚੰਦਰ ਗੁਪਤ (380—413 ਈਸਵੀ) ਦੇ ਜ਼ਮਾਨੇ ਤਾਂ ਬ੍ਰਾਹਮਣਾਂ ਦੀ ਬਹੁਤ ਚੜ੍ਹ ਮੱਚੀ। ਬ੍ਰਾਹਮਣਾਂ ਨੇ ਰਾਜ-ਬਲ ਦੀ ਸਹਾਇਤਾ ਨਾਲ ਜਿਥੇ ਆਪਣੇ ਧਾਰਮਿਕ ਵਿਰੋਧੀ ਬੋਧੀਆਂ ਨੂੰ ਮੱਠਿਆਂ ਪਾਇਆ, ਉਥੇ ਪਾਲੀ ਨੂੰ ਵੀ ਕਰਾਰੀ ਸੱਟ ਮਾਰੀ। ਆਖ਼ਰ ਪ੍ਰਚਾਰ ਨੂੰ ਮੁਖ ਰੱਖ ਕੇ ਬੋਧੀ ਵਿਦਵਾਨਾਂ ਨੂੰ ਕਈ ਪਾਲੀ ਵਿਚਲੇ ਧਰਮ-ਗ੍ਰੰਥ ਸੰਸਕ੍ਰਿਤ ਵਿਚ ਉਲਥਾਉਣੇ ਪਏ।

ਪ੍ਰਾਕ੍ਰਿਤ—ਪਰ ਇਸ ਸਮੇਂ ਵੀ ਲੋਕ-ਭਾਸ਼ਾ ਦਾ ਪ੍ਰਵਾਹ ਉਸੇ ਤਰ੍ਹਾਂ ਜਾਰੀ ਸੀ। ਲੋਕਾਂ ਦੀ ਬੋਲ-ਚਾਲ ਦੀ ਬੋਲੀ ਨੂੰ ਤਾਂ ਨਹੀਂ ਸੀ ਕੋਈ ਜ਼ਬਰਦਸਤੀ ਬਦਲ ਸਕਦਾ। ਪਾਲੀ ਦੇ ਮੱਧਮ ਪੈ ਜਾਣ ਉਪਰੰਤ ਫਿਰ ਸਥਾਨਕ ਪ੍ਰਾਕ੍ਰਿਤਾਂ ਜ਼ੋਰ ਫੜਨਾ ਸ਼ੁਰੂ ਕੀਤਾ । ਵਰਰੁਚੀ ਕ੍ਰਿਤ ਸਭ ਤੋਂ ਪੁਰਾਣੇ ਪ੍ਰਾਕ੍ਰਿਤ ਵਿਆਕਰਣ 'ਪ੍ਰਾਕ੍ਰਿਤ ਪ੍ਰਕਾਸ਼'* ਵਿਚ ਮਹਾਂ ਰਾਸ਼ਟਰੀ, ਮਾਗਧੀ, ਸ਼ੌਰਸੈਨੀ ਤੇ ਪੈਸ਼ਾਚੀ ਚਾਰ ਮੁਖ ਪ੍ਰਾਕ੍ਰਿਤਾਂ ਗਿਣੀਆਂ ਗਈਆਂ ਹਨ।‡ ਸਹਿਜੇ ਸਹਿਜੇ ਇਨ੍ਹਾਂ ਵੀ ਸਾਹਿਤਕ ਰੂਪ ਧਾਰਨ ਕੀਤਾ। ਇਹ ਗੱਲ ਪਹਿਲੀ ਦੂਜੀ ਈਸਵੀ ਸਦੀ ਦੀ ਹੈ। ਮਹਾਂਰਾਸ਼ਟਰੀ ਮਹਾਂਰਾਸ਼ਟਰ ਵਿਚ, ਮਾਗਧੀ ਮਗਧ (ਬਿਹਾਰ) ਵਿਚ, ਸ਼ੌਰਸੈਨੀ ਯੂ-ਪੀ ਤੇ ਪੂਰਬੀ ਪੰਜਾਬ ਦੇ ਇਲਾਕੇ ਵਿਚ ਅਤੇ ਪੈਸ਼ਾਚੀ ਪੱਛਮੀ ਪੰਜਾਬ ਅਤੇ ਨਾਲ ਲਗਦੇ ਪਹਾੜੀ ਇਲਾਕਿਆਂ ਵਿਚ ਛਾਈ ਹੋਈ ਸੀ। ਬ੍ਰਾਹਮਣੀ ਮਤ ਨਾਲ ਲੋਕਾਂ ਨੂੰ ਘ੍ਰਿਣਾ ਹੋ ਜਾਣ ਕਰ ਕੇ ਸੰਸਕ੍ਰਿਤ ਦਾ ਆਦਰ ਕਾਫ਼ੀ ਘਟ ਗਿਆ ਸੀ । ਦੂਜਾ ਕਾਰਣ ਇਹ ਸੀ ਕਿ ਸੰਸਕ੍ਰਿਤ ਸਿਖਣ ਲਈ ਜਿਥੇ ਪੰਜ ਛੇ ਹਜ਼ਾਰ ਸੂਤਰ ਘੋਟਣੇ ਪੈਂਦੇ ਸਨ, ਉਥੇ ਪ੍ਰਾਕ੍ਰਿਤ ਸਿਖਣ ਲਈ ਕੇਵਲ ਸੱਤ ਅਠ ਸੌ ਸੂਤਰਾਂ ਵਿਚ ਕੰਮ ਸਰ ਜਾਂਦਾ ਸੀ ਕਿਉਂਕਿ ਪ੍ਰਾਕ੍ਰਿਤ ਨੇ ਸੰਸਕ੍ਰਿਤ ਦੇ ਤਤਸਮ ਸ਼ਬਦ ਤਿਆਗ ਕੇ ਤਦਭਵ ਸ਼ਬਦ ਹੀ ਸਾਹਿਤ ਵਿਚ ਵਰਤਣੇ ਅਰੰਭ ਦਿਤੇ ਸਨ। ਇਸ ਨਾਲ ਲੋਕਾਂ ਨੂੰ ਬਹੁਤ ਸੌਖ ਹੋਈ। ਕਿਉਂਕਿ ਬ੍ਰਾਹਮਣ ਵਿਦਵਾਨ ਸੰਸਕ੍ਰਿਤ ਨੂੰ ਹੀ ਮੂਲ-ਭਾਸ਼ਾ ਮੰਨਦੇ ਸਨ, ਇਸ ਲਈ ਸੰਸਕ੍ਰਿਤ ਲਫ਼ਜ਼ਾਂ ਨੂੰ ਤਤਸਮ ਤੇ ਗੈਰ ਸੰਸਕ੍ਰਿਤ ਸ਼ਬਦਾਂ ਲਈ ਤਦਭਵ ਨਾਂ ਵਰਤੀਂਦਾ ਸੀ।

---

*ਪ੍ਰਾਕ੍ਰਿਤ ਦੇ ਇਹ ਵਿਆਕਰਣ ਮਿਲਦੇ ਹਨ :—

1. ਪ੍ਰਾਕ੍ਰਿਤ ਪ੍ਰਕਾਸ਼—ਵਰਰੁਚੀ
2. ਪ੍ਰਾਕ੍ਰਿਤ ਲੱਛਣ—ਚੰਡ
3. ਸਿਧ ਹੈਮ ਸ਼ਬਦਾਨੁਸ਼ਾਸਨ—ਹੇਮਚੰਦ੍ਰ
4. ਪ੍ਰਾਕ੍ਰਿਤ ਸਰਵਸ੍ਵ—ਮਾਰਕੰਡੇ
5. ਖੜਭਾਸ਼ਾ ਚੰਦ੍ਰਿਕਾ—ਲਛਮੀਧਰ

‡ਹਾਰਨਲੇ ਤੇ ਗ੍ਰੀਅਰਸਨ ਨੇ ਮਾਗਧੀ ਤੇ ਸ਼ੌਰਸੈਨੀ ਦੋ ਹੀ ਮੁਖ ਪ੍ਰਾਕ੍ਰਿਤਾਂ ਮੰਨੀਆਂ ਹਨ, ਜੋ ਠੀਕ ਨਹੀਂ। (ਪੀ. ਡੀ. ਗੁਨੈ, ਪੰਨਾ—220)

ਪਰ ਅਸਲੀਅਤ ਬਿਲਕੁਲ ਇਸ ਦੇ ਉਲਟ ਸੀ। ਪਿਛੋਂ ਜਾ ਕੇ ਵਾਕਪਤਿਰਾਜ ਤੇ ਅਚਾਰਜ ਹੇਮਚੰਦ੍ ਨੇ ਇਹ ਸਚਾਈ ਉਜਾਗਰ ਕੀਤੀ ਕਿ ਦਰਅਸਲ ਪ੍ਰਾਕ੍ਰਿਤ ਹੀ ਸਭ ਭਾਸ਼ਾਵਾਂ ਦਾ ਮੂਲ ਹੈ ਤੇ ਸੰਸਕ੍ਰਿਤ ਨਾਲੋਂ ਸਰਲ ਸੌਖੀ ਵੀ ਹੈ। ਜਿਥੇ ਸੰਸਕ੍ਰਿਤ ਵਿਚ ਸੁਰਾਂ ਦੀ ਬਹੁਲਤਾ ਸੀ, ਉਥੇ ਪ੍ਰਾਕ੍ਰਿਤ ਵਿਅੰਜਨ-ਪ੍ਰਧਾਨ ਸੀ। ਸੰਸਕ੍ਰਿਤ ਦੁੱਤ ਅੱਖਰਾਂ ਨਾਲ ਲੱਦੀ ਹੋਈ ਤੇ ਪ੍ਰਾਕ੍ਰਿਤ ਵਿਚ ਦੁੱਤ ਬਹੁਤ ਘੱਟ ਸਨ । ਜੇ ਸੰਸਕ੍ਰਿਤ, ਵਿਆਕਰਣੀ-ਬੰਧਨਾਂ ਵਿਚ ਜਕੜੀ ਹੋਈ ਸੀ, ਤਾਂ ਪ੍ਰਾਕ੍ਰਿਤ ਕਾਫ਼ੀ ਹੱਦ ਤੱਕ ਖੁਲ੍ਹੀ ਡੁਲ੍ਹੀ ਸਰਲ ਸਿੱਧੀ ਜ਼ਬਾਨ ਸੀ। ਉਹ ਨਿਰੀ ਪੁਰੀ ਬ੍ਰਾਹਮਣੀ ਸਾਹਿਤ ਦੀ ਭਾਸ਼ਾ ਸੀ ਤੇ ਇਹ ਬੋਲ ਚਾਲ ਦੀ ਨਿਤ ਵਰਤੀਂਦੀ ਬੋਲੀ ਸੀ, ਸਭ ਦੀ ।‡ ਇਨ੍ਹਾਂ ਖੂਬੀਆਂ ਕਰ ਕੇ ਪ੍ਰਾਕ੍ਰਿਤ ਦਾ ਬਹੁਤ ਮਾਣ ਹੋਇਆ । ਸੱਚੇ ਵਿਦਵਾਨ ਪ੍ਰਾਕ੍ਰਿਤ ਨੂੰ ਕਿਵੇਂ ਆਦਰ ਤੇ ਪ੍ਰੇਮ ਦੀ ਨਜ਼ਰ ਨਾਲ ਦੇਖਦੇ ਸਨ, ਇਸ ਗੱਲ ਨੂੰ ਸਾਫ ਕਰਨ ਲਈ ਕੁਝ ਰਾਵਾਂ ਦੇਣੀਆਂ ਜ਼ਰੂਰੀ ਹਨ ।

ਪ੍ਰਾਕ੍ਰਿਤ ਰਚਨਾ 'ਗਾਥਾ ਸਪਤਸ਼ਤੀ' ਦਾ 'ਆਰਯ ਸਪਤਸ਼ਤੀ' ਨਾਂ ਹੇਠ ਸੰਸਕ੍ਰਿਤ ਅਨੁਵਾਦ ਕਰਨ ਵਾਲਾ ਵਿਦਵਾਨ ਗੋਵਰਧਨਾਚਾਰਯ ਲਿਖਦਾ ਹੈ, 'ਦਰ ਅਸਲ ਕਵਿਤਾ ਪ੍ਰਾਕ੍ਰਿਤ ਵਿਚ ਹੀ ਰਸੀਲੀ ਲਗਦੀ ਹੈ, ਮੈਂ ਇਸ ਨੂੰ ਧਿੰਗੋਜ਼ੋਰੀ ਸੰਸਕ੍ਰਿਤ ਵਿਚ ਬਦਲ ਰਿਹਾ ਹਾਂ। ਮੈਂ ਤਾਂ ਨੀਵਾਣ ਵੱਲ ਵਹਿਣ ਵਾਲੀ ਜਮਨਾ ਨੂੰ ਧੱਕੇ ਨਾਲ ਉਤਾਂਹ ਅਕਾਸ਼ ਵੱਲ ਲਿਜਾਣ ਦੀ ਕੋਸ਼ਿਸ਼ ਵਿਚ ਹਾਂ।'

---

‡The term Prakrita, meaning 'natural' 'common', Primarily indicates uncultivated Papular dialects, existing side by side with Sanskrita, the 'accurately mode' 'Polished' 'refined' speech. The Prakrits are thus the dialects of the unlettered masses, used in their day to day life; while Sanskrit is the language of the intellectual aristocrat, the Priest, Pandit or Prince who used it for religious and learned Purposes. The language of every day conversation of even these people must have been nearer the Popular Prakrits than the Literary Sanskrit. The former is a natural acquisition; the latter, the Principal literary form of speech, requires training in grammatical and Phonetic niceties.

(Encyclopedia of Literature : Josaph T. Shipley. P. 481)

* ਵਾਣੀ ਪ੍ਰਾਕ੍ਰਿਤ ਸਮੁਚਿਤ ਰਸਾ, ਬਲੇਨੈਵ ਸੰਸਕ੍ਰਿਤ ਨੀਤਾ,
ਨਿਮਨਾਨੁਰੂਪ ਨੀਰਾ, ਕਲਿੰਦ-ਕੈਨਯੈਵ ਗਗਨ ਤਲੰ ।

ਖੁਦ 'ਗਾਥਾ ਸਪਤ-ਸ਼ਤੀ' ਵਿਚ *ਹਾਲ (ਸ਼ਾਲ ਯਾ ਸ਼ਾਲਵਾਹਨ) ਕਵੀ ਕਹਿੰਦਾ ਹੈ, 'ਜੋ ਲੋਕ ਅੰਮ੍ਰਿਤ ਵਰਗੀ ਪ੍ਰਾਕ੍ਰਿਤ ਕਵਿਤਾ ਨੂੰ ਨਾ ਪੜ੍ਹਨਾ ਜਾਣਦੇ ਹਨ ਤੇ ਨਾ ਹੀ ਸੁਣਨਾ ਅਤੇ ਫਿਰ ਪ੍ਰੀਤ-ਮਾਰਗ ਦੀ ਸਖ਼ਤ ਆਲੋਚਨਾ ਕਰਦੇ ਹਨ ਉਨ੍ਹਾਂ ਨੂੰ ਸ਼ਰਮ ਕਿਉਂ ਨਹੀਂ ਆਉਂਦੀ ?''+

ਸ੍ਰੀ ਉਦਯੋਤਨ ਸੂਰੀ (778 ਈਸਵੀ) ਲਿਖਦਾ ਹੈ, 'ਲੰਮੇ ਸਮਾਸ, ਅੱਵਯਜ, ਉਪ-ਸਰਗ, ਵਿਭਕਤੀ ਤੇ ਲਿੰਗ, ਵਚਨ ਦੀਆਂ ਔਖਾਂ ਨਾਲ ਭਰੀ ਸੰਸਕ੍ਰਿਤ ਦੁਸ਼ਟ ਦੇ ਦਿਲ ਵਾਂਗ ਭੈੜੀ ਹੈ ਪਰ ਪ੍ਰਾਕ੍ਰਿਤ ਸੱਜਣ ਮਿੱਤਰਾਂ ਵਾਂਗ ਪ੍ਰਸੰਨਤਾ ਦੇਣ ਵਾਲੀ ਹੈ । ਇਹ ਪ੍ਰਾਕ੍ਰਿਤ ਕਾਵਿ ਅਨੇਕਾਂ ਹੁਨਰੀਕ ਤਰੰਗਾਂ ਨਾਲ ਭਰਿਆ ਸੰਸਾਰੀ ਅਨੁਭਵਾਂ ਦਾ ਸਮੁੰਦਰ ਹੈ ਜੋ ਵਿਦਵਾਨਾਂ ਦੇ ਮਥਨ, ਵਿਚਾਰਨ ਤੇ ਅੰਮ੍ਰਿਤ ਦੀਆਂ ਬੂੰਦਾਂ ਟਪਕਾਉਂਦਾ ਹੈ ।''

ਅੱਠਵੀਂ ਸਦੀ ਦਾ ਮਹਾਂ ਕਵੀ ਵਾਕਪਤਿਰਾਜ ਕਹਿੰਦਾ ਹੈ, 'ਪ੍ਰਾਕ੍ਰਿਤ ਵਿਚੋਂ ਸਭ ਜ਼ਬਾਨਾਂ ਨਿਕਲਦੀਆਂ ਤੇ ਇਸੇ ਵਿਚ ਸਭ ਲੀਨ ਹੋ ਜਾਂਦੀਆਂ ਹਨ ਜਿਵੇਂ ਪਾਣੀ (ਭਾਫ਼ ਬਣ ਕੇ) ਸਮੁੰਦਰ ਵਿਚੋਂ ਬਾਹਰ ਜਾਂਦਾ ਤੇ ਮੁੜ ਜਲ ਬਣ ਕੇ ਸਾਗਰ ਵਿਚ ਹੀ ਆ ਸਮਾਉਂਦਾ ਹੈ ।'‡

ਰਾਜ ਸ਼ੇਖਰ (880-920) 'ਕਰਪੂਰ ਮੰਜਰੀ' ਵਿਚ ਲਿਖਦਾ ਹੈ ''ਸੰਸਕ੍ਰਿਤ ਦੀ ਰਚਨਾ ਸਖ਼ਤ ਕਰੜੀ ਜੇਹੀ ਤੇ ਪ੍ਰਾਕ੍ਰਿਤ ਦੀ ਕਾਵਿ ਰਚਨਾ ਕੂਲੀ ਕੂਲੀ ਜੇਹੀ ਲਗਦੀ ਹੈ । ਇਨ੍ਹਾਂ ਦੋਹਾਂ ਵਿਚ ਉਤਨਾ ਹੀ ਫਰਕ ਹੈ ਜਿੰਨਾ ਕਿ ਮਰਦ ਤੇ ਤੀਵੀਂ ਵਿਚ ।''§

ਜੈ ਵੱਲਭ ਆਪਣੀ ਰਚਨਾ 'ਬੱਜਾ ਲਗ' ਵਿਚ ਕਹਿੰਦਾ ਹੈ, 'ਪ੍ਰਾਕ੍ਰਿਤ ਭਾਸ਼ਾ ਦੀ ਕਵਿਤਾ

---

* 'ਗਾਥਾ ਸਪਤਸ਼ਤੀ' ਸਤ ਸੌ ਗਾਥਾ ਛੰਦਾਂ ਦੀ ਕਿਤਾਬ ਹੈ, ਇਸ ਦੀ ਇਕ ਪੁਰਾਣੀ ਹੱਥ-ਲਿਖਤ ਨਕਲ ਉਤੇ 'ਸ਼ਾਲਿ ਵਾਹਨ ਸਪਤਸ਼ਤੀ' ਨਾਂ ਲਿਖਿਆ ਵੀ ਮਿਲਦਾ ਹੈ । ਵਿਦਵਾਨਾਂ ਦੀ ਖੋਜ ਅਨੁਸਾਰ ਇਸ ਦਾ ਸੰਪਾਦਕ ਕਵੀ ਹਾਲ, ਸ਼ਾਲ, ਹਾਲਵਾਹਨ, ਸ਼ਾਲਵਾਹਨ, ਯਾ ਸਤਵਾਹਨ ਆਦਿਕ ਵੱਖੋ ਵੱਖ ਨਾਮਾਂ ਵਾਲਾ ਇਕੋ ਹੀ ਵਿਅਕਤੀ ਹੋਇਆ ਹੈ, ਜੋ ਕਿ ਰਾਜਾ ਵੀ ਸੀ । ਰਾਜ ਸ਼ੇਖਰ, ਬਾਣ ਭੱਟ ਤੇ ਹੇਮਚੰਦ੍ਰ ਆਦਿ ਨੇ ਇਸ ਗੱਲ ਦੀ ਪ੍ਰੋੜ੍ਹਤਾ ਕੀਤੀ ਹੈ । (ਨਾਗਰੀ ਪ੍ਰਚਾਰਣੀ ਪੱਤ੍ਰਿਕਾ ਸੰਮਤ 2008 ਅੰਕ 3, 4)

ਸੰਭਵ ਹੈ ਇਹ ਉਹੋ ਪੰਜਾਬ ਦਾ ਮਸ਼ਹੂਰ ਰਾਜਾ ਸਾਲਵਾਹਨ ਹੋਵੇ, ਜਿਸ ਦੀ ਰਾਜਧਾਨੀ ਸਾਕਲ (ਸਾਗਲਾ) ਯਾ ਸਿਆਲਕੋਟ ਦਸੀ ਜਾਂਦੀ ਹੈ ਤੇ ਜਿਸ ਦੇ ਮੁਤਰ ਰਾਜਾ ਰਸਾਲੂ ਤੇ ਪੂਰਨ ਭਗਤ ਸਨ ।

\+ ਅਮਯੰ ਪਾਇਅ ਕੱਵੈ ਪਢਿਉਂ, ਮੋਉ ਚ ਜਿ ਨ ਜਾਣੰਤਿ
ਕਾਮੱਸ ਤੱਤ ਤਤਿੰ ਕੁਣੰਤਿ, ਤੇ ਕਹ ਨ ਲਜੰਤਿ ?
[ਗਾਥਾ ਸਪਤਸ਼ਤੀ

‡ ਸਯਲਾਓ ਇਮੰ ਵਾਯਾ ਵਿਸੰਤਿ ਏਤੋ, ਯ ਣੇਂਤਿ ਵਾਯਾਓ
ਏਂਤਿ ਸਮੁੱਦੰ ਚਿਯ ਣੇਂਤਿ, ਸਾਯਰਾ ਓ ਚਿਯ ਜਲਾਇੰ । 93 ।

§ ਪਰਸੋ ਸੱਕ ਅਬੰਧੋ ਪਾਇਅ ਬੰਧੋ ਵਿ ਹੋਇ ਸੁ ਉਮਾਰੋ
ਪੁਰਿਸਾਣੰ ਮਹਿਲਾਣੰ ਜੋ ਤਿਯ ਮਿਹੰਤਰੰ ਤੇ ਤਿਯ ਮਿਮਾਣੰ ।
[ਕਰਪੂਰ ਮੰਜਰੀ

ਤੇ ਚਤਰਾਈ ਦੇ ਬਚਨਾਂ ਦਾ ਜੋ ਸੁਆਦ ਆਉਂਦਾ ਹੈ ਉਹ ਠੰਢਾ ਪਾਣੀ ਪੀਣ ਵਾਂਙ ਹੈ ਜਿਸ ਤੋਂ ਚਿਤ ਕਦੀ ਅੱਕਦਾ ਥੱਕਦਾ ਨਹੀਂ, ਨਵੀਂ ਲਾਲਸਾ ਬਣੀ ਹੀ ਰਹਿੰਦੀ ਹੈ। ਜਦੋਂ ਸੋਹਣੀ, ਮਿਠੀ, ਸ਼ਿੰਗਾਰ ਰਸ-ਭਰੀ ਤੇ ਸੁੰਦਰੀਆਂ ਦਾ ਵੀ ਮਨ ਮੋਹਣ ਵਾਲੀ ਅਜਿਹੀ ਪ੍ਰਾਕ੍ਰਿਤ ਕਵਿਤਾ ਮੌਜੂਦ ਹੈ, ਫਿਰ ਕੌਈ ਸੰਸਕ੍ਰਿਤ ਨਾਲ ਮੱਥਾ ਕਿਉਂ ਮਾਰੇ।'‡

ਇਹੋ ਕਵੀ ਫਿਰ ਕਹਿੰਦਾ ਹੈ, 'ਪ੍ਰਾਕ੍ਰਿਤ ਕਾਵਿ ਦੇ ਜਵਾਬ ਵਿਚ ਜੋ ਸੰਸਕ੍ਰਿਤ ਦੀ ਵਰਤੋਂ ਕਰਦਾ ਹੈ, ਉਹ ਅਣਜਾਣ ਫੁਲਾਂ ਦੀ ਸੇਜਾ ਨੂੰ ਪੱਥਰਾਂ ਨਾਲ ਤਬਾਹ ਕਰ ਰਿਹਾ ਹੈ।

ਇਸ ਲਈ ਸੰਸਕ੍ਰਿਤ ਕਾਵਿ ਨੂੰ ਛਡੋ ਅਤੇ ਉਸ ਦੇ ਰਚਣ ਵਾਲਿਆਂ ਨੂੰ ਛਡੋ। ਮੇਰੇ ਪਾਸ ਉਸ ਦਾ ਨਾਂ ਨ ਲਓ ਕਿਉਂਕਿ ਉਹ (ਸੰਸਕ੍ਰਿਤ) ਤਾਂ ਸੜਦੇ ਹੋਏ, ਬਾਂਸਾਂ ਦੇ ਛੱਪਰ ਵਾਂਗ ਤੜ ਤੜ ਕਰ ਕੇ ਕੰਨ-ਖਾਣੀਆਂ ਅਵਾਜ਼ਾਂ ਕੱਢਦੀ ਹੈ।'*

ਪ੍ਰਕਾਸ਼ ਭੀਖ ਹਾਰਦ (905 ਈ:) ਲਿਖਦਾ ਹੈ, 'ਸੰਸਕ੍ਰਿਤ ਤੇ ਪ੍ਰਾਕ੍ਰਿਤ ਦੋਵੇਂ ਪ੍ਰਧਾਨ ਭਾਸ਼ਾ ਹਨ। ਇਨ੍ਹਾਂ ਵਿਚੋਂ ਸੰਸਕ੍ਰਿਤ ਕੇਵਲ ਪੰਡਤਾਈ ਛਾਂਟਣ ਵਾਲੇ ਵਿਦਵਾਨਾਂ ਦੇ ਦਿਲਾਂ ਵਿਚ ਵਸਦੀ ਹੈ। ਪ੍ਰਾਕ੍ਰਿਤ ਜਨ ਸਾਧਾਰਣ ਲਈ ਸੌਖੀ, ਕੰਨਾਂ ਨੂੰ ਪਿਆਰੀ ਲੱਗਣ ਵਾਲੀ ਵੀ ਭਾਵੇਂ ਹੈ ਪਰ ਇਹ ਉਨ੍ਹਾਂ ਪੰਡਤਾਂ ਨੂੰ ਨਹੀਂ ਸੁਖਾਂਦੀ।' ਮਹੇਸ੍ਵਰਸੂਰੀ (952 ਈ:) ਆਖਦਾ ਹੈ, 'ਗੂੜ੍ਹੇ ਅਰਥਾਂ ਤੇ ਸੁੰਦਰ ਸ਼ਬਦਾਵਲੀ ਵਾਲੀ ਪ੍ਰਾਕ੍ਰਿਤ ਕਵਿਤਾ ਕਿਸ ਨੂੰ ਨਹੀਂ ਚੰਗੀ ਲਗਦੀ? ਲੋਕ-ਭਲਾਈ ਲਈ ਇਹੋ ਬੋਲੀ ਵਰਤਣ ਜੋਗ ਹੈ, ਜਿਸ ਨਾਲ ਸਾਰੇ ਸਾਧਾਰਣ ਲੋਕ ਵੀ ਗਿਆਨ ਹਾਸਲ ਕਰਦੇ ਜਾਣ।' [ਪੰਚਮੀ ਮਹਾਤਮ]

ਗਿਆਰਵੀਂ ਸਦੀ ਦਾ ਜੈਨੀ ਵਿਦਵਾਨ 'ਨਮੀ ਸਾਧੂ' (1068 ਈ:) ਆਪਣੀ ਰਾਇ ਇਉਂ ਪ੍ਰਗਟ ਕਰਦਾ ਹੈ, 'ਪ੍ਰਾਕ੍ਰਿਤ ਇਕ ਕੁਦਰਤੀ ਬੋਲੀ ਹੈ ਜੋ ਵਿਆਕਰਣੀਆਂ ਦੇ ਜਕੜ-ਬੰਦਾਂ ਤੋਂ ਰਹਿਤ ਅਤੇ ਸਭ ਬੱਚਿਆਂ ਗਭਰੂਆਂ ਦੇ ਸਮਝ ਆ ਜਾਣ ਵਾਲੀ ਹੈ, ਇਹ ਸਭ ਬੋਲੀਆਂ ਦਾ ਮੂਲ ਹੈ ਅਤੇ ਇਹ ਮੀਂਹ ਵਾਂਗ ਵਰ੍ਹਦੀ ਘੜੇਗੀ ਕੈਰੈਕਟਰ ਦੀ ਮਾਲਕ ਬੋਲੀ ਹੈ। ਪ੍ਰਾਕ ਦਾ ਅਰਥ ਹੈ ਪਹਿਲਾਂ, ਕ੍ਰਿਤ—ਰਚੀ ਗਈ ਅਰਥਾਤ ਪਹਿਲਾਂ ਬਣਾਈ ਗਈ। ਇਸੇ ਤੋਂ ਸੰਸਕ੍ਰਿਤ ਬਣੀ ਸੀ ਇਸ ਲਈ ਮੈਂ ਸੰਸਕ੍ਰਿਤ ਤੋਂ ਵੀ ਪਹਿਲਾਂ ਪ੍ਰਾਕ੍ਰਿਤ ਦਾ ਹੀ ਜ਼ਿਕਰ ਸ਼ੁਰੂ ਕਰਦਾ ਹਾਂ।' ਤ੍ਰਿਵਿਕ੍ਰਮ ਦੇਵ ਲਿਖਦਾ ਹੈ ਕਿ ਇਹ ਸਿਆਣਿਆਂ ਦਾ ਮਤ ਹੈ ਕਿ ਵਿਸ਼ਾਲ ਅਰਥਾਂ

---

‡ ਪਾਵਿਓ ਕਵੈ ਮਿ ਰਸੇ ਜੋ ਜਾਯਾਏ ਤਹ ਵ ਛੇ ਯਭਣਿ ਏਹਿੰ
ਉਯਜਸ ਯ ਵਾਸਿਜ ਸੀਯੱਲਸ ਤਿਤਿੰ ਨ ਬਚਾਮੋ ।
ਦੋਮਿਯ ਸੱਦ ਪਲੋਟੰ ਮਹੁਰਖਰ ਛੰਦ ਸੰਠਿਯੰ ਲਲਿਯੰ
ਫੁਡ ਵਿਯਡ ਪਾਯਡਬੰ ਪਾਇਯ ਕੱਵੈ ਪਢੇਯੱਵੈ ।
ਲਲਿਏ ਮਹੁਰਖਰਏ ਜੁਵਈਯਣ ਵਲਹੇ ਸਸ਼ਿੰਗਾਰੇ
ਸੰਤੇ ਪਾਇਯ ਕੱਵੇ ਕੋ ਸਕਇ ਸੱਕਯੰ ਪਚਿਉਂ ?

* ਪਾਇਯ ਕੱਵੁਲਾਵੇ ਪਡਿ ਬਯਣੰ ਸੱਕਏਣ ਜੋ ਦੇਇ
ਸੋ ਕੁਸਮ ਸੱਥਰੰ, ਪਥਰੇਣ ਅਬੁਹੋ ਵਿਣਾਸੇਇ।
ਉਝਉ ਸੱਕਯ ਕੱਵੈ ਚ ਨਿੰਮਿਯੰ ਜੋਣ
ਬੰਸਹਰੰ ਵ ਪਲਿਤੰ ਤਡਯਡ ਤੱਟਤਣੰ ਕੁਣਇ ।

[ਬੱਜਾ ਲੱਗ]

['ਅਪਭ੍ਰੰਸ਼ ਕਾਵਯ ਤੁਯੀ' ਦੀ ਭੂਮਿਕਾ ਪੰਨਾ 75-80

ਵਾਲੀ, ਬੋਲਣ ਲਈ ਸਰਲ ਸੌਖੀ, ਜੀਉਂਦੇ-ਜਾਗਦੇ ਸਾਹਿਤ ਵਾਲੀ ਬੋਲੀ ਪ੍ਰਾਕ੍ਰਿਤ ਹੀ ਹੈ।

['ਪ੍ਰਾਕ੍ਰਿਤ ਸ਼ਬਦਾਨੁਸ਼ਾਸਨ']

ਇਹ ਉਪਰੋਕਤ ਰਾਵਾਂ ਮੂੰਹੋਂ-ਬੋਲਦੀਆਂ ਗਵਾਹੀਆਂ ਹਨ ਜਿਸ ਤੋਂ ਸਪਸ਼ਟ ਪਤਾ ਲਗਦਾ ਹੈ ਕਿ ਲੋਕ-ਕਵੀਆਂ ਦੇ ਦਿਲਾਂ ਅੰਦਰ ਪ੍ਰਾਕ੍ਰਿਤ ਲਈ ਕਿਤਨਾ ਪਿਆਰ ਤੇ ਸਤਿਕਾਰ ਸੀ। ਇਸੇ ਪਿਆਰ ਤੇ ਸਤਿਕਾਰ ਦੇ ਸਦਕੇ ਇਨ੍ਹਾਂ ਪ੍ਰਾਕ੍ਰਿਤਾਂ ਟਕਸਾਲੀ ਰੂਪ ਧਾਰਨ ਕਰ ਕੇ ਸਾਹਿਤਕ ਤੇ ਰਾਜਸੀ ਖੇਤਰ ਵਿਚ ਭਾਰੀ ਮਾਣ ਪਾਇਆ। ਜਦੋਂ ਇਹ ਪ੍ਰਾਕ੍ਰਿਤਾਂ ਵੀ ਸੰਸਕ੍ਰਿਤ ਵਾਂਙ ਵਿਦਵਾਨਾਂ ਦੇ ਬੰਨ੍ਹਣ ਵਿਚ ਬੱਝ ਗਈਆਂ ਤਾਂ ਲੋਕਾਂ ਵਿਚ ਇਨ੍ਹਾਂ ਦਾ ਵੀ ਮਾਨ ਘਟਣ ਲਗ ਪਿਆ।

ਉਸ ਵਕਤ ਜੋ ਲੋਕ ਇਨ੍ਹਾਂ ਸਾਹਿਤਕ ਪ੍ਰਾਕ੍ਰਿਤਾਂ ਦੇ ਮਾਲਕ ਬਣੇ ਬੈਠੇ ਸਨ, ਉਨ੍ਹਾਂ ਆਮ ਲੋਕਾਂ ਦੀ ਬੋਲ-ਚਾਲ ਦੀ ਬੋਲੀ ਨੂੰ ਨਿਰਾਦਰੀ ਨਾਲ ਅਪ-ਭ੍ਰੰਸ਼ (ਟੁੱਟੀ ਫੁੱਟੀ ਯਾ ਭਿੱਗੀ ਢੱਠੀ) ਆਖਣਾ ਸ਼ੁਰੂ ਕਰ ਦਿੱਤਾ। ਜਿਵੇਂ ਸੰਸਕ੍ਰਿਤ ਦੇ ਰਾਜ ਵਿਚ ਥਾਂ ਥਾਂ ਪ੍ਰਾਕ੍ਰਿਤਾਂ ਸਿਰ ਚੁਕਿਆ ਸੀ ਤਿਵੇਂ ਹੀ ਪ੍ਰਾਕ੍ਰਿਤਾਂ ਦੇ ਰਾਜ ਦੇ ਜ਼ਮਾਨੇ ਵੱਖੋ ਵੱਖ ਸੂਬਿਆਂ ਵਿਚ ਸਥਾਨੀ ਅਪਭ੍ਰੰਸ਼ਾਂ (ਲੋਕ-ਬੋਲੀਆਂ) ਨੇ ਆਪਣਾ ਝੰਡਾ ਖੜਾ ਕਰ ਦਿੱਤਾ। ਇਹ ਸਮਾਂ ਲਗਪਗ ਛੇਵੀਂ ਈਸਵੀ ਸਦੀ ਦਾ ਹੈ ਜਦੋਂ ਸਾਹਿਤਕ ਸ਼ਾਨ ਵਾਲੀਆਂ ਪ੍ਰਾਕ੍ਰਿਤਾਂ ਦਾ ਆਦਰ ਘਟਣ ਲਗਾ ਅਤੇ ਲੋਕ-ਬੋਲੀਆਂ—ਅਪਭ੍ਰੰਸ਼ਾਂ ਦਾ ਵਿਕਾਸ ਹੋਣਾ ਸ਼ੁਰੂ ਹੋਇਆ।

ਕਈ ਵਿਦਵਾਨਾਂ ਅਪਭ੍ਰੰਸ਼ ਨੂੰ ਪ੍ਰਾਕ੍ਰਿਤਾਂ ਦਾ ਇਕ ਭੇਦ ਮੰਨ ਕੇ ਹੀ ਵੀਚਾਰ ਚਰਚਾ ਕੀਤੀ ਹੈ, ਇਹ ਠੀਕ ਨਹੀਂ। ਰੂਪ ਤੇ ਬਣਤਰ ਦੇ ਲਿਹਾਜ਼ ਨਾਲ ਅਪਭ੍ਰੰਸ਼ ਬਿਲਕੁਲ ਵੱਖਰੀ ਸੀ।

ਇਉਂ ਅਸੀਂ ਵੇਖਦੇ ਹਾਂ ਕਿ ਲੋਕਾਂ ਦੀ ਕੁਦਰਤੀ ਬੋਲੀ—ਪ੍ਰਾਕ੍ਰਿਤ ਤੋਂ ਜਿਸ ਜਿਸ ਬੋਲੀ ਨੇ ਵੀ ਨਾਤਾ ਤੋੜਿਆ, ਉਹ ਮਾਰੀ ਗਈ ਅਤੇ ਜਿਸ ਬੋਲੀ ਨੂੰ ਲੋਕਾਂ ਦੀ ਹਮਾਇਤ ਹਾਸਲ ਹੋਈ ਉਸੇ ਦੀ ਜ਼ਿੰਦਗੀ ਬਰਕਰਾਰ ਰਹਿ ਸਕੀ। ਜਿਸ ਪ੍ਰਾਕ੍ਰਿਤ ਤੋਂ ਵੈਦਕ ਸੰਸਕ੍ਰਿਤ ਦਾ ਜਨਮ ਹੋਇਆ ਉਸ ਨੂੰ ਵਿਦਵਾਨ ਪਹਿਲੀ ਪ੍ਰਾਕ੍ਰਿਤ ਦੇ ਨਾਂ ਨਾਲ ਯਾਦ ਕਰਦੇ ਹਨ। ਜਿਸ ਪ੍ਰਾਕ੍ਰਿਤ ਨੇ ਬੋਧੀਆਂ ਦੇ ਜ਼ਮਾਨੇ ਨਵਾਂ ਸਾਹਿਤਕ ਰੂਪ ਧਾਰ ਕੇ 'ਪਾਲੀ' ਨਾਂ ਰਖਵਾਇਆ ਉਸ ਨੂੰ ਦੂਜੀ ਪ੍ਰਾਕ੍ਰਿਤ ਕਿਹਾ ਜਾਂਦਾ ਹੈ ਅਤੇ ਉਸ ਤੋਂ ਮਗਰੋਂ ਜਿਸ ਪ੍ਰਾਕ੍ਰਿਤ ਨੇ ਮੁੜ ਸੰਸਕ੍ਰਿਤ ਦੇ ਟਾਕਰੇ ਤੇ ਜਿੱਤ ਪ੍ਰਾਪਤ ਕੀਤੀ ਅਤੇ ਲੋਕਾਂ ਵਿਚ ਸਨਮਾਨ ਪਾਇਆ, ਇਹ ਤੀਜੀ ਕਿਸਮ ਦੀ ਪ੍ਰਾਕ੍ਰਿਤ ਮੰਨੀ ਜਾਂਦੀ ਹੈ। ਅਸਲ ਗੱਲ ਇਹ ਹੈ, ਲੋਕ-ਬੋਲੀ ਦਾ ਇਕੋ ਇਕ ਸਦਾ ਵਗਦਾ ਦਰਿਆ ਹੀ ਇਨ੍ਹਾਂ ਭਿੰਨ ਭਿੰਨ ਸਾਹਿਤਕ ਜ਼ਬਾਨਾਂ ਨੂੰ ਜਨਮ ਦਿੰਦਾ ਆਇਆ ਹੈ ਅਤੇ ਜਦੋਂ ਕੋਈ ਜ਼ਬਾਨ ਲੋਕਾਂ ਦੀ ਜੀਭ ਦਾ ਸਾਥ ਛਡ ਦਿੰਦੀ ਰਹੀ ਹੈ, ਉਦੋਂ ਹੀ ਲੋਕ ਆਪਣੀ ਸਹੀ ਪ੍ਰਤਿ-ਨਿਧਤਾ ਲਈ ਨਵੀਂ ਚੋਣ ਕਰਦੇ ਆਏ ਹਨ।

ਇਉਂ ਜਦੋਂ ਭਾਰਤੀ ਸਟੇਜ਼ ਉਤੇ ਵਾਰੀ ਵਾਰੀ ਸੰਸਕ੍ਰਿਤ, ਪਾਲੀ ਤੇ ਸਾਹਿਤਕ ਪ੍ਰਾਕ੍ਰਿਤਾਂ ਆਪਣਾ ਆਪਣਾ ਤਮਾਸ਼ਾ ਮੁਕਾ ਚੁਕੀਆਂ ਤਾਂ ਫਿਰ ਚੌਥੀ ਥਾਂ ਤੇ ਅਪਭ੍ਰੰਸ਼ ਨੇ ਆਪਣੀ ਨਾਟਕ-ਲੀਲ੍ਹਾ ਅਰੰਭੀ। ਇਸ ਦਾ ਸਮਾਂ ਛੇਵੀਂ ਈਸਵੀ ਸਦੀ ਤੋਂ ਸ਼ੁਰੂ ਹੋ ਕੇ 12ਵੀਂ ਸਦੀ ਤਕ ਦਾ ਹੈ। ਇਹੋ ਅਪਭ੍ਰੰਸ਼ ਮਾਈ ਹੈ, ਜਿਸ ਨੇ ਉਤਰੀ ਹਿੰਦ ਦੀਆਂ ਵਰਤਮਾਨ ਬੋਲੀਆਂ ਨੂੰ ਜਨਮ ਦਿਤਾ।

ਪੰਜਾਬੀ ਦੀ ਜਨਮ-ਦਾਤੀ—

ਮਾਈ ਅਪਭ੍ਰੰਸ਼

ਅਪਭ੍ਰੰਸ਼ ਦਾ ਲਫ਼ਜ਼ੀ ਮਾਅਨਾ ਹੈ—ਵਿਗੜੀ ਹੋਈ ਜ਼ਬਾਨ ।‡ ਭਾਵੇਂ 'ਵਿਗੜੀ ਹੋਈ' ਜ਼ਬਾਨ ਕੋਈ ਵੀ ਨਹੀਂ ਹੁੰਦੀ ਪਰੰਤੂ ਪੰਡਤਾਈ ਛਾਂਟਣ ਵਾਲੇ ਲੋਕ ਸਦਾ ਅਸਾਹਿਤਕ ਬੋਲੀਆਂ ਨੂੰ ਇਹੋ ਜਿਹੇ ਨਾਮਾਂ ਨਾਲ ਯਾਦ ਕਰਨਾ ਹੀ ਪਸੰਦ ਕਰਦੇ ਹਨ। ਡਾ: ਪੀ. ਐਲ. ਵੈਦ ਦੇ ਸ਼ਬਦਾਂ ਵਿਚ ਜੇ ਕਰ ਬੋਲੀ ਨੂੰ ਕਿਸੇ ਅਵਸਥਾ ਉਤੇ ਵਿਗੜੀ ਮੰਨ ਲਈਏ ਤਾਂ ਵੈਦਕ ਰਿਸ਼ੀਆਂ ਦੀ ਨਜ਼ਰ ਵਿਚ ਵੈਦਕ ਸੰਸਕ੍ਰਿਤ ਦੇ ਮੁਕਾਬਲੇ ਤੇ ਪਾਣਿਨੀ ਦੀ **ਸੋਧੀ-ਮਾਂਜੀ ਸੰਸ**ਕ੍ਰਿਤ ਵੀ ਵਿਗੜੀ ਹੋਈ ਮੰਨੀ ਜਾਵੇਗੀ, ਖ਼ੈਰ ।

ਪਹਿਲੇ ਪਹਿਲ 'ਅਪਭ੍ਰੰਸ਼' ਪਦ ਭਰਤਰੀਹਰੀ ਨੇ ਅਚਾਰਜ ਵਿਆੜੀ ਦੇ ਹਵਾਲੇ ਨਾਲ 'ਵਾਕ-ਪਦੀਯੰ' ਨਾਮੀ ਪੁਸਤਕ ਵਿਚ 'ਸੰਸਕਾਰ-ਹੀਨ' ਸ਼ਬਦਾਂ ਲਈ ਵਰਤਿਆ ਹੈ । ਈਸਵੀ ਸਦੀ ਤੋਂ ਦੋ ਕੁ ਸੌ ਵਰ੍ਹੇ ਪਹਿਲਾਂ ਮਹਾਂ-ਰਿਸ਼ੀ ਪਤੰਜਲੀ ਨੇ ਆਪਣੇ 'ਮਹਾਂ ਭਾਸ਼' ਵਿਚ ਅਪਭ੍ਰੰਸ਼ ਲਫ਼ਜ਼ ਵਿਗੜਨ ਦੇ ਅਰਥਾਂ ਵਿਚ ਇਸਤੇਮਾਲ ਕੀਤਾ, ਉਹ ਲਿਖਦਾ ਹੈ, ''ਇਕ ਇਕ ਸ਼ਬਦ ਦੇ ਕਈ ਅਪਭ੍ਰੰਸ਼ (ਵਿਗੜੇ ਹੋਏ ਰੂਪ) ਹੁੰਦੇ ਹਨ । ਜਿਵੇਂ ਗੌ (ਗਊ) ਦੇ ਗਾਵੀ, ਗੋਨੀ, ਗੋਤਾ ਆਦਿ । 'ਗਾਭੀ' ਬੰਗਾਲੀ ਵਿਚ ਤੇ 'ਗੌਨੀ' **ਸਿੰਧੀ ਵਿਚ** ਹੁਣ ਵੀ ਗਊ ਲਈ ਵਰਤਿਆ ਜਾਂਦਾ ਹੈ । ਭਰਤ ਮੁਨੀ (ਤੀਜੀ ਸਦੀ) ਆਪਣੇ **'ਨਾਟਯ** ਸ਼ਾਸਤਰ' ਵਿਚ ਸੰਸਕ੍ਰਿਤ, ਪ੍ਰਾਕ੍ਰਿਤ ਬਿਨਾਂ 'ਦੇਸ਼-ਭਾਸ਼ਾ' ਨੂੰ ਵੀ ਇਕ ਬੋਲੀ ਗਿਣਦਾ ਹੈ ਤੇ ਲਿਖਦਾ ਹੈ, 'ਊੜ-ਪ੍ਰਧਾਨ ਬੋਲੀ ਸਿੰਧ ਤੇ ਪੰਜਾਬ ਵਿਚ ਵਰਤੀਂਦੀ ਹੈ ।' ਇਸ ਦਾ ਵਰਤਾਰਾ ਅਭੀਰ ਜਾਤੀ ਵਿਚ ਹੋਣ ਕਰ ਕੇ ਉਹ ਇਸ

---

‡ਸ੍ਰੀ ਰਾਹੁਲ ਸਾਂਕ੍ਰਿਤਾਯਨ ਲਿਖਦੇ ਹਨ—'**ਅਪਭ੍ਰੰਸ਼** ਇਸ ਜ਼ਬਾਨ ਨੂੰ ਇਸ ਲਈ ਕਿਹਾ ਜਾਂਦਾ ਹੈ, ਇਸ ਵਿਚ ਸੰਸਕ੍ਰਿਤ ਸ਼ਬਦਾਂ **ਦੇ ਰੂਪ ਭ੍ਰਿਸ਼ਟੇ** ਹੋਏ ਹੀ ਨਹੀਂ, ਅਪਭ੍ਰੰਸ਼-ਅਤੀ ਹੀ ਭ੍ਰਿਸ਼ਟੇ ਹੋਏ ਹਨ। ਸੰਸਕ੍ਰਿਤ-ਪੰਡਤਾਂ ਨੂੰ ਇਹ ਜਾਤੀ-ਭ੍ਰਿਸ਼ਟੇ ਅਛੂਤ ਸ਼ਬਦ ਚੰਗੇ ਨਹੀਂ ਲਗਦੇ ਹੋਣਗੇ ਲੇਕਿਨ ਸ਼ਬਦਾਂ ਦਾ ਰੂਪ ਬਦਲ ਬਦਲ ਨਵਾਂ ਸਰੂਪ ਧਾਰਨਾ ਦੂਸ਼ਣ ਨਹੀਂ, ਭੂਸ਼ਣ ਹੈ। ਇਸ ਨਾਲ ਸ਼ਬਦਾਂ ਦੇ ਉਚਾਰਣ ਵਿਚ ਹੀ ਨਹੀਂ, ਅਰਥਾਂ ਵਿਚ ਵੀ ਵਧੇਰੇ ਕੋਮਲਤਾ ਤੇ ਸੁਖਮਤਾ ਆ ਜਾਂਦੀ ਹੈ ।' [ਹਿੰਦੀ ਕਾਵਿ ਧਾਰਾ, ਭੂਮਿਕਾ ਪੰਨਾ 5]

ਨੂੰ 'ਆਭੀਰੋਕਤੀ—ਆਭੀਰਾਂ ਦੁਆਰਾ ਬੋਲੀ ਜਾਣ ਵਾਲੀ ਆਖਦਾ ਹੈ।‡

ਅਸਲ ਵਿਚ ਨਵੀਂ ਕੌਮ ਦੇ ਮੇਲ-ਜੋਲ ਤੋਂ ਹੀ ਪਹਿਲੀ ਨਾਲੋਂ ਬਹੁਤੇ ਅੰਤਰੇ ਵਾਲੀ ਨਵੀਂ ਜ਼ਬਾਨ ਬਣਦੀ ਹੈ। ਜਿਵੇਂ ਕਿ ਮੁਸਲਮਾਨੀ ਅਸਰ ਹੇਠ ਉਰਦੂ ਬਣੀ ਸੀ। ਅਪਭ੍ਰੰਸ਼ ਦੀ ਬਣਤ ਵੀ ਅਜੇਹੇ ਇਤਿਹਾਸਕ ਪ੍ਰਭਾਵ ਦਾ ਹੀ ਸਿਟਾ ਹੈ। ਪਹਿਲੀ ਦੂਜੀ ਸਦੀ ਵਿਚ ਯਾ ਕੁਝ ਇਸ ਤੋਂ ਪਹਿਲਾਂ ਹਿੰਦੀ ਵਿਚ ਸ਼ਕ, ਆਭੀਰ ਆਦਿ ਕੁਛ ਕੌਮਾਂ ਦਾ ਪ੍ਰਵੇਸ਼ ਹੋਇਆ। ਇਸੇ ਜਾਤੀ-ਮੇਲ ਨੇ ਪੁਰਾਣੇ ਪ੍ਰਾਕ੍ਰਿਤਕ ਢਾਂਚਿਆਂ ਨੂੰ ਉਲਟਾਇਆ ਪਲਟਾਇਆ। 'ਆਭੀਰੀ' ਨਾਂ ਪੈਣ ਦਾ ਇਹੋ ਕਾਰਣ ਸੀ। ਸ੍ਰੀ ਹਰਿ ਹਰ ਨਾਥ ਟੰਡਨ, ਸੇਂਟ ਜੌਹਨ ਕਾਲਜ ਆਗਰਾ ਲਿਖਦੇ ਹਨ, 'ਈਸਾ ਦੀ ਦੂਜੀ ਤੀਜੀ ਸਦੀ ਵਿਚ ਮੁਲਤਾਨ, ਸਿੰਧ ਤੇ ਉਤਰੀ ਪੰਜਾਬ ਵਿਚ ਜੋ ਭਾਸ਼ਾ ਬੋਲੀ ਜਾਂਦੀ ਸੀ, ਉਸ ਅਪਭ੍ਰੰਸ਼ ਨੂੰ 'ਅਭੀਰੀ' ਕਹਿੰਦੇ ਸਨ। ਇਹ ਅਭੀਰੀ ਸਫੈਦ ਹੂਣਾਂ ਦੀ ਜਾਂ ਉਨ੍ਹਾਂ ਦੇ ਕੁਝ ਕੁ ਪਿਛੋਂ ਆਉਣ ਵਾਲੀ ਬਿਦੇਸ਼ੀ ਜਾਤੀ ਦੀ ਬੋਲੀ ਸੀ, ਜੋ ਇਨ੍ਹਾਂ ਕੌਮਾਂ ਦੇ ਫੈਲਾ ਦੇ ਨਾਲ ਨਾਲ ਪੰਜਾਬ ਤੇ ਪੱਛਮੀ ਰਾਜਪੂਤਾਨੇ ਵਿਚ ਪਸਰਦੀ ਗਈ। ਇਨ੍ਹਾਂ ਕੌਮਾਂ ਵਿਚੋਂ ਗੁਰਜਰ ਯਾ ਗੁੱਜਰ ਨਾਂ ਦੀ ਇਕ ਬਹਾਦਰ ਕੌਮ ਵੀ ਸੀ, ਜਿਸ ਨੇ ਆਪਣੇ ਜ਼ੋਰ ਨਾਲ ਸਿੰਧ ਤੇ ਮੁਲਤਾਨ ਵਿਚ ਰਾਜ ਕਾਇਮ ਕੀਤਾ। ਇਤਿਹਾਸਕਾਰ ਮਿਸਟਰ ਸਮਿੱਥ ਅਨੁਸਾਰ ਪੰਜਵੀਂ ਈ: ਸਦੀ ਦੇ ਲਾਗੇ ਚਾਗੇ ਇਸ ਕੌਮ ਨੇ ਗੁਜਰਾਤ ਤੇ ਰਾਜਪੂਤਾਨੇ ਨੂੰ ਵੀ ਆਪਣੇ ਅਧੀਨ ਕਰ ਲਿਆ। ਅਜੇਹਾ ਹੋਣ ਕਾਰਣ ਗੁਜਰਾਤ ਤੇ ਰਾਜਪੂਤਾਨੇ ਦੀ ਰਾਜ-ਭਾਸ਼ਾ 'ਅਭੀਰੀ' ਹੋ ਗਈ ਤੇ ਇਸ ਦੇ ਪ੍ਰਭਾਵ ਨਾਲ ਇਨ੍ਹਾਂ ਇਲਾਕਿਆਂ ਦੀਆਂ ਪ੍ਰਾਕ੍ਰਿਤਾਂ ਦਾ ਰੂਪ ਬਦਲਣ ਵਿਗੜਨ ਲਗਾ। ਅਭੀਰੀ ਤੇ ਪ੍ਰਾਕ੍ਰਿਤ ਦੀ ਜੋ ਮਿੱਸੀ ਵਰਤੋਂ ਚਲੀ, ਉਸੇ ਬੋਲੀ ਦਾ ਨਾਂ ਅਪਭ੍ਰੰਸ਼ ਪਿਆ।' (ਪ੍ਰਿਥਵੀਰਾਜ ਰਾਸੋ, ਭੂਮਿਕਾ ਪੰਨਾ 37)

ਪ੍ਰੋ: ਹੀਰਾ ਲਾਲ ਜੈਨ ਨੇ ਵੀ ਇਹ ਗੱਲ ਆਖੀ ਹੈ ਕਿ ਮਹਾਂ ਭਾਰਤ ਮੁਤਾਬਕ ਅਭੀਰਾਂ ਦਾ ਗੜ੍ਹ ਨਗਰ ਕੋਟ (ਕਾਂਗੜਾ) ਸੀ। ਜਦੋਂ ਇਹ ਗੁਜਰਾਤ ਵੱਲ ਵਧੇ ਤਾਂ ਇਨ੍ਹਾਂ ਦੀ ਟੱਕੀ ਯਾ ਠੱਕੀ ਭਾਸ਼ਾ ਦਾ ਪ੍ਰਵਾਹ ਵੀ ਉਸ ਪਾਸੇ ਵਗਿਆ। ਇਹ ਟੱਕੀ, ਟੱਕ ਦੇਸ਼ (ਪੰਜਾਬ) ਦੀ ਹੀ ਬੋਲੀ ਸੀ।

ਸੋ ਭਾਰਤ ਮੁਨੀ ਨੇ ਜਿਸ 'ਅਭੀਰੀ' ਦਾ ਜ਼ਿਕਰ ਕੀਤਾ ਹੈ, ਉਹ ਅਜੇਹੇ ਪਰਿਵਰਤਨ ਦਾ

---

‡ਆਭੀਰਾਂ ਯਾ ਆਹੀਰਾਂ ਦਾ ਜ਼ਿਕਰ ਮਹਾਂ ਭਾਰਤ ਵਿਚ ਚਾਰ ਥਾਈਂ ਮਿਲਦਾ ਹੈ। ਇਕ ਥਾਂ ਲਿਖਿਆ ਹੈ ਕਿ ਇਹ ਸਿੰਧ ਦੇ ਪੱਛਮ ਵਿਚ ਰਹਿਣ ਵਾਲੀ ਕੌਮ ਹੈ। ਇਨ੍ਹਾਂ ਦੀ ਬਦੌਲਤ ਸੁਰਸਤੀ (ਬਾਣੀ) ਲੋਪ ਹੋ ਗਈ। ਦੂਜੀ ਥਾਂ ਦ੍ਰੋਣਾਚਾਰਜ ਦੀ ਫੌਜ ਵਿਚ ਇਸ ਕੌਮ ਦੇ ਜੋਧੇ ਸਿਪਾਹੀ ਭਰਤੀ ਹੋਏ ਲਿਖੇ ਹਨ। ਤੀਜੀ ਥਾਂ ਅਰਜਨ ਨਾਲ ਪੰਜ-ਨਦ ਪਾਸ ਇਨ੍ਹਾਂ ਦੀ ਲੜਾਈ ਦਾ ਜ਼ਿਕਰ ਹੈ। ਚੌਥੀ ਥਾਂ ਆਭੀਰ ਲੋਕ ਪਾਂਡਵਾਂ ਦੇ ਯੱਗ ਵਿਚ ਭੇਟਾ ਚੜ੍ਹਾਉਂਦੇ ਦੱਸੇ ਹਨ। ਅਭੀਰ ਲੋਕ ਸਿੰਧ ਤੋਂ ਉਠ ਕੇ ਪੰਜਾਬ ਤੇ ਰਾਜਸਥਾਨ ਵਿਚ ਦੀ ਹੁੰਦੇ ਆਖ਼ਰ ਗੁਜਰਾਤ ਵਿਚ ਜਾ ਵਸੇ ਸਨ। ਹੁਣ ਵੀ ਰੋਹਤਕ ਗੁੜਗਾਉਂ ਲਾਗੇ ਇਸ ਕੌਮ ਦੀ ਵਸੋਂ ਹੈ ਤੇ ਇਨ੍ਹਾਂ ਦੀ ਬੋਲੀ ਨੂੰ 'ਅਹੀਰਵਤੀ' ਕਿਹਾ ਜਾਂਦਾ ਹੈ। ਰਾਜਸਥਾਨੀ ਦੀ ਉਪਬੋਲੀ ਮਾਲਵੀ ਨੂੰ ਵੀ 'ਅਹੀਰੀ' ਕਹਿ ਦੇਂਦੇ ਹਨ। ਇਸੇ ਤਰ੍ਹਾਂ ਗੁਜਰਾਤੀ ਦੀ ਖਾਨ—ਦੇਸੀ ਉਪਭਾਸ਼ਾ ਵੀ 'ਅਹੀਰਨੀ' ਨਾਂ ਨਾਲ ਪੁਕਾਰੀ ਜਾਂਦੀ ਹੈ।

ਹੀ ਕੋਈ ਸਿਟਾ ਸੀ। ਨਾ ਤਾਂ ਉਹ ਨਿਰੀ ਪੂਰੀ ਅਭੀਰਾਂ ਦੀ ਬੋਲੀ ਸੀ, ਨਾ ਹੀ ਸ਼ੁਧ ਪ੍ਰਾਕ੍ਰਿਤ। ਭਰਤ ਮੁਨੀ ਦੇ ਨਜ਼ਦੀਕ ਦੇ ਸਮੇਂ ਵਿਚ ਹੀ ਵਰਰੁਚੀ* ਨੇ ਪ੍ਰਾਕ੍ਰਿਤਾਂ ਦਾ ਪਹਿਲਾ ਵਿਆਕਰਣ 'ਪ੍ਰਾਕ੍ਰਿਤ ਪ੍ਰਕਾਸ਼' ਲਿਖਿਆ। ਇਸ ਵਿਚ ਅਪਭ੍ਰੰਸ਼ ਦਾ ਨਾਮ ਨਹੀਂ। ਪੰਜਵੀਂ ਸਦੀ ਦੀ ਰਚਨਾ 'ਨਾਰਦ ਸਿਮ੍ਰਤੀ' ਵਿਚ ਲਿਖਿਆ ਹੈ, 'ਉਸਤਾਦ ਵਿਦਿਆਰਥੀ ਨੂੰ ਸੰਸਕ੍ਰਿਤ, ਪ੍ਰਾਕ੍ਰਿਤ ਤੇ ਦੇਸ਼-ਭਾਸ਼ਾ‡ ਵਿਚ ਪੜ੍ਹਾਵੇ।' ਇਹ ਦੇਸ਼-ਭਾਸ਼ਾ ਅਪਭ੍ਰੰਸ਼ ਹੀ ਹੋ ਸਕਦੀ ਹੈ।

‡ਪਹਿਲੀ ਵਾਰੀ ਰਾਜਾ ਧਰਸੇਨ ਵੱਲਭੀ (ਕਾਠੀਆਵਾੜ) ਦੇ 626 ਬਿ: (569 ਈ:) ਵਿਚ ਲਿਖਾਏ ਇਕ ਤਾਂਬਾ-ਲੇਖ ਵਿਚ 'ਅਪਭ੍ਰੰਸ਼' ਸ਼ਬਦ ਬੋਲੀ ਲਈ ਵਰਤਿਆ ਮਿਲਦਾ ਹੈ, ਉਥੇ ਲਿਖਿਆ ਹੈ, 'ਰਾਜਾ ਗੁਹਸੇਨ ਸੰਸਕ੍ਰਿਤ, ਪ੍ਰਾਕ੍ਰਿਤ ਤੇ ਅਪਭ੍ਰੰਸ਼ ਤਿੰਨਾਂ ਵਿਚ ਕਾਵਿ-ਰਚਨਾ ਕਰਨ ਲਈ ਪ੍ਰਬੀਨ ਸੀ।' ਛੇਵੀਂ ਸਦੀ ਵਿਚ ਚੰਡ 'ਪ੍ਰਾਕ੍ਰਿਤ ਲਛਣ' ਵਿਚ ਅਪਭ੍ਰੰਸ਼ ਨੂੰ 6 ਭਾਸ਼ਾਵਾਂ ਵਿਚ ਗਿਣਦਾ ਹੈ। ਇਸੇ ਸਦੀ ਦਾ ਸਾਹਿਤਕਾਰ ਭਾਮਹ ਬੋਲੀਆਂ ਦੇ ਲਿਹਾਜ਼ ਨਾਲ ਕਾਵਿ ਨੂੰ ਸੰਸਕ੍ਰਿਤ, ਪ੍ਰਾਕ੍ਰਿਤ ਤੇ ਅਪਭ੍ਰੰਸ਼ ਤਿੰਨ ਭਾਗਾਂ ਵਿਚ ਵੰਡਦਾ ਹੈ (ਕਾਵ੍ਯਾਲੰਕਾਰ 1, 16)। ਬਾਣ ਭੱਟ (ਸੱਤਵੀਂ ਸਦੀ) ਕਾਦੰਬਰੀ ਵਿਚ ਲਿਖਦਾ ਹੈ ਕਿ ਜਦੋਂ ਰਾਜਾ ਸੈਰ ਲਈ ਨਿਕਲੇ ਤਾਂ ਪ੍ਰਾਕ੍ਰਿਤ ਕਵੀ ਤੋਂ ਇਲਾਵਾ ਉਨ੍ਹਾਂ ਨਾਲ ਇਕ ਭਾਸ਼ਾ ਦਾ ਕਵੀ ਵੀ ਸੀ। ਇਹ ਭਾਸ਼ਾ ਅਪਭ੍ਰੰਸ਼ ਹੀ ਸੀ। ਅਠਵੀਂ ਸਦੀ ਦਾ ਮਸ਼ਹੂਰ ਸਮਾਲੋਚਕ ਦੰਡੀ ਆਪਣੇ 'ਕਾਵ੍ਯਾਦਰਸ਼' (ਅ: 1, 32) ਵਿਚ ਉਪਰੋਕਤ ਤਿੰਨਾਂ ਨਾਲ 'ਮਿਸ਼੍ਰ ਕਾਵਿ' ਮਿਲਾ ਕੇ ਸਾਹਿਤ ਨੂੰ ਚਾਰ

---

*ਮਿਸਟਰ ਹਾਰਨਲੇ ਇਸ ਦਾ ਸਮਾਂ ਪਹਿਲੀ ਸਦੀ ਮੰਨਦਾ ਹੈ।

(ਪੀ. ਡੀ. ਗੁਨੈ, ਪੰਨਾ 25)

‡ਡਾਕਟਰ ਪਿਸ਼ਲ, ਪ੍ਰੋ: ਗੁਨੈ ਤੇ ਗ੍ਰੀਅਰਸਨ ਦੇ ਵਿਚਾਰ ਅਨੁਸਾਰ ਉਹ ਸਭ ਸ਼ਬਦ ਦੇਸ਼-ਭਾਸ਼ਾ ਯਾ ਦੇਸੀ ਹਨ ਜਿਨ੍ਹਾਂ ਦਾ ਰੂਪ ਤੇ ਅਰਥ ਸੰਸਕ੍ਰਿਤ ਤੋਂ ਉਗਮਿਆ ਸਾਬਤ ਨਹੀਂ ਹੁੰਦਾ ਤੇ ਦੇਰ ਤੋਂ ਦੇਸ਼ ਵਿਚ ਚਾਲੂ ਹਨ। ਖੁਦ ਅਚਾਰਜ ਹੇਮ-ਚੰਦਰ ਇਸ ਦਾ ਸ਼ਬਦ-ਕੋਸ਼ ਸੰਚਿਤ ਕਰ ਕੇ 'ਦੇਸੀ ਨਾਮ ਮਾਲਾ' ਨਾਂ ਰੱਖਣਾ ਪਸੰਦ ਕਰਦਾ ਹੈ। (ਦੇਖੋ 'ਦੀ ਦੇਸੀ ਨਾਮ ਮਾਲਾ ਆਫ ਹੇਮ ਚੰਦਰ' ਦੀ ਉਥਾਨਕਾ—ਮੁਰਲੀਧਰ ਬੈਨਰਜੀ) ਅਪਭ੍ਰੰਸ਼ ਦੇ ਸਵਯੰਭੂ, 'ਪੁਸ਼ਪ ਦੰਤ', ਪਦਮ ਦੇਵ ਤੇ ਲੱਖਣ-ਦੇਵ ਆਦਿ ਬਹੁਤੇ ਕਵੀਆਂ 11ਵੀਂ ਸਦੀ ਤਕ ਇਸ ਨੂੰ ਦੇਸ਼-ਭਾਸ਼ਾ ਨਾਂ ਨਾਲ ਹੀ ਯਾਦ ਕੀਤਾ ਹੈ। ਇਸ ਤੋਂ ਪਹਿਲੇ ਮਹਾਂ ਭਾਰਤ, ਕਾਮ-ਸੂਤ੍ਰ ਤ ਕਾਦੰਬਰੀ ਆਦਿ ਵਿਚ ਵੀ 'ਦੇਸ਼-ਭਾਸ਼ਾ' ਦਾ ਜ਼ਿਕਰ ਹੈ।

‡ਜੇ ਕਾਲੀ ਦਾਸ ਦੀ ਰਚਨਾ ਵਿਕ੍ਰਮੋਰਵਸ਼ੀ ਨਾਟਕ ਵਿਚ ਆਈ ਪ੍ਰਾਕ੍ਰਿਤ ਵੰਨਗੀ ਨੂੰ ਪ੍ਰਮਾਣੀਕ ਮੰਨ ਲਿਆ ਜਾਵੇ ਤਾਂ ਅਪਭ੍ਰੰਸ਼ ਦਾ ਜਨਮ-ਕਾਲ ਪੰਜਵੀਂ ਸਦੀ ਹੀ ਮਿਥਿਆ ਜਾ ਸਕਦਾ ਹੈ :—

ਨਮੂਨਾ ਇਹ ਹੈ :—

'ਮਇਂ ਜਾਣਿਅ ਮਿਅਲੋਅਣੀ, ਣਿਸਅਰੁ ਕੋਈ ਹਰੇਇ
ਜਾਵ ਣ ਣਵ ਤੜਿ ਸਾਮਲ, ਧਾਰਾਹਰੁ ਵਰਸੇਇ।'

[ਵਿ: ਨਾਟਕ ਚੌਥਾ ਅੰਕ]

ਡਾ: ਤਗਾਰੇ ਅਪਭ੍ਰੰਸ਼ ਦਾ ਅਰੰਭ ਕਾਲ ਤੀਜੀ ਸਦੀ ਹੀ ਮੰਨਦੇ ਹਨ (ਪੰਨਾ 1, ਹਿਸਟੋਰੀਕਲ ਗ੍ਰਾਮਰ ਆਫ ਅਪਭ੍ਰੰਸ਼)

ਹਿਸਿਆਂ ਵਿਚ ਤਕਸੀਮ ਕਰਦਾ ਹੈ। ਚੰਡੀ ਇਸ ਦਾ ਮੋਟਾ ਜਿਹਾ ਲੱਛਣ ਇਹ ਕਰਦਾ ਹੈ, 'ਅਭੀਰ ਆਦਿਕ ਦੀ ਬੋਲੀ ਕਵੀਆਂ ਵਿਚ ਅਪਭ੍ਰੰਸ਼ ਕਰ ਕੇ ਮਸ਼ਹੂਰ ਹੈ ਅਤੇ ਸ਼ਾਸਤਰਾਂ ਵਿਚ ਸੰਸਕ੍ਰਿਤ ਤੋਂ ਭਿੰਨ ਬਾਕੀਆਂ ਨੂੰ ਵੀ ਅਪਭ੍ਰੰਸ਼ ਆਖ ਦਿੱਤਾ ਜਾਂਦਾ ਹੈ।' ਮਾਲੂਮ ਹੁੰਦਾ ਹੈ ਭਰਤ ਮੁਨੀ ਤੋਂ ਲੈ ਕੇ ਦੰਡੀ ਦੇ ਜ਼ਮਾਨੇ ਤਕ ਇਨ੍ਹਾਂ ਤਿੰਨ ਕੁ ਸੌ ਸਾਲਾਂ ਵਿਚ ਅਪਭ੍ਰੰਸ਼ ਬਤੌਰ ਬੋਲੀ ਦੇ ਆਪਣਾ ਆਸਣ ਕਾਇਮ ਕਰ ਚੁਕੀ ਸੀ। ਇਹ ਦੋਵੇਂ ਹੀ ਲੇਖਕ ਇਸ ਬੋਲੀ ਦਾ ਆਭੀਰਾਂ ਵਲੋਂ ਵਰਤਿਆ ਜਾਣਾ ਲਿਖਦੇ ਹਨ। ਸੰਭਵ ਹੈ ਕਿ ਪਹਿਲਾਂ ਪਹਿਲਾਂ ਇਸੇ ਜਾਤੀ ਵਿਚ ਇਸ ਦਾ ਜ਼ਿਆਦਾ ਵਰਤਾਰਾ ਰਿਹਾ ਹੋਵੇ ਅਤੇ ਬਾਦ ਵਿਚ ਦੂਜੀਆਂ ਜਾਤੀਆਂ ਨੇ ਇਸ ਲੋਕ-ਬੋਲੀ ਨੂੰ ਅਪਣਾ ਲਿਆ ਹੋਵੇ।

ਉਦਿਓਤਨ ਸੂਰੀ (778 ਈ:) ਅਪਭ੍ਰੰਸ਼ ਦੀ ਸਿਫਤ ਕਰਦਾ ਆਖਦਾ ਹੈ, 'ਅਪਭ੍ਰੰਸ਼-ਕਾਵਿ ਭਾਵੇਂ ਨਿਰੋਲ ਹੋਵੇ ਤੇ ਭਾਵੇਂ ਸੰਸਕ੍ਰਿਤ ਪ੍ਰਾਕ੍ਰਿਤ ਨਾਲ ਮਿੱਸਾ, ਭਾਵੇਂ ਕੋਮਲ ਹੋਵੇ ਯਾ ਅਕੋਮਲ, ਬਰਸਾਤੀ ਪਹਾੜੀ ਨਾਲੇ ਵਾਂਗ ਉਮਡਦਾ ਬੇ-ਰੋਕ ਵਹਿੰਦਾ ਅਤੇ ਗੁੱਸੇ ਹੋਈ ਗੋਰੀ ਦੀਆਂ ਗੱਲਾਂ ਬਾਤਾਂ ਵਾਂਗ ਮਨੋਹਰ ਲਗਦਾ ਹੈ।' ਨੌਵੀਂ ਸਦੀ ਵਿਚ ਅਚਾਰਜ ਰੁਦ੍ਰਟ ਜ਼ਬਾਨ ਦੇ ਨੁਕਤੇ ਤੋਂ ਕਾਵਿ ਦੇ ਕੁਲ ਛੇ ਭੇਦ—ਸੰਸਕ੍ਰਿਤ, ਪ੍ਰਾਕ੍ਰਿਤ, ਮਾਗਧੀ, ਸ਼ੌਰਸੈਨੀ, ਪੈਸ਼ਾਚੀ ਤੇ ਅਪਭ੍ਰੰਸ਼—ਕਰਦਾ ਹੈ। (ਹੇਮ ਚੰਦਰ, ਤ੍ਰਿਵਿਕ੍ਰਮ, ਸਿੰਹੁਰਾਜ, ਲਛਮੀਧਰ, ਸ਼ੇਸ਼ਕ੍ਰਿਸ਼ਣ, ਮਾਰਕੰਡੇ ਆਦਿ ਵਿਆਕਰਣੀਆਂ ਅਤੇ ਭੋਜਰਾਜ, ਜਿਨਦੱਤ ਸੂਰੀ ਤੇ ਅਮਰ ਚੰਦ੍ ਆਦਿ ਹੋਰ ਵਿਦਵਾਨਾਂ ਵੀ ਇਹੋ ਛੇ ਭਾਸ਼ਾ ਗਿਣੀਆਂ ਹਨ) ਦਸਵੀਂ ਸਦੀ ਦੇ ਵਿਦਵਾਨ ਰਾਜ-ਸ਼ੇਖਰ (880-920) ਨੇ ਆਪਣੀ ਪੁਸਤਕ 'ਕਾਵਿ-ਮੀਮਾਂਸਾ' ਵਿਚ ਥਾਂ ਥਾਂ ਅਪਭ੍ਰੰਸ਼ ਦਾ ਜ਼ਿਕਰ ਕੀਤਾ ਹੈ। ਉਹ ਇਹ ਵੀ ਆਖਦਾ ਹੈ ਕਿ ਇਸ ਬੋਲੀ ਦੀ ਵਰਤੋਂ ਮਰੂ (ਰਾਜਿਸਥਾਨ), ਟੱਕ (ਪੂਰਬੀ ਪੰਜਾਬ) ਤੇ ਭਦਾਨਕ (ਜ਼ਿਲਾ ਜੇਹਲਮ ਦਾ ਭਦ੍ਰਾਵਤੀ ਵਾਲਾ ਹਿੱਸਾ) ਆਦਿ ਇਲਾਕਿਆਂ ਵਿਚ ਆਮ ਹੈ।‡

11ਵੀਂ ਸਦੀ ਦੇ ਬੋਧੀ ਪ੍ਰਾਕ੍ਰਿਤ ਵਿਆਕਰਣੀ ਪੁਰਸ਼ੋਤਮ ਦੇ ਸ਼ਬਦਾਂ ਵਿਚ ਇਹ ਵਰਤੋਂ ਵੀ ਪਤਵੰਤੇ ਤਬਕੇ ਵਿਚ ਸੀ।

ਪੰਡਤ ਗੌਰੀ ਸ਼ੰਕਰ ਹੀਰਾ ਚੰਦ ਓਝਾ ਇਸੇ ਗੱਲ ਦੀ ਪੁਸ਼ਟੀ ਕਰਦੇ ਲਿਖਦੇ ਹਨ, 'ਅਪਭ੍ਰੰਸ਼ ਭਾਸ਼ਾ ਦਾ ਪ੍ਰਚਾਰ ਲਾਟ (ਗੁਜਰਾਤ) ਸੁਰਾਸ਼ਟਰ, ਤ੍ਰਵਣ (ਮਾਰਵਾੜ) ਦੱਖਣੀ ਪੰਜਾਬ, ਰਾਜ-ਪੂਤਾਨਾ, ਅਵੰਤੀ ਤੇ ਮੰਦਸੋਰ ਆਦਿ ਵਿਚ ਸੀ।' (ਮਧਕਾਲੀਨ ਭਾਰਤੀ ਸੰਸਕ੍ਰਿਤੀ, ਪੰਨਾ 111)

ਕਈ ਵਿਦਵਾਨਾਂ ਅਪਭ੍ਰੰਸ਼ ਨੂੰ ਪ੍ਰਾਕ੍ਰਿਤਾਂ ਵਿਚ ਹੀ ਗਿਣ ਛਡਿਆ ਹੈ ਪਰ ਇਹ ਠੀਕ ਨਹੀਂ। ਇਸ ਸਮੇਂ ਸਾਹਿਤਕ ਪ੍ਰਾਕ੍ਰਿਤ ਤਾਂ ਆਪਣੀ ਧੀ ਅਪਭ੍ਰੰਸ਼ ਨੂੰ ਘਰ ਬਾਰ ਸੰਭਾਲ ਆਪ ਲੋਪ ਹੋ ਗਈ ਸੀ। ਅਪਭ੍ਰੰਸ਼ ਵਿਚ ਪ੍ਰਾਕ੍ਰਿਤ ਨਾਲੋਂ ਦੇਸੀ ਸ਼ਬਦ ਬਹੁਤੀ ਮਿਕਦਾਰ ਵਿਚ ਸਨ, ਕਾਰਕ ਤੇ ਲਿੰਗ-ਭੇਦ ਵੀ ਘੱਟ ਸੀ ਅਤੇ ਹੋਰ ਖਾਸ ਵਿਸ਼ੇਸ਼ਤਾ ਇਹ ਸੀ ਕਿ ਇਹ ਵਧੇਰੇ ਵਿਸ਼ਲੇਸ਼ਾਤਮਕ ਯਾ ਨਿਖੜਵੀਂ ਬਣਤਰ ਵਾਲੀ ਸੀ। ਇਸ ਕਰ ਕੇ ਇਸ ਦੀ ਵੱਖਰੀ

‡1. ਅਪਭ੍ਰੰਸ਼ ਕਾਵਿ ਤ੍ਰਯੀ, ਪੰਨਾ 96-99। 2. 'ਹਿਸਟੋਰੀਕਲ ਗ੍ਰਾਮਰ ਆਫ ਅਪਭ੍ਰੰਸ਼', ਪੰਨਾ 1 ਤੋਂ 3 (ਡਾ: ਤਗਾਰੇ) 3. ਨਾਗਰੀ ਪ੍ਰਚਾਰਣੀ ਪੱਤ੍ਰਿਕਾ ਸੰਮਤ 2002 ਅੰਕ, 1, 2, 3, 4 ਪ੍ਰੂ: ਹੀਰਾ ਲਾਲ ਜੈਨ, 4. ਹਿੰਦੁਸਤਾਨੀ (ਜੁਲਾਈ 1936) ਸੁਰਜ ਕਰਣ ਪਾਰੀਕ।

ਹਸਤੀ ਤੋਂ ਇਨਕਾਰੀ ਨਹੀਂ ਹੋ ਸਕੀਦਾ । ਭਾਸ਼ਾ-ਵਿਗਿਆਨ ਦੇ ਲਿਹਾਜ਼ ਨਾਲ ਸੰਸਕ੍ਰਿਤ, ਪਾਲੀ ਤੇ ਪ੍ਰਾਕ੍ਰਿਤਾਂ ਵਿਚ ਬਹੁਤਾ ਫਰਕ ਨਹੀਂ ਸੀ । ਪ੍ਰਾਕ੍ਰਿਤ ਯਾ ਪਾਲੀ ਰਚਨਾ ਵਿਚ ਤਦਭਵ ਸ਼ਬਦਾਂ ਦੀ ਥਾਂ ਤਤਸਮ ਰਖਣ ਨਾਲ ਅਤੇ ਦ੍ਵਿਵਚਨ ਤੇ ਆਤਮਨੇ ਪਦ ਕਰ ਦੇਣ ਨਾਲ ਛੁੱਟ, ਸੰਸਕ੍ਰਿਤ ਬਣ ਜਾਂਦੀ ਸੀ । ਪਰ ਅਪਭ੍ਰੰਸ਼, ਪੁਰਾਣੀ ਭਾਸ਼ਾ-ਧਾਰਾ ਤੋਂ ਇਕ ਇਨਕਲਾਬੀ ਕਰਵਟ ਖਾ ਕੇ ਬਣੀ ਸੀ ਇਸ ਲਈ ਇਹ ਸੰਸਕ੍ਰਿਤ ਆਦਿ ਤੋਂ ਦੂਰ ਦੀ ਤੇ ਵੱਖਰੀ ਚੀਜ਼ ਬਣ ਗਈ । ਅਪਭ੍ਰੰਸ਼ ਨੂੰ ਵਰਤਮਾਨ ਬੋਲੀਆਂ ਨਾਲ ਮਿਲਾਉਣਾ ਜਿਤਨਾ ਸੌਖਾ ਹੈ, ਉਤਨਾ ਹੀ ਇਸ ਨੂੰ ਪਿਛੇ ਨਾਲ ਮਿਲਾਉਣਾ ਔਖਾ ਹੈ । ਇਸ ਦਾ ਇਕੋ ਇਕ ਕਾਰਣ ਇਸ ਦੀ ਨਿਰਾਲੀ ਨਿਖੇੜਕ (ਵਿਜੋਗਾਤਮਕ) ਹਸਤੀ ਹੈ ।

ਇਨ੍ਹਾਂ ਸਾਰੀਆਂ ਗੱਲਾਂ ਤੋਂ ਸਿੱਧ ਹੈ ਕਿ ਸੁਤੰਤਰ ਹਸਤੀ ਦੀ ਮਾਲਕ ਅਪਭ੍ਰੰਸ਼ ਛੇਵੀਂ ਸੱਤਵੀਂ ਸਦੀ ਤੋਂ ਬੋਲ-ਚਾਲ ਦੀ ਜ਼ਬਾਨ ਹੋਣ ਤੋਂ ਇਲਾਵਾ ਸਾਹਿਤਕ ਮੈਂਡਲ ਵਿਚ ਆ ਗਈ ਸੀ ਤੇ ਇਸ ਦਾ ਖੇਤਰ ਸਿੰਧ, ਪੰਜਾਬ, ਰਾਜਸਥਾਨ ਤੇ ਗੁਜਰਾਤ ਸੀ । ਇਥੋਂ ਦੀ ਅਪਭ੍ਰੰਸ਼ ਹੀ ਟਕਸਾਲੀ ਮੰਨੀ ਜਾਂਦੀ ਸੀ । ਗੁਜਰਾਤੀਆਂ ਬਾਰੇ ਤਾਂ ਭੋਜਰਾਜ ਨੇ 'ਸਰਸ੍ਵਤੀ ਕੰਠਾਭਰਣ' ਵਿਚ ਇਥੋਂ ਤਕ ਲਿਖਿਆ ਹੈ ਕਿ ਇਹ ਅਪਭ੍ਰੰਸ਼ ਤੋਂ ਬਗ਼ੈਰ ਸੰਤੁਸ਼ਟ ਹੀ ਨਹੀਂ ਹੁੰਦੇ ।' ਦਸਵੀਂ ਸਦੀ ਤਕ ਇਸ ਦਾ ਜ਼ੋਰ ਪਜਾਬ ਤੇ ਰਾਜਸਥਾਨ ਵਿਚ ਹੀ ਸੀ । ਇਸ ਤੋਂ ਬਾਦ ਗੁਜਰਾਤ ਇਕ ਤਰ੍ਹਾਂ ਇਸ ਦਾ ਗੜ੍ਹ ਹੀ ਬਣ ਗਿਆ । ਬਦਅਮਨੀ ਨੇ ਸਾਧਾਂ ਸੰਤਾਂ ਨੂੰ ਸਰਹੱਦੀ ਇਲਾਕਿਆਂ ਤੋਂ ਦੂਰ ਧੱਕ ਦਿਤਾ ਤੇ ਉਥੇ ਇਸ ਦੀ ਮਹੱਤਤਾ ਫੈਲੀ ।

ਅਪਭ੍ਰੰਸ਼ ਦੇ ਨਾਗਰ, ਉਪਨਾਗਰ ਤੇ ਬ੍ਰਾਚੜ ਤਿਨ ਭੇਦ ਕੀਤੇ ਗਏ । ਨਗਰ ਰਾਜਪੂਤਾਨੇ ਤੇ ਗੁਜਰਾਤ ਵਿਚ, ਉਪਨਾਗਰ ਪੰਜਾਬ ਤੇ ਮਾਲਵਾ ਪ੍ਰਾਂਤ ਵਿਚ ਤੇ ਬ੍ਰਾਚੜ ਸਿੰਧ ਵਿਚ ਚਾਲੂ ਸੀ ।

ਇਕ ਤਰ੍ਹਾਂ ਨਾਗਰ ਯਾ ਪਛੱਮੀ ਅਪਭ੍ਰੰਸ਼ ਉਤਰੀ ਹਿੰਦ ਦੀ ਪ੍ਰਮਾਣਿਕ ਸਾਹਿਤਕ ਭਾਸ਼ਾ ਸੀ, ਜਿਸ ਦਾ ਦਸਵੀਂ ਸਦੀ ਤੋਂ ਬਾਰਵ੍ਹੀਂ ਸਦੀ ਤਕ ਜ਼ਿਆਦਾ ਜ਼ੋਰ ਰਿਹਾ । ਕਾਰਣ ਇਹ ਹੈ ਕਿ ਹਿੰਦੁਸਤਾਨ ਵਿਚ ਇਸ ਸਮੇਂ ਹਰਸ਼ ਵਰਧਨ (606—647 ਈ:) ਦੀ ਮੌਤ ਪਿਛੋਂ ਪੁਰਾਣਾ ਕੇਂਦਰੀ ਰਾਜ ਸਮਾਜ ਤਾਂ ਸੰਸਕ੍ਰਿਤ ਵਾਂਗ ਅੰਤਮ ਸੁਆਸਾਂ ਤੇ ਜਾ ਚੁਕਾ ਸੀ । ਤੇ ਤੁਰਕ-ਮੁਸਲਮਾਨਾਂ ਦੀ ਆਮਦ ਨੇ ਇਕ ਨਵੀਂ ਦਸ਼ਾ ਪੈਦਾ ਕਰ ਦਿੱਤੀ ਸੀ । ਜਿਥੇ ਇਹ ਰਾਜਸੀ ਤੇ ਸਮਾਜੀ ਦਸ਼ਾ, ਲੋਕਾਂ ਲਈ ਇਕ ਨਵਾਂ ਵਾਤਾਵਰਣ ਪੈਦਾ ਕਰ ਰਹੀ ਸੀ, ਉਥੇ ਸਾਹਿਤਕ ਦੁਨੀਆਂ ਵਿਚ ਵੀ ਇਸ ਤਬਦੀਲੀ ਨੇ ਅਪਭ੍ਰੰਸ਼ ਦੇ ਰੂਪ ਵਿਚ 'ਨਵੇਂ ਫੁਲ' ਖਿੜਾਏ ।

ਬ੍ਰਾਹਮਣ ਲੋਕ ਸੰਸਕ੍ਰਿਤ ਨੂੰ ਛੁਹਣ ਨਹੀਂ ਸੀ ਦਿੰਦੇ ਅਤੇ ਉਨ੍ਹਾਂ ਨੇ ਆਪਣੇ ਅਸਰ ਰਸੂਖ਼ ਨਾਲ ਸਾਹਿਤਕ ਪ੍ਰਾਕ੍ਰਿਤਾਂ ਨੂੰ ਵੀ ਇਕ ਤਰ੍ਹਾਂ ਦਬਾ ਹੀ ਦਿਤਾ ਸੀ । ਪਰੰਤੂ ਇਸ ਸਮੇਂ

‡In the 10th-12th centuries, the Westren Apabhramsa speech was in full vigour, and was common language of literature, (apart from the Sanskrit & the Prakrits), and undoudtely also of general communication.'

(Indo Aryan & Hindi : P. 164)

ਸਾਧਾਰਣ ਲੋਕਾਂ ਅਤੇ ਸੰਤਾਂ ਸਾਧੂਆਂ ਦੀ ਕਿਰਪਾ ਨਾਲ ਇਹ ਬੋਲੀ ਪ੍ਰਫੁਲਤ ਹੋਈ। ਅਸੀਂ ਵੇਖਦੇ ਹਾਂ ਕਿ ਅਪਭ੍ਰੰਸ਼ ਦੇ ਸਾਹਿਤ ਵਿਚ ਬਹੁਤਾ ਹਿੱਸਾ ਜੈਨੀ ਸਾਧੂਆਂ, ਯਾ ਸਿੱਧਾਂ, ਜੋਗੀਆਂ ਤੇ ਨਾਥਾਂ ਦਾ ਹੀ ਹੈ।‡ ਪੂਰਬੀ ਹਿੰਦ ਵਲ ਸਿੱਧਾਂ ਅਤੇ ਪਛਮੀ ਹਿੰਦ ਵੱਲ ਜੈਨੀ ਸਾਧੂਆਂ ਇਸ ਬੋਲੀ ਰਾਹੀਂ ਆਪਣੇ ਵਿਚਾਰ ਅਤੇ ਗਿਆਨ-ਮਈ ਉਪਦੇਸ਼ ਲੋਕਾਂ ਨੂੰ ਸੁਣਾਏ। ਦਿਗੰਬਰ ਜੈਨੀਆਂ ਦੀ ਤਾਂ ਇਹ ਦੇਰ ਤਕ ਧਾਰਮਿਕ ਭਾਸ਼ਾ ਹੀ ਬਣੀ ਰਹੀ। ਇਨ੍ਹਾਂ ਤੋਂ ਇਲਾਵਾ ਸਰਹਪਾ (760) ਸ਼ਬਰੂ ਦੇਵ (790 ਈ.), ਕਣ੍ਹਪਾ (840), ਦੇਵਸੇਨ (933), ਪੁਸ਼ਪਦੰਤ (959), ਯੋਗੀਂਦੂ (1000), ਮੁੰਜ, ਰਾਮ ਸਿੰਹ (1000), ਧਨਪਾਲ, 1000), ਅੱਦਹਮਾਣ (1010), ਬੱਬਰ (1030), ਕਨਕਾਮਰ (1060), ਜਿਨਦੱਤ ਸੂਰੀ (1100), ਹੇਮ ਚੰਦ੍ (1120), ਹਰਿ ਭਦ੍ ਸੂਰੀ (1159), ਵਰਦੱਤ, ਮਹੇਸ਼੍ਵਰਸੂਰੀ, ਸੋਮਪ੍ਰਭ ਸੂਰੀ (1195), ਬਿਨਯਚੰਦ੍ (1200), ਲੱਖਣ (1257), ਜੱਜਲ (1 80) ਆਦਿ ਕਵੀਆਂ ਨੇ ਮਣਾਂ-ਮੂੰਹ ਅਪਭ੍ਰੰਸ਼ ਸਾਹਿਤ ਰਚਿਆ, ਜਿਸ ਵਿਚ ਕਈ ਤਰ੍ਹਾਂ ਦੇ ਅਨੂਠੇ ਕਾਵਿ-ਚਮਤਕਾਰ ਹਨ। ਇਸ ਸਾਹਿਤ ਵਿਚ ਜੋ ਭਾਰਤੀ ਜ਼ਿੰਦਗੀ ਦੇ ਚਿਤਰ ਮਿਲਦੇ ਹਨ; ਉਹ ਸੰਸਕ੍ਰਿਤ ਸਾਹਿਤ ਵਿਚ ਪ੍ਰਾਪਤ ਨਹੀਂ। ਇਸ ਦੇ ਪ੍ਰਧਾਨ ਵਿਸ਼ੇ ਰਹੱਸਵਾਦੀ ਗਿਆਨ ਤੇ ਜੰਗ ਜੁਧ ਆਦਿ ਹਨ। ਇਸ ਵਕਤ ਹਿੰਦ ਵਿਚ ਪਾਲ ਬੰਸ ਦੇ ਬੋਧੀ ਰਾਜੇ, ਰਾਸ਼੍ਟਰ ਕੂਟ ਦੇ ਜੈਨੀ ਰਾਜੇ ਤੇ ਗੁਜ-ਰਾਤ ਦੇ ਪ੍ਰਤਿਹਾਰ ਤਿੰਨ ਹੀ ਤੇਜ ਵਾਲੇ ਰਾਜਬੰਸ ਸਨ। ਬਾਕੀ ਨਿਕੇ ਨਿਕੇ ਰਜਵਾੜੇ ਲੜ ਰਹੇ ਸਨ ਤੇ ਇਸ ਦਸ਼ਾ ਦਾ ਸਾਹਿਤ ਤੇ ਅਸਰ ਪੈਣਾ ਲਾਜ਼ਮੀ ਸੀ, ਜੋ ਬੀਰ-ਕ ਵਿ ਦੇ ਰੂਪ ਵਿਚ ਉਜਾਗਰ ਹੋਇਆ।

ਇਸ ਸਮੇਂ ਅਪਭ੍ਰੰਸ਼ ਚੰਗੇ ਪੜ੍ਹਿਆਂ ਲਿਖਿਆਂ ਪਤਵੰਤਿਆਂ ਦੀ ਪ੍ਰਮਾਣਿਕ ਬੋਲੀ ਸੀ ਅਤੇ ਇਹ ਬਤੌਰ ਬੋਲੀ ਦੇ ਕਿਸੇ ਵੀ ਟਕਸਾਲੀ ਜ਼ਬਾਨ ਦੇ ਮੁਕਾਬਲੇ ਤੇ ਘਟ ਹੈਸੀਅਤ ਨਹੀਂ ਸੀ ਰੱਖਦੀ। ਸਰ ਜਾਰਜ ਗ੍ਰੀਅਰਸਨ ਲਿਖਦੇ ਹਨ—

'ਜਦੋਂ ਸਥਾਨਕ ਅਪਭ੍ਰੰਸ਼ਾਂ ਦੀਆਂ ਇਹ ਰਚਨਾਵਾਂ ਵਧ ਤੋਂ ਵਧ ਲੋਕ-ਪਿਆਰੀਆਂ ਹੋ ਗਈਆਂ ਤਾਂ ਸ਼ੈਲੀ ਦੀ ਇਕ ਪੱਕੀ ਲੀਹ ਪੈ ਗਈ ਅਤੇ ਪ੍ਰਾਕ੍ਰਿਤਾਂ ਵਾਂਗ ਇਕ ਖਾਸ ਅਪ-ਭ੍ਰੰਸ਼ ਸਾਹਿਤਕ ਭਾਸ਼ਾ ਦੇ ਰੂਪ ਵਿਚ ਨਿਖਰ ਆਈ, ਜਿਸ ਵਿਚ ਪੱਛਮੀ ਹਿੰਦ ਦੀਆਂ ਕਾਵਿ-

---

‡ਇਹ ਸੰਤ, ਸਾਧੂ, ਪੰਡਤਈ ਮਤ ਦੇ ਵਿਰੋਧੀ ਸਨ, ਸਰਹਪਾ (760 ਈ:) ਲਿਖਦਾ ਹੈ—'ਪੰਡਿਅ ਸਅਲ ਸੱਤ ਬਖਾਣਇ। ਦੇਹਹਿ ਬੁਧ ਬਸੰਤ ਨਾ ਜਾਣਇ। ਅਮਣਾਗਮਣ ਣਤੇਣ ਬਿਖੰਡਿਅ। ਤੋਂ ਬਿ ਣਿਲੱਜ ਭਣਇ ਹਉਂ ਪੰਡਇ।'

‡ਇਕ ਬੱਜ੍ ਯਾਨੀ ਨਾਂ ਦਾ ਇਕ ਫਿਰਕਾ, ਬੁਧ ਮਤ ਦੀ ਸ਼ਾਖ ਸੀ, ਜੋ ਸ਼ੈਵ ਸਿਧਾਂਤਾਂ ਨੂੰ ਅਪਣਾ ਕੇ ਤਾਂਤ੍ਰਿਕ ਹੋ ਗਿਆ ਸੀ ਇਸ ਦੇ ਮੋਢੀ ਸਿੱਧ ਕਹੇ ਜਾਂਦੇ ਸਨ। ਇਹੋ ਮਤ 'ਸਹਜੀਆ' ਨਾਂ ਤੇ ਵੀ ਮਸ਼ਹੂਰ ਰਿਹਾ ਤੇ ਇਸ ਦਾ ਜ਼ਿਆਦਾ ਜ਼ੋਰ ਬਿਹਾਰ ਅਸਾਮ ਵਲ ਸੀ। ਇਸ ਦੇ ਵਿਭਚਾਰ-ਮਈ ਕਰਮ ਕਾਂਡਾਂ ਦੀ ਵਿਰੋਧਤਾ ਲਈ ਜਲੰਧਰ ਨਾਥ, ਮਛੰਦਰ ਨਾਥ ਤੇ ਗੋਰਖ ਨਾਥ ਆਦਿ ਨੇ ਜੋਗ ਮਤ ਚਲਾਇਆ ਜਿਸ ਨੂੰ 'ਨਾਥ ਪੰਥ' ਵੀ ਕਹਿੰਦੇ ਹਨ। ਇਨ੍ਹਾਂ ਲੋਕਾਂ ਬਿਰਕਤੀ ਤੇ ਤਪ ਉਤੇ ਜ਼ਿਆਦਾ ਜ਼ੋਰ ਦਿਤਾ ਤੇ ਇਨ੍ਹਾਂ ਦਾ ਪ੍ਰਭਾਵ ਪੰਜਾਬ ਵਲ ਸੀ। ਇਸ ਸੰਪ੍ਰਦਾ ਦੇ ਸਾਧੂ ਜੋਗੀ ਤੇ ਨਾਥ ਕਹੇ ਜਾਂਦੇ ਸਨ। ਪਿਛੋਂ ਸਿਧ, ਜੋਗੀ ਤੇ ਨਾਥ ਰਲਗੱਡ ਹੀ ਹੋ ਗਏ।

ਰਚਨਾਵਾਂ ਹੋਈਆਂ। ਬਾਵਜੂਦ ਕਈ ਸਥਾਨਕ ਭੇਦਾਂ ਦੇ ਹਿੰਦ ਦੇ ਬਹੁਤ ਹਿਸਿਆਂ ਵਿਚ ਇਸ ਸਮੇਂ ਅਪਭ੍ਰੰਸ਼, ਇਕ ਟਕਸਾਲੀ ਸਾਹਿਤਕ ਜ਼ਬਾਨ ਦੇ ਰੂਪ ਵਿਚ ਪ੍ਰਚਲਤ ਸੀ।' §ਡਾ: ਚੈਟਰਜੀ ਨੇ (ਇੰਡੋਆਰੀਅਨ ਐਂਡ ਹਿੰਦੀ, ਪੰਨਾ 98) ਤੇ ਪ੍ਰੋ: ਹੀਰਾ ਲਾਲ ਜੈਨ ਨੇ ਵੀ (ਨਾਗਰੀ ਪ੍ਰਚਾਰਣੀ ਪੱਤ੍ਰਿਕਾ ਅੰਕ 1, 2; (2002) ਵਿਚ ਇਹੋ ਸੰਮਤੀ ਪ੍ਰਗਟ ਕੀਤੀ ਹੈ।

ਭਾਵੇਂ ਡਾਕਟਰ ਤਗਾਰੇ ਨੇ ਅਪਭ੍ਰੰਸ਼ ਦੇ ਪੱਛਮੀ, ਪੂਰਬੀ ਤੇ ਦੱਖਣੀ ਤਿੰਨ ਭੇਦ ਕੀਤੇ ਹਨ‡ ਪਰ ਇਨ੍ਹਾਂ ਭੇਦਾਂ ਦੀ ਇਤਹਾਸਕ ਕੀਮਤ ਨਹੀਂ। ਪੱਛਮੀ ਅਪਭ੍ਰੰਸ਼ (ਨਾਗਰ) ਹੀ ਸਭ ਤੋਂ ਵਧ ਮਾਨਤਾ ਵਾਲੀ ਸੀ ਤੇ ਇਸੇ ਦਾ ਪੂਰਬ ਤੇ ਦੱਖਣ ਵਲ ਵੀ ਅਸਰ ਹੋਣਾ ਹੈ ਪਰ ਉਨ੍ਹਾਂ ਦੀ ਅੱਡਰੀ ਕਲਪਨਾ ਕਰਨੀ ਸਾਰਥਕ ਨਹੀਂ।

ਪਰਸਿੱਧ ਵਿਆਕਰਣੀ ਸ੍ਰੀ ਹੇਮ ਚੰਦ੍ (1088-1172) ਨੇ ਗੁਜਰਾਤ ਦੇ ਰਾਜੇ ਜੈ ਸਿੰਹੁ ਸਿਧਰਾਜ ਦੀ ਆਗਿਆ ਨਾਲ 1142 ਈਸਵੀਂ ਤੋਂ ਪਹਿਲਾਂ, 'ਸਿਧ ਹੈਮ ਸ਼ਬਦਾਨੁਸ਼ਾਸਨ' ਵਿਆਕਰਣ ਲਿਖਿਆ। ਇਸ ਦੇ ਅੰਤਮ ਅਧਿਆਇ ਵਿਚ 329 ਤੋਂ 448 ਤੱਕ 120 ਸੂਤਰਾਂ ਵਿਚ ਅਪਭ੍ਰੰਸ਼ ਦਾ ਵਿਆਕਰਣ ਲਿਖਿਆ ਹੈ ਤੇ ਉਨ੍ਹਾਂ ਨੇਮਾਂ ਦੀ ਵਰਤੋਂ ਦੀਆਂ ਮਿਸਾਲਾਂ ਦੇਣ ਲਈ 175 (ਦੂਹੇ) ਦੋਹਰੇ ਵੀ ਦਿਤੇ ਹਨ, ਜਿਨ੍ਹਾਂ ਤੋਂ ਅਪਭ੍ਰੰਸ਼ ਦੀ ਸਾਹਿਤਕ ਉੱਤਮਤਾ ਭਲੀ ਭਾਂਤ ਪ੍ਰਗਟ ਹੁੰਦੀ ਹੈ। ਇਸ ਤੋਂ ਇਲਾਵਾ ਹੇਮ ਚੰਦ੍ ਨੇ 'ਦੇਸੀ ਨਾਮ ਮਾਲਾ' ਸ਼ਬਦ-ਕੋਸ਼ ਲਿਖ ਕੇ ਇਕ ਤਰ੍ਹਾਂ ਅਪਭ੍ਰੰਸ਼ ਸ਼ਬਦਾਵਾਲੀ ਨੂੰ ਸਦਾ ਲਈ ਸਾਂਭ ਦਿਤਾ। ਤ੍ਰਿਵਿਕ੍ਰਮ (ਚੌਧਵੀਂ ਸਦੀ) ਤੇ ਮਾਰਕੰਡੇ (17ਵੀਂ ਸਦੀ) ਨੇ ਵੀ ਅਪਭ੍ਰੰਸ਼ ਦੇ ਵਿਆਕਰਣਕ ਨੇਮ ਦਿਤੇ ਹਨ। ਨਵੇਂ ਖੋਜੀ ਜ਼ਮਾਨੇ ਵਿਚ ਨਵੇਂ ਢੰਗਾਂ ਨਾਲ ਡਾਕਟਰ ਪਿਸ਼ਲ (1900), ਪੀ-ਡੀ ਗੁਨੇ (1923) ਤੇ ਡਾਕਟਰ ਤਗਾਰੇ (1948) ਨੇ ਅਪਭ੍ਰੰਸ਼ ਭਾਸ਼ਾ ਦੀ ਵਿਆਕਰਣਕ ਪੱਖ ਤੋਂ ਵਿਆਖਿਆ ਕੀਤੀ ਹੈ।

ਭਾਵੇਂ ਅਪਭ੍ਰੰਸ਼-ਸਾਹਿਤ ਨੂੰ ਡਾ: ਪਿਸ਼ਲ, ਯਾਕੋਬੀ, ਹਰਪ੍ਰਸਾਦ ਸ਼ਾਸਤ੍ਰੀ, ਪੀ-ਐਲ ਵੈਦ, ਪੀ-ਡੀ-ਗੁਨੇ, ਜਿਨ ਵਿਜਯ ਮੁਨੀ, ਰਾਹੁਲ ਸਾਂਕ੍ਰਿਤਯਾਯਨ, ਪ੍ਰੋ: ਹੀਰਾ ਲਾਲ ਜੈਨ, ਏ-ਐਨ-ਉਪਾਧਯੇ ਤੇ ਡਾ: ਸ਼ਹੀਦੁਲਾ ਆਦਿ ਖੋਜੀ ਵਿਦਵਾਨਾਂ ਕਾਫ਼ੀ ਉਜਾਗਰ ਕਰ ਦਿੱਤਾ ਹੈ ਪਰੰਤੂ ਅਜੇ ਵੀ ਚੋਖਾ ਸਾਹਿਤ ਜੈਨ-ਭੰਡਾਰਾਂ ਵਿਚ ਸਾਂਭਿਆ ਪਿਆ ਹੈ। ਦਰਅਸਲ ਪੂਰਾ ਸਾਹਿਤ ਪ੍ਰਗਟ ਹੋਣ ਤੇ ਹੀ ਅਪਭ੍ਰੰਸ਼ ਦੀ ਪੂਰੀ ਕੀਮਤ ਪੈ ਸਕੇਗੀ।

ਸ੍ਰੀ ਅਗਰ ਚੰਦ ਨਾਹਟਾ ਦੇ ਸ਼ਬਦਾਂ ਵਿਚ 'ਇਹ ਅਪਭ੍ਰੰਸ਼ ਸਾਹਿਤ ਹਿੰਦੀ ਦਾ ਹੀ ਨਹੀਂ, ਬੰਗਾਲੀ, ਗੁਜਰਾਤੀ, ਉੜੀਆ, ਮਰਾਠੀ, ਰਾਜਸਥਾਨੀ, ਸਿੰਧੀ ਤੇ ਪੰਜਾਬੀ ਦਾ ਵੀ ਸਾਂਝਾ ਖਜ਼ਾਨਾ ਹੈ। ਇਨ੍ਹਾਂ ਸਮੂਹ ਬੋਲੀਆਂ ਦਾ ਸਾਹਿਤ ਅਪਭ੍ਰੰਸ਼ ਸਾਹਿਤ ਤੋਂ ਪ੍ਰਭਾਵਤ ਹੈ। ਇਨ੍ਹਾਂ ਲਈ ਸੰਸਕ੍ਰਿਤ ਸਾਹਿਤ ਦੇ ਰਿਣ ਨਾਲੋਂ ਵੀ ਅਪਭ੍ਰੰਸ਼ ਦਾ ਰਿਣ ਜ਼ਿਆਦਾ ਅਤੇ ਬਹੁ-ਮੁੱਲਾ ਹੈ।'*

ਸਾਹਿਤ ਦੇ ਲਿਹਾਜ਼ ਨਾਲ ਅਪਭ੍ਰੰਸ਼ ਉਣੀ ਨਹੀਂ ਰਹੀ, ਮਹਾਂ-ਕਾਵਿ ਵੀ ਲਿਖੇ ਗਏ ਤੇ ਨਿਕੀਆਂ ਰਚਨਾਵਾਂ ਵੀ। ਪਰ ਇਸ ਸਮੇਂ ਦੇਸ਼ ਵਿਚ ਟਿਕਾਉ ਤੇ ਬਲਵਾਨ ਰਾਜ-ਸੱਤਾ ਨਾ ਹੋਣ ਕਰ ਕੇ ਅਪਭ੍ਰੰਸ਼ ਦੀ ਉਤਨੀ ਉਨਤੀ ਨਾ ਹੋ ਸਕੀ ਜੁੰ ਕਿ ਮੁਸਲਮਾਨੀ ਹੱਲਿਆਂ ਨੇ ਸਾਰੇ

---

§L. S. of India. Vo. 1, Part 1, Page 124

‡ਹਿਸਟੋਰੀਕਲ ਗ੍ਰਾਮਰ ਆਫ ਅਪਭ੍ਰੰਸ਼—ਪੰਨਾ 15,16

*ਨਾਗਰੀ ਪ੍ਰਚਾਰਣੀ ਪੱਤ੍ਰਿਕਾ; ਵਰਖ 52, ਅੰਕ 3, (ਪੰਨਾ 102)

ਰਾਜ ਸਮਾਜ ਨੂੰ ਹੇਠ ਉਪਰ ਕਰ ਛੱਡਿਆ ਸੀ। ਇਸੇ ਗੜਬੜ-ਚੌਦੇ ਵਿਚ ਲਗਪਗ 12ਵੀਂ ਸਦੀ ਦੇ ਅੰਤ ਨਾਲ ਪ੍ਰਾਕ੍ਰਿਤ ਵਾਂਗ ਅਪਭ੍ਰੰਸ਼ ਵੀ ਉਤਰੀ ਹਿੰਦ ਦੀਆਂ ਪ੍ਰਾਂਤਕ ਬੋਲੀਆਂ ਵਿਚ ਆਪਣਾ ਆਪ ਲੀਨ ਕਰ ਕੇ ਖਤਮ ਹੋ ਗਈ। ਭਾਵੇਂ ਅਸੀਂ ਪੱਕੇ ਤੌਰ ਤੇ ਕੋਈ ਸਮੇਂ ਦੀ ਲੀਕ ਨਹੀਂ ਖਿਚ ਸਕਦੇ ਕਿ ਕਿਥੇ ਵਰਤਮਾਨ ਬੋਲੀਆਂ ਸ਼ੁਰੂ ਹੋਈਆਂ ਤੇ ਕਿਥੇ ਅਪਭ੍ਰੰਸ਼ ਖਤਮ ਹੋਈ ਪਰ ਇਹ ਆਖਣਾ ਗ਼ਲਤ ਨਹੀਂ ਕਿ 12ਵੀਂ ਸਦੀ ਤੋਂ ਅਪਭ੍ਰੰਸ਼ ਬੁਢਾਪੇ ਵਲ ਪੈਰ ਰਖ ਚੁਕੀ ਸੀ ਅਤੇ ਉਸ ਨੇ ਆਪਣੀ ਜੁਆਨੀ ਆਪਣੀਆਂ ਧੀਆਂ—ਉਤਰੀ ਹਿੰਦ ਦੀਆਂ ਵਰਤਮਾਨ ਬੋਲੀਆਂ—ਨੂੰ ਅਰਪਨ ਕਰ ਦਿਤੀ ਸੀ।

ਦੂਜੇ ਸ਼ਬਦਾਂ ਵਿਚ ਅਸੀਂ ਇਹ ਆਖ ਸਕਦੇ ਹਾਂ ਕਿ ਅਪਭ੍ਰੰਸ਼ ਹਿੰਦੁਸਤਾਨੀ ਆਰੀਆ ਬੋਲੀ ਦੇ ਬੂਟੇ ਦਾ ਉਹ ਫੁਲ ਸੀ, ਜਿਸ ਤੋਂ ਵਰਤਮਾਨ ਬੋਲੀਆਂ ਦਾ ਫਲ ਤਿਆਰ ਹੋਇਆ। ਮੌਜੂਦਾ ਉਤਰੀ ਭਾਰਤ ਦੀਆਂ ਬੋਲੀਆਂ ਇਸੇ ਅਪਭ੍ਰੰਸ਼ ਮਾਈ ਦੀਆਂ ਜੰਮੀਆਂ-ਜਾਈਆਂ ਹਨ। ਵਾਸੁਦੇਵ ਸ਼ਰਣ ਅਗ੍ਰਵਾਲ ਠੀਕ ਕਹਿੰਦੇ ਹਨ, 'ਹਿੰਦੀ ਦਾ ਹਰ ਸ਼ਬਦ ਅਪਭ੍ਰੰਸ਼ ਦੀ ਚੱਕੀ ਵਿਚ ਪਿਆ ਤੇ ਕੁਝ ਨਵਾਂ, ਕੁਝ ਪੁਰਾਣਾ ਰੂਪ ਧਾਰ ਕੇ ਬਾਹਰ ਆਇਆ।' ‡ਇਹੋ ਗੱਲ ਬਾਕੀ ਪ੍ਰਾਂਤਕ ਬੋਲੀਆਂ ਤੇ ਵੀ ਲਾਗੂ ਹੁੰਦੀ ਹੈ।

ਇਸੇ ਕਰਕੇ ਪੰਡਤ ਚੰਦ੍ ਧਰ ਸ਼ਰਮਾ ਗੁਲੇਰੀ ਅਪਭ੍ਰੰਸ਼ ਨੂੰ 'ਪੁਰਾਨੀ ਹਿੰਦੀ', ਸ੍ਰੀ ਦੇਸਾਈ 'ਪੁਰਾਣੀ ਜੂਨੀ ਗੁਜਰਾਤੀ' ਰਾਜਸਥਾਨੀ ਲੇਖਕ ਤੇ ਪੱਛਮੀ ਵਿਦਵਾਨ ਇਸ ਨੂੰ 'ਪ੍ਰਾਚੀਨ ਰਾਜਸਥਾਨੀ' ਆਖਦੇ ਹਨ। ਜੇ ਅਸੀਂ ਇਸ ਨੂੰ 'ਪੁਰਾਣੀ ਪੰਜਾਬੀ' ਕਹਿ ਦੇਈਏ ਤਾਂ ਕੋਈ ਅਯੋਗ ਗੱਲ ਨਹੀਂ ਹੋਵੇਗੀ ਕਿਉਂਕਿ ਪੰਜਾਬੀ ਨੂੰ ਤਾਂ ਇਸ ਦੀ ਜੇਠੀ ਧੀ ਹੋਣ ਦਾ ਮਾਣ ਪ੍ਰਾਪਤ ਹੈ। ਜੇਠੀ ਧੀ ਮੈਂ ਇਸ ਲਈ ਆਖਦਾ ਹਾਂ ਕਿਉਂਕਿ ਜਿਵੇਂ ਪੁਰਾਣੇ ਪੰਜਾਬ ਦੀ ਬੋਲੀ ਨੇ ਵੈਦਕ ਭਾਸ਼ਾ ਤੇ ਸੰਸਕ੍ਰਿਤ ਨੂੰ ਜਨਮ ਦਿਤਾ ਸੀ, ਤਿਵੇਂ ਅਪਭ੍ਰੰਸ਼ ਨੇ ਵੀ ਉਸ ਸਮੇਂ ਦੇ ਪੰਜਾਬ ਦੀ ਲੋਕ-ਭਾਸ਼ਾ ਤੋਂ ਹੀ ਬਹੁਤੀ ਸ਼ਕਤੀ ਲਈ ਸੀ। ਪ੍ਰੋ: ਹੀਰਾ ਲਾਲ ਜੈਨ ਸਾਫ ਕਹਿੰਦੇ ਹਨ, 'ਪਹਿਲਾਂ ਪਹਿਲਾਂ ਭਾਵੇਂ ਅਚਾਰਜਾਂ ਬੇਸੰਸਕ੍ਰਿਤ ਬੋਲੀਆਂ ਨੂੰ ਹੀ ਅਪਭ੍ਰੰਸ਼ ਆਖਿਆ ਪਰੰਤੂ ਸਾਹਿਤ ਵਿਚ ਉਹੀ ਭਾਸ਼ਾ ਅਪਭ੍ਰੰਸ਼ ਨਾਂ ਨਾਲ ਮਸ਼ਹੂਰ ਹੋਈ ਜਿਸ ਦਾ ਮੁਢਲਾ ਸਬੰਧ ਪੰਜਾਬ ਦੀ ਇਕ ਬੋਲੀ ਨਾਲ ਸੀ'

[ਨਾਗਰੀ ਪ੍ਰਚਾਰਣੀ ਪੱਤ੍ਰਿਕਾ, ਵਰਖ 50, ਅੰਕ 3,4। ਪੰਨਾ 104]

ਅਪਭ੍ਰੰਸ਼ ਦੀ ਬਣਤਰ ਵਿਚ ਬਾਦ ਵਿਚ ਹੋਰ ਪ੍ਰਾਂਤਕ ਅਸਰ ਵੀ ਪਏ ਪਰ ਪੰਜਾਬੀ ਦਾ ਹਿੱਸਾ ਹੋਰਾਂ ਨਾਲੋਂ ਵਧੇਰੇ ਹੀ ਸੀ, ਇਸ ਲਈ ਇਸ ਦਾ ਮਾਣ ਤੇ ਹੱਕ ਵੀ ਦੂਜੀਆਂ ਨਾਲੋਂ ਜ਼ਿਆਦਾ ਬਣਦਾ ਹੈ।

ਭਾਵੇਂ ਆਧੁਨਿਕ ਬੋਲੀਆਂ ਨਾਲ ਇਸ ਦਾ ਟਾਕਰਾ ਕੀਤਿਆਂ ਕਾਫ਼ੀ ਅੰਤਰ ਦਿਸੇਗਾ ਪਰ ਜੇ ਅਸੀਂ ਰਾਜਸਥਾਨ ਦੇ ਡਿੰਗਲ ਕਵੀਆਂ ਦੀ ਰਚਨਾ (ਦੇਖੋ 'ਢੋਲਾ, ਮਾਰੂ ਦਾ ਦੂਹਾ') ਅਤੇ ਉਤਰੀ ਹਿੰਦ ਦੇ ਨਿਰਗੁਣਵਾਦੀ ਸੰਤਾਂ ਭਗਤਾਂ ਦੀ ਰਚਨਾਵਲੀ ਖਾਸ ਕਰਕੇ ਬੋਲੀਆਂ ਦੇ ਸਾਗਰ—ਗੁਰੂ ਗ੍ਰੰਥ ਸਾਹਿਬ ਦੀ ਜ਼ਬਾਨ ਨਾਲ ਇਸ ਦਾ ਤੁਲਨਾਤਮਕ ਅਧਿਐਨ ਕਰੀਏ ਤਾਂ ਬਹੁਤੀ ਸ਼ੰਕਾ ਦੀ ਗੁੰਜਾਇਸ਼ ਨਹੀਂ ਰਹਿ ਜਾਵੇਗੀ। ਇਹ ਗੱਲ ਪ੍ਰਤੱਖ ਹੋ ਜਾਵੇਗੀ ਕਿ

‡ਨਾਗਰੀ ਪ੍ਰਚਾਰਣੀ ਪੱਤ੍ਰਿਕਾ ਵਰਖ 54, ਅੰਕ 2, 3 (ਪੰਨਾ 89)

ਉਤਰੀ ਹਿੰਦ ਦੀਆਂ ਹੋਰ ਬੋਲੀਆਂ ਵਾਂਗ ਪੰਜਾਬੀ ਵੀ ਪ੍ਰਾਕ੍ਰਿਤ ਦੀ ਪੋਤੀ ਅਤੇ ਮਾਈ ਆ।-ਭ੍ਰੰਸ਼ ਦੀ ਧੀ ਹੀ ਹੈ। ਧੀ ਵਿਚ ਮਾਂ ਵਾਲੇ ਗੁਣ ਪਰਖਣ ਲਈ ਅਤੇ ਉਸ ਨਾਲ ਚੇਹਰਾ-ਮਹਰਾ ਮਿਲਾਉਣ ਲਈ ਅਪਭ੍ਰੰਸ਼-ਕਾਵਿ ਦੀ ਵੰਨਗੀ ਦੇਖਣੀ ਦਿਲਚਸਪੀ ਤੋਂ ਖਾਲੀ ਨਹੀਂ।

ਪਰ ਇਹ ਵੰਨਗੀ ਮਿਲਾਉਣ ਲਗਿਆਂ ਪੰਜਾਬੀ ਪਾਠਕ ਲਈ ਇਨ੍ਹਾ ਗੱਲਾਂ ਦਾ ਖਿਆਲ ਰੱਖਣਾ ਜ਼ਰੂਰੀ ਹੈ —

1. ਇਹ ਅਜ ਤੋਂ ਅੱਠ ਨੌਂ ਸੌ ਸਾਲ ਦੀ ਪੁਰਾਣੀ ਬੋਲੀ ਹੈ।
2. ਚੂੰਕਿ ਇਹ ਕੇਵਲ ਪੰਜਾਬ ਦੀ ਹੀ ਨਹੀਂ, ਉਤਰੀ ਹਿੰਦ ਦੀ ਪ੍ਰਮਾਣੀਕ ਸਾਹਿਤਕ ਬੋਲੀ ਵੀ ਰਹੀ, ਇਸ ਲਈ ਇਸ ਵਿਚ ਪ੍ਰਾਂਤਕ ਰਲਾ ਵੀ ਹੈ। ਫਿਰ ਇਸ ਵਿਚ ਕਵਿਤਾ ਕਰਨ ਵਾਲੇ ਪਜਾਬ ਤੋਂ ਇਲਾਵਾ ਹੋਰ ਥਾਂਵਾਂ ਦੇ ਵੀ ਸਨ, ਇਸ ਕਰਕੇ ਵੀ ਸਥਾਨਕ ਰੰਗ ਦੀ ਪਾਣ ਹੈ।
3. ਸਭ ਤੋਂ ਵੱਡੀ ਗੱਲ ਇਹ ਹੈ ਕਿ ਮੁਸਲਮਾਨੀ ਹੱਲਿਆਂ ਨੇ ਇਕ ਪ੍ਰਤਿਕ੍ਰਿਆ ਜਗਾ ਕੇ ਹਿੰਦ ਦੇ ਲੋਕਾਂ ਨੂੰ ਆਪਣੀ ਸਭਿਆਚਾਰਕ ਚੇਤਨਾ ਲਈ ਪਰੇਰਿਆ। ਜਿਸ ਦਾ ਸਿੱਟਾ ਬੋਲੀ ਦੇ ਖੇਤਰ ਵਿਚ ਇਹ ਹੋਇਆ ਕਿ ਜਿਥੇ ਅਪਭ੍ਰੰਸ਼ ਵਿਚ ਤਤਸਮ ਸ਼ਬਦਾਂ ਦਾ ਬਾਈਕਾਟ ਸੀ, ਉਥੇ ਇਸ ਤੋਂ ਪਿਛੋਂ ਚੌਧਵੀਂ ਪੰਦਰਵੀਂ ਸਦੀ ਵਿਚ ਤਤਸਮ ਸ਼ਬਦਾਂ ਦੀ ਭਰਮਾਰ ਹੋ ਗਈ ਤੇ ਇਸ ਇਨਕਲਾਬੀ ਘਟਨਾ ਨੇ ਅਪਭ੍ਰੰਸ਼ ਅਤੇ ਵਰਤਮਾਨ ਬੋਲੀਆਂ ਵਿਚ ਖਾਸਾ ਫਰਕ ਪਾ ਦਿਤਾ।
4. ਇਹ ਨੁਕਤਾ ਵੀ ਘੱਟ ਮਹੱਤਤਾ ਵਾਲਾ ਨਹੀਂ ਕਿ ਇਹ ਟਕਸਾਲੀ ਤੇ ਸਾਹਿਤਕ ਅਪਭ੍ਰੰਸ਼ ਹੈ। ਬੋਲਚਾਲ ਦੀ ਲੋਕ-ਬੋਲੀ ਜ਼ਰੂਰ ਇਸ ਤੋਂ ਜ਼ਰਾ ਭਿੰਨ ਹੋਵੇਗੀ ਜਿਸ ਨੇ ਵਰਤਮਾਨ ਬੋਲੀਆਂ ਨੂੰ ਜਨਮ ਦਿੱਤਾ। ਅਸਲ ਅਪਭ੍ਰੰਸ਼ ਤਾਂ ਉਹੋ ਹੀ ਸੀ ਨਾ, ਇਹ ਤਾਂ ਉਸ ਦਾ ਲਿਸ਼ਕਾਇਆ ਰੂਪ ਹੈ।

ਇਸ ਵਿਚ ਸੁਰਾਂ ਵਿਚੋਂ 'ਓ' ਤੇ ਵਿਅੰਜਨਾਂ ਵਿਚੋਂ 'ਣ' ਦੀ ਵਰਤੋਂ ਕੁਛ ਬਹੁਤੀ ਹੀ ਜ਼ਿਆਦਾ ਹੈ। ਸ਼ਾਇਦ ਇਹ ਅਭੀਰਾਂ ਦੇ ਉਚਾਰਣ ਦਾ ਖਾਸ ਰੰਗ ਹੋਵੇ। ਬਾਕੀ ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਇਸ ਅਪਭ੍ਰੰਸ਼ ਨਾਲ ਜਿਤਨੀ ਰਾਜਸਥਾਨੀ ਤੇ ਪੰਜਾਬੀ ਰਲਦੀ ਹੈ, ਹੋਰ ਕੋਈ ਨਹੀਂ ਰਲਦੀ।

ਜਿਵੇਂ ਸੰਸਕ੍ਰਿਤ ਵਿਚ ਸ਼ਲੋਕ ਛੰਦ ਦੀ, ਅਤੇ ਪ੍ਰਾਕ੍ਰਿਤ ਰਚਨਾ ਵਿਚ ਆਰਯਾ ਯਾ ਗਾਥਾ ਦੀ ਵਰਤੋਂ ਪ੍ਰਧਾਨਤਾ ਰੱਖਦੀ ਹੈ ਤਿਵੇਂ ਅਪਭ੍ਰੰਸ਼ ਕਾਵਿ ਬਹੁਤ ਦੂਹਿਆਂ‡ ਯਾ ਦੋਹਰਿਆਂ ਵਿਚ

---

‡ਤੇਰਾਂ ਗਿਆਰਾਂ ਮਾਤ੍ਰਾਂ ਦੇ ਵਿਸਰਾਮ ਵਾਲੇ 24 ਮਾਤ੍ਰੇ, ਦੋ ਤੁਕੇ ਛੰਦ ਨੂੰ ਦੂਹਾ ਯਾ ਦੋਹਰਾ ਕਹਿੰਦੇ ਹਨ। ਕਈ ਸੰਸਕ੍ਰਿਤ ਵਾਲੇ ਇਸ ਨੂੰ ਦੋਧਕ ਤੋਂ ਬ੍ਰਣਿਆ ਦਸਦੇ ਹਨ, ਇਹ ਗ਼ਲਤ ਹੈ। ਦੋਧਕ ਦੀ ਚਾਲ ਇਸ ਤੋਂ ਬਿਲਕੁਲ ਭਿੰਨ ਹੈ। ਰਾਜਸਥਾਨ ਵਿਚ ਸੋਰਠੇ ਨੂੰ ਵੀ ਦੂਹੇ ਦੀ ਹੀ ਕਿਸਮ ਮੰਨਿਆਂ ਜਾਂਦਾ ਹੈ, ਜੋ ਉਸ ਦਾ ਪੁੱਠਾ ਰੂਪ ਹੈ। ਦਰਅਸਲ ਸੁਰਾਸ਼ਟਰ ਯਾ ਸੋਰਠ ਦੇਸ ਵਿਚ ਚਾਲੂ ਹੋਣ ਕਰਕੇ ਸੋਰਠੀਆ ਦੂਹੇ ਯਾ ਸੋਰਠੇ ਜ਼ਿਆਦਾ ਮਸ਼ਹੂਰ ਹੋਏ।

'ਸੋਰਠਿਓ ਦੂਹੋ ਭਲੋ, ਭਲਿ ਮਰਵਣਿ ਰੀ ਬਾਤ,
ਜੋਬਣ ਛਾਈ ਧਣ ਭਲੀ, ਤਾਰਾਂ ਛਾਈ ਰਾਤ।'

ਦੋਹਰਾ ਛੰਦ ਉਤਰੀ ਹਿੰਦ ਵਿਚ ਸਾਰੇ ਅਪਣਾਇਆ ਗਿਆ। ਪੰਜਾਬੀ ਦਾ ਪੁਰਾਤਨ ਸਾਹਿੱਤ ਬਾਬਾ ਫਰੀਦ ਜੀ ਦੇ ਸਲੋਕ, ਇਸੇ ਦੂਹੇ ਛੰਦ ਦਾ ਹੀ ਦੂਜਾ ਨਾਂ ਹੈ।

ਲਿਖਿਆ ਗਿਆ ਹੈ। ਹੋਰ ਛੰਦਾਂ ਦੀ ਵਰਤੋਂ ਵੀ ਹੋਈ ਹੈ ਪਰ ਦੂਹੇ ਜਿਤਨਾ ਹੋਰ ਕਿਸੇ ਨੂੰ ਮਾਣ ਨਹੀਂ ਮਿਲਿਆ।

ਕੁਝ ਚੋਣਵੀਆਂ ਵੰਨਗੀਆਂ – ਪੰਜਾਬੀ ਰੂਪ ਸਮੇਤ ਅਗੇ ਦਿੱਤੀਆਂ ਜਾ ਰਹੀਆਂ ਹਨ। ਭਾਵੇਂ ਵੰਨਗੀ ਮਾਤਰ ਲਈ ਗੁਜ਼ਾਰਾ ਤਾਂ 5, 7 ਛੰਦ ਦੇਣ ਨਾਲ ਵੀ ਹੋ ਸਕਦਾ ਸੀ ਪਰੰਤੂ ਪੰਜਾਬੀ ਦੇ ਭਾਸ਼ਾ ਵਿਗਿਆਨਕ ਅਧਿਐਨ ਲਈ ਜ਼ਰਾ ਲਾਲਚ ਕਰ ਲਿਆ ਗਿਆ ਹੈ।

ਅਪਭ੍ਰੰਸ਼ ਦੀ ਵੰਨਗੀ

ਸਰਹਪਾ (760 ਈ.)

1. ਜਾਵ ਣ ਆਪ ਜਣਿੱਅਇ, ਤਾਵ ਣ ਸਿੱਸ ਕਰੇਇ।
ਅੰਧਾਂ ਅੰਧ ਕਢਾਵ ਤਿਮ, ਵੇਣ ਵਿ ਕੂਵ ਪੜੇਇ।
2. ਣਉ ਤੰ ਬਾਅਹਿ ਗੁਰੂ ਕਹਇ, ਣਉ ਤੰ ਬੁਝਹਿ ਸੀਸ।
ਸਹਿਜਾਮਿਅ ਰਸੁ ਸਅਲੁ ਜਗੁ, ਕਾਸੁ ਕਹਿਜੱਇ ਕੀਸ।
3. ਅੱਖਰ ਬਾਢਾ ਸਅਲ ਜਗੁ, ਣਾਹਿ ਣਿਰੱਖਰ ਕੋਇ।
ਤਾਵ ਸੇ ਅੱਖਰ ਘੋਲਿਆ, ਜਾਵ ਣਿਰੱਖਰ ਹੋਇ।
4. ਜੋ ਅੱਥੀ ਅਣਲੀਅਉ, ਸੋ ਜਇ ਜਾਇ ਣਿਰਾਸ।
ਖੱਣੁ ਸਰਾਵੇ ਭਿਖ ਵਰ, ਤਯਜਹੁ ਏ ਗਿਹ ਵਾਸ।

ਕਣਹਪਾ (840 ਈ.)

5 ਲੋਅਹ ਗੱਥ ਸਮੁਬਹਇ, ਹਉ ਪਰਮਥੇ ਪਬੀਣ।
ਕੋਡਿਅ ਮੱਝੇ ਏਕੁ ਜਇ, ਹੋਇ ਣਿਰੰਜਣ ਲੀਣ।
6. ਆਗਮ ਬੇਅ ਪੁਰਾਣੇਹੀ, ਪੰਡਿਅ ਮਾਣ ਵਹੰਤਿ।
ਪੱਕ ਸਿਰੀਫਲੇ ਅਲਿਅ ਜਿਮ, ਬਾਹੇਰੀਅ ਭ੍ਰਮੰਤਿ।

---

1. ਆਪ ਨ ਜੋ ਕੁਛ ਜਾਣੀਏ, ਦਿਓ ਨ ਸਿਖਿਆ ਦਾਨ।
ਅੰਨ੍ਹਾ ਅੰਨ੍ਹੇ ਨੂੰ ਕਢੇ, ਦੋਵੇਂ ਖੂਹ ਵਿਚ ਜਾਣ।
2. ਨ ਸੋ ਬਾਤ ਗੁਰੂ ਕਹੈ, ਨ ਹੀ ਪੂਛੈ ਸਿਖ।
ਸਹਿਜ ਅੰਮ੍ਰਿਤ ਹੈ ਸਗਲ ਜਗ, ਕੀ ਕਹੀਏ ਤੇ ਕਿਸ ?
3. ਅੱਖਰ ਬੰਨ੍ਹਿਆ ਸਗਲ ਜਗ, ਨਹੀਂ ਨਿਰੱਖਰ ਕੋਇ।
ਤੇਹੇ ਅੱਖਰ ਘੋਲ ਲਓ, ਜੇਹੀਂ ਨਿਰੱਖਰ ਹੋਇ।
4. ਜੋ ਅਰਥੀ ਆ ਠਹਰਿਓ, ਸੋ ਜੇ ਜਾਇ ਨਿਰਾਸ।
ਇਨ੍ਹ ਤੇਂ ਚੰਗੀ ਭਿਖਿਆ, ਛਡੋ ਇਹ ਘਰ-ਵਾਸ।
5. ਲੋਕ ਗਰਬ-ਸਾਗਰ ਡੁਬੇ, (ਕਹੈ ਹਉਂ) ਪਰਮਾਤਥ ਪ੍ਰਬੀਨ।
ਕੋਟ੍ਹਾਂ ਵਿਚੋਂ ਕੋਈ ਪਰ, ਹੋਇ ਨਿਰੰਜਨ ਲੀਨ।
6. ਆਗਮ ਵੇਦ ਪੁਰਾਣ ਦੇ, ਪੰਡਤ ਮਾਣ ਵਹੇ।
ਪਕੇ ਹੋਏ ਫਲਾਂ ਤੇ, ਭੌਰਾ ਜਿਵੇਂ ਭਵੇਂ।

7. ਜਿਮਿ ਲੋਣ ਵਿਲਿੱਜਇ ਪਾਣਿਏਹ, ਤਿਮ ਘਰਣੀ ਲਇ ਚਿਤ
ਸਮ ਰਸ ਜਾਈਂ ਤੱਖਣੇ, ਜਇ ਪੁਨੂ ਤੇ ਸਮ ਨਿਤ।
ਦੇਵਸੇਨ (932)

8. ਜੈ ਦਿਜਇ ਤੈ ਪਾਵਿਅਇ, ਏਉ ਣ ਬਅਣ ਵਿਸੁਧ।
ਗਾਇ ਪਇਣਇ ਖੜ ਭੁਸਇ, ਕਿ ਣ ਪਯਛਇ ਦੁਧ ?

9. ਸੱਥ ਸਏਣ ਵਿਯਾਣਯਹ, ਧੰਮ ਣ ਚਢਇ ਮਣੇ ਵਿ।
ਦਿਣਅਰ ਸਉ ਜਇ ਉੱਗਮਇ, ਘੂਯੜ ਅੰਧੜ ਤੇਵਿ।

10. ਭੋਗਹਿੰ ਕਰਹਿ ਪਮਾਣੁ ਜਿਯ, ਇੰਦਿਯ ਮ ਕਰਿਸਿ ਦੱਪ।
ਹੁੰਤਿ ਣ ਭੱਲਾ ਪੋਸਿਆ, ਦੁਧੇ ਕਾਲਾ ਸੱਪ।

11. ਧੰਮ ਕਰਉਂ ਜਇ ਹੋਗਿ ਧਣੁ, ਇਹ ਦੁਵਅਣੁ ਨਾ ਬੋਲਿ।
ਹੱਕਾਰਉ ਜਮ ਭਟ-ਤਣਉ, ਆਵਇ ਅੱਜੁ ਕਿ ਕੱਲਿ।
ਜੋਇੰਦੂ (1000)

12. ਸਥ ਪਢੰਤਵਿ ਹੋਇ ਜੜੁ, ਜੋ ਣ ਹਣੇਇ ਵਿਯੱਪੁ।
ਦੇਹਿ ਬਸੰਤ ਨਿੱਮਲਓ, ਣਵਿ ਮਣਇ ਪਰਮੱਪੁ।

13. ਦੇਉਲ ਦੇਉਵਿ ਸਥੁ ਗੁਰੁ, ਤਿਥਵਿ ਵੇਉ ਵਿ ਕੱਵ।
ਵੱਛ ਜੁ ਦੀਸੈ ਕੁਸੁਮਿਯਉ, ਈਂਧਣੁ ਹੋਸਇ ਸੱਵੁ।

14. ਬਲਿ ਕਿਉ ਮਾਣੁਸ ਜੰਮੜਾ, ਦੇਖੰਤਹ ਪਰ ਸਾਰੁ।
ਜਾਇ ਉਠਭਇ ਤੇ ਕੁਹਇ, ਅਹ ਭਭਹਿ ਤੇ ਛਾਰੁ।

---

7. ਲੂਣ ਘੁਲੇ ਜਲ ਵਿਚ ਜਿਉਂ, ਤਿਉਂ ਅੰਦਰ ਹੋ ਲੀਨ।
ਆਨੰਦ ਆਵੇ ਉਸੇ ਛਿਣ, ਨਿਤ ਸਹਜ ਪਦ ਚੀਨ।

8. ਜੇ ਦੇਈਏ ਸੋ ਪਾਈਏ, ਕੀ ਇਹ ਬਚਨ 'ਨੀ ਸੁਧ ?
ਗਾਂ ਨੂੰ ਚਾਰਾ ਚਾਰ ਕੇ, ਕੌਣ ਨ ਪੀਵੇ ਦੁੱਧ।

9. ਸੋ ਸ਼ਾਸਤ੍ਰ ਜੇ ਜਾਣਦਾ, ਧਰਮ ਨ ਅੰਦਰ ਆਇ।
ਸੋ **ਸੂਰਜ** ਜੇ ਚੜ੍ਹ ਪਏ, ਘੁੱਗੂ ਅੰਧ ਰਹਾਇ।

10. ਭੋਗੀ **ਫਾਥੇ** ਇੰਦਰੇ, ਕਦੇ ਨਾ ਹੋਵਣ ਨੱਪ।
ਹੁੰਦਾ **ਭਲਾ ਨ** ਪਾਲਿਆਂ, ਦੁਧੀਂ ਕਾਲਾ ਸੱਪ।

11. ਧਰਮ ਕਰੋ ਜੇ ਕੋਲ ਧਨ, ਮੰਦੇ ਬੋਲ ਨਾ ਬੋਲ।
ਅਜ ਕਲ ਹੀ ਜਮਾਂ ਦਾ, ਸੱਦਾ ਆਉਣਾ ਕੋਲ।

12. ਸ਼ਾਸਤ੍ਰ ਪੜ੍ਹ ਕੇ ਰਹੇ ਜੜ, ਫੁਰਨਾ ਜੇ ਨ ਹਟਾਇ।
ਦੇਹੀਂ ਵਸਦਾ ਨਿਰਮਲਾ, (ਭਾਵੇਂ) ਮੰਨੇ ਨ ਹਰਿ ਰਾਇ।

13. ਦੇਵੀ ਦੇਵਤਾ ਸ਼ਾਸਤ੍ਰ ਗੁਰੂ, ਤੀਰਥ ਵੇਦ ਤੇ ਕਾਵਿ।
ਬੂਟੇ ਫੁਲਾਂ ਵਾਲੜੇ, ਇੰਨ੍ਹਣ ਸਭ ਹੋ ਜਾਵ।

14. ਸਦਕੇ ਮਾਣਸ ਜਨਮ ਦੇ, ਦੇਖਣ ਨੂੰ ਅਤੀ ਸਾਰ।
ਧਰਤੀ ਦੱਬਿਆਂ ਗਲ ਮਿਟੇ, ਸੜਿਆਂ ਹੋਵੇ ਛਾਰ।

15. ਤਿਥਹਿ ਤਿਥ ਭਮੇਹਿ ਵਢ, ਧੋਯਉ ਚੰਮ ਜਲੇਣ।
ਏਚ ਮਣੁ ਕਿਮੁ ਧੋਏਸਿ, ਤੁਹਿੰ ਮਇਲਉ ਪਾਵ ਮਲੇਣ।
ਰਅ ਸਿੰਘ (1000)

16. ਅੱਖਰ ਭੇਹਿ ਜਿ ਗੱਬਿਆ, ਕਾਰਣੁ ਤੇ ਨਿ ਮੁਣੰਤਿ।
ਬੰਸ ਬਿਹੱਥਾ ਡੋਮ ਜਿਸ, ਪਰ ਹਥੜਾ ਧੁਣੰਤਿ।

17. ਸੱਪਿ ਮੁਕੀ ਕੰਚੁਲਿਯ, ਜੰ ਵਿਸ ਤੈ ਨ ਮੁਏਹਿ।
ਭੇਇ ਨਾ ਭਾਉ ਨਾ ਪਰਿਹਰਇ, ਲਿੱਗੁ ਗਹਣੁ ਕਰੇਇ।

18. ਜੋਉ ਸਗੁਣੀ ਪੀਉ ਨਿਗੁਣਉ, ਨਿਲੱਖਣ ਨੀਸੰਗੁ।
ਏਕਹਿ ਅੰਗਿ ਬਸੰਤਯਾਂ, ਮਿਲਿਉ ਨ ਅੰਗਹਿ ਅੰਗੁ।

19. ਮੂਲੁ ਛੰਡਿ ਜੋ ਡਾਲ ਚਢਿ, ਕਹ ਤਹ ਜੋਯਾਭਾਸਿ।
ਚੀਰਣੁ ਬੁਣਣਹਿ ਜਾਇ ਬਢ, ਵਿਣ ਡਹਿਯੰਇ ਕਪਾਸਿ।

20. ਬਹੁਯਇ ਪਢਿਅਇ ਮੂਢ ਪਰ, ਤਾਲੂ ਸੁਕਇ ਜੇਣ।
ਏਕੁੰ ਜਿ ਅੱਖਰੁ ਤੰ ਪਢਹੁ, ਸਿਵਪੁਰਿ ਗੰਮਇ ਜੇਣ।

21. ਤਿਥਇ ਤਿਥ ਭਮੰਤਯਹ, ਕਿਣੇਹਾ ਫਲ ਹੂਵ।
ਬਾਹਰ ਸੁਧਉ ਪਾਣਿਯਹ, ਅਭਿੰਤਰ ਕਿਮ ਹੂਵ।
ਮੁੰਜ (1010)

22. ਸਾਇਰ ਖਾਈਂ ਲੰਕ ਗੜ੍ਹ, ਗਢਵਇ ਦਸਸਿਰ ਰਾਉ।
ਭੱਗ ਖਈ ਸੋ ਭੰਜਿ ਗਉ, ਮੁੰਜ ਮ ਕਰਿਸਿ ਵਿਸਾਉ।

---

15. ਤੀਰਥ ਤੀਰਥ ਭਰਮ ਕੋ, ਮੂਰਖ ਧੋਵੇ ਚੰਮ।
ਪਾਪੀ ਮੈਲਾ ਮਨ ਕਿਵੇਂ, ਧੋਤਾ ਜਾਇ ਘਣੰਮ।

16. ਪੜ੍ਹ ਕੇ ਜੋ ਨੇ ਗਰਬਦੇ, ਜਾਣਨ ਨ ਉਹ ਸੱਚ।
ਖਾਲੀ ਹੱਥੇ ਡੂੰਮ ਜਿਉਂ, ਮਲਦੇ ਰਹਿੰਦੇ ਹੱਥ।

17. ਸੱਪ ਜੇ ਕੁੰਜ ਉਤਾਰਦਾ, ਜ਼ਹਿਰ ਨ ਛੱਡੇ ਯਾਰ
ਭੋਗ ਭਾਵਨਾ ਤਜੇ ਨ, ਭੇਖ ਲਵੇ ਕੁਛ ਧਾਰ।

18. ਮੈਂ ਸਰਗੁਣੀ, ਪੀਅ ਨਿਰਗੁਣੀ, ਨਿਰਾਕਾਰ ਨਿਰ ਸੰਗ
ਇਕੋ ਥਾਂ ਵਿਚ ਵਸਦਿਆਂ, ਮੇਲੇ ਅੰਗ ਨ ਅੰਗ।

19. ਮੂਲ ਛਡ ਡਾਲੀਂ ਲਗੇ, ਕਿਵੇਂ ਯੋਗ ਅਭਿਆਸ
ਕਪੜਾ ਬੁਣਿਆ ਜਾਇ ਨ, ਬਿਨ ਬੀਜੇ ਕਪਾਸ।

20. ਬਹੁਤਾ ਪੜ੍ਹਿਆ ਮੂੜ ਸੋ, ਸੁਕੇ ਤਾਲੂਆ ਤਾਸ
ਇਕੋ ਅੱਖਰ ਉਹ ਪੜਉ, ਸਿਵ ਪੁਰ ਹੋਵੇ ਵਾਸ।

21. ਤੀਰਥ ਤੀਰਥ ਭੌਂਦਿਆਂ, ਮਿਲਦਾ ਕੀ ਫਲ ਤੁਧ
ਬਾਹਰ ਧੋਤਿਆਂ ਕਿਵੇ ਜੀ, ਹੋਵੇ ਅੰਦਰ ਸੁਧ।

22. ਸਾਗਰ ਖਾਈ ਲੰਕ ਗੜ੍ਹ, ਰਾਵਣ ਜੇਹਾ ਬਾਦਸ਼ਾਹ
ਕਿਸਮਤ ਮਾਰੀ, ਮਰ ਗਿਆ, ਮੁੰਜ ਨ ਕਰੀਂ ਵਿਸਾਹ।

23. ਭੋਲੀ ਮੁਧਿ ! ਮ ਗੱਬੁ ਕਰਿ, ਪਿਖਵਿ ਪਹੁਰੁਵਾਇੰ ।
ਚਉਦਹ ਸਹਿ ਛਹੁਤਰਇ, ਮੁੰਜਹ ਗਯਹ ਗਯਾਇੰ ।
24. ਚਯਾਰਿ ਬਇਲਾ ਧੇਨ ਦੋਇ, ਮਿਠਾ—ਬੁੱਲੀ ਨਾਰਿ
ਕਾਹੂ ਮੁੰਜ ਕੁਡੈਬਿਯਹ, ਗਯਵਰ ਬੱਝਇ ਵਾਰਿ ।
25. ਜਾ ਮਤਿ ਪਛਇ ਸੰਪਜਇ, ਸਾ ਮਤਿ ਪਹਿਲੀ ਹੋਇ
ਮੁੰਜ ਭਣਇ ਮੁਣਾਲਵਇ ! ਬਿਘਨ ਨ ਬੇਢਇ ਕੋਇ ।
26. ਮੁੰਜ ਭਣਇ ਮੁਣਾਲਵਇ !, ਜੁੱਬਣ ਗਇਉਂ ਨ ਝੂਰਿ
ਜਇ ਸੱਕਰ ਸਇ ਖੰਡ ਥਿਯ, ਤਉ ਇਸ ਮੀਠੀ ਚੂਰਿ ।
ਹੇਮ ਚੰਦ੍ (1088—1172)

ਨੋਟ—ਇਹ ਦੋਹੇ ਹੇਮ ਚੰਦ੍ ਨੇ ਆਪਣੇ ਵਿਆਕਰਣ ਵਿਚ ਨਮੂਨੇ ਵਜੋਂ ਸੰਚਤ ਕੀਤੇ ਹਨ । ਥੋੜੇ ਜੇਹੇ ਉਸ ਦੀ ਆਪਣੀ ਰਚਨਾ ਹਨ ਤੇ ਬਾਕੀ ਸਭ ਹੋਰ ਕਵੀਆਂ ਦੇ ਹਨ ।

27. ਢੋਲਾ ! ਮਇਂ ਤੁਹੁ ਵਾਰਿਆ, ਮਾ ਕੁਰ ਦੀਹਾ ਮਾਣੁ
ਨਿਦੱਏ ਗਮਿਈ ਰੱਤੜੀ, ਦੜਵੜ ਹੋਇ ਵਿਹਾਣੁ ।
28. ਜਿਵ ਜਿਵ ਬੰਕਿਮ ਲੋਅਣਹੰ, ਸਾਮਲਿ ਨਿਰੁ ਸਿਖੇਇ
ਤਿਵ ਤਿਵ ਬੰਮਹੁ ਨਿਅਯ ਸਰੁ, ਖਰਪਥਰਿ ਤਿਖੇਇ ।
29. ਹਿਅਇ ਖੁੜੁਕਇ ਗੋਰੜੀ, ਗੈਣਿ ਘੁੜੁਕਇ ਮੇਹੁ
ਵਾਸਾ ਰੱਤਿ ਪਵਾਸੁਅਹੰ, ਬਿਖਮਾ ਸੰਕੜੁ ਏਹੁ ।
30. ਫੋਡੇਂਤਿ ਜੋ ਹਿਯੜਉ ਅੱਪਣਉ, ਤਾਹਿ ਪਰਾਈ ਕਵਣ ਘਣ
ਰੱਖੇਜਹੁ ਲੋਅਹੋ ਅੱਪਣਾ, ਬਾਲਹੋ ਜਾਯਾ ਬਿਸਮ ਥਣ ।

---

23. ਭੋਲੀਏ ! ਨ ਤੂੰ ਗਰਬ ਕਰ, ਤੱਕ ਆਪਣਾ ਰੂਪ ਰੰਗ
ਸੌ ਕੜੇ ਹਾਥੀ ਮੁੰਜ ਦੇ, ਲੱਦ ਗਏ, ਕਰਗੇ ਨੰਗ ।
24. ਚਾਰ ਬੈਲ ਤੇ ਗਊ ਦੋ, ਤੇ ਮਿਠ-ਬੋਲੀ ਨਾਰ
ਹਾਥੀ ਬੱਧੇ ਬਾਰ ਤੇ, ਕਿਧਰ ਗਿਆ ਪਰਵਾਰ ?
25. ਜੋ ਮਤ ਪਿਛੋਂ ਉਪਜਦੀ, ਜੇ ਪਹਿਲਾਂ ਹੀ ਆਇ
ਕਹੈ ਮੁੰਜ ਹੇ ਸੁੰਦਰੀ, ਕੋਇ ਨ ਗ਼ਲਤੀ ਖਾਇ ।
26. ਮੁੰਜ ਕਹੇ ਹੇ ਸੁੰਦਰੀ ! ਜੋਬਨ ਗਏ ਨ ਝੂਰ
ਮਿਸਰੀ ਟੋਟੇ ਹੋਈ ਭੀ, ਰਹੇ ਮਿੱਠ-ਭਰਪੂਰ ।
27. ਢੋਲਾ ! ਸਦਕੇ ਤੁਧ ਥੋਂ, ਨ ਕਰ ਮਾਣ ਵਧੇਰ
ਸੁਤਿਆਂ ਰਾਤ ਹੈ ਲੰਘਣੀ, ਝਟਪਟ ਹੋਇ ਸਵੇਰ ।
28. ਜਿਉਂ ਜਿਉਂ ਬਾਂਕੇ ਨੈਣ ਇਹ, ਕਜਲਾ ਪਾ ਸਜ ਜਾਂਣ
ਤਿਉਂ ਤਿਉਂ ਇਸ਼ਕ ਦੇ ਤੀਰ ਵੀ, ਤਿਖੇ ਹੁੰਦੇ ਜਾਣ ।
29. ਗੋਰੀ ਦਾ ਦਿਲ ਧੜਕਦਾ, ਗਰਜੇ ਮੇਘ ਅਕਾਸ
ਬਿਹੀਆਂ ਲਈ ਦੁਖਾਂ ਭਰੀ, ਬਰਸਾਤਾਂ ਦੀ ਰਾਤ ।
30. ਆਪਣਾ ਸੀਨਾ ਚੀਰ ਜੋ, ਨਿਕਲੇ ਕੁਝ ਮੁਟਿਆਰ
ਕੀ ਪਰਾਈ ਉਨ੍ਹਾਂ ਨੂੰ, ਲੋਕੋ ! ਬਚੋ ਬਿਚਾਰ ।

31. ਹਿਅੜਾ ! ਫੁਟਿ ਤਡਤਿ ਕਰ, ਕਾਲ ਕਖੇਵੇ ਕਾਇੰ
ਦੇਖਉ ਹਯ ਵਿਹਿ ਕਹਿ ਠਵਇ, ਪਇੰ ਵਿਣ ਦੁਖ ਸਯਾਇੰ ।

32. ਪਹਿਆ ! ਚਿਠੀ ਗੋਰੜੀ, ਦਿਠੀ, ਮੱਗੁ ਨਿਅੰਤੁ
ਅੰਸੂ ਸਾਸੇਹਿ ਕੰਚੁਆ, ਤਿੰਤੁਵਾਣ ਕਰੰਤ ।

33. ਅੰਨ ਜੁ ਤੁਛਉ ਤਹੇ ਧਣਹਿ, ਤੈਂ ਅੱਖਣਉਂ ਨ ਜਾਇ
ਕਟਰਿ ਥਣੰਤਰ ਮੁੰਧੜਹੇ, ਜੇ ਮਨੁ ਵਿਚਿ ਨ ਮਾਇ ।

34. ਹੀਅੜਾ ਪਇ ਏਹੁ ਬੋਲਿਅਉ, ਮਹੁ ਅੱਗਇ ਸਯ ਵਾਰ
ਫੁਟਿਸੁ ਪਿਏ ਪਵਸੰਤਿ ਹਉ, ਭੰਡਯ ਢੱਕਰਿ ਸਾਰ।

35. ਸਾਵ ਸਲੋਣੀ ਗੋਰੜੀ, ਨਵਖੀ, ਕਵਿ ਵਿਸ ਗੰਠਿ
ਭਜੁ ਪਚਲਿਉ ਸੋ ਮਰਇ, ਜਾਸੁ ਨ ਲਗਇ ਕੰਠਿ ।

36. ਪਿਯ ਸੰਗਮ ਕਉ ਨਿੱਦੜੀ, ਪਿਅਹੋ ਪਰੋਖਹੋ ਕੇਵ
ਮੈਂ ਵਿੰਨਿਵਿ ਵਿੱਨਾਸਿਆ, ਨਿੱਦ ਨ ਏਬ ਨ ਤੇਥ ।

37. ਜਾਇਜਹਿ ਤਹਿ ਦੇਸੜਹਿ, ਲੱਭਇ ਪਿਯਹੋ ਪਮਾਣੁ
ਜਇ ਆਵਇ ਤੋ ਆਵਿਅਹਿ, ਅਹ ਬਾ ਤੈਂ ਨਿੱਬਾਣੁ ।

38. ਏਹ ਕੁਮਾਰੀ ਏਹ ਨਰ, ਏਹੁ ਮਣੋਹਰ ਠਾਣੁ
ਏਹਉ ਬਢ ਚਿੰਤੰਤਾਹ, ਪਛਹ ਹੋਇ ਵਿਹਾਣੁ ।

---

31 ਟੁਟ ਜਾਂ ਦਿਲ ਤੜੱਕ ਦੇ, ਰਿਹਾ ਕਿਉਂ ਸਮਾਂ ਲੰਘਾ
ਦੇਖਾਂ ਬਿਧਨਾ ਦੁਖਾਂ ਨੂੰ, ਕਿਥੇ ਦੇਊ ਟਿਕਾ ।

32. ਰਾਹੀਆ ! ਗੋਰੀ ਤੱਕੀ ਤੂੰ ?, ਤੱਕੀ ਰਾਹ ਵਿਚਕਾਰ
ਹੰਝੂਆਂ-ਭਿਜੀ ਚੋਲੜੀ, ਸੀ ਰਹੀ ਸੁਕਾ ਉਹ ਨਾਰ ।

33. ਉਸ ਨਾਜ਼ੋ ਅੰਨ ਛਡਿਆ, ਗੱਲ ਨ ਆਖੀ ਜਾਇ
ਛਾਤੀ ਹੁੰਝਰ ਨਿਕਲੀ, ਅੰਦਰ ਨਾਹਿ ਸਮਾਇ ।

34. ਮੈਨੂੰ ਸੀ ਤੈਂ ਆਖਿਆ, ਦਿਲਾ ! ਸੌ ਸੌ ਵਾਰ
ਪੀਅ—ਵਿਛੋੜੇ ਮਰਾਂਗਾ, ਪਰ ਸਭ ਗੱਲ ਬੇਕਾਰ ।

35. ਸਿਆਮ ਸਲੋਣੀ ਗੋਰੜੀ, ਅਜਬ ਜ਼ਹਰ ਦੀ ਗੰਢ
ਕੰਠ ਲਗੇ ਵਿਹੁ ਮਾਰਦੀ, (ਇਹ) ਜੀਹਦੇ ਲਗੇ ਨ ਕੰਠ ।

36. ਪੀਆ ਮੇਲ ਅੱਖ ਨ ਲਗੇ, ਨ ਵਿਛੋੜੇ ਮਾਹਿ
ਭਾਗਾਂ ਮਾਰੀ ਮੈਂ ਤਈਂ, ਨੀਂਦ ਕਿਵੇਂ ਨਾ ਆਇ ।

37. ਚਲ ਚਲੀਏ ਉਸ ਦੇਸ ਨੂੰ, (ਜਿਥੇ) ਮਿਲੇ ਪੀਆ ਦੀ ਸਾਰ
ਆਇ ਤਾਂ ਨਾਲ ਲਿਆਈਏ, ਨਹੀਂ ਮਰੀਏ ਜਾਨ ਨਿਸਾਰ ।

38. ਇਹ ਗੋਰੀ, ਇਹ ਗੱਭਰੂ, ਇਹ ਸੁੰਦਰ ਅਸਥਾਨ
ਮਰਖ ਏਵੇਂ ਸੋਚਦੇ, ਸਾਰੀ ਰਾਤ ਲੰਘਾਣ ।

39. ਬਪੀਹਾ ! ਪਿਉ ਪਿਉ ਭਣਵਿ, ਕਿਤਉ ਰੁਅਹਿ ਹਿਆਸ
ਤੁਹ ਜਲਿ ਮਹੁ ਪੁਣ ਵੱਲਹਇ, ਵਿਹ ਵਿ ਨ ਪੂਰਿਆ ਆਸ ।

40 ਬਪੀਹਾ ! ਕਇ ਬੋਲਿਏਣ, ਨਿਘੱਣ ਵਾਰ ਇ ਵਾਰ
ਸਾਯਰਿ ਭਰਿਅਇ ਵਿਮਲ ਜਲਿ. ਲਹਹਿ ਨ ਏਕਹ ਧਾਰ ।

41. ਅਮਰੁ ਮ ਰੁਣ ਝੁਣਿ ਰਣਛਹ. ਸਾ ਦਿਸਿ ਜੋਇ ਮਾ ਰੋਇ
ਸਾ ਮਾਲਇ ਦੇਸੰਤਰਿਅ, ਜਸੁ ਤੁਹ ਮਰਹਿ ਵਿਓਇ ।

42. ਗਇਉ ਸੁ ਕੋਸਰਿ ਪੀਅਹੁ ਜਲ, ਨਿਚਿੰਤਇ ਹਰਣਾਇ
ਜਸੁ ਕੇਰਏ ਹੁੰਕਾਰਡਏ, ਮੁਹਹੰ ਪੜੰਤਿ ਤ੍ਰਿਣਾਇ ।

43 ਰੇ ਮਣ ! ਕਰਸਿ ਕਿ ਆਲੜੀ, ਵਿਸਯ ਅੱਛਹੁ ਦੂਰਿ
ਕਰਣਇਂ ਅਛਹ ਰੁੰਧਿਅਇਂ, ਕਢਉਂ ਸ਼ਿਵ ਫਲ ਭੂਰਿ ।

44. ਬਿਟੀਏ ! ਮਇ ਭਣਿਅ ਤੁੰਹਿ, ਮਾ ਕੁਰੁ ਬੰਕੀ ਦਿਠਿ
ਪੁਤਿ ਸਕੰਣੀ ਭੱਲਿ ਜਿਵ, ਮਾਰਇ ਹਿਅਇ ਪਵਿਠ ।

45. ਜੇ ਮਹੁ ਦਿੱਣਾ ਦਿਅਹੜਾ, ਦਇਏਂ ਪਵਸੰਤੇਣ
ਤਾਣ ਗਣੰਤਿਏ ਅੰਗਲਿਉ, ਜਜਰਿਆਉ ਨਹੇਣ ।

46. ਵਾਯਸੁ ਉਡਾਵੰਤੀਏ, ਪੀਉ ਦਿੱਠਉ ਸਹ ਸੱਤਿ
ਅੱਧਾ ਵਲਿਆ ਮਹਹਿ ਗਇ, ਅੱਧਾ ਫੁੱਟ ਤੜਤਿ ।

---

39. ਬੰਬੀਹਾ ! ਪੀਅ ਪੀਅ ਕਰੇਂ, ਕਿਉਂ ਰੋਵੇਂ ਦੁਖੀ ਹੋ
ਪਾਣੀ ਅਤੇ ਪੀਆ ਦੀ, ਸਾਡੀ ਆਸ ਨਾ ਪੂਰੀ ਹੋ ।

40. ਬੰਬੀਹੇ ! ਬੋਲਣਾ ਨਿਗੁਣ ਹੈ, ਕਿਉਂ ਕੂਕੇਂ ਬਾਰ ਬਾਰ
ਤਾਲ ਭਰੇ ਜਲ ਨਾਲ, ਪਰ ਇਕ ਬੂੰਦ ਨ ਤੈਨੂੰ ਯਾਰ !

41. ਭੌਰੇ ! ਭੀਂ ਭੀਂ ਮਤ ਕਰ, ਉਧਰ ਵੇਖ ਨਾ ਰੋ
ਉਹ ਮਾਲਤੀ ਹੋਰ ਥਾਂ, ਜਿਦ੍ਹਾ ਮਾਰੇ ਬ੍ਰਿਹਾ ਤੋਹਿ ।

42. ਪੀਵੇ ਪਾਣੀ ਨਚਿੰਤ ਹੋ, ਹਰਣੇ ! ਡਰੇ ਨ ਮੂਲ
ਗਰਜ ਸੀ ਘਾਹ ਛੁਡਾਉਂਦਾ, ਸ਼ੇਰ ਗਿਆ ਉਹ ਦੂਰ ।

43. ਹੇ ਮਨ ! ਕਿਉਂ ਆਲਸ ਕਰੇਂ, ਵਿਸ਼ਿਆਂ ਤੋਂ ਹੋ ਦੂਰ
ਕੰਨੇ ! ਤੁਸੀਂ ਠਹਰੋ ਰਤਾ, ਪਾਵਾਂ ਮੁਕਤ ਜ਼ਰੂਰ ।

44. ਬੇਟੀ ! ਤੈਨੂੰ ਕਹਾਂ ਮੈਂ, ਬਾਂਕੀ ਨਜ਼ਰ ਨਾ ਦੇਖ
ਤਿਖੀ ਬਰਛੀ ਵਾਂਙ ਇਹ, ਕਰਦੀ ਦਿਲ ਵਿਚ ਛੇਕ ।

45. ਪਰਦੇਸੀ ਜਾਂਦੇ ਪੀਆ ਨੇ, ਗਿਣ ਦਿਤੇ ਦਿਨ ਜੋ
ਉਹ ਦਿਨ ਗਿਣਦਿਆਂ ਉਂਗਲੀਆਂ, ਜਰ ਜਰ ਰਹੀਆਂ ਹੋ ।

46. ਕਾਂ-ਉਡਾਂਦੀ ਬਿਰਹਣੀ, ਭੱਕਿਆ ਆਉਂਦਾ ਕੰਤ
ਅਧੀਆਂ ਚੂੜੀਆਂ ਭਿਗੀਆਂ, ਅਧੀਆਂ ਟੁਟੀਂ ਭੁਰੰਤ ।

47. ਜਇ ਤਹੋ ਤੁਟਉ ਨੇਹੜਾ, ਮਇ ਸਹੁ ਨਵਿ ਤਿਲ ਤਾਰ
ਤੰ ਕਿਹੇ ਥੰਕਿਹੇ ਲੱਅਣੇਹਿ, ਜੋਇੱਜਉਂ ਸਯ ਵਾਰ।

48. ਜਇ ਪੁਛਇ ਘੋਰ ਪੱਤਾਈ, ਤੋ ਬਡਾ ਘਰ ਓਇ
ਬਿਹ ਲਿਜ ਜਣ ਅਭਿ ਉਧਰਣੁ, ਕੰਤ ਕਡੀਰਇ ਜੋਇ।

49. ਕੇਵ ਸਮੱਪਉ ਦੁੱਠ ਦਿਠ, ਕਿਧ ਰਇਣੀ ਛੁਡੁ ਹੋਇ
ਨਵ ਬਹੂ ਦੰਸਣ ਲਾਲਸਉ, ਵਹਇ ਮਣੋਰਹ ਸੋਇ।

50. ਪੀਅ ਆਇਉ ਸਅ ਬੱਤੜੀ, ਝੁਣ ਕੰਨੜਇ ਪਇਟ
ਤਹੋ ਬਿਰਹਾਹੋ ਨਾਸੰਤਆਹੋ, ਧੂਲੜਿਆਵਿ ਨ ਦਿਠ।

51. ਸਿਰ ਜਰਖੰਡੀ ਲੱਅੜੀ, ਗਲਿ ਮਨਿਅੜਾ ਨ ਬੀਸ
ਤੋ ਵਿ ਗੋਰੜਾ ਕਰਾਵਿਆ, ਮੁੱਧਏ ਉਠ ਬਈਸ

52. ਬੰਭ ਤੇ ਬਿਰਲਾ ਕੇਵਿ ਨਰ, ਜੇ ਸਬੰਗ ਛੈਦਿਲ
ਜੋ ਬੰਕਾ ਤੇ ਬੰਚਯਰ, ਜੇ ਉਜੁਅ ਤੇ ਬੈਦਿਲ।

53. ਭਲਾ ਹੁਆ ਜੋ ਮਾਰਿਆ, ਬਹਿਣਿ ! ਮਹਾਰਾ ਕੰਤੁ
ਲੱਜੇਜੰਤੁ ਵਯੰਸਿਯਹੁ, ਜਇ ਭੱਗਾ ਘਰੁ ਐਂਤ।

54. ਕੰਤੁ ਮਹਾਰਉ ਹਲਿ ਸਹੀਏ ! ਨਿੱਛਇ ਰੂਸਇ ਜਾਮ
ਅਬਿਹਿ ਸਥਿਹਿ ਹਥਿਹਿ ਵਿ, ਨਾਉ ਵਿ ਕੇਡਇ ਤਾਸੁ।

---

47. ਜੇ ਤੂੰ ਹੈ ਨੇਹ ਤੋੜਿਆ, ਰਖੀ ਨਾ ਪ੍ਰੀਤੀ ਪਾਲ
ਬਾਂਕੀਆਂ ਨਜ਼ਰਾਂ ਨਾਲ ਕਿਉਂ, ਤਕਦੈਂ ਸੌ ਸੌ ਵਾਰ।

48. ਵਡਾ ਘਰ ਜੇ ਪੁਛਦੈ ਵਡਾ ਘਰ ਹੈ ਓਹ
ਦੁਖੀਆ ਦੇ ਲਈ ਕੰਤ ਜਿਸ, ਕੁਟੀਆ ਰਿਹਾ ਖਲੋ।

49. ਕਿਵੇਂ ਮੁਕੇ ਇਹ ਦੁਸ਼ਟ ਦਿਨ, ਕਿਵੇਂ ਛੇਤੀ ਪਏ ਰਾਤ
ਨਵੀਂ ਬਹੂ ਦੇ ਦਰਸ ਲਈ, ਇਉਂ ਚੋਠਣ ਜਜ਼ਬਾਤ।

50 ਪੀਆ ਆਉਣ ਦੀ ਸੋ ਸੁਣ, ਬਿਰਹਾ ਗਿਆ ਨੱਸ
ਨੱਸੇ ਜਾਂਦੇ ਬਿਰਹੁ ਦੀ, ਧੂੜ ਨ ਡਿਠੀ ਬਸ '

51. ਪਾਟੀ ਲੋਈ ਸੀਸ ਤੇ, ਗਲ ਵਿਚ ਨ ਮਣੀ ਹਾਰ ;
ਛੈਲਾਂ ਨੂੰ ਭਰਮਾ ਰਹੀ, ਫਿਰ ਵੀ ਇਹ ਮੁਟਿਆਰ ;

52. ਬੰਭ ਕਹੇ ਵਿਰਲੇ ਕੋਈ, ਸਰਬੱਗ ਸੁੰਦਰ ਛੈਲ
ਜੋ ਬਾਂਕੇ ਸੋ ਠੱਗ ਨੇ, ਜੋ ਸੂਧੇ, ਸੋ ਬੈਲ ;

53 ਭਲਾ ਹੋਇਆ ਗਿਆ ਮਾਰਿਆ, ਭੈਣ ! ਅਸਾਡਾ ਕੰਤ
ਸਖੀਆਂ ਵਿਚ ਸ਼ਰਮਾਂਵਦੀ, ਜੇ ਭਜ ਆਉਂਦਾ ਕੰਤ।

54. ਕੰਤ ਅਸਾਡਾ ਹੇ ਸਖੀ ! ਆਵੇ ਜਦ ਵਿਚ ਰੋਹ
ਹਾਥੀ ਤੇ ਹਥਿਆਰ ਸਭ, ਭੰਨੇ ਪਲ ਵਿਚ ਓਹ।

55. ਜਹਿ ਕਪਿੱਜਇ ਸਰਿਣ ਸਰੁ, ਛਿਜਇ ਖਗਿਣ ਖੱਗੁ
ਤਹਿ ਤੇਹਇ ਭਡ ਘਡ ਨਿਵਹਿ, ਕੰਤੁ ਪਯਾਸਇ ਮੱਗੁ ।

56 ਅੰਮਿ ! ਪਓਹਰ ਵਜ ਮਾ, ਨਿੱਚੁ ਜੇ ਸੰਮੁਹ ਥੰਤਿ
ਸਹੁ ਕੰਤਹੋ ਸਮਰੰਗਣਇ, ਗਯ ਘਡ ਭਜਿਉ ਜੰਤਿ ।

57. ਪੁਤੇ ਜਾਇਂ ਕਵਣੁ ਗੁਣੁ, ਅਵਗੁਣ ਕਵਣੁ ਮੁਏਣ ।
ਜਾ ਬੱਪੀ ਕੀ ਭੁੰਹੜੀ, ਚੰਪਿਜੱਇ ਅਵਰੇਣ ।

58. ਜਇ ਭੱਗਾ ਪਾਰੱਕੜਾ, ਤੋ ਸਹਿ ਮਝੁ ਪਿਯੇਣ ।
ਅਹ ਭੱਗਾ ਅੰਮਹ ਤਣਾ, ਤੇ ਤੋਂ ਮਾਰਿਅ ਤੇਣ ।

59. ਭੱਗਉਂ ਦੇਖਿਬਿ ਨਿਅਯ ਥਲੁ, ਥਲੁ ਪਸਰਿਉ ਪਰੱਸੁ ।
ਉਮਿਲਇ ਸਹਿਰੰਹ ਜਿਵ ਕਰਿ ਕਰਵਾਲੁ ਪਿਯੱਸ ।

60. ਮਹ ਕੰਤਹੋ ਥੇ ਦੋਸੜਾ, ਹੇਲਿ ਮ ਝੰਖਹਿ ਆਲੁ ।
ਦੇਤਂਹੋ ਹਉਂ ਪਰ ਅਵਰਿਅ, ਜੁਝੰਤੋ ਕਰਵਾਲੁ ।

61. ਪ੍ਰਿਯ ਏਂ ਬਹਿ ਕਰੇ ਸੇਲੁ ਕਰਿ, ਛਡਹਿ ਤੁਹੁੰ ਕਰਵਾਲੁ ।
ਜੰ ਕਾਵਾਲਿਯ ਬਪੁੜਾ, ਲੇਹ ਅਭਗੁ ਕਵਾਲੁ ।

62. ਪਾਇ ਬਿਲੱਗੀ ਅੰਤੜੀ, ਸਿਰ ਲਹਸਿਉਂ ਖੰਧੱਸੁ ।
ਤੋ ਵਿ ਕਟਾਰਇ ਹਥੜਉ, ਬਲਿ ਕਿੱਜਉਂ ਕੰਤੱਸੁ ।

---

55. ਜਿਥੇ ਤੀਰ ਨੇ ਟੱਕਰਦੇ, ਤੇਗੀਂ ਤੇਗ ਭਿੜਾਹ
ਲੜਦੇ ਭਿੜ ਭਿੜ ਸੂਰਮੇ , ਉਥੇ ਕੰਤ ਦਿਖਾਵੇ ਰਾਹ ।

56. ਮਾਂ ਇਹ ! ਬਿਜਲੀ ਮੇਘ ਨਾ, ਸਾਹਾਵੇਂ ਜੇ ਦਿਸ ਆਣ
ਰਣ ਵਿਚ ਮਾਰੇ ਕੰਤ ਦੇ, ਹਾਥੀ ਭਜੇ ਜਾਣ ।

57. ਪੁੱਤ ਜੰਮੇ ਦਾ ਕੀ ਗੁਣ, ਮਰਣ ਤੇ ਕੀ ਹੋਇ ਹਾਣ
ਜਿਸ ਦੇ ਪਿਓ ਦੀ ਭੋਂ ਨੂੰ, ਆ ਕੇ ਗ਼ੌਰ ਦਬਾਣ ।

58. ਜੇ ਵੈਰੀ ਨੇ ਭਜ ਗਏ ਤਾਂ ਮੇਰੇ ਕੰਤ ਭਜਾਏ
ਜੇ ਅਪਣੇ ਨੇ ਭੱਜ ਪਏ, ਤਾਂ ਮੂਆ ਪੀਆ ਥਾਇਂ ।

59. ਭਜਦਾ ਤਕ ਕੇ ਨਿਜ ਦਲ, ਵੈਰੀ ਤਕ ਉਭਾਰ
ਪੀਆ ਦੇ ਹਥ ਲਿਸ਼ਕਦੀ, ਬਿਜਲੀ ਜਿਉਂ ਤਲਵਾਰ ।

60. ਮੇਰੇ ਕੰਤ ਦੇ ਦੋਸ਼ ਦੇ, ਸਖੀ ! ਨ ਰਹਿਣ ਲੁਕੇ
ਦਾਨ ਸਮੇਂ ਤਾਂ ਮੈਂ ਬਚਾਂ, ਰਣ ਵਿਚ ਤੇਗ਼ ਬਚੇ ।

61. ਸੇਲਾ ਲੈ ਪੀਆ ! ਹੱਥ ਵਿਚ, ਛਡ ਦੇ ਤੂੰ ਤਲਵਾਰ
ਬੇਚਾਰੇ ਕਪਾਲੀਏ, ਲੈਣ ਅਟੁਟ ਕਪਾਲ ।

62 ਆਂਦਤਾਂ ਪੈਰੀਂ ਲਗੀਆਂ, ਸਿਰ ਲਗਾ ਕੰਨ੍ਹੇ ਅੰਤ
ਫਿਰ ਵੀ ਹੱਥ ਕਟਾਰ ਤੇ, ਸਦਕੇ ਜਾਵਾਂ ਕੰਤ ।

63. ਦੂਰੁਡਾਣੇ ਪਡਿਆ ਖਲੁ, ਅੱਪਣੁ ਜਣੁ ਮਾਰੇਇ
ਜਿਹ ਗਿਰਿ ਸਿੰਗਹੁ ਪਡਿਅ ਸਿਲ, ਅੱਨ ਵਿ ਜੁਰੁ ਕਰੇਇ ।

64. ਜੋ ਗੁਣ ਗੋਵਇ ਅਪਣਾ, ਪਾਯਡਾ ਕਰਇ ਪਰਸੁ
ਤਸੁ ਹਉ ਕਲਿ ਜੁਗਿ ਦੁੱਲਹਹੁੰ, ਬਲਿ ਕਿੱਜਉਂ ਸੁਣੱਸੁ ।

65. ਧਵਲੁ ਵਿਸੂਰਇ ਸਾਮਿਅਹੁੰ, ਗਰੂਆ ਭਰ ਪਿਖੇਵਿ
ਹਉਂ ਕਿ ਨ ਜੁਤਉਂ ਦੂਹੂੰ ਦਿਸਿਹਿ,ਖਡਇ ਦੋਣਣ ਕਰਵਿ ।

66. ਵਿਪੱਅ ਆਰਉ ਜਇ ਵਿ ਪਿਉ, ਤੋ ਵਿ ਤੰ ਆਣਹਿ ਅੱਜੁ
ਅੱਗਿਣ ਦੱਢਾ ਜਇਵਿ ਘਰੁ, ਤੋ ਤੇਂ ਅੱਗਿੰ ਕੱਜੁ ।

67. ਜੀਵਿਉ ਕਾਸੁ ਨਾ ਵੱਲਹਉ, ਧਣੁ ਪੁਣੁ ਕਾਸ ਨਾ ਇਠੁ
ਦੋਵਿ ਵਿ ਅਵਸਰ ਨਿਵਡਿਅਇਂ, ਤਿਣ ਸਮ ਗਣਇ ਵਿਸਿਠੁ ।

68. ਸਾਹੁ ਵਿ ਲੋਉ ਤੜੱਫੜਇ, ਬਡੱਤਣਹੋਂ ਤਣੇਣ
ਬਡੱਪਣ ਪਰਿ ਪਾਵਿਅਇ, ਹਥਿੰ ਮੋਕਿਲਡੇਣ ।

69. ਤੁਮੇਹਿਂ ਅੰਮੇਹਿ ਜੰ ਕਿਯਉ, ਦਿਠਉਂ ਬਹੁਤ ਜਣੇਣ
ਤੰ ਤੇਵਡਉ ਸਮਰ ਭਰੁ, ਨਿੱਜਿਉ ਏਕੱ ਖਣੇਣ ।

70. ਦਿਅਹਾ ਜੰਤਿ ਝਡਪਡਹਿੰ, ਪਡਹਿ ਮਨੋਰਥ ਪਛਿ
ਜੰ ਅਛਇ ਤੰ ਮਾਣਿਅਇ, ਹੋਸਇ ਕਰਤੁ ਮ ਅੱਛਿ ।

---

63. ਦੁਸਟ ਡਿਗਿਆ ਦੂਰ ਤੋਂ, ਅਪਣੇ ਛਡੇ ਰੌੜ
ਡਿਗੀ ਪਰਬਤੋਂ ਸਿਲਾ ਜਿਉਂ, ਦੇਵੇ ਹੋਰਾਂ ਤੋੜ ।

64. ਜੋ ਗੁਣ ਛਿਪਾਇ ਅਪਣੇ, ਦੂਜੇ ਦਾ ਕਰੇ ਮਾਣ
ਐਸੇ ਵਿਰਲੇ ਕਲੀ ਵਿਚ, ਮੈਂ ਤਿਨ੍ਹਾਂ ਕੁਰਬਾਨ ।

65. ਧੌਲ ਝੂਰਦਾ ਦੇਖ ਕੇ, ਸੁਆਮੀ ਸਿਰ ਬਹੁ ਭਾਰ
ਦੋ ਟੋਟੇ ਹੋ ਮੈਂ ਨ ਕਿਉਂ, ਜੁਤਾਂ ਹਾਂ ਵਿਚਕਾਰ ।

66. ਜੋ ਪੀਆ ਬੁਰਿਆਰ ਹੈ, ਤਾਂ ਵੀ ਲਿਆਓ ਅੱਜ
ਅੱਗ ਦਾ ਫੂਕਿਆ ਘਰ ਜਿਵੇਂ, (ਫਿਰ) ਅੱਗ ਜਗਾਵੇ ਭੱਜ ।

67. ਕਿਸ ਨੂੰ ਜਿੰਦ ਪਿਆਰੀ ਨਾ, ਕਿਸਨੂੰ ਧਨ ਨ ਸੁਹਾਇ
ਅਵਸਰ ਪੈਣ ਤੇ ਦੋਵੇਂ ਪਰ, ਸੱਜਨ ਤਿਆਗ ਗਵਾਇ ।

68. ਵਡਪਣ ਹਿਤ ਸਭ ਲੋਕ ਹੀ, ਤੜਫਦੇ ਨਿਤ ਜਹਾਨ
ਪਰ ਵਡਿਆਈ ਪਾਈਏ, ਹੱਥ ਮੱਕਲੇ ਦਾਨ ।

69. ਬਹੁਤ ਜਣਿਆ ਨੇ ਦੇਖਿਆ, ਮੈਂ ਤੈਂ ਜੋ ਕਰਿਆ
ਇਤਨਾ ਵੱਡਾ ਜੁਧ ਇਹ, ਖਿਣ ਵਿਚ ਜਿਤ ਲਿਆ ।

70. ਝਟ ਪਟ ਜਾਂਦੇ ਲੰਘ ਦਿਨ, ਆਸਾਂ ਪਿਛੇ ਪੈਣ
ਜੋ ਹੈ ਓਹੋ ਮੰਨ ਲੈ, 'ਹੱਉ' ਛਡਦੇ ਕਹਿਣ ।

71. ਬ੍ਰਾਸ੍ਰ ਮਹਾਰਿਸਿ ਏਉ ਭਣਇ, ਜਇ ਸੁਇ ਸੱਧੁ ਪਮਾਣੁ
ਮਾਯਹੁ ਥਲਣ ਨਵਤਾਹੁ ; ਦਿਨਿ ਦਿਨਿ ਗੰਗਾ ਨ੍ਹਾਣ।

72. ਉਅ ਕਣਿਆਰੁ ਪਫੁਲਿਅਉ, ਕੰਚਣ ਕੰਤਿ ਪਯਾਸੁ
ਗੌਰੀ ਬਯਣ ਵਿਣਿਸ੍ਰੈਉ, ਨੰ ਸੇਵਇ ਬਣ ਵਾਸੁ।

73. ਏਸੀ ਪਿਉ ਰੁਸੰਸੁ ਹਉ, ਰੁਠੀ ਮਣਿੰ ਅਣੁਣੇਇ
ਪੱਗਿਵ ਏਹ ਮਣੋਹਇਂ, ਦੁੱਕਰ ਦਇਉ ਕਰਇ।

74. ਲੋਣੁ ਵਿਲਿੱਜਇ ਪਾਣਿਏਣ, ਅਰਿ ਖਲ ਮੇਘ ਮ ਗੱਜੁ
ਬਾਲਿਉ ਗਲਇ ਸੁ ਝੁੰਪੜਾ, ਗੌਰੀ ਤਿਮਾਇ ਅੱਜੁ।

75. ਜਇ ਪਵਸੰਤੇ ਸਹੁ ਨਾ ਗਯ, ਨ ਮੁਅ ਵਿਓਂਏ ਤੱਸੁ
ਲਜ਼ਿੱਜਇ ਸੰਦੇਸੜਾ, ਦਿੰਤੇਹਿ ਸੁਹਯ ਜਣੱਸੁ।

76. ਏਹੁ ਜੰਮੁ ਨਗੁਹ ਗਯਉ, ਭਡ ਸਿਰਿ ਖੱਗੁ ਨਾ ਭੱਗੁ
ਤਿਖਾਂ ਤੁਰਿਯ ਨਾ ਮਾਣਿਯਾ, ਗੋਟੀਂ ਗਲਿ ਨਾ ਲੱਗੁ।

77. ਸਰਿਹਿ ਨਾ ਸਰੋਹਿ ਨਾ ਸਰਵਰੇਹਿ ਨਾ ਵਿ ਉੱਜਾਣ ਵਣੇਹਿ
ਦੇਸ ਰਵੰਣਾ ਹੋਂਤ ਵਢ, ਨਿਵਸੰਤੇਹਿ ਸੁਅਣੇਇ।

78. ਚਲੇ ਚਲੰਤੇਹਿਂ ਲੱਅਣੇਹਿਂ, ਜੇ ਤਇਂ ਦਿਠਾ ਬਾਲਿ
ਤਹਿਂ ਮਯਰੱਧਜ ਦੜਵੜਉ, ਪੜਇ ਅਪੂਰਇ ਕਾਲਿ।

71. ਬਿਆਸ ਮਹਾਰਿਖ ਇਉਂ ਕਹੈ, ਜੋ ਸ਼ਾਸਤ੍ਰ ਪ੍ਰਮਾਣ
'ਮਾਂ ਨੂੰ ਸਥਾ ਟੇਕਣਾ, ਹੈ ਗੰਗਾ ਇਸਨਾਨ।'

72. ਸੱਨੇ ਰੰਗੀ ਸ਼ਾਨ ਲੈ, ਫੁਲਿਆ ਅੰਹ ! ਕਨੇਰ
ਗੌਰੀ-ਬਦਨ ਤੋਂ ਹਾਰ ਕੇ, ਬਨ ਵਾਸੀ ਹੋਇਆ ਫੇਰ।

73. 'ਆਉ ਪੀਆ ਮੈਂ ਰੁਸਾਂਗੀ, ਫਿਰ ਉਹ ਲਊ ਮੰਨਾ'
ਐਸੀਆਂ ਮਨ ਵਿਚ ਰਹਿੰਦੀਆਂ, ਮੁਸ਼ਕਲ ਪਾਏ ਖੁਦਾ।

74. ਲੂਣ ਖੁਰੇ ਜਿਉਂ ਪਾਣੀਏ, ਮੂਰਖ ਮੇਘ ! ਨ ਗੱਜ
ਘਰ ਜਾਊ ਨਵਾਂ ਝੁੰਪੜਾ, ਗੌਰੀ ਭਿਜੂ ਅੱਜ।

75. (ਪੀਆ) ਨਾਲ ਗਈ ਪ੍ਰਦੇਸ ਨ, ਨ ਮਰੀ ਵਿਛੋੜੇ ਤਾਂਹਿ
ਉਸ ਸੱਜਨ ਨੂੰ ਸੰਨੇਹੜਾ, ਦੇਂਦੀ ਮੈਂ ਸ਼ਰਮਾ।

76. ਏਹ ਜਨਮ ਐਵੇਂ ਗਿਆ, ਨਾ ਮਾਰੀ ਤਲਵਾਰ
ਘੋੜ-ਸਵਾਰੀ ਨ ਕਰੀ, ਨ ਗੌਰੀ ਗਲ-ਪ੍ਰਿਆਰ।

77. ਤਾਲਾਂ ਨਦੀਆਂ ਸਰਾਂ ਨਾਲ, ਨ ਹੀ ਬਾਗਾਂ ਨਾਲ
ਦੇਸ ਸੁਹਾਵਾ ਹੋਂਦਾ, ਸਜਣ ਵੱਸਣ ਨਾਲ।

78. ਨੈਣਾਂ ਤੇਰਿਆਂ ਗੌਰੀਏ, ਜਿਸ ਨੂੰ ਤੱਕ ਲਿਆ
ਉਸ ਤੇ ਹੱਲਾ ਇਸ਼ਕ ਦਾ, ਸਮਝੋ ਟਾਲ ਪਿਆ।

79. ਖਜਇ ਨਉ ਕਸਰਰੇਕੑਇਂ, ਪਜਇ ਨਉ ਘੁੰਟਹਿ
ਏਵਂਹ ਹੋਇ ਸੁਹੱਛੜੀ, ਪਿਏਂ ਦਿਠੇ ਨਯਣੇਹਿਂ ।

80 ਅੰਮੜਿ ਪਛਾਯਾਵੜਾ, ਪੀਉ ਕਲਪਿਅਉ ਕਿਆਲਿ
ਘਇ ਵਿਵਰੀਰਾਂ, ਬੁੱਧੜੀ, ਹੋਰਿ ਵਿਣਾਸਹੋ ਕਾਲਿ

81. ਹਿਅੜਾ ਦਿਜ ਵੈਰਿਅਘਣਾ, ਤੋ ਕਿਂ ਅੱਭਿ ਚਡਾਹੁੰ
ਅੰਮਹਿ ਬੇ ਹਥੜਾ, ਜਦਿ ਪੁਣੁ ਮਾਰਿ ਮਰਾਹੁੰ ।

82. ਅੱਭਾ ਲਗਾ ਡੁੰਗਰਹਿਂ, ਪਹਿਉ ਰਡੰਤਉ ਜਾਇ
'ਜੋ ਏਹਾ ਗਿਰਿ ਗਿਲਣ ਮਣੁ, ਸੋ ਕਿ ਹਣਹੋ ਧਣਾਇ !'
ਸੋਮ ਪ੍ਰਭੁ ਸੂਰੀ (1195)

83. ਵੇਸ ਵਿਸਿਠਹਿ ਵਾਰਿਅਇ, ਜਇਵਿ ਮਣੋਹਰ ਗਤ
ਗੰਗਾ ਜਲ ਪੱਖਾਲਿਅਵਿ, ਸੁਣਿਹਿ ਕਿ ਹੋਇ ਪਵਿਤ ।

84. ਪੀਉ ਹਉ ਥੱਕਿਅ ਸਯਲੁ ਦਿਣੁ, ਤੁਹ ਬਿਤਹੱਗਿ ਕਿਲੰਤ
ਥੋੜਇ ਜਲ ਜਿਮ ਮਛਲਿਯ, ਤੱਲੋਵਿਲਿ ਕਰੰਤ ।

85. ਮਰਗਯ ਵੈਨਨ ਪਿਯਤ ਉਰਿ ਪਿਯ ਚੰਪ ਪਹ ਦੇਹ
ਕਸਵੱਟਇ ਦਿੰਨਯ ਸਹਇ, ਨਾਇ ਸੁਵੈਨਹ ਰੇਹ ।

86. ਅਮ੍ਹੇ ਥੋੜਾ ਰਿਉ ਬਹੁਅ, ਇਉ, ਕਾਯਰ ਚਿੰਤੰਤਿ
ਮੁਧਿ ! ਨਿਹਾਲਹਿ ਗਾਯਣ ਯਲੁ, ਕਇ ਉਜੋੜੇ ਕਰੰਤਿ ।

---

79. ਨ ਉਸ ਖਾਧਾ ਰਤਾ ਕਝ, ਨ ਘੁਟ ਪੀਤਾ ਤਾਹਿਂ
ਪੀਆ ਨੈਣੀਂ ਤਕਦਿਆਂ, ਚੰਗੀ ਭਲੀ ਹੋ ਜਾ ।

80. ਅੰਮੜੀ ! ਪਛੋਤਾਵੜਾ, ਰਾਤ ਲੜੀ ਪੀਅ ਨਾਲ
ਮਤ ਮਾਰੀ ਹੈ ਜਾਂਵਦੀ, ਮਾੜੀ ਕਿਸਮਤ ਨਾਲ ।

81. ਦਿਲ ਜੇ ਦੁਸ਼ਮਨ ਹੋਇਆ (ਤਾਂ ਕੀ) ਅੰਬਰੀਂ ਚੜ੍ਹੀਏ ਜਾ ?
ਸਾਡੇ ਵੀ ਦੋ ਹੱਥ ਨੇ, ਮਤਾਂਗੇ ਮਾਰ ਮੁਕਾ ।

82. ਰਾਹੀ ਰਟਦਾ ਜਾਇ ਇਉਂ, 'ਛਾਏ ਮੇਘ ਪਹਾੜ'
'ਪਰਬਤ, ਪੈਰੀਂ ਦਲਣ ਜੋ, ਕਿਵੇਂ ਛਡਣ ਨਾਜ਼ੋ ਨਾਰ ।'

83. ਭੇਖ ਧਾਰੀ ਨੂੰ ਛਡ ਦਿਓ, ਭਾਵੇਂ ਸੁੰਦਰ ਰੂਪ
ਕੁਤੀ ਗੰਗਾ ਨ੍ਹਾਤਿਆਂ, ਹੋਇ ਨ ਸ਼ੁਧ ਸਰੂਪ ।

84. ਪੀਆ ਮੈਂ ਥੱਕੀ ਸਗਲ ਦਿਨ, ਲੁਛਦੀ ਬਿਰਹੋਂ ਭਾਹਿ
ਥੋੜੇ ਜਲ ਜਿਉਂ ਮੱਛਲੀ, ਤੜਫੇ ਤਿਲਮਲਾਇ ।

85. ਸਾਂਵਲ ਰੰਗੇ ਪੀਅ ਸੰਗ, ਸਜਦੀ ਚੰਪਾ ਨਾਰ
ਕਸਵਟੀ ਉਪਰ ਜਿਵੇਂ, ਹੋ ਸੋਨੇ ਦੀ ਧਾਰ ।

86. 'ਅਸੀਂ ਥੋੜੇ, ਵੈਰੀ ਬਹੁਤ,' ਇਉਂ ਕਾਇਰ ਫੁਰਮਾਣ
ਮੁੰਧੇ ! ਦੇਖੀਂ ਗਗਨ ਰੇ, ਜੋਤਾਂ ਕੌਣ ਜਗਾਣ । (ਤਾਰੇ ਨਹੀਂ, ਚੰਦ)

87. ਤੀਅਹ ਤਿੰਨ ਪਿਆਰਇਂ, ਕਲ੍ਹਿ ਕੱਜਲ, ਸਿੰਦੂਰ
ਆਨਇ ਤਿੰਨਿ ਪਿਆਰਇਂ, ਦੁਧੁ ਜੰਵਾਇ ਉ ਤੂਰੁ ।

88. ਅਜੁ ਵਿਹਾਣਉ ਅਜ ਦਿਣੁ, ਅਜੁ ਸੁਵਾਉ ਪਵੱਤੁ
ਅਜੁ ਗਲਥਿਉ ਸਯਲੁ ਦੁਹੁ, ਜੰ ਤੁਹੁ ਮਹੰ ਪਰਿਪਤੁ ।
ਫੁਟਕਲ

89. ਕਵਣਿਹਿ ਬਿਰਹ ਕਰਾਲਹਿਇਂ, ਓੜਾਵਿਉ ਵਰਾਉ
ਸਹਿ ਅਚੱਕੁਵ ਦਿਠ ਮਇਂ, ਕੰਠਿ ਵਿਲੁਲਇ ਕਾਉ ।

90. ਬਾਂਹ ਬਿਛੋੜਵਿ ਜਾਇਂ ਤੁਇਂ, ਹਉਂ ਤੇਵਉਂ ਕੰ ਦੇਸੁ
ਹਿਅਯੱਟਇ ਜਾਇ ਨੀਸਰਇ, ਜਾਣਉ ਮੁੰਜ ਸਰੇਸੁ ।

91. ਨਵ ਜਲ ਭਰੀਆ ਮਗੜਾ, ਗਯਣਿ ਧੜੱਕਇ ਮੇਹੁ
ਇਥੰਤਰਿ ਜਰਿ ਆਵਸੀ, ਤਉ ਜਾਣੀਸਿੱਇ ਨੇਹੁ ।

---

87. ਚੰਗੇ ਲਗਣ ਤੀਵੀਆਂ, ਝਗੜਾ, ਕੱਜਲ, ਸੰਧੂਰ
ਦੁਧ, ਜੁਵਾਈ, ਵਾਜਾ ਤੂੰ, ਹੋਰਾਂ ਤਈਂ ਮਨਜ਼ੂਰ ।

88. ਅਜ ਸਵੇਰਾ ਅਜ ਦਿਨ, ਸੋਹਣੀ ਵਗੇ ਵਾ
ਤੂੰ ਆਇਐਂ ਸਭ ਦੁਖਾਂ ਨੂੰ, ਦੇਵਾਂ ਗਲ-ਹੱਥਾਅ ।


89. ਬਿਰਹੁੰ ਮਾਰੀ ਬਿਰਹਣੀ, ਰਹੀ ਸੀ ਕਾਂ ਉਡਾ
ਇਹ ਅਚੰਭਾ ਦੇਖਿਆ, ਕਾਂ ਗਲ ਝਪਟ ਪਿਆ ।
(ਬ੍ਰਿਹਣੀ ਨੂੰ ਮੁਰਦਾ ਸਮਝਕੇ)

90. ਬਾਂਹ ਛੁਡਾਕੇ ਤੁਰ ਚਲੇ, ਜਾਣ ਮੈਨੂੰ ਕਮਜ਼ੋਰ
ਦਿਲ ਵਿਚੋਂ ਭਜ ਜਾਓਂ ਜੇ, ਜਾਣਾਂ ਤੁਹਾਡਾ ਜ਼ੋਰ ।

91. ਗਗਨੀਂ ਗਰਜੇ ਮੇਘਲਾ, ਰਾਹ ਭਰੇ ਮੀਂਹ ਨਾਲ
ਜੇ ਤੂੰ ਆਵੇਂ ਅਜ ਵਈ, ਜਾਣਾਂ ਪ੍ਰੇਮ ਕਮਾਲ ।

ਦੂਜਾ ਭਾਗ

ਪੰਜਾਬੀ ਦਾ ਕੁਰਸੀਨਾਮਾ


ਆਰੀਆ ਭਾਸ਼ਾ
ਹਿੰਦ-ਆਰਿਆਈ
ਈਰਾਨੀ
(ਪਹਿਲੀ ਪ੍ਰਾਕ੍ਰਿਤ)
ਵੈਦਕ ਸੰਸਕ੍ਰਿਤ
ਸੰਸਕ੍ਰਿਤ
ਦੂਜੀ ਪ੍ਰਾਕ੍ਰਿਤ
ਪਾਲੀ
ਤੀਜੀ ਪ੍ਰਾਕ੍ਰਿਤ
ਮਹਾਰਾਸ਼ਟਰੀ
ਮਾਗਧੀ
ਸ਼ੌਰਸੈਨੀ
ਪੈਸ਼ਾਚੀ
ਕਸ਼ਮੀਰੀ
ਅਪਭ੍ਰੰਸ਼
ਮਹਾਰਾਸ਼ਟਰੀ ਅਪਭ੍ਰੰਸ਼
ਮਾਗਧੀ ਅਪਭ੍ਰੰਸ਼
ਸ਼ੌਰਸੈਨੀ ਅਪਭ੍ਰੰਸ਼
ਪੈਸ਼ਾਚੀ ਅਪਭ੍ਰੰਸ਼
ਮਰਾਠੀ
ਬਿਹਾਰੀ, ਉੜੀਆ
ਬੰਗਾਲੀ, ਅਸਾਮੀ
ਰਾਜਸਥਾਨੀ
ਗੁਜਰਾਤੀ
ਹਿੰਦੀ।
ਪੰਜਾਬੀ
ਉਰਦੂ
ਸਿੰਧੀ

ਪੰਜਾਬੀ ਦਾ ਜਨਮ

ਅਸੀਂ ਪਿਛੇ ਇਹ ਵੀਚਾਰ ਕਰ ਆਏ ਹਾਂ, ਕਿਵੇਂ ਲੋਕਾਂ ਦੀ ਬੋਲ-ਚਾਲ ਦੀ ਕੁਦਰਤੀ ਬੋਲੀ ਤੋਂ ਵੇਦਕ ਭਾਸ਼ਾ, ਸੰਸਕ੍ਰਿਤ, ਪਾਲੀ, ਸਾਹਿਤਕ ਪ੍ਰਾਕ੍ਰਿਤ ਤੇ ਅਪਭ੍ਰੰਸ਼ ਆਦਿ ਅਦਬੀ ਜ਼ਬਾਨਾਂ ਬਣੀਆਂ ਵਿਗਸੀਆਂ। ਰਿਗ ਵੇਦ ਦਾ ਰਚਨਾ-ਕਾਲ 2500 ਈ: ਪੂਰਬ ਤੋਂ 1200 ਈ: ਪੂਰਬ ਤਕ ਮੰਨਿਆ ਗਿਆ ਹੈ। ਇਸ ਤੋਂ ਬਾਅਦ ਛੇ ਸੱਤ ਸੌ ਵਰ੍ਹੇ ਤਕ ਸੰਸਕ੍ਰਿਤ ਧਾਰਮਕ ਤੇ ਸਾਹਿਤਕ ਭਾਸ਼ਾ ਰਹੀ। ਫਿਰ ਬੁੱਧ ਧਰਮ ਦੇ ਨਾਲ ਨਾਲ ਲੋਕ-ਬੋਲੀ ਪ੍ਰਫੁੱਲਤ ਹੋ ਕੇ 'ਪਾਲੀ' ਅਖਵਾਈ। ਇਸ ਦਾ ਛੇ ਸੌ ਈ: ਪੂਰਬ ਤੋਂ ਪਹਿਲੀ ਈ: ਤਕ ਜ਼ੋਰ ਰਿਹਾ। ਪਹਿਲੀ ਈਸਵੀ ਸਦੀ ਤੋਂ 600 ਈ: ਤਕ ਸਾਹਿਤਕ ਪ੍ਰਾਕ੍ਰਿਤਾਂ ਦਾ ਸਤਾਰਾ ਚਮਕਿਆ ਤੇ 6 ਸੌ ਈ. ਤੋਂ 12 ਸੌ ਈ: ਤਕ ਅਪਭ੍ਰੰਸ਼ ਦਾ ਬੋਲਬਾਲਾ ਰਿਹਾ।

ਮਿ: ਗ੍ਰੀਅਰਸਨ ਪ੍ਰਾਕ੍ਰਿਤ ਦੀਆਂ ਨੀ ਤਿੰਨ ਸਟੇਜਾਂ ਮੰਨਦਾ ਹੈ। ਉਸ ਦਾ ਮਤ ਹੈ ਕਿ ਪਹਿਲੀ ਮੁਢਲੀ ਪ੍ਰਾਕ੍ਰਿਤ ਤੋਂ ਵੇਦਕ ਸੰਸਕ੍ਰਿਤ, ਸੰਸਕ੍ਰਿਤ, ਦੂਜੀ ਪ੍ਰਾਕ੍ਰਿਤ ਤੋਂ ਪਾਲੀ ਵਿਕਸੀ ਤੇ ਅੰਤਮ ਤੀਜੀ ਸਟੇਜ ਅਪਭ੍ਰੰਸ਼ ਸੀ ਜਿਸ ਤੋਂ ਵਰਤਮਾਨ ਬੋਲੀਆਂ ਪ੍ਰਗਟੀਆਂ। ਇਉਂ ਅਸੀਂ ਹਿੰਦ-ਆਰਿਆਈ ਭਾਸ਼ਾ ਦੀ ਮੋਟੇ ਤੌਰ ਤੇ ਇਹ ਕਾਲ-ਵੰਡ ਕਰ ਸਕਦੇ ਹਾਂ :—

1. ਪ੍ਰਾਚੀਨ ਆਰੀਆ-ਭਾਸ਼ਾ ਕਾਲ—2000 ਈ: ਪੂਰਬ ਤੋਂ 500 ਈ: ਪੂਰਬ ਤਕ (ਓਲਡ ਇੰਡੋ ਆਰੀਅਨ)
2. ਮੱਧ ਆਰੀਆ-ਭਾਸ਼ਾ ਕਾਲ—500 ਈ: ਪੂਰਬ ਤੋਂ 1000 ਈਸਵੀ ਤਕ (ਮਿਡਲ ਇੰਡੋ ਆਰੀਅਨ)
3. ਵਰਤਮਾਨ ਆਰੀਆ-ਭਾਸ਼ਾ ਕਾਲ—1000 ਈਸਵੀ ਤੋਂ ਹੁਣ ਤਕ (ਨਿਊ ਇੰਡੋ ਆਰੀਅਨ)

ਇਹ ਪਾਲੀ, ਪ੍ਰਾਕ੍ਰਿਤ ਤੇ ਅਪਭ੍ਰੰਸ਼ ਦੇ ਨਾਲ ਨਾਲ ਸੰਸਕ੍ਰਿਤ ਵੀ ਚਲਦੀ ਰਹੀ ਕਿਉਂਕਿ ਇਹ ਆਰੀਆ-ਸਭਿਅਤਾ ਦੀ ਪੁਰਾਣੀ ਜ਼ਬਾਨ ਸੀ। ਇਸ ਦੇ ਸ਼ਿਲਾ-ਲੇਖ 150 ਈ: ਪੂਰਬ ਤੋਂ ਲੈ ਕੇ 12 ਸੌ ਈ: ਤਕ ਬਲਕਿ ਇਸ ਤੋਂ ਪਿਛੋਂ ਦੇ ਵੀ ਮਿਲਦੇ ਹਨ, ਇਸੇ ਤਰ੍ਹਾਂ ਸਾਹਿਤ ਤਾਂ ਢੇਰ ਪੁਰਾਣਾ ਮਿਲਦਾ ਹੈ। ਕੁਦਰਤੀ **ਅਸੂਲ ਇਨ੍ਹਾਂ ਬੋਲੀਆਂ** ਦੇ ਬਣਨ ਬਦਲਣ ਵਿਚ ਇਹ ਵਰਤਦਾ ਰਿਹਾ ਹੈ ਕਿ ਜਦੋਂ ਵੀ ਕੋਈ **ਬੋਲੀ ਸਾਹਿਤਕ** ਭਾਸ਼ਾ ਜਾਂ ਟਕਸਾਲੀ ਬਣਾ ਕੇ ਨੇਮਾਂ ਕਾਇਦਿਆਂ ਵਿਚ ਬੰਨ੍ਹੀ ਜਾਂਦੀ ਰਹੀ, **ਉਹ ਵਿਦਵਾਨਾਂ ਜੋਗੀ ਹੀ ਹੋ ਕੇ ਲੋਕਾਂ ਨਾਲੋਂ** ਨਿਖੜਦੀ ਗਈ। ਵਿਦਵਾਨ ਇਹ ਸ਼ਰਤ ਲਾ ਦਿੰਦੇ ਸਨ ਕਿ ਇਹ ਸ਼ਬਦ ਨਹੀਂ ਵਰਤਣਾ

Sri Satguru Jagjit Singh Ji eLibrary NamdhariElibrary@gmail.com

ਜਾਂ ਇਸ ਦਾ ਇਹ ਰੂਪ ਨਹੀਂ ਕਬੂਲਣਾ । ਨਿਤ ਨਵੇਂ ਬਣਦੇ ਵਟਦੇ ਸ਼ਬਦ ਹੀ ਜ਼ਬਾਨ ਦ. ਖ਼ੁਰਾਕ ਹੁੰਦੇ ਹਨ । ਜਿਸ ਬੋਲੀ ਨੂੰ ਖਾਣ ਨੂੰ ਨਾ ਮਿਲੇ ਉਸ ਨੇ ਤਾਂ ਆਪੇ ਮਰ ਜਾਣਾ ਹੋਇਆ । ਦਰਅਸਲ ਵੇਖਿਆ ਜਾਵੇ ਤਾਂ ਬੋਲੀ ਨੂੰ ਅੰਨ ਪਾਣੀ ਦੇਣ ਵਾਲੇ ਦੋ ਹੀ ਹਨ, ਪੇਂਡੂ ਕਿਰਤੀ ਜਾਂ ਉਸ ਦੇ ਪਿੱਛੇ ਭੱਤਾ ਲਿਆਉਣ ਵਾਲੀ । ਪਰ ਪੰਡਤ ਲੋਕ ਇਨ੍ਹਾਂ ਨੂੰ ਤੇ ਇਨ੍ਹਾਂ ਦੀ ਬੋਲੀ ਨੂੰ 'ਗਵਾਰੂ' ਆਖਦੇ ਸਨ । ਉਹ ਕਿਵੇਂ ਸੰਸਕਾਰੀ ਗਈ ਜ਼ਬਾਨ ਵਿਚ ਇਨ੍ਹਾਂ ਦੇ 'ਭਿੱਟੇ' ਹੋਏ ਸ਼ਬਦ ਵਰਤ ਸਕਦੇ ਸਨ । ਇਸੇ ਦੁੱਖੋਂ ਸੰਸਕ੍ਰਿਤ, ਪਾਲੀ, ਪ੍ਰਾਕ੍ਰਿਤ ਤੇ ਅਪਭ੍ਰੰਸ਼ ਜਿਹੀਆਂ ਮੁਟਿਆਰ, ਬਲਵਾਨ ਜ਼ਬਾਨਾਂ ਮਰ ਗਈਆਂ ਤੇ ਅਜੇਹੀਆਂ ਮੌਤਾਂ ਮਨੁੱਖੀ ਇਤਿਹਾਸ ਵਿਚ ਬੜੀ ਸਾਧਾਰਣ ਜਿਹੀ ਗੱਲ ਹੈ ।

ਜਦੋਂ ਪੰਡਤਾਂ ਦੀ ਨਖਿਧ ਕੀਤੀ ਅਤੀ ਭਰਿਸ਼ਟ-ਅਪਭ੍ਰੰਸ਼ ਵੀ ਹੌਲੀ ਹੌਲੀ ਸਾਹਿਤਕਾਰਾਂ ਕੋਲੋਂ ਪ੍ਰਮਾਣੀਕ ਸਾਹਿਤਕ ਰੂਪ ਧਾਰਨ ਕਰਕੇ ਨੇਮਾਂ ਕਾਇਦਿਆਂ ਵਿਚ ਬੱਝ ਗਈ ਤਾਂ ਉਸ ਸਮੇਂ ਸਾਡੀਆਂ ਵਰਤਮਾਨ ਬੋਲੀਆਂ ਦਾ ਨਿਕਾਸ ਸ਼ੁਰੂ ਹੋਇਆ । ਕਈਆਂ ਦਾ ਵਿਚਾਰ ਹੈ ਕਿ ਸਾਰੇ ਉਤਰੀ ਹਿੰਦ ਵਿਚ ਬਿਲਕੁਲ ਇਕੋ ਤਰ੍ਹਾਂ ਦੀ ਅਪਭ੍ਰੰਸ਼ ਪ੍ਰਚੱਲਤ ਸੀ । ਪਰ ਅਸਲ ਗੱਲ ਇਹ ਨਹੀਂ ਜਾਪਦੀ । ਮਾਲੂਮ ਹੁੰਦਾ ਹੈ ਭਿੰਨ ਭਿੰਨ ਪ੍ਰਾਂਤਾਂ ਦੀਆਂ ਅਪਭ੍ਰੰਸ਼ਾਂ ਵਿਚ ਸਥਾਨਕ ਰੰਗ ਦੀ ਝਲਕ ਵੀ ਸੀ । ਇਸੇ ਕਰਕੇ ਵਿਦਵਾਨਾਂ ਨੇ ਉਨ੍ਹਾਂ ਦੀ ਪ੍ਰਾਕ੍ਰਿਤਾਂ ਵਾਂਙ ਹੀ ਮਹਾਰਾਸ਼ਟਰੀ ਅਪਭ੍ਰੰਸ਼, ਮਾਗਧੀ ਅਪਭ੍ਰੰਸ਼, ਸ਼ੌਰਸੈਨੀ ਅਪਭ੍ਰੰਸ਼ ਤੇ ਪੈਸ਼ਾਚੀ ਅਪਭ੍ਰੰਸ਼ ਆਦਿ ਕਰਕੇ ਵੰਡ ਕੀਤੀ ਹੈ ।

ਰੁਦ੍ਰਟ ਆਦਿ ਨੇ ਜੇਹਾ ਕਿ ਅਸੀਂ ਪਿਛੇ ਲਿਖ ਆਏ ਹਾਂ, ਅਪਭ੍ਰੰਸ਼ ਦੇ ਨਾਗਰ, ਉਪਨਾਗਰ ਦੇ ਬ੍ਰਾਚੜ ਤਿੰਨ ਭੇਦ ਦਸੇ ਹਨ । ਅਚਾਰਜ ਹੇਮ ਚੰਦਰ ਇਨ੍ਹਾਂ ਤੋਂ ਇਲਾਵਾ ਇਕ ਗ੍ਰਾਮ-ਅਪਭ੍ਰੰਸ਼ ਦਾ ਵੀ ਵਰਣਨ ਕਰਦਾ ਹੈ । ਇਹੋ ਪੇਂਡੂ ਬੋਲਚਾਲ ਦੀ ਅਪਭ੍ਰੰਸ਼ ਹੀ ਵਰਤਮਾਨ ਦੇਸੀ ਬੋਲੀਆਂ ਦੀ ਜਨਮ-ਦਾਤੀ ਸਮਝਣੀ ਚਾਹੀਦੀ ਹੈ । ਮੁੱਢ ਵਿਚ ਹੁਣ ਵਾਂਙ ਪ੍ਰਾਂਤਕ ਭੇਦ ਨਾਲ ਇਸ ਦੇ ਕਿੰਨੇ ਕੁ ਰੂਪ ਸਨ, ਇਸ ਦੀ ਸਪਸ਼ਟਤਾ ਲਈ ਕੁਝ ਕੁ ਵੇਰਵੇ ਹੇਠ ਦਿੰਦੇ ਹਾਂ ।

ਭਰਤ ਮੁਨੀ, ਨਾਟਕ ਵਿਚ ਬੋਲੀ ਦੀ ਵਰਤੋਂ ਬਾਰੇ ਕਈ ਸੁਚੱਜੀਆਂ ਹਦਾਇਤਾਂ ਦੇਂਦਾ ਲਿਖਦਾ ਹੈ ਕਿ ਆਮ ਤੌਰ ਤੇ ਨਾਟਕ ਵਿਚ ਸ਼ੌਰਸੈਨੀ ਵਰਤੀ ਜਾਵੇ ਜਾਂ ਫਿਰ ਦੇਸ-ਭਾਸ਼ਾ । ਤੇ ਦੇਸ-ਭਾਸ਼ਾਵਾਂ ਸੱਤ ਹਨ—ਮਾਗਧੀ, ਆਵੰਤੀ, ਪ੍ਰਾਚੀ, ਸ਼ੌਰਸੈਨੀ, ਅਰਧ-ਮਾਗਧੀ, ਬਾਹਲੀਕ ਤੇ ਦੱਖਣੀ ।

ਨਿਸ਼ੀਥ ਚੂਰਣਿ, ਗਿਆਤ ਸੂਤ੍ਰ ਤੇ ਰਾਜ-ਪ੍ਰਸ਼ਨੀ ਸੂਤ੍ਰ ਆਦਿਕ ਜੈਨੀ ਗਰੰਥਾਂ ਵਿਚ ਅਠਾਰਾਂ ਦੇਸੀ-ਭਾਸ਼ਾਵਾਂ ਦਾ ਜ਼ਿਕਰ ਮਿਲਦਾ ਹੈ ।

'ਪ੍ਰਾਕ੍ਰਿਤ ਚੰਦ੍ਰਕਾ' ਵਿਚ ਇਹ ਬੋਲੀਆਂ ਗਿਣੀਆਂ ਗਈਆਂ ਹਨ :—

ਬ੍ਰਾਚੜੀ, ਕੈਕਦੀ, ਲਾਟੀ, ਗੌੜੀ, ਵੈਦਰਭੀ, ਓਡਰੀ, ਸਿੰਹਲੀ, ਗੁਰਜਰੀ, ਆਭੀਰੀ, ਨਾਗਰੀ, ਬਰਬਰੀ, ਆਵੰਤੀ, ਪੰਚਾਲੀ, ਟੱਕੀ, ਮੱਧ-ਦੇਸ਼ੀ ।‡

‡ਹਿੰਦੀ ਕਾਵਿ ਧਾਰਾ ਪੰਨਾ 6, 7 ।

'ਕੁਵਲੀਆ ਮਾਲਾ' ਵਿਚ ਉਦਿਓਤਨ ਸੂਰੀ (778 ਈ:) ਹੇਠ ਲਿਖੇ ਸੱਲਾਂ ਨਾਮ ਦਿੰਦਾ ਹੈ :—

ਗੱਲੀ, (ਗੌੜੀ), ਮਧ ਦੇਸ਼ੀਆ, ਮਾਗਧੀ, ਅੰਤਰਵੇਦੀ, ਕੀਰੀ, ਟੱਕੀ, ਸਿਧੀ, ਮਰੂ-ਦੇਸ਼ੀ, ਗੁਰਜਰੀ, ਲਾਟੀ, ਮਾਲਵੀ, ਕਰਨਾਟਕੀ, ਤੈਲਿਕ, ਕੌਸ਼ਲੀ, ਮਹਾਰਾਸ਼ਟਰੀ ਤੇ ਅੰਧਰੀ।

(ਅਪਭ੍ਰੰਸ਼ ਕਾਵਿ ਤ੍ਰਯੀ, ਪੰਨਾ 91)

ਇਸ ਪੁਸਤਕ ਵਿਚ ਕਰਤਾ ਨੇ ਸੰਖੇਪ ਰੂਪ ਵਿਚ ਸੱਲਾਂ ਦੇਸ਼ਾਂ ਦੀਆਂ ਬੋਲੀਆਂ ਦੇ ਨਮੂਨੇ ਵੀ ਦਿਤੇ ਹਨ।

ਇਸੇ ਤਰ੍ਹਾਂ ਰੁਦ੍ਰਟ ਵੀ ਟੱਕੀ, ਮਾਲਵੀ, ਪੰਚਾਲੀ, ਕਾਲਿੰਦੀ, ਗੁਰਜਰੀ, ਆਭੀਰੀ, ਸ਼ਾਬਰੀ ਆਦਿ ਕਈ ਭੇਦ ਗਿਣਦਾ ਹੈ।

'ਪ੍ਰਾਕ੍ਰਿਤ ਸਰਵੱਸ੍ਵ' ਵਿਚ ਮਾਰਕੰਡੇ ਨੇ ਅਪਭ੍ਰੰਸ਼ ਦੇ 27 ਭੇਦ ਗਿਣਾ ਛਡੇ ਹਨ—

ਬ੍ਰਾਚੜੀ, ਲਾਟੀ, ਵੈਦਰਭੀ, ਨਾਗਰ, ਉਪਨਾਗਰ, ਬਰਬਰੀ, ਅਵੰਤੀ, ਪਾਂਚਾਲੀ, ਟੱਕੀ, ਮਾਲਵੀ, ਕੈਕਈ, ਗੌੜੀ, ਓਡਰੀ, ਪਾਂਡੀ, ਕੌਂਤਲੀ; ਸਿੰਹਲੀ, ਕਾਲਿੰਗੀ, ਅੰਗੀ, ਪ੍ਰਾਚੀ, ਪਸ਼ਚਾਤੀ, ਕਰਨਾਟਕੀ. ਕਾਂਚੀ, ਦ੍ਰਾਵੜੀ, ਗੁਰਜਰੀ, ਆਭੀਰੀ, ਮੱਧਦੇਸੀ, ਬੇਤਾਲੀ ਆਦਿ।

ਇਹ ਲੰਮੀਆਂ ਲਿਸਟਾਂ ਪੇਸ਼ ਕਰਨ ਤੋਂ ਸਾਡਾ ਮਤਲਬ ਇੰਤਨਾ ਹੀ ਹੈ ਕਿ ਦੇਸ਼-ਭੇਦ ਅਨੁਸਾਰ ਬਣੇ ਉਪ੍ਰੋਕਤ ਨਾਂ ਇਸ ਗੱਲ ਦਾ ਪ੍ਰਗਟ ਸਬੂਤ ਹਨ ਕਿ ਅਪਭ੍ਰੰਸ਼ ਦੇ ਜ਼ਮਾਨੇ ਵਿਚ ਹੀ ਸਾਡੀਆਂ ਮੌਜੂਦਾ ਬੋਲੀਆਂ ਨਿੰਮਣ ਲਗ ਪਈਆਂ ਸਨ, ਜੋ ਪਿਛੋਂ ਜਾ ਕੇ ਪ੍ਰਫੁਲਤ ਹੋਈਆਂ। ਇਹ ਠੀਕ ਹੈ ਕਿ ਉਸ ਸਮੇਂ ਪਰਸਪਰ ਭੇਦ ਬਹੁਤ ਘਟ ਸੀ ਪਰੰਤੂ ਫਿਰ ਵੀ ਸਭ ਵਿਦਵਾਨਾਂ ਇਹ ਗੱਲ ਮੰਨੀ ਹੈ ਕਿ ਭੇਦ ਜ਼ਰੂਰ ਸੀ। ਪ੍ਰਸਿੱਧ ਰਾਜਸਥਾਨੀ ਵਿਦਵਾਨ ਸ੍ਰੀ ਰਾਮ ਸਿੰਘ ਤੇ ਸੂਰਜ ਕਰਣ ਪਾਰੀਕ ਲਿਖਦੇ ਹਨ—ਅਪਭ੍ਰੰਸ਼ ਦਾ ਮੁੱਖ ਥਾਂ ਰਾਜਸਥਾਨ, ਮਾਲਵਾ, ਗੁਜਰਾਤ, ਸਿੰਧ ਤੇ ਪੱਛਮੀ ਪੰਜਾਬ ਸੀ। ਖਿਆਲ ਹੈ, ਮੁਢ ਵਿਚ ਇਸ ਦਾ ਵਿਕਾਸ ਇਥੇ ਹੋਇਆ ਤੇ ਇਥੋਂ ਹੀ ਇਹ ਹੌਲੀ ਹੌਲੀ ਉਤਰੀ ਹਿਦ ਵਿਚ ਫੈਲੀ। ਪ੍ਰਾਂਤਕ ਭੇਦ ਇਸ ਵਿਚ ਜ਼ਰੂਰ ਰਹੇ ਹੋਣਗੇ। ਪਰ ਇਹ ਫਰਕ ਇਤਨਾ ਨਹੀਂ ਹੋਏਗਾ ਕਿ ਇਕ ਪ੍ਰਾਂਤ ਵਾਲੇ ਨੂੰ ਦੂਜੇ ਪ੍ਰਾਂਤ ਦੀ ਬੋਲੀ ਸਮਝਣ ਵਿਚ ਔਖ ਹੁੰਦੀ ਹੋਵੇ।'‡

ਇਸੇ ਤਰ੍ਹਾਂ ਜਾਰਜ ਗ੍ਰੀਅਰਸਨ ਨੇ ਵੀ ਇਹ ਗੱਲ ਆਖੀ ਹੈ ਕਿ ਅਪਭ੍ਰੰਸ਼ਾਂ ਦਾ ਸਥਾਨਕ ਭੇਦ ਉਪਬੋਲੀਆਂ ਜਿੰਨਾ ਕੁ ਸੀ, ਬਹੁਤਾ ਨਹੀਂ ਸੀ।

ਸੋ ਪਹਿਲੇ ਭਾਵੇਂ ਪ੍ਰਮਾਣੀਕ ਸਾਹਿਤਕ ਰੂਪ ਵਿਚ ਅਪਭ੍ਰੰਸ਼ ਇਕੋ ਰੂਪ ਸੀ ਯਾ ਇਸ ਵਿਚ ਥੋੜ੍ਹਾ ਥੋੜ੍ਹਾ ਪ੍ਰਾਂਤਕ ਭੇਦ ਹੈ ਸੀ ਪਰ ਜਦੋਂ ਇਸ ਅਪਭ੍ਰੰਸ਼ ਤੋਂ ਵਰਤਮਾਨ ਦੇਸ-ਭਾਖਾਵਾਂ ਜੰਮੀਆਂ ਇਹ ਭੇਦ ਨਿਖੜਵੇਂ ਰੂਪ ਵਿਚ ਵਧਦਾ ਗਿਆ। ਦੇਸ-ਭਾਸ਼ਾਵਾਂ ਦੇ ਜਨਮ ਦੀ ਘਟਨਾ ਇਕ ਦਿਨ ਦੀ ਗੱਲ ਨਹੀਂ, ਸਗੋਂ ਇਹ ਨਿਕਾਸ ਤੇ ਵਿਕਾਸ ਸਦੀਆਂ ਵਿਚ ਹੋਇਆ ਜਿਹਾ ਕਿ ਬੋਲੀਆਂ ਦੇ ਜਨਮ ਵਿਚ ਆਮ ਹੁੰਦਾ ਹੈ।

ਪੰਜਾਬ ਦੀਆਂ ਪ੍ਰਾਚੀਨ ਬੋਲੀਆਂ

ਉਤੇ ਦਿੱਤੀਆਂ ਭਾਸ਼ਾ-ਸੂਚੀਆਂ ਵਿਚ ਥਾਂ ਥਾਂ 'ਟੱਕੀ' ਤੇ 'ਕੈਕਈ' ਦੋ ਬੋਲੀਆਂ ਦੇ ਨਾਂ ਆਏ ਹਨ, ਇਹ ਪੰਜਾਬ ਦੀਆਂ ਇਲਾਕਈ ਬੋਲੀਆਂ ਸਨ। ਮਧਦੇਸੀ ਵੀ ਥੋੜ੍ਹੀ ਬਾਹਲੀ ਪੰਜਾਬ

‡ਢੋਲਾ ਮਾਰੂ ਰਾ ਦੂਹਾ, ਦੀ ਭੂਮਿਕਾ, ਪੰਨਾ 143

ਦੀ ਮਲਕੀਅਤ ਸੀ । ਟੱਕ-ਪੂਰਬੀ ਪੰਜਾਬ ਤੇ ਕੋਕਜ—ਪੱਛਮੀ ਪੰਜਾਬ ਦੇ ਇਕ ਹਿਸ ਦਾ ਪੁਰਾਣਾ ਨਾਂ ਹੈ । ਇਨ੍ਹਾਂ ਥਾਂਵਾਂ ਦੀਆਂ ਬੋਲੀਆਂ ਹੀ ਟੱਕੀ ਤੇ ਕੋਕਣੀ ਸਨ । ਅੱਜ 'ਟੱਕੀ' ਦੀ ਥਾਂ ਮਾਝੀ ਮਾਲਵੀ ਨੇ ਤੇ 'ਕੋਕਣੀ' ਦੀ ਥਾਂ ਲਹਿੰਦੀ ਨੇ ਮੱਲੀ ਹੋਈ ਹੈ । ਭਾਵੇਂ ਸਾਨੂੰ ਇਨ੍ਹਾਂ ਬੋਲੀਆਂ ਦਾ ਵਿਸਥਾਰਕ ਵੇਰਵਾ ਨਹੀਂ ਮਿਲਦਾ ਪਰ ਇਹ ਨਾਂ ਵੀ ਇਸ ਗੱਲ ਦਾ ਸਬੂਤ ਹਨ ਕਿ ਅਪਭ੍ਰੰਸ਼ ਕਾਲ ਵਿਚ ਪੰਜਾਬ ਦੀਆਂ ਇਹ ਸਥਾਨਕ ਬੋਲੀਆਂ ਆਪਣੀ ਹਸਤੀ ਰਖਦੀਆਂ ਸਨ ਤੇ ਸੁਤੰਤਰ ਰੂਪ ਵਿਚ ਨਿਖਰ ਰਹੀਆਂ ਸਨ ।

ਭਰਤ ਮੁਨੀ ਨੈ 'ਨਾਟ ਸ਼ਾਸਤਰ' ਵਿਚ ਢੱਕ ਭਾਸ਼ਾ (ਟੱਕੀ) ਦਾ ਜ਼ਿਕਰ ਕੀਤਾ ਹੈ । ਉਹ ਇਸ ਨੂੰ ਘਟੀਆ ਕਿਸਮ ਦੇ ਲੋਕਾਂ ਦੀ ਬੋਲੀ ਆਖਦਾ ਹੈ । ਹਰਿਚੰਦ੍ਰ ਸੰਸਕ੍ਰਿਤ, ਸ਼ੌਰਸੈਨੀ ਵਾਲੀ ਮਿਸੀ ਜੇਹੀ ਬੋਲੀ ਨੂੰ 'ਟੱਕੀ' ਦਸਦਾ ਹੈ, ਇਹ ਗੱਲ ਮਾਰਕੰਡੇ ਨੇ ਆਪਣੇ ਵਿਆਕਰਣ ਵਿਚ ਦਰਜ ਕੀਤੀ ਹੈ । ਮਾਰਕੰਡੇ ਦੀ ਆਪਣੀ ਰਾਇ ਹੈ ਕਿ ਟੱਕੀ ਇਕ ਵਿਭਾਸ਼ਾ, (ਉਪਬੋਲੀ) ਹੈ । 'ਮ੍ਰਿਛ ਕਟਿਕ' ਦਾ ਟੀਕਾਕਾਰ ਪ੍ਰਿਥਵੀਧਰ ਵੀ ਇਸ ਨੂੰ ਲ ਪ੍ਰਧਾਨ ਉਪਬੋਲੀ ਹੀ ਕਹਿੰਦਾ ਹੈ ।‡

ਅਠਵੀਂ ਸਦੀ ਦੀ ਰਚਨਾ 'ਕੁਵਲੀਆ ਮਾਲਾ' ਵਿਚ ਟੱਕ ਦੇਸ਼ ਦੀ ਬੋਲੀ ਦਾ ਨਮੂਨਾ 'ਏਹੈ ਤੇਹੈ' ਦਿੱਤਾ ਹੈ । ਹੋ ਸਕਦਾ ਹੈ, ਇਹੋ ਵਰਤਮਾਨ ਪੰਜਾਬੀ ਵਿਚ 'ਅਹੀ ਤਹੀ' ਬਣ ਗਿਆ ਹੋਵੇ । ਅਪਭ੍ਰੰਸ਼ ਦੇ ਇਕ ਨਾਮੀ ਕਵੀ ਸ੍ਵਯੰਭੂ (790 ਈ:) ਨੇ ਆਪਣੀ ਰਚਨਾ 'ਹਰਿਬੰਸ ਪੁਰਾਣੁ' ਵਿਚ 'ਢੱਕ-ਭਾਸ਼ਾ' ਅਰਥਾਤ ਇਸ ਟਾਕੀ ਜਾਂ ਟੱਕੀ ਬੋਲੀ ਦਾ ਇਕ ਛੰਦ ਦਿੱਤਾ ਹੈ । ਭਾਵੇਂ ਇਹ ਸਾਹਿਤਕ ਅਪਭ੍ਰੰਸ਼ ਦਾ ਹੀ ਰੂਪ ਹੈ ਪਰ ਫਿਰ ਵੀ ਵਿਚਾਰਨ ਯੋਗ ਹੈ :—

'ਪਰਮੇਸਰੁ ਸਾਹਇ ਜੇਮ ਜੇਮ । ਹਰਿਸਿੱਜਇ ਸਹ ਯਣੁ ਤੇਮ ਤੇਮ
ਸੇਸਿਯ ਸੁਯ ਬਯਣਾਮਿਯ ਰਸੱਸ । ਤਿਤਿਣ ਸੰਭਵਦਿ ਹੁ ਕੇਸਵੱਸ ।'
....ਆਦਿ*

ਇਸ ਵਿਚ ਵਿਆਕਰਣਕ ਵਿਸ਼ੇਸ਼ਤਾਵਾਂ ਇਹ ਹਨ—

(1) ਕਰਤਾ ਕਾਰਕ ਇਕ ਵਚਨ ਦੀ ਵਿਭਗਤੀ ਉ

(2) ਛੇਵੀਂ ਵਿਭਗਤੀ— ਸੱਸ

(3) ਸ਼ਬਦ ਦੇ ਮੁਢਲੇ ਤ ਨੂੰ ਛਡ ਕੇ ਤ ਦੀ ਥਾਂ ਦ

(4) ਅਨਯ ਪੁਰਖ ਇਕ ਵਚਨ ਦੀ ਕਿਰਿਆ ਦਾ ਰੂਪ—ਸੰਭਵਤਿ ਦੀ ਥਾਂ ਸੰਭਵਦਿ ਅਰਥਾਤ ਤ ਦੀ ਥਾਂ ਦ ।

ਇਹ ਲੱਛਣ ਗੁਰਬਾਣੀ ਵਾਲੀ ਮੱਧ ਕਾਲ ਦੀ ਪੰਜਾਬੀ ਵਿਚ ਆਮ ਮਿਲਦੇ ਹਨ । ਡਾਕਟਰ ਪਿਸ਼ਲ ਨੇ ਉਪਰੋਕਤ ਵੰਨਗੀ ਨੂੰ ਪੂਰਬੀ ਬੰਗਾਲ ਦੇ ਢਾਕੇ ਦੀ ਬੋਲੀ ਆਖਿਆ ਹੈ, ਪਰੰਤੂ ਪ੍ਰੋਫੈਸਰ ਹੀਰਾ ਲਾਲ ਜੈਨ ਲਿਖਦੇ ਹਨ :—'ਇਹ ਬੋਲੀ ਬੰਗਾਲ ਢਾਕੇ ਦੀ ਤਾਂ ਨਹੀਂ, ਪੰਜਾਬ ਦੇ ਟੱਕ ਯਾ ਠੱਕ ਦੇਸ ਦੀ ਮਾਲੂਮ ਹੁੰਦੀ ਹੈ ਕਿਉਂਕਿ ਇਸ ਵਿਚ ਮਾਗਧੀ

‡ ਅਪਭ੍ਰੰਸ਼ ਪਾਠਾਵਲੀ, ਪੰਨਾ 36

*ਅਪਭ੍ਰੰਸ਼ ਪਾਠਾਵਲੀ, ਪੰਨਾ 65

ਵਾਲੇ ਲੱਛਣ ਦਿਖਾਈ ਨਹੀਂ ਦੇਂਦੇ।'‡ ਇਸੇ ਸਬੰਧ ਵਿਚ ਗੁਜਰਾਤੀ ਵਿਦਵਾਨ ਸ੍ਰੀ ਮਧਸੂਦਨ ਚਿਮਨ ਲਾਲ ਮੋਦੀ ਲਿਖਦੇ ਹਨ :—

''ਅ ਭਾਸ਼ਾ ਨੂੰ ਨਾਮ ਢੱਕੀ ਹਸ਼ੇ ? ਪ੍ਰੋ: ਪਿਸ਼ਲ G. P. Ein 26 ਮਾਂ ਕਹੇ ਛੇ ਕੇ ਢੱਕੀ ਏ ਪੂਰਬ ਬੰਗਾਲ ਨਾ ਢੱਕਾ ਉਪਰ ਥੀ ਹਸ਼ੇ । ਪ੍ਰੋ: ਪਿਸ਼ਲ ਨੂੰ ਮਾਨਵੂ ਭੂਲ ਭਰੇਲੂੰ ਛੇ । ਕਦਾਚ ਤੇ 'ਮਿਛ ਕਟਿਕ' ਨੀ ਢੱਕੀ ਨੀਂ ਮਾਗਧੀ ਅਸਰ ਪਰ ਥੀ ਆ ਅਨੁਮਾਨ ਬ�ांधવા ਦੋਰਾਈ ਗਏ ਨਾ ਹੋ ਬਾ ਜੋਈਏ । ਗ੍ਰੀਅਰਸਨ ਨੇ (J. R. A. S 1918 P. 875-83) ਏਮ ਬਤਾਵਯੂੰ ਛੇ ਕਿ ਆ ਭਾਸ਼ਾ ਨੂੰ ਖਰੂੰ ਨਾਮ 'ਟਾਕੀ' ਹੋਵ ਜੋਈਏ ਅਨ ਤੇ ਭਾਸ਼ਾ ਅਰਬਾਚੀਨ ਰਾਜਪੂਤਾਨਾ ਨਾ ਈਸਾਨ ਪ੍ਰਦੇਸ਼ ਮਾਂ ਏਟਲੇ ਜਯਪੁਰ, ਟੌਂਕ ਅਨੇ ਪੰਜਾਬ ਨਾ ਅਗਨਿਕੋਣ ਮਾਂ ਬੋਲਾਤੀ ਹੋਵੀ ਜੋਈਏ ।

ਟਾਕੀ ਭਾਸ਼ਾ, ਅਪਭ੍ਰੰਸ਼ ਨੀ ਏਕ ਬੋਲੀ ਹੋਵੀ ਜੋਈਏ ।

(ਅਪਭ੍ਰੰਸ਼-ਪਾਠਾਵਲੀ, ਟਿਪਣੀ 37, 38 ਪੰਨਾ)

ਇਨ੍ਹਾਂ ਪ੍ਰਮਾਣਾਂ ਤੋਂ ਪ੍ਰਗਟ ਹੈ ਕਿ ਟੱਕੀ ਪੁਰਾਣੇ ਪੰਜਾਬ ਦੀ ਇਕ ਮੁਖ ਉਪਬੋਲੀ ਸੀ ।

ਇਸੇ ਤਰ੍ਹਾਂ ਵਰਰੁਚੀ ਤੇ ਅਚਾਰਜ ਹੇਮਚੰਦਰ ਆਦਿ ਨੇ 'ਕੇਕਈ ਪੈਸ਼ਾਚਿਕਾ' ਦਾ ਜ਼ਿਕਰ ਕੀਤਾ ਹੈ, ਜੋ ਕਿ ਲਹਿੰਦੀ ਪੰਜਾਬੀ ਦੀ ਵੱਡੀ ਵਡੇਰੀ ਸੀ । ਪ੍ਰੋ: ਚੁਨੀ ਚੰਦ ਇਸ ਦੇ ਮੋਟੇ ਲੱਛਣ ਇਹ ਦਸਦੇ ਹਨ, ਹਰ ਪਾਲ ਦੇ ਤੀਜੇ ਚੌਥੇ ਅੱਖਰ ਦੀ ਥਾਂ ਪਹਿਲਾ ਦੂਜਾ ਅੱਖਰ ਹੋ ਜਾਣਾ । ਸ਼ ਤੇ ਖ ਦੀ ਥਾਂ ਸ, ਟ ਦੀ ਥਾਂ ਤ, ਣ ਦੀ ਥਾਂ ਨ ਹੋਣਾ । ਸੁਰ-ਭਗਤੀ ਵੀ ਇਸ ਵਿਚ ਪਾਈ ਜਾਂਦੀ ਹੈ ।

ਭੂਗੋਲਕ ਨਜ਼ਰ ਨਾਲ ਜੇ ਅਸੀਂ ਉਸ ਸਮੇਂ ਦੇ ਪੰਜਾਬ ਦਾ ਧਿਆਨ ਧਰੀਏ ਤਾਂ ਪਤਾ ਲਗੇਗਾ ਕਿ ਉਸ ਵੇਲੇ ਪੂਰਬੀ ਪੰਜਾਬ ਵਾਲਾ ਹਿੱਸਾ 'ਮੱਧ ਦੇਸ' (ਯੂ.-ਪੀ.) ਨਾਲ ਸਬੰਧਤ ਸੀ ਅਤੇ ਪੱਛਮੀ ਪੰਜਾਬ ਦਾ ਤਮੱਲਕ ਸਰਹੱਦੀ ਪ੍ਰਾਂਤ ਯਾ ਕਹੋ ਗੰਧਾਰ ਦੇਸ਼ ਨਾਲ ਸੀ । ਮੱਧ ਦੇਸ਼ ਦੀ ਸਾਹਿਤਕ ਬੋਲੀ ਸ਼ੌਰਸੈਨੀ ਅਪਭ੍ਰੰਸ਼ ਸੀ ਤੇ ਦੂਜੇ ਪਾਸੇ ਦੀ ਪੈਸ਼ਾਚੀ ਅਪਭ੍ਰੰਸ਼ । ਇਸ ਤੋਂ ਸਾਫ਼ ਪ੍ਰਗਟ ਹੈ ਕਿ ਉਸ ਵੇਲੇ ਦਾ ਪੰਜਾਬ ਅੱਧਾ ਸ਼ੌਰਸੈਨੀ ਦੇ ਪ੍ਰਭਾਵ ਹੇਠ ਸੀ ਤੇ ਅੱਧਾ ਪੈਸ਼ਾਚੀ ਦੇ । ਡਾ. ਗ੍ਰੀਅਰਸਨ ਦੇ ਵਿਚਾਰ ਅਨੁਸਾਰ ਤਾਂ ਪਹਿਲੇ ਪੂਰਬੀ ਪੰਜਾਬ ਵਿਚ ਵੀ ਪੈਸ਼ਾਚੀ ਦਾ ਹੀ ਜ਼ੋਰ ਸੀ, ਪਿਛੋਂ ਸ਼ੌਰਸੈਨੀ ਨੇ ਆ ਕੇ ਇਹ ਥਾਂ ਮੱਲੀ । ਇਸ ਲਈ ਅਸੀਂ ਇਸ ਤੋਂ ਸਹਿਜੇ ਹੀ ਲੱਖਣ ਲਾ ਸਕਦੇ ਹਾਂ ਕਿ ਵਰਤਮਾਨ ਪੰਜਾਬੀ ਦੇ ਨਿਕਾਸ ਵਿਕਾਸ ਵਿਚ ਇਨ੍ਹਾਂ ਦੋਹਾਂ ਦਾ ਹਿਸਾ ਹੈ । ਜੇ ਕਰ ਇਹ ਗੱਲ ਨਾ ਹੁੰਦੀ ਤਾਂ ਵਰਤਮਾਨ ਪੰਜਾਬੀ ਦਾ ਚਿਹਨ-ਚੱਕਰ, ਹਿੰਦੀ ਤੋਂ ਬਹੁਤਾ ਅੱਡਰਾ ਨਹੀਂ ਸੀ ਹੋਣਾ । ਜੋ ਕੁਝ ਇਨ੍ਹਾਂ ਦਾ ਮਿਲਦਾ ਹੈ ਉਹ ਇਸ ਲਈ ਕਿ ਪੰਜਾਬੀ ਹਿੰਦੀ ਦੋਹਾਂ ਦੀ ਮਾਂ ਸ਼ੌਰਸੈਨੀ ਅਪਭ੍ਰੰਸ਼ ਹੈ । ਜੋ ਨਹੀਂ ਮਿਲਦਾ ਉਹ ਇਸ ਲਈ ਕਿ ਪੰਜਾਬੀ ਉਤੇ ਪੈਸ਼ਾਚੀ ਅਪਭ੍ਰੰਸ਼ ਦਾ ਵੀ ਡਾਢਾ ਅਸਰ ਹੈ । ਇਸ ਲਈ ਪਹਿਲੇ ਇਨ੍ਹਾਂ ਦੋਹਾਂ ਦਾ ਹਾਲ ਚਾਲ ਜਾਣਨਾ ਜ਼ਰੂਰੀ ਹੈ ।

ਸ਼ੌਰਸੈਨੀ

ਡਾ. ਚੈਟਰਜੀ ਦੇ ਸ਼ਬਦਾਂ ਵਿਚ 'ਜਦੋਂ ਸਾਰੇ ਉਤਰੀ ਹਿੰਦ ਅੰਦਰ ਪ੍ਰਾਂਤਕ ਪ੍ਰਾਕ੍ਰਤਾਂ ਚਾਲੂ ਹੋਈਆਂ ਤਾਂ ਇਨ੍ਹਾਂ ਵਿਚੋਂ ਖਾਸ ਕਰਕੇ ਬ੍ਰਹਿਮ ਰਿਸ਼ੀ ਦੇਸ਼ ਜਾਂ ਕੁਰੂ ਪੰਚਾਲ (ਸਰਸੁਤੀ

‡ਨਾਗਰੀ ਪ੍ਰਚਾਰਣੀ ਪੱਤ੍ਰਿਕਾ, ਵਰਖ 50, ਅੰਕ 1, 2 (ਪੰਨਾ 102)

Sri Satguru Jagjit Singh Ji eLibrary NamdhariElibrary@gmail.com

ਜਮਨਾ ਵਿਚਕਾਰ ਦਾ ਇਲਾਕਾ) ਦੀ ਸ਼ੌਰਸੈਨੀ ਪ੍ਰਾਕ੍ਰਿਤ ਸਭ ਤੋਂ ਸਰੇਸ਼ਟ ਮੰਨੀ ਜਾਂਦੀ ਸੀ।'

ਜੋ ਮਹੱਤਤਾ ਇਸ ਸ਼ੌਰਸੈਨੀ ਪ੍ਰਾਕ੍ਰਿਤ ਦੀ ਸੀ, ਇਸ ਤੋਂ ਬਦਲੀ ਸ਼ੌਰਸੈਨੀ ਅਪਭ੍ਰੰਸ਼ ਨੂੰ ਵੀ ਇਹੋ ਖ਼ਾਨਦਾਨੀ ਵਡਿਆਈ ਮਿਲੀ। ਭਾਸ਼ਾ-ਵਿਗਿਆਨੀਆਂ ਦੀ ਤਾਂ ਇਹ ਵੀ ਰਾਏ ਹੈ ਕਿ ਮੱਧ ਦੇਸ਼ ਦੀ ਪ੍ਰਾਕਿਤ ਤੋਂ ਹੀ ਪਾਲੀ ਬਣੀ ਸੀ ਜੋ ਕਿ ਮਗਧ ਵਿਚ ਜਾ ਕੇ ਮਾਗਧੀ ਅਖਵਾਈ। ਇਸੇ ਤਰ੍ਹਾਂ ਡਾਕਟਰ ਮਨਮੋਹਨ ਘੋਸ਼ ਦਾ ਕਹਿਣਾ ਹੈ ਕਿ ਮਹਾਂਰਾਸ਼ਟਰੀ ਵੀ ਸ਼ੌਰਸੈਨੀ ਪ੍ਰਾਕ੍ਰਿਤ ਤੋਂ ਹੀ ਨਿਕਲੀ। ਯਾ ਇਸੇ ਦੀ ਇਕ ਸਟੇਜ ਸੀ ਅਤੇ ਵਿਦਵਾਨ ਇਸ ਨੂੰ ਦੱਖਣ ਲੈ ਗਏ।‡ 'ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਕਿਸੇ ਵੀ ਪ੍ਰਾਕ੍ਰਿਤ ਦੀ ਪੈਦਾਇਸ਼ ਸੰਸਕ੍ਰਿਤ ਤੋਂ ਨਹੀਂ ਹੋਈ। ਸ਼ੌਰਸੈਨੀ ਪ੍ਰਾਕ੍ਰਿਤ ਦਾ ਮੂਲ ਵੀ ਵੈਦਕ ਯਾ ਲੌਕਕ ਸੰਸਕ੍ਰਿਤ ਨਹੀਂ ਸੀ ਸਗੋਂ ਸ਼ੌਰਸੈਨੀ ਤੇ ਸੰਸਕ੍ਰਿਤ ਦੋਵੇਂ ਹੀ ਵੈਦਕ ਯੁਗ ਵਿਚ ਚਾਲੂ ਸ਼ੂਰਸੇਨ (ਮਥਰਾ) ਤੇ ਮੱਧਦੇਸ਼ ਦੀ ਬੋਲ ਚਾਲ ਦੀ ਪ੍ਰਾਕਿਤ ਤੋਂ ਪੈਦਾ ਹੋਈਆਂ ਸਨ।'

['ਪਾਇਓ ਸੱਦ ਮਹਾਰਣਵੇ' ਦੀ ਭੂਮਿਕਾ, ਪੰਨਾ 34]

ਪੁਰਾਣੇ ਸੰਸਕ੍ਰਿਤ ਨਾਟਕਾਂ ਵਿਚ ਮੱਧਮ ਸ਼ਰੇਣੀ ਦੇ ਪਤਵੰਤੇ ਪਾਤਰ ਅਤੇ ਔਰਤਾਂ ਸ਼ੌਰਸੈਨੀ ਪ੍ਰਾਕ੍ਰਿਤ ਵਿਚ ਹੀ ਬੋਲਦੀਆਂ ਹਨ। ਇਸ ਗੱਲ ਤੋਂ ਏਸ ਵਿਚਾਰ ਦੀ ਪੁਸ਼ਟੀ ਹੁੰਦੀ ਹੈ ਕਿ ਸੰਸਕ੍ਰਿਤ ਤੋਂ ਦੂਜੇ ਦਰਜੇ ਤੇ ਜੇ ਕੋਈ ਸਟੈਂਡਰਡ ਪ੍ਰਾਕ੍ਰਿਤ ਸੀ ਤਾਂ ਉਹ ਸ਼ੌਰਸੈਨੀ ਪ੍ਰਾਕ੍ਰਿਤ ਹੀ ਸੀ। ਅਗੇ ਇਸ ਦੀ ਜੋ ਸ਼ੌਰਸੈਨੀ ਅਪਭ੍ਰਸ਼ ਬਣੀ, ਉਸ ਨੂੰ ਵੀ ਇਹ ਗੌਰਵ ਵਿਰਸੇ ਵਿਚ ਮਿਲਿਆ।

ਪੁਰਾਣੇ ਜ਼ਮਾਨੇ ਵਿਚ ਮੱਧ ਦੇਸ਼ ਤੋਂ ਮੁਰਾਦ ਸੁਰਸੜੀ (ਅੰਬਾਲਾ ਰੋਪੜ) ਤੋਂ ਲੈ ਕੇ ਗੰਗਾ ਤਕ ਦਾ ਸਾਰਾ ਇਲਾਕਾ ਸੀ। ਕਈ ਇਧਰ ਰਾਵੀ ਤਕ ਵੀ ਹੱਦ ਮੰਨਦੇ ਹਨ। ਇਥੇ ਹੀ ਬ੍ਰਾਹਮਣੀ ਸਭਿਅਤਾ ਦਾ ਵਿਕਾਸ ਹੋਇਆ ਤੇ ਇਸ ਸਭਿਆਚਾਰਕ ਕੇਂਦਰ ਨੇ ਬਾਕੀ ਆਲੇ ਦੁਆਲੇ ਨੂੰ ਵੀ ਪ੍ਰਭਾਵਤ ਕੀਤਾ। ਜੇਹਾ ਕਿ ਅਸੀਂ ਪਿਛੇ ਕਿਹਾ ਹੈ, ਪੂਰਬੀ ਪੰਜਾਬ ਦਾ ਬਹੁਤ ਹਿੱਸਾ ਇਸੇ ਮੱਧ ਦੇਸ਼ ਦਾ ਅੰਗ ਸੀ ਤੇ ਇਸ ਇਲਾਕੇ ਵਿਚ ਰਾਵੀ ਤਕ‡ ਸ਼ੌਰਸੈਨੀ ਪ੍ਰਾਕ੍ਰਿਤ ਯਾ ਉਸ ਤੋਂ ਬਾਅਦ ਸ਼ੌਰਸੈਨੀ ਅਪਭ੍ਰੰਸ਼ ਦਾ ਜ਼ੋਰ ਰਿਹਾ। ਇਹ ਸ਼ੌਰਸੈਨੀ ਅਪਭ੍ਰੰਸ਼ ਜੈਸਾ ਕਿ ਜਾਰਜ ਗੀਅਰਸਨ, ਡਾਕਟਰ ਚੈਟਰਜੀ ਤੇ ਹੋਰ ਸਭ ਵਿਦਵਾਨਾਂ ਮੰਨਿਆ ਹੈ, ਹਿੰਦ ਦੀ ਕੇਂਦਰੀ ਬੋਲੀ ਹੋਣ ਕਰ ਕੇ ਪੰਜਾਬ ਤੋਂ ਬੰਗਾਲ ਤਕ, ਨਿਪਾਲ ਤੋਂ ਮਹਾਰਾਸ਼ਟਰ ਤੱਕ ਪ੍ਰਮਾਣੀਕ ਸਾਹਿਤਕ ਜ਼ਬਾਨ ਮੰਨੀ ਜਾਂਦੀ ਸੀ।

ਇਹ ਠੀਕ ਹੈ ਕਿ ਸ਼ੌਰਸੈਨੀ ਅਪਭ੍ਰੰਸ਼ (ਨਾਗਰ ਯਾ ਪੱਛਮੀ ਅਪਭ੍ਰੰਸ਼) ਭਾਵੇਂ ਇਕ ਸਮੇਂ ਸਾਰੇ ਦੇਸ਼ ਤੇ ਛਾਈ ਹੋਈ ਸੀ ਤੇ ਹਰ ਥਾਂ ਹੀ ਇਸ ਦਾ ਅਸਰ ਸੀ ਪਰੰਤੂ ਇਸ ਦੀ ਜੰਮ-ਭੋਂ ਵਾਲੇ ਥਾਂ ਉਤੇ ਇਸ ਦਾ ਆਪਣਾ ਅਧਿਕ ਪ੍ਰਭਾਵ ਹੋਣਾ ਲਾਜ਼ਮੀ ਗੱਲ ਸੀ। ਇਸ ਸਮੇਂ ਪ੍ਰਾਂਤਕ ਬੋਲੀਆਂ ਵੀ ਜਨਮ ਲੈ ਰਹੀਆਂ ਸਨ ਇਸ ਲਈ ਉਨ੍ਹਾਂ ਉਤੇ ਵੀ ਇਸ ਦਾ ਗਹਿਰਾ

---

‡Indo Aryan and Hindi P. 85, 86 ਤੇ 163

ਸ਼ਾਮਾਨਯ ਭਾਸ਼ਾ ਵਿਗਿਆਨ (ਬਾਬੂ ਰਾਮ ਸਕਸੈਨਾ) ਪੰਨਾ 263

‡This Hindi and Devnagri (ਮੰਦਨ ਗੋਪਾਲ), ਪੰਨਾ 78
ਪੀ. ਡੀ. ਗੁਪ੍ਤੇ, 218, ਪੰਨਾ 219

ਅਸਰ ਹੋਇਆ ।*

ਡਾ: ਚੈਟਰਜੀ ਲਿਖਦੇ ਹਨ, 'ਐਸੀ ਭਾਸ਼ਾ ਜੋ ਪ੍ਰਚਲਤ ਦੇਸਭਾਸ਼ਾਵਾਂ ਨਾਲ ਵੀ ਮਿਲਦੀ ਜੁਲਦੀ ਸੀ, ਉਸ ਦਾ ਉਨ੍ਹਾਂ ਤੇ ਪ੍ਰਭਾਵ ਪੈਣਾ ਕੋਈ ਹੈਰਾਨੀ ਵਾਲੀ ਗੱਲ ਨਹੀਂ, ਇਸੇ ਕਰਕੇ ਸ਼ੌਰਸੈਨੀ ਅਪਭ੍ਰੰਸ਼ ਦਾ ਪਛਮੀ ਰਾਜਸਥਾਨੀ ਤੇ ਉਧਰ ਪੰਜਾਬ ਦੀਆਂ ਬੋਲੀਆਂ ਉਤੇ ਬਹਤ ਡੂੰਘਾ ਪ੍ਰਭਾਵ ਪਿਆ ।' [ਰਾਜਸਥਾਨੀ ਭਾਸ਼ਾ, ਪੰਨਾ ' 4]

ਇਸੇ ਕਰਕੇ ਪ੍ਰੋ: ਦੁਨੀ ਚੰਦ ਨੇ ਸ਼ੌਰਸੈਨੀ ਨੂੰ ਪੰਜਾਬੀ ਤੇ ਹਿੰਦੀ ਦੀ ਮਾਂ ਕਿਹਾ ਹੈ ।‡

ਭਗਵਤ ਸ਼ਰਣ ਉਪਾਧਿਆਇ ਦੀ ਰਾਇ ਹੈ :—

'ਅਪਭ੍ਰੰਸ਼ ਤੋਂ ਸਿੰਧੀ, ਪੱਛਮੀ ਪੰਜਾਬੀ ਤੇ ਕਸ਼ਮੀਰੀ, ਸ਼ੌਰਸੈਨੀ ਤੋਂ ਪੂਰਬੀ ਪੰਜਾਬੀ, ਹਿੰਦੀ ਤੇ ਗੁਜਰਾਤੀ ਅਤੇ ਮਾਗਧੀ, ਅਰਧਮਾਗਧੀ ਤੋਂ ਮਰਾਠੀ, ਬੰਗਾਲੀ ਤੇ ਮੈਥਲੀ, ਭੋਜਪੁਰੀ ਆਦਿ ਬੋਲੀਆਂ ਪ੍ਰਗਟੀਆਂ ।' [ਹਿੰਦੀ ਵਿਸ਼ਵਭਾਰਤੀ, ਪੰਨਾ 1854]

ਪੰਡਤ ਅਯੁਧਿਆ ਸਿੰਘ ਉਪਾਧਿਆਇ ਹਰਿ-ਔਧ ਆਖਦੇ ਹਨ, 'ਪੱਛਮੀ ਭਾਰਤ ਦੀਆਂ ਵਰਤਮਾਨ ਭਾਸ਼ਾਵਾਂ ਦਾ ਸਬੰਧ ਨਾਗਰ ਅਪਭ੍ਰੰਸ਼ ਨਾਲ ਹੈ । ਉਸ ਦਾ ਇਕ ਰੂਪ ਸੀ ਸ਼ੌਰਸੈਨੀ, ਦੂਜਾ ਆਵੰਤੀ । ਸ਼ੌਰਸੈਨੀ ਦਾ ਵਿਸਥਾਰ ਪੱਛਮੀ ਹਿੰਦੀ ਤੇ ਪੰਜਾਬੀ ਵਿਚ ਦੇਖਿਆ ਜਾਂਦਾ ਹੈ ਤੇ ਆਵੰਤੀ ਦਾ ਪ੍ਰਭਾਵ ਰਾਜਸਥਾਨੀ ਤੇ ਗੁਜਰਾਤੀ ਵਿਚ । ਇਸੇ ਗੱਲ ਨੂੰ ਸ੍ਰੀ ਬ੍ਰਿਜ ਮੋਹਨ ਦੱਤਾਤ੍ਰੇ ਜੀ ਨੇ ਇਤ੍ਹੇਂ ਸਪਸ਼ਟ ਕੀਤਾ ਹੈ :—

'ਪੰਜਾਬੀ ਕੇ ਬਾਰੇ ਮੇਂ ਦੋ ਖ਼ਾਸ ਬਾਤੇਂ ਜ਼ਿਕਰ ਕੇ ਕਾਬਲ ਹੈਂ ਏਕ ਤੋ ਯੇਹ ਕਿ ਸ਼ੌਰਸੈਨੀ ਪ੍ਰਾਕ੍ਰਿਤ ਕੇ ਆਸਾਰ ਜਿਸ ਕਦਰ ਪੰਜਾਬੀ ਮੇਂ ਪਾਏ ਜਾਤੇ ਹੈਂ ਔਰ ਆਜ ਤਕ ਮੌਜੂਦ ਹੈਂ, ਇਤਨੇ ਕਿਸੀ ਔਰ ਜ਼ਬਾਨ ਮੇਂ ਨਹੀਂ ਪਾਏ ਜਾਤੇ (ਔਰ ਦੂਸਰੇ ਯੇਹ ਕਿ ਗੈਰ ਮੁਲਕੀ ਇਲਫਾਜ਼ ਸੇ ਮਿਹਮਾਨ-ਨਵਾਜ਼ੀ ਕਾ ਵਰਤਾਉ ਸਬ ਸੇ ਪਹਿਲੇ ਇਸੀ ਕੇ ਹਿੱਸੇ ਮੇਂ ਆਇਆ) ।'

(ਕੈਫੀਆ ਪੰਨਾ 57)

ਸ਼ੌਰਸੈਨੀ ਦਾ ਪੰਜਾਬੀ ਉਤੇ ਇਤਨਾ ਪ੍ਰਭਾਵ ਹੋਣ ਦਾ ਕਾਰਣ ਇਹ ਹੈ ਕਿ ਦਰਅਸਲ ਲੱਗਭਗ ਸਾਰਾ ਪੂਰਬੀ ਪੰਜਾਬ ਉਸ ਸਮੇਂ ਯੂ. ਪੀ. ਦੇ ਇਲਾਕੇ ਨਾਲ ਹੀ ਸੰਬੰਧਤ ਸੀ, ਜਿਸ ਨੂੰ ਬਹਮਾਵਰਤ ਯਾ ਮੱਧ ਦੇਸ਼ ਕਿਹਾ ਜਾਂਦਾ ਸੀ । ਮੁਸਲਮਾਨੀ ਕਾਲ ਵਿਚ ਇਹ ਹੱਦਾਂ

---

*This Sauraseni Prakrit, with elements form the dialects of Rajputana, was transformed into Sauraseni Apabharamsa which reigned supreme over Indo-Aryan Vernaculars for several centuries, being the most widely spread form of Indian Vernacular Speech in the centuries immediately before the Turki conquest. Westren Apabhramsa was something like Hindustani in those days; it created everywhere mixed literary dialects, on its own basis, with local elements which were, unavoidable. ('Indo-Aryan & Hindi.' P. 174.)

‡ਪੰਜਾਬੀ ਔਰ ਹਿੰਦੀ ਕਾ ਭਾਸ਼ਾ ਵਿਗਿਆਨ—ਪੰਨਾ 45

ਬਦਲੀਆਂ ਤੇ ਇਸੇ ਮੁਤਾਬਕ ਇਸ ਇਲਾਕੇ ਦੀ ਬੋਲੀ ਦਾ ਸਮੁਚੀ ਪੰਜਾਬੀ ਉਤੇ ਡੂਘ ਪ੍ਰਭਾਵ ਪਿਆ ।

ਪੈਸ਼ਾਚੀ

ਸ਼ੌਰਸੈਨੀ ਅਪਭ੍ਰੰਸ਼ ਤੋਂ ਇਲਾਵਾ ਪੰਜਾਬੀ ਦੀ ਬਣਤਰ ਵਿਚ ਪੈਸ਼ਾਚੀ ਦਾ ਵੀ ਬਹੁਤ ਸਾਰਾ ਹੱਥ ਹੈ । ਮਿ: ਗ੍ਰੀਅਰਸਨ ਤਾਂ ਇਥੋਂ ਤਕ ਕਹਿੰਦਾ ਹੈ ਕਿ ਪੰਜਾਬੀ ਦੀ ਬੁਨਿਆਦ ਹੀ ਪੈਸ਼ਾਚੀ ਹੈ, ਉਤੇ ਇਮਾਰਤ ਜ਼ਰੂਰ ਸ਼ੌਰਸੈਨੀ ਦੀ ਖੜੀ ਕੀਤੀ ਗਈ ਹੈ ।

ਬਦਰੀ ਨਾਥ ਭੱਟ ਵੀ ਪੰਜਾਬ ਦੀ ਪ੍ਰਾਕ੍ਰਿਤ ਤੇ ਪੈਸ਼ਾਚੀ ਦੇ ਮੇਲ ਤੋਂ ਹੀ ਪੰਜਾਬੀ ਦੀ ਉਤਪਤੀ ਹੋਈ ਮੰਨਦੇ ਹਨ ।‡ ਇਸ ਲਈ ਪੈਸ਼ਾਚੀ ਦੇ ਸਬੰਧ ਵਿਚ ਕੁਝ ਗੱਲਾਂ ਜਾਣਨੀਆ ਅਤਿ ਜ਼ਰੂਰੀ ਹਨ ।

ਉਤੇ ਦਿੱਤੇ ਗਏ ਵੇਰਵਿਆਂ ਵਿਚ ਥਾਂ ਥਾਂ 'ਪੈਸ਼ਾਚੀ' ਦਾ ਜ਼ਿਕਰ ਆਇਆ ਹੈ, ਇਨ੍ਹੂੰ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ । ਕਈ ਵਿਦਵਾਨ ਪੈਸ਼ਾਚੀ (ਪਿਸ਼ਾਚਾਂ-ਮਾਸਖੋਰਿਆ ਦੈਂਤਾ ਦੀ ਬੋਲੀ) ਨਾਂ ਸੁਣ ਕੇ ਕੰਬ ਉਠਦੇ ਹਨ । ਉਹ ਨਹੀਂ ਚਾਹੁੰਦੇ ਕਿ ਇਸ ਦਾ ਸਬੰਧ ਪੰਜਾਬ ਜਾਂ ਪੰਜਾਬੀ ਨਾਲ ਹੋਵੇ । ਪਰ ਇਹ ਡਰਨ ਵਾਲੀ ਗੱਲ ਨਹੀਂ ਜਿਹਾ ਕਿ ਅਸਾਂ ਪਿਛੇ ਦੱਸਿਆ ਹੈ, ਵੇਦਕ ਜ਼ਮਾਨੇ ਦੇ ਲਾਗੇ ਚਾਗੇ ਹੀ ਜੋ ਆਰੀਆ ਸੁਰਸਤੀ ਲੰਘ ਗੰਗਦੁਆਬ ਵੱਲ ਨਿਕਲ ਗਏ, ਉਨ੍ਹਾਂ 'ਸਪਤ-ਸਿੰਧੂ' ਵਿਚ ਵਸਦੇ ਆਪਣੇ ਆਰੀਆ ਭਾਈਆਂ ਨੂੰ ਛੁਟਿਆਉਣ ਲਈ ਇਹ ਨਾਮ ਪਾਇਆ ਤੇ ਆਪਣੀ ਨਵੀਂ ਵਸਤੀ ਨੂੰ ਬ੍ਰਹਮਰਿਸ਼ੀ-ਦੇਸ਼ ਜਾਂ ਬ੍ਰਹਮਾਵਰਤ ਕਹਿ ਕੇ ਵਡਿਆਇਆ । ਮਹਾਂਭਾਰਤ ਦੇ ਜ਼ਮਾਨੇ ਵਿਚ ਵੀ ਉਨ੍ਹਾਂ 'ਸਪਤ ਸਿੰਧੂ' ਜਾਂ ਮਦਰ ਦੇਸ਼ ਦੇ ਵਸਨੀਕਾਂ ਨੂੰ ਰੱਜ ਰੱਜ ਕੇ ਨਿੰਦਣਾ ਜਾਰੀ ਰੱਖਿਆ । ਆਪਣੇ ਆਪ ਨੂੰ ਦੇਵਤੇ ਸਮਝਣ ਵਾਲੇ ਤੇ ਗੰਢੇ ਲਸਣ ਦਾ ਵੀ ਪ੍ਰਹੇਜ਼ ਕਰਨ ਵਾਲੇ ਬ੍ਰਾਹਮਣ, ਝਟਕੇ ਛਕਣ ਵਾਲੇ ਮਦਰ ਲੋਕਾਂ ਨੂੰ ਕਿਵੇਂ ਪਸੰਦ ਕਰ ਸਕਦੇ ਸਨ ? ਨਾ ਤਾਂ ਇਹ ਲੋਕ ਵੇਦਾਂ ਨੂੰ, ਨਾ ਹੀ ਬ੍ਰਾਹਮਣਾਂ ਨੂੰ ਮੰਨਦੇ ਸਨ ਤੇ ਨਾ ਹੀ ਇਨ੍ਹਾਂ ਦਾ ਜਾਤ ਪਾਤ ਉਤੇ ਕੋਈ ਭਰੋਸਾ ਸੀ । ਇਹ ਇਕ ਰਾਜੇ ਦੇ ਕੁੰਡੇ ਹੇਠ ਵੀ ਨਹੀਂ ਸਨ; ਪੰਚਾਇਤੀ ਰਾਜ ਦਾ ਵਰਤਾਰਾ ਸੀ । ਇਸ ਤਰ੍ਹਾਂ ਇਹ ਪੰਜਾਬੀ ਧਾਰਮਕ ਤੇ ਰਾਜਨੀਤਕ ਤੌਰ ਤੇ ਪੂਰੀ ਖੁਲ੍ਹ ਮਾਣਨ ਵਾਲੇ ਲੋਕ ਸਨ । ਅਜੇਹਿਆਂ ਕਾਰਣਾਂ ਕਰਕੇ ਹੀ ਘ੍ਰਿਣਾ ਨਾਲ ਸੁਰਸਤੀ ਪਾਰ ਦੀ ਸਾਰੀ ਵਸੋਂ ਨੂੰ ਜਿਸ ਵਿਚ ਕਸ਼ਮੀਰ, ਪੱਛਮੀ ਪੰਜਾਬ, ਸਰਹੱਦੀ ਸੂਬਾ ਤੇ ਕੰਧਾਰ ਤਕ ਦਾ ਇਲਾਕਾ ਸ਼ਾਮਲ ਸੀ, 'ਪਿਸ਼ਾਚ ਦੇਸ਼'§ ਆਖਿਆ ਜਾਣ ਲੱਗਾ, ਤੇ ਉਨ੍ਹਾਂ ਦੀ ਬੋਲੀ ਨੂੰ ਪੈਸ਼ਾਚੀ । ਸੋ ਇਹ ਪੰਜਾਬੀਆਂ ਦਾ ਆਪ ਪਾਇਆ ਯਾ ਆਪ ਕਬੂਲ ਕੀਤਾ ਨਾਮ ਨਹੀਂ, ਵੈਰੀਆਂ ਦੀ ਨਿੰਦਕ ਬੋਲੀ ਦਾ ਸ਼ਿੱਟਾ ਸੀ । ਅਠਾਰਵੀਂ ਸਦੀ ਵਿਚ ਦੁਰਾਨੀ ਹਮਲਾਆਵਰ (ਜਿਹਾ ਕਿ ਕਾਜ਼ੀ ਨੂਰ ਮੁਹੰਮਦ ਲਿਖਦਾ ਹੈ) ਪੰਜਾਬ ਦੇ ਰਾਖਿਆਂ ਬਹਾਦਰ ਸਿੰਘਾਂ ਨੂੰ 'ਸਗ' ਅਥਵਾ ਕੁੱਤੇ ਆਖਦੇ ਸਨ ਤੇ ਇਧਰ ਸਿੰਘ ਵੀ, 'ਦੇਸ਼ ਨੂੰ ਪਾੜ ਪਾੜ ਭਖਾਹ

---

‡ਹਿੰਦੀ, ਪੰਨਾ 21

§ਲਛਮੀਧਰ 'ਖਟ ਭਾਸ਼ਾ ਚੰਦ੍ਰਕਾ' ਵਿਚ ਪੈਸ਼ਾਚ ਦੇਸ਼ਾਂ ਦੀ ਬੋਲੀ ਨੂੰ 'ਪੈਸ਼ਾਚੀ' ਨਾਂ ਦੇਂਦਾ ਹੈ ਤੇ ਪਿਸ਼ਾਚ ਦੇਸ਼ ਇਹ ਗਿਣਦਾ ਹੈ—'ਪਾਂਡਯ, ਕੇਕਯ, ਵਾਹਲੀਕ (ਬਲਖ), ਸਿੰਹਲ, ਕੁੰਤਲ, ਗਾਂਧਾਰ (ਕੰਧਾਰ), ਹੈਵ (ਹਿਮਾਲੀਆ ਦੀ ਤਰਾਈ) ਤੇ ਕੰਨੌਜਨ (ਦਖਣੀ ਮਹਾਂਰਾਸ਼ਟਰ ਦਾ ਪਹਾੜੀ ਭਾਗ) ।

ਕਰਨ ਵਾਲੇ', ਅਹਿਮਦ ਸ਼ਾਹ ਦੁਰਾਨੀ ਨੂੰ 'ਕਾਬਲੀ ਕੁੱਤਾ' ਆਖਣਾ ਪਸੰਦ ਕਰਦੇ ਸਨ। ਕਿਸੇ ਪੰਜਾਬੀ ਲਈ ਉਸ ਨੂੰ 'ਹੀਰੋ' ਬਣਾ ਕੇ ਪੇਸ਼ ਕਰਨਾ ਤਾਂ ਮੂਰਖਤਾ ਤੇ ਬੇਗ਼ੈਰਤ ਭਰਿਆ ਕੰਮ ਸੀ ਜੋ ਕੋਈ ਅਗਿਆਨੀ ਹੀ ਕਰ ਸਕਦਾ ਸੀ।

ਇਸੇ ਤਰ੍ਹਾਂ 'ਪਿਸ਼ਾਚ' ਨਾਂ ਦੁਸ਼ਮਨ ਜ਼ਬਾਨ ਦੀ ਕਾਢ ਸੀ। ਇਸੇ ਕਰਕੇ ਇਨ੍ਹਾਂ ਦੀ ਬੋਲੀ ਪੈਸ਼ਾਚੀ ਕਹਾਈ। ਇਸ ਦੀ ਮਹੱਤਤਾ ਤੇ ਹੋਂਦ ਤੋਂ ਇਨਕਾਰ ਨਹੀਂ ਕੀਤਾ ਜਾ ਸਕਿਆ। ਇਸੇ ਲਈ ਪੁਰਾਣੇ ਵਿਦਵਾਨਾਂ ਥਾਂ ਥਾਂ ਇਸ ਦਾ ਜ਼ਿਕਰ ਕੀਤਾ ਹੈ। ਪ੍ਰਾਕ੍ਰਿਤਾਂ ਦੇ ਪਹਿਲੇ ਵਿਆਕਰਣੀ ਵਰਰੁਚੀ ਨੇ ਪੈਸ਼ਾਚੀ ਦਾ ਵਿਆਕਰਣ ਵੀ ਦਿੱਤਾ ਹੈ। ਇਸ ਵਿਚ ਉਹ ਮਹਾਂਰਾਸ਼ਟਰੀ ਤੋਂ ਪਿਛੋਂ ਪੈਸ਼ਾਚੀ ਦਾ ਵਰਣਨ ਕਰਦਾ ਹੈ ਤੇ ਮਾਗਧੀ ਅਤੇ ਸ਼ੌਰਸੈਨੀ ਦਾ ਬਾਅਦ ਵਿਚ। ਬਾਣ ਭਟ ਨੇ (ਯੱਤਵੀਂ ਸਦੀ) 'ਕਾਦੰਬਰੀ' ਵਿਚ ਲਿਖਿਆ ਹੈ ਕਿ ਜਿਵੇਂ ਰਾਜਕੁਮਾਰ ਹੋਰ ਵਿਦਿਆ ਵਿਚ ਨਿਪੁੰਨ ਸਨ, ਤਿਵੇਂ 'ਬ੍ਰਿਹਤ ਕਥਾ' ਦੇ ਵੀ ਗਿਆਤਾ ਸਨ ਅਤੇ ਬਾਕੀ ਬੋਲੀਆਂ ਵਾਂਗ 'ਪੈਸ਼ਾਚੀ' ਤੋਂ ਵੀ ਚੰਗੀ ਤਰ੍ਹਾਂ ਜਾਣੂ ਸਨ। ਮਹਾਨ ਸਾਹਿਤਕਾਰ ਗੁਣਾਢਯ ਦੀ ਲਿਖੀ 'ਬੱਡ ਕਹਾ' (ਕਹਾਣੀਆਂ ਦੀ ਵੱਡੀ ਪੋਥੀ) ਇਸੇ ਪੈਸ਼ਾਚੀ ਵਿਚ ਸੀ। 'ਵੱਡਾ' ਸ਼ਬਦ ਅੱਜ ਵੀ ਪੰਜਾਬੀ ਵਿਚ ਆਮ ਵਰਤਿਆ ਜਾਂਦਾ ਹੈ। ਹੁਣ ਇਹ ਗ੍ਰੰਥ ਪ੍ਰਾਪਤ ਨਹੀਂ। ਕਸ਼ਮੀਰੀ ਵਿਦਵਾਨਾਂ-ਕਵੀ ਛੇਮੇਂਦਰ ਅਤੇ ਸੋਮਦੇਵ ਨੇ 'ਬ੍ਰਿਹਤ ਕਥਾ ਮੰਜਰੀ' ਤੇ 'ਕਥਾ ਸਰਿਤ ਸਾਗਰ' ਨਾਂ ਹੇਠ ਇਸ ਦੇ ਦੋ ਸੰਸਕ੍ਰਿਤ ਅਨੁਵਾਦ ਕੀਤੇ, ਜੋ ਅੱਜ ਕੱਲ੍ਹ ਮਿਲਦੇ ਹਨ। ਇਸ ਦਾ ਮਤਲਬ ਸਾਫ਼ ਹੈ ਕਿ ਪੈਸ਼ਾਚੀ ਇਕ ਚੰਗੀ ਸਾਹਿਤਕ ਭਾਸ਼ਾ ਬਣ ਗਈ ਸੀ ਤੇ ਉਸ ਸਾਹਿਤ ਦਾ ਅਨੁਵਾਦ ਕਰਨਾ ਸੰਸਕ੍ਰਿਤ ਵਾਲੇ ਵੀ ਗੌਰਵ ਦੀ ਗੱਲ ਸਮਝਦੇ ਸਨ।

ਆਚਾਰਜ ਉਦਯੋਤਨ ਨੇ 'ਕੁਵਲਯਮਾਲਾ' (778 ਈ:) ਵਿਚ, ਦੰਡੀ ਨੇ ਕਾਵ੍ਯਾਦਰਸ਼ ਵਿਚ, ਬਾਣ ਨੇ ਹਰਿਸ਼ਚਰਿਤ ਵਿਚ, ਧਨੰਜਯ ਨੇ 'ਦਸ਼ਰੂਪਕ' ਵਿਚ ਤੇ ਸੁਬੰਧੂ ਨੇ 'ਵਾਸਵਦੱਤਾ' ਵਿਚ ਪੈਸ਼ਾਚੀ ਗ੍ਰੰਥ 'ਬੱਡ ਕਹਾ' ਦਾ ਪ੍ਰਸੰਸਾ ਭਰਿਆ ਜ਼ਿਕਰ ਕੀਤਾ ਹੈ। ਇਸੇ ਕਥਾ ਦੇ ਭਿੰਨ ਭਿੰਨ ਅੰਸ਼ਾਂ ਨੂੰ ਅਧਾਰ ਬਣਾ ਕੇ ਬਾਣ ਨੇ ਕਾਦੰਬਰੀ, ਸ੍ਰੀ ਹਰਸ਼ ਨੇ ਰਤਨਾਵਲੀ, ਭਵਭੂਤਿ ਨੇ 'ਮਾਲਤਿ ਮਾਧਵ' ਆਦਿ ਸੰਸਕ੍ਰਿਤ ਗ੍ਰੰਥ ਰਚੇ ਸਨ। ਇਸੇ ਇਕੋ ਗ੍ਰੰਥ ਦੇ ਗੌਰਵ ਤੇ ਵਿਆਪਕਤਾ ਤੋਂ ਇਹ ਸਿੱਟਾ ਕੱਢਣਾ ਔਖਾ ਨਹੀਂ ਕਿ ਪੈਸ਼ਾਚੀ ਭਾਸ਼ਾ ਇਕ ਚੰਗੀ ਅਮੀਰ ਸਾਹਿਤਕ ਜ਼ਬਾਨ ਸੀ। ਹੇਮਚੰਦ੍ਰ ਨੇ ਵੀ ਪੈਸ਼ਾਚੀ ਵਿਚ ਚੰਗਾ ਸਾਹਿਤ ਹੋਣ ਦੀ ਸਾਖ ਭਰੀ ਹੈ।

ਰਾਜਸ਼ੇਖਰ (880-920) ਪੈਸ਼ਾਚੀ ਤੇ ਭੂਤ-ਭਾਸ਼ਾ ਦਾ ਇਕੋ ਅਰਥ ਵਿਚ ਜ਼ਿਕਰ ਕਰਦਾ ਹੈ। ਉਹ ਕਹਿੰਦਾ ਹੈ, 'ਸੰਸਕ੍ਰਿਤ ਸੁਣਨ ਜੋਗ ਹੈ, ਪ੍ਰਾਕ੍ਰਿਤ ਸੁਭਾਵਕ ਮਿਠੀ ਹੈ, ਅਪਭ੍ਰੰਸ਼ ਚੰਗੀ ਹੁੰਦੜਹੋਲ ਤੇ ਭੂਤ ਭਾਸ਼ਾ ਰਸੀਲੀ ਜ਼ਬਾਨ ਹੈ।'

"ਗੌੜ (ਬਿਹਾਰ ਬੰਗਾਲ) ਵਾਲੇ ਸੰਸਕ੍ਰਿਤ ਵਿਚ ਰੁੱਝੇ ਹੋਏ ਹਨ। ਲਾਟ (ਗੁਜਰਾਤ) ਵਾਲਿਆਂ ਦੀ ਰੁਚੀ ਪ੍ਰਾਕ੍ਰਿਤ ਵਲ ਹੈ। ਮਰੂ (ਮਾਰਵਾੜ), ਟੱਕ (ਪੂ: ਪੰਜਾਬ) ਤੇ ਭਦਾਨਕ ਦੇ ਵਸਨੀਕ ਅਪਭ੍ਰੰਸ਼ ਵਰਤਦੇ ਹਨ। ਅਵੰਤੀ (ਉਜੈਨ) ਪਾਰਿਯਾਤ੍ਰ (ਪੱਛਮੀ ਬਿੰਧ) ਤੇ ਦਸ਼ਪੁਰ (ਮੰਦਸੌਰ) ਦੇ ਵਾਸੀ ਭੂਤ-ਭਾਸ਼ਾ ਦੀ ਸੇਵਾ ਕਰਦੇ ਹਨ। ਜੋ ਕਵੀ ਮੱਧ ਦੇਸ਼ ਵਿਚ ਰਹਿੰਦਾ ਹੈ, ਉਹ ਸਭ ਭਾਸ਼ਾਵਾਂ ਦੇ ਵਿਚਾਲੇ ਹੈ।" ਇਹੋ ਕਵੀ ਕਨੌਜ ਦੀ ਕੇਂਦਰੀ ਮਹੱਤਤਾ ਮੂਹਰੇ ਰਖ ਕੇ ਫਿਰ ਇਕ ਥਾਂ ਕਹਿੰਦਾ ਹੈ, **'ਰਾਜਾ, ਕਵੀ ਮੰਡਲ ਦੇ ਵਿਚਾਲੇ ਬੈਠਾ ਸਜਦਾ ਹੈ। ਉਤਰ ਵਲ (ਕਸ਼ਮੀਰ ਪੰਚਾਲ) ਸੰਸਕ੍ਰਿਤ ਚੋਂ ਕਵੀ, ਪੂਰਬ ਵਲ (ਮਗਧ ਦਾ ਹਿਸਾ) ਪ੍ਰਾਕ੍ਰਿਤ ਦੇ,**

ਪੱਛਮ ਵਲ (ਪੰਜਾਬ ਤੇ ਮਾਰਵਾੜ) ਅਪਭ੍ਰੰਸ਼ ਦੇ ਤੇ ਦੱਖਣ ਵਲ (ਉਜੈਨ ਮਾਲਵਾ ਆਦਿ) ਭੂਤ-ਭਾਸ਼ਾ ਦੇ ਕਵੀ ਸ਼ੁਸ਼ੋਭਤ ਹੋ ਰਹੇ ਹਨ।' [ਅਪਭ੍ਰੰਸ਼ ਕਾਵਤ੍ਰਯੀ ਪੰਨਾ 98, 99]

ਰਾਜ ਸ਼ੇਖਰ ਦੇ ਇਹ ਕਥਨ ਇਸ ਗੱਲ ਦਾ ਸਪੱਸ਼ਟ ਪ੍ਰਮਾਣ ਹਨ ਕਿ ਭੂਤ-ਭਾਸ਼ਾ ਯਾ ਪੈਸ਼ਾਚੀ ਦਾ ਮੱਧ ਭਾਰਤ ਵਿਚ ਵੀ ਚੰਗਾ ਬੋਲ ਬਾਲਾ ਸੀ। ਇਸ ਦਾ ਇਕੋ ਇਕ ਇਤਿਹਾਸਕ ਕਾਰਣ ਇਹ ਹੈ ਕਿ ਪੰਜਾਬ ਦੀ ਬਹਾਦਰ ‡ਮਾਲਵ ਕੌਮ ਜਦੋਂ ਵਿਜਈ ਹੋ ਕੇ ਮੱਧ ਭਾਰਤ

---

‡ਪ੍ਰਾਚੀਨ ਹਿਦ ਦੇ ਇਤਿਹਾਸ ਵਿਚ ਮਾਲਵ ਜਾਤੀ ਦਾ ਬੜਾ ਗੌਰਵ ਭਰਿਆ ਥਾਂ ਹੈ। 800 ਈ: ਪੂਰਬ ਤੋਂ ਲੈ ਕੇ 380 ਈ: ਤਕ ਇਸ ਜਾਤੀ ਦਾ ਬੜਾ ਜ਼ੋਰ ਰਿਹਾ। ਪੰਜਾਬ ਦੀ ਆਦਮ ਨਿਵਾਸੀ ਇਹ ਜਾਤੀ ਰਾਜਪੂਤਾਨੇ, ਮਧ ਭਾਰਤ, ਯੂ ਪੀ ਤੇ ਗੁਜਰਾਤ ਆਦਿ ਭਾਰਤ ਦੇ ਅਡ ਅਡ ਪ੍ਰਾਂਤਾਂ ਵਿਚ ਵਖੋ ਵਖ ਸਮੇਂ ਜਾ ਕੇ ਵਸੀ ਇਨ੍ਹਾਂ ਸਾਰੇ ਪ੍ਰਾਂਤਾਂ ਉਤੇ ਇਸ ਦੀ ਅਮਿਟ ਛਾਪ ਲਗ ਗਈ। ਇਸ ਜਾਤੀ ਨੇ ਭਾਗਾਂ ਦੇ ਚੱਕ੍ਰ ਨਾਲ ਥਾਂ ਤਾਂ ਕਈ ਛਡੇ ਪਰ ਆਪਣੀ ਆਜ਼ਾਦੀ ਤੇ ਸੁੈਮਾਨ ਨੂੰ ਕਦੀ ਵੀ ਨਾ ਛਡਿਆ।

ਯੂਨਾਨੀ ਇਤਿਹਾਸਕਾਰ ਕਰਟੀਅਸ ਨੇ ਮਾਲਵ ਜਾਤੀ ਨੂੰ ਮਲੋਈ, ਮੱਲੀ ਤੇ ਮਲਈ ਆਦਿ ਨਾਵਾਂ ਨਾਲ ਯਾਦ ਕੀਤਾ ਹੈ। ਉਹ ਲਿਖਦਾ ਹੈ, 'ਛੁਦ੍ਰਕਾਂ ਤੇ ਮਲਵਈਆਂ ਦੀ ਰਲੀ ਮਿਲੀ ਫੌਜ 90 ਹਜ਼ਾਰ ਪੈਦਲ, 10 ਹਜ਼ਾਰ ਘੋੜ-ਸਵਾਰ ਤੇ 900 ਰਥਾਂ ਵਾਲੀ ਸੀ। ਇਸੇ ਨੇ ਪੰਜਾਬ ਵਿਚ ਸਿਕੰਦਰ ਨਾਲ ਟੱਕਰ ਲਈ ਜਿਸ ਤੇ ਉਸ ਨੂੰ ਵਾਪਸ ਮੁੜਾ ਪਾਉਣਾ ਪਿਆ ਸੀ।

ਮਲਵਈਆਂ ਦੇ ਜੰਗੀ ਸ਼ੌਂਕ ਕਰਕੇ ਹੀ ਸੰਸਕ੍ਰਿਤ ਲੇਖਕਾਂ ਇਨ੍ਹਾਂ ਨੂੰ 'ਆਯੁਧ-ਜੀਵੀ ਸੰਘ' ਯਾ 'ਛਤ੍ਰਿਯ ਜਨਪਦ' ਨਾਂ ਨਾਲ ਪੁਕਾਰਿਆ ਹੈ। 150 ਈ: ਪੂਰਬ ਵਿਚ ਮਾਲਵ ਲੋਕ ਪੰਜਾਬ ਛਡ ਕੇ ਰਾਜਪੂਤਾਨੇ ਜਾ ਵਸੇ। ਇਨ੍ਹਾਂ ਦਾ ਗੜ੍ਹ ਰਿ: ਜੋ ਪੁਰ ਦੇ 'ਉਣਿਆਰਾ' ਨਾਮੀ ਥਾਂ ਕੋਲ ਸੀ, ਦਸਵੀਂ ਸਦੀ ਤਕ ਇਹ ਥਾਂ ਮਾਲਵ ਨਗਰ ਕਰਕੇ ਪ੍ਰਸਿੱਧ ਰਿਹਾ। ਇਥੋਂ ਖੁਦਾਈ ਕਰਨ ਤੇ ਹਜ਼ਾਰਾਂ ਦੀ ਗਿਣਤੀ ਵਿਚ ਮਾਲਵਾਂ ਦੇ ਸਿੱਕੇ ਮਿਲੇ ਹਨ। ਇਹ ਸਿੱਕੇ ਬੜੇ ਨਿੱਕੇ ਨਿੱਕੇ ਹਨ ਤੇ ਇਨ੍ਹਾਂ ਉਤੇ 'ਮਾਲਵਾਨਾਂ ਜਯ' ਤੇ 'ਮਾਲਵ ਗਣਸਯ ਜਯ' ਲਿਖਿਆ ਹੋਇਆ ਹੈ। ਰਿ: ਜੋ ਪੁਰ ਦੇ ਰੇਢ ਨਾਮੀ ਪਿੰਡ ਤੋਂ ਇਕ ਤਾਂਬੇ ਦਾ ਸਿੱਕਾ ਮਿਲਿਆ, ਇਸ ਉਤੇ ਪਹਿਲੀ ਸਦੀ ਈਸਵੀ ਦਾ ਬ੍ਰਾਹਮੀ ਲਿਪੀ ਵਿਚ 'ਮਾਲਵਾ ਜਨ ਪਦਸ' ਅੰਕਤ ਹੈ। ਚੌਥੀ ਸਦੀ ਵਿਚ ਮਾਲਵ ਮਧ ਭਾਰਤ ਦੀ ਪਛਮ ਉਤਰੀ ਹੱਦ ਤੇ ਦਸ ਪੁਰ ਜਾ ਵਸੇ। ਸੱਤਵੀਂ ਸਦੀ ਵਿਚ ਮਧ ਭਾਰਤ ਦੇ ਮਾਲਵਾ ਪ੍ਰਾਂਤ ਤੋਂ ਪੂਰਬ ਵਲ ਨੂੰ ਫੈਲੇ।

[ਵਿਕ੍ਰਮ ਸਿੰਮ੍ਰਤੀ ਗ੍ਰੰਥ, ਪੰਨਾ 525 – 528 ਕ੍ਰਿਸ਼ਣ ਦੇਵ ਐਮ. ਏ ਦਾ ਲੇਖ]

ਸ੍ਰੀ ਚਿੰਤਾ ਮਣੀ ਵੈਦ ਜੀ ਨੇ ਵੀ 'ਮਹਾਂ ਭਾਰਤ ਉਪਸੰਹਾਰ' ਵਿਚ ਲਿਖਿਆ ਹੈ ਕਿ ਸਕੰਦਰ ਦੇ ਹੱਲੇ ਪਿਛੋਂ ਪੰਜਾਬ ਪ੍ਰਾਂਤ ਦੀ ਮਾਲਵ ਜਾਤੀ ਬੇਵਤਨ ਹੋ ਕੇ ਮਧ ਭਾਰਤ ਵਿਚ ਜਾ ਕੇ ਵਸੀ ਤੇ ਉਸ ਦਾ ਨਾਂ ਮਾਲਵਾ ਪ੍ਰਾਂਤ ਰਖਿਆ।' [ਵਿ: ਸਿੰ: ਗ੍ਰੰਥ, ਪੰਨਾ 546]

ਸ੍ਰੀ ਭਗਵਤੀ ਸ਼ਰਣ ਉਪਾਧਿਆਇ ਲਿਖਦੇ ਹਨ, 'ਮਾਲਵ ਆਪਣੀ ਆਜ਼ਾਦੀ ਦੀ ਰਾਖੀ ਕਰਦੇ ਬਠਿੰਡੇ ਵਲ ਦੀ ਹੁੰਦੇ ਅਜਮੇਰ ਹੋ ਕੇ ਅਵੰਤੀ ਵਲ ਨਿਕਲ ਗਏ ਇਥੇ ਉਨ੍ਹਾਂ ਸ਼ਕਾਂ ਉਤੇ ਵਿਜੈ ਪਈ ਤੇ ਅਵੰਤੀ ਦੇਸ਼ ਦਾ ਨਾਂ ਮਾਲਵਾ ਰਖਿਆ। ਯੂਨਾਨੀ ਹੱਲੇ ਵੇਲੇ ਮਾਲਵ ਲੋਕ ਜੇਹਲਮ ਕੰਢੇ ਸਨ ਤੇ ਰਾਵੀ ਲਾਗੇ ਇਨ੍ਹਾਂ ਦੀ ਰਾਜਧਾਨੀ ਸੀ। ਏਰੀਅਨ ਵੀ ਇਨ੍ਹਾਂ ਦੀ ਬੀਰਤਾ ਦੀ ਚੰਗੀ ਪ੍ਰਸ਼ੰਸਾ ਕਰਦਾ ਹੈ। [ਉਪਰਲਾ ਗ੍ਰੰਥ, ਪੰਨਾ 20]

ਉਤੇ ਛਾਈ ਤੇ ਉਨ੍ਹਾਂ ਆਪਣੇ ਨਾਂ ਤੇ ਮਾਲਵਾ ਪ੍ਰਾਂਤ ਆਬਾਦ ਕੀਤਾ ਤਾਂ ਉਥੇ ਉਨ੍ਹਾਂ ਦੀ ਬੋਲੀ ਦਾ ਜਾਣਾ ਵੀ ਕੁਦਰਤੀ ਗੱਲ ਸੀ ਜਿਸ ਨੂੰ ਕਿ ਬ੍ਰਾਹਮਣ ਲੋਕ 'ਪਿਸ਼ਾਚੀ' ਆਖਦੇ ਸਨ।

ਸੋ ਅਸਲ ਵਿਚ ਤਾਂ ਪੈਸ਼ਾਚੀ ਦਾ ਮੂਲ-ਅਸਥਾਨ ਪੱਛਮੀ ਪੰਜਾਬ, ਸਰਹੱਦ ਤੇ ਕਸ਼ਮੀਰ ਆਦਿ ਦਾ ਹਿਸਾ ਹੀ ਸੀ ਪਰੰਤੂ ਜਦੋਂ ਇਥੋਂ ਦੇ ਬਹਾਦਰ ਲੋਕ ਹਿੰਦ ਦੇ ਬਾਕੀ ਹਿਸਿਆਂ ਵਿਚ ਵੀ ਫੈਲੇ ਤਾਂ ਉਨ੍ਹਾਂ ਦੀ ਨਿਵੇਕਲੀ ਬੋਲੀ ਦਾ ਦੂਰ ਦੂਰ ਅਸਰ ਪਿਆ। ਸ਼ਿਵਦਾਨ ਸਿੰਹ ਚੌਹਾਨ ਲਿਖਦੇ ਹਨ :—

'ਪਿਸ਼ਾਚ ਜਾਤੀਆਂ ਹਿੰਦ ਦੇ ਸਰਹੱਦੀ ਇਲਾਕਿਆਂ ਤਕ ਹੀ ਸੀਮਤ ਨਾ ਰਹੀਆਂ। ਇਨ੍ਹਾਂ ਸਿੰਧ ਦੇ ਹੇਠਲੇ ਭਾਗ ਵਿਚ ਵੀ ਨੌਂ-ਆਬਾਦੀਆਂ ਵਸਾਈਆਂ। ਸੰਸਕ੍ਰਿਤ ਲੇਖਕਾਂ ਨੇ ਕੈਕਯ ਦੇਸ਼ ਵਿਚ ਪਿਸ਼ਾਚਾਂ ਦਾ ਜ਼ਿਕਰ ਕੀਤਾ ਹੈ ਅਰਥਾਤ ਪੱਛਮੀ ਪੰਜਾਬ ਤੇ ਬ੍ਰਾਚੜ (ਸਿੰਧ) ਵਿਚ। ਲਹਿੰਦੀ ਤੇ ਸਿੰਧੀ ਉਤੇ ਅਜ ਵੀ ਪੈਸ਼ਾਚੀ ਦਾ ਪ੍ਰਭਾਵ ਜ਼ਾਹਰ ਹੈ। ਇਸ ਤੋਂ ਅਗੇ ਪਿਸ਼ਾਚ, ਭੀਲ ਦੇਸ਼ ਸ਼ਾਇਦ ਵਰਤਮਾਨ ਗੋਆ ਤਕ ਫੈਲ ਗਏ ਸਨ ਕਿਉਂਕਿ ਮਰਾਠੀ ਦੀ ਬੋਲੀ ਕੋਂਕਣੀ ਤੇ ਵੀ ਪਿਸ਼ਾਚੀ ਦਾ ਗਹਿਰਾ ਅਸਰ ਹੈ।''

(ਕਸ਼ਮੀਰ ਦੇਸ਼ ਵ ਸੰਸਕ੍ਰਿਤੀ, ਪੰਨਾ 128)

ਸ੍ਰੀ ਚੰਦ੍ਰਬਲੀ ਪਾਂਡੇ ਲਿਖਦੇ ਹਨ—

'ਸ਼ੱਕ ਆਦਿਕਾਂ ਦੇ ਉਦੀਚਾਂ (ਉਤਰ ਵਲ ਦਿਆਂ ਲੋਕਾਂ) ਨਾਲ ਮੇਲ ਹੋਣ ਤੇ ਜੋ ਬੋਲੀ ਨਿਕਲ ਆਈ, ਉਸ ਨੂੰ ਪੈਸ਼ਾਚੀ ਕਹਿੰਦੇ ਹਨ। ਉਦੀਚ ਤੋਂ ਇਲਾਵਾ ਹੋਰ ਪ੍ਰਾਂਤਾਂ ਯਾ ਇਲਾਕਿਆਂ ਵਿਚ ਜੋ ਇਸ ਦਾ ਪ੍ਰਚਾਰ ਦਿਖਾਈ ਦੇਂਦਾ ਹੈ, ਉਸ ਦਾ ਕਾਰਣ ਸ਼ੱਕ ਆਦਿ ਜਾਤੀਆਂ ਦਾ ਪ੍ਰਭਾਵ ਤੇ ਜ਼ੋਰ ਹੀ ਹੈ, ਨ ਕਿ ਇਸ ਦੀ ਜਨਮ-ਭੂਮੀ ?'

(ਨਾਗਰੀ ਪ੍ਰਚਾਰਣੀ ਪੱਤ੍ਰਿਕਾ, ਵਰਖ 43, ਅੰਕ 1 ਪੰਨਾ 69, 70)

ਮੱਧ ਭਾਰਤ ਵਿਚ ਪੈਸ਼ਾਚੀ ਦਾ ਵਰਤਾਰਾ ਇਸੇ ਵਿਆਪਕ ਵਿਜੈ ਦਾ ਸਿੱਟਾ ਸੀ।

ਪੰਡਤ ਗੌਰੀ ਸ਼ੰਕਰ ਹੀਰਾ ਚੰਦ ਓਝਾ ਲਿਖਦੇ ਹਨ, ਆਵੰਤਕ ਭਾਸ਼ਾ-ਅਵੰਤੀ ਦੇਸ਼ ਅਰਥਾਤ ਮਾਲਵੇ ਦੀ ਬੋਲੀ ਸੀ। ਇਸ ਨੂੰ 'ਚੂਲਿਕਾ ਪੈਸ਼ਾਚੀ' ਜਾਂ 'ਭੂਤ-ਭਾਸ਼ਾ' ਵੀ ਕਹਿੰਦੇ ਸਨ। ਇਸ ਦੀ ਵਰਤੋਂ, 'ਮ੍ਰਿਛ ਕਟਿਕ' ਆਦਿ ਵਿਚ ਪਾਈ ਜਾਂਦੀ ਹੈ। ਦੀਸਵੀ ਸਨ ਪੂਰਬ ਦੀ ਦੂਜੀ ਸਦੀ ਦੇ ਆਸ-ਪਾਸ ਪੰਜਾਬ ਵਿਚ ਰਹਿਣ ਵਾਲੀ ਇਕ ਮਾਲਵ ਨਾਮੀ ਜਾਤੀ ਸੀ, ਇਸੇ ਨੇ ਰਾਜਪੂਤਾਨੇ ਵਿਚੋਂ ਲੰਘ ਅਵੰਤੀ ਦੇਸ਼ ਵਿਚ ਆ ਆਪਣਾ ਰਾਜ ਕਾਇਮ ਕੀਤਾ। ਇਸ ਲਈ ਉਸ ਦੇਸ਼ ਦਾ ਨਾਂ 'ਮਾਲਵ' ਪ੍ਰਸਿੱਧ ਹੋਇਆ। ਖ਼ਿਆਲ ਹੈ ਪੈਸ਼ਾਚੀ ਬੋਲਣ ਵਾਲੇ ਮਾਲਵ ਲੋਕਾਂ ਦੀ ਬੋਲੀ ਦਾ ਪ੍ਰਵੇਸ਼ ਵੀ ਉਥੇ ਹੋਇਆ ਹੋਵੇਗਾ ਤੇ ਸਮੇਂ ਨਾਲ ਉਸ ਵਿਚ ਕੁਝ ਤਬਦੀਲੀਆਂ ਹੋਣ ਕਾਰਣ ਉਸ ਦਾ ਨਾਂ 'ਚੂਲਿਕਾ ਪੈਸ਼ਾਚੀ' ਪਿਆ ਹੋਵੇਗਾ। ਇਸ ਨੂੰ ਪੈਸ਼ਾਚੀ ਦਾ ਹੀ ਇਕ ਭੇਦ ਕਹਿਣਾ ਚਾਹੀਦਾ ਹੈ।' (ਮੱਧ ਕਾਲੀਨ ਭਾਰਤੀ ਸੰਸਕ੍ਰਿਤੀ, ਪੰਨਾ 116)

'ਇਤਹਾਸਕਾਰਾਂ ਦੇ ਲਿਖਣ ਅਨੁਸਾਰ ਮਾਲਵ ਜਾਤੀ ਸਰਥ ਸ੍ਰੇਸ਼ਟ ਜਾਤੀਆਂ ਵਿਚੋਂ ਸੀ। 150 ਈ: ਤਕ ਇਹ ਕੌਮ ਪੰਜਾਬ ਦੇ ਪੰਜ ਦਰਿਆਵਾਂ ਦਾ ਪਾਣੀ ਪੀ ਕੇ ਆਪਣੀ ਬਹਾਦਰੀ ਦਾ ਡੰਕਾ ਵਜਾਉਂਦੀ ਰਹੀ, ਪਿਛੋਂ ਇਹ ਹੇਠਾਂ ਵਲ ਨੂੰ ਵਧਣ ਲਗੀ।

[ਮਾਲਵੀ ਲੋਕ-ਗੀਤ, ਪੰਨਾ 6]

ਪੰਜਾਬ ਦਾ ਮਾਲਵਾ, ਇਨ੍ਹਾਂ ਦੀ ਹੀ ਬਾਕੀ ਬਚਦੀ ਯਾਦਗਾਰ ਹੈ।

ਮਾਰਕੰਡੇ ਪੁਰਾਣ ਵਿਚ ਕੈਕਯ, ਸ਼ੈਰਸੈਨ ਤੇ ਪੰਚਾਲ ਇਨਾਂ ਤਿੰਨਾਂ ਦੇਸ਼ਾਂ ਵਿਚ ਪੈਸ਼ਾਚੀ ਦੀ ਵਰਤੋਂ ਹੁਦੀ ਦੱਸੀ ਹੈ । ਮਹਾਂਭਾਰਤ ਵਿਚ ਲਿਖਿਆ ਹੈ ਕਿ ਪਿਸ਼ਾਚ ਲੋਕ ਪੂਰਬ ਪੰਚ-ਨਦ ਦੇ ਖਾਂਡਵ ਬਨ ਵਿਚ ਰਹਿੰਦੇ ਹਨ । ਉਤਰ ਪੱਛਮੀ ਪ੍ਰਾਂਤ ਦੇ ਵਸਨੀਕਾਂ ਖੱਸ-ਸ਼ੱਕ ਤੇ ਯਵਨਾਂ ਨੂੰ ਵੀ 'ਪਿਸ਼ਾਚ' ਕਿਹਾ ਗਿਆ ਹੈ । ਇਕ ਥਾਂ ਇਹ ਵੀ ਲਿਖਿਆ ਹੈ ਕਿ, ਸੁਰਸਤੀ ਨਦੀ ਕਿਨਾਰੇ 'ਧਰਮੀ ਪਿਸਾਚ' ਰਹਿੰਦੇ ਹਨ ।

ਮਕਦੀ ਗੱਲ ਬ੍ਰਾਹਮਣ ਸੁਰੱਸਤੀ ਪਾਰ ਦੇ ਸਾਰੇ ਲੋਕਾਂ ਨੂੰ ਭਾਵੇਂ ਉਹ ਕਸ਼ਮੀਰ ਆਦਿ ਪਹਾੜਾ ਵੱਲ ਵਸਦੇ ਸਨ ਤੇ ਭਾਵੇਂ ਦੂਰ ਮੈਦਾਨਾਂ ਵਿਚ, ਸਭ ਨੂੰ ਪੈਸ਼ਾਚ ਹੀ ਆਖਦੇ ਸਨ । ਇਹ 'ਧਰਮੀ ਪੈਸ਼ਾਚ' ਕਹੇ ਜਾਣ ਦੀ ਰਿਆਇਤ ਮਾਨੋਂ ਗੁਆਂਢੀ ਹੋਣ ਕਰ ਕੇ ਹੋਈ ਜਾਪਦੀ ਹੈ । ਪੈਸ਼ਾਚੀ ਦਾ ਘੇਰਾ ਕਿੰਨੇ ਕੁ ਥਾਂ ਵਿਚ ਸੀ ਇਹ ਨਿਰਨਾ ਕਰਨ ਬਹੁਤ ਔਖਾ ਹੈ । ਦੱਖਣ ਵਿਚ ਕਾਬਲ ਨਦੀ ਦੇ ਕੰਢੇ, ਉਤਰ ਪੱਛਮ ਵਲ ਹਿਮਾਲਾ ਦੀਆਂ ਤਲਹਟੀਆਂ ਵਿਚ ਅਤੇ ਉਤਰ ਵਿਚ ਹਿੰਦੂ ਕੁਸ਼ ਵਲ ਵਸਦੇ ਲੋਕ ਸਭ ਪੈਸ਼ਾਚ ਹੀ ਆਖੇ ਜਾਂਦੇ ਸਨ । ਇਸੇ ਤਰ੍ਹਾਂ ਮੱਜ਼ਦਾ ਮੱਧ ਭਾਰਤ ਇਕ ਲਈ ਪੈਸ਼ਾਚੀ ਦੇ ਘੇਰੇ ਵਿਚ ਗਿਣਿਆ ਜਾਣ ਲੱਗਾ ਕਿਉਂਕਿ ਪੈਸ਼ਾਚੀ ਵਾਲੇ ਉਥੇ ਪੁਜ ਗਏ ਸਨ । ਹੇਮ ਚੰਦ੍ ਜਦੋਂ ਪੈਸਾਚੀ ਨੂੰ ਮੱਧ ਦੇਸ਼ ਦੀ ਭਾਸ਼ਾ ਆਖਦਾ ਹੈ, ਉਸ ਦਾ ਇਸ਼ਾਰਾ ਵੀ ਏਸ ਪਾਸੇ ਵੱਲ ਹੀ ਕੀਤਾ ਜਾਪਦਾ ਹੈ ।

ਗੱਲ ਤਾਂ ਸਿੱਧੀ ਤੇ ਸਾਫ ਹੈ ਕਿ ਦੇਵਤਿਆਂ ਦੇ ਮੁਕਾਬਲੇ ਤੇ ਪਿਸ਼ਾਚ ਅਤੇ ਦੇਵ-ਭਾਸ਼ਾ ਦੇ ਮੁਕਾਬਲੇ ਤੇ ਭੂਤ-ਭਾਸ਼ਾ ਜਾਂ ਪਿਸ਼ਾਚੀ ਨਾਂ ਹੀ ਦਿਤਾ ਜਾ ਸਕਦਾ ਸੀ, ਸੋ ਉਹੋ ਨਾਂ ਨੱਕ ਚਾੜ੍ਹਣ ਵਾਲੇ ਸੋਧੀ ਬ੍ਰਾਹਮਣਾਂ ਦਿਤਾ ! ਬ੍ਰਾਹਮਣੀ ਦਿਮਾਗ ਨੇ ਤਾਂ ਬ੍ਰਹਿਮਾ ਦੇ ਮੂੰਹ, ਬਾਂਹਾਂ, ਪੱਟਾਂ ਤੇ ਪੈਰਾਂ ਤੋਂ ਚਾਰ ਵਰਣ ਪੈਦਾ ਹੋਣ ਵਾਂਙ ਇਕ ਹੋਰ ਅਲੰਕਾਰਕ ਕਥਨ ਵੀ ਚਲਾਇਆ । ਜੇਹਾ ਕਿ ਰਾਜਸੇਖਰ ਆਖਦਾ ਹੈ, 'ਕਾਵਿ ਦਾ ਸਰੀਰ ਸ਼ਬਦ ਅਰਥ ਹੈ, ਸੰਸਕ੍ਰਿਤ ਮੂੰਹ, ਪ੍ਰਾਕ੍ਰਿਤ ਬਾਹਾਂ, ਅਪਭ੍ਰੰਸ਼ ਲੱਤਾਂ ਤੇ ਪੈਸ਼ਾਚੀ ਪੈਰ ਹੈ ਅਤੇ ਮਿੱਸੀ ਜ਼ਬਾਨ ਛਾਤੀ !' ਪੰਡਤਾਂ ਲਈ ਅਜੇਹੇ ਢਕਵੰਜ ਘੜਨੇ ਇਕ ਮਾਮੂਲੀ ਜੇਹੀ ਗੱਲ ਸੀ ਭਾਵੇਂ ਇਨ੍ਹਾਂ ਪੈਸ਼ਾਚਾਂ ਜਾਂ ਪਿਸ਼ਾਚੀ ਦੇ ਪੈਰਾਂ ਹੇਠ ਬ੍ਰਾਹਮਣ ਕੁਲ ਦਲੀ-ਮਲੀ ਹੀ ਜਾ ਰਹੀ ਸੀ । ਪਰ ਇਸ ਵਿਚ ਕੋਈ ਵਹਿਮ ਕਰਨ ਵਾਲੀ ਗੱਲ ਨਹੀਂ ਜਾਪਦੀ । ਆਖਰ ਇਹ ਪੈਸ਼ਾਚੀ ਵੀ ਉਤਰੀ ਹਿੰਦ ਦੀਆਂ ਹੋਰ ਪ੍ਰਾਂਤਕ ਬੋਲੀਆਂ ਵਾਂਗ ਪ੍ਰਾਕ੍ਰਿਤ ਤੋਂ ਹੀ ਨਿਕਲੀ ਸੀ । ਕੀ ਹੋਇਆ ਜੇ ਪੰਡਤ ਲੋਕ ਇਸ ਤੇ ਨਰਾਜ਼ ਹੋ ਗਏ । 'ਪਾਇਓ ਸੱਦ ਮਹਾਰਣਵੋ' ਦੇ ਪੰਨਾ 17 ਉਤੇ ਦਰਜ ਹੈ :—

'ਪੈਸ਼ਾਚੀ ਬੋਲੀ ਦਾ ਮੂਲ ਸੰਸਕ੍ਰਿਤ ਜਾਂ ਸ਼ੌਰਸੈਨੀ ਨਹੀਂ ਸਗੋਂ ਉਹ ਪ੍ਰਾਕ੍ਰਿਤ ਹੀ ਹੈ ਜੋ ਵੇਦਕ ਜ਼ਮਾਨੇ ਵਿਚ ਭਾਰਤ ਦੇ ਉਤਰ ਪੱਛਮੀ ਪ੍ਰਾਂਤ ਜਾਂ ਅਫਗਾਨਿਸਤਾਨ ਦੇ ਪੂਰਬ ਵੱਲ ਦੇ ਪਾਸੇ ਦੀ ਬੋਲ-ਚਾਲ ਦੀ ਬੋਲੀ ਸੀ ।' ਸ੍ਰੀ ਨਲਨੀ ਮੋਹਨ ਸੰਨਿਆਲ ਵੀ ਇਹ ਗੱਲ ਆਖਦੇ ਹਨ ਕਿ ਪੈਸ਼ਾਚੀ ਅਣਆਰੀਅਨ ਲੋਕਾਂ ਦੇ ਉਚਾਰਣ ਨਾਲ ਵਿਗੜੀ ਹੋਈ ਪ੍ਰਾਕ੍ਰਿਤ ਹੀ ਸੀ ।‡

ਪਜਾਬੀ ਸ਼ੁਧ ਆਰੀਆ-ਬੋਲੀ ਹਨ

ਹੁਣ ਇਕੋ ਹੀ ਸਵਾਲ ਵਿਚਾਰ-ਗੋਚਰਾ ਰਹਿ ਜਾਂਦਾ ਹੈ ਕਿ ਕੀ ਇਹ 'ਪੈਸ਼ਾਚ' ਆਖਵਾਉਣ ਵਾਲੇ ਲੋਕ ਅਣ-ਆਰੀਅਨ ਸਨ ? ਪੰਜਾਬੀ, ਕਸ਼ਮੀਰੀ ਤੇ ਸਰਹੱਦੀ ਲੋਕ ਕੀ ਇਹ ਸਾਰੇ

‡ਬਿਹਾਰੀ ਭਾਸ਼ਾਓਂ ਕੀ ਉਤਪਤੀ ਔਰ ਵਿਕਾਸ, ਪੰਨਾ 10

ਅਣਾਰੀਅਨ ਦੀ ਔਲਾਦ ਹਨ ? ਇਸ ਦਾ ਉਤਰ ਸਾਫ਼ ਹੈ ਕਿ ਇਹ ਅਣਾਰੀਅਨ ਨਹੀਂ, ਆਰੀਆ-ਬੰਸੀ ਹੀ ਹਨ । ਇਤਿਹਾਸ, ਚਿਹਰਾ ਮੋਹਰਾ ਤੇ ਬੋਲੀ ਇਸੇ ਗੱਲ ਦੀ ਗਵਾਹੀ ਦੇਂਦੇ ਹਨ । ਜੇ ਪਲ ਭਰ ਲਈ ਇਹ ਵੀ ਮੰਨਣਾ ਪੈ ਜਾਵੇ ਕਿ ਇਹ ਆਰੀਅਨ ਨਹੀਂ, ਸਗੋਂ ਹਿੰਦ ਦੇ ਆਦਿ-ਵਾਸੀ ਸਨ ਤਾਂ ਇਸ ਨਾਲ ਵੀ ਸਾਨੂੰ ਕੋਈ ਦੁਖ ਨਹੀਂ ਹੋਣਾ ਚਾਹੀਦਾ । ਹਿੰਦ ਦੇ ਆਦਿ-ਵਾਸੀ ਲੋਕ ਤਾਂ ਉਸ ਸਮੇਂ ਦੇ ਚਰਵਾਹੇ ਤੇ ਵਹਿਸੀ ਆਰੀਆਂ ਨਾਲੋਂ ਚੰਗੇ ਸੱਭਯ ਤੇ ਸ਼ਿਸਟਾਚਾਰ ਦੇ ਮਾਲਕ ਸਨ । ਉਨ੍ਹਾਂ ਦੀ ਉਚੀ ਸਭਿਅਤਾ 'ਮੋਹਨ ਜੋ ਦੜੋ ਤੇ ਹੜੱਪਾ' ਦੇ ਖੰਡਰਾਂ ਤੋਂ ਪ੍ਰਗਟ ਹੋ ਰਹੀ ਹੈ । ਪਰ ਚਿਹਰੇ ਤੇ ਬੋਲੀ ਦੀ ਰੂਪ ਰੇਖਾ ਅਤੇ ਨਾ ਹੀ ਇਤਿਹਾਸ ਇਸ ਗਲ ਦਾ ਸਾਥ ਦੇਂਦਾ ਹੈ ਕਿ ਸਾਡਾ ਸਬੰਧ ਉਨ੍ਹਾਂ ਨਾਲ ਹੋਣਾ ਸਾਬਤ ਹੋਵੇ । ਇਸ ਲਈ ਇਨ੍ਹਾਂ 'ਪੈਸ਼ਾਚ ਦੇਸ਼' ਦੇ ਵਸਨੀਕਾਂ ਦਾ ਆਰੀਆ-ਬੰਸੀ ਹੋਣਾ ਹੀ ਸਿੱਧ ਹੈ । ਸਗੋਂ 1901 ਦੀ ਸਰਕਾਰੀ ਰਿਪੋਰਟ ਵਿਚ ਤਾਂ ਲਿਖਿਆ ਹੈ ਕਿ ਪੰਜਾਬ, ਰਾਜਸਥਾਨ ਤੇ ਕਸ਼ਮੀਰ ਦੀ ਵਸੋਂ 'ਸ਼ੁੱਧ ਆਰੀਅਨ' ਹੈ । ਯੂ. ਪੀ., ਸੀ. ਪੀ , ਬਿਹਾਰ ਦੀ ਆਬਾਦੀ ਵਿਚ ਕੁਝ 'ਦਰਾਵੜੀ ਗਲਾ' ਪਿਆ ਹੋਇਆ ਹੈ । ਬੰਗਾਲ, ਉੜੀਸੇ ਦੇ ਬਹੁਤੇ ਹਿੱਸੇ ਵਿਚ 'ਦਰਾਵੜ-ਮੰਗੋਲ' ਰਲਾ ਹੈ । ਬੰਬਈ, ਗੁਜਰਾਤ, ਮਹਾਰਾਸ਼ਟਰ ਤੇ ਕੁਰਗ ਵਿਚ ਸ਼ੱਕ ਤੇ ਦਰਾਵੜੀ ਮਿਲਾਵਟ ਹੈ । ਦੱਖਣੀ ਭਾਰਤ ਦੇ ਲੋਕ ਨਿਰੇ ਦਰਾਵੜ ਬੰਸੀ ਹਨ ।'

ਪ੍ਰੋ: ਧੀਰੇਂਦਰ ਵਰਮਾ ਨੇ ਵੀ ਇਸ ਗੱਲ ਨੂੰ ਵਿਗਿਆਨਕ ਤੌਰ ਤੇ ਪ੍ਰਮਾਣੀਕ ਮੰਨਦਿਆਂ ਆਖਿਆ ਹੈ ਕਿ ਕਸ਼ਮੀਰ ਵਾਦੀ ਵਿਚ, ਸਿੰਧ, ਦਜਿਆ ਤੋਂ ਲੈ ਕੇ ਅੰਬਾਲੇ ਤਕ ਪੰਜਾਬ ਵਿਚ ਤੇ ਰਾਜਸਥਾਨ ਵਿਚ ਸ਼ੁਧ ਆਰੀਆ ਵਸੋਂ ਹੈ । [ਹਿੰਦੀ ਰਾਸ਼ਟ੍ਰ, ਪੰਨਾ 37]

ਸੋ ਨਾ ਤਾਂ ਪੰਜਾਬ ਦੇ ਲੋਕ ਅਣਾਰੀਅਨ ਸਨ ਤੇ ਨਾ ਹੀ ਇਨ੍ਹਾਂ ਦੀ ਪਿਸ਼ਾਚੀ ਅਣਾਰੀਅਨ ਭਾਸ਼ਾ ਹੈ ਸੀ । ਆਰ. ਜੀ. ਭੰਡਾਰਕਰ ਸਾਫ ਲਿਖਦੇ ਹਨ 'ਪੈਸ਼ਾਚੀ ਸ਼ਾਇਦ ਆਰੀਆ ਜਾਤੀ ਦੀ ਉਸ ਸ਼ਾਖਾ ਦੀ ਬੋਲੀ ਹੈ ਜੋ ਹਿੰਦ ਵਿਚ ਪਿਛੋਂ ਆਈ ਤੇ ਕਿਨਾਰੇ ਤੇ ਵੱਸ ਗਈ । ਇਹ ਵੀ ਹੋ ਸਕਦਾ ਹੈ ਕਿ ਉਹ ਬਾਕੀ ਆਰੀਆਂ ਦੇ ਨਾਲ ਹੀ ਆਏ ਹੋਣ ਤੇ ਅੱਡ ਅੱਡ ਪਹਾੜੀ ਇਲਾਕਿਆਂ ਵਿਚ ਵੱਸ ਜਾਣ ਕਾਰਨ ਉਨ੍ਹਾਂ ਦੀ ਬੋਲੀ ਆਰੀਆਂ ਦੀ ਮੁਹੱਜ਼ਬ ਜ਼ਬਾਨ ਤੋਂ ਕੁਝ ਨਿਵੇਕਲਾ ਰੂਪ ਅਖਤਿਆਰ ਕਰ ਗਈ ਹੋਵੇ ।'

ਮਿਸਟਰ ਗ੍ਰੀਅਰਸਨ ਪਿਸ਼ਾਚੀ ਜਾਂ ਦਾਰਦਿਕ ਬੋਲੀਆਂ ਨੂੰ ਈਰਾਨੀ ਤੇ ਹਿੰਦੁਸਤਾਨੀ ਆਰੀਅਨ ਜ਼ਬਾਨਾਂ ਦੇ ਵਿਚਕਾਰਲੇ ਭਾਗ ਦੀਆਂ ਬੋਲੀਆਂ ਆਖਦੇ ਹਨ । ਜਿਉਲਜ਼ ਬਲਾਕ ਤੇ ਆਰ. ਐਲ. ਟਰਨਰ ਆਦਿ ਇਹ ਮਤ ਨਹੀਂ ਮੰਨਦੇ । ਉਹ ਇਨ੍ਹਾਂ ਨੂੰ ਹਿੰਦੁਸਤਾਨੀ ਆਰੀਆ ਭਾਸ਼ਾ ਦਾ ਹੀ ਅੰਗ ਮੰਨਦੇ ਹਨ । (ਦੇਖੋ 123 ਪੰਨਾ, ਇੰਡੋ ਆਰੀਅਨ ਐਂਡ ਹਿੰਦੀ) । ਦਰਅਸਲ ਦਰਦ ਬੋਲੀਆਂ ਨੂੰ ਈਰਾਨੀ ਸ਼ਾਖ ਵਿਚ ਮੰਨਣਾ ਠੀਕ ਹੈ ਤੇ ਪਿਸ਼ਾਚੀ ਨੂੰ ਹਿੰਦੀ ਸ਼ਾਖ ਵਿਚ ।

'ਟੋਮਸਚੈਕ ਦਾ ਤਾਂ ਕਥਨ ਹੈ ਕਿ ਦਰਦ ਜ਼ਬਾਨਾਂ ਦੀ ਗਿਣਤੀ ਹਿੰਦ ਕੁਸ਼ ਦੀਆਂ ਬੋਲੀਆਂ ਵਿਚ ਨਹੀਂ ਕਰਨੀ ਚਾਹੀਦੀ ਕਿਉਂਕਿ ਉਨ੍ਹਾਂ ਦਾ ਉਚਾਰਣ-ਮੋੜ ਉਨ੍ਹਾਂ ਸਿਧਾਂਤਾਂ ਅਨੁਸਾਰ ਹੀ ਹੈ ਜੋ ਪੰਜਾਬੀ, ਸਿੰਧੀ ਤੇ ਕਸ਼ਮੀਰੀ ਵਿਚ ਮਿਲਦੇ ਹਨ ।'

ਮਿ: ਗ੍ਰੀਅਰਸਨ ਨੇ ਵੀ ਆਪਣੀ ਰਚਨਾ 'ਪਛਮੋਤਰੀ ਪਾਸੇ ਦੀਆਂ ਪਿਸ਼ਾਚ ਬੋਲੀਆਂ' (1906 ਈ:) ਵਿਚ ਸਵਿਸਥਾਰ ਸ਼ਬਦਾਂ, ਵਾਕਾਂ, ਮੁਹਾਵਰਿਆਂ ਦਾ ਤੁਲਨਾਤਮਕ ਅਧਿਐਨ

ਪੇਸ਼ ਕਰ ਕੇ ਇਹੋ ਸਿਧ ਕੀਤਾ ਹੈ ਕਿ ਇਹ ਬੋਲੀਆਂ ਹਿੰਦ ਘਰਾਣੇ ਦੀਆਂ ਹੀ ਹਨ, ਈਰਾਨੀ ਕੁਲ ਦੀਆਂ ਨਹੀਂ।'‡

ਸਿਵਾਇ ਮਿਸਟਰ ਹਾਰਨਲੇ ਦੇ ਜੋ ਪਿਸ਼ਾਚੀ ਨੂੰ ਦ੍ਰਾਵੜਾਂ ਦੀ ਬੋਲੀ ਆਖਦਾ ਹੈ, ਬਾਕੀ ਸਾਰੇ ਵਿਦਵਾਨ ਇਸ ਸੰਮਤੀ ਦੇ ਹਨ ਕਿ ਪੈਸ਼ਾਚੀ ਆਰੀਆ-ਬੰਸੀ ਭਾਸ਼ਾ ਹੀ ਸੀ ਤੇ ਇਸ ਦਾ ਕਦੀ ਪਹਿਲੇ ਸਾਰੇ ਪੰਜਾਬ ਵਿਚ, ਫਿਰ ਪੱਛਮੀ ਪੰਜਾਬ ਵਿਚ ਡਾਢਾ ਜ਼ੋਰ ਰਿਹਾ।§ ਇਸੇ ਦੀ ਜਾਨਸ਼ੀਨ ਵਰਤਮਾਨ ਲਹਿੰਦੀ ਪੰਜਾਬੀ ਹੈ, ਜਿਸ ਦੀ ਹੁਣ ਵੀ ਗੁਟ ਗੋਂਦ ਨੂੰ ਦੇਖ ਕੇ ਭਾਸ਼ਾ-ਵਿਗਿਆਨੀ ਇਸ ਦਾ ਪਿਛਾ ਵੇਦਕ ਭਾਸ਼ਾ ਨਾਲ ਜੁੜਦਾ ਅਨੁਭਵ ਕਰੇਗਾ। ਇਹ ਗੱਲ ਵਖਰੀ ਹੈ ਕਿ ਬ੍ਰਾਹਮਣ ਗੰਗਾ ਦਾ ਪਾਣੀ ਪੀ ਕੇ ਆਪਣੇ ਮੂਲ-ਸਥਾਨ (ਮੁਲਤਾਨ) ਨੂੰ ਵਿਸਾਰ ਬੈਠੇ ਤੇ ਉਥੇ ਜੋਰਾਂ ਦਾ ਕਬਜ਼ਾ ਹਇਆ ਦੇਖ ਕੇ ਉਸ ਨੂੰ ਨਿੰਦਣ ਲਗ ਪਏ।

ਸਾਡੀ ਸਾਰੀ ਵਿਚਾਰ ਦਾ ਸਿੱਟਾ ਇਹ ਹੈ ਕਿ ਪੰਜਾਬ ਦੇ ਇਕ ਹਿਸੇ ਵਿਚ ਸ਼ੌਰਸੈਨੀ, ਤੇ ਦੂਜੇ ਪਾਸੇ ਪੈਸ਼ਾਚੀ ਪ੍ਰਾਕ੍ਰਿਤ ਦਾ ਰਾਜ ਸੀ, ਪਿਛੋਂ ਇਨ੍ਹਾਂ ਥਾਵਾਂ ਤੇ ਹੀ ਸ਼ੌਰਸੈਨੀ ਤੇ ਪੈਸ਼ਾਚੀ ਅਪਭ੍ਰੰਸ਼ ਦਾ ਜ਼ੋਰ ਹੋਇਆ। ਇਨ੍ਹਾਂ ਦੋਹਾਂ ਤਰ੍ਹਾਂ ਦੀਆਂ ਅਪਭ੍ਰੰਸ਼ਾਂ ਦੇ ਮੇਲ ਨੇ ਦਿਥੋਂ ਦੀਆਂ ਬੋਲ ਚਾਲ ਦੀਆਂ ਬੋਲੀਆਂ—ਟੱਕੀ ਤੇ ਕੋਕਣੀ ਦੀ ਬੁਨਿਆਦ ਉਤੇ ਇਕ ਨਵੀਂ ਤਰ੍ਹਾਂ ਦੀ ਬੋਲੀ ਦੀ ਰੂਪ ਰੇਖਾ ਉਲੀਕੀ, ਜਿਸ ਨੂੰ ਅੱਜ ਅਸੀਂ ਪੰਜਾਬੀ ਆਖਦੇ ਹਾਂ। ਸੋ ਪੰਜਾਬ ਦੀ ਬੋਲੀ ਇਸੇ ਦੁਮੇਲ ਦਾ ਹੀ ਸਿਟਾ ਹੈ। ਹਿੰਦੁਸਤਾਨੀ ਭਾਸ਼ਾਵਾਂ ਦੇ ਪੰਡਿਤ ਜਾਰਜ ਗ੍ਰੀਅਰਸਨ ਲਿਖਦੇ ਹਨ :—

"Punjabi is a language resulting from the amalgamation of two very different forms of speech-the old 'Pisacha' language that lies at the base of the Lahnda spoken in the Western Punjab and the Prakrit of 'Midland' that was the parent of Westren Hindi."

[L. S. of India Vol. ix. Introduction Page xiv]

ਪੰਜਾਬੀ ਦਾ ਮੂਲ ਸੰਸਕ੍ਰਿਤ ਨਹੀਂ

ਇਕ ਹੋਰ ਗੱਲ ਦਾ ਨਿਆਂ ਕਰਨਾ ਨਿਹਾਇਤ ਜ਼ਰੂਰੀ ਹੈ। ਸੰਸਕ੍ਰਿਤ ਦਾ ਚੌਲ ਪਿੱਟਣ ਵਾਲੇ ਪੰਡਤਾਂ ਬਿਨਾ ਸੋਚੇ ਸਮਝੇ ਇਹ ਮਤ ਘੁਕਾ ਛਡਿਆ ਹੈ ਕਿ 'ਵਰਤਮਾਨ ਉਤਰੀ ਹਿੰਦ ਦੀਆਂ ਬੋਲੀਆਂ ਦਾ ਜਨਮ ਸੰਸਕ੍ਰਿਤ ਤੋਂ ਹੋਇਆ ਹੈ ਅਤੇ ਸੰਸਕ੍ਰਿਤ ਸਭ ਦੀ ਮਾਂ ਹੈ।' ਇਹ ਗੱਲ ਕਸਵੱਟੀ ਤੇ ਪਰਖਿਆਂ ਠੀਕ ਨਹੀਂ ਨਿਕਲਦੀ।

---

‡ਕਸ਼ਮੀਰ ਦੇਸ਼ ਦ ਸੰਸਕ੍ਰਿਤੀ, ਪੰਨਾ 129-30

§ 'Some grammarians state that there were the ਕੈਕਯ (Kekaya) ਸੂਰਸੇਨ (Surasene) and ਪੰਚਾਲ (Pancala) varieties of the ਪੈਸ਼ਾਚੀ (Paisaci). This would mean that the ਪਿਸ਼ਾਚ (Picaca) and their language and occupied a goodly portion of the modern Panjab, and that on their border these mixed idioms arose.' [P. D. ਗ੍ਰੀਅਰਸਨ, ਪੰਨਾ 219]

ਮਿ: ਕਾਡਵੈਲ (1856) ਨੇ ਇਹ ਰਾਇ ਜ਼ਾਹਰ ਕੀਤੀ ਹੈ ਕਿ ਸੰਸਕ੍ਰਿਤ ਉਤੇ ਸਿਥੀਅਨ ਤੇ ਦ੍ਰਾਵੜੀ ਅਸਰ ਪੈਣ ਨਾਲ ਉਤਰੀ ਹਿੰਦ ਦੀਆਂ ਵਰਤਮਾਨ ਬੋਲੀਆਂ ਪੈਦਾ ਹੋਈਆਂ ਪਰੰਤੂ ਮਿ: ਬੀਮਜ਼ (1872) ਇਸ ਨੂੰ ਰਦਦਾ ਲਿਖਦਾ ਹੈ ਕਿ ਇਹ ਸਿਧਾਂਤ ਭੂਗੋਲਕ, ਇਤਿਹਾਸਕ ਤੇ ਭਾਸ਼ਾ-ਵਿਗਿਆਨਕ ਡੀਠ ਤੋਂ ਬਿਲਕੁਲ ਨਾ ਮੰਨਣ ਯੋਗ ਹੈ।‡

ਅਸਲ ਵਿਚ ਸਾਡੀਆਂ ਵਰਤਮਾਨ ਬੋਲੀਆਂ ਨੂੰ ਜਨਮ ਦੇਣ ਵਾਲੀ ਅਪਭ੍ਰੰਸ਼ ਜਾਂ ਇਹ ਅੰਤਮ ਪ੍ਰਾਕ੍ਰਿਤ ਹੀ ਹੈ, ਸੰਸਕ੍ਰਿਤ ਨਹੀਂ। ਆਮ ਤੌਰ ਤੇ ਮੋਟਾ ਨਿਯਮ ਇਹ ਹੈ ਕਿ ਲੋਕਾਂ ਦੀਆਂ ਬੋਲ ਚਾਲ ਦੀਆਂ ਬੋਲੀਆਂ ਤੋਂ ਹੀ ਨਵੀਆਂ ਬੋਲੀਆਂ ਜਨਮ ਲੈ ਦੀਆਂ ਹਨ। ਸੰਸਕ੍ਰਿਤ ਧਾਰਮਿਕ ਜਾਂ ਸਾਹਿਤਕ ਭਾਸ਼ਾ ਤਾਂ ਜ਼ਰੂਰ ਰਹੀ ਹੈ ਪਰ ਕਦੀ ਜਨ-ਸਾਧਾਰਣ ਦੀ ਬੋਲ ਚਾਲ ਦੀ ਭਾਸ਼ਾ ਨਹੀਂ ਬਣੀ। 'ਇਸ ਲਈ ਸੰਸਕ੍ਰਿਤ ਦੇ 'ਰਾਸ਼ਟਰ ਭਾਸ਼ਾ' ਹੋਣ ਸਬੰਧੀ ਕੁਝ ਵੀ ਕਹਿਣਾ ਫ਼ਜ਼ੂਲ ਹੈ। ਹੋਰ ਤੇ ਹੋਰ ਗੰਗਾ ਘਾਟੀ ਦੀ ਵੀ ਇਸ ਨੂੰ ਮਾਤ ਭਾਸ਼ਾ ਆਖਣਾ ਸੁਫਨੇ ਵਾਲੀ ਗੱਲ ਹੈ।'§ ਨਿਰੀ ਸਾਹਿਤਕ ਭਾਸ਼ਾ ਤਾਂ ਬਾਂਝ ਤੀਵੀਂ ਵਰਗੀ ਹੁੰਦੀ ਹੈ ਜੋ ਕੋਈ ਪੁੱਤ ਧੀ ਨਹੀਂ ਜਣ ਸਕਦੀ। ਇਹੋ ਹਾਲ ਸੰਸਕ੍ਰਿਤ ਦਾ ਸੀ। ਹਾਂ, ਇਸ ਨੇ ਸਾਹਿਤਕ ਜਾਂ ਧਾਰਮਿਕ ਜ਼ਬਾਨ ਹੋਣ ਦੇ ਨਾਤੇ ਦੂਜੀਆਂ ਬੋਲੀਆਂ ਉਤੇ ਅਸਰ ਜ਼ਰੂਰ ਡਾਢਾ ਪਾਇਆ, ਪਰ ਕਿਸੇ ਨਵੀਂ ਬੋਲੀ ਨੂੰ ਜਨਮ ਨਹੀਂ ਦਿੱਤਾ। ਸ੍ਰੀ ਮੰਗਲ ਦੇਵ ਸ਼ਾਸਤ੍ਰੀ ਆਪਣੀ ਪੁਸਤਕ 'ਭਾਸ਼ਾ ਵਿਗਿਆਨ' ਦੇ ਪੰਨਾ 82 ਉਤੇ ਲਿਖਦੇ ਹਨ, 'ਦਰ ਅਸਲ ਕੋਈ ਵੀ ਸ਼ਰਬ-ਸਾਧਾਰਣ ਦੀ ਬੋਲੀ ਕਿਸੇ ਪੁਰਾਣੀ ਸੋਧੀ ਮਾਂਜੀ ਟਕਸਾਲੀ ਜ਼ਬਾਨ ਤੋਂ ਨਹੀਂ ਨਿਕਲੀ, ਉਸ ਦਾ ਨਿਕਾਸ ਪ੍ਰਾਚੀਨ ਸ਼ਰਬ ਸਾਧਾਰਣ ਦੀ ਬੋਲੀ ਤੋਂ ਹੀ ਸਮਝਣਾ ਚਾਹੀਏ। ਇਸ ਲਈ 'ਸੰਸਕ੍ਰਿਤ ਆਦਿ ਤੋਂ ਹਿੰਦੀ ਆਦਿ ਨਿਕਲੀਆਂ ਹਨ' ਇਹ ਕਹਿਣ ਦੀ ਥਾਂ ਸਾਨੂੰ ਇਹ ਆਖਣਾ ਚਾਹੀਦਾ ਹੈ ਕਿ ਸੰਸਕ੍ਰਿਤ ਆਦਿ ਸਾਹਿਤਕ ਭਾਸ਼ਾਵਾਂ ਦੇ ਸਮੇਂ ਦੀਆਂ ਜਨ ਸਾਧਾਰਣ ਦੀਆਂ ਬੋਲੀਆਂ ਤੋਂ ਹੀ ਅਜ ਕਲ ਦੀਆਂ ਬੋਲੀਆਂ-ਹਿੰਦੀ ਆਦਿ ਨਿਕਲੀਆਂ ਹਨ।' ਡਾ: ਰਾਮ ਬਿਲਾਸ ਸ਼ਰਮਾ ਨੇ ਆਪਣੀ ਪੁਸਤਕ 'ਭਾਸ਼ਾ ਔਰ ਸਮਾਜ' ਵਿਚ ਇਸ ਪੱਖ ਤੇ ਨਵਾਂ ਚਾਨਣ ਪਾਇਆ ਹੈ ਜੋ ਇਸ ਮਤ ਦੀ ਪੁਸ਼ਟੀ ਕਰਦਾ ਹੈ। ਇਸ ਗੱਲ ਦੀ ਪੁਰਖ ਮੌਜੂਦਾ ਬੋਲੀਆਂ ਦੀ ਸ਼ਬਦਾਵਲੀ ਦਾ ਸੰਸਕ੍ਰਿਤ ਤੇ ਪ੍ਰਾਕ੍ਰਿਤ ਨਾਲ ਟਾਕਰਾ ਕੀਤਿਆਂ ਸਹਿਜੇ ਹੀ ਹੋ ਸਕਦੀ ਹੈ ਕਿ ਆਇਆ ਇਹ ਕਿਸ ਦੇ ਬਹੁਤੇ ਨੇੜੇ ਹਨ ਸੰਸਕ੍ਰਿਤ ਦੇ ਯਾ ਪ੍ਰਾਕ੍ਰਿਤ ਦੇ ?

ਨਿਰਣੇ ਲਈ ਕੁਝ ਸ਼ਬਦਾਂ ਦਾ ਟਾਕਰਾ ਕਰਨਾ ਹਿਤਕਾਰੀ ਹੈ—

ਪ੍ਰਾਕ੍ਰਿਤ	ਪੰਜਾਬੀ	ਸੰਸਕ੍ਰਿਤ
ਅੱਪਣ	ਅਪਣਾ	ਆਤਮੀਯੰ
ਅੱਗੀ	ਅੱਗ	ਅਗਨਿ
ਏਆਰਹ	ਗਿਆਰਾਂ	ਏਕਾਦਸ਼
ਸੱਤਾ	ਸੱਤ	ਸਪਤ
ਸੰਝਾ	ਸੰਝ	ਸੰਧਿਆ
ਸਿਪੀ	ਸਿਪੀ	ਸ਼ੁਕਤਿ

‡'ਦੀ ਦੇਸੀ ਨਾਮ ਮਾਲਾ ਆਫ਼ ਹੇਮ ਚੰਦਰ', ਦੀ ਭੂਮਿਕਾ।

§ਹਿੰਦੀ ਰਾਸ਼ਟਰ, (ਪ੍ਰੋ: ਧੀਰੇਂਦ੍ ਵਰਮਾ) ਪੰਨਾ 12

ਪ੍ਰਾਕ੍ਰਿਤ	ਪੰਜਾਬੀ	ਸੰਸਕ੍ਰਿਤ
ਸਿਪੀ	ਸਿਪੀ	ਸ਼ਿਲਪਿਨ
ਹੱਥ	ਹੱਥ	ਹਸਤ
ਹਿਅਅੰ	ਹੀਆ	ਹ੍ਰਿਦਯੰ
ਕੇਵਟ	ਖੇਵਟ	ਕੈਵਰਤ:
ਅੰਬੰ	ਅੰਬ	ਆਮ੍ਰ
ਲੋਅਣੇ	ਲੋਇਣ	ਲੋਚਨ
ਬਅਣੰ	ਬੈਣ	ਵਚਨ
ਖੰਧਅ	ਕੰਨ੍ਹਾ	ਸਕੰਧ:
ਅੱਖੀ	ਅੱਖ	ਅਖਛਿ
ਦਹ	ਦਹ	ਦਸ਼
ਚੌਦਹ	ਚੌਦਾਂ	ਚਤੁਰਦਸ਼
ਬੀਸਾ	ਵੀਹ	ਵਿੰਸ਼ਤਿ
ਤੀਸਾ	ਤੀਹ	ਤ੍ਰਿੰਸ਼ਤਿ
ਪੱਥਰੋ	ਪੱਥਰ	ਪ੍ਰਸਤਰ
ਪੋਥਅੰ	ਪੋਥੀ	ਪੁਸਤਕੰ
ਵਟੀ	ਵਟੀ (ਬੱਤੀ)	ਵਰਤੀ
ਸਮੁਹੰ	ਸਾਮ੍ਹਣੇ	ਸੰਮੁਖੰ
ਅੰਧਾਰੋ	ਅਨ੍ਹੇਰਾ	ਅੰਧਕਾਰ :
ਕੁੰਭਾਰੋ	ਘੁਮਾਰ	ਕੁੰਭਕਾਰ :
ਹਰਡਈ	ਹਰੜ	ਹਰੀਤਕੀ
ਤਲਾਓ	ਤਲਾ	ਝੜਾਗ :
ਪਛਾ	ਪਿਛੇ	ਪਸ਼ਚਾਤ
ਬਛੰ	ਬੱਛਾ	ਵਤਸ
ਪੱਤਲੰ	ਪੱਤਲ	ਪਤਰੰ
ਰਾਉਲੰ	ਰਾਵਲ	ਰਾਜਕੁਲੰ
ਲੱਠੀ	ਲਾਠੀ	ਲਸ਼ਟਿਕਾ
ਚਕੰ	ਚੱਕ	ਚਕ੍
ਬੱਫੇ	ਭਾਫ	ਬਾਸ਼ਪ
ਮਹੂਅੰ	ਮਹੂਆ	ਮਧੂਕੰ
ਬਾਉਲੋ	ਬਾਉਲਾ	ਵਾਤੁਲ
ਲੂਣੰ	ਲੂਣ	ਲਵਣੰ
ਸਿੰਗੰ	ਸਿੰਗ	ਸ਼੍ਰਿੰਗੰ
ਰੁਖੋ	ਰੁਖ	ਵ੍ਰਿਛ
ਸੰਕਲੰ	ਸੰਗਲ	ਸ਼੍ਰਿੰਖਲੰ

ਪ੍ਰਾਕ੍ਰਿਤ	ਪੰਜਾਬੀ	ਸੰਸਕ੍ਰਿਤ
ਗੱਡੰ	ਗਜ਼ਾ	ਗਰਤ
ਥਿੱਜੁ	ਥਿਜਲੀ	ਵਿਦਯੁਤ
ਥੰਭੰ	ਥੰਮ	ਸਤੰਭੰ
ਸੋਹਣੰ	ਸੋਹਣਾ	ਸ਼ੋਭਨੰ
ਦੁੱਧ	ਦੁਧ	ਦੁਗਧ
ਸੀ'ਹੰ	ਸੀਂਹ	ਸਿੰਹ
ਸਵਹੰ	ਸੌਂਹ	ਸ਼ਪਥ
ਨਈ	ਨੈਂ	ਨਦੀ
ਸੁਹੱਗੀ	ਸੁਹਾਗ	ਸੌਭਾਗਯ
ਬੱਡੰ	ਵਡਾ	ਬ੍ਰਿਧ, ਬ੍ਰਿਹਦ
ਗੰਠੀ	ਗੰਢ	ਗ੍ਰੰਥੀ
ਸਾਮੀ	ਸਾਈਂ	ਸ੍ਵਾਮੀ
ਫੋਡਅ	ਫੋੜਾ	ਸਫੋਟਕ
ਜਇ	ਜੇ	ਯਦਿ
ਹੁਣਿ	ਹੁਣ	ਅਧੁਨਾ
ਸਪੱਤੀ	ਸੌਂਕਣ	ਸਪਤਿਨੀ
ਜੀਹ	ਜੀਭਾ	ਜਿਹਵਾ
ਨਹੁੰ	ਨਹੁੰ	ਨਖ
ਪਹ	ਪਹੁ	ਪ੍ਰਭਾ
ਬਹੁਤ	ਬਹੁਤ	ਪ੍ਰਭੂਤੰ
ਕਹਾੜੇ	ਕੁਹਾੜਾ	ਕੁਠਾਰੁ
ਬਹਿਰਾ	ਬਹਿਰਾ	ਬਧਿਰ
ਸਾਹੁਗਾਰੇ	ਸ਼ਾਹੂਕਾਰ	ਸਾਧੂਕਾਰ
ਭਇਣ	ਭੈਣ	ਭਗਨੀ
ਕਾਨ੍ਹ	ਕਣਹੋ	ਕ੍ਰਿਸ਼ਣ
ਜਇਸੋ	ਜੈਸਾ	ਯਾਦ੍ਰਿਸ਼:
ਤਇਸੋ	ਤੈਸਾ	ਤਾਦ੍ਰਿਸ਼:
ਅੱਖਇ	ਆਖਦਾ	ਆਚਛਤੇ
ਪੁੰਨੋ	ਪੁੰਨਿਆ	ਪੂਰਣਮਾਸ਼ੀ
ਮਟੀਆ	ਮਿਟੀ	ਮ੍ਰਿਤਕਾ
ਘੋੜੀਓ	ਘੋੜਾ	ਘੋਟਿਕਾ
ਜੁਝਇ	ਜੂਝੈ	ਯੁਧਯਤੇ
ਰਖਇ	ਰਖੈ	ਰਖਛਤਿ
ਬਹੁਅ	ਬਹੂ	ਬਧੂ
ਚਕਵਾਓ	ਚਕਵਾ	ਚਕ੍ਰਵਾਕ:

ਪ੍ਰਾਕ੍ਰਿਤ	ਪੰਜਾਬੀ	ਸੰਸਕ੍ਰਿਤ
ਨਿੱਮਲ	ਨਿੰਮਲ	ਨਿਰਮਲ
ਸਭਅ	ਸਭ	ਸਰਬ
ਬੀਥੀ	ਬੀਹੀ	ਬੀਥਿਕਾ
ਵਥੁ	ਵਥ	ਵਸਤੂ
ਏਆਇਰਿ	ਇਆਣੀ	ਏਕਾਕਨਿ
ਡਾਇਨੀ	ਡੈਣ	ਡਾਕਿਨੀ
ਕਅੱਗਹ	ਕੰਘਾ	ਕਚ ਗ੍ਰਹ
ਚਿਤਅ੍ਹੋ	ਚਿਤੇਰਾ	ਚਿਤ੍ਰਕਰ
ਸਾਅਰੋ	ਸਾਇਰ	ਸਾਗਰ
ਭੰਡਉ	ਭੰਡ	ਭਾਰਯਾ
ਵੱਗ	ਵੱਗ	ਵਰਗ
ਸਉ	ਸੌ	ਸ਼ਤ
ਗਦਹੋ	ਗਧਾ	ਰ ਰਧਭ
ਗਾਵਾਲੇ	ਗੁਆਲਾ	ਗੋਪਾਲ :
ਕ਼ੱਮ	ਕੰਮ	ਕਰਮ
ਜੱਮ	ਜੰਮ	ਜਨਮ
ਚੱਮ	ਚੰਮ	ਚਰਮ
ਕੰਨਅ	ਕੰਨ	ਕਰਣ

ਇਸ ਤੋਂ ਇਲਾਵਾ ਸੰਸਕ੍ਰਿਤ ਤੇ ਪ੍ਰਾਕ੍ਰਿਤ ਵਿਚ ਜੋ ਬੁਨਿਆਦੀ ਫ਼ਰਕ ਹਨ ਉਹ ਵੀ ਸਾਬਤ ਕਰਦੇ ਹਨ ਕਿ ਪੰਜਾਬੀ ਯਾ ਉਤਰੀ ਹਿੰਦ ਦੀਆਂ ਹੋਰ ਸ੍ਰੂਬਕ ਬੋਲੀਆਂ ਦਾ ਸੰਸਕ੍ਰਿਤ ਨਾਲ ਸਿੱਧਾ ਸੰਬੰਧ ਨਹੀਂ ਸਗੋਂ ਉਨ੍ਹਾਂ ਦਾ ਰਿਸ਼ਤਾ ਪੁਰਾਣੀ ਪ੍ਰਾਕ੍ਰਿਤ ਨਾਲ ਹੀ ਹੈ। ਜਾਂ ਇਹ ਕਹੋ ਜਿਸ ਪ੍ਰਾਕ੍ਰਿਤ ਤੋਂ ਸੰਸਕ੍ਰਿਤ ਨੇ ਜਨਮ ਲਿਆ ਹੈ, ਉਸੇ ਦੇ ਇਕ ਰੂਪ ਤੋਂ ਇਹ ਬੋਲੀਆਂ ਦੇਸ਼ ਭੇਦ ਅਨੁਸਾਰ ਵਿਕਸਤ ਹੋਈਆਂ ਹਨ।

1. ਸੰਸਕ੍ਰਿਤ ਦੇ 16 ਸ੍ਵਰ ਹਨ ਤੇ ਪ੍ਰਾਕ੍ਰਿਤ ਵਿਚ ਅੱਠ ਦਸ ਕ੍ਰ। ਸੰਸਕ੍ਰਿਤ ਵਿਚਲੇ ਋ ॠ ऌ ॡ ਆਦਿ ਸ੍ਵਰ ਪ੍ਰਾਕ੍ਰਿਤ ਵਿਚ ਵਰਤੇ ਹੀ ਨਹੀਂ ਜਾਂਦੇ ਅਤੇ ਨਾ ਹੀ ਇਨ੍ਹਾਂ ਦੀ ਪਜਾਬੀ ਵਿਚ ਹੋਂਦ ਹੈ।

2. ਸੰਸਕ੍ਰਿਤ ਵਿਅੰਜਨ श, ष, क्ष ਦੀ ਪ੍ਰਾਕ੍ਰਿਤ ਵਿਚ ਉਕੀ ਵਰਤੋਂ ਨਹੀਂ। 'ਸ' 'ਖ' 'ਛ' ਨਾਲ ਹੀ ਕੰਮ ਸਾਰ ਲਿਆ ਜਾਂਦਾ ਹੈ। ਇਹੋ ਗੱਲ ਪਜਾਬੀ ਵਿਚ ਹੈ। ਹੁਣ ਫਾਰਸੀ ਲਫਜ਼ਾਂ ਕਰਕੇ 'ਸ਼' ਦੀ ਵਰਤੋਂ ਚਲੀ ਹੈ।

3. ਪ੍ਰਾਕ੍ਰਿਤ ਵਿਚ 'ਨ' ਦੀ ਥਾਂ ਬਹੁਤੀ 'ਣ' ਦੀ ਵਰਤੋਂ ਹੈ ਜਿਵੇਂ—ਗੁਨ-ਗੁਣ, ਪਵਨ-ਪਉਣ, ਪਾਨੀ-ਪਾਣੀ। ਇਹੋ ਹਾਲ ਪੰਜਾਬੀ ਵਿਚ ਹੈ।

4. ਪ੍ਰਾਕ੍ਰਿਤ ਵਿਚ 'ਯ' ਦੀ ਥਾਂ ਬਹੁਤੀ 'ਜ' ਦੀ ਵਰਤੋਂ ਹੈ, ਜਿਵੇਂ ਯੋਗੀ-ਜੋਗੀ, ਯਤੀ-ਜਤੀ, ਯੁਕਤਿ-ਜੁਗਤ।

5. ਪੈਰ ਵਿਚ 'ਯ' 'ਰ' ਯਾ 'ਵ' ਲਾਉਣ ਦੀ ਰੀਤੀ ਨਹੀਂ, ਜਿਵੇਂ—ਈਸ਼੍ਵਰ-ਈਸ਼ਰ, ਇੰਦ੍ਰ-ਇੰਦਰ, ਪ੍ਰਗਟ-ਪਰਗਟ। ਵਿਦਯਾ-ਵਿਦਿਆ।

ਸੰਸਕ੍ਰਿਤ ਵਿਚ ਵਿਸਰਗ ਵਰਤੀਂਦੀਆਂ ਹਨ ਪਰ 'ਪ੍ਰਾਕ੍ਰਿਤ ਤੇ ਪਜਾਬੀ ਵਿਚ ਇਨ੍ਹਾਂ ਦੀ ਕੋਈ ਵਰਤੋਂ ਨਹੀਂ।

7. ਸੰਸਕ੍ਰਿਤ ਵਿਚ ਤਿੰਨ ਵਚਨ ਤੇ ਤਿੰਨੇ ਹੀ ਲਿੰਗ ਹੁੰਦੇ ਹਨ। ਪ੍ਰਾਕ੍ਰਿਤ ਵਿਚ ਕੇਵਲ ਦੋ ਹਨ ਤੇ ਇਵੇਂ ਪੰਜਾਬੀ ਵਿਚ ਹੈ।

8. ਲ੍ਹਾਲ੍ਹੇ ਦੀ ਸੰਸਕ੍ਰਿਤ ਵਿਚ ਅਵਾਜ਼ ਹੈ ਹੀ ਨਹੀਂ, ਜਿਵੇਂ :—

ਕਾਲ੍ਹਾ, ਚਲ੍ਹਾ, ਗੱਲ੍ਹ ਰਾਲ੍ਹ। ਇਹ ਅਵਾਜ਼ ਪੰਜਾਬੀ ਤੋਂ ਇਲਾਵਾ ਰਾਜਸਥਾਨੀ ਤੇ ਗੁਜਰਾਤੀ ਆਦਿ ਵਿਚ ਹੈ।

9. 'ੜਾੜੇ' ਅੱਖਰ ਦੀ ਅਵਾਜ਼ ਸੰਸਕ੍ਰਿਤ ਵਿਚ ਕੀ, ਕਿਸੇ ਆਰੀਅਨ ਜ਼ਬਾਨ ਵਿਚ ਨਹੀਂ, ਨਾ ਦਰਾਵੜ ਜ਼ਬਾਨਾਂ ਵਿਚ। ਸ੍ਰੀ ਮਦਨ ਗੁਪਾਲ ਜੀ ਦੇ ਖ਼ਿਆਲ ਅਨੁਸਾਰ 'ਸ਼ਾਇਦ ਇਹ ਉਚੀ ਸਭਿਅਤਾ ਵਾਲੇ ਪੰਜਾਬ ਤੇ ਸਿੰਧ ਦੇ ਆਦਿ-ਵਾਸੀਆਂ ਦੀ ਇਕੋ ਇਕ ਬਾਕੀ ਯਾਦਗਾਰ ਹੈ।' ਪੰਜਾਬੀ ਵਿਚ ਇਸ ਦੀ ਵਰਤੋਂ ਆਮ ਹੈ।

10. ਸੰਸਕ੍ਰਿਤ ਤੇ ਹੁਣ ਦੀਆਂ ਬੋਲੀਆਂ ਦਾ ਵੱਡਾ ਫ਼ਰਕ ਇਹ ਹੈ ਕਿ ਸੰਸਕ੍ਰਿਤ ਜੁੜਵੀਂ ਯਾ ਸੰਯੋਗਾਤਮਕ ਬੋਲੀ ਹੈ ਪਰ ਪੰਜਾਬੀ ਨਿੱਖੜਵੀਂ ਯਾ ਵਿਯੋਗਾਤਮਕ।

ਦੂਜੇ, ਅਸੀਂ ਤਾਂ ਇਹ ਗੱਲ ਵੀ ਮੰਨਣ ਨੂੰ ਤਿਆਰ ਨਹੀਂ ਕਿ ਸਾਹਿਤਕ ਪ੍ਰਾਕ੍ਰਿਤ ਯਾ ਸਾਹਿਤਕ ਅਪਭ੍ਰੰਸ਼ ਤੋਂ ਵਰਤਮਾਨ ਬੋਲੀਆਂ ਜਨਮੀਆਂ। ਕਿਉਂਕਿ ਕੋਈ ਵੀ ਸਾਹਿਤਕ ਭਾਸ਼ਾ ਇਸ ਦੇ ਯੋਗ ਨਹੀਂ ਹੁੰਦੀ। ਲੋਕਾਂ ਦੀ ਬੋਲ-ਚਾਲ ਦੀ ਬੋਲੀ ਤੋਂ ਹੀ ਨਵੀਂ ਬੋਲੀ ਪੈਦਾ ਹੁੰਦੀ ਹੈ ਤੇ ਪੰਜਾਬੀ ਵੀ ਬੋਲ-ਚਾਲ ਦੀ ਅਪਭ੍ਰੰਸ਼ ਤੋਂ ਜੰਮੀ।

ਇਨ੍ਹਾਂ ਗੱਲਾਂ ਤੋਂ ਸਿੱਧ ਹੈ ਕਿ ਪੰਜਾਬੀ ਦਾ ਸੰਸਕ੍ਰਿਤ ਨਾਲ ਵਾਸਤਾ ਨਹੀਂ, ਪ੍ਰਾਕਿਤ ਦੇ ਅੰਤਮ ਰੂਪ ਅਪਭ੍ਰੰਸ਼ ਨਾਲ ਹੀ ਹੈ, ਜਿਸ ਵਿਚ ਪੰਜਾਬੀ ਵਾਲੇ ਗੁਣ ਵੇਖਣ ਨੂੰ ਆਮ ਮਿਲਦੇ ਹਨ। ਸੋ ਇਹ ਦੇਖ ਭਾਲ ਇਹ ਸਾਬਤ ਕਰਦੀ ਹੈ ਕਿ ਅਪਭ੍ਰੰਸ਼ ਯਾ ਇਉਂ ਕਹੋ, ਬੋਲ-ਚਾਲ ਦੀ ਅਪਭ੍ਰੰਸ਼ ਤੋਂ ਹੀ ਪੰਜਾਬੀ ਦਾ ਪ੍ਰਕਾਸ਼ ਹੋਇਆ ਜਿਸ ਨੂੰ ਬੁੱਢੇ ਵਾਰੇ ਆਮ ਲੋਕੀਂ ਦੇਸੀ ਜਾਂ ਦੇਸ਼-ਭਾਖਾ ਆਖਣ ਲੱਗ ਪਏ ਸਨ। ਮਸ਼ਹੂਰ ਵਿਆਕਰਣੀ ਸ੍ਰੀ ਹੇਮ ਚੰਦਰ ਨੇ ਇਸ ਜ਼ਬਾਨ ਦਾ ਸ਼ਬਦ-ਕੋਸ਼ 'ਦੇਸੀ ਨਾਮ-ਮਾਲਾ' ਹੇਠ ਤਿਆਰ ਕੀਤਾ ਸੀ, ਇਸ ਵਿਚ ਕੁਲ 3978 ਦੇਸੀ ਸ਼ਬਦ ਸੰਚਿਤ ਹਨ। ਇਸੇ ਤਰ੍ਹਾਂ ਇਸ ਤੋਂ ਪਹਿਲਾਂ 973 ਈ: ਵਿਚ ਸ੍ਰੀ ਧਨਪਾਲ ਨੇ 'ਪਾਇਅ ਲੱਛੀ ਨਾਮ ਮਾਲਾ' ਕੋਸ਼ ਲਿਖਿਆ ਸੀ ਜਿਸ ਵਿਚ ਪ੍ਰਾਕ੍ਰਿਤ ਦੇ ਸ਼ਬਦ ਸੰਕਲਿਤ ਹਨ। ਇਨ੍ਹਾਂ ਕੋਸ਼ਾਂ ਦੀ ਸ਼ਬਦਾਵਲੀ ਨਾਲ ਮੌਜੂਦਾ ਪੰਜਾਬੀ ਯਾ ਰਾਜਸਥਾਨੀ ਦੀ ਸ਼ਬਦਾਵਲੀ ਨੂੰ ਮੇਲਣਾ ਬਹੁਤ ਦਿਲਚਸਪ ਤੇ ਚੰਗੇ ਸਹੀ ਸਿੱਟੇ ਕੱਢਣ ਦਾ ਸਾਧਨ ਬਣ ਸਕਦਾ ਹੈ। ਅਜਿਹੇ ਜ਼ੁਲ-ਨਾਤਮਕ ਅਧਿਐਨ ਨਾਲ ਫਿਰ ਕਿਸੇ ਹੋਰ ਸ਼ੰਕਾ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ।

ਸੰਸਕ੍ਰਿਤ ਵਿਚ ਵੀ ਰਲਾਵਟ ਹੈ

ਇਕ ਹੋਰ ਸ਼ੰਕਾ ਵੀ ਨਿਵਾਰਨਾ ਠੀਕ ਰਹੇਗਾ। ਸੰਸਕ੍ਰਿਤ ਨੂੰ ਉੱਤਰੀ ਹਿੰਦ ਦੀਆਂ ਮੌਜੂਦਾ ਸਾਰੀਆਂ 'ਬੋਲੀਆਂ ਦੀ ਮਾਂ' ਕਹਿਣ ਵਾਲੇ ਲੋਕ ਇਹ ਗੱਪ ਮਾਰ ਕੇ ਵੀ ਫੁੱਲੇ ਨਹੀਂ ਸਮਾਉਂਦੇ ਕਿ ਸੰਸਕ੍ਰਿਤ ਨਰੋਲ ਆਰੀਆ ਭਾਸ਼ਾ ਹੈ ਤੇ ਬਾਕੀ ਨਹੀਂ। ਇਸੇ ਤਰ੍ਹਾਂ ਗੰਗਾ

ਜੰਮਨਾ ਘਾਟੀ ਦੇ ਆਰੀਏ ਸ਼ੁਧ ਆਰੀਆ-ਬੰਸੀ ਹਨ, ਬਾਕੀ ਨਹੀਂ। ਖਾਸ ਕਰਕੇ ਪੰਜਾਬੀਆਂ ਨੂੰ 'ਪਿਸ਼ਾਚ' ਕਹਿਣ ਦਾ ਵੀ ਇਹੋ ਕਾਰਣ ਸੀ ਕਿ ਇਹ ਲੋਕ ਯੱਗ, ਹੋਮ ਨਹੀਂ ਕਰਦੇ, ਦੇਵਤਿਆਂ ਨੂੰ ਨਹੀਂ ਮੰਨਦੇ, ਇਨ੍ਹਾਂ ਖੁਲ੍ਹਾਂ ਦੇ ਕਾਰਣ ਹੀ ਗੰਗਾ ਵਾਲੇ ਪੰਡਿਤ ਇਨ੍ਹਾਂ ਨੂੰ 'ਨੀਚ' ਸਮਝਦੇ ਸਨ। ਹੁਣ ਵਿਚਾਰਨਾ ਇਹ ਹੈ ਕਿ ਕੀ ਪੰਜਾਬ ਤੋਂ ਸਿਵਾ ਬਾਕੀ ਸਾਰੇ ਸ਼ੁਧ ਆਰੀਆ ਵੱਸੋਂ ਹੀ ਹੈ? ਉਨ੍ਹਾਂ ਵਿਚ ਹੋਰ ਕੋਈ ਮਿਲਾਵਟ ਨਹੀਂ ਹੋਈ? ਇਸ ਗੱਲ ਦਾ ਨਿਰਣਾ ਪਿੱਛੇ ਦਰਜ ਸਰਕਾਰੀ ਰਪੋਟ ਤੋਂ ਹੀ ਭਲੀ ਭਾਂਤ ਹੋ ਜਾਂਦਾ ਹੈ। ਜੇ ਕਰ ਇਸ ਨੂੰ ਇਤਿਹਾਸਕ ਕਸਵੱਟੀ ਤੇ ਵੀ ਪਰਖੀਏ ਤਾਂ ਵੀ ਇਹ ਠੀਕ ਨਹੀਂ ਨਿਕਲਦੀ।

ਕਾਰਣ ਇਹ ਹੈ ਆਰੀਆ ਤੋਂ ਬਾਅਦ ਕਿਤਨੇ ਹੀ ਲੋਕ ਹਿੰਦ ਵਿਚ ਆਏ ਤੇ ਆ ਕੇ ਵਸੇ। ਇਸ ਲਈ ਇਹ ਦਾਅਵਾ ਕੋਈ ਵੀ ਨਹੀਂ ਕਰ ਸਕਦਾ ਕਿ ਸ਼ੁੱਧ ਆਰੀਆ ਨਸਲ ਕਿਤੇ ਕੋਈ ਅੱਡ ਬੋਤਲ ਵਿਚ ਪਾ ਕੇ ਰੱਖੀ ਹੋਈ ਹੈ। ਈਸਾਈ ਇਤਹਾਸਕਾਰ ਯੂਜੀਅਸ ਦੇ ਲਿਖਣ ਅਨੁਸਾਰ ਈਸਾ ਜੀ ਤੋਂ 1800 ਵਰ੍ਹੇ ਪਹਿਲਾਂ ਮਿਸਰ ਦੇ ਰਾਜਾ ਸਿਸੋਸਟ੍ਰਸ ਨੇ ਹਿੰਦ ਉਤੇ ਹੱਲਾ ਕੀਤਾ, ਜੋ ਗੰਗਾ ਘਾਟੀ ਤੋਂ ਮੁੜ ਕੇ ਆਇਆ। ਫਿਰ 900 ਈ: ਪੂਰਬ ਵਿਚ ਅਸੀਰੀਆ ਦੀ ਰਾਣੀ ਸੇਮੀਰਾਮਸ ਨੇ ਧਾਵਾ ਕੀਤਾ। 650 ਈ: ਪੂਰਬ ਵਿਚ ਮੱਧ ਏਸ਼ੀਆ ਦੇ ਤਾਤਾਰ ਜਾਂ ਸਿਥਿਅਨ ਲੋਕ ਆਏ, ਜਿਨ੍ਹਾਂ ਨੂੰ ਸੰਸਕ੍ਰਿਤ ਵਾਲਿਆਂ ਹੂਣ ਲਿਖਿਆ ਹੈ। 326 ਈ: ਪੂਰਬ ਯੂਨਾਨੀਆਂ ਸਿਕੰਦਰ ਦੀ ਅਗਵਾਈ ਵਿਚ ਹੱਲਾ ਕੀਤਾ ਤੇ ਬਾਅਦ ਵਿਚ ਦੋ ਸੌ ਵਰ੍ਹੇ ਤੋਂ ਉਤੇ ਰਾਜ ਵੀ ਕੀਤਾ। ਫਿਰ ਸ਼ੱਕਾਂ ਦਾ ਜ਼ੋਰ ਵਧਿਆ। ਇਸ ਤੋਂ ਪਿੱਛੋਂ ਫਿਰ ਹੂਣਾਂ ਅਭੀਰਾਂ, ਗੁਰਜਰਾਂ (ਗੁੱਜਰਾਂ) ਹੱਲੇ ਕੀਤੇ, ਤੇ ਇਥੇ ਹੀ ਆ ਵਸੇ। ਬਾਅਦ ਵਿਚ ਇਸਲਾਮੀ ਤਾਕਤ ਨੇ ਏਸ਼ੀਆ, ਅਫ਼ਰੀਕਾ ਤੇ ਦੱਖਣੀ ਯੂਰਪ ਨੂੰ ਕਾਬੂ ਕਰਕੇ ਹਿੰਦ ਉਤੇ ਕਈ ਸੌ ਵਰ੍ਹੇ ਲਗਾਤਾਰ ਚੜ੍ਹਾਈਆਂ ਜਾਰੀ ਰੱਖੀਆਂ। ਅਰਬੀ, ਤੁਰਕੀ, ਈਰਾਨੀ, ਮੰਗੋਲ, ਪਠਾਣ ਕਈ ਭਾਂਤ ਭਾਂਤ ਦੀਆਂ ਨਸਲਾਂ ਆਈਆਂ ਤੇ ਆ ਕੇ ਵਸਦੀਆਂ ਗਈਆਂ। ਫਿਰ ਯੂਰਪ ਦੀਆਂ ਕਈ ਜਾਤੀਆਂ ਭਾਰਤ ਵਿਚ ਆਈਆਂ ਜਿਨ੍ਹਾਂ ਵਿਚੋਂ ਅੰਗਰੇਜ਼ਾਂ ਨੇ ਤਾਂ ਕਾਫੀ ਲੰਮਾ ਸਮਾਂ ਰਾਜ ਵੀ ਕੀਤਾ। ਵਿਦਵਾਨਾਂ ਦੀ ਖੋਜ ਅਨੁਸਾਰ ਘੱਟ ਤੋਂ ਘੱਟ ਗਿਆਰਾਂ ਜਾਤੀਆਂ ਨੀਗਰੋ, ਆਸਟਰਿਕ, ਦ੍ਰਾਵੜ, ਆਰੀਆ, ਯੂਨਾਨੀ, ਯੂਚੀ, ਸ਼ਕ, ਅਭੀਰ, ਹੂਣ, ਮੰਗੋਲ ਤੇ ਤੁਰਕ ਆਦਿ ਦਾ ਹਿੰਦ ਦੀ ਅਬਾਦੀ ਵਿਚ ਰੱਲਾ ਹੈ। ਕੀ ਇਨ੍ਹਾਂ ਵਿਚੋਂ ਦਸ ਗੈਰ ਆਰੀਆ ਨਸਲਾਂ ਦੇ ਵੱਸਣ ਕਰਕੇ ਆਰੀਆ ਨਸਲ ਉਤੇ ਕੋਈ ਅਸਰ ਨਹੀਂ ਹੋਇਆ? ਇਹ ਗੱਲ ਮੰਨਣ ਵਿਚ ਨਹੀਂ ਆਉਂਦੀ। ਕੇਵਲ ਇਨ੍ਹਾਂ ਸਾਰਿਆਂ ਨੂੰ 'ਮਲੇਛ' ਜਾਂ 'ਯਵਨ' ਆਖ ਕੇ ਛੁਟਕਾਰਾ ਨਹੀਂ ਪਾਇਆ ਜਾ ਸਕਦਾ। ਪਰਸਪਰ ਲਹੂਆਂ ਦਾ ਮੇਲ ਜ਼ਰੂਰ ਹੋਇਆ ਹੋਵੇਗਾ ਅਤੇ ਹੋਇਆ ਹੈ। ਜਦੋਂ ਹਿੰਦ ਵਿਚ ਪਹਿਲੇ ਆਰੀਆ ਲੋਕ ਆਏ ਉਨ੍ਹਾਂ ਦਾ ਹਿੰਦ ਦੇ ਆਦਿ-ਵਾਸੀਆਂ ਦਰਾਵੜਾਂ ਆਦਿ ਨਾਲ ਵੀ ਜ਼ਰੂਰ ਲਹੂ ਮੇਲ ਹੋਇਆ ਹੋਵੇਗਾ। ਇਨ੍ਹਾਂ ਨੇ ਉਨ੍ਹਾਂ ਉਤੇ, ਉਨ੍ਹਾਂ ਨੇ ਇਨ੍ਹਾਂ ਉਤੇ ਕਈ ਤਰ੍ਹਾਂ ਦੇ ਪ੍ਰਭਾਵ ਪਾਏ ਹੋਣਗੇ। ਮਿਸਟਰ ਕਾਡਵੈਲ ਨੇ ਤਾਂ "ਕੰਪੈਰੇਟਿਵ ਗਰਾਮਰ ਆਫ਼ ਦ੍ਰਿਵੇਦੀਅਨ ਲੈਂਗੂਏਜਜ਼" ਵਿਚ ਕਈ ਸ਼ਬਦ ਅਜਿਹੇ ਦਿੱਤੇ ਹਨ ਜੋ ਦ੍ਰਾਵੜ ਬੋਲੀਆਂ ਤੋਂ ਸੰਸਕ੍ਰਿਤ ਵਿਚ ਆਏ ਭਾਵੇਂ ਉਹ ਸਾਰੇ ਮੰਨਣ ਯੋਗ ਨਹੀਂ। ਪੰਡਤ ਹਜ਼ਾਰੀ ਪ੍ਰਸਾਦ ਦ੍ਰਿਵੇਦੀ 'ਨਹਿਰੂ ਅਭਿਨੰਦਨ ਗ੍ਰੰਥ' ਦੇ ਪੰਨਾ 442 ਉਤੇ ਲਿਖਦੇ ਹਨ—'ਅਣਆਰੀਆ ਜਾਤੀਆਂ ਨੇ ਹੌਲੀ ਹੌਲੀ ਆਰੀਆ ਭਾਸ਼ਾ ਤੇ ਆਰੀਆ ਵਿਸ਼ਵਾਸਾਂ ਨੂੰ ਪ੍ਰਵਾਣ ਤਾਂ ਕਰ ਲਿਆ ਪਰ ਉਨ੍ਹਾਂ (ਅਣਆਰੀਆਂ) ਦੇ ਵਿਸ਼ਵਾਸ ਤੇ ਉਨ੍ਹਾਂ ਦੀ ਬੋਲੀ ਨੇ ਹੇਠਾਂ ਤੋਂ ਹੱਲਾ ਕੀਤਾ।

ਆਰੀਆ ਜ਼ਬਾਨ ਉਪਰੋਂ ਉਪਰੋਂ ਆਰੀਆ ਬਣੀ ਰਹਿਣ ਤੇ ਵੀ ਉਨ੍ਹਾਂ ਤੋਂ ਪ੍ਰਭਾਵਤ ਹੁੰਦੀ ਗਈ।' ਹਿੰਦ ਦੇ ਮਸ਼ਹੂਰ ਭਾਸ਼ਾ-ਵਿਗਿਆਨੀ ਡਾ. ਸੁਨੀਤੀ ਕੁਮਾਰ ਚੈਟਰਜੀ ਦੀ ਰਾਇ ਵੀ ਇਸ ਮਾਮਲੇ ਤੇ ਸੁਣ ਲੈਣੀ ਚਾਹੀਦੀ ਹੈ—

"Sanskrit grammarians never considered possible that the language of the gods would stoop to borrow from the language of the 'melechhas' and hence theoretically, there are no desi or videsi words in Sanskrit and Veds. But there is no doubt that a fairly respectable Dravidian and austeric element has now been signalised in Indo-Aryan, including Sanskrtit, in addition to deeper and more subtle influences on Indo-Aryan phonetics and syntax."

ਇਸੇ ਤਰ੍ਹਾਂ ਸ੍ਰੀ ਟੀ. ਬਰੋ ਨੇ ਸੰਸਕ੍ਰਿਤ ਵਿਚਲੇ ਦ੍ਰਾਵੜ ਸ਼ਬਦਾਂ ਦੀ ਵਿਉਤਪਤੀ ਬਾਰੇ ਕਈ ਲੇਖਾਂ ਵਿਚ ਚੰਗੀ ਸਮੱਗਰੀ ਇਕਠੀ ਕੀਤੀ ਹੈ।‡

ਸੋ ਇਹ ਗੱਲ ਮੰਨਣ ਤੋਂ ਕਿਵੇਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਦ੍ਰਾਵੜੀ ਸ਼ਬਦ ਆਰੀਆ ਬੋਲੀ ਵਿਚ ਸ਼ਾਮਲ ਨਹੀਂ ਹੋਏ ਹੋਣਗੇ। 'ਗੰਗਾ' ਸ਼ਬਦ ਜੋ ਹਿੰਦੂਆਂ ਦੇ ਪਵਿੱਤਰ ਦਰਿਆ ਦਾ ਨਾਂ ਹੈ ਇਹ ਦਰਾਵੜੀ ਭਾਸ਼ਾ ਦਾ ਹੀ ਹੈ। ਜਿਵੇਂ ਆਰੀਆਂ ਦੀ ਪੁਰਾਣੀ ਜ਼ਬਾਨ ਦਾ ਰਿਗ ਵੇਦ ਤੇ ਹੋਰ ਪੁਰਾਣੇ ਸੰਸਕ੍ਰਿਤ ਗ੍ਰੰਥਾਂ ਵਿਚ ਰਿਕ-ਰਡ ਸਾਂਭਿਆ ਪਿਆ ਹੈ, ਮੁਸ਼ਕਲ ਇਹ ਹੈ, ਉਸ ਤਰ੍ਹਾਂ ਉਸ ਸਮੇਂ ਦੀਆਂ ਦਰਾਵੜ ਜ਼ਬਾਨਾਂ ਦਾ ਸਾਡੇ ਪਾਸ ਕੋਈ ਪੁਰਾਣਾ ਰਿਕਾਰਡ ਮੌਜੂਦ ਨਹੀਂ। ਜੇ ਕਰ ਅਜਿਹਾ ਹੁੰਦਾ ਤਾਂ ਇਹ ਨਿਰਣਾ ਕਰਨਾ ਔਖਾ ਨਹੀਂ ਸੀ ਰਹਿਣਾ ਕਿ ਆਰੀਆਂ ਦੀ ਬੋਲੀ ਵਿਚ ਕਿਨੇ ਕੁ ਦਰਾਵੜੀ ਸ਼ਬਦ ਰਲੇ। ਬਾਅਦ ਦੇ ਆਉਣ ਵਾਲਿਆਂ ਦੀ ਤਾਂ ਗੱਲ ਹੀ ਛਡੋ। ਡਾ: ਇੰਦ੍ਰ ਚੰਦ ਸ਼ਾਸਤ੍ਰੀ ਅਣੂ, ਕਪਿ, ਕੁਟੀ, ਕੁੰਡ, ਪੁਸ਼ਪ, ਪੁਸ਼ਕਰ, ਕੁਲਾਲ, ਕੰਬਲ, ਤਿਲ, ਵੱਲੀ ਆਦਿ ਪਦਾਂ ਨੂੰ ਦ੍ਰਾਵੜ ਦਸਦੇ ਹਨ।§

ਸੋ ਇਹ ਦਾਅਵਾ ਕਰਨਾ ਕਿ ਸੰਸਕ੍ਰਿਤ ਸ਼ੁੱਧ ਆਰੀਅਨ ਜ਼ਬਾਨ ਹੈ ਤੇ ਗੰਗਾ ਘਾਟੀ ਵਾਲੇ ਸ਼ੁੱਧ ਆਰੀਅਨ ਹਨ, ਬਹੁਤਾ ਅਰਥ ਨਹੀਂ ਰੱਖਦਾ। ਜਿਵੇਂ ਬਾਕੀ ਦੇਸ਼ ਉਤੇ ਬਾਹਰਲੇ ਪ੍ਰਭਾਵ ਪਏ ਤਿਵੇਂ ਉਨ੍ਹਾਂ ਦੀਆਂ ਜ਼ਬਾਨਾਂ ਦਾ ਵੀ ਸਾਡੇ ਉਤੇ ਅਸਰ ਹੋਇਆ। ਕਿਸੇ ਤੇ ਘੱਟ ਕਿਸੇ ਤੇ ਵੱਧ। ਪੰਜਾਬ ਚੂੰਕਿ ਹਿੰਦ ਦਾ ਦਰਵਾਜ਼ਾ ਹੈ ਇਸ ਲਈ ਜੋ ਵੀ ਕੌਮਾਂ ਪੱਛਮ-ਉਤਰ ਵਲੋਂ ਆਈਆਂ, ਉਨ੍ਹਾਂ ਦਾ ਪਹਿਲਾ ਅਸਰ ਪੰਜਾਬ ਉਤੇ ਜ਼ਰੂਰ ਪਿਆ। ਇਸ ਦੇ ਨਾਲ ਹੀ ਉਨ੍ਹਾਂ ਦੀਆਂ ਜਬਾਨਾਂ ਨੇ ਵੀ ਸਾਡੀ ਉਸ ਸਮੇਂ ਦੀ ਬੋਲੀ ਨੂੰ ਪ੍ਰਭਾਵਤ ਕੀਤਾ। ਇਨ੍ਹਾਂ ਨਿੱਤ ਨਿੱਤ ਦੀਆਂ ਤੂਫ਼ਾਨੀ ਅਦਲਾ-ਬਦਲੀਆਂ ਨੇ ਹੀ ਪੰਜਾਬੀਆਂ ਅਤੇ ਪੰਜਾਬੀ ਬੋਲੀ ਨੂੰ ਬਾਕੀ ਆਰੀਆਂ ਤੇ ਆਰੀਅਨ ਬੋਲੀਆਂ ਨਾਲੋਂ ਨਵੇਕਲਾ ਰੂਪ ਰੰਗ ਦੇਣ ਵਿਚ ਵਧੇਰੇ ਹਿੱਸਾ ਪਾਇਆ। ਖ਼ਾਸ ਕਰਕੇ ਮੁਸਲਮਾਨੀ ਆਮਦ ਨੇ ਤਾਂ ਬਹੁਤ ਹੀ ਗੂੜ੍ਹਾ ਅਸਰ ਕੀਤਾ ਤੇ ਸਾਡੀਆਂ ਬੋਲੀਆਂ ਨੂੰ ਸੰਜੋਗ-ਆਤਮਕ ਲੀਹਾਂ ਛੁਡਾ ਕੇ ਵਿਯੋਗ-ਆਤਮਕ ਰਾਹਾਂ ਉਤੇ ਚਲਾਇਆ।

‡ਨਾਗਰੀ ਪ੍ਰਚਾਰਿਣੀ ਪਤ੍ਰਿਕਾ, ਵਰਖ 54 ਅੰਕ 1, 2 (ਪੰਨਾ 90)

§ਭਾਰਤੀਯ ਆਰਯ ਭਾਸ਼ਾਏਂ, ਪੰਨਾ 33

Sri Satguru Jagjit Singh Ji eLibrary NamdhariElibrary@gmail.com

ਬਾਵਜੂਦ ਇਤਨੀਆਂ ਤਬਦੀਲੀਆਂ ਦੇ ਪਜਾਬ ਦੀ ਬੋਲੀ ਨੂੰ ਆਰੀਆ ਬੰਸ ਦੀ ਬੋਲੀ ਮੰਨਣ ਤੋਂ ਕਿਵੇਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਡਾਕਟਰ ਤਾਰਾ ਚੰਦ ਸਾਫ਼ ਲਿਖਦੇ ਹਨ, 'ਸਿੰਧੀ ਤੇ ਪੰਜਾਬੀ ਨੇ ਫ਼ਾਰਸੀ ਅਰਬੀ ਦੇ ਕਾਫ਼ੀ ਸ਼ਬਦ ਲਏ ਹਨ ਪਰੰਤੂ ਆਪਣੀ ਅਵਾਜ਼ ਤੇ ਰੂਪ (ਧੁਨੀ ਤੇ ਬਣਤਰ) ਦੇ ਨੇਮਾਂ ਦੇ ਨਾਤੇ ਇਹ ਭਾਰਤੀ ਆਰੀਆ-ਭਾਸ਼ਾਵਾਂ ਹੀ ਹਨ।'

(ਹਿੰਦੁਸਤਾਨੀ, (ਜੁਲਾਈ 1937), ਪੰ: 289)

ਪ੍ਰੋ: ਧੀਰੇਂਦਰ ਵਰਮਾ ਦਾ ਕਥਨ, 'ਵਿਉਤਪਤੀ ਦੇ ਖਿਆਲ ਨਾਲ ਪੰਜਾਬੀ, ਪਛਮੰਤਰੀ ਆਰਯ ਬੋਲੀਆਂ ਅਰਥਾਤ ਲਹਿੰਦੀ ਤੇ ਸਿੰਧੀ ਨਾਲ ਜ਼ਿਆਦਾ ਮਿਲਦੀ-ਜੁਲਦੀ ਹੈ।' ਵੀ ਇਸੇ ਗੱਲ ਦੀ ਪੁਸ਼ਟੀ ਕਰਦਾ ਹੈ।

ਜਨਮ–ਕਾਲ

ਹੁਣ ਇਸ ਗਲ ਦਾ ਨਿਰਣਾ ਕਰਨਾ ਬਾਕੀ ਹੈ ਕਿ ਸਾਡੀਆਂ ਇਹ ਬੋਲੀਆਂ ਕਿਸ ਸਮੇਂ ਵਜੂਦ ਵਿਚ ਆਈਆਂ। ਇਨ੍ਹਾਂ ਦਾ ਜਨਮ ਕਾਲ ਕਦਕੁ ਦਾ ਮਿਥਣਾ ਚਾਹੀਦਾ ਹੈ ?

ਸੱਤ ਸੌ ਬਾਰਾਂ ਤੇਰਾਂ ਵਿਚ ਅਰਬਾਂ ਨੇ ਸਿੰਧ ਤੇ ਮੁਲਤਾਨ ਉਤੇ ਹਮਲਾ ਕੀਤਾ। ਭਾਵੇਂ ਇਸ ਵੇਲੇ ਹਿੰਦੂਆਂ ਦਾ ਰਾਜ ਕਾਬਲ ਤਕ ਸੀ ਤੇ 10ਵੀਂ ਸਦੀ ਦੇ ਅੰਤ ਤਕ ਇਵੇਂ ਹੀ ਰਿਹਾ ਪਰ 11ਵੀਂ ਸਦੀ ਦੇ ਅਰੰਭ ਨਾਲ ਮਹਿਮੂਦ ਗ਼ਜ਼ਨਵੀ ਦੇ ਹੱਲਿਆਂ ਸਮੇਂ ਕਾਬਲ ਹੀ ਨਹੀਂ, ਲਾਹੌਰ ਵੀ ਹਿੰਦੂਆਂ ਹੱਥੋਂ ਨਿਕਲ ਗਿਆ। ਪੰਜਾਬ ਦਾ ਇਕ ਕੋਣਾ ਮੁਲਤਾਨ ਤਾਂ ਅੱਠਵੀਂ ਸਦੀ ਤੋਂ ਹੀ ਇਸਲਾਮੀ ਸਭਿਅਤਾ ਦਾ ਗੜ੍ਹ ਬਣ ਗਿਆ ਸੀ। ਇਉਂ ਮੁਲਤਾਨ ਅਤੇ ਲਾਹੌਰ ਮੁਸਲਮਾਨੀ ਕਬਜ਼ੇ ਵਿਚ ਜਾਣ ਸਮੇਂ ਤੋਂ ਹੀ ਪੰਜਾਬੀ ਦੀ ਨਵੀਂ ਬਣਤਰ ਦੀ ਰੂਪ-ਰੇਖਾ ਉਲੀਕੀ ਜਾਣ ਲੱਗੀ। ਮਸ਼ਹੂਰ ਵਿਦਵਾਨ ਅਲਬੈਰੂਨੀ, ਜੋ ਕਈ ਵਰ੍ਹੇ ਪੰਜਾਬ ਵਿਚ ਰਿਹਾ ਉਹ (1030 ਈ:) ਲਿਖਦਾ ਹੈ, ''ਹਿੰਦ ਦੀ ਇਕ ਬੋਲੀ ਸਾਧਾਰਣ ਕਿਸਮ ਦੀ ਹੈ, ਜਿਸ ਤੋਂ ਪੇਂਡੂ ਲੋਕ ਕੰਮ ਲੈਂਦੇ ਹਨ। ਦੂਜੀ ਕਿਸਮ ਦੀ ਬੋਲੀ ਸੁਰਖਿਅਤ, ਵਿਸ਼ਾਲ, ਵਿਉਤਪਤੀ, ਵਿਆਕਰਣ ਤੇ ਅਲੰਕਾਰੀ ਨੇਮਾਂ ਵਿਚ ਪੂਰਣ ਹੈ, ਜਿਸ ਵਿਚ ਸੂਖਮ ਵੀਚਾਰਾਂ ਪਾਈਆਂ ਜਾਂਦੀਆਂ ਹਨ। ਮਾਹਰ ਵਿਦਵਾਨਾਂ ਬਿਨਾ ਇਸ ਭਾਸ਼ਾ ਵਲ ਹੋਰ ਲੋਕ ਧਿਆਨ ਨਹੀਂ ਦੇਂਦੇ।''‡

ਇਸ ਤੋਂ ਲੇਖਕ ਦਾ ਇਸ਼ਾਰਾ ਸੰਸਕ੍ਰਿਤ ਵੱਲ ਹੈ ਤੇ ਪਹਿਲੀ ਸਾਧਾਰਣ ਬੋਲੀ ਤੋਂ ਮੁਰਾਦ ਓਹੋ ਪੁਰਾਣੀ ਪੰਜਾਬੀ ਆਦਿ ਹੈ, ਜੋ ਲੋਕ-ਕੰਠ ਵਿਚੋਂ ਨਵਾਂ ਰੂਪ ਧਾਰ ਕੇ ਪ੍ਰਗਟ ਹੋ ਰਹੀ ਸੀ।

ਪੰਡਿਤ ਵਿਸ਼ਵੇਸ਼ਰ ਨਾਥ ਰੇਓ 'ਰਾਜਾ ਭੋਜ' ਨਾਮੀ ਪੁਸਤਕ ਦੇ ਪੰਨਾ 56 ਉਤੇ ਲਿਖਦੇ ਹਨ, 'ਸ੍ਰੀ ਯੁਤ ਸੀ. ਵੀ ਵੈਦ ਦਾ ਅਨੁਮਾਨ ਹੈ ਕਿ 1000 ਈਸਵੀ ਵਿਚ ਪ੍ਰਾਕ੍ਰਿਤ ਤੋਂ ਪੈਦਾ ਹੋਈਆਂ ਮਹਾਰਾਸ਼ਟਰੀ, ਸ਼ੌਰਸੈਨੀ, ਮਾਗਧੀ ਤੇ ਪੈਸ਼ਾਚੀ ਭਾਸ਼ਾਵਾਂ ਦੀ ਥਾਂ ਮਰਾਠੀ, ਹਿੰਦੀ, ਬੰਗਾਲੀ ਤੇ ਪੰਜਾਬੀ ਲੈ ਰਹੀਆਂ ਸਨ।'

ਸ੍ਰੀ ਸਿਆਮ ਸੁੰਦਰ ਦਾਸ ਜੀ ਗਿਆਰ੍ਹਵੀਂ ਸਦੀ ਦੀ ਹਿੰਦੀ ਦਾ ਜ਼ਿਕਰ ਕਰਦੇ ਲਿਖਦੇ ਹਨ, 'ਇਸ ਸਮੇਂ ਦੀ ਬੋਲੀ ਦੀ ਨੁਹਾਰ ਰਾਜਪੂਤਾਨੇ ਦੀ ਬੋਲੀ ਨਾਲ ਮਿਲਦੀ ਜੁਲਦੀ ਹੈ, ਜਿਸ ਵਿਚ ਇਕ ਪਾਸੇ ਪੁਰਾਣੀ ਗੁਜਰਾਤੀ ਤੇ ਦੂਜੇ ਪਾਸੇ ਪੁਰਾਣੀ ਪੰਜਾਬੀ ਦੀ ਮਿੱਸ ਮਿਲੀ ਦਿਸਦੀ ਹੈ।'

(ਹਿੰਦੀ ਭਾਸ਼ਾ ਦਾ ਵਿਕਾਸ, ਪੰ: 40)

‡ਕਿਤਾਬੁਲ ਹਿੰਦ, ਪੰਨਾ 14 (ਉਰਦੂ ਤਰਜਮਾ)

ਇਸੇ ਤਰ੍ਹਾਂ ਪੰਡਿਤ ਮਹਾਂਵੀਰ ਪ੍ਰਸ਼ਾਦ ਦ੍ਵਿਵੈਦੀ (ਸੁਰਸਤੀ, ਜਨਵਰੀ 1928) 10ਵੀਂ ਸਦੀ ਦੀਆਂ ਪ੍ਰਾਚੀਨ ਪੁਸਤਕਾਂ ਬਾਰੇ ਰਾਏ ਦਿੰਦੇ ਲਿਖਦੇ ਹਨ ਕਿ ਇਹ ਪੋਥੀਆਂ ਭਾਵੇਂ ਪ੍ਰਾਕ੍ਰਿਤ ਵਿਚ ਹਨ ਪਰ ਇਨ੍ਹਾਂ ਦੀ ਬੋਲੀ ਵਰਤਮਾਨ ਪੰਜਾਬੀ ਨਾਲ ਬਹੁਤ ਮੇਲ ਖਾਂਦੀ ਹੈ।' ਇਨਾਂ ਵਿਦਵਾਨਾਂ ਦੀਆਂ ਰਾਵਾਂ ਤੋਂ ਇਹ ਸਿੱਟਾ ਕੱਢਣਾ ਕੋਈ ਔਖੀ ਗੱਲ ਨਹੀਂ ਕਿ ਗਿਆਰ੍ਹਵੀਂ ਸਦੀ ਦੇ ਅਰੰਭ ਵਿਚ ਪੰਜਾਬੀ ਦਾ ਢਾਂਚਾ ਨਿੱਖੜਵੇਂ ਤੌਰ ਤੇ ਸਿਰਜਿਆ ਜਾਣ ਲੱਗ ਪਿਆ ਸੀ। ਪੂਰਬੀ ਜ਼ਬਾਨਾਂ ਦੇ ਮਾਹਰ ਐਫ਼. ਈ ਕੀ. (F. E. Keay) ਵੀ ਪੰਜਾਬੀ ਦਾ ਮੁੱਢ ਇਕ ਹਜ਼ਾਰ ਈਸਵੀ ਵਿਚ ਏਸੇ ਸਮੇਂ ਹੀ ਬੱਝਾ ਦੱਸਦੇ ਹਨ। 1932 ਵਿਚ ਪੰਜਾਬ ਯੂਨੀਵਰਸਿਟੀ ਇਨਕੁਆਇਰੀ ਕਮੇਟੀ ਨੇ ਆਪਣੀ ਰਿਪੋਰਟ ਲਿਖਦਿਆਂ ਇਹ ਸਚਾਈ ਪ੍ਰਗਟ ਕੀਤੀ ਸੀ, 'ਹਿੰਦ ਆਰਿਆਈ-ਜ਼ਬਾਨ ਵਿਚੋਂ ਨਿਕਲੀਆਂ ਵਰਤਮਾਨ ਸਾਰੀਆਂ ਬੋਲੀਆਂ ਨਾਲੋਂ ਪੰਜਾਬੀ ਅਤਿ ਪ੍ਰਾਚੀਨ ਹੈ।' ਬਾਕੀ ਬੋਲੀਆਂ ਦੀ ਬਣਤਰ ਦਾ ਸਮਾਂ ਵੀ ਵਿਦਵਾਨਾਂ ਗਿਆਰ੍ਹਵੀਂ‡ ਸਦੀ ਹੀ ਮੰਨਿਆ ਹੈ। ਇਸ ਲਈ ਅਸੀਂ ਗਿਆਰ੍ਹਵੀਂ ਸਦੀ ਦੇ ਮੁਢਲੇ ਸਮੇਂ ਨੂੰ ਹੀ ਪੰਜਾਬੀ ਬੋਲੀ ਦਾ ਜਨਮਕਾਲ ਮਿਥ ਸਕਦੇ ਹਾਂ।

---

‡'Early eleventh century, therefore, can be safely regarded as the beginning of the modern vernaculars.'

P. D. Gune P. 286.

ਰਾਜਸਥਾਨੀ ਭਾਸ਼ਾ—ਡਾ: ਚੈਟਰਜੀ ਪੰਨਾ 34

ਪੰਜਾਬੀ ਦਾ ਵਿਕਾਸ

ਪੰਜਾਬੀ ਦੀ ਉਤਪਤੀ ਸਬੰਧੀ ਇਹ ਗੱਲ ਕੀਤੀ ਜਾ ਚੁਕੀ ਹੈ ਕਿ ਇਸ ਦਾ ਜਨਮ 11ਵੀਂ ਸਦੀ ਦੇ ਮੁੱਢ ਵਿਚ ਪੰਜਾਬ ਦੀਆਂ ਉਸ ਸਮੇਂ ਦੀਆਂ ਇਲਾਕਾਈ ਲੋਕ-ਬੋਲੀਆਂ ਟੱਕੀ ਤੇ ਕੇਕਈ ਦੇ ਅਧਾਰ ਤੇ, ਸ਼ੌਰਸੈਨੀ ਅਤੇ ਪੈਸ਼ਾਚੀ ਅਪਭ੍ਰੰਸ਼ ਦੇ ਸੰਜੋਗ ਨਾਲ ਹੋਇਆ। ਬਾਕੀ ਦੇਸੀ ਬੋਲੀਆਂ ਵਾਂਙ ਇਸ ਦਾ ਗਰਭਾਧਾਨ ਤਾਂ ਸ਼ਾਇਦ ਛੇਵੀਂ ਸੱਤਵੀਂ ਸਦੀ ਵਿਚ ਹੀ ਹੋ ਚੁਕਾ ਸੀ ਜਦੋਂ ਕਿ ਅਪਭ੍ਰੰਸ਼ ਨੇ ਸਾਹਿਤਕ ਰੂਪ ਧਾਰਨ ਕਰ ਕੇ ਲੋਕ-ਬੋਲੀ ਨੂੰ ਆਪਣੇ ਪੈਰਾਂ ਤੇ ਖੜੇ ਹੋਣ ਲਈ ਇਕੱਲਿਆਂ ਛਡਿਆ। ਉਸ ਵੇਲੇ ਤੋਂ ਹੀ ਦੇਸ-ਭਾਖਾਵਾਂ ਦਾ ਵੱਖਰਾ ਢਾਂਚਾ ਬਣਨਾ ਸ਼ੁਰੂ ਹੋਇਆ। ਜਿਵੇਂ ਆਦਮੀ ਦੇ ਬੱਚੇ ਦਾ ਪਹਿਲਾ ਢਾਂਚਾ ਤਿਆਰ ਹੋਣ ਲਈ ਪੇਟ ਵਿਚ (ਗੰਢੇ-ਦਿਆਂ ਛਿਅ ਮਾਂਹ) ਛੇ ਕੁ ਮਹੀਨੇ ਲਗਦੇ ਹਨ, ਤਿਵੇਂ ਬੋਲੀ ਦਾ ਮੁਢਲਾ ਆਕਾਰ ਬਣਨ ਲਈ ਵੀ ਛੇ ਕੁ ਸਦੀਆਂ ਲਗ ਜਾਣੀਆਂ ਸਾਧਾਰਣ ਜੇਹੀ ਗੱਲ ਹੈ। ਪੇਟ ਵਿਚਲੇ ਬੱਚੇ ਦਾ ਮੁਹਾਂਦਰਾ ਦੱਸਣ ਵਾਂਙ ਮੁਢਲੀ ਅਵਸਥਾ ਸਮੇਂ ਬੋਲੀ ਦੀ ਪਛਾਣ ਕਰਨੀ ਵੀ ਮੁਸ਼ਕਲ ਜੇਹਾ ਕੰਮ ਹੈ। ਫਿਰ ਵੀ ਅੱਠਵੀਂ ਸਦੀ ਦੀ ਲਿਖੀ ਕਿਤਾਬ 'ਕੁਵਲਯ ਮਾਲਾ' ਵਿਚ ਉਦਿਓਤਨ ਸੂਰੀ ਨੇ ਸੰਖੇਪ ਤੌਰ ਤੇ ਸੋਲਾਂ ਦੇਸਾਂ ਦੀਆਂ ਬੋਲੀਆਂ ਦੇ ਭਿੰਨ ਭਿੰਨ ਨਮੂਨੇ ਦਿਤੇ ਹਨ।‡ ਉਨ੍ਹਾਂ ਵਿਚ ਜੋ ਮੱਝ ਜਾਂ ਮੱਧ ਦੇਸ਼ ਦੀ ਬੋਲੀ ਦੀ ਵੰਨਗੀ ਦਿਤੀ ਗਈ ਹੈ, ਉਹ ਸਾਡੇ ਸਾਹਮਣੇ ਪੰਜਾਬੀ ਦੀ ਅਤੀ ਪੁਰਾਣੀ ਵੰਨਗੀ ਪੇਸ਼ ਕਰਦੀ ਹੈ। ਜਿਹਾ ਕਿ ਅਸੀਂ ਪਿਛੇ ਕਈ ਥਾਂ ਜ਼ਿਕਰ ਕਰ ਆਏ ਹਾਂ ਕਿ ਉਸ ਸਮੇਂ ਦਾ ਪੂਰਬੀ ਪਜਾਬ ਵਾਲਾ ਹਿਸਾ ਮੱਧ ਦੇਸ਼ ਦਾ ਹੀ ਭਾਗ ਸੀ। ਇਸੇ ਲਈ ਸਾਰੇ ਭਾਸ਼ਾ-ਵਿਗਿਆਨੀਆਂ ਇਹ ਰਾਇ ਜ਼ਾਹਰ ਕੀਤੀ ਹੈ ਕਿ 'ਹਿੰਦ-ਆਰਿਆਈ' ਜ਼ਬਾਨ ਦੇ

---

‡16 ਦੇਸਾਂ ਦੀਆਂ ਬੋਲੀਆਂ ਦੇ ਨਮੂਨੇ ਇਹ ਹਨ :—

1. ਗੌਲ—ਅਰ ਰੇ
2. ਮੱਝ ਦੇਸ਼—ਤੋਰੇ ਮੋਰੇ ਆਓ
3. ਮਗਧ—ਏਗੇ ਲੇ
4. ਅੰਤਰਵੇਦ—ਕਿਤੋ ਕਿਮੋ ਜਿਅ
5. ਕੀਰ—ਸਰਿ ਵਾ ਰਿ
6. ਟੱਕ—ਏਹੋ ਤੇਹੋ
7. ਸਿੰਧ—ਵ (ਚ) ਉੜਯ ਮੋ
8. ਮਾਰੂ—ਅੱਪਾ ਤੁੱਪਾ
9. ਗੁਜਰ—ਣਉ ਚੇ ਭੱਲਉਂ
10. ਲਾਟ—ਆਰਮ੍ਹ ਕਾਇੰ ਤੁਮ੍ਹੰ ਮਿਤ੍ਰ
11. ਮਾਲਵ—ਭਾਉਅ ਭੈਣੀ ਤੁਮ੍ਹੇ
12. ਕਰਨਾਟਕ—ਆਦਿ ਪੋਂਡਿ ਮ (ਨ) ਰੇ
13. ਤਾਇਕ-ਇਸਿ ਕਿਸਿ ਮਿਲਿ
14. ਕੌਸਲ—ਜਲ ਤਲ ਲੇ
15. ਮਹਾਰਾਸ਼ਟਰ—ਚਿਣਲੇ ਗਹਿਲੇ
16. ਅੰਧਰ—ਅਟਿ ਪੁਟਿ ਰਟਿ

(ਅਪਭ੍ਰੰਸ਼ ਕਾਵਿ ਤ੍ਰਈ, ਪੰਨਾ 92—94)

ਮਝਲੇ ਦੌਰ ਵਿਚ ਪੰਜਾਬ ਤੇ ਦਿਲੀ ਦੁਆਲੇ ਦੀ ਬੋਲੀ ਵਿਚ ਕੋਈ ਬਹੁਤਾ ਅੰਤਰ ਨਹੀਂ ਸੀ।‡ ਨਾਲੇ ਮਾਝੇ ਤਕ ਦਾ ਪੰਜਾਬ ਤਾਂ ਸੀ ਹੀ ਮੱਝ ਦੇਸ਼ ਦਾ ਅੰਗ।

ਉਪਰੋਕਤ ਲੇਖਕ ਨੇ ਮੱਝ ਦੇਸ ਦੀ ਵੰਨਗੀ ਦੇਂਦਿਆਂ ਇਹ ਲਿਖਿਆ ਹੈ :—

'ਤੇਰੇ ਮੇਰੇ ਆਓ' ਤਿ, ਜੰਪਿਰੇ ਮੱਝ ਦੇਸੇਯ।'§

'ਤੇਰੇ ਮੇਰੇ ਆਓ,' ਇਸ ਤਰ੍ਹਾਂ ਮੱਝ ਦੇਸ਼ ਵਿਚ ਬੋਲਿਆ ਜਾਂਦਾ ਹੈ।

ਪੰਜਾਬ ਦੇ ਇਕ ਇਲਾਕੇ ਦਾ 'ਮਾਝਾ' ਨਾਂ ਸ਼ਇਦ ਇਸ 'ਮੱਝ ਦੇਸ਼' ਦੀ ਹੀ ਬਾਕੀ ਬਚਦੀ ਲਫਜ਼ੀ ਯਾਦਗਾਰ ਹੈ ਕਿਉਂ ਕਿ ਇਸ ਨਾਮ ਦਾ ਨਾਂ ਨਿਸ਼ਾਨ ਯੂ. ਪੀ. ਵੱਲ ਤਾਂ ਕਿਧਰੇ ਨਹੀਂ ਮਿਲਦਾ। ਦੂਸਰੇ, ਹਿੰਦੀ ਜਾਂ ਬ੍ਰਿਜ ਦੀ ਬੋਲੀ ਵਿਚ ਤੋਰ ਮੋਰ, ਤੋਰੇ ਮੋਰੇ ਜਾਂ ਤੁਮਾਰੋ ਹਮਾਰੋ ਰੂਪ ਤਾਂ ਮਿਲਦੇ ਹਨ ਪਰ 'ਤੇਰੇ ਮੇਰੇ' ਨਹੀਂ ; ਇਹ ਪੰਜਾਬੀ ਦਾ ਹੀ ਰੂਪ ਹੈ, ਇਸੇ ਤਰ੍ਹਾਂ 'ਆਓ' ਵੀ ਪੰਜਾਬੀ ਹੀ ਹੈ। ਇਸ ਪ੍ਰਮਾਣ ਤੋਂ ਇਹ ਭਲੀ ਭਾਂਤ ਸਪਸ਼ਟ ਹੈ ਕਿ ਪੰਜਾਬੀ ਅਠਵੀਂ ਸਦੀ ਦੇ ਅੰਤ ਤਕ ਨਿੰਮ ਚੁਕੀ ਸੀ ਤੇ ਆਪਣਾ ਗਰਭਵਾਸ ਵਾਲਾ ਸਮਾਂ ਪੂਰਾ ਕਰ ਰਹੀ ਸੀ।

ਇਸ ਤੋਂ ਦੋ ਸਦੀਆਂ ਪਿਛੋਂ ਖਾਸ ਕਰ ਕੇ ਗਿਆਰ੍ਹਵੀਂ ਸਦੀ ਦੇ ਆਰੰਭ ਨਾਲ ਹਿੰਦੁਸਤਾਨ ਦੀ ਰਾਜਨੀਤਕ ਹਾਲਤ ਬਦਲਣੀ ਸ਼ੁਰੂ ਹੋ ਗਈ ਜੋ ਅਗੇ ਤੋਂ ਅਗੇ ਹੋਰ ਦੀ ਹੋਰ ਹੁੰਦੀ ਗਈ। ਫਿਰ ਤੁਰਕੀ, ਅਰਬੀ, ਜਾਂ ਫਾਰਸੀ ਬੋਲਣ ਵਾਲੇ ਲੋਕਾਂ ਦਾ ਸੱਤ ਅੱਠ ਸੌ ਵਰ੍ਹੇ ਮੁਲਕ ਉਤੇ ਕਬਜ਼ਾ ਰਿਹਾ। ਇਸ ਇਤਿਹਾਸਕ ਘਟਨਾ ਨੇ ਪੰਜਾਬ ਦੀ ਬੋਲੀ ਉਤੇ ਬਹੁਤ ਡੂੰਘਾ ਅਸਰ ਪਾਇਆ। ਸੋ ਪੰਜਾਬੀ ਦੇ ਇਤਿਹਾਸਕ ਵਿਕਾਸ ਨੂੰ ਦੇਖਣ ਲਈ ਇਸ ਸਾਰੇ ਸਮੇਂ ਨੂੰ ਤਿੰਨ ਹਿਸਿਆਂ ਵਿਚ ਵੰਡਣਾ ਠੀਕ ਰਹੇਗਾ।

1. **ਪੁਰਾਣਾ ਸਮਾਂ**—1000 ਈਸਵੀਂ ਤੋਂ ਲੈਕੇ 1500 ਈ: ਤਕ ਹੈ। ਇਸ ਸਮੇਂ ਪੰਜਾਬੀ ਪੁਰਾਣੇ ਅਪਭ੍ਰੰਸ਼ੀ ਪ੍ਰਭਾਵ ਹੇਠੋਂ ਨਿਕਲਦੀ ਹੈ ਪਰ ਪੰਜਾਬ ਦਾ ਕਾਫੀ ਹਿਸਾ ਗਜ਼ਨਵੀ ਰਾਜ ਦਾ ਅੰਗ ਬਣ ਜਾਣ ਕਰ ਕੇ ਜੰਮਦੀ ਪੰਜਾਬੀ ਉਤੇ ਹੀ ਉਹ ਪ੍ਰਭਾਵ ਪੈਂਦੇ ਹਨ, ਜੋ ਉਸ ਨੂੰ ਦੂਜੀਆਂ ਨਾਲੋਂ ਨਿਖੇੜਨ ਵਿਚ ਕਾਫੀ ਬਲਵਾਨ ਸਾਬਤ ਹੁੰਦੇ ਹਨ। ਇਹ ਰਾਜ ਕਰਨ ਵਾਲੇ ਲੋਕ ਤੁਰਕ ਖਾਨਦਾਨ ਦੇ ਸਨ। ਮੁਸਲਮਾਨ ਹੋਣ ਕਾਰਣ ਇਨ੍ਹਾਂ ਦੀ ਮਜ਼ਬੀ ਜ਼ਬਾਨ ਅਰਬੀ ਤੇ ਸਭਿਆਚਾਰਕ ਜ਼ਬਾਨ ਫਾਰਸੀ ਸੀ। ਇਸ ਕਰਕੇ ਅਰਬੀ ਤੇ ਫਾਰਸੀ ਦਾ ਅਸਰ ਪੰਜਾਬੀ ਦੀ ਪੁਰਾਣੀ ਪ੍ਰਾਕ੍ਰਿਤਕ ਬਣਤਰ ਵਿਚ ਅਦਲਾ ਬਦਲੀ ਪੈਦਾ ਕਰਦਾ ਹੈ। ਪਹਿਲੇ ਮੁਲਤਾਨੀ ਨੂੰ ਪ੍ਰਧਾਨਤਾ ਮਿਲੀ ਰਹਿੰਦੀ ਹੈ ਅਤੇ ਪਿਛੋਂ ਲਾਹੌਰ ਕੇਂਦਰ ਬਣ ਜਾਣ ਤੇ ਮੱਧ ਪੰਜਾਬ ਦੀ ਬੋਲੀ ਮੋਹਰੇ ਆਉਂਦੀ ਹੈ। ਬੋਲੀ ਦੀ ਬਣਤਰ ਗੁੰਦਵੀਂ ਜੇਹੀ ਹੀ ਰਹਿੰਦੀ ਹੈ, ਕਾਰਕ ਥੋੜ੍ਹੇ ਥੋੜ੍ਹੇ ਨਿਖੜਣ ਲਗਦੇ ਹਨ।

2. **ਮਝਲਾ ਸਮਾਂ**—1500 ਈਸਵੀਂ ਤੋਂ ਲੈ ਕੇ 1850 ਈ: ਤਕ ਦਾ ਹੈ। ਤੁਰਕਾਂ ਦੀ ਥਾਂ ਮੁਗ਼ਲ ਰਾਜ ਦੀ ਸਥਾਪਤੀ ਹੁੰਦੀ ਹੈ ਪਰ ਅਰਬੀ ਫਾਰਸੀ ਦਾ ਉਸੇ ਤਰ੍ਹਾਂ ਬੱਝਵਾਂ ਜ਼ੋਰ ਰਹਿੰਦਾ ਹੈ। ਇਹ ਬਿਦੇਸ਼ੀ ਸ਼ਬਦ ਪੰਜਾਬੀ ਉਚਾਰਨ ਹੇਠ ਆ ਕੇ ਘੁਲ-ਮਿਲ ਜਾਂਦੇ ਤੇ

---

‡ਇੰਡੋ ਆਰੀਅਨ ਐਂਡ ਹਿੰਦੀ-ਪੰਨਾ 167, ਹਿੰਦੁਸਤਾਨੀ ਲਿਸਾਨੀਆਤ'-ਪੰਨਾ 91 'ਆਰਿਆਈ ਜ਼ਬਾਨੇਂ' ਪੰਨਾ 55

§ਅਪਭ੍ਰੰਸ ਕਾਵਿ ਤ੍ਰਯੀ, ਪੰਨਾ 92

ਸਾਹਿਤਕ ਬੋਲੀ ਦਾ ਅੰਗ ਬਣ ਜਾਂਦੇ ਹਨ । ਭਗਤੀ ਲਹਿਰ ਦੇ ਕਾਰਣ ਸੰਤ-ਭਾਖਾ ਦਾ ਰੰਗ ਪ੍ਰਧਾਨ ਰਹਿੰਦਾ ਹੈ ਅਤੇ ਗੁਰੂਆਂ ਤੇ ਸੂਫੀ ਫਕੀਰਾਂ ਦੇ ਪਰਤਾਪ ਨਾਲ ਬੋਲੀ ਸੋਹਣੀ ਤਰ੍ਹ ਮਾਂਜੀ ਸੁਆਰੀ ਜਾਂਦੀ ਹੈ । ਭਾਸ਼ਾਈ ਬਣਤਰ ਹੋਰ ਨਿਖੜਵੀਂ ਬਣਦੀ ਤੇ ਸੰਤ-ਭਾਖਾ ਦੇ ਅਸਰ ਕਰ ਕੇ ਕਾ, ਕੀ, ਕਉ, ਕੈ ਆਦਿ ਕਾਰਕਾਂ ਦਾ ਜ਼ੋਰ ਰਹਿੰਦਾ ਹੈ । ਕ੍ਰਿਆਵੀ ਬਣਤਰ ਗੁੰਦਵੀਂ ਹੀ ਚਲਦੀ ਹੈ, ਜਿਵੇਂ ਆਖਹਿ, ਕਰਹਿ, ਕਰਸੀ, ਹੋਸੀ ਆਦਿ ।

ਇਸ ਸਮੇਂ ਦੇ ਅੰਤਲੇ ਹਿਸੇ ਵਿਚ ਕਿੱਸਾਕਾਰ ਲਿਖਾਰੀ ਵੀ ਬੋਲੀ ਨੂੰ ਸਿਧਾ ਸਾਦਾ ਤੇ ਸਰਲ ਬਣਾਉਣ ਵਿਚ ਚੰਗਾ ਹਿਸਾ ਪਾਉਂਦੇ ਹਨ ਅਤੇ ਸੰਤ-ਭਾਖਾ ਦਾ ਰੰਗ ਘਟਣ ਲਗ ਜਾਂਦਾ ਹੈ ।

3. ਵਰਤਮਾਨ ਸਮਾਂ—1850 ਤੋਂ ਲੈ ਕੇ ਹੁਣ ਤਕ ਦਾ ਹੈ । ਜਦੋਂ ਕਿ ਪੰਜਾਬ ਅੰਗਰੇਜ਼ੀ ਪ੍ਰਭਾਵ ਹੇਠਾਂ ਆਉਂਦਾ ਹੈ । ਸੰਤ-ਭਾਖਾ ਦਾ ਅਸਰ ਬਿਲਕੁਲ ਮਿਟ ਜਾਂਦਾ ਹੈ ਅਤੇ ਨਵੇਂ ਵਿਚਾਰ-ਪਰਿਵਰਤਨ ਨਾਲ ਅੰਗਰੇਜ਼ੀ, ਉਰਦੂ, ਹਿੰਦੀ ਅਸਰ ਹੇਠ ਬੋਲੀ ਦਾ ਬਿਲਕੁਲ ਨਵਾਂ ਮੁਹਾਂਦਰਾ ਬਣਦਾ ਹੈ। ਨੇ, ਨੂੰ, ਦਾ, ਦੀ, ਦੇ ਆਦਿ ਕਾਰਕ ਚਿੰਨ੍ਹ ਤੇ ਹੈ, ਸੀ, ਗਾ, ਗੇ, ਗੀ ਆਦਿ ਕ੍ਰਿਆਵੀ ਸ਼ਬਦ ਪ੍ਰਧਾਨ ਹੁੰਦੇ ਤੇ ਬੋਲੀ ਦੀ ਮੁਕੰਮਲ ਨਿਖੜਵੀਂ ਬਣਤਰ ਬਣਾਉਂਦੇ ਹਨ । ਸਿੰਘ ਸਭਾ, ਅਕਾਲੀ ਲਹਿਰ ਤੇ ਸੈਰਾਜ ਅੰਦੋਲਨ ਦਾ ਵੀ ਕਾਫੀ ਅਸਰ ਪੈਂਦਾ ਹੈ ਖਾਸ ਕਰ ਕੇ ਨਵੇਂ ਵਿਗਿਆਨਕ ਸਾਧਨਾਂ ਦੇ ਕਾਰਣ ਦੇਸ਼ ਕਾਲ ਦੀਆਂ ਵਿਥਾਂ ਘਟ ਜਾਣ ਨਾ ਇਲਾਕਿਆਂ, ਦੇਸ਼ਾਂ, ਪਰਦੇਸ਼ਾਂ ਦੀਆਂ ਬੋਲੀਆਂ ਦੇ ਅਸਰ ਪੰਜਾਬੀ ਨੂੰ ਇਕ ਵਿਸ਼ਾਲਤਾ ਪ੍ਰਦਾ ਕਰਦੇ ਹਨ । ਇਉਂ ਨਵੇਂ ਜ਼ਮਾਨੇ ਨਾਲ ਪੰਜਾਬੀ ਵੀ ਨਵੀਂ ਪੁਸ਼ਾਕ ਪਹਿਨ ਕੇ ਨਵੇਂ ਰੰਗਾਂ ਵਿ ਨਿਕਲਦੀ ਹੈ ।

ਅਜ ਜੇ ਕੋਈ ਦਸਵੀਂ ਗਿਆਰ੍ਹਵੀਂ ਸਦੀ ਦੀ ਬਾਲਕ ਪੰਜਾਬੀ ਨਾਲ ਇਸ ਵੀਹਵੀਂ ਸਦੀ ਦੀ ਜੋਬਨਵੰਤ ਪੰਜਾਬੀ ਦਾ ਕੱਦ ਕਾਠ ਤੇ ਮੁਹਾਂਦਰਾ ਮਿਲਾ ਕੇ ਦੇਖੇ ਤਾਂ ਪਤਾ ਲਗੇਗ ਕਿ ਕੀ ਤੋਂ ਕੀ ਕੁਝ ਹੋ ਗਿਆ ਹੈ ।

ਹੁਣ ਅਸੀਂ ਜ਼ਰਾ ਕੁ ਵਿਸਤਾਰ ਨਾਲ ਇਨ੍ਹਾਂ ਵਿਕਾਸ-ਪੜਾਆਂ ਦਾ ਜ਼ਿਕਰ ਕਰ ਚਲੇ ਹਾਂ ।

1. ਪੁਰਾਣਾ ਸਮਾਂ—(1000—1500 ਈ:)

ਪੰਜਾਬੀ ਦਾ ਸਭ ਤੋਂ ਪੁਰਾਣਾ ਕਵੀ ਮੀਰਸੈਣ ਜੁਲਾਹੇ ਦਾ ਪੁਤਰ ਅੱਦਹਮਾਣ (ਅਬਦੁ ਰਹਿਮਾਨ) ਮੁਲਤਾਨ ਦਾ ਵਸਨੀਕ ਸੀ, ਜਿਸ ਨੇ ਮਹਿਮੂਦ ਗਜ਼ਨਵੀ ਦੇ ਮੁਲਤਾਨ‡ ਉਤੇ ਦ

---

‡ਕਵੀ ਆਪਣੇ ਸ਼ਹਿਰ ਮੁਲਤਾਨ ਦੇ ਸਬੰਧ ਵਿਚ ਲਿਖਦਾ ਹੈ ਕਿ ਇਸ ਦੇ ਬੜੇ ਉ ਉਚੇ ਮਹਲ ਮੰਡਪ ਹਨ, ਇਥੇ ਕੋਈ ਬੇਸੂਝ ਨਹੀਂ, ਸਾਰੇ ਹੀ ਪੜ੍ਹੇ ਲਿਖੇ ਪੰਡਤ ਵਸਦੇ ਹਨ ਇਥੋਂ ਦਾ ਸੂਰਜ ਮੰਦਰ (ਤਪਨ ਤੀਰਥ) ਚਾਰੇ ਪਾਸੇ ਮਸ਼ਹੂਰ ਹੈ ਤੇ ਮੁਲਤਾਨ ਦੁਨੀਆਂ ਭਰ ਵਿ ਪ੍ਰਸਿਧੀ ਰਖਦਾ ਹੈ :—

'ਧਵਲ ਭੁੰਗ ਪਾਆਰਾਹਿ ਤਿਉ ਰਿਹਿ ਮੰਡਿਅਉ ।
ਣਹੁ ਦੀਸਇ ਕੂਈ ਮੂਖੁ, ਸਯਲੁ ਜਣੁ ਪੰਡਿਅਉ । ੪੨ ।
ਤਵਣ ਤਿਥੁ ਚਾਉ ਦਿਸਿ ਮਿਯੱਛਿ ਬਖਾਣਿਅਇ ।
ਮੂਲਥਾਣੁ ਸੁਪਸਿਧਿਉ, ਮਹੀਅਲਿ ਜਾਣਿਅਇ । ੬੪ ।

ਵੱਡੇ ਹਲੇ (1008 ਈ:) ਤੋਂ ਪਹਿਲਾਂ ਆਪਣੀ ਪੁਸਤਕਾ 'ਸੰਨੇਹ ਰਾਸਯ' ਦੀ ਰਚਨਾ ਕੀਤੀ। ਇਹ ਰਚਨਾ ਕਾਲੀ ਦਾਸ ਦੇ 'ਮੇਘਦੂਤ' ਵਾਂਙ ਇਕ ਬਿਰਹਣੀ ਦਾ ਗ਼ਮਾਂ-ਭਰਿਆ ਸੁਨੇਹਾ ਹੈ, ਜੋ ਕਿ 223 ਛੰਦਾਂ ਵਿਚ ਬਿਆਨਿਆ ਗਿਆ ਹੈ। ਇਸ ਦੀ ਬੋਲੀ ਉਸੇ ਅਪਭ੍ਰੰਸ਼ ਯਾ ਪੁਰਾਣੀ ਪੰਜਾਬੀ ਦਾ ਨਮੂਨਾ ਹੈ, ਜੋ 1000 ਈਸਵੀ ਵਿਚ ਪੰਜਾਬ ਵਿਚ ਵਰਤੀ ਤੇ ਸਮਝੀ ਜਾਂਦੀ ਸੀ। ਹਿੰਦੀ ਦੇ ਮਸ਼ਹੂਰ ਵਿਦਵਾਨ ਸ੍ਰੀ ਰਾਹੁਲ ਸਾਂਕ੍ਰਿਤਯਾਯਨ ਇਸ ਦਾ ਰਚਨ-ਕਾਲ 1010 ਮੰਨਦੇ ਹਨ ਤੇ ਲਿਖਦੇ ਹਨ, 'ਇਸ ਕਵੀ ਦੀ ਬਾਣੀ ਬੜੀ ਮਾਂਜੀ ਸੁਆਰੀ ਹੋਈ ਹੈ, ਇਸ ਨੇ ਮਿਠੀ ਸ਼ਬਦ-ਚੋਣ ਕਰਨ ਤੇ ਸਰਲ ਬੋਲੀ ਲਿਖਣ ਵਿਚ ਬੜਾ ਕਮਾਲ ਦਿਖਾਇਆ ਹੈ।'‡

ਦਰਅਸਲ ਅੱਦਹਮਾਣ ਅਪਭ੍ਰੰਸ਼ ਦਾ ਕਵੀ ਹੀ ਹੈ ਜੋ ਕਿ ਪੰਜਾਬੀ ਦਾ ਅਤਿ ਪ੍ਰਾਚੀਨ ਰੂਪ ਹੈ। ਅਪਭ੍ਰੰਸ਼ ਦੀ ਵੰਨਗੀ ਦੇਣ ਲਗਿਆਂ ਇਸ ਨੂੰ ਨਿਆਰਾ ਰਖ ਲਿਆ ਗਿਆ ਸੀ ਤਾਂ ਕਿ ਪੰਜਾਬੀ ਪਾਠਕ ਆਪਣੇ ਪੰਜਾਬ ਦੇ ਕਵੀ ਦਾ ਚਾਉ ਨਾਲ ਨਿਵੇਕਲਿਆਂ ਦਰਸ਼ਨ ਕਰ ਸਕਣ।

ਇਹ ਧਿਆਨ ਵਿਚ ਰਖ ਕੇ ਕਿ ਇਹ ਅਜ ਤੋਂ ਇਕ ਹਜ਼ਾਰ ਵਰ੍ਹੇ ਪਹਿਲੇਂ ਦੀ ਪੁਰਾਣੀ ਪੰਜਾਬੀ ਹੈ, ਇਸ ਕਵੀ ਦੀ ਵੰਨਗੀ ਦੇਖ ਲੈਣੀ ਚਾਹੀਦੀ ਹੈ :—

ਲਜਵਿ ਪੰਥਿਅ ! ਜਇ ਰਹਉਂ, ਹਿਅਉ ਨ ਧਰਣਉ ਜਾਇ।
ਗਾਹ ਪਦਿਜਸੁ ਇਕ ਪਿਯ, ਕਰ ਲੇਵਿਣੁ ਮੰਨਾਇ। 71।
ਗਰੂਅਉ ਪਰਿਹਣੁ ਕਿ ਨ ਸਹਉਂ, ਪਇ ਪੋਰਿਸਨਿਲਏਣ।
ਜਿਹ ਅੰਗਹਿ ਤੂ ਬਿਲਸਿਯਉ, ਤੇ ਦੱਧਾ ਬਿਰਹੇਣ। 77।
ਸੰਦੇਸੜਉ ਸਵਿਥਰਉ, ਪਰ ਮਇ ਕਹਣ ਨਾ ਜਾਇ।
ਜੋ ਕਾਣੰਗੁਲਿ ਮੁੰਦੜਉ, ਸੋ ਬਾਹੜੀ ਸਮਾਇ। 81।

1021 ਤੋਂ 1176 ਈ: ਤਕ ਲਾਹੌਰ ਗਜ਼ਨਵੀ ਰਾਜ ਦਾ ਅੰਗ ਬਣਿਆ ਰਿਹਾ ਤੇ ਕੁਛ ਸਮਾਂ ਤਾਂ ਗਜ਼ਨਵੀ ਹਕੂਮਤ ਦੀ ਰਾਜਧਾਨੀ ਵੀ ਗਜ਼ਨੀ ਤੋਂ ਬਦਲ ਕੇ ਲਾਹੌਰ ਸਥਾਪਨ ਕੀਤੀ ਗਈ। ਇਸ ਸਮੇਂ ਮਹਿਮੂਦ ਗਜ਼ਨਵੀ ਦੇ ਪੋਤੇ, ਲਾਹੌਰ ਦੇ ਗਵਰਨਰ ਇਬਰਾਹੀਮ ਦੇ ਦਰਬਾਰ ਦਾ ਇਕ ਮਸ਼ਹੂਰ ਕਵੀ—ਮਾਸਊਦ ਬਿਨ ਸਾਅਦ (ਦੇਹਾਂਤ 1130) ਹੋਇਆ ਜਿਸ ਨੇ ਅਮੀਰ ਖੁਸਰੋ ਦੇ ਕਥਨ ਅਨੁਸਾਰ ਅਰਬੀ, ਫਾਰਸੀ ਤੇ ਹਿੰਦਵੀ ਵਿਚ ਤਿੰਨ ਦੀਵਾਨ ਲਿਖੇ।§

ਮਸਊਦ ਦਾ ਪਿਤਾ ਸਾਅਦ, ਹਮਾਦਾਨ (ਈਰਾਨ) ਤੋਂ ਲਾਹੌਰ ਆ ਕੇ ਗਜ਼ਨਵੀ ਬਾਦਸ਼ਾਹਾਂ ਦਾ ਨੌਕਰ ਹੋਇਆ ਤੇ ਇਥੇ ਹੀ ਵਿਆਹ ਕਰਵਾ ਕੇ ਸਾਰੀ ਉਮਰ ਗੁਜ਼ਾਰੀ। ਮਸਊਦ ਲਾਹੌਰ ਵਿਚ ਹੀ ਜੰਮਿਆ ਤੇ ਉਸ ਨੇ ਇਥੇ ਹੀ ਪੜ੍ਹ ਲਿਖ ਕੇ ਗਜ਼ਨਵੀ ਦਰਬਾਰ ਦੀ ਨੌਕਰੀ ਕੀਤੀ। 472 ਹਿਜਰੀ (1080 ਈ:) ਵਿਚ ਕਿਸੇ ਚੁਗਲਖ਼ੋਰ ਨੇ ਸੁਲਤਾਨ ਇਬਰਾਹੀਮ ਦੇ ਕੰਨ ਭਰੇ ਕਿ ਸ਼ਹਿਜ਼ਾਦਾ ਸੈਫਉਦੀਨ ਮਹਿਮੂਦ, ਬਾਗੀ ਹੋ ਕੇ ਇਰਾਕ ਦੇ ਸੁਲਤਾਨ ਮਲਕ ਸ਼ਾਹ ਸਲਜੂਕੀ ਨਾਲ ਗੱਠ-ਜੁੱਪ ਕਰ ਰਿਹਾ ਹੈ ਤੇ ਮਸਊਦ ਵੀ ਇਸ ਗੋਂਦ ਵਿਚ ਸ਼ਾਮਲ ਹੈ। ਇਸ

‡ਹਿੰਦੀ ਕਾਵਿ ਧਾਰਾ, ਭੂਮਿਕਾ ਪੰਨਾ 54
§Indo-Aryan and Hindi, P. 175
ਅਦਬੀਆਤਿ ਫਾਰਸੀ ਮੇਂ ਹਿੰਦੂਓਂ ਕਾ ਹਿੱਸਾ, ਪੰਨਾ 6

ਝਗੜੇ ਵਿਚ ਮਸਊਦ ਨੂੰ ਨਾਇ (?) ਦੇ ਕਿਲ੍ਹੇ ਵਿਚ ਕੈਦ ਕਰ ਦਿਤਾ ਗਿਆ ਤੇ ਇਹ 20 ਸਾਲ ਕੈਦ ਰਿਹਾ। ਕੈਦੀ ਜੀਵਨ ਸਮੇਂ ਇਸ ਨੇ ਕੁਰਾਨ ਜ਼ਬਾਨੀ ਕੰਠ ਕੀਤਾ ਤੇ ਬਹੁਤ ਸਾਰੀ ਕਵਿਤਾ ਲਿਖੀ। ਆਖਰ, ਸ਼ਕਾਤੁਲਮੁਲਕ ਦੀ ਮਿਹਰਬਾਨੀ ਨਾਲ ਇਸ ਦੀ ਰਿਹਾਈ ਹੋਈ।

ਇਸ ਦਾ ਸਮਕਾਲੀ ਨਜ਼ਾਮੀ ਅਰੂਜ਼ੀ 'ਸਮਰਕੰਦੀ' ਕਹਿੰਦਾ ਹੈ, 'ਮਸਊਦ ਮੇਰੇ ਵਾਂਗ ਤਿੰਨ ਜ਼ਬਾਨਾਂ ਵਿਚ ਸ਼ਿਅਰ ਕਹਿੰਦਾ ਹੈ ਤੇ ਇਸ ਦੇ ਅਰਬੀ, ਫਾਰਸੀ ਤੇ ਹਿੰਦਵੀ ਤਿੰਨ ਦੀਵਾਨ ਹਨ। ਭਾਵੇਂ ਮੇਰੇ ਅਰਬੀ ਤੇ ਫਾਰਸੀ ਦੇ ਦੋ ਹੀ ਦੀਵਾਨ ਹਨ ਪਰੰਤੂ ਮੈਂ ਹਿੰਦਵੀ ਸ਼ਾਇਰੀ ਨੂੰ ਚੰਗੀ ਤਰ੍ਹਾਂ ਸਮਝਦਾ ਤੇ ਇਸ ਦਾ ਅਨੰਦ ਮਾਣਦਾ ਹਾਂ।'

'ਰਿਆਜ਼ੁਲ ਸ਼ੁਅਰਾ' ਦਾ ਲੇਖਕ ਅਲੀ ਕੁਲੀ ਖ਼ਾਂ ਵਾਲਾ ਦਾਗਸਤਾਨੀ ਲਿਖਦਾ ਹੈ, 'ਮੇਰੇ ਖ਼ਿਆਲ ਵਿਚ ਹਿੰਦਵੀ ਤੋਂ ਮੁਰਾਦ ਹਿੰਦ ਦੀ ਜ਼ਬਾਨ ਹੈ (ਗਜ਼ਨਵੀ ਜ਼ਮਾਨੇ ਵਿਚ ਹਿੰਦ ਤੋਂ ਮੁਰਾਦ ਪੰਜਾਬ ਹੀ ਸੀ) ਅਤੇ ਜੋ ਹਿੰਦ ਵਿਚ ਜੰਮਿਆ ਹੋਵੇ ਉਹੋ ਇਸ ਨੂੰ ਸਮਝ ਸਕਦਾ ਹੈ। ਮਸਊਦ ਦਾ ਪਿਉ ਲਾਹੌਰ ਆ ਗਿਆ ਸੀ ਤੇ ਮਸਊਦ ਇਥੇ ਹੀ ਜੰਮਿਆ, ਤਾਂ ਹੀ ਉਸ ਨੇ ਇਥੋਂ ਦੀ ਬੋਲੀ ਵਿਚ ਸ਼ਾਇਰੀ ਕੀਤੀ।'‡ ਖੁਦ ਮਸਊਦ ਸੁਲਤਾਨ ਇਬਰਾਹੀਮ ਦੀ ਵਡਿਆਈ ਵਿਚ ਲਿਖਦਾ ਹੈ :—

'ਐ ਜ਼ਮੀ ਰਾ ਬਹਕ ਸ਼ੁਦਾ ਖੁਸ ਰੈ,
ਐ ਜ਼ਮਾਂ ਰਾਂ ਕਬੂਲ ਕਰਦਾ ਜ਼ਮਾਂ,
ਸ਼ਸਤ ਸਾਲ ਅਸਤ ਤਾਕਿ ਖ਼ਿਦਮਤ ਕਰਦ,
ਪਿਦਰੇ ਬੰਦਾ ਸ਼ਾਅਦ ਬਿਨ ਸੁਲਮਾਂ।'

'ਹੇ ਜ਼ਮੀਨ ਜ਼ਮਾਨ ਦੇ ਬਾਦਸ਼ਾਹ ! ਮੇਰੇ ਪਿਤਾ ਨੇ 60 ਸਾਲ ਤੋਂ ਤੇਰੀ ਸੇਵਾ ਕੀਤੀ ਹੈ।'

ਇਹ ਹਵਾਲੇ ਇਸ ਗੱਲ ਦਾ ਪੱਕਾ ਸਬੂਤ ਹਨ ਕਿ ਮਸਊਦ ਪੰਜਾਬ ਵਿਚ ਹੀ ਜੰਮਿਆ ਪਲਿਆ ਤੇ ਮੁਢ ਤੋਂ ਹੀ ਮਾਂ ਦੇ ਦੁਧ ਨਾਲ ਉਸ ਨੇ ਪੰਜਾਬੀ ਬੋਲੀ ਨੂੰ ਸਿਖਿਆ ਤੇ ਸਮਝਿਆ। ਫਿਰ ਸਾਰੀ ਉਮਰ ਵੀ ਇਥੇ ਹੀ ਗੁਜ਼ਾਰੀ, ਕੁਝ ਜਲੰਧਰ ਕੁਝ ਲਾਹੌਰ। ਇਸ ਲਈ ਉਹ ਪੰਜਾਬੀ ਕਵੀ ਸੀ ਅਤੇ ਉਸ ਦਾ ਹਿੰਦਵੀ ਦੀਵਾਨ ਪੰਜਾਬੀ ਦਾ ਹੀ ਕਾਵਿ-ਸੰਗ੍ਰਹਿ ਸੀ। ਮੁਸਲਮਾਨੀ ਰਾਜ ਅਜੇ ਪੰਜਾਬੀ ਹੱਦਾਂ ਨਹੀਂ ਸੀ ਟੱਪਿਆ। ਇਸ ਲਈ ਦਿਲੀ ਯਾ ਬ੍ਰਿਜ ਦੀ ਭਾਖਾ ਵਿਚ ਰਚਨਾ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਮੁਸਲਮਾਨ ਕਵੀ ਤਾਂ ਹੁਣ ਤਕ ਵੀ ਪੰਜਾਬੀ ਨੂੰ ਹਿੰਦਕੀ ਯਾ ਹਿੰਦਵੀ ਕਹਿੰਦੇ ਤੇ ਲਿਖਦੇ ਆ ਰਹੇ ਹਨ। ਸੋ ਡਾ: ਸਿਧੇਸ਼ਵਰ ਵਰਮਾ ਦੇ ਸ਼ਬਦਾਂ ਵਿਚ 'ਇਹ ਹਿੰਦਵੀ ਯਾ ਹਿੰਦੀ ਮਗ਼ਰਬੀ ਅਪਭ੍ਰੰਸ਼ ਦੀ ਇਕ ਸ਼ਾਖ ਹੀ ਸੀ।'§ ਜੋ ਪੰਜਾਬੀ ਦਾ ਪੁਰਾਣਾ ਰੂਪ ਹੈ।

1228 ਈ: ਵਿਚ ਮੌਲਾਨਾ ਨੂਰਦੀਨ ਮੁਹੰਮਦ ਔਫੀ ਨੇ ਕੁਛ ਕਵੀਆਂ ਦੀਆਂ ਕਵਿਤਾਵਾਂ ਦਾ ਸੰਗ੍ਰਹਿ ਤਿਆਰ ਕੀਤਾ ਸੀ, ਉਸ ਵਿਚ ਵੀ ਮਸਊਦ ਦੇ ਹਿੰਦਵੀ (ਪੰਜਾਬੀ) ਦੀਵਾਨ ਰਚਣ ਦਾ ਜ਼ਿਕਰ ਮਿਲਦਾ ਹੈ। [ਹਿੰਦੁਸਤਾਨੀ, ਜੁਲਾਈ 1937, ਡਾ: ਤਾਰਾ ਚੰਦ ਦਾ ਲੇਖ] ਪਰ ਅਫਸੋਸ ਇਹ ਕਿ ਇਹ ਪੁਰਾਣੀ ਪੰਜਾਬੀ ਦਾ ਦੀਵਾਨ (ਕਾਵਿ-ਸੰਗ੍ਰਹਿ) ਅਜੇ

ਖ਼ਜ਼ਾਨਏ ਆਮਰਾ (ਸ਼ੇਖ਼ ਅਲੀ ਬਿਲਗ੍ਰਾਮੀ)

§ਆਰਿਆਈ ਜ਼ਬਾਨੇਂ, ਪੰਨਾ 12

ਤਕ ਮਿਲ ਨਹੀਂ ਸਕਿਆ । ਪ੍ਰੋ: ਮਹਿਮੂਦ ਸ਼ੀਰਾਨੀ ਦੇ ਲਿਖਣ ਅਨੁਸਾਰ ਇਸ ਵਿਚ ਪੰਜਾਬੀ ਬਾਰਾਂਮਾਹ, ਸੀਹਰਫੀ ਤੇ ਸਤਵਾਰਾ ਆਦਿ ਰਚਨਾਵਾਂ ਸਨ ।‡

ਮਸਊਦ ਦਾ ਪੁਤਰ ਅਬੂ ਸਾਅਦ ਵੀ ਚੰਗਾ ਕਵੀ ਸੀ, ਹੋ ਸਕਦਾ ਹੈ ਇਸ ਨੇ ਵੀ ਲਾਹੌਰ ਦਾ ਜੰਮਿਆ, ਜਾਇਆ ਹੋਣ ਕਰ ਕੇ ਪੰਜਾਬੀ ਕਵਿਤਾ ਲਿਖੀ ਹੋਵੇ । 11ਵੀਂ ਤੇ ਬਾਰ੍ਹਵੀਂ ਸਦੀ ਦੇ ਹੋਰ ਵੀ ਪੰਜਾਬੀ ਕਵੀ ਹੋਏ ਪਰ ਉਨ੍ਹਾਂ ਦੀ ਰਚਨਾ ਪ੍ਰਾਪਤ ਨਹੀਂ । 1122 ਈ: ਵਿਚ ਇਕ ਕਵੀ ਅਕਰਮਫ਼ੈਜ਼ ਹੋਇਆ । ਇਸੇ ਤਰ੍ਹਾਂ 1123 ਈ: ਵਿਚ ਇਕ ਹੋਰ ਮੁਸਲਮ ਸ਼ਾਇਰ ਨੇ ਪੰਜਾਬੀ ਵਿਚ 'ਸੱਸੀ' ਦਾ ਕਿੱਸਾ ਲਿਖਿਆ ।§ ਮੁਹੰਮਦ ਔਫੀ ਨੇ ਇਕ ਖ਼ਾਤਬ ਅਲੀ (1093—1143) ਨਾਂ ਦੇ ਕਵੀ ਦਾ ਵੀ ਜ਼ਿਕਰ ਕੀਤਾ ਹੈ, ਜਿਸ ਨੇ ਹਿੰਦਵੀ ਵਿਚ 'ਕਸੀਦਾ' ਲਿਖਿਆ ਪਰ ਕੋਈ ਵੀ ਰਚਨਾ ਪ੍ਰਾਪਤ ਨਾ ਹੋਣ ਕਾਰਣ ਅਸੀਂ ਇਨ੍ਹਾਂ ਬਾਰੇ ਹੋਰ ਕੁਝ ਵੀ ਕਹਿਣੋਂ ਅਸਮਰਥ ਹਾਂ । ਹਾਂ, ਮਸ਼ਹੂਰ ਵਿਆਕਰਣੀ ਸ੍ਰੀ ਹੇਮ ਚੰਦਰ (1088-1172 ਈ:) ਸਾਡੇ ਚੰਗੇ ਭਾਗਾਂ ਨੂੰ 11ਵੀਂ, 12ਵੀਂ ਸਦੀ ਦੇ ਆਮ ਪ੍ਰਚਲਤ ਪੈਣੇ ਦੋ ਸੌ ਅਪਭ੍ਰੰਸ਼ ਦੂਹੇ ਆਪਣੀ ਪੁਸਤਕ 'ਸਿਧ ਹੈਮ ਸ਼ਬਦਾਨੁਸਾਸ਼ਨ' ਵਿਚ ਸੰਭਾਲ ਗਏ ਹਨ । ਇਨ੍ਹਾਂ ਵਿਚੋਂ ਕਾਫੀ ਦੋਹਰੇ ਪੰਜਾਬ ਦੇ ਕਵੀਆਂ ਦੀ ਰਚਨਾ ਹਨ ਭਾਵੇਂ ਉਨ੍ਹਾਂ ਦੇ ਨਾਂ ਥਾਂ ਦਾ ਵੇਰਵਾ ਸਾਨੂੰ ਪ੍ਰਾਪਤ ਨਹੀਂ । ਅਪਭ੍ਰੰਸ਼ ਦੀ ਵੰਨਗੀ ਵਿਚ ਇਹ ਨਮੂਨੇ ਪਿਛੇ ਦਿਤੇ ਜਾ ਚੁਕੇ ਹਨ । ਇਨ੍ਹਾਂ ਦੋਹਰਿਆਂ ਤੋਂ ਇਹ ਭਲੀ ਭਾਂਤ ਸਪਸ਼ਟ ਹੁੰਦਾ ਹੈ ਕਿ 11ਵੀਂ, 12ਵੀਂ ਸਦੀ ਦੀ ਪੰਜਾਬੀ ਜ਼ਿਆਦਾ ਅਪਭ੍ਰੰਸ਼ੀ ਪ੍ਰਭਾਵ ਹੀ ਹੇਠ ਸੀ ਅਤੇ ਕਿਤੇ ਕਿਤੇ ਸੁਤੰਤਰ ਰੂਪ ਵੀ ਨਿਖਾਰ ਰਹੀ ਸੀ ।

ਭਾਵੇਂ ਇਨ੍ਹਾਂ ਸਦੀਆਂ ਦੀ ਯਾ ਇਸ ਤੋਂ ਪਹਿਲਾਂ ਦੀ ਵੀ ਸਿਧਾਂ ਨਾਥਾਂ ਦੀ ਕਾਫੀ ਬਾਣੀ ਮਿਲਦੀ ਹੈ ਪਰ ਇਸ ਵਿਚ ਸੰਤ ਭਾਖਾ ਵਾਲੀ ਹਿੰਦੁਸਤਾਨੀ ਦਾ ਰੰਗ ਵਧੇਰੇ ਹੈ । ਦੂਸਰੇ ਇਨ੍ਹਾਂ ਰਚਨਾਵਾਂ ਦੀ ਕੋਈ ਵੀ ਪ੍ਰਮਾਣੀਕ ਹੱਥ-ਲਿਖਤ 16ਵੀਂ ਸਦੀ ਤੋਂ ਪਹਿਲਾਂ ਦੀ ਨਹੀਂ ਮਿਲਦੀ, ਇਸ ਲਈ ਬੋਲੀ ਦੇ ਮਾਮਲੇ ਵਿਚ ਇਨ੍ਹਾਂ ਤੇ ਵਿਸ਼ਵਾਸ ਕਰਨਾ ਔਖਾ ਹੈ ।* ਇਸੇ ਤਰ੍ਹਾਂ ਚਾਂਦ ਬਰਦਾਈ (1168-1192 ਰਚਨ-ਕਾਲ) ਦੇ 'ਪ੍ਰਿਥਵੀਰਾਜ ਰਾਸੋ' ਵਿਚ ਵੀ ਦਿਹਲਵੀ ਯਾ ਬ੍ਰਿਜਭਾਖਾ ਦਾ ਰੰਗ ਜ਼ਿਆਦਾ ਹੈ, ਉਸ ਨੂੰ ਪੰਜਾਬੀ ਰਚਨਾ ਵਿਚ ਸ਼ਾਮਲ ਕਰਨੋਂ ਪ੍ਰਹੇਜ਼ ਹੀ ਕਰਨਾ ਪਵੇਗਾ । ਨਾਲੇ ਮਿ: ਵੂਲ੍ਹਰ, ਗੌਰੀ ਸ਼ੰਕਰ ਹੀਰਾ ਚੰਦ ਓਝਾ, ਜਾਰਜ ਗ੍ਰੀਅਰਸਨ ਤੇ ਡਾ: ਤਾਰਾ ਚੰਦ ਆਦਿ ਵਿਦਵਾਨ ਇਸ ਦੀ ਪ੍ਰਮਾਣੀਕਤਾ ਤੇ ਸੰਦੇਹ ਕਰਦੇ ਹਨ, ਉਨ੍ਹਾਂ ਦਾ ਖਿਆਲ ਹੈ ਕਿ ਇਸ ਵਿਚ ਆਧੁਨਕ ਤੇ ਅਪ੍ਰਚਲਤ ਵੰਨਗੀਆਂ ਦੀ ਅਜੀਬ ਜੇਹੀ ਮਿਲਾਵਟ ਹੋ ਗਈ ਹੈ ।+

ਤੇਰ੍ਹਵੀਂ ਸਦੀ ਦਾ ਮਸ਼ਹੂਰ ਪੰਜਾਬੀ ਫਕੀਰ ਸ਼ੇਖ ਫਰੀਦਉਦੀਨ ਮਸਊਦ ਸ਼ੱਕਰਗੰਜ, (1172-1265 ਈ:) ਹੈ, ਜਿਸ ਦੀ ਬਾਣੀ ਤੋਂ ਸਾਨੂੰ ਪਹਿਲੀ ਵਾਰੀ ਪੰਜਾਬੀ ਦਾ ਨਿਖਰਵਾਂ ਚੇਹਰਾ ਸਾਫ ਸਾਫ ਦਿਸਦਾ ਹੈ । ਬਾਬਾ ਫਰੀਦ ਦਾ ਡੇਰਾ ਲਹਿੰਦੇ ਪੰਜਾਬ ਵਿਚ ਪਾਕਪਟਨ ਸੀ

---

‡ਪੰਜਾਬ ਮੇਂ ਉਰਦੂ, ਪੰਨਾ 62

§I. P. Literature, ਪੰਨਾ 46

*ਗੋਰਖ ਬਾਣੀ, ਭੂਮਿਕਾ (ਸੰਪਾਦਿਕ ਡਾ: ਪੀਤਾਂਬਰ ਦੱਤ ਬੜਥਵਾਲ)

ਹਿੰਦੀ ਕਾਵਿ ਧਾਰਾ, 156 ਪੰਨਾ (ਰਾਹੁਲ ਸਾਂਕ੍ਰਿਤਯਾਯਨ)

+ਹਰਿਜਨ ਸੇਵਕ 28-6-42 (ਡਾ: ਤਾਰਾ ਚੰਦ ਦਾ ਲੇਖ)

ਤੇ ਇਸ ਪਾਸੇ ਤਿੰਨ ਚਾਰ ਸੌ ਵਰ੍ਹੇ ਤੋਂ ਇਸਲਾਮੀ ਮਜ਼ਬ ਤੇ ਸਭਿਅਤਾ ਦਾ ਘਣਾ ਪ੍ਰਭਾਵ ਪੈ ਚੁਕਾ ਸੀ। ਫਰੀਦ ਜੀ ਫਕੀਰ ਹੋਣ ਦੇ ਨਾਤੇ ਬਾਕੀ ਪੰਜਾਬ ਵਿਚ ਮਾਲਵੇ ਤੇ ਹਾਂਸੀ ਹਿਸਾਰ ਵਲ ਵੀ ਘੁੰਮਦੇ ਰਹੇ। ਇਸ ਲਈ ਆਪ ਦੀ ਬੋਲੀ ਮੁਲਤਾਨੀ ਪੰਜਾਬੀ ਦਾ ਗੂੜ੍ਹਾ ਰੰਗ ਰਖਣ ਦੇ ਬਾਵਜੂਦ ਕੇਂਦਰੀ ਪੰਜਾਬੀ ਤੋਂ ਦੂਰ ਨਹੀਂ। ਜੇਹਾ ਕਿ ਅਜੇਹਾ ਹੋਣਾ ਸੁਭਾਵਕ ਸੀ, ਆਪ ਦੀ ਬੋਲੀ ਵਿਚ 10-12 ਕੁ ਫੀ ਸਦੀ ਅਰਬੀ ਫਾਰਸੀ ਦੇ ਲਫਜ਼ ਵੀ ਆਏ ਹਨ ਜੋ ਕਿ ਉਸ ਸਮੇਂ ਤਕ ਤਿੰਨ ਚਾਰ ਸਦੀਆਂ ਵਿਚ ਪੰਜਾਬੀ ਜੀਵਨ ਅੰਦਰ ਰਚਮਿਚ ਹੀ ਚੁਕੇ ਸਨ।

ਫਰੀਦ ਜੀ ਦੇ ਪੰਜਾਬੀ ਸ਼ਬਦ ਸਲੋਕ, ਉਨ੍ਹਾਂ ਦੇ ਜੀਵਨ ਦੇ ਅੰਤਮ ਵਰ੍ਹਿਆਂ ਵਿਚ ਰਚੇ ਜਾਪਦੇ ਹਨ, ਥਾਂ ਥਾਂ ਜੀਵਨ-ਤਜਰਬਿਆਂ ਦੇ ਸਿੱਟੇ, ਦੁਨੀਆਂ ਦੀ ਨਾਸ਼ਮਾਨਤਾ ਅਤੇ ਬੁਢਾਪੇ ਦਾ ਤਰਸ ਯੋਗ ਵਰਣਨ ਹੈ :—

'ਫਰੀਦਾ ਸਿਰ ਪਲਿਆ ਦਾੜੀ ਪਲੀ, ਮੁਛਾਂ ਭਿ ਪਲੀਆ
ਤੈ ਮਨ ਗਹਿਲੇ ਬਾਵਲੇ, ਮਾਣਹਿ ਕਿਆ ਰਲੀਆ।'
'ਦੇਖਿ ਫਰੀਦਾ ਜਿ ਥੀਆ, ਦਾੜੀ ਹੋਈ ਭੂਰ
ਅਗਾ ਨੇੜੈ ਆਇਆ, ਪਿਛਾ ਰਹਿਆ ਦੂਰ।'
'ਇਨੀ ਨਿਕੀ ਜੰਘੀਐ, ਥਲਿ ਡੂਗਰਿ ਭਵਿਓਮਿ
ਅਜ ਫਰੀਦੈ ਕੂਜੜਾ, ਸੈ ਕੋਹਾਂ ਥੀਓਮਿ।'

ਇਸ ਲਈ ਮੇਰੇ ਖਿਆਲ ਵਿਚ ਫਰੀਦ ਦਾ ਰਚਨਾ-ਕਾਲ 12ਵੀਂ ਸਦੀ ਦੀ ਥਾਂ ਤੇਰ੍ਹਵੀਂ ਸਦੀ ਹੀ ਮੰਨਣਾ ਢਯੇਰੇ ਠੀਕ ਹੈ। ਹਿੰਦ ਦੀਆਂ ਬਾਕੀ ਬੋਲੀਆਂ ਵਿਚ ਵੀ ਲਗਭਗ ਇਸ ਸਮੇਂ ਯਾ ਇਸ ਤੋਂ ਪਿਛੋਂ ਹੀ ਸਾਹਿਤ ਰਚਨਾ ਦਾ ਅਰੰਭ ਹੁੰਦਾ ਹੈ।

ਮਰਾਠੀ ਕਵਿਤਾ ਦੇ ਮੋਢੀ ਭਗਤ ਗਿਆਨੇਸ਼ਵਰ (ਦੇਹਾਂਤ 1296 ਈ:) ਨਾਮਦੇਵ (1270-1350) ਅਤੇ ਬੰਗਾਲੀ ਗੀਤਾਂ ਦੇ ਅਰੰਭਕ ਸ੍ਰੀ ਜੈਦੇਵ (ਤੇਰ੍ਹਵੀਂ ਸਦੀ ?) ਫਰੀਦ ਤੋਂ ਬਾਦ ਹੋਏ। ਮਿ: 'ਟੈਸਟਰੀ' ਅਨੁਸਾਰ ਗੁਜਰਾਤੀ ਦੀ ਅਤਿ ਪ੍ਰਾਚੀਨ ਰਚਨਾ 'ਮੁਗਧ ਵਿਬੋਧ ਮੌਕਤਕ' 1394 ਈ: ਦੀ ਲਿਖੀ ਹੋਈ ਹੈ ‡ ਰਾਜਸਥਾਨੀ ਦੀ 15ਵੀਂ ਸਦੀ ਤੋਂ ਪਹਿਲਾਂ ਦੀ ਕੋਈ ਰਚਨਾ ਪ੍ਰਾਪਤ ਨਹੀਂ। ਹਿੰਦੀ ਦਾ ਆਧਾਰ ਬ੍ਰਿਜ ਰਚਨਾ ਦੀ ਤਾਂ ਸੋਲ੍ਹਵੀਂ ਸਦੀ ਤੋਂ ਪਹਿਲਾਂ ਦੀ ਕੋਈ ਵੀ ਲਿਖਤ ਅਜੇ ਤਕ ਦੇਖਣ ਵਿਚ ਨਹੀਂ ਆਈ।* ਕਬੀਰ ਆਦਿ ਭਗਤਾਂ ਦੀ ਬੋਲੀ, ਸੰਤ-ਭਾਖਾ ਹੈ ਜਿਸ ਵਿਚ ਪੰਜਾਬੀ ਦਾ ਜ਼ਬਰਦਸਤ ਅਸਰ ਹੈ। ਇਸ ਗੱਲ ਨੂੰ ਡਾ: ਤਾਰਾ ਚੰਦ, ਡਾ: ਸਿਆਮ ਸੁੰਦਰ ਦਾਸ ਤੇ ਪ੍ਰੋ: ਹੀਰੇਂਦ੍ਰ ਵਰਮਾ ਆਦਿ ਚੰਗੇ ਮੰਨੇ-ਚੰਦੇ ਹਿੰਦੀ ਲੇਖਕਾਂ ਬਾਰ ਬਾਰ ਆਖਿਆ ਹੈ। ਇਸ ਲਈ ਭਗਤਾਂ ਦੀ ਰਚਨਾ ਨੂੰ ਸੰਤ-ਭਾਖਾ ਦੀ ਲੜੀ ਵਿਚ ਹੀ ਰਖਣਾ ਠੀਕ ਹੈ, ਬ੍ਰਿਜ ਭਾਸ਼ਾ ਦੀ ਰਚਨਾ ਕਹਿਣਾ ਠੀਕ ਨਹੀਂ ਜੈਸਾ ਕਿ ਕਈ ਹਿੰਦੀ ਵਿਦਵਾਨਾਂ ਲਾਲਚ ਵਸ਼ ਕਹਿਣ ਦਾ ਹੀਆ ਕੀਤਾ ਹੈ।

ਬਾਬਾ ਫਰੀਦ ਦੀ ਬੋਲੀ ਸਬੰਧੀ ਵੀ ਪੱਕੇ ਤੌਰ ਤੇ ਦਾਅਵਾ ਨਹੀਂ ਕੀਤਾ ਜਾ ਸਕਦਾ ਕਿ ਇਹ ਠੀਕ ਬਿਲਕੁਲ ਸ਼ੁਧ ਉਹੋ 13ਵੀਂ ਸਦੀ ਦੀ ਹੀ ਹੈ। ਮਾਲੂਮ ਹੁੰਦਾ ਹੈ ਉਦੋਂ ਤਕ ਲੋਕ-ਕੰਠ ਦੀ ਛੂਹ ਨਾਲ ਇਸ ਵਿਚ ਵੀ ਥੋੜ੍ਹੀ ਬਹੁਤੀ ਅਦਲਾ-ਬਦਲੀ ਹੋ ਗਈ ਹੋਵੇਗੀ

‡P. D. Gune, P. 287

*ਭਾਸ਼ਟਰ ਭਾਸ਼ਾ ਹਿੰਦੁਸਤਾਨੀ—ਡਾ: ਤਾਰਾ ਚੰਦ, ਪੰਨਾ 128 ਤੇ 134

ਜਦੋਂ ਕਿ ਸੋਲ੍ਹਵੀਂ ਸਦੀ ਦੇ ਅਰੰਭ ਵਿਚ ਗੁਰੂ ਨਾਨਕ ਸਾਹਿਬ ਨੇ ਇਸ ਦੀ ਸੰਭਾਲ ਕੀਤੀ। ਇਸ ਪਰਿਵਰਤਨ ਕਾਰਣ ਹੀ ਕਈ ਵਿਦਵਾਨ ਇਸ ਸੰਮਤੀ ਦੇ ਹੋ ਗਏ ਹਨ ਕਿ ਇਹ ਤਾਂ ਸ਼ੇਖ ਇਬਰਾਹੀਮ (ਫਰੀਦ ਸਾਨੀ) ਦੀ 16ਵੀਂ ਸਦੀ ਦੀ ਰਚਨਾ ਹੈ ਪਰ ਇਹ ਗੱਲ ਇਤਿਹਾਸਕ ਤੌਰ ਤੇ ਠੀਕ ਨਹੀਂ।

ਸੋ ਬਾਬਾ ਫ਼ਰੀਦ ਦੀ ਪੰਜਾਬੀ ਨੂੰ ਅਸੀਂ 13ਵੀਂ ਸਦੀ ਦੇ ਅੱਧ ਦੀ ਵੰਨਗੀ ਕਹਿ ਸਕਦੇ ਹਾਂ। ਭਾਵੇਂ ਨਿਰੋਲਤਾ ਦਾ ਦਾਅਵਾ ਕਰਨਾ ਔਖਾ ਹੀ ਹੈ। ਇਹ ਗੱਲ ਨਿਸਚਤ ਹੈ ਕਿ ਇਸ ਸਮੇਂ ਸਿਧਾਂ, ਨਾਥਾਂ, ਜੋਗੀਆਂ, ਮੁਸਲਮਾਨ ਫਕੀਰਾਂ, ਸੰਤਾਂ ਸਾਧੂਆਂ ਤੇ ਬੀਰ-ਕਾਵਿ ਗਾਉਣ ਵਾਲੇ ਚਾਰਣਾਂ ਭੱਟਾਂ ਨੇ ਹੋਰ ਵੀ ਬਹੁਤ ਸਾਰਾ ਠੇਠ ਪੰਜਾਬੀ ਸਾਹਿਤ ਰਚਿਆ ਹੋਵੇਗਾ ਜਿਸ ਤੋਂ ਪੁਰਾਣੀ ਪੰਜਾਬੀ ਬੋਲੀ ਦੇ ਨਮੂਨੇ ਦੇਖੇ ਜਾ ਸਕਣ ਪਰ ਇਹ ਸਾਹਿਤ ਪ੍ਰਾਪਤ ਨਹੀਂ ਜਾਂ ਤਾਂ ਇਹ ਅਜੇ ਖੋਜ ਦੀ ਨਜ਼ਰ ਤੋਂ ਲੁਕਿਆ ਹੋਇਆ ਹੈ ਜਾਂ ਫਿਰ ਪੰਜਾਬ ਉਤੇ ਨਿਤ ਪੈਂਦੀਆਂ ਜਰਵਾਣਿਆਂ ਦੀਆਂ ਧਾੜਾਂ ਕਾਰਨ ਤਬਾਹ ਹੋ ਚੁਕਾ ਹੈ।

ਫਰੀਦ ਵੀ ਤਾਂ ਬਚ ਗਿਆ ਕਿਉਂਕਿ ਸਿਖ ਗੁਰੂਆਂ ਉਸ ਦੀ ਅਮੋਲਕ ਰਚਨਾ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸੰਭਾਲ ਦਿੱਤਾ। ਜੇ ਕਰ ਇਹ ਸੰਭਾਲ ਨਾ ਹੁੰਦੀ ਤਾਂ ਸਾਡੇ ਲਈ 13ਵੀਂ ਸਦੀ ਦਾ ਪੰਜਾਬੀ ਨਮੂਨਾ ਲੱਭਣਾ ਔਖਾ ਹੋ ਜਾਣਾ ਸੀ। ਫਰੀਦ ਜੀ ਦੀ ਮਾਂਜੀ-ਸਵਾਰੀ ਠੇਠ ਟਕਸਾਲੀ ਪੰਜਾਬੀ ਇਹ ਗੱਲ ਤਾਂ ਸਪਸ਼ਟ ਦਸਦੀ ਹੈ ਕਿ ਉਸ ਦੇ ਪਿਛੇ ਕੋਈ ਸਾਹਿਤਕ ਪਰੰਪਰਾ ਸੀ। ਨਾਲੇ ਜਦੋਂ ਅਸੀਂ ਗਿਆਰ੍ਹਵੀਂ ਸਦੀ ਦੇ ਮੁੱਢ ਦੇ ਮੁਲਤਾਨ-ਵਾਸੀ ਕਵੀ ਅੱਦਹਮਾਣ (1010) ਤੇ 13ਵੀਂ ਸਦੀ ਦੇ ਪਾਕਪਟਨ ਵਾਸੀ ਬਾਬਾ ਫਰੀਦ ਦੀ ਬੋਲੀ ਦਾ ਟਾਕਰਾ ਕਰਦੇ ਹਾਂ ਤਾਂ ਇਹ ਨਿਰਣਾ ਕਰਨਾ ਔਖਾ ਨਹੀਂ ਹੋ ਜਾਂਦਾ ਕਿ ਇਨ੍ਹਾਂ ਦੋ ਢਾਈ ਸੌ ਵਰ੍ਹਿਆਂ ਵਿਚ ਪੰਜਾਬੀ ਦੀ ਕਾਫ਼ੀ ਮਾਂਜ-ਮੰਜਾਈ ਤੇ ਸੋਧ-ਸੁਧਾਈ ਹੋਈ ਹੋਵੇਗੀ। ਨਹੀਂ ਤਾਂ ਦੋ ਕੁ ਸੌ ਵਰ੍ਹਿਆਂ ਵਿਚ ਇਕੋ ਇਲਾਕੇ ਦੇ ਦੋ ਕਵੀਆਂ ਵਿਚ ਇਤਨਾ ਅੰਤਰ ਨਹੀਂ ਸੀ ਪੈ ਸਕਦਾ। ਇਸ ਅੰਤਰ ਵਿਚ ਵੀ ਮੁਸਲਮਾਨੀ ਪ੍ਰਭਾਵ ਦਾ ਬਹੁਤਾ ਹੱਥ ਸੀ।

ਫਰੀਦ ਜੀ ਤੋਂ ਬਾਦ ਗੁਰੂ ਨਾਨਕ-ਕਾਲ ਤਕ ਦਰਮਿਆਨ ਦੇ ਸਮੇਂ ਦੀ ਕੋਈ ਰਚਨਾ ਪ੍ਰਾਪਤ ਨਹੀਂ। ਇਸ ਲਈ ਚੌਦ੍ਹਵੀਂ ਪੰਦਰ੍ਹਵੀਂ ਸਦੀ ਦੀ ਬੋਲੀ ਬਾਰੇ ਲੱਖਣ ਲਾਉਣਾ ਔਖੀ ਗੱਲ ਹੈ। ਫ਼ਾਰਸੀ ਦੇ ਮਸ਼ਹੂਰ ਕਵੀ ਅਮੀਰ ਖੁਸਰੋ (1253-1326) ਜੋ ਹਿੰਦ ਦੇ ਹੀ ਜੰਮ-ਪਲ ਸਨ ਅਤੇ ਬਾਬਾ ਫਰੀਦ ਦੇ ਚੇਲੇ ਸ਼ੇਖ ਨਜ਼ਾਮੁਦੀਨ ਔਲੀਆ ਦਿੱਲੀ ਵਾਲਿਆਂ ਦੇ ਅਤੀ ਪਿਆਰੇ ਮੁਰੀਦ ਸਨ। ਇਨ੍ਹਾਂ ਦਿਲੀ ਦੇ ਗਿਆਰਾਂ ਬਾਦਸ਼ਾਹਾਂ ਦਾ ਸਮਾਂ ਦੇਖਿਆ ਤੇ ਸੱਤਾਂ ਦੇ ਦਰਬਾਰੀ ਵੀ ਰਹੇ। ਆਪ ਆਪਣੇ ਜ਼ਮਾਨੇ ਦੇ ਹਿੰਦ ਦੇ ਸਭ ਤੋਂ ਵਡੇ ਕਵੀ ਤੇ ਆਲਮ ਸਨ। ਆਪ ਦੀਆਂ ਫ਼ਾਰਸੀ, ਹਿੰਦੀ ਰਚਨਾਵਾਂ ਦੀ ਗਿਣਤੀ 99 ਤੇ ਸ਼ੇਅਰਾਂ ਦੀ ਗਿਣਤੀ 4, 5 ਲੱਖ ਦੇ ਲਗਭਗ ਦਸੀ ਜਾਂਦੀ ਹੈ। 'ਖੁਲਾਸਾਤੁਲ ਤਵਾਰੀਖ' (1696 ਈ:) ਦੇ ਕਰਤਾ ਮੁਨਸ਼ੀ ਸੁਜਾਨ ਰਾਇ ਨੇ ਲਿਖਿਆ ਹੈ ਕਿ ਅਮੀਰ ਖੁਸਰੋ ਖਾਂ ਨੇ ਬਾਦਸ਼ਾਹ ਤੁਗਲਕ ਤੇ ਨਾਸਰੁਦੀਨ ਖ਼ਸਰੋ ਖਾਂ ਦੇ ਦਰਮਿਆਨ ਹੋਈ ਲੜਾਈ ਦਾ 'ਜੰਗ-ਨਾਮਾ' ਲਿਖਿਆ, ਜਿਸ ਨੂੰ ਕਿ ਅਸੀਂ ਪੰਜਾਬੀ ਵਿਚ 'ਵਾਰ' ਆਖਦੇ ਹਾਂ। ਇਹ ਗੱਲ ਕੋਈ ਓਪਰੀ ਨਹੀਂ। ਵਾਰਾਂ ਲਿਖਣ ਦਾ ਯਾ ਬਹਾਦਰਾਂ ਦੇ ਜਸ ਗਾਉਣ ਦਾ ਉਸ ਵੇਲੇ ਬਹੁਤ ਰਿਵਾਜ ਸੀ। ਸੰਭਵ ਹੈ, ਅਮੀਰ ਖੁਸਰੋ ਨੇ ਜ਼ਰੂਰ ਕੋਈ ਵਾਰ ਲਿਖੀ ਹੋਵੇ। ਪੁਸ਼ਟੀ ਲਈ ਇਕ ਦੋ ਕਾਰਣ ਵੀ ਹਨ।

ਅਮੀਰ ਖੁਸਰੋ ਗ਼ਿਆਸੁੱਦੀਨ ਬਲਬਨ ਦੇ ਜ਼ਮਾਨੇ ਪਟਿਆਲਾ ਰਿਆਸਤ ਦੇ ਮਸ਼ਹੂਰ ਪੁਰਾਣੇ ਇਤਿਹਾਸਕ ਸ਼ਹਿਰ 'ਸਮਾਣੇ' ਵਿਚ ਵੀ ਕੁਝ ਸਮਾਂ ਹਾਕਮ ਬੁਗਰ ਖਾਂ ਪਾਸ ਰਹੇ ਸਨ ਤੇ ਫਿਰ ਆਪ ਨੂੰ ਬਾਦਸ਼ਾਹ ਦਾ ਵਡਾ ਲੜਕਾ ਮੁਹੰਮਦ ਕਾਅਨ ਮੁਲਤਾਨ ਲੈ ਗਿਆ ਤੇ ਇਥੇ ਵੀ ਆਪ ਪੰਜ ਛੇ ਵਰ੍ਹੇ ਰਹੇ। ਇਸ ਤੋਂ ਪ੍ਰਗਟ ਹੈ ਕਿ ਆਪ ਦੀ ਪੰਜਾਬੀ ਜੀਵਨ ਅਤੇ ਆਲਮ ਕਵੀ ਹੋਣ ਦੇ ਨਾਤੇ ਪੰਜਾਬੀ ਬੋਲੀ ਨਾਲ ਵੀ ਗੂੜ੍ਹੀ ਜਾਣ ਪਛਾਣ ਹੋਈ। ਸੰਭਵ ਹੈ, ਆਪ ਨੇ ਇਸੇ ਅਸਰ ਹੇਠ ਪੰਜਾਬੀ ਵਾਰ ਲਿਖੀ ਹੋਵੇ ਪਰ ਇਹ ਰਚਨਾ ਪ੍ਰਾਪਤ ਨਾ ਹੋਣ ਕਾਰਨ ਅਸੀਂ ਉਸ ਦੀ ਬੋਲੀ ਬਾਰੇ ਕੁਝ ਵੀ ਆਖਣੋਂ ਅਸਮਰੱਥ ਹਾਂ। ਅਮੀਰ ਖੁਸਰੋ ਦੀ ਜੋ ਹਿੰਦਵੀ ਰਚਨਾ ਬੁਝਾਰਤਾਂ, ਮੁਕਰਨੀਆਂ ਦੇ ਰੂਪ ਵਿਚ ਮਿਲੀ ਦਸੀ ਜਾਂਦੀ ਹੈ ਉਸ ਨੂੰ ਪ੍ਰਮਾਣੀਕ ਨਹੀਂ ਕਿਹਾ ਜਾ ਸਕਦਾ। ਕਾਰਨ ਇਹ ਹੈ ਕਿ ਇਨ੍ਹਾਂ ਹਿੰਦੀ ਰਚਨਾਵਾਂ ਦਾ ਅਜੇ ਤਕ ਕੋਈ ਵੀ ਪ੍ਰਮਾਣੀਕ ਹੱਥ-ਲਿਖਤ ਖਰੜਾ ਨਹੀਂ ਲੱਭਾ। ਪ੍ਰੋ: ਮਹਿਮੂਦ ਸ਼ੀਰਾਨੀ ਨੇ 'ਖ਼ਾਲਕ ਬਾਰੀ' ਨੂੰ ਵੀ ਉਨ੍ਹਾਂ ਦੀ ਰਚਨਾ ਨਹੀ ਮੰਨਿਆ। ਡਾ: ਤਾਰਾ ਚੰਦ ਸਾਫ ਲਿਖਦੇ ਹਨ—

'ਡਾਕਟਰ ਹਦੈਤ ਹੁਸੈਨ ਨੇ ਖੁਸਰੋ ਦੀ ਜੋ ਰਚਨਾ-ਸੂਚੀ ਬਣਾਈ ਹੈ ਉਸ ਵਿਚ ਕਿਸੇ ਹਿੰਦੀ ਰਚਨਾ ਦਾ ਜ਼ਿਕਰ ਨਹੀਂ ਕੀਤਾ। ਨਾਲੇ ਹਿੰਦੀ ਵਾਲੇ ਜੋ ਉਸ ਦੇ ਨਮੂਨੇ ਪੇਸ਼ ਕਰਦੇ ਹਨ, ਉਹ ਪੜ੍ਹ ਕੇ ਤਾਂ ਇਕ ਮਾਮੂਲੀ ਭਾਸ਼ਾ-ਗਿਆਨੀ ਵੀ ਸਹਿਜੇ ਹੀ ਇਹ ਅਨੁਮਾਨ ਲਾ ਲੈਂਦਾ ਹੈ ਕਿ ਇਹ ਤੇਰ੍ਹਵੀਂ ਯਾ ਚੌਧਵੀਂ ਸਦੀ ਦੀ ਰਚਨਾ ਹੋ ਹੀ ਨਹੀਂ ਸਕਦੀ। ਇਹ ਤਾਂ ਅਠਾਰ੍ਹਵੀਂ ਸਦੀ ਦੀ ਖੜੀ ਬੋਲੀ ਸਾਫ਼ ਪਈ ਦਿਸਦੀ ਹੈ।'

[ਹਰਿਜਨ ਸੇਵਕ, ਮਿਤੀ 28-6-42]

ਇਸ ਲਈ ਅਜੇਹੀਆਂ ਅਪ੍ਰਮਾਣੀਕ ਆਧੁਨਿਕ ਰਚਨਾਵਾਂ ਨੂੰ ਅਮੀਰ ਖੁਸਰੋ ਨਾਲ ਜੋੜਨਾ ਨਿਆਂ ਨਹੀਂ।

ਅਮੀਰ ਖੁਸਰੋ ਆਪਣੀ ਪੁਸਤਕ 'ਨਹ ਸਿਪਹਰ' (ਰਚਨਾ ਕਾਲ 718 ਹਿਜਰੀ) ਦੇ ਤੀਜੇ ਅਧਿਆ ਵਿਚ ਲਿਖਦੇ ਹਨ, 'ਮੈਂ ਹਿੰਦ ਵਿਚ ਹੀ ਜੰਮਿਆਂ ਹਾਂ, ਇਸ ਲਈ ਇਥੋਂ ਦੀਆਂ ਬੋਲੀਆਂ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਇਸ ਵੇਲੇ ਹਰ ਪ੍ਰਾਂਤ ਦੀ ਆਪਣੀ ਆਪਣੀ ਵਖਰੀ ਬੋਲੀ ਹੈ, ਕਿਸੇ ਦੂਜੇ ਤੋਂ ਲਈ ਹੋਈ ਨਹੀਂ। ਜਿਵੇਂ, ਸਿੰਧੀ, ਲਾਹੌਰੀ, ਡੋਗਰੀ (ਕਸ਼ਮੀਰੀ) ਧੁਰ-ਸਮੁੰਦਰੀ ਤੈਲੰਗੀ, ਗੁਜਰਾਤੀ, ਮਲਾਬਾਰੀ, ਗੌੜੀ, ਬੰਗਾਲੀ, ਅਵਧੀ, ਦਿਹਲਵੀ ਇਹ ਸਭ ਹਿੰਦ ਦੀਆਂ ਬੋਲੀਆਂ ਹਨ ਜੋ ਪੁਰਾਣੇ ਜ਼ਮਾਨੇ ਤੋਂ ਜ਼ਿੰਦਗੀ ਦੇ ਸਾਧਾਰਣ ਕਾਰ-ਵਿਹਾਰ ਲਈ ਵਰਤੀਆਂ ਜਾਂਦੀਆਂ ਹਨ।' ਇਸ ਤੋਂ ਪਿਛੋਂ ਖੁਸਰੋ ਨੇ ਸੰਸਕ੍ਰਿਤ ਦਾ ਵੀ ਜ਼ਿਕਰ ਕੀਤਾ ਹੈ।‡

ਇਸ ਭਾਸ਼ਾ-ਸੂਚੀ ਵਿਚ ਅਮੀਰ ਖੁਸਰੋ ਪੰਜਾਬੀ ਨੂੰ 'ਲਾਹੌਰੀ' ਨਾਂ ਨਾਲ ਯਾਦ ਕਰਦਾ ਹੈ ਕਿਉਂਕਿ ਇਸ ਸਮੇਂ ਲਾਹੌਰ ਪੰਜਾਬ ਦੀ ਰਾਜਨੀਤਕ ਤੇ ਸਭਿਆਚਾਰਕ ਸਰਗਰਮੀ ਦਾ ਕੇਂਦਰ ਬਣ ਚੁਕਿਆ ਸੀ। ਇਸ ਤੋਂ ਪਹਿਲਾਂ ਮੁਲਤਾਨ ਕੇਂਦਰ ਰਹਿਣ ਕਰਕੈ ਬੋਲੀ ਦਾ ਨਾਂ ਵੀ 'ਮੁਲਤਾਨੀ' ਹੀ ਪ੍ਰਚਲਤ ਰਿਹਾ ਪਰੰਤੂ ਬਾਦ ਵਿਚ ਲਾਹੌਰ ਦੀ ਪ੍ਰਧਾਨਤਾ ਨੇ 'ਲਾਹੌਰੀ' ਨਾਂ

‡ਖੜੀ ਬੋਲੀ ਹਿੰਦੀ ਸਾਹਿਤ ਕਾ ਇਤਹਾਸ, ਪੰਨਾ 20
ਦੀ ਵਿਸ਼ਵਭਾਰਤੀ ਕੁਆਰਟਰਲੀ (ਅਗਸਤ-ਅਕਤੂਬਰ 1943) ਪੰਨਾ 158।
ਪੰਜਾਬ ਮੇਂ ਉਰਦੂ, ਪੰਨਾ 152।

Sri Satguru Jagjit Singh Ji eLibrary NamdhariElibrary@gmail.com

ਨੂੰ ਪ੍ਰਸਿਧੀ ਦਿੱਤੀ। ਕੇਵਲ ਇਸ ਨਾਂ ਤੋਂ ਬਿਨਾਂ ਚੌਧਵੀਂ ਸਦੀ ਦੀ ਸਾਨੂੰ ਕੋਈ ਵੀ ਪੰਜਾਬੀ ਰਚਨਾ ਪ੍ਰਾਪਤ ਨਹੀਂ। ਪਰ ਇਹ ਗੱਲ ਨਾਮੁਮਕਿਨ ਹੈ ਕਿ ਇਸ ਸਮੇਂ ਕੋਈ ਕਵੀ ਹੋਇਆ ਹੀ ਨਾ ਹੋਵੇ। ਹੋਇਆ ਤਾਂ ਹੋਵੇਗਾ ਪਰ ਰਾਜਨੀਤਕ ਉਥਲ-ਪਥਲ ਨੇ ਉਸ ਦਾ ਨਾਂ ਤੇ ਰਚਨਾ ਸਾਡੇ ਤਕ ਪਹੁੰਚਣ ਨਹੀਂ ਦਿੱਤੀ।

ਪਰ ਇਹ ਗੱਲ ਧਿਆਨ ਜੋਗ ਹੈ ਕਿ ਇਸ ਸਮੇਂ ਦੇਸ਼-ਭਾਖਾਵਾਂ ਦੇ ਭਾਗ ਦਾ ਸਤਾਰਾ ਚਮਕ ਉਠਿਆ ਸੀ। ਸੰਸਕ੍ਰਿਤ (ਸੱਕਯ) ਤਾਂ ਸਿਵਾਇ ਪੰਡਤਾਂ ਦੇ ਬਹੁਤਿਆਂ ਨੂੰ ਭਾਉਂਦੀ ਹੀ ਨਹੀਂ ਸੀ, ਪ੍ਰਾਕ੍ਰਿਤ (ਪਾਇਅ) ਦੀ ਉਂਜ ਸਮਝ ਨਹੀਂ ਸੀ ਪੈਂਦੀ। ਇਕੋ ਇਕ ਲੋਕ-ਬੋਲੀ ਹੀ ਸੀ ਜੋ ਸਭ ਨੂੰ ਮਿਠੀ ਲਗਦੀ ਸੀ। ਚੁਨਾਂਚਿ ਚੌਧਵੀਂ ਸਦੀ ਦਾ ਮਸਹੂਰ ਬਿਹਾਰੀ ਕਵੀ ਵਿਦਿਆਪਤਿ ਸਾਫ ਲਿਖਦਾ ਹੈ—

'ਸੱਕਯ ਬਾਣੀ ਬਹੁਅ ਨ ਭਾਵਇ
ਪਾਇਅ ਰਸ ਕੋ ਮੰਮੁ ਨ ਪਾਵਇ
ਦੇਸਲ ਬਅਨਾ ਸਭ ਜਨ ਮਿੱਠਾ
ਤੈ ਤੈਸਨ ਜੰਪਉ ਅਵਹੱਠਾ।' [ਕੀਰਤਿ ਲਤਾ]

2. ਮਝਲਾ ਸਮਾਂ—1500—1850। ਮੁਗਲਰਾਜ ਦੀ ਸਥਾਪਤੀ ਨਾਲ ਨਿਤ ਨਿਤ ਦੀ ਗੜਬੜ ਸਮਾਪਤ ਹੋ ਜਾਂਦੀ ਹੈ। ਇਹ 16ਵੀਂ ਸਦੀ ਦਾ ਅਮਨ ਦਾ ਜ਼ਮਾਨਾ ਸਮੂੰਹ ਭਾਰਤੀ ਬੋਲੀਆਂ ਦੇ ਲਿਸ਼ਕਣ ਪੁਸ਼ਕਣ ਦਾ ਸੁਨਹਿਰੀ ਕਾਲ ਹੈ। ਇਸ ਸਮੇਂ ਹਿਦ ਦੀਆਂ ਮੁਖੀ ਬੋਲੀਆਂ ਜੁਆਨੀ ਵਿਚ ਪੈਰ ਰਖਦੀਆਂ ਦਿਸਦੀਆਂ ਹਨ। ਹਿੰਦੀ ਦਾ ਸਤਾਰਾ ਵੀ ਮਲਕ ਮੁਹੰਮਦ ਜਾਇਸੀ (1540 ਈ: ਪਦਮਾਵਤ), ਤੁਲਸੀ ਦਾਸ (1575 ਈ: ਰਾਮਾਇਣ), ਸੂਰਦਾਸ (1550) ਆਦਿ ਕਵੀਆਂ ਦੀ ਬਦੌਲਤ ਇਸੇ ਵੇਲੇ ਚਮਕਦਾ ਹੈ। ਇਸ ਤੋਂ ਕੁਛ ਅਰਸਾ ਬਾਦ ਲਗਭਗ 17ਵੀਂ ਸਦੀ ਦੇ ਅਰੰਭ ਨਾਲ ਦੱਖਣ ਵਿਚ ਅਦਬੀ ਉਰਦੂ ਦਾ ਬੀ ਬੀਜ ਹੁੰਦਾ ਹੈ ਜਿਸ ਦੇ ਮੋਢੀ ਮੁਲਾਂ ਵਜਹੀ (1609 ਈ:) ਤੇ ਸੁਲਤਾਨ ਮੁਹੰਮਦ ਕੁਲੀ ਕੁਤਬਸ਼ਾਹ (1520-1611) ਬਣਦੇ ਹਨ। ਦਰਅਸਲ ਲੋਕਾਂ ਦੇ ਜਾਗਣ ਨਾਲ ਹੀ ਲੋਕ-ਬੋਲੀਆਂ ਸਾਹਿਤਕ ਨੁਕਤਾ ਨਿਗਾਹ ਨਾਲ ਪ੍ਰਫੁਲਤ ਹੋ ਸਕਦੀਆਂ ਸਨ। ਪੰਜਾਬ ਵਿਚ ਇਸ ਜਾਗ ਦਾ ਸੁਨੇਹਾ ਸਿਖ ਗੁਰੂਆਂ ਨੇ ਦਿੱਤਾ ਅਤੇ ਉਨ੍ਹਾਂ ਦੇ ਹੱਥੋਂ ਹੀ ਪੰਜਾਬੀ ਦਾ ਕਲਿਆਣ ਹੋਇਆ।

ਇਹ ਸਮੇਂ ਰਾਜਸੀ ਬਲ ਨਾਲ ਪਰਦੇਸਣ ਫਾਰਸੀ ਨੇ ਦੇਸੀ ਬੋਲੀਆਂ ਉਤੇ ਦਾਬਾ ਪਾਇਆ ਹੋਇਆ ਸੀ। ਜਿਨ੍ਹਾਂ ਲੋਕਾਂ ਦੀ ਬੋਲੀ ਹੀ ਸੁਤੰਤਰ ਨਾ ਹੋਵੇ ਉਹ ਸੁਤੰਤਰ ਵਿਚਾਰ ਕਿਵੇਂ ਸੋਚ ਸਕਦੇ ਹਨ। ਅੱਧੀ ਗੁਲਾਮੀ ਦੀ ਛੱਟ ਤਾਂ ਹਾਕਮ ਬੋਲੀ ਹੀ ਲੱਦ ਛਡਦੀ ਹੈ। ਇਸ ਨੁਕਤੇ ਨੂੰ ਗੁਰੂ ਨਾਨਕ ਸਾਹਿਬ ਨੇ ਚੰਗੀ ਤਰ੍ਹਾਂ ਅਨੁਭਵ ਕੀਤਾ ਜਿਸ ਤਰ੍ਹਾਂ ਕਿ ਉਨ੍ਹਾਂ ਤੋਂ ਦੋ ਹਜ਼ਾਰ ਵਰ੍ਹੇ ਪਹਿਲਾਂ ਮਹਾਤਮਾ ਬੁਧ ਨੇ ਮਹਿਸੂਸ ਕੀਤਾ ਸੀ। ਉਨ੍ਹਾਂ ਲੋਕਾਂ ਦੀ ਅਣਖ ਨੂੰ ਟੁੰਬਿਆ ਕਿ ਉਹ ਕਿਉਂ ਆਪਣੇ ਦਿਮਾਗ ਨੂੰ ਬਦੇਸੀ ਬੋਲੀ ਦੀ ਮੁਥਾਜ ਕਰੀ ਜਾ ਰਹੇ ਹਨ। ਸਤਿਗੁਰੂ ਫਾਰਸੀ ਪੜ੍ਹਨ ਲਿਖਣ ਦੇ ਵਿਰੁਧ ਨਹੀਂ ਸਨ ਪਰ ਉਹ ਕਦਾਚਿਤ ਪਸੰਦ ਨਹੀਂ ਸੀ ਕਰਦੇ ਕਿ ਹਿੰਦੁਸਤਾਨੀ ਜਾਂ ਪੰਜਾਬੀ ਆਪਣੀ ਬੋਲੀ, ਆਪਣੇ ਸਭਿਆਚਾਰ ਤੇ ਧਰਮ ਨੂੰ ਛਡ ਕੇ ਪਰਾਧੀਨਤਾ ਦੀਆ ਗੰਢਾਂ ਨੂੰ ਪੱਕਿਆਂ ਹੋਣ ਦੇਣ। ਇਸ ਲਈ ਉਨ੍ਹਾਂ ਬੜੇ ਵਿਅੰਗ ਤੇ ਸ਼ੋਕ

ਆਰਿਆਣੀ ਜ਼ ਬਾਨੇਂ, ਪੰਨਾ 17

ਨਾਲ ਕਿਹਾ 'ਹਿੰਦੀਓ ! ਤੁਸੀਂ ਤਾਂ ਆਪਣੇ 'ਆਦਿ-ਪੁਰਖ' ਈਸ਼ਵਰ ਤੇ ਆਪਣੇ ਪਿਉ ਦਾ ਨਾਂ ਵੀ 'ਅੱਲ੍ਹਾ' ਤੇ 'ਮੀਆਂ ਜੀ' ਰਖੀ ਫਿਰਦੇ ਹੋ, ਤੁਹਾਡੀ ਨਾਂ ਬੋਲੀ ਹੀ ਹੋਰ ਦੀ ਹੋਰ ਹੋ ਗਈ ਹੈ।'

'ਆਦਿ ਪੁਰਖ ਕਉ ਅਲਹੁ ਕਹੀਐ, ਸ਼ੇਖਾਂ ਆਈ ਵਾਰੀ
ਘਰਿ ਘਰਿ ਮੀਆਂ ਸਭਨਾਂ ਜੀਆ, ਬੋਲੀ ਅਵਰ ਤੁਮਾਰੀ।' [ਮਲਾਰ]

ਇਕ ਥਾਂ ਹੋਰ ਗੁਰੂ ਸਾਹਿਬ ਨੇ ਸੂਰਬੀਰ ਖਤਰੀਆਂ ਦੇ ਸੁਭਾਅ ਨੂੰ ਝੰਜੋੜਦਿਆਂ ਆਖਿਆ ਕਿ ਇਹ ਵੀ ਗ਼ੁਲਾਮੀ ਦਾ ਸ਼ਿਕਾਰ ਹੋਏ ਮਲੇਛ-ਭਾਖਾ (ਫਾਰਸੀ) ਕਬਲੀ ਬੈਠੇ ਹਨ :—

'ਖਤ੍ਰੀਆ ਤਾਂ ਧਰਮ ਛੋਡਿਆ, 'ਮਲੇਛ ਭਾਖਿਆ' ਗਹੀ।'

ਇਕ ਪਾਸੇ ਬਿਦੇਸੀ ਹਾਕਮਾਂ ਦੀ ਬੋਲੀ ਫਾਰਸੀ, ਲੋਕ ਬੋਲੀਆਂ ਨੂੰ ਮਾਰਨ ਦੇ ਆਹਰ ਵਿਚ ਸੀ ਦੂਜੇ ਪਾਸੇ ਸੰਸਕ੍ਰਿਤ ਨੂੰ ਦੇਵਬਾਣੀ ਮੰਨਣ ਵਾਲੇ ਸਨਾਤਨੀ ਬ੍ਰਾਹਮਣ ਪੁਰਾਣੀ ਆਦਤ ਅਨੁਸਾਰ ਇਨ੍ਹਾਂ ਬੋਲੀਆਂ ਨੂੰ 'ਗੰਵਾਰੂ' ਆਖ ਕੇ ਤ੍ਰਿਸਕਾਰ ਰਹੇ ਸਨ। ਅਜਿਹੀ ਦੁਰਦਸ਼ਾ ਸਮੇਂ ਗੁਰੂਆਂ ਨੇ ਲੋਕ-ਬੋਲੀਆਂ ਦਾ ਪੱਖ ਲਿਆ।‡ ਉਨ੍ਹਾਂ ਆਪਣੇ ਅਧਿਆਤਮਕ ਗੀਤ ਤੇ ਸਮਾਜਕ ਸੁਧਾਰ ਦੇ ਸੁਨੇਹੇ ਇਸ ਵਿਚ ਦਿਤੇ। ਗੁਰੂਆਂ ਦੇ ਰੂਹਾਨੀ ਨਾਦ ਨਾਲ ਪੰਜਾਬੀ ਬੋਲੀ ਦੀ ਕਾਇਆ ਜਗਮਗਾ ਉਠੀ। ਕੀ ਗਰੀਬ ਕੀ ਅਮੀਰ, ਕੀ ਫ਼ਕੀਰ, ਕੀ ਬਾਦਸ਼ਾਹ ਸਭ ਪੰਜਾਬੀ ਰੰਗ ਵਿਚ ਰੰਗੇ ਗਏ। §ਮੁਸਲਮਾਨੀ ਫਕੀਰਾਂ ਦੇ ਸਦਕੇ ਪੰਜਾਬੀ ਦਾ ਮੁਢ ਲਹਿੰਦੇ ਵਿਚ ਬੱਝਾ ਸੀ ਤੇ ਉਨ੍ਹਾਂ ਦੀਆਂ ਰਚਨਾਵਾਂ ਵਿਚ ਮੁਲਤਾਨੀ ਦਾ ਰੰਗ ਵਧੇਰੇ ਹੁੰਦਾ ਸੀ। ਪਰ ਗੁਰੂਆਂ ਦੇ ਸਮੇਂ ਪੰਜਾਬੀ ਦਾ ਸਬੰਧ ਭਾਰਤੀ ਸੰਤ-ਸਾਹਿਤ ਨਾਲ ਜੁੜਿਆ। ਇਸ ਲਈ ਇਸ ਉਤੇ ਸੰਤ-ਭਾਖਾ ਯਾ ਸਧੁਕੜੀ ਦਾ ਗੂੜ੍ਹਾ ਰੰਗ ਚੜ੍ਹਿਆ, ਭਾਵੇਂ ਇਸ ਸਧੁਕੜੀ ਭਾਸ਼ਾ ਦੀ ਘਾੜਤ ਘੜਨ ਵਿਚ ਪੰਜਾਬ ਦੇ ਜੋਗੀਆਂ ਅਤੇ ਸਾਧਾਂ ਸੰਤਾਂ ਦਾ ਹੱਥ ਸੀ। ਇਸੇ ਕਰ ਕੇ ਗੁਰੂਆਂ ਦੀ ਸ਼ਬਦ ਬਾਣੀ ਠੇਠ ਪੰਜਾਬੀ ਵਿਚ ਥੋੜ੍ਹੀ ਹੈ ਤੇ ਸੰਤ-ਭਾਖਾ ਵਿਚ ਬਹੁਤੀ। ਇਸ ਦਾ ਇਕ ਕਾਰਨ ਇਹ ਵੀ ਸੀ ਕਿ ਉਹ ਆਪਣਾ ਸੁਨੇਹਾ ਹਿੰਦ-ਵਿਆਪੀ ਕਰਨਾ ਚਾਹੁੰਦੇ ਹਨ।

ਗੁਰੂ ਅਰਜਨ ਸਾਹਿਬ ਨੇ ਇਸ ਉਤਮ ਗੁਰਮੁਖੀ ਸਾਹਿਤ ਦਾ 1601 ਵਿਚ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸੰਪਾਦਨ ਕਰ ਕੇ ਪੰਜਾਬੀ ਬੋਲੀ ਨੂੰ ਹੀ ਨਹੀਂ ਬਲਕਿ ਹਿੰਦੁਸਤਾਨੀ ਨੂੰ ਵੀ ਇਕ ਅਮੋਲਕ ਖਜ਼ਾਨਾ ਦਿਤਾ, ਜਿਸ ਦੀ ਭਾਸ਼ਾ ਦੇ ਲਿਹਾਜ਼ ਨਾਲ ਬਹੁਤ ਭਾਰੀ

---

‡ਭਗਤ ਕਬੀਰ ਜੀ ਵੀ ਲੋਕ-ਬੋਲੀ ਦੀ ਵਡਿਆਈ ਕਰਦੇ ਕਹਿੰਦੇ ਹਨ—

'ਕਬੀਰਾ ਸੰਸਕ੍ਰਿਤ ਕੂਪ ਜਲ, ਭਾਖਾ ਵਹਤਾ ਨੀਰ
ਜਬ ਚਾਹੀਏ ਤਬ ਡੂਬੀਏ, ਸੀਤਲ ਹੋਇ ਸਰੀਰ।'

§ ਇਕ ਜੈਨੀ ਸੰਸਕ੍ਰਿਤ ਗ੍ਰੰਥ 'ਜਗਦ ਗੁਰੂ ਕਾਵਯ' ਵਿਚ ਲਿਖਿਆ ਹੈ ਕਿ ਬਾਦਸ਼ਾਹ ਅਕਬਰ ਨਾਲ ਜਦੋਂ ਜੈਨੀ ਅਚਾਰਜ ਹੀਰ ਵਿਜਯਸੂਰੀ ਨੇ ਮੁਲਾਕਾਤ ਕੀਤੀ ਤਾਂ ਬਾਦਸ਼ਾਹ ਨੇ ਕਿਹਾ; 'ਚੰਗਾ, ਹੋ ਗੁਰੂ ਜੀ !'

[ਪ੍ਰਾਚੀਨ ਪੰਡਤ ਔਰ ਕਵੀ, (ਮਹਾਂਬੀਰ ਪ੍ਰਸਾਦ ਦ੍ਵਿਵੇਦੀ) ਪੰਨਾ 112)

ਮੁਲਤਾਨੀ ਪੀਰ ਮਖ਼ਦੂਮ ਜਹਾਨੀਆਂ (ਦੇਹਾਂਤ 1384) ਨੇ ਫੀਰੋਜ਼ ਤੁਗਲਕ ਨੂੰ ਬਚਪਨ ਵਿਚ ਪੁਛਿਆ ਸੀ, 'ਕਾਕਾ ਫ਼ੀਰੋਜ਼ ਚੰਗਾ ਹੈਂ ?' [ਤਜ਼ਕਰਾ ਸੂਫੀਹਾਏ ਪੰਜਾਬ, ਪੰਨਾ 222]

ਕੀਮਤ ਹੈ। ਉਸ ਸਮੇਂ ਸੰਤ-ਭਾਖਾ ਉਤਰੀ ਹਿੰਦ ਦੀ ਪ੍ਰਮਾਣੀਕ ਬੋਲੀ ਸੀ ਤੇ ਇਸ ਵਿਚ ਜਿਹਾ ਕਿ ਅਸਾਂ ਹੁਣੇ ਆਖਿਆ ਹੈ, ਪ੍ਰਧਾਨਤਾ ਪੰਜਾਬੀ ਨੂੰ ਪ੍ਰਾਪਤ ਸੀ।

ਗੁਰੂਆਂ ਤੋਂ ਇਲਾਵਾ ਇਸੇ ਸਦੀ ਵਿਚ ਦਮੋਦਰ ਨੇ, ਮੁਲਤਾਨੀ ਰੰਗ ਦੀ ਠੇਠ ਪੰਜਾਬੀ ਵਿਚ ਹੀਰ ਦੀ ਪ੍ਰੀਤ-ਕਹਾਣੀ ਲਿਖ ਕੇ ਦਸ ਦਿਤਾ ਕਿ ਪੰਜਾਬੀ ਕੇਵਲ ਅਧਿਆਤਮਕ ਸਾਹਿਤ ਜੋਗੀ ਹੀ ਨਹੀਂ ਇਸ ਵਿਚ ਰੋਮ ਟਿਕ ਸਾਹਿਤ ਰਚਣ ਦੀ ਵੀ ਸਮਰੱਥਾ ਹੈ। ਇਸ ਸਮੇਂ ਦੇ ਹੋਰ ਕਈ ਕਵੀ ਹੋਏ ਜਿਨ੍ਹਾ ਵਿਚੋਂ ਸ਼ਾਹ ਹੁਸੈਨ ਦਆ ਕਾਫੀਆਂ ਟਕਸਾਲੀ ਪੰਜਾਬੀ ਦੇ ਸਵੱਛ ਰੂਪ ਨੂੰ ਪ੍ਰਗਟ ਕਰਦੀਆ ਹਨ ਅਤੇ ਸੱਤੇ ਬਲਵੰਡ ਦੀ ਰਾਮਕਲੀ ਦੀ ਵਾਰ, ਪੇਂਡੂ ਪੰਜਾਬੀ ਦੀ ਸਿਧੀ ਪੱਧਰੀ ਜਿਹੀ ਸੋਹਣੀ ਵੰਨਗੀ ਦਰਸਾਉਂਦੀ ਹੈ।

17ਵੀਂ ਸਦੀ ਦਾ ਮੋਢੀ ਤੇ ਸ਼ਿਰੋਮਣੀ ਕਵੀ ਭਾਈ ਗੁਰਦਾਸ (1558-1637) ਹੈ, ਜਿਸ ਸਮਾਜ-ਸੁਧਾਰ ਤੇ ਧਰਮ ਪ੍ਰਚਾਰ ਲਈ ਭਾਂਤ ਭਾਂਤ ਦੀਆਂ ਵਖੋ ਵਖ ਤੋਲਾਂ ਵਿਚ 39 ਵਾਰਾਂ ਲਿਖੀਆਂ। ਇਹ ਵਾਰਾਂ ਪੰਜਾਬੀ ਦੇ ਬਹੁ-ਭਾਂਤੇ ਸ਼ਬਦ ਭਡਾਰ ਦਾ ਮਹਾਂ ਕੋਸ਼ ਹਨ। ਭਾਈ ਗੁਰਦਾਸ ਦੀ ਬੋਲੀ ਨਿਰਮਲ ਤੇ ਸੁੰਦਰ ਠੇਠ ਪੰਜਾਬੀ ਹੈ। ਉਸ ਉਤੇ ਸੰਤ-ਭਾਖਾ ਦਾ ਇਤਨਾ ਰੰਗ ਨਹੀਂ ਕਿ ਉਸ ਦਾ ਆਪਣਾ ਚਿਹਰਾ ਮੁਹਰਾ ਲੁਕ ਜਾਵੇ। ਭਾਈ ਗੁਰਦਾਸ ਨੂੰ ਅਸੀਂ 17ਵੀਂ ਸਦੀ ਵਿਚ ਇਸ ਲਈ ਰਖਿਆ ਹੈ ਕਿਉਂਕਿ ਉਨ੍ਹਾਂ ਆਪਣੀਆ ਬਹੁਤੀਆ ਪੰਜਾਬੀ ਵਾਰਾਂ ਗੁਰੂ ਹਰਿ-ਗੋਬਿੰਦ ਜੀ ਦੀ ਗੁਰਿਆਈ (1606 ਈ.) ਤੋਂ ਬਾਦ ਹੀ ਲਿਖੀਆਂ ਸਨ।

ਉਪਰੋਕਤ ਅਧਿਆਤਮਕ ਸਾਹਿਤ ਤੋਂ ਇਲਾਵਾ ਪੰਜਾਬੀ ਬੋਲੀ ਦੀ ਬੀਰ-ਸਾਹਿਤ ਦੀ ਪੂੰਜੀ ਵੀ ਅਮੁਕ ਤੇ ਅਦੁਤੀ ਹੈ। ਕੁਛ ਵਾਰਾਂ ਦੇ ਮਿਲਦੇ ਨਾਂ ਜਿਹਾ ਕਿ 'ਵਾਰ ਸੁਲਤਾਨ ਪੇਰੇ ਸ਼ਾਹ ਸ਼ੇਖੇ ਖੱਖਰ ਕੀ' ਅਤੇ 'ਵਾਰ ਮੀਰ ਬਾਬਰ ਕੀ' ਆਦਿ ਇਸ ਗੱਲ ਦਾ ਪਰਮਾਣ ਹਨ ਕਿ ਵਾਰ-ਪਰੰਪਰਾ ਚੋਣ ਚਿਰ ਤੋਂ ਜਾਰੀ ਸੀ ਅਤੇ ਇਸ ਕਾਵਿ-ਰੂਪ ਵਿਚ ਪੰਜਾਬੀ ਬੀਰ-ਸਾਹਿਤ ਰਚੀਂਦਾ ਚਲਿਆ ਆ ਰਿਹਾ ਸੀ। ਗੁਰੂ ਹਰਿ ਗੋਬਿੰਦ ਸਾਹਿਬ ਦੇ ਦਰਬਾਰ ਵਿਚ ਮੀਰ ਅਬਦੁਲ ਤੇ ਨੱਥਮਲ ਢਾਡੀ ਵਲੋਂ 72 ਵਾਰਾਂ ਗਾਏ ਜਾਣ ਦਾ ਜ਼ਿਕਰ ਮਿਲਦਾ ਹੈ ਪਰ ਸ਼ੋਕ ਹੈ ਕਿ ਇਹ ਵਾਰਾਂ ਪ੍ਰਾਪਤ ਨਹੀਂ। ਕੇਵਲ ਇਨ੍ਹਾਂ ਵਿਚੋਂ ਨੌਂ ਕੁ ਵਾਰਾਂ ਦੇ ਨਾਂ ਗੁਰੂ ਗ੍ਰੰਥ ਸਾਹਿਬ ਵਿਚ ਆਉਣ ਕਰਕੇ ਸਾਡੇ ਤਕ ਪਹੁੰਚੇ ਹਨ। ਇਹ ਨਾਂ ਇਸ ਗੱਲ ਦਾ ਪੱਕਾ ਸਬੂਤ ਹਨ ਕਿ ਪੰਜਾਬੀ ਵਿਚ ਪੰਜਾਬ ਦੇ ਬੀਰ ਆਚਰਣ ਅਨੁਸਾਰ ਮਣਾਂ-ਮੂੰਹ ਵਾਰ-ਸਾਹਿਤ ਰਚਿਆ ਗਿਆ ਸੀ ਜੋ ਬਹਾਦਰਾਂ ਜੋਧਿਆਂ ਨੂੰ ਹਲੂਣਾ ਦੇਣ ਲਈ ਰਣਸਿੰਗੇ ਦਾ ਕੰਮ ਕਰਦਾ ਸੀ।

ਜਾਨ ਕਵੀ ਦੀ 'ਦੀਵਾਨ ਅਲਫ ਖਾਂ ਕੀ ਪੈੜੀ' (ਪਉੜੀ ਯਾ ਵਾਰ), ਗੁਰੂ ਗੋਬਿੰਦ ਸਿੰਘ ਜੀ ਕ੍ਰਿਤ 'ਵਾਰ ਭਗੌਤੀ ਜੀ ਕੀ', ਵਾਰ-ਭਾਸ਼ਾ ਦੀ ਰੂਪ ਰੇਖਾ ਪ੍ਰਗਟ ਕਰਨ ਲਈ ਚੰਗੀ ਠੋਸ ਸਮੱਗਰੀ ਪੇਸ਼ ਕਰਦੀਆਂ ਦਸਦੀਆਂ ਹਨ ਕਿ ਬਲੀ ਸ਼ਬਦਾਵਲੀ ਲਈ ਪੰਜਾਬੀ ਕਿਤਨੀ ਸਮੱਰਥ ਹੈ। ਇਸ ਵਿਚ ਕੇਵਲ ਗੀਤ ਭਜਨ ਹੀ ਨਹੀਂ ਗਾਏ ਜਾ ਸਕਦੇ, ਰਣਜੀਤ ਨਗਾਰੇ ਦੀ ਗਰਜ ਵੀ ਸੁਣੀ ਸੁਣਾਈ ਜਾ ਸਕਦੀ ਹੈ।‡

18ਵੀਂ ਸਦੀ ਦਾ ਬੋਲੀ ਦਾ ਸਰਦਾਰ ਕਵੀ ਵਾਰਸ ਸ਼ਾਹ ਹੈ, ਜੋ 'ਪੰਜਾਬੀ ਹੀਰ' ਨੂੰ ਰਾਂਝਣ ਬਣ ਕੇ ਪੁਕਰਿਆ। ਇਸ ਨੇ 'ਹੀਰ' ਲਿਖ ਕੇ ਪੰਜਾਬੀ ਨੂੰ ਘਰ ਘਰ ਧੁਮਾ ਦਿਤਾ।

---

‡ਵਿਸਤਾਰ ਲਈ ਦੇਖੋ 'ਪੰਜਾਬੀ ਵਾਰਾਂ', ਸੰਪਾਦਿਤ ਪਿਆਰਾ ਸਿੰਘ ਪਦਮ

ਇਸ ਕਵੀ ਦੀ ਵਰਤੀ ਸ਼ਬਦਾਵਲੀ ਦੇਖ ਕੇ ਪੰਜਾਬੀ ਬੋਲੀ ਦੀ ਸਮਰੱਥਾ ਤੇ ਅਮੀਰੀ ਦਾ ਵਿਸ਼ਵਾਸ਼ ਇਕ ਹਕੀਕਤ ਦਾ ਰੂਪ ਧਾਰਣ ਕਰ ਲੈਂਦਾ ਹੈ। ਇਸੇ ਸਦੀ ਵਿਚ ਸੂਫ਼ੀ ਕਵੀ ਬੁਲ੍ਹੇਸ਼ਾਹ, ਅਲੀ ਹੈਦਰ, ਤੇ ਬੀਰ ਕਾਵਿ-ਧਾਰਾ ਦੀ ਪਰੰਪਰਾ ਜਾਰੀ ਰਖਣ ਵਾਲੇ ਨਜਾਬਤ, ਦੇਵੀ ਦਾਸ, ਜਸ਼ੋਧਾ ਨੰਦਨ ਤੇ ਤੇਜ ਭਾਨ ਆਦਿ ਕਈ ਕਵੀ ਹੋਏ ਪਰ ਵਾਰਸ ਦੀ ਬੋਲੀ ਨੂੰ ਕੋਈ ਵੀ ਨਾ ਪਹੁੰਚ ਸਕਿਆ। ਲੋਕਾ ਉਸ ਦੀ ਬੋਲੀ ਦੇ ਖਜ਼ਾਨੇ ਨੂੰ ਦੇਖ ਕੇ ਹੀ ਉਸ ਨੂੰ 'ਪੰਜਾਬੀ ਦਾ ਸ਼ੈਕਸਪੀਅਰ' ਯਾ 'ਕਾਲੀਦਾਸ' ਆਖ ਕੇ ਸਤਿਕਾਰਿਆ।

ਉਨ੍ਹੀਵੀਂ ਸਦੀ ਵਿਚ ਕਿੱਸਾਕਾਰ ਕਵੀਆਂ—ਹਾਸ਼ਮ, ਅਹਿਮਦ-ਯਾਰ, ਕਾਦਰਯਾਰ; ਸ਼ਾਹ ਮੁਹੰਮਦ ਤੇ ਅਮਾਮ ਬਖਸ਼ ਵਗੈਰਾ ਨੇ ਬੋਲ ਚਾਲ ਦੀ ਪੰਜਾਬੀ ਵਿਚ ਕਈ ਕਿੱਸੇ ਲਿਖ ਕੇ ਸਾਧਾਰਣ ਪਾਠਕਾਂ ਲਈ ਚੋਖਾ ਮਸਾਲਾ ਪੈਦਾ ਕੀਤਾ ਅਤੇ ਬਹੁਤ ਸਾਰੀ ਅਣਵਰਤੀ ਸ਼ਬਦਾਵਲੀ ਨੂੰ ਕਵਿਤਾ ਵਿਚ ਲਿਆ ਕੇ ਸਾਹਿਤ ਦੇ ਨੇੜੇ ਕੀਤਾ।

ਵਰਤਮਾਨ ਸਮਾਂ—1850 ਤੋਂ ਹੁਣ ਤਕ—ਇਸ ਤਰ੍ਹਾਂ ਅਸੀਂ ਪੰਜਾਬੀ ਨੂੰ ਅਧਿਆਤਮਕ, ਬੀਰ ਰਸੀ, ਸ਼ਿਗਾਰੀ ਤੇ ਰੁਮਾਂਚਿਕ ਰਚਨਾਵਾਂ ਨਾਲ ਭਰਪੂਰ ਹੁੰਦੀ ਦੇਖਦੇ ਹਾਂ। ਇਨ੍ਹਾਂ ਰਚਨਾਵਾਂ ਤੋਂ ਇਲਾਵਾ ਸਮੇਂ ਸਮੇਂ ਲੋਕ-ਗੀਤਕਾਰਾਂ ਨੇ ਬੇਅੰਤ ਗੀਤ ਰਚ ਕੇ ਬੋਲੀ ਦਾ ਜੋ ਸਰਲ ਸਾਦਾ, ਮਨੋਹਰ ਤੇ ਸੁਨੱਖਾ ਮੁਹਾਂਦਰਾ ਬਣਾਇਆ ਉਹ ਅਹਿਸਾਨ ਨਾ ਭੁਲਾਇਆ ਜਾਣ ਵਾਲਾ ਹੈ। ਲੋਕ-ਗੀਤਾਂ ਨੇ ਪੰਜਾਬੀ ਨੂੰ ਜਿਤਨਾ ਮਿਠਾ ਤੇ ਕੋਮਲ ਬਣਾਉਣ ਵਿਚ ਹਿਸਾ ਪਾਇਆ, ਉਸ ਦੀ ਪ੍ਰਭਤਾ ਕਥਨ ਤੋਂ ਬਾਹਰ ਹੈ।

1849 ਵਿਚ ਸੁਤੰਤਰ ਪੰਜਾਬੀ ਰਾਜ ਦੇ ਖਾਤਮੇਂ ਨੇ ਨਵੇਂ ਹਾਲਾਤ ਦਾ ਮੁੱਢ ਧਰਿਆ। ਭਾਵੇਂ 1809 ਵਿਚ ਹੀ ਅੰਗਰੇਜ਼ ਲੁਧਿਆਣੇ ਆ ਬੈਠੇ ਸਨ ਤੇ ਪੰਜਾਬੀ ਸਬੰਧੀ ਖੋਜਾਂ ਅਰੰਭ ਕਰ ਚੁਕੇ ਸਨ, ਪਰੰਤੂ ਸਮੁਚੇ ਪੰਜਾਬ ਤੇ ਫਿਰੰਗੀਆਂ ਦਾ ਕਬਜ਼ਾ ਹੋਣ ਤੇ ਹੀ ਦਿਨਾਂ ਵਿਚ ਜੁਗ ਬਦਲਣਾ ਸ਼ੁਰੂ ਹੋਇਆ। ਅੰਗਰੇਜ਼ੀ ਨੌਕਰ-ਸ਼ਾਹੀ ਦੀ ਯੂ ਪੀ. ਤੋਂ ਲਿਆਂਦੀ ਉਰਦੂ ਜ਼ਬਾਨ ਨੇ ਪੰਜਾਬੀ ਬੋਲੀ ਵਿਚ ਇਕ ਭਾਰੀ ਪਰਿਵਰਤਨ ਲਿਆਂਦਾ। ਅੰਗਰੇਜ਼ੀ ਤਾਲੀਮ ਨੇ ਸਾਰੀ ਨੁਹਾਰ ਹੀ ਬਦਲ ਦਿਤੀ। ਵਾਰਤਕ ਵੀ ਕਵਿਤਾ ਦੇ ਬਰਾਬਰ ਬਰਾਬਰ ਚਲਣ ਲਗੀ।

ਉਤੇ ਅਸੀਂ ਕੇਵਲ ਕਾਵਿ-ਰਚਨਾਵਾਂ ਦਾ ਹੀ ਜ਼ਿਕਰ ਕੀਤਾ ਹੈ। ਜਦੋਂ ਅਸੀਂ ਪੁਰਾਣੇ ਜ਼ਮਾਨੇ ਵਿਚ ਵੀ ਪੰਜਾਬੀ ਦੇ ਵਾਰਤਕ ਖੇਤਰ ਨਾਂ ਹੋਏ ਵਿਕਾਸ ਵਲ ਨਜ਼ਰ ਮਾਰਦੇ ਹਾਂ ਤਾਂ ਉਹ ਵੀ ਬੜਾ ਸੰਤੁਸ਼ਟਤਾ ਦੇਣ ਵਾਲਾ ਹੈ। ਸਾਖੀਆਂ, ਪਰਚੀਆਂ, ਗੋਸ਼ਟਾਂ, ਬਚਨਾਂ, ਵਾਰਤਾਂ ਪਰਮਾਰਥਾਂ, ਟੀਕਿਆਂ ਤੇ ਪਾਰਸ ਭਾਗ, ਜੋਗਵਾਸ਼ਿਸਠ ਵਰਗੇ ਸਫਲ ਉਲਥਿਆਂ ਆਦਿ ਦੇ ਰੂਪ ਵਿਚ ਪੰਜਾਬੀ ਵਾਰਤਕ ਦੀ ਚੋਰ ਪੁਰਾਣੀ ਸਮੱਗਰੀ ਮਿਲਦੀ ਹੈ। ਸਭ ਤੋਂ ਪੁਰਾਣੀ ਪੰਜਾਬੀ ਨਸਰ 'ਪੁਰਾਤਨ ਜਨਮ ਸਾਖੀ' ਤੇ 'ਗੋਸਟਿ ਗੁਰੂ ਬਾਬੇ ਨਾਨਕ ਜੀ ਕੀ' ਆਦਿ ਹਨ, ਜੋ ਕਿ ਗੱਦ-ਖੇਤਰ ਵਿਚ ਪੰਜਾਬੀ ਦੀ ਸ਼ਕਤੀ ਤੇ ਮਹਾਨਤਾ ਪ੍ਰਗਟ ਕਰਦੀਆਂ ਹਨ। ਨਿਕੇ ਨਿਕੇ ਵਾਕ, ਸਿਧੇ ਸਾਦੇ ਬੋਲ, ਮਨੁਖੀ ਆਤਮਾ ਦਾ ਖੁਲ੍ਹਾ ਝਾਕਾ ਦਿੰਦੇ ਇਸ ਗੱਲ ਦਾ ਨਿਤਾਰਾ ਕਰਦੇ ਹਨ ਕਿ ਸੱਚਾ ਸੁੱਚਾ ਸਾਹਿਤ ਗੁੰਝਲ-ਰਹਿਤ ਬੋਲੀ ਵਿਚ ਹੀ ਪ੍ਰਗਟਦਾ ਹੈ, ਲੱਛੇਦਾਰ ਔਖੀ ਬੋਲੀ ਵਿਚ ਤਾਂ ਸਾਹਿਤਕ ਸ਼ਾਨ ਘੁੱਟੀ ਮਾਰੀ ਜਾਂਦੀ ਹੈ। ਏਸ ਪੱਖ ਤੋਂ ਪੁਰਾਣੀਆਂ ਸਾਖੀਆਂ ਸਚਮੁਚ ਲਾਸਾਨੀ ਚੀਜ਼ਾਂ ਹਨ। ਇਸ ਤਰ੍ਹਾਂ ਵਾਰਤਕ ਖੇਤਰ ਵਿਚ ਵੀ ਪੰਜਾਬੀ ਹੋਰਾਂ ਬੋਲੀਆਂ ਨਾਲੋਂ ਬਾਜ਼ੀ ਲੈ ਗਈ ਦਿਸਦੀ ਹੈ ਕਿਉਂਕਿ 18ਵੀਂ ਸਦੀ ਤੋਂ ਪਹਿਲਾਂ ਦਾ ਵਾਰਤਕ-ਸਾਹਿਤ ਕਿਸੇ ਵੀ ਬੋਲੀ ਕੋਲ ਆਮ ਨਹੀਂ ਪਾਇਆ ਜਾਂਦਾ।

ਹਿੰਦੀ ਦੀ ਵਾਰਤਕ 19ਵੀਂ ਸਦੀ ਨਾਲ ਸ਼ੁਰੂ ਹੁੰਦੀ ਹੈ ਜਦੋਂ ਕਿ ਸਰਕਾਰੀ ਪ੍ਰੇਰਨਾ ਤੇ ਡਾ: ਗਿਲਕ੍ਰਾਇਸਟ ਦੀ ਅਗਵਾਈ ਹੇਠ, ਫੋਰਟ ਵਿਲੀਅਮ ਕਾਲਜ ਕਲਕਤੇ (1801 ਈ.) ਵਿਚ ਲਲੂ ਜੀ ਲਾਲ ਨੇ 'ਪ੍ਰੇਮ ਸਾਗਰ' ਤੇ ਸਦਲ ਮਿਸਰ ਨੇ 'ਨਾਸਕੇਤੋਪਖਯਾਨ' ਆਦਿ ਪੁਸਤਕਾਂ ਲਿਖੀਆਂ ਲਿਖਾਈਆਂ । ਵੀਹਵੀਂ ਸਦੀ ਵਿਚ ਪੰਜਾਬੀ ਹੋਰ ਬੋਲੀਆਂ ਵਾਂਙ ਪੂਰੀ ਤਰ੍ਹਾਂ ਪੱਛਮੀ ਪ੍ਰਭਾਵ ਹੇਠ ਆ ਕੇ ਵਾਰਤਕ ਖੇਤਰ ਵਿਚ ਆਪਣਾ ਪਿਛਲਾ ਘਾਟਾ ਪੂਰਾ ਕਰਦੀ ਤੇ ਕਵਿਤਾ ਖੇਤਰ ਵਿਚ ਨਵੀਂ ਸ਼ੈਲੀ ਤੇ ਨਵੇਂ ਰੂਪ ਅਪਣਾਉਂਦੀ ਛਾਲਾਂ ਮਾਰਦੀ ਅਗੇ ਵਧਦੀ ਦਿਸਦੀ ਹੈ ।

ਭਾਈ ਵੀਰ ਸਿੰਘ, ਲਾ: ਧਨੀ ਰਾਮ ਚਾਤ੍ਰਿਕ, ਪ੍ਰੋ: ਮੋਹਨ ਸਿੰਘ ਤੇ ਅੰਮ੍ਰਿਤਾ ਪ੍ਰੀਤਮ ਆਦਿ ਕਵੀਆਂ ਦੇ ਸਦਕੇ ਪੰਜਾਬੀ ਇਤਨੀ ਕੋਮਲ, ਸੁਖਮ ਤੇ ਸੁਨੱਖੀ ਹੋ ਗਈ ਹੈ ਕਿ ਉਹ ਹਰ ਤਰ੍ਹਾਂ ਦੇ ਡੂੰਘੇ ਤੋਂ ਡੂੰਘੇ ਕਾਵਿ-ਜਜ਼ਬੇ ਨੂੰ ਪ੍ਰਗਟ ਕਰਨ ਦੇ ਲਾਇਕ ਹੈ । ਇਸੇ ਤਰ੍ਹਾਂ ਵਾਰਤਕ ਖੇਤਰ ਵਿਚ ਵੀ ਭਾਈ ਵੀਰ ਸਿੰਘ ਨੇ ਪੰਜਾਬੀ ਨੂੰ ਭਰਪੂਰ ਬਣਾਇਆ ਅਤੇ ਪ੍ਰੋ: ਤੇਜਾ ਸਿੰਘ ਆਦਿ ਨੇ ਇਸ ਦਾ ਸਚਾ ਸੁੱਚਾ ਟਕਸਾਲੀ ਰੂਪ ਢਾਲਿਆ । ਗੁਰਬਖਸ਼ ਸਿੰਘ ਦੀ ਜਾਦੂਗਰ ਕਲਮ ਨੇ ਤਾਂ ਪੰਜਾਬੀ ਨੂੰ ਨਵਾਂ ਹੁਸਨ ਦੇ ਕੇ ਜੋਤ-ਮਈ ਮਲਕਾ ਬਣਾ ਦਿਤਾ, ਜੋ ਕਿ ਸਚਮੁਚ ਇਕ ਅਨੂਠਾ ਕ੍ਰਿਸ਼ਮਾ ਹੈ ।

ਨਾਨਕ ਸਿੰਘ, ਜਸਵੰਤ ਸਿੰਘ ਕੰਵਲ ਵਰਗੇ ਨਾਵਲਕਾਰਾਂ, ਕਰਤਾਰ ਸਿੰਘ ਦੁਗਲ, ਵਿਰਕ ਸੁਜਾਨ ਸਿੰਘ ਵਰਗੇ ਕਹਾਣੀਕਾਰਾਂ, ਆਈ. ਸੀ. ਨੰਦਾ, ਬਲਵੰਤ ਗਾਰਗੀ ਤੇ ਪ੍ਰੋ: ਹਰਚਰਨ ਸਿੰਘ ਵਰਗੇ ਨਾਟਕਕਾਰਾਂ ਅਤੇ ਪ੍ਰੋ: ਤੇਜਾ ਸਿੰਘ, ਡਾ: ਮੋਹਨ ਸਿੰਘ, ਪ੍ਰੋ: ਸੰਤ ਸਿੰਘ ਸੇਖੋਂ ਪ੍ਰੋ: ਤਾਲਿਬ, ਡਾ: ਅਹੂਜਾ ਤੇ ਡਾ: ਦਰਦੀ ਵਰਗੇ ਪੜਚੋਲਕਾਰਾਂ ਦੇ ਹੁੰਦਿਆਂ ਪੰਜਾਬੀ ਕਿਸੇ ਗੱਲੋਂ ਊਣੀ ਨਹੀਂ, ਉਹ ਹਰ ਪਾਸਿਓਂ ਦਿਨ ਦਿਨ ਭਰਪੂਰ ਹੋ ਰਹੀ ਹੈ ।

ਹੁਣ ਇਹ ਕਹਿਣ ਨੂੰ ਥਾਂ ਨਹੀਂ ਰਹੀ ਕਿ ਪੰਜਾਬੀ ਇਕ ਅਣਘੜ, ਅਣਮਾਂਜੀ ਤੇ ਗਰੀਬ ਬੋਲੀ ਹੈ ਸਗੋਂ ਇਹ ਤਾਂ ਭਾਰਤ ਦੀਆਂ ਹੋਰ ਕਈ ਬੋਲੀਆਂ ਨਾਲੋਂ ਟਾਕਰਾ ਕੀਤਿਆਂ ਉਤਮ ਤੇ ਅਮੀਰ ਸਾਬਤ ਹੁੰਦੀ ਹੈ । ਜਦੋਂ ਅਸੀਂ ਇਹ ਅਨੁਭਵ ਕਰਦੇ ਹਾਂ ਕਿ ਪੰਜਾਬੀ ਬੋਲੀ ਨੇ ਬਗੈਰ ਕਿਸੇ ਸਰਕਾਰੀ ਸਹਾਇਤਾ ਦੇ ਹੀ (11ਵੀਂ ਸਦੀ ਤੋਂ ਲੈ ਕੇ 20ਵੀਂ ਸਦੀ ਤਕ) ਇਹ ਵਿਕਾਸ ਚੀਆਂ ਮੰਜ਼ਲਾਂ ਮੁਕਾਈਆਂ ਹਨ ਤਾਂ ਇਹ ਵਿਸਤਾਰਮਈ ਅਨੋਖਾ ਵਿਕਾਸ ਦੇਖ ਕੇ ਪੰਜਾਬੀ ਦੇ ਗੌਰਵ ਬਾਰੇ ਕੋਈ ਸੰਦੇਹ ਨਹੀਂ ਰਹਿ ਜਾਂਦਾ ।

———

ਪੰਜਾਬੀ ਦਾ ਨਾਮ—ਸੰਸਕਾਰ

ਪੰਜਾਬ ਦੇਸ਼ ਦੀ ਬੋਲੀ ਦਾ ਨਾਂ ਪੰਜਾਬੀ, ਇਹ ਤਾਂ ਸਭ ਹੀ ਜਾਣਦੇ ਹਨ । ਪਰ ਇਹ ਨਾਮ-ਸੰਸਕਾਰ ਕਦੋਂ ਹੋਇਆ ? ਇਸ ਗੱਲ ਦਾ ਖੁਰਾ-ਖੋਜ ਲੱਭਣ ਲਈ ਇਹ ਪਤਾ ਕਰਨਾ ਜ਼ਰੂਰੀ ਹੈ ਕਿ ਇਸ ਪੰਜਾਂ ਦਰਿਆਵਾਂ ਦੇ ਦੇਸ਼ ਦਾ ਨਾਂ ਪੰਜਾਬ ਕਦੋਂ ਪਿਆ ? ਇਸ ਦੇ ਪੁਰਾਣੇ ਨਾਂ ਕੀ ਸਨ ?

ਇਸ ਗੱਲ ਦੀ ਫੋਲਾ ਫਾਲੀ ਲਈ ਸਾਨੂੰ ਇਕ ਵਾਰ ਫਿਰ ਹਿੰਦੂ-ਕਾਲ ਵਲ ਚੱਕ੍ਰ ਕੱਟਣਾ ਪਵੇਗਾ । ਲਗਦੇ ਹੱਥ ਇਹ ਕੰਮ ਵੀ ਕਰ ਲੈਣਾ ਭਲਾ ਹੈ । ਕਿਉਂਕਿ ਇਸ ਤੋਂ ਹੋਰ ਵੀ ਕਈ ਗੱਲਾਂ ਰੌਸ਼ਨੀ ਵਿਚ ਆ ਜਾਣ ਦੀ ਆਸ ਹੈ ।

ਪੰਜਾਬ ਦੇ ਪੁਰਾਣੇ ਨਾਂ

1. **ਸਪਤ-ਸਿੰਧੂ**—ਇਹ ਗੱਲ ਚਿਟੇ ਦਿਨ ਵਾਂਙ ਸਾਬਤ ਹੈ ਤੇ ਪਿਛੇ ਵੀ ਕਹੀ ਜਾ ਚੁਕੀ ਹੈ ਕਿ ਹਿੰਦ ਦੀ ਧਰਤੀ ਵਿਚ ਆਰੀਆਂ ਦਾ ਪਹਿਲਾ ਡੇਰਾ ਪੰਜਾਬ ਵਾਲੀ ਥਾਂ ਹੀ ਸੀ । ਇਥੋਂ ਹੀ ਉਹ ਗੰਗਾ ਤੇ ਬ੍ਰਹਮਪੁਤਰ ਦੀ ਵਾਦੀ ਵਲ ਫੈਲੇ । ਇਸ ਦੇਸ਼ ਦਾ ਨਾਂ ਉਨ੍ਹਾਂ ਸਿੰਧੂ, ਵਿਤਸਤਾ (ਜੇਹਲਮ), ਚੰਦ੍ਰਭਾਗਾ (ਝਨਾਂ), ਇਰਾਵਤੀ (ਰਾਵੀ), ਸ਼ਤਦਰੂ (ਸਤਲੁਜ) ਤੇ ਸਰਸ੍ਵਤੀ (ਅੰਬਾਲੇ ਲਾਗੇ ਦੀ ਘੱਗਰ ਨਦੀ) —ਇਨ੍ਹਾਂ ਸੱਤਾਂ ਦਰਿਆਵਾਂ ਕਰਕੇ 'ਸਪਤ ਸਿੰਧੂ' ਨਾਮ ਰਖਿਆ । ਰਿਗਵੇਦ ਵਿਚ ਇਨ੍ਹਾਂ ਦਰਿਆਵਾਂ ਦਾ ਬਾਰ ਬਾਰ ਜ਼ਿਕਰ ਹੈ ਅਤੇ ਸਿੰਧੂ ਤੇ ਸਰਸ੍ਵਤੀ ਵਿਚਾਲੇ ਦੇ ਦੇਸ਼ ਨੂੰ 'ਜੀਵਨ ਦਾ ਸੋਮਾ' ਆਖਿਆ ਗਿਆ ਹੈ । 'ਸਪਤ ਸਿੰਧੂ' ਨਾਂ ਰਿਗਵੇਦ ਤੋਂ ਇਲਾਵਾ ਪਾਰਸੀਆਂ ਦੀ ਪੁਰਾਣੀ ਧਰਮ-ਪੋਥੀ 'ਜ਼ੰਦਾਵਸਤਾ' ਵਿਚ ਵੀ 'ਹਫਤ ਹਿੰਦ' ਕਰਕੇ ਪੰਜਾਬ ਲਈ ਵਰਤਿਆ ਮਿਲਦਾ ਹੈ, ਜੋ ਬਾਦ ਵਿਚ 'ਹਿੰਦ' ਕਰਕੇ ਸਾਰੇ ਦੇਸ਼ ਦਾ ਨਾਂ ਪਿਆ । ਜਿਵੇਂ ਜ਼ੰਦਾਵਸਤਾ ਤੇ ਰਿਗਵੇਦ ਦੀ ਬੋਲੀ ਵਿਚ ਬਹੁਤ ਸਮਾਨਤਾ ਹੈ ਤਿਵੇਂ ਇਸ ਸਮਾਨਤਾ ਦੇ ਚਿੰਨ੍ਹ ਵੈਦਿਕ ਸੰਸਕ੍ਰਿਤ ਤੇ ਪੁਰਾਣੀ ਈਰਾਨੀ ਦੇ ਵਿਚਕਾਰ ਦੀਆਂ ਜ਼ਬਾਨਾਂ— ਪਸ਼ਤੋ ਤੇ ਬਲੋਚੀ ਵਿਚ ਵੀ ਮਿਲਦੇ ਹਨ । ਕਾਰਣ ਇਹੋ ਹੈ ਕਿ ਈਰਾਨ, ਅਫਗਾਨਿਸਤਾਨ ਤੇ ਪੰਜਾਬ ਆਰੀਆਂ ਦੀਆਂ ਨੌ-ਆਬਾਦੀਆਂ ਸਨ, ਜੋ ਕਿ ਇਕੋ ਸਮੇਂ ਵਸੀਆਂ । ਈਰਾਨ ਦਾ ਅਸਲ ਨਾਂ ਆਰਯਾਯਨ (ਆਰੀਆਂ ਦਾ ਘਰ) ਸੀ ਤੇ ਗੰਧਾਰ (ਕੰਧਾਰ) ਤੋਂ ਲੈ ਕੇ ਪੰਜਾਬ ਤਕ ਦੇ ਸਮੁਚੇ ਦੇਸ਼ ਨੂੰ 'ਆਰਯਾਵਰਤ' ਕਿਹਾ ਜਾਂਦਾ ਸੀ, ਬਾਦ ਵਿਚ ਇਸ ਦੀਆਂ ਹੱਦਾਂ ਵਧਦੀਆਂ ਘਟਦੀਆਂ ਵੀ ਗਈਆਂ । ਅਫਗਾਨਿਸਤਾਨ ਵਾਲੇ ਹੁਣ ਤਕ ਆਪਣੇ ਦੇਸ਼ ਦਾ ਪੁਰਾਣਾ ਨਾਂ 'ਆਰੀਆਨਾ' ਦਸਦੇ ਹਨ ਤੇ ਇਸ ਨਾਂ ਤੇ ਉਥੋਂ ਇਕ ਸਰਕਾਰੀ ਪੱਤਰ ਵੀ ਨਿਕਲਦਾ ਹੈ ।

Sri Satguru Jagjit Singh Ji eLibrary NamdhariElibrary@gmail.com

ਵੇਦ ਵਿਚ 'ਸਪਤ ਸਿੰਧੂ' ਦੀ ਔਲਾਦ ਨੂੰ 'ਭਾਰਤ' ਕਿਹਾ ਗਿਆ ਹੈ, ਜੋ ਕਿ ਪਿਛੋਂ ਜਾ ਕੇ ਸਾਰੇ ਦੇਸ਼ ਦਾ ਨਾਂ ਪਿਆ।

2. **ਵਾਹੀਕ ਦੇਸ਼**—ਬਹੁਤ ਸਾਰੇ ਆਰੀਏ ਗੰਗ-ਦੁਆਬ ਵਲ ਨਿਕਲ ਗਏ ਤੇ ਇਨ੍ਹਾਂ ਆਪਣੇ ਆਗੂ ਬ੍ਰਹਿਮਾ ਕਰਕੇ, ਜਾਂ ਬ੍ਰਾਹਮਣਾਂ ਦੀ ਜ਼ਿਆਦਾ ਗਿਣਤੀ ਕਰਕੇ ਸਰਸੁਤੀ ਪਾਰ ਦੇ ਇਲਾਕੇ ਦਾ 'ਬ੍ਰਹਿਮਾਵਰਤ' ਯਾ 'ਬ੍ਰਹਿਮ ਰਿਸ਼ੀ-ਦੇਸ਼' ਨਾਂ ਪਾਇਆ। ਇਸ ਦਾ ਘੇਰਾ ਪਹਿਲਾਂ ਤਾਂ ਸਰਸੁਤੀ ਤੋਂ ਦ੍ਰਿਸ਼ਵਤੀ ਤਕ ਥੋੜ੍ਹਾ ਹੀ ਸੀ ਫਿਰ ਪ੍ਰਯਾਗ ਤਕ ਵਧਿਆ। ਮਨੂ ਸਿੰਮ੍ਰਤੀ ਵਿਚ ਇਸੇ ਨੂੰ 'ਮੱਧਦੇਸ਼' ਆਖਿਆ ਗਿਆ ਹੈ। ਜ਼ਿਮੀਨੀ ਕਬਜ਼ੇ ਯਾ ਹੋਰ ਮਾਮਲਿਆਂ ਬਾਰੇ ਕਬੀਲਿਆਂ ਵਿਚ ਪਰਸਪਰ ਮਤ-ਭੇਦ ਹੋਣਾ ਕੁਦਰਤੀ ਗੱਲ ਸੀ ਪਰ 'ਬ੍ਰਹਿਮਾਵਰਤ' ਵਾਲਿਆਂ 'ਸਪਤ ਸਿੰਧੂ' ਦੇ ਲੋਕਾਂ ਨੂੰ ਛੁਟਿਆਉਣਾ ਸ਼ੁਰੂ ਕਰ ਦਿੱਤਾ - ਤੇ ਉਹ ਉਸ ਦੇਸ਼ ਨੂੰ ਜਿਥੇ ਕਿ ਹਿੰਦੀ ਆਰੀਆਂ ਦੇ ਸਾਰੇ ਬਜ਼ੁਰਗ ਜੰਮੇ ਪਲੇ ਸਨ, ਬੁਰਾ ਭਲਾ ਆਖਣ ਲੱਗੇ।

ਪੰਜਾਬ ਵਾਸੀ ਮੁਢ ਤੋਂ ਹੀ ਖੇਤੀ ਬਾੜੀ ਦੇ ਸ਼ੌਕੀਨ, ਸੁਭਾ ਦੇ ਖੁਲ੍ਹੇ ਤੇ ਹਲਵਾਹ ਲੋਕ ਸਨ। ਆਰੀਆ ਸ਼ਬਦ ਦਾ ਲਫਜ਼ੀ ਮਾਅਨਾ ਹੀ 'ਹਲ ਵਾਹੁਣ ਵਾਲਾ' ਦਸਿਆ ਜਾਂਦਾ ਹੈ। ਚੁਨਾਂਚਿ ਮਹਾਂ ਭਾਰਤ ਦੇ ਕਰਣ ਪਰਬ ਦੇ ਚਾਲੀਵੇਂ ਅਧਿਆਇ ਵਿਚ ਲਿਖਿਆ ਹੈ ਕਿ ਸਤਲੁਜ, ਬਿਆਸ, ਰਾਵੀ, ਝਨਾਂ, ਜੇਹਲਮ ਤੇ ਸਿੰਧ ਦੇ ਇਲਾਕੇ ਦਾ ਨਾਂ 'ਵਾਹੀਕ ਦੇਸ਼' ਹੈ। ਇਥੇ ਦੇ ਲੋਕ ਲਾਮਜ਼ਬ ਤੇ ਅਧਰਮੀ ਹਨ.....ਚੰਗਾ ਕਰੇ ਆਰੀਆ ਆਦਮੀ ਇਥੇ ਦੋ ਦਿਨ ਵੀ ਨਾ ਕੱਟੇ।' ਇਸੇ ਪਰਬ ਵਿਚ ਇਕ ਥਾਂ ਹੋਰ ਕਿਹਾ ਹੈ—

'ਖਤਰੀਆਂ ਲਈ ਮੰਗਣਾ ਗੰਦ ਹੈ, ਬ੍ਰਾਹਮਣ ਲਈ ਬ੍ਰਤਹੀਣ ਹੋਣਾ; ਧਰਤੀ ਦਾ ਗੰਦ ਵਾਹੀਕ ਦੇਸ਼ ਹੈ ਤੇ ਇਸਤਰੀ ਜਾਤੀ ਦਾ ਗੰਦ ਮਦਰਦੇਸ ਦੀਆਂ ਨਾਰੀਆਂ ਹਨ।' 'ਯੱਗਹੀਣੇ ਧਰਮ-ਹੀਣੇ ਵਾਹੀਕਾਂ ਦਾ ਦਾਨ ਦੇਵਤੇ, ਬ੍ਰਾਹਮਣ ਤੇ ਪਿਤਰ ਪਰਵਾਣ ਨਹੀਂ ਕਰਦੇ। ਇਹੋ ਆਰੱਟ ਦੇਸ਼ ਹੈ, ਇਹੋ ਵਾਹੀਕ। ਇਥੇ ਦੇ ਬਾਮ੍ਹਣ ਵੀ ਭੈੜੇ ਆਚਰਣ ਦੇ ਹਨ।' 'ਸ਼ਾਕਲ' ਨਾਮੀ ਸ਼ਹਿਰ ਤੇ ਅਪਗਾ (ਝਨਾਂ) ਦਰਿਆ ਦੇ ਜੋ ਵਾਹੀਕ ਹਨ, ਉਹ ਬਹੁਤ ਹੀ ਭੈੜੇ ਹਨ। ਇਨਾਂ ਦੀਆਂ ਤੀਵੀਆਂ ਖੁਸ਼ਬੋਆਂ ਮਲ ਕੇ ਨੰਗੀਆਂ ਹਸਦੀਆਂ ਖੇਡਦੀਆਂ, ਨਚਦੀਆਂ ਅਤੇ ਗੰਦੇ ਗੀਤ ਗਾਉਂਦੀਆਂ ਹਨ। (44, 12)।

ਵਾਹੀਕ ਦਾ ਅਰਥ ਬਾਹਰਲਾ, ਬੇਗਾਨਾ (out sider) ਵੀ ਹੈ।* ਸ਼ਾਇਦ 'ਬ੍ਰਹਿਮਾ ਵਰਤ' ਦੀਆਂ ਪਵਿਤ੍ਰ ਹੱਦਾਂ ਤੋਂ ਬਾਹਰ ਹੋਣ ਕਰਕੇ ਇਹ ਨਾਂ ਪਾਇਆ ਗਿਆ ਹੋਵੇ।

3 **ਮਦ੍ਰ ਦੇਸ਼**—ਪੁਰਾਣਾਂ ਅਨੁਸਾਰ ਬਿਆਸ ਤੋਂ ਲੈ ਕੇ ਜੇਹਲਮ ਤਕ ਦਾ ਇਲਾਕਾ ਮਦ੍ਰ ਦੇਸ਼ ਕਹਾਉਂਦਾ ਸੀ।‡ ਕਹਿੰਦੇ ਹਨ ਪ੍ਰਸਿਧ ਚੰਦ੍ਰਬੰਸੀ ਰਾਜਾ ਯਯਾਤੀ ਦੀ ਨੌਵੀਂ

---

*ਏ ਸੰਸਕ੍ਰਿਤ ਇੰਗਲਿਸ਼ ਡਿਕਸ਼ਨਰੀ (ਵਾਮਨ ਸ਼ਿਵ ਰਾਮ ਐਪਟੇ), ਪੰਨਾ 700।

‡Madra—name of a country and people to the north west of Hindustan. Its capital was Salaka and the territory extended from the Bias to the Chanab or according to others as far as the Jehlem.

'Classical Dictionary (Johan Downson) P. 183

ਹਿੰਦੀ ਸ਼ਬਦ ਸਾਗਰ, ਪੰਨਾ 2638। ਆਦਰਸ਼ ਹਿੰਦੀ ਕੋਸ਼—856।

ਪੀੜ੍ਹੀ ਵਿਚ ਸ਼ਿਵਿ ਨਾਮੀ ਰਾਜਾ ਹੋਇਆ । ਇਸ ਦੇ ਬ੍ਰਿਸਾਦਰਭ, ਸੁਬੀਰ, ਮਦ੍ਰ ਤੇ ਕੈਕਯ ਚਾਰ ਪੁਤਰ ਸਨ । ਪਹਿਲਾ, ਪਿਉ ਦੀ ਗੱਦੀ ਤੇ ਬੈਠਾ, ਬਾਕੀ ਤਿੰਨਾਂ ਨੇ ਜੋ ਅੱਡ ਅੱਡ ਇਲਾਕੇ ਸਾਂਭੇ ਉਨ੍ਹਾਂ ਦੇ ਨਾਂ—ਸੌਬੀਰ, ਮਦ੍ਰ ਤੇ ਕੈਕਯ ਕਹਾਏ । ਇਹ ਪੰਜਾਬ ਦੇ ਹੀ ਇਲਾਕੇ ਸਨ ।§

ਪਾਂਡੂ ਦੇ ਘਰ ਵਾਲੀ ਮਾਦਰੀ, ਮਦ੍ਰ (ਪੰਜਾਬ) ਦੇ ਰਾਜੇ ਸ਼ੱਲਯ ਦੀ ਭੈਣ ਹੀ ਸੀ, ਜਿਸ ਦੀ ਰਾਜਧਾਨੀ ਸ਼ਲਯ ਕੋਟ (ਸਿਆਲਕੋਟ) ਸੀ । ਮਹਾਂ ਭਾਰਤ ਵਿਚ ਇਸ ਦਾ ਨਾਂ 'ਮਦ੍ਰਰਾਜ-ਜ਼ਤਾ'—(ਮਦ੍ਰ ਦੇ ਰਾਜੇ ਦੀ ਬੇਟੀ) ਵੀ ਆਇਆ ਹੈ । ਦੂਜੇ ਸ਼ਬਦਾਂ ਵਿਚ ਇਸ ਦਾ ਮਤਲਬ ਇਹ ਹੋਇਆ **ਪਾਂਡੋ—ਯੁਧਿਸਟਰ,** ਭੀਮ, ਅਰਜੁਨ ਵਗੈਰਾ-ਪੰਜਾਬੀਆਂ ਦੇ ਭਾਣਜੇ ਸਨ ।

ਦਰਅਸਲ **ਮਦਰੁ ਤੇ ਪਰਸ਼ੁ** ਆਰੀਆਂ ਦੇ ਦੋ ਵਡੇ ਗੋਤ ਸਨ, ਪਰਸ਼ੁ ਗੋਤ ਵਾਲੇ ਪਾਰਸ (ਫਾਰਸ) ਵਿਚ **ਫੈਲੇ** ਤੇ **ਮਦਰੁ** ਗੋਤ ਜ਼ਿਆਦਾ 'ਸਪਤ ਸਿੰਧੂ' ਵਿਚ ਵਧਿਆ ਫੁਲਿਆ । ਪਾਣਿਨੀਯ ਦੇ 'ਅਸ਼ਟਾਧਿਆਈ' ਵਿਚ 2/3/73, 4/2/108, 4/2/131, ਤੇ 7/3/13 ਆਦਿ ਸੂਤਰਾਂ ਵਿਚ ਕਈ ਥਾਈਂ 'ਮਦ੍ਰ' ਸ਼ਬਦ ਵਰਤਿਆ ਮਿਲਦਾ ਹੈ । ਮਹਾਂ ਭਾਰਤ ਵਿਚ ਤਾਂ ਇਹ ਨਾਂ ਆਮ ਹੈ ।

ਗਾਂਧਾਰਾ ਯਵਨਾਸ਼ਚੈਵ, ਸਿੰਧੂ ਸੌਬੀਰ ਮਦ੍ਰਕਾ । [ਮਹਾਂ ਭਾਰਤ]

'ਮਹਾਂ ਭਾਰਤ ਵਿਚ ਇਕ ਥਾਂ ਇਹ ਵੀ ਕਿਹਾ ਗਿਆ ਹੈ ਕਿ ਜੇ ਇਕ ਪਾਸੇ ਖ਼ੂਨੀ ਸੇਰ ਤੇ ਹਾਥੀ ਚਿੰਘਾੜਦੇ ਹੋਣ ਤੇ ਦੂਜੇ ਪਾਸੇ ਮਦ੍ਰ ਦੇਸ ਦੀ ਹੱਦ ਹੋਵੇ ਤਾਂ ਆਰੀਆ, ਖ਼ੂਨੀ ਜਾਨਵਰਾਂ ਵਲ ਬੇਸ਼ਕ ਭੁਰ ਪਵੇ ਪਰ ਮਦ੍ਰ ਦੇਸ਼ ਦੇ ਇਲਾਕੇ ਵਲ ਪੈਰ ਨਾ ਪਾਵੇ ।'

ਹਿੰਦੀ ਰਚਨਾਵਾਂ ਵਿਚ ਵੀ ਇਹ ਨਾਂ ਮਿਲਦਾ ਹੈ, ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤ ਨਾਟਕ ਵਿਚ ਕਿਹਾ ਹੈ :—

'ਮਦ੍ਰ ਦੇਸ਼ ਹਮ ਕਉ ਲੇ ਆਏ
ਭਾਂਤ ਭਾਂਤ ਦਾਈਅਨ ਦੁਲਰਾਏ ।'

4. **ਟੱਕ ਦੇਸ਼**—600 ਈ: ਪੂਰਬ ਤੋਂ ਸਿਥੀਅਨ, ਹੂਣ ਤੇ ਆਭੀਰ ਜਾਤੀ ਦੇ ਲੋਕ ਆਰੀਆਂ ਵਾਂਗ ਬਾਹਰੋਂ ਆ ਕੇ 'ਸਪਤ ਸਿੰਧੂ' ਵਿਚ ਵਸਣੇ ਸ਼ੁਰੂ ਹੋਏ ਤੇ ਹੌਲੀ ਹੌਲੀ ਹਿੰਦ ਦੇ ਹੋਰ ਹਿਸਿਆਂ ਵਿਚ ਫੈਲੇ । ਸਿਥੀਅਨਾਂ ਵਿਚੋਂ ਹੀ ਇਕ ਟੱਕ ਜਾਤੀ ਸੀ, ਜਿਸ ਨੇ 'ਸਪਤ ਸਿੰਧੂ' ਵਿਚ ਆਪਣਾ ਚੰਗਾ ਰਾਜ ਪ੍ਰਤਾਪ ਕਾਇਮ ਕੀਤਾ । ਇਨ੍ਹਾਂ ਦੇ ਜ਼ੋਰ ਦੇ ਜ਼ਮਾਨੇ ਬਿਆਸ ਤੋਂ ਝਨਾਂ ਤਕ ਦੇ ਇਲਾਕੇ ਦਾ ਨਾਂ 'ਟੱਕ ਦੇਸ਼' ਪਿਆ । ਹੋ ਸਕਦਾ ਹੈ ਇਸ ਵਿਚ ਕੁਛ ਭੂਗੋਲਕ ਸੀਮਾਂ ਦੀ ਵਾਧ ਘਾਟ ਵੀ ਹੋਵੇ । ਪੁਰਾਣੇ ਕੋਸ਼ਕਾਰ ਅਮਰ ਸਿੰਹ ਤੇ ਸ੍ਰੀ ਹੇਮ ਚੰਦ੍ਰ ਆਦਿ ਟੱਕ ਦਾ ਅਰਥ 'ਵਾਹੀਕ ਦੇਸ਼ ਦਾ ਵਾਸੀ' ਕਰਦੇ ਹਨ ਕਿਉਂਕਿ ਟੱਕ ਲੋਕਾਂ ਦਾ ਇਥੇ ਹੀ ਬਾਹਲਾ ਵਸੇਬਾ ਸੀ । 'ਟੱਕ' ਨਾਂ, ਰਾਜ ਤਰੰਗਣੀ ਵਿਚ ਵੀ 'ਵਾਹੀਕ ਦੇਸ਼' ਲਈ ਵਰਤਿਆ ਗਿਆ ਹੈ ।‡

'ਬ੍ਰਿਹਤ ਕੋਸ਼' ਵਿਚ ਇਕ ਥਾ ਲਿਖਿਆ ਹੈ ਕਿ 'ਕੁਟਿਕਾ' ਪਦ (ਲੜਕੀ ਦੇ ਅਰਥਾਂ

---

§ਵਿਸ਼ਵ ਬਾਣੀ, ਇਲਾਹਾਬਾਦ ਜੁਲਾਈ 1949

‡ਏ ਸੰਸਕ੍ਰਿਤ ਇੰਗਲਿਸ਼ ਡਿਕਸ਼ਨਰੀ (ਮੋਨੀਅਰ ਵਿਲੀਅਮਜ਼)—ਪੰਨਾ 429 ।
ਪਾਇਓ ਸਦ ਮਹਾਰਣਵੋ—ਪੰਨਾ 459

ਵਿਚ) ਟੱਕ ਦੇਸ਼ ਵਾਲੇ ਬੋਲਦੇ ਹਨ, ਸ਼ਾਇਦ ਇਸੇ ਦਾ ਘਸ ਕੇ ਨਿਕਾ ਹੋਇਆ ਰੂਪ 'ਕੁੜੀ' ਹੈ। ਇਨ੍ਹਾਂ ਪ੍ਰਮਾਣਾਂ ਤੋਂ ਸਿਧ ਹੈ ਕਿ ਸਾਰੇ 'ਸਪਤ ਸਿੰਧੂ' ਦਾ ਤਾਂ ਨਹੀਂ, ਤਕੜੇ ਹਿਸੇ ਦਾ ਨਾਮ ਟੱਕ ਦੇਸ਼ ਰਿਹਾ। ਚੀਨੀ ਯਾਤਰੀ ਹਿਊਨਸਾਂਗ (641 ਈ:) ਗੰਧਾਰ ਦੇਸ਼ (ਕੰਧਾਰ) ਤੋਂ ਬਾਦ ਟੱਕ ਦੇਸ਼ ਦਾ ਜ਼ਿਕਰ ਕਰਦਾ ਇਸ ਦੀ ਸਿੰਧ ਤੋਂ ਬਿਆਸ ਤਕ ਹੱਦ ਦਸਦਾ ਹੈ। ਸੁਲੇਮਾਨ (851 ਈ:) ਤੇ ਮਾਸਊਦੀ (915) ਵੀ 'ਟੱਕੀ' ਦੇ ਇਲਾਕੇ ਦਾ ਵਰਣਨ ਕਰਦੇ ਹਨ।‡

ਟਕਸ਼ਿਲਾ ਯਾ ਸੰਸਕ੍ਰਿਤ ਰੂਪ 'ਤਖਛ ਸ਼ਿਲਾ' ਨਾਮੀ ਪੁਰਾਣਾ ਸ਼ਹਿਰ ਇਨ੍ਹਾਂ ਟੱਕ ਲੋਕਾਂ ਦੀ ਹੀ ਰਾਜਧਾਨੀ ਸੀ। ਕਈ ਇਹ ਲਿਖਦੇ ਹਨ ਕਿ ਭਰਤ ਦੇ ਪੁਤਰ ਤਖਛ ਨੇ ਤਖਛ-ਸ਼ਿਲਾ (ਮੌਜੂਦਾ ਟੈਕਸਲਾ) ਵਸਾਇਆ। ਮੁਕਦੀ ਗੱਲ ਟੈਕਸਲਾ ਅਜ ਤੋਂ ਢਾਈ ਹਜ਼ਾਰ ਵਰ੍ਹੇ ਪੁਰਾਣਾ ਸ਼ਹਿਰ ਸੀ ਤੇ ਚੰਗਾ ਵਿਦਿਅਕ ਕੇਂਦਰ ਸੀ, ਪਾਣਿਨੀ ਆਦਿ ਮਹਾਂ ਪੰਡਤ ਇਥੋਂ ਦੇ ਹੀ ਵਿਦਿਆਰਥੀ ਸਨ। ਅਸ਼ਟਾਧਿਆਈ ਦੇ 4-3-93 ਸੂਤਰ ਵਿਚ ਵੀ 'ਤਖਛਸ਼ਿਲਾ' ਦਾ ਨਾਂ ਆਇਆ ਹੈ। ਇਸ ਪੁਰਾਣੇ ਵਡਿਆਈ ਵਾਲੇ ਸ਼ਹਿਰ ਦਾ ਨਾਂ ਹੀ ਇਹ ਗੱਲ ਦੱਸਣ ਲਈ ਕਾਫੀ ਹੈ ਕਿ ਟੱਕ§ ਜਾਤੀ ਦਾ ਕਿਤਨਾ ਪ੍ਰਤਾਪ ਸੀ ਤੇ ਉਨ੍ਹਾਂ ਦੀ ਵਿਆਪਕਤਾ ਨੇ ਹੀ ਸਾਰੇ ਪ੍ਰਾਂਤ ਦਾ ਨਾਂ ਟੱਕ ਪਾਇਆ। ਇਸੇ ਟੱਕ ਦੇਸ਼ ਦੀ ਬੋਲੀ ਟੱਕੀ ਤੇ ਇਥੇ ਵਰਤੀ ਜਾਣ ਵਾਲੀ ਲਿਪੀ 'ਟਾਕਰੀ' ਕਹਿਲਾਈ। ਟਾਕਰੀ ਨੂੰ ਠਾਕਰਾਂ ਦੀ ਲਿਪੀ ਆਖਣਾ ਕੁੱਲ ਹੈ।

(5) **ਪੰਜ-ਨਦ**—'ਸਪਤ ਸਿੰਧੂ' ਨਾਂ ਤੋਂ ਬਾਦ ਜਿਸ ਨਾਂ ਨੂੰ ਜ਼ਿਆਦਾ ਪ੍ਰਸਿਧੀ ਮਿਲੀ, ਉਹ 'ਪੰਜ ਨਦ' ਹੈ। ਰਾਜਨੀਤਕ ਮਾਰ ਤੇ ਕੁਦਰਤੀ ਮਾਰ ਨੇ ਸਪਤ-ਸਿੰਧੂ ਵਿਚੋਂ ਦੋ ਦਰਿਆ ਕੱਟ ਦਿੱਤੇ। ਸਿੰਧ ਕਾਬਲ ਨਾਲ ਜੁੜ ਗਿਆ ਤੇ ਸਰਸੁਤੀ ਵੈਸੇ ਮੁਕ ਸੁਕ ਗਈ, ਰੋਪੜ ਲਾਗੇ ਵਹਿੰਦੀ* ਸਰਸਾ ਨਦੀ ਦਾ ਨਾਂ ਇਸੇ ਸਰਸੁਤੀ ਦਾ ਸੰਖੇਪ ਰੂਪ ਹੈ ਤੇ ਅੰਬਾਲੇ ਲਾਗੇ ਚਲਦੀ ਘੱਗਰ ਨਦੀ ਇਸ ਦੇ ਵਹਿਣ ਦਾ ਬਾਕੀ ਨਿਸ਼ਾਨ। ਅੰਬਾਲੇ ਸ਼ਬਦ ਦਾ ਮੂਲ ਰੂਪ ਵੀ 'ਆਉਂਬਾਲਿਅੰ' ਹੈ, ਇਸ ਦਾ ਅਰਥ ਹੈ ਡੂੰਘੇ ਪਾਣੀ ਯਾ ਜਲ-ਪ੍ਰਵਾਹ ਵਾਲੀ ਥਾਂ।

(ਪਾਇਅ ਲੱਛੀ ਨਾਮ ਮਾਲਾ, ਪੰਨਾ 10)

ਸੋ ਸਰਸੁਤੀ ਤੇ ਸਿੰਧ ਨੂੰ ਛਡ ਕੇ ਪੰਜ ਦਰਿਆਵਾਂ ਦੀ ਧਰਤੀ ਦਾ ਨਾਂ 'ਪੰਜ ਨਦ' ਪਿਆ। ਸੰਸਕ੍ਰਿਤ ਵਿਚ ਪਾਣੀ ਦੇ ਛੋਟੇ ਵਹਿਣ ਨੂੰ 'ਨਦੀ' ਤੇ ਵਡੇ ਵਹਿਣ ਨੂੰ 'ਨਦ'

---

‡ਐਨੀਸ਼ਿਐਂਟ ਜੁਗਰਾਫੀ ਆਫ ਇੰਡੀਆ (ਜ. ਕਨਿੰਘਮ) ਪੰਨਾ 170-75

§ਟੱਕ ਲੋਕ ਪੰਜਾਬ ਤੋਂ ਵਧ ਕੇ ਰਾਜਸਥਾਨ ਤੇ ਗੁਜਰਾਤ ਵਲ ਵੀ ਫੈਲੇ, ਮੁਨਸ਼ੀ ਦੇਵੀ ਪ੍ਰਸਾਦ ਲਿਖਦੇ ਹਨ—'ਮਾਰਵਾੜ ਵਿਚ ਕਲਾਲਾਂ ਦੀ ਇਕ ਸ਼ਾਖ ਹੈ, ਜੋ ਆਪਣਾ ਮੁਢ ਟੱਕ ਜਾਤੀ ਦੇ ਰਾਜਪੂਤਾਂ ਵਿਚੋਂ ਦਸਦੇ ਹਨ। ਇਸੇ ਤਰ੍ਹਾਂ ਗੁਜਰਾਤ ਦੇ ਬਾਦਸ਼ਾਹ ਵੀ 'ਟੱਕ ਗੋਤੀ' ਕਲਾਲਾਂ ਵਿਚੋਂ ਸਨ, ਇਨ੍ਹਾਂ ਦੇ ਇਤਿਹਾਸ ਵਿਚ ਇਨ੍ਹਾਂ ਨੂੰ ਟੱਕ ਹੀ ਲਿਖਿਆ ਗਿਆ ਹੈ। [ਭਾਰਤ ਕੇ ਪ੍ਰਾਚੀਨ ਰਾਜਬੰਸ, ਦੀ ਭੂਮਿਕਾ, ਪੰਨਾ 13, 14।] ਸੱਯਦ ਲਤੀਫ (ਪੰਨਾ 56) ਦੇ ਲਿਖਣ ਅਨੁਸਾਰ ਜੱਟ ਵੀ ਟੱਕਾਂ ਦੀ ਹੀ ਇਕ ਸ਼ਾਖ ਹੈ। ਅਜ ਕਲ ਪੰਜਾਬ ਵਿਚ ਟਕ ਯਾ ਤਖਛਕ ਬੰਸੀ ਲੋਕ ਹਰਿਆਣਾ ਪ੍ਰਾਂਤ ਦੇ ਜਾਟ ਇਲਾਕੇ ਵਿਚ ਆਮ ਮਿਲਦੇ ਹਨ।

*ਸਰਸੁਤੀ ਸ਼ਬਦ ਦਾ ਪ੍ਰਾਕ੍ਰਿਤ ਰੂਪ 'ਸਰਸਈ' ਹੈ, ਇਸੇ ਦਾ ਨਿਕਾ ਰੂਪ ਸਰਸਾ ਜਾਪਦਾ ਹੈ। [ਪਾਇਅ ਲੱਛੀ ਨਾਮਸਾਲਾ (ਕੋਸ਼) ਪੰਨਾ 7]

ਆਖਦੇ ਹਨ, ਨਦ ਦਾ ਅਰਥ ਹੈ ਦਰਿਆ । 'ਪੰਜ ਨਦ' ਨਾਮ ਦੇਸ਼ ਲਈ ਰਾਮਾਇਣ, ਮਹਾਂ ਭਾਰਤ ਤੇ ਰਾਜਤਰੰਗਣੀ ਵਿਚ ਵਰਤਿਆ ਮਿਲਦਾ ਹੈ ।‡

ਸਤਲੁਜ, ਬਿਆਸ, ਰਾਵੀ, ਜਿਹਲਮ ਤੇ ਝਨਾਂ—ਇਹ ਪੰਜੇ ਦਰਿਆ ਮੁਲਤਾਨੋਂ ਅਗੇ ਮਿਠਣਕੋਟ ਲਾਗੇ ਇਕੱਠੇ ਹੋ ਜਾਂਦੇ ਹਨ । ਇਨ੍ਹਾਂ ਦੇ ਸੰਗਮ ਸਥਾਨ ਨੂੰ ਵੀ 'ਪੰਜ ਨਦ' ਕਿਹਾ ਜਾਂਦਾ ਹੈ ਤੇ ਜਦੋਂ ਇਹ ਪੰਜੇ ਮਿਲ ਕੇ ਤੇ ਸਿੰਧ ਦਰਿਆ ਕੁਛ ਥਾਂ ਬਰਾਬਰ ਬਰਾਬਰ ਚਲਦੇ ਹਨ ਤਾਂ ਇਹ ਪੰਜਾਂ ਦੇ ਮੇਲ ਤੋਂ ਬਣਿਆ ਵੱਡਾ ਦਰਿਆ ਵੀ 'ਪੰਜ ਨਦ' ਕਹਾਉਂਦਾ ਹੈ ਤੇ ਅੰਤ ਇਹ ਸਿੰਧ ਦਰਿਆ ਨਾਲ ਮਿਲ ਕੇ ਸਾਗਰ ਵਿਚ ਜਾ ਪੈਂਦਾ ਹੈ। ਸੋ 'ਪੰਜ ਨਦ' ਦੇ ਤਿੰਨ ਅਰਥ ਹੋਏ, 1. ਪੰਜਾਂ ਦਰਿਆਵਾਂ ਦਾ ਦੇਸ਼ । 2. ਪੰਜਾਂ ਦਰਿਆਵਾਂ ਦਾ ਸੰਗਮ ਸਥਾਨ । 3. ਪੰਜਾਂ ਦਰਿਆਵਾਂ ਤੋਂ ਮਿਲ ਕੇ ਬਣਿਆ ਵਡਾ ਦਰਿਆ ।

6. **ਪੰਜਾਬ**—‡ਪੰਜਾਬ ਸ਼ਬਦ ਇਸੇ 'ਪੰਜ ਨਦ' ਦਾ ਫਾਰਸੀ ਤਰਜਮਾ ਹੈ । ਇਹ ਨਾਂ

---

‡ਏ ਸੰਸਕ੍ਰਿਤ ਇੰਗਲਿਸ਼ ਡਿਕਸ਼ਨਰੀ, (ਮੋਨੀਅਰ ਵਿਲੀਅਮਜ਼) ਪੰਨਾ 576

†ਜਿਵੇਂ ਅਜ ਕਲ, ਪੰਜਾਬ ਦੇ ਹਿਸਿਆਂ ਦੇ—ਪੋਠੋਹਾਰ, ਬਾਰ, ਮਾਝਾ, ਦੁਆਬਾ, ਮਾਲਵਾ, ਪੁਆਧ ਆਦਿ ਨਾਂ ਹਨ. ਇਸ ਤਰ੍ਹਾਂ ਪੁਰਾਣੇ ਸਮੇਂ ਵਿਚ ਵੀ ਕਈ ਇਲਾਕਈ ਨਾਂ ਸਨ ਪਰ ਉਹ ਸਮੁਚੇ ਦੇਸ਼ ਦੇ ਬੋਧਕ ਨਹੀਂ ਸਨ । ਮਿਸਾਲ ਲਈ ਕੁਝ ਨਾਵਾਂ ਦਾ ਜ਼ਿਕਰ ਕੀਤਾ ਜਾਂਦਾ ਹੈ :—

ਯੌਧੇਯ ਸਤਲੁਜ ਤੇ ਜਮਨਾ ਵਿਚਕਾਰ ਦਾ ਇਲਾਕਾ ਜਿਥੇ ਕਿ ਕਿਸੇ ਸਮੇਂ 'ਯੌਧੇਯ' ਗਣ ਦਾ ਰਾਜ ਪ੍ਰਤਾਪ ਸੀ । 'ਯੌਧੇਯ ਗਣਸਯ ਜਯ' ਇਸ ਲਿਖਤ ਦੇ ਇਨ੍ਹਾਂ ਦੇ ਸਿੱਕੇ ਮਿਲੇ ਹਨ । [ਵਿਕ੍ਰਮ ਸਿੰਮ੍ਰਤੀ ਗ੍ਰੰਥ, ਪੰਨਾ 222]

ਸਾਰਸੁਤ – ਸਰਸੁਤੀ ਕੰਢੇ (ਅੰਬਾਲੇ ਰੋਪੜ ਲਾਗੇ) ਦਾ ਇਲਾਕਾ ।

ਕੁਰੂ—ਥਾਨੇਸਰ ਤੋਂ ਦਿਲੀ ਤਕ ਦਾ ਇਲਾਕਾ, ਕੁਰਖੇਤਰ ਇਸ ਦਾ ਬਾਕੀ ਨਿਸ਼ਾਨ ਹੈ।

ਬ੍ਰਹਿਮਾਵਰਤ—ਸਰਸੁਤੀ ਤੇ ਦ੍ਰਿਸਵਤੀ (ਘੱਗਰ) ਦੇ ਵਿਚਕਾਰਲਾ ਦੇਸ਼ ਜੋ 56 ਮੀਲ ਲੰਮਾ ਤੇ 20 ਤੋਂ 40 ਮੀਲ ਤਕ ਚੌੜਾ ਸੀ (ਮਹਾਨ ਕੋਸ਼, ਪੰਨਾ 2286) ਬਾਦ ਵਿਚ ਇਹ ਨਾਂ ਪ੍ਰਯਾਗ ਤਕ ਦੇ ਦੇਸ਼ ਦਾ ਵੀ ਰਿਹਾ ।

ਜਾਂਗਲ – ਮਨੂ ਸਿੰਮ੍ਰਤੀ ਵਿਚ ਕੁਰੂ ਨਾਲ ਜਾਂਗਲ ਦੇਸ਼ ਦਾ ਵੀ ਵਰਣਨ ਹੈ ਤੇ ਇਸ ਨੂੰ ਖੁਸ਼ਕ ਇਲਾਕਾ ਦਸਿਆ ਹੈ । ਇਹ ਮਾਲਵੇ ਦਾ ਇਲਾਕਾ ਹੈ, ਅਜ ਕਲ ਵੀ ਇਸ ਨੂੰ 'ਜੰਗਲ' ਕਿਹਾ ਜਾਂਦਾ ਹੈ ।

ਮਾਲਵ—ਅਜ ਕਲ ਦਾ ਮਾਲਵਾ, ਕਿਸੇ ਜ਼ਮਾਨੇ ਮਾਲਵ ਜਾਤੀ ਦਾ ਪੰਜਾਬ ਵਿਚ ਬੜਾ ਜ਼ੋਰ ਸੀ । ਯੂਨਾਨੀ ਇਤਿਹਾਸਕਾਰਾਂ ਕਰੀਟੀਅਸ ਤੇ ਏਰੀਅਨ ਆਦਿ ਨੇ ਇਨ੍ਹਾਂ ਦੇ ਆਜ਼ਾਦੀ ਪਸੰਦ ਤੇ ਜੁਧ-ਪ੍ਰੇਮੀ ਹੋਣ ਦੀ ਸਾਖ ਭਰੀ ਹੈ । ਇਸੇ ਜਾਤੀ ਦੇ ਬਜ਼ੁਰਗਾਂ ਦੀ ਆਦਿ—ਥਾਂ ਪੰਜਾਬ ਦਾ ਮਾਲਵਾ ਹੈ (ਵਿਸਥਾਰ ਲਈ ਦੇਖੋ ਪੰਨਾ 96)

ਭਾਟੀ ਦੇਸ਼—ਮਾਲਵੇ ਨੂੰ ਭਾਟੀ ਦੇਸ਼ ਵੀ ਕਿਹਾ ਗਿਆ ਹੈ । ਭਾਟੀ ਰਾਜਪੂਤ ਚੰਦ ਬੰਸ਼ੀ ਯਾਦਵਾਂ ਦੀ ਔਲਾਦ ਕਹੇ ਜਾਂਦੇ ਹਨ । ਭਟਿੰਡਾ ਇਨ੍ਹਾਂ ਦੀ ਤਾਕਤ ਦਾ ਯਾਦਗਾਰੀ ਨਿਸ਼ਾਨ ਹੈ ਤੇ ਭੱਟੀਆਂ ਦੇ ਕਈ ਪਿੰਡ ਵੀ ਮਿਲਦੇ ਨੇ । 'ਇਨ੍ਹਾਂ ਕਾਫੀ ਸਮਾਂ ਬਲਖ ਬੁਖਾਰੇ

ਕਦੋਂ ਮੁੜਿਆ ? ਇਸ ਗੱਲ ਦਾ ਸੰਬੰਧ ਮੁਸਲਮ ਤਾਰੀਖ਼ ਨਾਲ ਹੈ । ਮੁਸਲਮਾਨਾਂ ਦਾ ਪਹਿਲਾ ਖ਼ੜਾ ਹਜ਼ਰਤ ਉਮਰ ਦੀ ਖਿਲਾਫਤ ਸਮੇਂ 636 ਈ: ਵਿਚ ਹਿੰਦੁਸਤਾਨ ਆਇਆ । ਬਾਦ ਵਿਚ ਕਈ ਵਪਾਰੀ ਥੋੜੇ ਪੁਜੇ । 712 ਈ: ਵਿਚ ਮੁਹੰਮਦ ਬਿਨ ਕਾਸਮ ਨੇ ਸਿੰਧ ਤੇ ਧਾਵਾ ਕੀਤਾ । ਇਸ ਸਮੇਂ ਮਾਲਾਬਾਰ (ਮਦਰਾਸ) ਵਲ ਅਰਬੀ ਵਸਤੀਆਂ ਵਸ ਪਈਆਂ ਸਨ ।

ਤੇ ਗਜ਼ਨੀ ਵਲ ਰਾਜ ਕੀਤਾ, ਤੁਰਕਾਂ ਦੇ ਜ਼ੋਰ ਸਮੇਂ ਪੰਜਾਬ ਵਲ ਧੱਕੇ ਗਏ, ਕਾਫ਼ੀ ਅਜਾ ਇਥੇ ਰਹੇ ਤੇ ਭਾਟੀਆਂ ਦੀ ਸ਼ਾਖ ਭਟਨੇਰ ਵਿਚ ਰਹਿੰਦਿਆਂ ਇਥੋਂ ਹੀ ਚਲੀ । ਭਟਨੇਰ ਤੋਂ ਤਨੋਟ, ਤਨੋਟ ਤੋਂ ਦੇਰਾਵਰ, ਦੇਰਾਵਰ ਤੋਂ ਜੈਸਲਜੇਰ ਪਹੁੰਚੇ ਜਿਥੇ ਕਿ ਅਜਕਲ ਇਨ੍ਹਾਂ ਦਾ ਗੜ੍ਹ ਹੈ ।'

[ਰੀਪੋਰਟ ਮਰਦੁਮ ਸ਼ੁਮਾਰੀ ਰਾਜ ਮਾਰਵਾੜ, ਤੀਜਾ ਹਿਸਾ, ਪੰਨਾ 9, 1951]

ਸਵਾਲਖ—ਪੰਜਾਬ ਦੇ ਪਹਾੜੀ ਇਲਕੇ ਦਾ ਨਾਂ ਹੈ ਜਿਸ ਨੂੰ ਅਜ ਕਲ 'ਸ਼ਿਵਾਲਕ' ਕਹਿੰਦੇ ਹਨ । ਸੰਸਕ੍ਰਿਤ ਵਿਚ ਇਸੇ ਨੂੰ 'ਸਪਾਦ-ਲਖਛ' ਕਿਹਾ ਗਿਆ ਹੈ । ਇਥੇ ਦੇ ਬਹਾਦਰ ਪੰਜਾਬੀਆਂ ਹੀ ਰਾਜਪੂਤਾਨੇ ਪਹੁੰਚ ਕੇ ਆਪਣੇ ਰਾਜ ਕਾਇਮ ਕੀਤੇ । ਚੌਹਾਨ ਰਾਜਪੂਤ ਪਹਿਲੇ ਸਵਾਲਖੀਆ ਚੌਹਾਨ ਕਹਾਉਂਦੇ ਸਨ, ਇਸ ਤੋਂ ਮਾਲੂਮ ਹੁੰਦਾ ਹੈ ਇਨ੍ਹਾਂ ਦਾ ਵਡੇਰਾ ਵਾਸਦੇਵ ਸਵਾਲਖ ਪਹਾੜ ਵਲੋਂ ਆਇਆ, ਇਹ ਪਹਾੜ ਪੰਜਾਬ ਵਿਚ ਹੈ । ਸਵਾਲਖ ਦਾ ਅਰਥ ਇਤ ਦਸਿਆ ਜਾਂਦਾ ਹੈ, ਇਸ ਕਤਾਰ ਵਿਚ ਛੋਟੇ ਵੱਡੇ ਸਵਾ ਲੱਖ ਪਹਾੜ ਹਨ ਜੈਸਾ ਕਿ ਬਾਬਰ ਨੇ ਵੀ ਆਪਣੀ ਡਾਇਰੀ ਵਿਚ ਲਿਖਿਆ ਹੈ ।.... ਅਜ ਕਲ ਲੱਕ ਸਾਂਭਰ, ਅਜਮੇਰ, ਤੇ ਨਾਗੌਰ ਨੂੰ 'ਸਪਾਦ ਲਖਛ ਦੇਸ' **ਸਮਝਦੇ ਹਨ** ਮਗਰ ਅਸਲ ਵਿਚ ਨਾਗੌਰ ਦੇ ਥੋੜੇ ਜੇਹੇ ਪਿਡ 'ਸਵਾਲਕ' ਕਹਾਉਂਦੇ ਹਨ ਜਿਥੇ ਕਿ 'ਸਵਾਲਖ' ਤੋਂ ਆਏ ਜੱਟ ਵਸੇ ਹੋਏ ਹਨ ।'

[ਭਾਰਤ ਕੇ ਪ੍ਰਾਚੀਨ ਰਾਜਬੰਸ ਦੀ ਭੂਮਿਕਾ (ਮੁਨਸ਼ੀ ਦੇਵੀ ਪ੍ਰਸਾਦ) ਪੰਨਾ 24]

1427 ਈ: ਦੀ ਲਿਖੀ 'ਵਿਗਜਪਤੀ ਤ੍ਰਿਬੇਣੀ' ਕ੍ਰਿਤ ਜਯ ਸਾਗਰ ਉਪਾਧਿਆਇ ਵਿਚ ਵੀ 'ਸਿਵਾਲਖ' ਸ਼ਬਦ ਵਰਤਿਆ ਮਿਲਦਾ ਹੈ । ਪਠਾਣੀ ਸਮੇਂ ਤਕ ਦੇ ਇਤਿਹਾਸਕਾਰ ਪੂਰਬੀ ਪੰਜਾਬ ਨੂੰ 'ਸ਼ਿਵਾਲਕ' ਲਿਖਦੇ ਆਏ ਹਨ ।

ਕੈਕਯ—ਪੱਛਮੀ ਪੰਜਾਬ ਦੇ ਤਕੜੇ ਹਿੱਸੇ ਦਾ ਪੁਰਾਣਾ ਨਾਂ, ਅਸ਼ਟਾਧਿਆਈ ਦੇ 7/3/2 ਸੂਤ੍ਰ ਵਿਚ ਇਹ ਨਾਂ ਮਿਲਦਾ ਹੈ । ਕਈ ਕਹਿੰਦੇ ਹਨ, ਦਸ਼ਰਥ ਦੀ ਰਾਣੀ ਕੈਕਈ ਇਸੇ ਇਲਾਕੇ ਦੀ ਸੀ ।

ਸੌਬੀਰ—ਪੱਛਮੀ ਪੰਜਾਬ ਦੇ ਇਕ ਹਿਸੇ ਦਾ ਨਾਂ ਸੀ । ਅਸ਼ਟਾਧਿਆਈ ਦੇ 4।2।71 ਸੂਤ੍ਰ ਵਿਚ ਇਹ ਨਾਂ ਮਿਲਦਾ ਹੈ ।

ਭਦਾਨਕ—ਜੇਹਲਮ ਤੇ ਗੁਜਰਾਤ ਦੇ ਇਲਾਕੇ ਦਾ ਨਾਂ ।

ਪੈਸ਼ਾਚ—ਇਹ ਨਾਂ ਇਕੱਲੇ ਪੰਜਾਬ ਲਈ ਤਾਂ ਭਾਵੇਂ ਨਹੀਂ ਸੀ ਪਰ ਪੱਛਮੀ ਪੰਜਾਬ ਦਾ ਹਿਸਾ ਇਸ ਨਾਂ ਹੇਠ ਆ ਜਾਂਦਾ ਸੀ ।

ਮਿੱਛ ਦੇਸ਼—ਮੁਸਲਮਾਨੀ ਆਮਦ ਤੇ ਪੱਛਮੀ ਪੰਜਾਬ ਦੇ ਮੁਲਤਾਨ ਦੇ ਇਲਾਕੇ ਦਾ ਨਾਂ ਬਾਹਮਣਾਂ 'ਮਲੇਛ ਦੇਸ' ਰਖ ਲਿਆ ਸੀ । 10ਵੀਂ ਸਦੀ ਦੇ ਮੁਲਤਾਨ ਦੇ ਕਵੀ ਅੱਦਹਮਾਣ ਨੇ ਇਸ ਨੂੰ ਆਪਣੀ ਬੋਲੀ (ਅਪਭ੍ਰੰਸ਼) ਵਿਚ 'ਮਿਛ ਦੇਸ਼' ਕਿਹਾ ਹੈ । [ਸੰਨੇਹ ਰਾਸਇ, ਛੰਦ 3]

ਕਈ ਧੁਨੀ-ਸਮਾਨਤਾ ਕਾਰਣ 'ਪੰਚਾਲ' ਨਾਂ ਵੀ ਪੰਜਾਬ ਦਾ ਹੀ ਵਾਚਕ ਸਮਝਦੇ ਹਨ ਪਰ ਮੈਕਸਮੂਲਰ ਤੇ ਕਨਿੰਘਮ ਆਦਿ ਦੇ ਲਿਖਣ ਅਨੁਸਾਰ ਗੰਗਾ ਜਮਨਾ ਦੇ ਵਿਚਕਾਰਲੇ ਇਕ ਜਿਲੇ ਨੂੰ 'ਪੰਚਾਲ' ਕਿਹਾ ਜਾਂਦਾ ਸੀ ।

[ਦੀ ਅਰਲੀ ਹਿਸਟਰੀ ਆਫ ਇੰਡੀਆ । (ਏ. ਵੀ. ਸਮਿਥ) ਪੰਨਾ 193]

ਵਪਾਰੀਆਂ ਤੇ ਸਿਪਾਹੀਆਂ ਦੇ ਨਾਲ ਨਾਲ ਮੁਸਲਮਾਨ ਫ਼ਕੀਰ ਵੀ ਇਸਲਾਮ ਦਾ ਪੈਗਾਮ ਦੇਣ ਤੇ ਚਾਅ ਨਾਲ ਹਿੰਦ ਆ ਰਹੇ ਸਨ। ਪਹਿਲਾਂ ਪਹਿਲਾਂ ਤਾਂ ਅਰਬੀ ਆਏ। ਫਿਰ ਫਾਰਸੀ ਬੋਲਣ ਵਾਲੇ ਈਰਾਨੀ ਮੁਸਲਮਾਨ ਵੀ ਆਉਣ ਲੱਗੇ। ਇਨ੍ਹਾਂ ਨਾਲ ਹੀ ਪੰਜਾਬ ਦੇ ਸਰਹੱਦੀ ਇਲਾਕਿਆਂ ਵਿਚ ਅਰਬੀ ਫਾਰਸੀ ਲਫ਼ਜ਼ਾਂ ਦਾ ਵਰਤਾਰਾ ਹੋਣਾ ਸ਼ੁਰੂ ਹੋਇਆ।

ਇਸਤਖ਼ਰੀ (340 ਹਿ:—952 ਈ:) ਲਿਖਦਾ ਹੈ, 'ਮੁਲਤਾਨ ਦਾ ਅਮੀਰ ਹਾਥੀ ਉਤੇ ਚੜ੍ਹ ਕੇ ਜੁੰਮੇ ਦੀ ਨਿਮਾਜ਼ ਪੜ੍ਹਨ ਲਈ ਜਾਮਾ ਮਸੀਤ ਵਿਚ ਜਾਂਦਾ ਹੈ .....'ਮੁਲਤਾਨ ਦੇ ਲੋਕ ਪਜਾਮਾ ਪਹਿਨਦੇ ਤੇ ਜ਼ਿਆਦਾਤਰ ਫਾਰਸੀ ਤੇ ਸਿੰਧੀ ਬੋਲਦੇ ਹਨ।' ਇਬਨ ਹੌਕਲ (367 ਹਿ:—978) ਲਿਖਦਾ ਹੈ, 'ਮੁਲਤਾਨ ਵਿਚ ਹਿੰਦੂ ਮੁਸਲਮਾਨਾਂ ਦਾ ਲਿਬਾਸ ਇਕੋ ਜੇਹਾ ਹੈ, ਕੇਸ ਪਿਛੇ ਛਡਣ ਦੀ ਚਾਲ ਵੀ ਰਲਦੀ ਹੈ। ਮਨਸੂਰ, ਮੁਲਤਾਨ ਤੇ ਇਸ ਦੇ ਆਸ ਪਾਸ ਦੇ ਥਾਵਾਂ ਵਿਚ ਅਰਬੀ ਤੇ ਸਿੰਧੀ ਬੋਲੀ ਜਾਂਦੀ ਹੈ ਤੇ ਮਕਰਾਨ ਵਾਲਿਆਂ ਦੀ ਬੋਲੀ ਮਕਰਾਨੀ ਤੇ ਫਾਰਸੀ ਹੈ।'

ਇਸੇ ਤਰ੍ਹਾਂ ਬੁਸ਼ਾਹਰੀ (357 ਹਿ: —986) ਆਖਦਾ ਹੈ, 'ਮੁਲਤਾਨ ਉ'ਚ ਤਾਂ ਮਨਸੂਰ ਤੋਂ ਛੋਟਾ ਹੈ ਪਰ ਵਸੋਂ ਉਸ ਤੋਂ ਵਧੀਕ ਹੈ ਸਭ ਲੋਕ ਖੁਸ਼-ਦਿਲ ਤੇ ਸੀਲ ਸੁਭਾ ਦੇ ਹਨ, ਫਾਰਸੀ ਜ਼ਬਾਨ ਸਮਝੀ ਜਾਂਦੀ ਹੈ।' ['ਅਰਬ ਔਰ ਭਾਰਤ ਕੇ ਸਬੰਧ']

ਕ੍ਵਿਤ ਸੁਲੇਮਾਨ ਨਦਵੀ, ਪੰਨਾ 67-69

ਇਨ੍ਹਾਂ ਲਿਖਤਾਂ ਤੋਂ ਪਤਾ ਲਗਦਾ ਹੈ ਕਿ ਮੁਸਲਮਾਨਾਂ ਦਾ ਮੁਲਤਾਨ ਵਲ ਤਕੜਾ ਪ੍ਰਭਾਵ ਸੀ ਅਤੇ ਫਾਰਸੀ ਜ਼ਬਾਨ ਬੋਲੀ ਅਤੇ ਸਮਝੀ ਜਾਣ ਲਗ ਪਈ ਸੀ। ਇਸ ਮੌਕੇ ਹੀ ਪੰਜ ਦਰਿਆਵਾਂ ਦੇ ਸੰਗਮ ਯਾ 'ਪੰਦ ਨਦ' ਦਰਿਆ ਨੂੰ ਕਿਸੇ ਪੰਜ-ਆਬ ਆਖ ਕੇ ਫਾਰਸੀ ਰੂਪ ਵਿਚ ਤਰਜ-ਮਾਇਆ। ਮੇਰਾ ਵਿਚਾਰ ਹੈ ਕਿ ਪਹਿਲਾਂ ਪੰਜਾਂ ਦਰਿਆਵਾਂ ਦੇ ਜੰਕਸ਼ਨ ਯਾ ਇਨ੍ਹਾਂ ਦੇ ਮੇਲ ਤੋਂ ਬਣੇ ਵਡੇ ਦਰਿਆ-ਪੰਜ-ਨਦ ਦਾ ਨਾਂ ਹੀ ਪੰਜ-ਆਬ ਪਿਆ ਹੋਵੇਗਾ। ਕਿਉਂਕਿ ਇਹ ਸੰਗਮ ਸਥਾਨ ਤੇ ਵੱਡਾ ਦਰਿਆ ਮੁਲਤਾਨ ਦੇ ਲਾਗੇ ਹੀ ਪੈਂਦੇ ਸਨ।

ਜਿਸ ਤਰ੍ਹਾਂ ਈਰਾਨ ਵਾਲਿਆਂ ਸਿੰਧ ਦਰਿਆ ਦੇ ਨਾਂ ਨੂੰ ਆਪਣੇ ਉਚਾਰਨ ਅਨੁਸਾਰ 'ਹਿੰਦ' ਆਖਿਆ ਸੀ ਤੇ ਬਾਦ ਵਿਚ ਸਿੰਧ ਪਾਰ ਦੇ ਸਾਰੇ ਦੇਸ ਨੂੰ 'ਹਿੰਦ' ਕਹਿਣਾ ਸ਼ੁਰੂ ਕਰ ਦਿਤਾ, ਇਸੇ ਤਰ੍ਹਾਂ 'ਪੰਜਨਦ' ਦਰਿਆ ਨੂੰ ਪਹਿਲੇ 'ਪੰਜ ਆਬ' ਨਾਂ ਦਿਤਾ ਗਿਆ ਤੇ ਪਿਛੋਂ ਜਾ ਕੇ ਇਸੇ ਨਾਂ ਤੇ ਪੰਜ ਨਦ ਦੇਸ਼ ਦਾ ਨਾਮ 'ਪੰਜਾਬ' ਪਿਆ। ਇਹ ਗੱਲ ਗਜ਼ਨਵੀਆਂ ਦੇ ਸਮੇਂ ਦੀ ਜਾਪਦੀ ਹੈ ਜੋ ਕਿ 1021 ਤੋਂ 1186 ਈ. ਤਕ ਪੰਜਾਬ ਦੇ ਹੁਕਮਰਾਨ ਰਹੇ। ਲਾਹੌਰ ਇਨ੍ਹਾਂ ਦੀ ਰਾਜਧਾਨੀ ਸੀ ਤੇ ਇਸ ਦੌਰ ਵਿਚ ਫਾਰਸੀ ਦਾ ਪੰਜਾਬ ਵਿਚ ਖਾਸਾ ਪ੍ਰਭਾਵ ਜੰਮਿਆ, ਪੰਜਨਦ ਦਾ ਪੰਜ-ਆਬ ਨਾਂ ਇਸੇ ਸਮੇਂ ਚਾਲੂ ਹੋਇਆ। ਅਲਬਰੂਨੀ (1030) ਦਾ 'ਪੰਜਨਦ' ਨਾ ਵਰਤਣਾ ਵੀ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਗਜ਼ਨਵੀ ਰਾਜ ਦੇ ਮੂਢ ਵਿਚ ਜਾਂ ਪਹਿਲਾਂ ਪੰਜ-ਆਬ ਸ਼ਬਦ ਵਜੂਦ ਵਿਚ ਨਹੀਂ ਸੀ ਆਇਆ।

ਅਰਬ ਭੂਗੋਲ-ਵਿਗਿਆਨੀ ਇਬਨ ਖੁਰਦਾਦ ਬੇਹ (865 ਈ:) ਬਲੋਚਸਤਾਨ ਤੋਂ ਅੱਪਰਲੇ ਗੁਜਰਾਤ ਤਕ ਦੇ ਸਾਰੇ ਇਲਾਕੇ ਨੂੰ 'ਸਿੰਧ' ਨਾਂ ਨਾਲ ਹੀ ਪੁਕਾਰਦਾ ਹੈ। ਸੈਲਾਨੀ 'ਬਜ਼ੁਰਗ ਬਿਨ ਸ਼ਹਿਰਯਾਰ' (913 ਈ:) ਪੰਜਾਬ ਨੂੰ 'ਕਸ਼ਮੀਰਿ ਸ਼ਿਫਲਾ' (ਨਿਚਲਾ ਕਸ਼ਮੀਰ) ਆਖ ਕੇ ਭੰਗ ਮਾਰਦਾ ਹੈ। ਮਾਲੂਮ ਹੁੰਦਾ ਹੈ ਇਸ ਵਕਤ ਤਕ ਅਜੇ 'ਪੰਜ-ਆਬ' ਨਾਂ ਵਜੂਦ ਵਿਚ ਨਹੀਂ ਸੀ ਆਇਆ। ਨਾ 'ਪੰਜਨਦ' ਦਰਿਆ ਲਈ ਤੇ ਨਾ ਹੀ ਦੇਸ ਲਈ।

ਮਸਊਦੀ (940 ਈ.) ਲਿਖਦਾ ਹੈ ਕਿ ਜਿਥੇ ਦੌਲਤ ਦੇ ਘਰ ਮੁਲਤਾਨ ਤੇ ਮਨਸੂਰ ਦੀ ਵਿਚਾਲੇ ਪੰਜੇ ਦਰਿਆ ਇਕੱਠੇ ਹੁੰਦੇ ਹਨ ਇਸ ਥਾਂ ਨੂੰ 'ਦੁਸ਼ਾਬ' ਕਹਿੰਦੇ ਹਨ। ਅਮੀਰ ਖੁਸਰੋ (1253—1325) ਨੇ ਬਾਦਸ਼ਾਹ ਬਲਬਨ ਦੇ ਬੇਟੇ ਮੁਹੰਮਦ ਕਾਆਨ ਦੀ ਮੌਤ ਤੇ 1285 ਈ. ਵਿਚ ਇਕ ਮਰਸੀਆ ਲਿਖਿਆ ਸੀ। ਉਸ ਵਿਚ ਉਹ ਕਹਿੰਦਾ ਹੈ ਕਿ ਲੋਕਾਂ ਦੇ ਰੋਣ ਨਾਲ ਇਕ ਹੋਰ ਪੰਜ-ਆਬ (ਪੰਜਨਦ ਦਰਿਆ) ਮੁਲਤਾਨ ਸ਼ਹਿਰ ਵਿਚ ਚਲਣ ਲਗ ਪਿਆ।

'ਪੰਜ-ਆਬੇ ਦੀਗ਼ਰ ਅੰਦਰ ਮੱਲਤਾਂ ਆਮਦ ਪਦੀਦ।'‡

ਇਸ ਤੋਂ ਪ੍ਰਗਟ ਹੋਇਆ ਕਿ 13ਵੀਂ ਸਦੀ ਵਿਚ ਪੰਜ-ਨਦ ਦਰਿਆ 'ਪੰਜ-ਆਬ' ਨਾਂ ਨਾਲ ਪੁਕਾਰਿਆ ਜਾਣ ਲਗ ਪਿਆ ਸੀ। 'ਤਾਰੀਖ਼ਿ ਵਸਾਫ਼' ਦਾ ਕਰਤਾ ਵਸਾਫ਼ (1300 ਈ:) ਪੰਜ ਨਦ ਦਰਿਆ ਲਈ ਪੰਜ-ਆਬ, ਇਬਨ ਬਤੂਤਾ (1333 ਈ.) ਬੰਜਾਬ (ਪੰਜਾਬ), ਤੇ ਸ਼ਾਹ ਤੈਮੂਰ (1399) ਪੰਜਾਬ, ਗੱਲ ਕੀ ਇਹ ਸਾਰੇ ਹੀ ਪੰਜ-ਨਦ ਦਰਿਆ ਦੇ ਅਰਥਾਂ ਵਿਚ 'ਬੰਜਾਬ' ਯਾ ਪੰਜਾਬ ਸ਼ਬਦ ਵਰਤਦੇ ਹਨ।× ਭਾਵੇਂ ਦੇਰ ਤਕ ਪਹਿਲਾਂ ਪਹਿਲਾਂ ਪੰਜਾਬ ਲਫ਼ਜ਼ 'ਦਰਿਆ' ਦੇ ਮਾਅਨਿਆਂ ਵਿਚ ਹੀ ਚਲਦਾ ਰਿਹਾ ਪਰ ਤੇਰ੍ਹਵੀਂ ਸਦੀ ਦੇ ਅੰਤਲੇ ਹਿਸੇ ਦੇ ਇਕ ਅਰਬੀ ਸ਼ਿਲਾਲੇਖ ਵਿਚ ਦੇਸ ਦੇ ਅਰਥਾਂ ਵਿਚ ਵੀ ਫੰਜਾਬ (ਪੰਜਾਬ) ਸ਼ਬਦ ਦੀ ਵਰਤੋਂ ਕੀਤੀ ਮਿਲਦੀ ਹੈ। ਇਹ ਲਾਲ ਰੰਗ ਦਾ ਸ਼ਿਲਾਲੇਖ ਅਲਾਉਦੀਨ ਖਿਲਜੀ (1295-1316 ਈ:) ਦੇ ਸਮੇਂ ਦਾ ਹੈ ਤੇ ਸਮਾਣੇ ਦੀ ਕਿਸੇ ਢੱਠੀ ਮਸੀਤ ਤੋਂ ਮਿਲਿਆ ਸੀ ਤੇ ਅਜ ਕਲ ਪਟਿਆਲੇ ਦੇ ਅਜਾਇਬ ਘਰ ਵਿਚ ਹੈ। ਮੇਰੇ ਮਿਤ੍ਰ ਪ੍ਰੋ: ਜੁਗਿੰਦਰ ਸਿੰਘ ਜੀ ਨੇ, ਜੋ ਕਿ ਅਰਬੀ ਫਾਰਸੀ ਦੇ ਚੰਗੇ ਆਲਮ ਹਨ, ਇਸ ਨੂੰ ਹੇਠ ਲਿਖੇ ਅਨੁਸਾਰ ਪੜ੍ਹਿਆ ਹੈ :

ਚਾਰ ਸਤਰਾਂ ਵਿਚ ਇਬਾਰਤ ਇਸ ਤਰ੍ਹਾਂ ਹੈ :—

1. ਬਿਸਮਿੱਲਾਹਿਰਹਿਮਾਨਿ ਰਹੀਮ ਕਾਲਾ ਨਬੀ ਅੱਲ੍ਹੈਸਿਸੱਲਾਮ
2. ਮਨ ਬਨਾਲਿੱਲਾਹੇ ਮਸਜਦਨ ਬਨਾਅੱਲਾਹੁ ਲਾਹੂ ਕਸਰ
   ਨਫੀ ਇਸਮਹੀ ਫੀ ਅਹਿਦੱਾ
3. ਸੁਲਤਾਨਿਲ ਆਲਲ ਆਦਿਲ ਅਲਾਉਦੁਨੀਆ ਵ ਦੀਨ
   ਅਬੂ ਜ਼ਫਰ ਮੁਹੰਮਦ ਸ਼ਾਹ ਸੁਲਤਾਨ ਸਿਕੰਦਰਿ
4. ਸਾਨੀ ਲਿ ਮਨ ਖਲੀਫਾਤੁੱਲਾਹ ਬਾਸ਼ਾ ਸਮਾਣਾ ਫੰਜਾਬ.....

(ਅਗੋਂ ਪੱਥਰ ਫੁਟਾ ਹੋਇਆ ਹੈ)

1. ਇਸਲਾਮ ਦੇ ਪੈਗੰਬਰ ਵਲੋਂ ਦਸੇ ਅੱਲ੍ਹਾ ਦੇ ਨਾ ਨਾਲ ਸ਼ੁਰੂ ਹੁੰਦਾ ਹੈ। 2. ਜਿਸ ਕਿਸੇ ਅੱਲ੍ਹਾ ਲਈ ਮਸੀਤ ਬਣਾਈ, ਅੱਲ੍ਹਾ ਨੇ ਉਸ ਲਈ (ਅਗਲੇ ਜਹਾਨ ਵਿਚ) ਮਹਲ ਬਣਾਏ। 3. ਰੁੱਚੇ ਨਿਆਂਕਾਰੀ ਬਾਦਸ਼ਾਹ ਅਲਾਉ ਦੁਨੀਆ ਵ ਦੀਨ ਅਬੂ ਜਫਰ ਮੁਹੰਮਦ ਸ਼ਾਹ ਸਿਕੰਦਰ

---

‡ਪੰਜ ਨਦ ਦਰਿਆ ਦੀ ਤੂਫਾਨੀ ਤੇਜ਼ੀ ਨੂੰ ਸਾਰੇ ਕਵੀਆਂ ਵੀ ਕਲਮਬੰਦ ਕੀਤਾ ਹੈ। ਲਾਲਾ ਸੁੰਦਰ ਦਾਸ ਆਰਾਮ (1172 ਹਿ:) ਲਿਖਦੇ ਹਨ—

ਸਭ ਕਲਾਮ ਕਰ ਪੰਜ ਬਹਿਰ, ਤਾਰੀਖ ਮਿਲਾਈ
ਸੱਸੀ ਪੁੰਨੂੰ ਦੀ ਜੋਸ ਇਸ਼ਕ, ਪੰਜ ਨਦ ਵਹਾਈ। [ਕਿੱਸਾ ਸੱਸੀ ਪੁੰਨੂੰ]

×ਦੇਖੋ, ਮਿ. ਯੂਲ ਸੰਪਾਦਿਤ 'ਹਾਬਸਨ ਜਾਬਸਨ' (1903 ਲੰਡਨ) ਕੋਸ਼ ਵਿਚ 'ਪੰਜਾਬ' ਸ਼ਬਦ ਦੀ ਵਿਆਖਿਆ।

ਸਾਨੀ ਦੇ ਸਮੇਂ ਵਿਚ। ਮ. ਰੱਬ ਦੇ ਖਲੀਫੇ (ਨਾਇਬ) ਸਥਾਣਾ ਫੈਜਾਬ (ਪੰਜਾਬ) ਦੇ ਹੁਕਮਰਾਨ...

ਇਸ ਸਿਲਾਲੇਖ ਤੋਂ ਇਹ ਗੱਲ ਜ਼ਾਹਰ ਹੈ ਕਿ ਖਿਲਜੀਆਂ ਦੇ ਜ਼ਮਾਨ 'ਪੰਜਾਬ' ਨਾ 'ਪੰਜਨਦ' ਦੇਸ਼ ਲਈ ਵਰਤਿਆ ਜਾਣ ਲਗ ਪਿਆ ਸੀ ਤੇ ਮੁਗਲ ਜ਼ਮਾਨ ਵਿਚ ਇਹ ਵਰਤੋਂ ਬਹੁਤ ਆਮ ਹੋ ਗਈ ਸੀ। ਚੁਨਾਂਚਿ 'ਅਕਬਰ ਨਾਮੇ' ਤੇ 'ਆਇਨੇ ਅਕਬਰੀ' ਵਿਚ ਇਹ ਨਾਂ ਕਾਫੀ ਮਿਲਦਾ ਹੈ।*

ਸ: ਜੀ. ਬੀ ਸਿੰਘ ਜੀ ਦਾ ਇਹ ਵਿਚਾਰ ਕਿ ਇਸ ਦੇਸ਼ ਦਾ ਪੰਜਾਬ ਨਾਂ 1590 ਈ: ਵਿਚ ਅਕਬਰ ਨੇ ਪਾਇਆ, ਉਪਰੋਕਤ ਹਵਾਲਿਆਂ ਦੀ ਮੌਜੂਦਗੀ ਵਿਚ ਨਿਰਾਧਾਰ ਹੋ ਜਾਂਦ ਹੈ। 17ਵੀਂ ਸਦੀ ਵਿਚ ਤਾਂ ਯੋਰਪੀਨ ਲੇਖਕ ਵੀ (1630 ਈ: ਵਿਚ ਸਰ ਟੀ. ਹਰਬਰਟ ਤੇ 1648 ਈ: ਵਿਚ ਵੈਨ ਟਵਿਸਟ) ਪੰਜਾਬ Panjab ਸ਼ਬਦ ਦੀ ਪੰਜਾ ਦਰਿਆਵਾਂ ਦੇ ਦੇ ਲਈ ਵਰਤੋਂ ਕਰਦੇ ਹਨ।†

ਪੰਜਾਬੀ ਸਾਹਿਤ ਵਿਚ ਪੰਜਾਬ ਨਾਂ ਇਨ੍ਹਾ ਰਚਨਾਵਾਂ ਵਿਚ ਮਿਲਦਾ ਹੈ—

1. ਭਾ: ਗੁਰਦਾਸ (1553-1637 ਈ:)—
   ਪੰਜਾਬੇ ਗੁਰ ਦੀ ਵਡਿਆਈ। 24 [ਵਾਰ 11
2. ਸ਼ਾਹ ਕਰੀ (1627 ਈ:)—
   ਢਾਢੀ ਪਠ ਪੰਜਾਬ ਦੀ ਬੋਲੀ ਪਹਿਚਾਨ। [ਦੀਵਾਨ ਅਲਫ ਖਾਂ ਕੀ ਵਾਰ
3. 'ਸੁਣ ਭਾਈ, ਧਰਤੀ ਪੰਜਾਬ ਕੀ ਧਰਤ ਵਟਾਲੇ ਵਿਚ ਅਤੇ ਵਰਨੂ ਜਟ ਦਾ।'
   [ਜਨਮ ਪੱਤ੍ਰੀ ਬਾਬੇ ਨਾਨਕ ਕੀ
4. 'ਏਕ ਦਿਨ ਗੁਰੂ ਬਾਬਾ ਨਾਨਕ ਪੰਜਾਬ ਕੀ ਧਰਤੀ, ਨਗਰ ਕਰਤਾਰ ਪੁਰ ਬੈਠਾ ਥਾ।'
   [ਗੌਸਟਿ ਗੁਰੂ ਬਾਬੇ ਨਾਨਕ ਜੀ ਕੀ
5. ਬੁਲ੍ਹੇ ਸ਼ਾਹ (1680-1753 ਈ:)—
   'ਦਰ ਖੁਲ੍ਹਾ ਹੈ ਹਸ਼ਰ ਅਜ਼ਾਬ ਦਾ। ਬੁਰਾ ਹਾਲ ਹੋਇਆ ਪੰਜਾਬ ਦਾ
6. ਵਾਰਸਸ਼ਾਹ (1735-1784 ਈ:)—
   'ਮਾਰੇ ਮੁਲਕ ਪੰਜਾਬ ਖਰਾਬ ਵਿਚੋਂ ਮੈਨੂੰ ਵਡ ਅਫਸੋਸ ਕਸੂਰ ਦਾ ਏ।'
   [ਕਿੱਸਾ ਹੀਰ ਰਾਂਝਾ 1768 ਈ:
7. ਨਜਾਬਤ (18ਵੀਂ ਸਦੀ)—
   'ਏਸੇ ਮੁਲਕ ਪੰਜਾਬ ਵਿਚ, ਚੜ੍ਹ ਹੁਕਮ ਫਰਮਾਏ।' [ਵਾਰ ਨਾਦਰ ਸ਼ਾਹ
8. ਗੁਲਾਮ ਮੁਸਤਫਾ (1751-1870 ਈ:)—
   ਅੰਦਰ ਮੁਲਕ ਪੰਜਾਬ ਦੇ, ਰਾਜਾ ਸੀ ਇਕ ਜਾਨ। [ਜੰਗ ਨਾਮਾ ਇਮਾਮ ਹੱਕ

---

*ਜਹਾਂਗੀਰ ਕਾਲ ਦੇ ਕਵੀ ਕੱਲ੍ਹ ਨੇ ਵੀ 'ਦਿਲੀ ਰਾਜ ਬੰਸਾਵਲੀ' ਦੇ 19 ਨੰ: ਛੰਦ ਵਿ 'ਪੰਜਾਬ' ਪਦ ਵਰਤਿਆ ਹੈ।

'ਸਧਰ ਧਰੁਵ ਜੰਗ ਜਾਣ, ਧੁਅ ਪੰਜਾਬ ਕੋ ਮੁਗਰ।
ਨਗਰ ਲਾਹੌਰ ਕੋਟ ਥਿਰ ਨ੍ਰਿਪ ਜਹਾਂਗੀਰ ਸ਼ਾਹ ਅਕਬਰ ਸੁਤਨ।
[ਰਾਜਸਥਾਨ ਮੇਂ ਹਸਤ-ਲਿਖਤ ਹਿੰਦੀ ਗ੍ਰੰਥੋਂ ਕੀ ਖੋਜ, ਪੰਨਾ 9(

†ਹਾਬਸਨ ਜਾਬਸਨ (ਮਿ: ਯੂਲ)

9. ਹਾਕਮ ਸਿੰਘ ਦਰਵੇਸ਼ (1830 ਈ:)—

'ਬਾਦਸ਼ਾਹ ਰਣਜੀਤ ਸਿੰਘ ਗੁਰੂ ਕੀਤਾ, ਤੈਨੂੰ ਫੁਲ ਜਿਡੂੰ ਵਾਡ ਗਲਾਇ ਦੇ ਜੀ।
ਹਾਕਮ ਸਿੰਘ ਤੈਰੇ ਜਿਹਾ ਬਾਦਸ਼ਾਹ ਨ, ਡਿਠਾ ਮੁਲਖ ਤੇ ਜੇਹਾ ਪੰਜਾਇ ਦੇ ਜੀ।
[ਸੀਹਰਫੀ ਗੁਰੂ ਖਾਲਸੇ ਸ਼ਾਹ ਜੀ ਕੀ

10. ਸ਼ਾਹ ਮੁਹੰਮਦ (1847 ਈ:)—

'ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ, ਕਦੇ ਨਹੀਂ ਸੀ ਤੀਜਰੀ ਜਾਤ ਆਈ।'‡

ਪੰਜਾਬੀ ਦੇ ਨਾਂ

ਸੰਸਕ੍ਰਿਤ, ਪਾਕ੍ਰਿਤ ਦੀਆ ਪੁਰਾਣੀਆਂ ਪੋਥੀਆ ਵਿਚ ਪੰਜਾਬ ਦੀ ਪ੍ਰਾਚੀਨ ਬੋਲੀ ਲਈ ਮਾਦਰੀ, ਟੱਕੀ, ਢੱਕੀ, ਟਾਕੀ, ਕੋਕਈ ਤੇ ਪੈਸ਼ਾਚੀ ਆਦਿ ਨਾ ਮਿਲਦੇ ਹਨ। ਵਰਤਮਾਨ ਪੰਜਾਬੀ, ਜਿਸ ਦਾ ਮੁੱਢ ਗਿਆਰ੍ਹਵੀਂ ਸਦੀ ਨਾਲ ਬੱਝਾ, ਉਸ ਬੋਲੀ ਲਈ—ਹਿੰਦਵੀ, ਹਿੰਦੂਈ, ਹਿੰਦਕੀ, ਹਿੰਦਕੋ, ਹਿੰਦੀ, ਮੁਲਤਾਨੀ, ਲਾਹੌਰੀ, ਜਟਕੀ, ਗਵਾਰੂ, ਗੁਰਮੁਖੀ ਭਾਖਾ, ਦੇਸ਼-ਭਾਖਾ, ਦੇਸੀ, ਲਹਿੰਦੀ ਤੇ ਪੰਜਾਬੀ ਲਗਭਗ 15 ਨਾ ਵਰਤੇ ਗਏ ਹਨ।‡ ਹਿੰਦੁਵੀ, ਹਿੰਦੂਈ, ਹਿੰਦਕੀ ਯਾ ਹਿੰਦੀ ਆਦਿ ਨਾਂ ਆਮ ਤੌਰ ਤੇ ਬਾਹਰੋਂ ਆਉਣ ਵਾਲੇ ਮੁਸਲਮਾਨਾਂ ਹੀ ਜ਼ਿਆਦਾ ਵਰਤਿਆ ਹੈ। ਸਰਹੱਦ ਦੇ ਪਠਾਣ ਹੁਣ ਤਕ ਪੰਜਾਬੀ ਨੂੰ 'ਹਿੰਦਕੋ' ਹੀ ਕਹਿੰਦੇ ਹਨ। ਭਾਵੇਂ ਹਿੰਦੀ ਜਾਂ ਹਿੰਦਵੀ ਆਦਿ ਨਾ ਬਾਦ ਵਿਚ ਦਿਲੀ ਗਿਰਦੇ ਦੀ ਜ਼ਬਾਨ ਲਈ ਵਰਤੇ ਜਾਣ ਲਗ ਪਏ ਸਨ ਪਰ ਮੁਸਲਮਾਨ ਪੰਜਾਬੀ ਕਵੀ ਹੁਣ ਤਕ ਇਹ ਨਾਂ ਪੰਜਾਬੀ ਲਈ ਹੀ ਵਰਤਦੇ ਆਏ ਹਨ। ਜਿਹਾ ਕਿ ਅਗੇ ਲਿਖੇ ਹਵਾਲਿਆਂ ਤੋਂ ਪ੍ਰਗਟ ਹੈ। ਮੌਲਾਨਾ ਅਬਦੁੱਲਾ (1074 ਹਿਜਰੀ—1641 ਈ:) ਆਪਣੀ ਰਚਨਾ ਨੂੰ 'ਰਸਾਲਾ ਫਿਕਾ ਹਿੰਦੀਂ ਨਾਂ ਦਿੰਦਾ ਹੈ।

ਅਬਦੁਲ ਕਰੀਮ (1086 ਹਿ:—1675 ਈ:) ਲਿਖਦਾ ਹੈ—

'ਫਰਜ਼ ਮਸਾਇਲ ਫਿਕਾ ਦੇ, 'ਹਿੰਦੀ' ਕਰ ਤਾਲੀਮ
ਕਾਰਣ ਮਰਦਾ ਓਮੀਆਂ, ਜੋੜੇ ਅਬਦੁਲ ਕਰੀਮ।'
(ਨਜਾਤੁਲ ਮੋਮਨੀਨ)

---

‡ਅੱਜ ਤੋਂ ਢਾਈ ਹਜ਼ਾਰ ਵਰ੍ਹੇ ਪਹਿਲਾਂ ਈਰਾਨ ਦੇ ਬਾਦਸ਼ਾਹ ਦਾਰਾ (522-486 ਈ: ਪੂ:) ਦੇ ਪਰਸੇ-ਪੋਲਿਸ ਸ਼ਿਲਾ ਲੇਖ ਵਿਚ 'ਹਿੰਦਸ' ਸ਼ਬਦ ਦੀ ਸਭ ਤੋਂ ਪੁਰਾਣੀ ਵਰਤੋਂ ਮਿਲੀ ਹੈ। ਪਾਰਸੀਆਂ ਦੀ ਧਰਮ-ਪੋਥੀ 'ਦਸਾਤੀਰ' ਵਿਚ ਵੀ ਇਹ ਲਫ਼ਜ਼ ਮਿਲਦਾ ਹੈ। ਜੈਨੀਆਂ ਦੀ ਪੁਰਾਣੀ ਪੋਥੀ 'ਨਿਸ਼ੀਥ ਚੂਚਣਿ' (ਸੱਤਵੀਂ ਸਦੀ) ਵਿਚ 'ਹਿੰਦਗ ਦੇਸ਼' ਦਾ ਜ਼ਿਕਰ ਹੈ। ਪਹਿਲੇ ਪਹਿਲ ਜ਼ਿਆਦਾਤਰ ਹਿੰਦ ਸ਼ਬਦ ਪੰਜਾਬ ਲਈ ਹੀ ਵਰਤਿਆ ਜਾਂਦਾ ਸੀ ਜਿਹਾ ਕਿ ਹਾਮਦ ਸ਼ਾਹ ਅਬਾਸੀ (1161 ਹਿ:) 'ਅਖਬਾਰ ਹਾਮਦ' ਵਿਚ ਲਿਖਦਾ ਹੈ—

'ਵਤਨ ਬਜ਼ੁਰਗਾਂ ਪਿਛਲਿਆਂ, ਮਾਉ ਨ ਨਹਿਰ ਯਕੀਨ।' ਮੂਲ ਨਾ ਵਰਨ ਸਹੇੜਿਆ, ਅੰਦਰ ਹਿੰਦ ਜ਼ਮੀਨ'। ਇਸੇ ਹਿੰਦ (ਪੰਜਾਬ) ਦੀ ਬੋਲੀ ਲਈ ਮੁਸਲਮਾਨ ਕਵੀਆਂ 'ਹਿੰਦਵੀ' ਜਾਂ 'ਹਿੰਦੀ' ਨਾਂ ਵਰਤਿਆ।

ਹਾਫ਼ਜ਼ ਮੁਅੱਜ਼ਦੀਨ (1098 ਹਿ:—1687) —

'ਇਸ ਅਰਬੀ ਥੀਂ 'ਹਿੰਦੀ' ਕੀਜੈ
ਸਭ ਖਲਕ ਸੁਖੱਲੇ ਲੀਜੈ

ਮੌਲਵੀ ਮੁਹੰਮਦ ਮੁਸੱਲਮ (1250 ਹਿ:)—

'ਇਕ ਦਿਨ ਮੇਰੇ ਗੁਜ਼ਰਿਆ, ਦਿਲ ਵਿਚ ਇਹ ਖਿਆਲ
'ਹਿੰਦੀ' ਵਿਚ ਪੈਗ਼ੰਬਰਾਂ, ਦਾ ਕੁਝ ਆਖਾਂ ਹਾਲ।' (ਗੁਲਜ਼ਾਰਿ ਆਦੇਮ)

ਇਮਾਮੁਦੀਨ (1895 ਈ:)—

ਮਅਜਜ਼ ਪਾਕ ਰਸੂਲ ਅਲ੍ਹਾ ਦਾ, 'ਹਿੰਦੀ' ਆਖ ਸੁਣਾਇਆ। [ਮੁਅਜਜ਼ਾ ਹਰਨੀ]

ਮੌਲਵੀ ਦਿਲਪਜ਼ੀਰ—

ਅਬਦੁਲ ਹਕੀਮ ਜ਼ਲੈਖਾ 'ਹਿੰਦੀ', ਵਾਂਙ 'ਜ਼ੁਲੈਖਾ' ਜੋੜੀ।
ਹਾਫ਼ਜ਼ ਬਰਖਰਦਾਰਾਂ ਵਾਲੀ, ਹੋਰ ਹੋਈ ਇਕ ਜੋੜੀ। [ਪੰਜਾਬ ਦੇ ਹੀਰੇ, ਪੰਨਾ 62]

'ਹਿੰਦਵੀ' ਨਾਂ ਸਭ ਤੋਂ ਪੁਰਾਣਾ ਹੈ, ਗਿਆਰ੍ਹਵੀਂ ਸਦੀ ਦੇ ਲਾਹੌਰ ਵਾਸੀ ਕਵੀ 'ਮਸਊਦ' (1130 ਦੇਹਾਂਤ) ਦੇ ਪੰਜਾਬੀ ਕਾਵਿ-ਸੰਗ੍ਰਹਿ ਨੂੰ 'ਹਿੰਦਵੀ ਦੀਵਾਨ' ਨਾਂ ਨਾਲ ਹੀ ਯਾਦ ਕੀਤਾ ਜਾਂਦਾ ਰਿਹਾ ਹੈ। ਇਸ ਤੋਂ ਬਾਦ ਲਹਿੰਦੀ ਪੰਜਾਬੀ ਲਈ 'ਮੁਲਤਾਨੀ' ਨਾਂ ਜ਼ਿਆਦਾ ਮਸ਼ਹੂਰ ਹੋਇਆ। ਚੂੰਕਿ ਇਸ ਵੇਲੇ ਮੁਲਤਾਨ ਦੀ ਰਾਜਸੀ ਤੇ ਸਭਿਆਚਾਰਕ ਮਹੱਤਤਾ ਬਹੁਤ ਸੀ ਤੇ ਪੰਜਾਬੀ ਦਾ ਮੁਢ ਵੀ ਲਹਿੰਦੇ ਵਲ ਮੁਲਤਾਨ ਤੋਂ ਹੀ ਬੱਝਾ, ਇਸ ਕਰਕੇ ਸਮੁੱਚੀ ਪੰਜਾਬੀ ਲਈ 'ਮੁਲਤਾਨੀ'‡ ਸ਼ਬਦ ਦੀ ਵਰਤੋਂ ਹੋਈ। ਬਾਬਾ ਫਰੀਦ ਵੇਲੇ ਇਹ ਨਾਂ ਚੰਗਾ ਪ੍ਰਚਲਤ ਸੀ। ਪੁਰਾਣੀਆਂ ਫਾਰਸੀ ਕਿਤਾਬਾਂ ਵਿਚ ਵੀ ਪੰਜਾਬੀ ਲਈ ਇਸੇ ਨਾਂ ਦੀ ਵਰਤੋਂ ਕੀਤੀ ਮਿਲਦੀ ਹੈ।

ਅਮੀਰ ਖ਼ੁਸਰੋ (1253-1325) ਆਪਣੀ ਰਚਨਾ 'ਨਹ ਸਿਪਹਰ' (718 ਹਿਜਰੀ) ਵਿਚ ਪੰਜਾਬੀ ਨੂੰ 'ਲਾਹੌਰੀ' ਆਖ ਕੇ ਯਾਦ ਕਰਦੇ ਹਨ। ਹਿੰਦੂ-ਕਾਲ ਵਿਚ ਟੈਕਸਿਲਾ, ਸ਼ਲ-ਕੋਟ (ਸਿਆਲਕੋਟ), ਸ਼ਾਕਲ (ਸਾਂਗਲਾ), ਦੀਪਾਲਪੁਰ, ਜਲੰਧਰ ਤੇ ਥਾਨੇਸਰ ਆਦਿ ਪ੍ਰਸਿੱਧ ਕੇਂਦਰੀ ਥਾਵਾਂ ਦੇ ਨਾਂ ਤਾਂ ਮਿਲਦੇ ਹਨ ਪਰ ਲਾਹੌਰ ਦਾ ਨਾਂ ਨਹੀਂ ਸੁਣੀਂਦਾ। ਹਿਊਨਸਾਂਗ ਨੇ ਵੀ ਇਸ ਦਾ ਜ਼ਿਕਰ ਨਹੀਂ ਕੀਤਾ (ਕਨਿੰਘਮ, 227 ਪੰਨਾ)। ਦਰ ਅਸਲ ਇਹ 11ਵੀਂ, 12ਵੀਂ ਸਦੀ ਵਿਚ ਗਜ਼ਨਵੀ ਰਾਜ ਦੀ ਰਾਜਧਾਨੀ ਬਣਨ ਕਰਕੇ ਮਸ਼ਹੂਰ ਹੋਇਆ ਤੇ ਇਸੇ ਕਰਕੇ ਇਸ ਦੇ ਨਾਂ ਤੇ ਬੋਲੀ ਦਾ ਨਾਂ ਪੁਕਾਰਿਆ ਗਿਆ।

'ਦੁਬਿਸਤਾਨਿ ਮਜ਼ਾਹਬ' ਦਾ ਕਰਤਾ ਮੋਹਸਨ ਫਾਨੀ (1055 ਹਿ:—1645 ਈ:) ਪੰਜਾਬੀ ਨੂੰ 'ਜ਼ਬਾਨ ਜ਼ਟਾਨਿ ਪੰਜਾਬ' ਕਹਿੰਦਾ ਹੈ। ਉਹ ਇਹ ਵੀ ਲਿਖਦਾ ਹੈ ਕਿ 'ਜੱਟ' ਪੰਜਾਬ ਦੀ ਪੇਂਡੂ ਵਸੋਂ ਨੂੰ ਕਹਿੰਦੇ ਹਨ। ਇਸੇ ਗੱਲ ਦੀ ਪੁਸ਼ਟੀ ਕਰਦਾ ਕਨਿੰਘਮ ਆਖਦਾ ਹੈ ਕਿ 'ਜੱਟ ਮੇਹਨਤੀ, ਤਕੜ ਹਲ-ਵਾਹ ਤੇ ਜੁੱਸੇ ਦੇ ਭਰਵੇਂ ਹੁੰਦੇ ਹਨ। ਲੜ ਪੈਣ ਤੇ ਹਥਿਆਰ ਵੀ

---

‡ਅਠਾਰਵੀਂ ਸਦੀ ਦੀ ਇਕ ਰਚਨਾ ਵਿਚ ਵੀ ਪੰਜਾਬੀ ਨੂੰ 'ਮੁਲਤਾਨੀ' ਕਿਹਾ ਗਿਆ ਹੈ—

'ਸ੍ਰੀ ਗੁਜਰਾਤ ਬੱਟੇ ਦੀ ਰਾਣੀ, ਜੈਸਲਮੇਰ ਅਨਇ ਮੁਲਤਾਣੀ।
ਉਤਰਾਧੀ ਪੂਰਬੀ ਤਿਲੰਗੀ, ਪੁਛੁ ਜੈਸਨਾਰ ਨਵਰੰਗੀ।
ਦਿਲਵਾਲਣ ਜੋਗਇ ਵਰਿਆਣੀ। ਨਵਮੀ ਸਿਫਤ ਕਰਇ ਖੁਰੇਸਾਣੀ।'

[ਨਾਮ-ਬੋਲੀ ਭੇਦ]

Sri Satguru Jagjit Singh Ji eLibrary NamdhariElibrary@gmail.com

ਚਲਾ ਸਕਦੇ ਹਨ। ਜੱਟਾਂ ਨੂੰ ਹਿੰਦ ਦੀ ਜੰਞ ਤੋਂ 'ਵਧੀਆ ਪੰਡੁ ਵਸੰਦਾ ਆਖਣਾ ਬਣਦਾ ਹੈ,' ਇਸੇ ਕਰਕੇ ਕਵੀ ਹਾਮਦ ਆਪਣੀ ਰਚਨਾ 'ਹੀਰ' (1173 ਹਿ:) ਵਿਚ ਪੰਜਾਬੀ ਨੂੰ 'ਜੱਟਕੀ' ਕਹਿੰਦਾ ਹੈ।

ਬਹੁਤ ਸਾਰੇ ਧਾਰਮਿਕ ਲੋਕੀਂ 'ਗੁਰਮੁਖੀ' ਨਾਂ ਹੀ ਕਰਿੰਦੇ ਆਏ ਕਹਨ। ਪਰਿਲੇ ਪਹਿਲ ਅੰਗਰੇਜ਼ ਲਿਖਾਰੀਆਂ ਨੇ ਵੀ ਇਹ ਨਾਂ ਬੋਲੀ ਲਈ ਵਰਤਿਆ ਜਦੋਂ ਕਿ ਅਸਲ ਵਿਚ ਇਹ ਲਿਪੀ ਦਾ ਨਾਂ ਹੈ। ਡਾਕਟਰ ਲਾਈਟਨਰ, ਜੋ ਪੰਜਾਬ ਦੇ ਵਿਦਿਆ ਵਿਭਾਗ ਦੇ ਡਾਇਰੈਕਟਰ ਸਨ ਅਤੇ ਬਾਲ ਗੰਗਾਧਰ ਤਿਲਕ ਆਦਿ ਵਰਗਿਆਂ ਨੇ ਵੀ ਪੰਜਾਬੀ ਬੋਲੀ ਨੂੰ 'ਗੁਰਮੁਖੀ' ਨਾਂ ਨਾਲ ਹੀ ਯਾਦ ਕੀਤਾ ਹੈ।

'ਪੰਜਾਬੀ' ਨਾਂ ਪੰਜਾਬ ਜਿਤਨਾ ਕੁ ਹੀ ਪੁਰਾਣਾ ਹੋ ਸਕਦਾ ਹੈ। ਖ਼ਿਆਲ ਹੈ ਮੁਗ਼ਲ ਜ਼ਮਾਨੇ ਵਿਚ ਇਸ ਦਾ ਆਮ ਵਰਤਾਰਾ ਹੋਇਆ। ਇਹ ਨਾ ਵਰਤਣ ਵਾਲਿਆਂ ਦੇ ਕੁਝ ਹਵਾਲੇ ਇਥੇ ਦਿੰਦੇ ਹਾਂ—

ਸੰਤ ਦਾਦੂ ਦੇ ਚੇਲੇ ਸੁੰਦਰ ਦਾਸ ਜੀ (1596-1638 ਈ:) ਮਸ਼ਹੂਰ ਹਿੰਦੀ ਕਵੀ ਹੋਏ ਹਨ, ਇਨ੍ਹਾਂ ਨੇ ਅੱਠ ਪੰਜਾਬੀ ਛੰਦ ਰਚ ਕੇ ਉਸ ਦਾ ਨਾਂ 'ਪੰਜਾਬੀ ਅਸ਼ਟਕ' ਰਖਿਆ। ਇਹ ਅਜੇ ਤਕ ਅਣਛਪਿਆ ਹੈ।

ਲਖਨਊ ਵਿਚ ਕੰਬੋ ਜਾਤ ਦਾ ਇਕ ਸੂਰਦਾਸ ਨਾਮੀ ਕਵੀ ਸੀ ਜਿਸ ਦਾ ਪਿੱਛਾ ਕਲਾਨੌਰ (ਗੁਰਦਾਸਪੁਰ) ਦਾ ਸੀ। ਇਸ ਨੇ 1657 ਈ: ਵਿਚ 'ਨਲ ਦਮਨ' ਕਾਵਿ ਲਿਖਿਆ, ਜਿਸ ਦਾ ਹੱਥ ਲਿਖਤ ਖਰੜਾ ਬੰਬਈ ਦੀ 'ਪ੍ਰਿੰਸ ਆਫ ਵੇਲਜ਼ ਲਾਇਬਰੇਰੀ' ਵਿਚ ਪਿਆ ਹੈ। ਇਸ ਵਿਚ ਲਿਖਿਆ ਹੈ—

'ਯਾਰੋ ਪਹਿ ਕਛੂ ਮੈਂ ਅਖੀਆ। ਇਸ਼ਕ ਫਿਰਾਕ ਪੂਰਬੀ ਭਖੀਆ।
ਮਤ ਜਾਨਹੁ ਯਹ ਪੂਰਬ ਬਤੀਆ। ਪੂਰਬ ਦੇਸ 'ਪੰਜਾਬੀ' ਮਤਿਹਾ।
ਹੌਂ ਆਪਨੀ ਭਾਸ਼ਾ ਭੀ ਜਾਨੂੰ। ਨੁਕਤਾ ਨੁਕਤਾ ਸਭ ਪਹਿਚਾਨੂੰ।
ਉਸ ਭਾਖਾ ਵਿਚ ਸ਼ੈਅਰ ਘਨੇਰੇ। ਇਸ਼ਕ ਹਕੀਕਤ ਆਖੇ ਮੇਰੇ।
ਅਸ ਆਪਨੀ ਭਾਖਾ ਬਿਚ ਬਾਨੀ। ਬਨੈ ਭਲੀ ਪੈ ਕੋ ਦਹਸਤ ਹਾਨੀ।
ਹੋਵੈ ਮਰਮੈ ਕਲ ਜੋ ਕੁਝੀ। ਜਿਮ ਕਿਸ ਤਾਸੋਂ ਜਾਇ ਨਾ ਬੁਝੀ।
ਬਾਝ 'ਪੰਜਾਬੀ' ਹੋਰੇ ਨਾ ਜਾਨੈ। ਰਤਨ ਪਾਰਖੀ ਰਤਨ ਸਿਜਾਨੈ।

[ਨਾਗਰੀ ਪ੍ਰਚਾਰਣੀ ਪੱਤ੍ਰਿਕਾ, ਬਰਖ 43, ਅੰਕ 2 (ਪੰਨਾ 122)

ਹਾਫਜ਼ ਬਰਖੁਰਦਾਰ (1080 ਹਿ:—1669 ਈ:)—
ਹਜ਼ਰਤ ਨੋਮਨ ਦਾ ਫੁਰਮਾਇਆ, ਇਸ ਵਿਚ ਏਹ ਮਸਾਇਲ
ਤੁਰਤ ਪੰਜਾਬੀ ਆਖ ਸੁਣਾਵੀਂ, ਜੇ ਕੋ ਹੋਵੈ ਮਾਇਲ।

[ਮਿਫਤਾਹੁਲ ਫ਼ਿਕਾ]

ਮੌਲਵੀ ਕਮਾਲੁੱਦੀਨ (1112 ਹਿ:—1701)—
ਵੇਖ ਕਿਤਾਬਾਂ ਮਸਲੇ ਜੋੜੇ, ਨਾਲ ਜ਼ਬਾਨ ਪੰਜਾਬੀ
ਯਾਦ ਕਰੋ ਤੁਸੀਂ ਪੜ੍ਹੋ ਹਮੇਸ਼ਾ, ਨਾਲ ਤਬੀਅਤ ਤਾਜ਼ੀ।

[ਇੰਤਖਾਬੁਲ ਕਵਾਫ਼]

Sri Satguru Jagjit Singh Ji eLibrary NamdhariElibrary@gmail.com

ਪੁਕਨਦੀਨ (1136 ਹਿ:—1725)—

ਹਿੰਦੀ ਬਹਰ ਸੁਖੱਲਾ ਕੀਜੇ, ਲਿਖੀ ਦੇਖ ਕਿਤਾਬੇਂ ।
ਜੇ ਕੋਈ ਹਰਫ ਖਤਾਈ ਹੋਵੇ, ਬਾਹਰ ਹੱਦ ਹਿਸਾਬੇਂ ।
ਯਾਰਾਂ ਸੈ ਅਰ ਛੱਤੀ ਸਾਲਾ, ਪਿਛੇ ਸੰਨ ਹਿਜਰ ਥੀਂ ।
ਖਾਸ ਜ਼ਬਾਨ ਪੰਜਾਬੀ ਅੰਦਰ, ਕੀਤਾ ਸੁਖਨ ਫਿਕਰ ਥੀਂ ।
[ਜੰਗ ਨਾਮਾ]

ਗੁਲਾਮ ਮੁਹੱਯਦੀਨ ਕਸੂਰੀ (1167 ਹਿ:)

ਇਸ ਆਸੀ ਨੂੰ ਬਹੁਤ ਤਾਕੀਦਾਂ ਕਰਦੇ ਨਾਲ ਸ਼ਤਾਬੀ
ਜ਼ਿਕਰ ਮਨਾਸਕ ਹੱਜ ਦਾ ਕਰ ਤੂੰ, ਵਿਚ ਜ਼ਬਾਨ ਪੰਜਾਬੀ ।
[ਜ਼ਾਦਇਲਹਾਜ਼]

ਹਾਮਦ (1191 ਹਿ:)—

ਹੈਗੀ ਅਰਬੀ-ਫਾਰਸੀ, ਅਸਾਂ ਨ ਮਤਲੂਬ
ਆਮ ਲੋਕਾਂ ਵਾਸਤੇ, ਹੈ ਪੰਜਾਬੀ ਖੂਬ । [ਜੰਗਨਾਮਾ]

ਮੀਆਂ ਇਮਾਮ ਬਖਸ਼ (1778—1863 ਈ:)—

ਫਾਰਸੀ ਕਹੇ ਦੀਵਾਨ ਲੋਕਾਂ ਨੇ, ਹੋਇ ਇਸ਼ਕ ਸ਼ਰਾਬੀ
ਇਹ ਦੀਵਾਨ ਇਮਾਮ ਬਖਸ਼ ਦਾ, ਵਿਚ ਜ਼ਬਾਨ ਪੰਜਾਬੀ ।
[ਲੈਲਾ ਮਜਨੂੰ]

18ਵੀਂ ਸਦੀ ਦਾ ਲਹਿੰਦੇ ਦਾ ਕਵੀ 'ਸਮਰਥ' ਆਪਣੀ 'ਬਾਵਨੀ' ਵਿਚ ਲਿਖਦਾ ਹੈ :—

'ਅੱਖਰ ਅੱਖਰ ਉਤੇ ਸੱਖਰ, ਅਰਥੇਂ ਨਾਲ ਉਪੰਨੀ
ਮਿੱਠੀ ਬਾਣੀ ਪੰਜਾਬੀ ਜਾਣੀ, ਰਸਕਾਂ ਦੇ ਮਨ ਮੰਨੀ ।'

ਪੰਜਾਬੀ ਦੀ ਮਿਠਾਸ ਦੀ ਗਵਾਹੀ ਤਾਂ ਲੋਕ-ਗੀਤਾਂ ਵਿਚ ਵੀ ਆਈ ਹੈ :—

'ਬੁਤ ਵਣੱਟਿਆ ! ਤੇਰੀ ਠੰਢ ਲਹਿਰ ਏ ਕਾਈ ਛਾਂ ਦੀ
ਮਿਠੀ ਬੋਲੀ ਥਲ ਦੀ, ਲਟਕਾਵੀਂ ਚਾਲ ਝਨਾਂ ਦੀ ।'

ਉਰਦੂ ਰਚਨਾ 'ਦਰਿਆਏ ਲਤਾਫਤ' (1802 ਈ:) ਵਿਚ, ਇਨਸ਼ਾ 'ਪੰਜਾਬੀ' ਸ਼ਬਦ ਦੀ ਜ਼ਬਾਨ ਲਈ ਵਰਤੋਂ ਕਰਦਾ ਹੈ । ਸਭ ਤੋਂ ਪਹਿਲੀ ਯੂਰਪੀਨ ਲਿਖਤ 'ਐਡੀਲੰਗ ਦੀ ਮਿਥਰੀਡੇਟਸ' (1806 ਈ: ਬਰਲਨ) ਵਿਚ 'ਪੰਜਾਬੀ' ਨਾਂ ਵਰਤਿਆ ਗਿਆ ਦਸੀਦਾ ਹੈ । ਇਸ ਤੋਂ ਬਾਦ ਤਾਂ 'ਪੰਜਾਬੀ ਗ੍ਰਾਮਰ' ਤੇ 'ਪੰਜਾਬੀ ਡਿਕਸ਼ਨਰੀ' ਨਾਂ ਹੇਠ ਅੰਗਰੇਜ਼ਾਂ ਵਲੋਂ ਕਿੰਨੀਆਂ ਹੀ ਕਿਤਾਬਾਂ ਲਿਖੀਆਂ ਗਈਆਂ । ਜਿਸ ਤਰ੍ਹਾਂ ਛੋਟੀ ਉਮਰ ਵਿਚ ਬੱਚੇ ਦੇ ਕਈ ਨਾਮ ਪੈਂਚੇ ਤੇ ਕਈ ਬਦਲਦੇ ਹਨ ਤਿਵੇਂ ਮੁੱਢ ਵਿਚ ਪੰਜਾਬੀ ਦੇ ਕਈ ਨਾਂ ਪਏ ਪਰ ਹੁਣ ਪੰਜਾਬ ਦੀ ਬੋਲੀ ਲਈ ਪੰਜਾਬੀ ਤੋਂ ਸਿਵਾ ਹੋਰ ਕੋਈ ਨਾਮ ਨਹੀਂ ਰਿਹਾ ਰੇ ਇਹੋ ਨਾਂ ਪੱਕ ਕੇ ਪ੍ਰਮਾਣੀਕ ਹੋ ਗਿਆ ਹੈ ।

Sri Satguru Jagjit Singh Ji eLibrary ——— NamdhariElibrary@gmail.com

ਪੰਜਾਬੀ ਦੀਆਂ ਹੱਦਾਂ

ਆਮ ਤੌਰ ਤੇ ਦੇਸਾਂ ਦੀਆਂ ਹੱਦਾਂ ਪਹਾੜਾਂ ਜਾਂ ਦਰਿਆਵਾਂ ਦੇ ਆਸਰੇ ਬਣਦੀਆਂ ਹਨ। ਭਾਵੇਂ ਰਾਜਨੀਤਕ ਹੱਦ-ਬੰਦੀ ਕਈ ਵਾਰ ਇਨਾਂ ਭੂਗੋਲਕ ਹੱਦਾਂ ਨੂੰ ਧੁੰਦਲਾ ਵੀ ਕਰ ਦੇਂਦੀ ਹੈ। ਪਰ ਫਿਰ ਵੀ ਕੁਦਰਤੀ ਹੱਦ-ਬੰਦੀ ਖਾਸੀ ਜ਼ੋਰਾਵਰ ਰਹਿੰਦੀ ਹੈ ਅਤੇ ਜ਼ਬਾਨ ਦੀਆਂ ਹੱਦਾਂ ਕਾਇਮ ਕਰਨ ਵਿਚ ਤਾਂ ਇਸੇ ਦਾ ਬਹੁਤਾ ਹੱਥ ਹੁੰਦਾ ਹੈ। ਜਦੋਂ ਆਵਾਜਾਈ ਦੇ ਮੌਜੂਦਾ ਸਾਧਨ ਵਜੂਦ ਵਿਚ ਨਹੀਂ ਸੀ ਆਏ, ਓਦੋਂ ਦਰਿਆਈ ਤੇ ਪਹਾੜੀ ਹੱਦਾਂ ਨੇ ਮਨੁੱਖ ਨੂੰ ਆਪਣੀ ਆਪਣੀ ਥਾਂ ਤੇ ਘੇਰਿਆ ਹੋਇਆ ਸੀ। ਜਿਥੋਂ ਤਕ ਲੋਕ ਸਹਿਜ ਸੁਭਾ ਆ ਜਾ ਸਕਦੇ ਸਨ, ਉਹ ਆਮ ਤੌਰ ਤੇ ਦੋ ਦਰਿਆਵਾਂ ਜਾਂ ਦੋ ਪਹਾੜਾਂ ਵਿਚਕਾਰਲਾ ਖੇਤਰ ਹੁੰਦਾ ਸੀ। ਅਜ ਕਲ ਵੀ ਲਗਭਗ ਅਜਿਹੀ ਗਲ ਹੀ ਹੈ। ਰਾਜਨੀਤਕ ਜਾਂ ਨਸਲੀ ਏਕਤਾ ਕਰਕੇ ਜਿਤਨਾ ਕੁ ਅਜੇਹੇ ਦਰਿਆਵਾਂ ਜਾਂ ਪਹਾੜਾਂ ਦਾ ਇਲਾਕਾ ਇਕ ਗੁਟ ਵਿਚ ਆ ਜਾਂਦਾ, ਉਹ ਇਕ ਦੇਸ਼ ਬਣ ਜਾਂਦਾ।

ਹਮੇਸ਼ਾਂ ਦੇ ਮੇਲ-ਜੋਲ ਕਾਰਣ ਦੁਆਬਿਆਂ (ਦੋ ਦਰਿਆਵਾਂ ਵਿਚਕਾਰਲਾ ਇਲਾਕਾ) ਦੀ ਬੋਲੀ ਵਿਚ ਸਾਂਝ ਤੇ ਏਕਤਾ ਪੈਦਾ ਹੋਣੀ ਲਾਜ਼ਮੀ ਗੱਲ ਸੀ। ਰਾਜਨੀਤਕ, ਸਭਿਆਚਾਰਕ, ਜਾਂ ਨਸਲੀ ਸਾਂਝ ਕਾਰਨ ਹੌਲੀ ਹੌਲੀ ਦੁਆਬਿਆਂ ਦੀ ਬੋਲੀ ਵਿਚ ਵੀ ਉਚਾਰਣ ਤੇ ਸ਼ਬਦ-ਭੰਡਾਰ ਦੀ ਸਮਾਨਤਾ ਕਰਕੇ ਇਕ ਮੌਲਕ ਸੁਤੰਤਰ ਸਾਝੀ ਬੋਲੀ ਦੀ ਹਸਤੀ ਕਾਇਮ ਹੁੰਦੀ ਗਈ। ਦੁਆਬਿਆਂ ਦੀਆ ਬੋਲੀਆ ਉਪ-ਬੋਲੀਆਂ ਕਹਾਉਂਦੀਆਂ ਹਨ ਤੇ ਉਨ੍ਹਾਂ ਬੋਲੀਆਂ ਦੇ ਸਾਂਝੇ ਗੁਣਾਂ ਦੀ ਵਾਲੀ ਵਾਰਸ ਸਮੁੱਚੇ ਦੇਸ ਦੀ ਬੋਲੀ। ਇਸ ਬੋਲੀ ਦੀ ਹੱਦ ਉਥੇ ਤਕ ਹੁੰਦੀ ਹੈ, ਜਿਥੇ ਤਕ ਇਸ ਦੇ ਬੋਲਣਹਾਰਿਆਂ ਦੀ ਧੁਨੀ ਸਦਾ ਗੂੰਜਦੀ ਰਹੇ। ਭੂਗੋਲਕ ਇਕਸਾਰਤਾ ਹੋਣੀ ਇਕ ਜ਼ਰੂਰੀ ਸ਼ਰਤ ਹੈ।

ਪੰਜਾਬ ਦੇਸ਼ ਦੀ ਬੋਲੀ ਪੰਜਾਬੀ ਹੈ। ਪੁਰਾਣੇ ਜ਼ਮਾਨੇ ਤੋਂ ਪੰਜਾਬ ਦੀਆਂ ਹੱਦਾਂ ਸਿੰਧ ਦਰਿਆ ਤਾਂ ਲੈ ਕੇ ਸੁਰਸਤੀ ਦਰਿਆ ਤਕ ਰਹੀਆਂ ਹਨ ਤੇ ਅਜ ਵੀ ਕੁਝ ਇਸ ਤਰ੍ਹਾਂ ਹੀ ਹੈ। ਕਿਸੇ ਜ਼ਮਾਨੇ ਵਿਚ ਗੰਧਾਰ (ਕੰਧਾਰ), ਕਸ਼ਮੀਰ ਆਦਿ ਦਾ ਇਲਾਕਾ ਵੀ ਸਪਤ-ਸਿੰਧੂ (ਪੰਜਾਬ) ਨਾਲ ਸਬੰਧਤ ਰਿਹਾ ਹੈ ਤੇ ਕਈ ਵਾਰ ਰਾਜਨੀਤਕ ਅਦਲਾ-ਬਦਲੀਆਂ ਨੇ ਇਸ ਨੂੰ ਕਈ ਹਿੱਸਿਆਂ ਵਿਚ ਵੰਡੀ ਵੀ ਰਖਿਆ ਹੈ ਪਰ ਕੁਦਰਤੀ ਹੱਦਾਂ ਇਸ ਦੇ ਮੂਲ ਰੂਪ ਨੂੰ ਮੁੜ ਕਾਇਮ ਰੱਖਣ ਵਿਚ ਸਮਰਥ ਰਹੀਆਂ ਹਨ। ਮੁਸਲਮ ਜ਼ਮਾਨੇ ਵਿਚ ਖਾਸ ਕਰ ਕੇ ਮੁਗ਼ਲ ਰਾਜ ਸਮੇਂ ਇਹ ਕੁਦਰਤੀ ਹੱਦਾਂ ਰਾਜਨੀਤਕ ਤੌਰ ਤੇ ਪੱਕੀਆਂ ਹੋਈਆਂ। (ਅਜ ਕਲ ਦੀਆਂ ਕਮਿਸ਼ਨਰੀਆਂ ਵਾਂਙ ਉਸ ਸਮੇਂ ਪੰਜਾਬ ਦੇ ਲਾਹੌਰ, ਮੁਲਤਾਨ, ਕਸ਼ਮੀਰ ਤੇ ਪਿਸ਼ਾਵਰ ਚਾਰ ਸੂਬੇ ਸਨ)।

Sri Satguru Jagjit Singh Ji eLibrary NamdhariElibrary@gmail.com

ਗੁਰੂਆਂ ਦੀ ਜਗਾਈ ਸਪਿਰਟ ਨੇ ਸਭਿਆਚਾਰਕ ਸਾਂਝ ਜਗਾ ਕੇ ਇਨ੍ਹਾਂ ਹੱਦਾਂ ਨੂੰ ਹੋਰ ਮਜ਼ਬੂਤ ਕੀਤਾ। ਭਾਈ ਗੁਰਦਾਸ ਤੇ ਪ੍ਰੋ: ਪੂਰਨ ਸਿੰਘ ਨੇ ਐਵੇਂ ਨਹੀਂ ਆਖਿਆ। ਇਹ ਕਵੀ-ਬਚਨ ਇਤਿਹਾਸਕ ਹਕੀਕਤ ਦਾ ਦਰਜਾ ਰੱਖਦੇ ਹਨ।

'ਪੰਜਾਬੈ ਗੁਰ ਦੀ ਵਡਿਆਈ।' [ਵਾਰ ਗਿਆਰ੍ਹਵੀਂ]

'ਪੰਜਾਬ, ਜੀਉ੍ਹਂਦਾ ਗੁਰੂ ਦੇ ਨਾਂ ਤੇ'। [ਖੁਲ੍ਹੇ ਮੈਦਾਨ]

ਇਹ ਤਾਂ ਅਜ ਕੱਲ ਦੀ ਗੱਲ ਹੈ, ਜੋ ਗੁਰੂ ਦੇ ਸੂਰਮੇ ਸਿੰਘ ਅਠਾਰ੍ਹਵੀਂ ਸਦੀ ਵਿਚ ਵਰ੍ਹਿਆਂ-ਬੱਧੀ ਮਰਨਾ ਨਾ ਮੰਡਦੇ ਤਾਂ ਸ਼ਾਇਦ ਪੰਜਾਬ ਦਾ ਬਹੁਤਾ ਹਿੱਸਾ ਅਜ ਅਫਗਾਨਿਸਤਾਨ ਦਾ ਅੰਗ ਹੁੰਦਾ। ਹੁਣ ਵੀ ਰਾਜਨੀਤਕ ਸ਼ਤਰੰਜੀ ਚਾਲ ਨੇ ਘੱਟ ਨਹੀਂ ਗੁਜ਼ਾਰੀ, ਕੁਝ ਅਜਿਹਾ ਹੀ ਕਰ ਦਿਖਾਇਆ ਹੈ।

ਵਰਤਮਾਨ ਅਣ-ਵੰਡੇ ਪੰਜਾਬ ਦਾ ਘੇਰਾ 1 ਲਖ 35 ਹਜ਼ਾਰ 905 ਮੁਰੱਬਾ ਮੀਲ ਸੀ। ਭਾਵੇਂ ਇਸ ਦੇਸ ਵਿਚਕਾਰ ਵਗਦ ਸਤਲਜ, ਬਿਆਸ, ਰਾਵੀ, ਜੇਹਲਮ ਤੇ ਝਨਾਂ— ਪੰਜਾਂ ਦਰਿਆਵਾਂ ਕਾਰਣ ਇਸ ਨੂੰ ਪੰਜਾਬ ਦਾ ਨਾਂ ਦਿੱਤਾ ਗਿਆ ਹੈ ਪਰੰਤੂ ਇਨ੍ਹਾਂ ਦਰਿਆਵਾਂ ਵਿਚਕਾਰਲੇ ਹਿੱਸੇ ਤੋਂ ਇਲਾਵਾ ਹੋਰ ਵੀ ਕਾਫੀ ਖਿੱਤਾ ਇਸ ਨਾਲ ਸਬੰਧਤ ਰਿਹਾ।‡ ਜਿਵੇਂ ਹੁਣ ਵੀ ਸਤਲੁਜ ਪਾਰ ਦੱਖਣ ਵਲ ਨੂੰ ਜਮਨਾ ਤਕ ਦਾ ਅਤੇ ਜੇਹਲਮ ਤੋਂ ਸਿੰਧ ਦਰਿਆ ਤਕ ਦਾ ਇਲਾਕਾ ਬਲਕਿ ਸਿੰਧ ਤੋਂ ਵੀ ਪਾਰ ਦਾ ਕੁਝ ਹਿੱਸਾ (ਜ਼ਿਲਾ ਡੇਰਾ ਗਾਜ਼ੀ ਖਾਂ ਤੇ ਜ਼ਿਲਾ ਮੀਆਂ ਵਾਲੀ ਦੀ ਤਸੀਲ ਇਜ਼ਾ ਖੇਲ)। ਭਾਵੇਂ ਇਸ ਸਮੇਂ ਇਹ ਕੁਝ ਭਾਗ ਦੇਸ ਰਾਜਨੀਤਕ ਤੌਰ ਤੇ ਪੂਰਬੀ ਪੰਜਾਬ ਤੇ ਪੱਛਮੀ ਪੰਜਾਬ ਨਾਂ ਹੇਠ ਦੋ ਥਾਈਂ ਵੰਡਿਆ ਗਿਆ ਹੈ ਪਰ ਪੰਜਾਬ ਨਾਂ ਦੋਹਾਂ ਖਿੱਤਿਆਂ ਨਾਲ ਨਹੁੰ ਮਾਸ ਵਾਂਙ ਜੁੜਿਆ ਹੋਇਆ ਹੈ। ਇਸ ਲਈ ਰਾਜਨੀਤਕ ਵੰਡ ਦੀ ਮਾਰੀ ਗ਼ੈਰ-ਕੁਦਰਤੀ ਲੀਕ ਨੂੰ ਅਣਡਿਠ ਕਰਕੇ ਕਿਹਾ ਜਾ ਸਕਦਾ ਹੈ ਕਿ ਇਸ ਸਮੇ ਦੇ ਪੰਜਾਬ ਦੀਆਂ ਹੱਦਾਂ ਜਿਥੇ ਪੂਰਬ ਵਲ ਜਮਨਾ ਨਾਲ ਖਹਿੰਦੀਆਂ ਹਨ, ਉਥੇ ਪੱਛਮ ਵਲ ਅਟਕ (ਸਿੰਧ) ਦਰਿਆ ਨਾਲ ਜਾ ਟਕਰਾਉ੍ਹਂਦੀਆਂ ਹਨ। ਜਿਥੇ ਉਤਰ ਵਲ ਠੰਢੇ ਹਿਮਾਲੀਆ ਦੀ ਨਿਚਲੀ ਪਹਾੜੀ ਕਤਾਰ ਤੇ ਹਿੰਦ ਦਾ ਬਗੀਚਾ ਕਸ਼ਮੀਰ ਹੈ, ਉਥੇ ਦੱਖਣ ਵੱਲ ਰਾਜਸਥਾਨ ਦਾ ਗਰਮ ਰੇਤ-ਥਲ ਹੈ। ਅਜੇਹੇ ਅਨੱਖੀ ਤਰ੍ਹਾਂ ਦੇ ਰਲਵੇਂ ਮਿਲਵੇਂ ਵਾਯੂ ਮੰਡਲ (120 ਦਰਜੇ ਤਕ ਦੀ ਗਰਮੀ ਤੇ ਥਰਮਾਮੀਟਰ ਨੂੰ 20 ਦਰਜੇ ਤਕ ਲਿਆਉਣ ਵਾਲੀ ਸਰਦੀ) ਨੇ ਇਸ ਅਸਚਰਜ-ਪੂਰਣ ਬਲਵਾਨ ਪੰਜਾਬੀਅਤ ਨੂੰ ਜਨਮ ਦਿੱਤਾ ਹੈ, ਜਿਸ ਲਈ ਗਰਮ ਮਾਰੂ ਥਲ ਤੇ ਬਰਫਾਨੀ ਪਹਾੜ ਇਕ ਸਮਾਨ ਹਨ।§

---

‡ਸਰ ਜੇਮਜ਼ ਡੇਈ ਕ੍ਰਿਤ 'ਦੀ ਪੰਜਾਬ, ਨਾਰਥ-ਵੈਸਟ ਫਰੰਟੀਅਰ ਪ੍ਰਾਵਿਨਸਜ਼ ਐਂਡ ਕਸ਼ਮੀਰ' ਦੀ ਭੂਮਿਕਾ ਵਿਚ T. H. ਹਾਲੈਂਡ ਲਿਖਦਾ ਹੈ, 'The term "Punjabi much more nearly, but still imperfectly, covers the peopl of the punjab, the North West Frontier Province, Kashmi and the associated smaller native states.' ਕਿਸੇ ਜ਼ਮਾਨੇ ਸਰਹੱਦ ਕਸ਼ਮੀਰ ਆਦਿ ਦਾ ਇਲਾਕਾ ਪੰਜਾਬ ਦਾ ਹੀ ਅੰਗ ਸੀ।

§Such a climate breeds a hardy martial race and th war found the Punjab peasant equally capable of enduri a winter in the muds of Flanders, or a summer amidst th sands of Mesopotamia.'

('The punjab of today' (Trevaskis) Vol. I. P. 139.

Sri Satguru Jagjit Singh Ji eLibrary (Namdhari Library@gmail.com)

ਇਹ ਪੰਜਾਂ ਦਰਿਆਵਾਂ ਦਾ ਦੇਸ ਛੇ ਸੁਹਾਵਣੇ ਅਮੀਰ ਦੁਆਬਿਆਂ ਦਾ ਮਾਲਕ ਹੈ—ਸਤਲੁਜ ਦੁਆਬ, ਬਿਸਤ ਦੁਆਬ, ਬਾਰੀ ਦੁਆਬ, ਰਚਨਾ ਦੁਆਬ, ਚੱਜ ਦੁਆਬ ਤੇ ਸਿੰਧ ਸਾਗਰ ਦੁਆਬ। ਇਸ ਸਾਢੇ ਚਾਰ ਕੁ ਸੌ ਮੀਲ ਲੰਬੇ ਤੇ ਚਾਰ ਕੁ ਸੌ ਮੀਲ ਚੌੜੇ ਦੇਸ਼ ਦੀ ਬੋਲੀ ਪੰਜਾਬੀ ਹੈ ਜਿਸ ਵਿਚ ਪੂਰਬੀ ਪੰਜਾਬ, ਪੱਛਮੀ ਪੰਜਾਬ ਦਾ ਲਗਭਗ ਸਾਰਾ ਹਿੱਸਾ, ਹਿਮਾਚਲ ਪ੍ਰਦੇਸ਼ ਦਾ ਕੁਝ ਹਿੱਸਾ, ਜੰਮੂ ਦਾ ਇਲਾਕਾ, ਰਿ: ਬਹਾਵਲ ਪੁਰ ਦਾ ਕੁਝ ਭਾਗ ਤੇ ਰਾਜਸਥਾਨ ਦਾ ਇਕ ਜ਼ਿਲਾ ਸ਼ਾਮਲ ਹੈ।

ਭਾਵੇਂ ਇਸ ਵਿਚ ਦੁਆਬਿਆਂ, ਪਹਾੜੀ ਹੱਦ-ਬੰਦੀਆਂ ਅਤੇ ਅੱਡ ਅੱਡ ਵਾਤਾਵਰਣ ਕਾਰਣ ਤਰ੍ਹਾਂ ਤਰ੍ਹਾਂ ਦੇ ਭਿੰਨ ਭੇਦ ਪਾਏ ਜਾਂਦੇ ਹਨ ਪਰੰਤੂ ਉਚਾਰਣ ਤੇ ਸ਼ਬਦ-ਭੰਡਾਰ ਦੀ ਸਮਾਨਤਾ ਕਰਕੇ ਪੰਜਾਬੀਅਤ ਦਾ ਗੁਣ ਸਭ ਥਾਂ ਮੀਰੀ ਦਿਖਾਈ ਦਿੰਦਾ ਹੈ। ਦਿਸਦੀ ਭਿੰਨਤਾ ਕੇਵਲ ਉਪਭਾਖੀ ਕਿਸਮ ਦੀ ਹੈ, ਸੁਤੰਤਰ ਭਾਸ਼ਾ ਵਾਲੀ ਨਹੀਂ।

ਸਰ ਜਾਰਜ ਗ੍ਰੀਅਰਸਨ ਦਾ ਮਤ ਹੈ ਕਿ ਪੂਰਬੀ ਪੰਜਾਬ ਦੀ ਬੋਲੀ ਤਾਂ ਪੰਜਾਬੀ ਹੈ‡ ਪਰੰਤੂ ਪੱਛਮੀ ਪੰਜਾਬ ਦੇ ਤਕੜੇ ਹਿੱਸੇ ਦੀ ਬੋਲੀ ਪੰਜਾਬੀ ਨਹੀਂ, ਲਹਿੰਦੀ ਹੈ। ਹਾਲਾਂਕਿ ਲੇਖਕ ਉਸ ਨੂੰ 'ਪੱਛਮੀ ਪੰਜਾਬੀ' ਨਾਂ ਨਾਲ ਵੀ ਯਾਦ ਕਰਦਾ ਹੈ। ਗ੍ਰੀਅਰਸਨ ਦੇ ਵਿਚਾਰ ਅਨੁਸਾਰ ਲਹਿੰਦੀ ਪੰਜਾਬੀ ਦੀ, ਉਪਬੋਲੀ ਮਾਤਰ ਨਹੀਂ ਸਗੋਂ ਸੁਤੰਤਰ ਬੋਲੀ ਹੈ ਜੋ ਕਿ ਜ਼ਿਆਦਾਤਰ ਝਨਾਂ ਤੇ ਜੇਹਲਮ ਦੇ ਇਲਾਕੇ—ਚੱਜ ਦੁਆਬ ਵਿਚ ਵਰਤੀਂਦੀ ਹੈ। ਪਰੰਤੂ ਗ੍ਰੀਅਰਸਨ ਸਾਹਿਬ ਲਹਿੰਦੀ ਦੀ ਹੱਦ ਨੀਅਤ ਕਰਨ ਲਗੇ ਫਿਰ ਮਜਬੂਰੀ ਪ੍ਰਗਟ ਕਰਦੇ ਹਨ ਕਿ ਪੰਜਾਬੀ ਤੇ ਲਹਿੰਦੀ ਦੇ ਦਰਮਿਆਨ ਹੱਦਬੰਦੀ ਨੀਅਤ ਕਰਨੀ ਬਿਲਕੁਲ ਅਸੰਭਵ ਹੈ। ਡਾ: ਸਿਧੇਸ਼ੂਰ ਵਰਮਾ ਤੇ ਪ੍ਰੋ: ਧੀਰੇਂਦਰ ਵਰਮਾ ਵੀ ਇਸੇ ਰਾਇ ਦੇ ਹਨ ਕਿ ਪੰਜਾਬੀ ਤੇ ਲਹਿੰਦੀ ਨੂੰ ਅੱਡ ਅੱਡ ਕਰਨਾ ਮੁਸ਼ਕਲ ਕੰਮ ਹੈ।§

ਗ੍ਰੀਅਰਸਨ ਲਿਖਦਾ ਹੈ—

'It thus happens that, although in India we continually see two neighbouring languages gradually merging into each other, nowhere is the process so gradual as in the case of panjabi and Lahnda. It is quite impossible to point to any boundary line or approximate boundary line between the two forms of speech.' (L. S. of India, pp. 608.)

ਫਿਰ ਉਨ੍ਹਾਂ ਆਪਣੇ ਅਨੁਮਾਨ ਤੇ ਇਕ ਗ਼ੈਰ-ਕੁਦਰਤੀ ਹੱਦ ਖਿਚ ਕੇ ਲਹਿੰਦੀ ਦੀ ਵੱਖਰੀ ਥਾਂ ਉਲੀਕਣ ਦੀ ਕੋਸ਼ਸ਼ ਕੀਤੀ ਹੈ। ਉਹ ਕਹਿੰਦੇ ਹਨ ਕਿ ਜੇਕਰ ਜ਼ਿਲਾ ਗੁਜਰਾਤ ਵਿਚਲੀ ਪੱਬੀ (ਪਹਾੜੀ ਕਤਾਰ) ਦੇ ਉਤਰੀ ਸਿਰੇ ਤੋਂ ਜ਼ਿਲਾ ਗੁਜਰਾਂਵਾਲਾ ਦੇ ਇਤਿਹਾਸਕ ਨਗਰ 'ਰਾਮ ਨਗਰ' ਵਲ ਨੂੰ ਝਨਾਂ ਕੰਢੇ ਆਈਏ ਤੇ ਫਿਰ ਸਾਂਗਲਾ ਹਿਲ, ਗੋਜਰਾਂ, ਪਾਕਪਟਨ

‡With these exceptions, we may say that the vernacular of the whole of the eastern Panjab is Punjabi.

L. S. of India. P. 607.

§ਆਰਿਆਵਰਤ ਭਾਸ਼ਾਏਂ ਪੰਨਾ 51, ਹਿੰਦੀ ਕਾਸ਼ ਔਰ ਲਿਪੀ ਪੰਨਾ 35

Sri Satguru Jagjit Singh Ji eLibrary NamdhariElibrary@gmail.com

ਤੋਂ ਹੁੰਦੇ ਹੁੰਦੇ ਜ਼ਿਲਾ ਮਿੰਟਗੁਮਰੀ ਦੇ ਉਤਰੀ ਕੰਨੇ ਵਲ ਆ ਕੇ ਸਤਲੁਜ ਦੇ ਨਾਲ ਨਾਲ ਚਲੀਏ ਤੇ ਰਿਆਸਤ ਬਹਾਵਲਪੁਰ ਦੇ ਉਤਰੀ ਕੰਨੇ ਨੂੰ ਜਾ ਛੋਹੀਏ । ਏਸ ਲੀਕ ਦੇ ਪੱਛਮੀ ਪਾਸੇ ਦੀ ਬੋਲੀ 'ਲਹਿੰਦੀ' ਅਖਵਾਏਗੀ ਤੇ ਪੂਰਬੀ ਪਾਸੇ ਦੀ ਪੰਜਾਬੀ ।

ਜੇਕਰ ਇਹ ਹੱਦਬੰਦੀ ਮੰਨ ਵੀ ਲਈ ਜਾਵੇ ਤਾਂ ਵੀ ਅਸੀਂ ਇਸ ਨੂੰ ਲਹਿੰਦੀ ਉਪਬੋਲੀ ਦਾ ਖਿੱਤਾ ਆਖਾਂਗੇ, ਬੋਲੀ ਦਾ ਨਹੀਂ । ਕਾਰਣ ਇਹ ਨੈ ਕਿ ਨਾ ਤਾਂ ਇਹ ਕੋਈ ਕੁਦਰਤੀ ਹੱਦ ਹੈ, ਜਿਸ ਵਿਚ ਆਮ ਤੌਰ ਤੇ ਬੋਲੀ ਦਾ ਵੱਖਰਾ ਮੁਹਾਂਦਰਾ ਬਣਿਆ ਕਰਦਾ ਹੈ ਅਤੇ ਨਾ ਹੀ ਇਸ ਇਲਾਕੇ ਵਿਚ ਲਹਿੰਦੀ ਦਾ ਰਾਜ ਹੀ ਹੈ । ਜੇਕਰ ਲਹਿੰਦੀ ਸੁਤੰਤਰ ਬੋਲੀ ਹੁੰਦੀ ਤਾਂ ਇਸ ਖਿੱਤੇ ਦੇ ਸ਼ਹਿਰਾਂ ਵਿਚ ਵੀ ਬੋਲ ਚਾਲ ਦੀ 'ਟਕਸਾਲੀ ਲਹਿੰਦੀ' ਦਾ ਵਰਤਾਰਾ ਹੋਣਾ ਸੀ । ਪਰ ਇਹ ਗੱਲ ਹੈ ਨਹੀਂ । ਸ਼ਹਿਰਾਂ ਵਿਚ ਇਕ ਤਰ੍ਹਾਂ ਦੀ ਪੰਜਾਬੀ ਹੀ ਵਰਤੀਂਦੀ ਹੈ । ਲਹਿੰਦੀ ਉਪਭਾਖਾ ਦਾ ਇਲਾਕਾ ਹੋਣ ਕਰਕੇ ਉਸ ਦਾ ਗੂੜ੍ਹਾ ਰੰਗ ਹੋਣਾ ਤਾ ਲਾਜ਼ਮੀ ਗੱਲ ਹੈ । ਇਹੋ ਹਾਲ ਲਹਿੰਦੇ ਦੇ ਸਾਹਿਤਕਾਰਾਂ ਦਾ ਹੈ । ਫਰੀਦ ਲੈ ਲਓ, ਚਾਹੇ ਦਮੋਦਰ ਜਾਂ ਅਲੀ ਹੈਦਰ, ਸਭ ਨੇ ਕੇਂਦਰੀ ਪੰਜਾਬੀ ਨੂੰ ਹੀ ਸਾਹਿਤਕ ਜ਼ਬਾਨ ਦੇ ਤੌਰ ਤੇ ਅਪਣਾਇਆ ਹੈ । ਪ੍ਰਿੰਸੀਪਲ ਤੇਜਾ ਸਿੰਘ ਜੀ ਨੇ 'ਸਾਹਿਤ ਦਰਸ਼ਨ' (ਪੰਨਾ 21) ਵਿਚ ਲਹਿੰਦੀ ਤੇ ਮਾਝੀ ਦੀਆਂ ਕਈ ਬਣਤਰੀ ਖੂਬੀਆਂ ਮਿਲਾ ਕੇ ਵੀ ਇਹ ਸਿੱਧ ਕੀਤਾ ਹੈ ਕਿ ਲਹਿੰਦੀ ਪੰਜਾਬੀ ਤੋਂ ਵੱਖਰੀ ਬੋਲੀ ਨਹੀਂ । ਅਸਲ ਗੱਲ ਇਹ ਹੈ ਕਿ ਲਹਿੰਦੀ, ਪਜਾਬ ਦੀ ਇਕ ਗੁੱਠ ਵਿਚ ਬੋਲੀ ਜਾਣ ਕਰਕੇ ਅਸਰ ਤੋਂ ਦੂਰ ਜ਼ਰੂਰ ਰਹੀ ਹੈ । ਇਸ ਲਈ ਡੋਗਰੀ ਵਾਂਙ ਲਹਿੰਦੀ ਦੀ ਖ਼ਾਸੀਅਤ ਕਾਫੀ ਵੱਖਰੀ ਹੈ । ਦੂਜੇ ਸਿੰਧੀ ਦੇ ਗਆਂਢ ਨੇ ਵੀ ਇਸ ਤੇ ਬੜਾ ਪ੍ਰਭਾਵ ਪਾਇਆ ਹੈ । ਇਸੇ ਕਰਕੇ ਗ੍ਰੀਅਰਸਨ ਨੇ ਇਸ ਨੂੰ ਵੱਖਰੀ ਬੋਲੀ ਸੁਮਾਰ ਕਰਨ ਦਾ ਟਪਲਾ ਖਾਧਾ ਹੈ । ਪਰ ਅਸਲ ਵਿਚ ਲਹਿੰਦੀ ਨੂੰ ਪੰਜਾਬੀ ਦੀ ਉਪਬੋਲੀ ਮੰਨਣਾ ਹੀ ਠੀਕ ਹੈ, ਵੱਖਰੀ ਭਾਸ਼ਾ ਨਹੀਂ ।

ਇਕ ਗੱਲ ਹੋਰ ਵੀ ਧਿਆਨ ਯੋਗ ਹੈ —ਪੰਜਾਬੀ ਸਾਹਿਤ ਦਾ ਮੁੱਢ ਚੂੰਕਿ ਲਹਿੰਦੇ ਵਿਚ ਬੱਝਾ ਸੀ, ਉਸ ਵੇਲੇ ਲਹਿੰਦੀ ਨੂੰ ਮਹੱਤਤਾ ਜ਼ਰੂਰ ਮਿਲੀ ਸੀ ਪਰ ਛੇਤੀ ਹੀ ਮੱਧ ਪੰਜਾਬ ਦੀ ਬੋਲੀ ਨੇ ਇਹ ਥਾ ਆਣ ਮੱਲ ਲਈ, ਇਸ ਲਈ ਲਹਿੰਦੀ ਦਾ ਇਤਿਹਾਸਕ ਵਿਕਾਸ ਰੁਕ ਗਿਆ ਤੇ ਉਹ ਉਪਭਾਖਾ ਮਾਤਰ ਹੀ ਰਹਿ ਗਈ ।

ਇਸ ਤਰ੍ਹਾਂ ਜਦ ਅਸੀਂ ਦੇਖਦੇ ਹਾਂ, ਪੱਛਮੀ ਪੰਜਾਬ ਤੇ ਕੀ ਪੂਰਬੀ ਪੰਜਾਬ—ਸਾਰੇ ਦੇਸ ਦੀ ਬੋਲੀ ਪੰਜਾਬੀ ਹੈ । ਪੰਜਾਬੀ ਬੋਲੀ ਦਾ ਇਹ ਦੇਸ ਚੂੰਕਿ ਰਾਜਨੀਤਕ ਜਾ ਪ੍ਰਬੰਧਕ ਤੌਰ ਤੇ ਕਈ ਭਾਗਾਂ ਵਿਚ ਵੰਡਿਆ ਹੋਇਆ ਹੈ, ਇਸ ਲਈ ਪੰਜਾਬੀ ਦੀਆਂ ਹੱਦਾਂ ਸਪਸ਼ਟ ਨਹੀਂ ।

ਹੁਣ ਭਾਸ਼ਾ ਦੇ ਆਧਾਰ ਤੇ ਨਵੀਂ ਹਦਬੰਦੀ ਹੋਣ ਦੇ ਬਾਵਜੂਦ ਫਿਰਕਾ ਪ੍ਰਸਤੀ ਨੇ ਪੰਜਾਬੀ ਬੋਲਦੇ ਕਾਫੀ ਇਲਾਕੇ ਇਸ ਤੋਂ ਬਾਹਰ ਛਡ ਦਿਤੇ ਹਨ, ਜਿਵੇਂ ਕਿ ਕਾਗੜਾ, ਜੰਮੂ, ਸੋਲਨ, ਬਿਲਾਸਪੁਰ, ਨਾਹਣ ਆਦਿ ਦੇ ਇਲਾਕੇ ਤੇ ਇਸੇ ਤਰ੍ਹਾਂ ਅੰਬਾਲਾ, ਕਰਨਾਲ ਆਦਿ ਦੇ ਮੈਦਾਨੀ ਹਿੱਸੇ ।

ਪੰਜਾਬੀ ਦਾ ਵਡੇਰਾ ਭਾਗ ਪੱਛਮੀ ਪੰਜਾਬ ਵਿਚ ਇਕ ਵੱਖਰੀ ਰਾਜਨੀਤਕ ਇਕਾਈ ਵਿਚ ਸ਼ਾਮਿਲ ਹੈ । ਨਵੇਂ ਦੇਸ ਭੇਦ ਤੇ ਰਾਜ ਭੇਦ ਦੀਆਂ ਵੰਡਾਂ ਨੂੰ ਛੱਡ ਕੇ ਇਹ ਸਭੇ ਥਾਂ ਜਥੇ ਜਥੇ ਹਿੱਸਿਆਂ ਵਿਚ ਖਿਲਰੇ ਪੰਜਾਬੀ ਬੋਲਣ ਵਾਲਿਆਂ ਦੀ

SriSatguruJagjeetSinghLibrary, Namdhari Library, www.maimeri.com

ਸਾਢੇ ਤਿੰਨ ਕਰੋੜ ਤੋਂ ਉਤੇ ਹੈ ।‡ ਇਸ ਲੋਕ-ਰਾਜੀ ਯੁਗ ਵਿਚ ਇਤਨੇ ਲੋਕਾਂ ਦੇ ਸਮਾਜੀ ਸਬੰਧ ਜੋੜਨ ਵਾਲੀ ਬੋਲੀ ਦੀ ਸੁਤੰਤਰ ਹਸਤੀ ਨੂੰ ਜ਼ਿਆਦਾ ਦੇਰ ਨਜ਼ਰੰਦਾਜ਼ ਨਹੀਂ ਕੀਤਾ ਜਾ ਸਕਦਾ ।

ਪੰਜ ਬੀ ਇਕ ਸੁਤੰਤਰ ਖੂਬੀਆਂ ਦੀ ਮਾਲਕ ਬੋਲੀ ਹੈ । ਗੁਆਂਢੀ ਬੋਲੀਆਂ ਦੇ ਅਸਰਾਂ ਦੇ ਬਾਵਜੂਦ ਇਸ ਨੇ ਆਪਣੇ ਬਹਾਦਰ ਪੰਜਾਬੀ ਬੁਲਾਰਿਆਂ ਦੇ ਸਦਕੇ ਆਪਣੇ ਆਪ ਨੂੰ ਨਵੇਕਲਿਆਂ ਰਖਿਆ ਹੋਇਆ ਹੈ । ਪੰਜਾਬੀ ਦੇ ਪੂਰਬ ਵਲ ਪੱਛਮੀ ਹਿੰਦੀ, ਪੱਛਮ ਵਲ ਪਸ਼ਤੋ ਸਿੰਧੀ, ਉਤਰ ਵਲ ਕਸ਼ਮੀਰੀ ਤੇ ਹੋਰ ਪਹਾੜੀ ਬੋਲੀਆਂ ਅਤੇ ਦੱਖਣ ਵਲ ਰਾਜਸਥਾਨੀ ਦਾ ਗੁਆਂਢ ਹੈ । ਇਸ ਗੁਆਂਢ ਦਾ ਪੰਜਾਬੀ ਉਤ ਤੇ ਪੰਜਾਬੀ ਦਾ ਇਨ੍ਹਾਂ ਉਤੇ ਅਸਰ ਹੋਣਾ ਇਕ ਕੁਦਰਤੀ ਗੱਲ ਹੈ । ਪਰੰਤੂ ਬਲਵਾਨ ਪੰਜਾਬੀ ਬੋਲੀ ਆਪਣੀਆਂ ਹੱਦਾਂ ਨੂੰ ਇਉਂ ਮਜ਼ਬੂਤ ਕਾਇਮ ਰੱਖੀ ਖੜੀ ਹੈ ਕਿ ਕੋਈ ਉਸ ਨੂੰ ਇੰਚ ਭਰ ਪਿਛੇ ਨਹੀਂ ਹਿਲਾ ਸਕਦਾ ਸਗੋਂ ਉਹ ਆਪਣੀ ਸ਼ਕਤੀ ਤੇ ਸਮੱਰਥਾ ਦੇ ਸਦਕੇ ਨਵੇਂ ਇਲਾਕੇ ਜਿਤ ਜਿਤ ਕੇ ਆਪਣੀਆਂ ਹੱਦਾਂ ਹੋਰ ਵਧਾ ਰਹੀ ਹੈ ।

ਦਿੱਲੀ ਵਿਚ ਪੰਜਾਬੀ ਬੋਲੀ ਦਾ ਵਧ ਰਿਹਾ ਗੌਰਵ ਇਸ ਦਾ ਨਵਾਂ ਪ੍ਰਮਾਣ ਹੈ ਤੇ ਭਾਰਤ ਦੇ ਬਾਕੀ ਸ਼ਹਿਰਾਂ ਵਿਚ ਵੀ ਪੰਜਾਬੀਆਂ ਦੀ ਚੜ੍ਹਦੀ ਕਲਾ ਇਸ ਦਾ ਬੋਲਬਾਲਾ ਵਧਾ ਰਹੀ ਹੈ ।

---

‡1931 ਦੀ ਮਰਦੁਮ ਸ਼ੁਮਾਰੀ ਰੀਪੋਰਟ ਦੇ ਪੰਨਾ 272 ਉਤੇ ਖਾਨ ਅਹਿਮਦ ਹਸਨ ਖਾਂ ਸੁਪਰਿੰਟੈਂਡੈਂਟ ਮਰਦੁਮਸ਼ੁਮਾਰੀ ਨੇ ਲਿਖਿਆ ਹੈ, 'ਮੈਨੂੰ ਇਸ ਵਿਚ ਰਤਾ ਵੀ ਸੰਦੇਹ ਨਹੀਂ ਕਿ ਬਹੁਤ ਸਾਰੇ ਲੋਕਾਂ ਅਪਣੀ ਮਾਤ-ਬੋਲੀ ਪੰਜਾਬੀ ਦੀ ਥਾਂ ਉਰਦੂ ਜਾਂ ਹਿੰਦੀ ਲਿਖਾਈ ਹੈ ਤੇ ਇਉਂ ਪੰਜਾਬੀ ਬੋਲੀ ਦੀ ਕੀਮਤ ਦੇ ਹਿੰਦੁਸਤਾਨੀ ਦੇ ਅੰਕੜੇ ਨਿਹੱਕੇ ਵਧਾਏ ਗਏ ਹਨ ।'

ਸੰਨ 41 ਤੇ 51 ਦੀ ਮਰਦਮਸ਼ੁਮਾਰੀ ਸਮੇਂ ਇਹ ਗੱਲ ਇਸ ਤੋਂ ਵਧ ਢੀਠਤਾਈ ਨਾਲ ਹੋਈ, ਜਿਸ ਕਰਕੇ ਸਰਕਾਰ ਨੇ ਰੀਪੋਰਟ ਵਿਚ ਬੋਲੀ ਦੇ ਗ਼ਲਤ ਅੰਕੜੇ ਦਰਜ ਕਰਨੇ ਹੀ ਉਚਿਤ ਨਹੀਂ ਸਮਝੇ । ਇਸ ਲਈ ਪੰਜਾਬੀ ਬੁਲਾਰਿਆਂ ਦੀ ਗਿਣਤੀ ਦਾ ਸਹੀ ਅਨੁਮਾਨ ਲਾਉਣਾ ਔਖਾ ਹੈ । ਵਸੋਂ ਦੀ ਗਿਣਤੀ ਤੋਂ ਇਸ ਦਾ ਲੱਖਣ ਲਾਇਆ ਜਾ ਸਕਦਾ ਹੈ :—

1941 ਦੀ ਪੰਜਾਬ ਪੈਪਸੂ ਦੀ ਕੁਲ ਗਿਣਤੀ 34309861 ਸੀ ।

1951 ਦੀ ਜਨ ਸੰਖਿਆ ਦਾ ਵੇਰਵਾ ਇਸ ਤਰ੍ਹਾਂ ਹੈ :—

ਪੱਛਮੀ ਪੰਜਾਬ—18814000

ਪੂਰਬੀ ਪੰਜਾਬ—12641205 |

ਪੈਪਸੂ— 3493685 | India, 359 ਪੰਨਾ

34948890 |

ਜਿਥੇ ਇਨ੍ਹਾਂ ਵਿਚੋਂ 4—5 ਜ਼ਿਲਿਆਂ ਦੀ ਆਬਾਦੀ ਕੱਟਣੀ ਪਵੇਗੀ, ਉਥੇ ਰਿ: ਬਹਾਵਲਪੁਰ, ਹਿਮਾਚਲ ਪ੍ਰਦੇਸ਼, ਜੰਮੂ, ਰਾਜਸਥਾਨ ਦੇ ਜ਼ਿਲਾ ਗੰਗਾ ਨਗਰ ਦੀ ਪੰਜਾਬੀ ਵਸੋਂ ਵੀ ਇਸ ਵਿਚ ਸ਼ਾਮਲ ਕੀਤੀ ਜਾਵੇਗੀ । ਇਸੇ ਤਰ੍ਹਾਂ ਬਾਕੀ ਹਿੰਦ ਵਿਚ ਤੇ ਹੋਰ ਬਿਦੇਸਾਂ ਵਿਚ ਵਸਦੇ ਪੰਜਾਬੀ, ਮਿਲਾ ਕੇ ਇਹ ਗਿਣਤੀ 3½ ਕਰੋੜ ਤੋਂ ਘੱਟ ਨਹੀਂ ਬਣਦੀ ।

ਪੰਜਾਬੀ ਦੀ ਬਣਤਰ

ਬੋਲੀ ਦੇ ਅੰਗ ਵਾਕ, ਵਾਕਾਂ ਦੇ ਅੰਗ ਸ਼ਬਦ, ਸ਼ਬਦਾਂ ਦੇ ਅੰਗ ਅੱਖਰ ਹਨ। ਅੱਖਰ ਉਹ ਮੂਲ-ਧੁਨੀਆਂ ਜਾਂ ਮੂਲ ਅਵਾਜ਼ਾਂ ਹਨ ਜਿਨ੍ਹਾਂ ਨੂੰ ਅਗੇ ਹੋਰ ਨਿਖੇੜਿਆ ਨਹੀਂ ਜਾ ਸਕਦਾ। 'ਨ ਖਰਨ' ਜਾਂ ਨ ਨਿਖੇੜੇ ਜਾਣ, ਅਥਵਾ ਨ ਨਾਸ ਹੋਣ ਕਰਕੇ ਹੀ ਇਨ੍ਹਾਂ ਦਾ ਨਾਂ ਅ-ਖਰ ਪਾਇਆ ਗਿਆ ਹੈ। ਅੱਖਰ ਜਾਂ ਇਹ ਮੂਲ ਧੁਨੀਆਂ ਉਹ ਮਸਾਲਾ ਹੈ ਜਿਸ ਨਾਲ ਬੋਲੀ ਦਾ ਮੰਦਰ ਉਸਾਰਿਆ ਜਾਂਦਾ ਹੈ। ਇਨ੍ਹਾਂ ਬਗੈਰ ਬੋਲੀ ਦੀ ਕੋਈ ਹਸਤੀ ਨਹੀਂ। ਇਨ੍ਹਾਂ ਤੋਂ ਹੀ ਸ਼ਬਦ ਬਣਦੇ ਹਨ ਤੇ ਸ਼ਬਦਾਂ ਤੋਂ ਵਾਕ ਤੇ ਵਾਕਾਂ ਤੋਂ ਬੋਲੀ।

ਹਰ ਬੋਲੀ ਦਾ ਚੇਹਰਾ ਭਿੰਨ ਭਿੰਨ ਹੈ ਕਿਉਂਕਿ ਹਰ ਬੁਲਾਰੇ ਦੀ ਆਪਣੀ ਅਪਣੀ ਨਿਕੇਵਲੀ ਅਵਾਜ਼ ਹੈ ਤੇ ਅਪਣਾ ਅਪਣਾ ਉਚਾਰਣ-ਢੰਗ। ਇਕੋ ਥਾਂ ਦੀ ਬੋਲੀ ਨੂੰ ਬਾਲਕ ਹੋਰ ਤਰ੍ਹਾਂ ਬੋਲਦੇ ਹਨ, ਗੱਭਰੂ ਹੋਰ ਤਰ੍ਹਾਂ, ਬੁੱਢੇ ਹੋਰ ਤਰ੍ਹਾਂ ਤੇ ਤੀਵੀਆਂ ਇਨ੍ਹਾਂ ਸਭਨਾਂ ਤੋਂ ਵੱਖਰੀ ਤਰ੍ਹਾਂ। ਪੜ੍ਹਿਆਂ, ਅਧ-ਪੜ੍ਹਿਆਂ ਤੇ ਅਨਪੜ੍ਹਾਂ ਦੀ ਅਵਾਜ਼ ਵੀ ਅਲਹਿਦਾ ਅਲਹਿਦਾ ਹੈ। ਇਸ ਦਾ ਕਾਰਣ ਇਹ ਹੈ ਕਿ ਹਰ ਵਿਅਕਤੀ ਬਾਕੀ ਦੁਨੀਆਂ ਨਾਲੋਂ ਭਿੰਨਤਾ ਰੱਖਦਾ ਹੈ, ਕੋਈ ਵੀ ਕਿਸੇ ਨਾਲ ਪੂਰੀ ਤਰ੍ਹਾਂ ਸਾਵਾ ਨਹੀਂ ਜੁਲਦਾ। ਗੁਰਵਾਕ ਹੈ

'ਮੇਰੇ ਪ੍ਰਭਿ ਸਾਚੈ ਇਕ ਖੇਲੁ ਰਚਾਇਆ।
ਕੋਇ ਨ ਕਿਸਹੀ ਜੇਹਾ ਉਪਾਇਆ।' [ਮਾਰੂ ਮ. 3

ਇਸ 'ਭਿੰਨਤਾ' ਵਿਚ ਹਰ ਇਕ ਦੇ ਮੂੰਹ ਦੀ ਅੰਦਰਲੀ ਬਣਤਰ ਵੀ ਅਪਣਾ ਹਿੱਸਾ ਰਖਦੀ ਹੈ, ਜਿਸ ਤੋਂ ਸਾਰੀਆਂ ਧੁਨੀਆਂ ਉਪਜਦੀਆਂ ਹਨ। ਇਹੋ ਨਿਆਰਾ ਧੁਨੀ-ਯੰਤਰ (ਅਵਾਜ਼ੀ ਮਸ਼ੀਨ) ਨਿਆਰੀਆਂ ਨਿਆਰੀਆਂ ਅਵਾਜ਼ਾ ਕੱਢ ਕੇ ਦੇਸ ਕਾਲ ਅਨੁਸਾਰ ਭਿੰਨ ਭਿੰਨ ਬੋਲੀਆਂ ਦੀ ਸਾਜਨਾ ਕਰਦਾ ਹੈ। ਆਮ ਤੌਰ ਤੇ ਹਰ ਬੋਲੀ ਦੇ ਦੋ ਰੂਪ ਹੁੰਦੇ ਹਨ—ਪਰੰਪਰਾ ਵਾਲਾ ਤੇ ਵਿਅਕਤੀਗਤ। ਪਰੰਪਰਾ ਵਾਲਾ ਭੰਡਾਰ ਪੀੜ੍ਹੀ ਓ ਪੀੜ੍ਹੀ ਅਗੇ ਚਲਦਾ ਰਹਿੰਦਾ ਹੈ ਤੇ ਵਿਅਕਤੀਗਤ ਵਿਸ਼ੇਸ਼ਤਾ ਉਸ ਦਾ ਕਾਇਆ ਕਲਪ ਕਰਦੀ ਰਹਿੰਦੀ ਹੈ। ਖਾਸ ਕਰਕੇ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਵਿਚ ਆ ਕੇ ਕਾਫੀ ਫ਼ਰਕ ਪੈਂਦਾ ਹੈ। ਅਜ, ਵੈਦਕ ਜ਼ਮਾਨੇ ਦੀਆਂ ਕਈ ਧੁਨੀਆਂ ਲੋਪ ਹੋ ਗਈਆਂ ਹਨ ਤੇ ਇਨ੍ਹਾਂ ਸੌ ਕੁ ਵਰ੍ਹਿਆ ਵਿਚ ਮਨੁਖੀ ਕੰਠ ਨੇ ਕਈ ਹੋਰ ਧੁਨਾਂ ਪ੍ਰਗਟਾਈਆਂ ਹਨ, ਜਿਨ੍ਹਾਂ ਪਰਿਵਰਤਨ ਲਿਆ ਕੇ ਬੋਲੀਆਂ ਦਾ ਨਵਾਂ ਜੁੱਸਾ ਬਣਾਉਣ ਵਿਚ ਤਕੜੀ ਕਾਰੀਗਰੀ ਤੇ ਸਮਰੱਥਾ ਦਿਖਾਈ ਹੈ।

ਇਹ ਮੂਲ-ਧੁਨੀਆਂ ਦੀ ਅਦਲਾ ਬਦਲੀ ਜਾਂ ਪਰਿਵਰਤਨ ਹੀ ਤਾਂ ਹੈ ਜਿਸ ਨੇ ਵੈਦਕ ਸੰਸਕ੍ਰਿਤ, ਸੰਸਕ੍ਰਿਤ, ਪਾਲੀ, ਪ੍ਰਾਕ੍ਰਿਤ, ਅਪਭ੍ਰੰਸ਼ ਤੇ ਵਰਤਮਾਨ ਬੋਲੀਆਂ ਦਾ ਰੂਪ ਬਣਾਇਆ।

Sri Satguru Jagjit Singh Ji eLibrary NamdhariElibrary@gmail.com

ਭਾਵੇਂ ਇਨ੍ਹਾਂ ਬੋਲੀਆਂ ਵਿਚ ਹਜ਼ਾਰਾਂ ਵਰ੍ਹਿਆਂ ਤੋਂ ਪਰੰਪਰਾ ਵਾਲਾ ਸ਼ਬਦ-ਭੰਡਾਰ ਚਲਿਆ ਆਉਂਦਾ ਹੈ ਪਰ ਵਿਅਕਤੀਗਤ ਪ੍ਰਭਾਵ ਨੇ ਉਸ ਵਿਚ ਢੇਰ ਤਬਦੀਲੀਆਂ ਕਰ ਛਡੀਆਂ ਹਨ। ਦੇਸ਼ ਕਾਲ ਦਾ ਵੀ ਇਸ ਵਿਚ ਡਾਢਾ ਹੱਥ ਹੈ। ਜੇ ਮਨੁਖੀ ਅਵਾਜ਼ ਤੇ ਸਮੇਂ ਦੀ ਚਾਲ ਇਉਂ ਬੋਲੀਆਂ ਵਿਚ ਹੇਰ ਫੇਰ ਨਾ ਕਰਦੀ ਤਾਂ ਬੁੱਢੜ ਵੈਦਕ ਬੋਲੀ ਦਾ ਜਰਜਰਾ ਬਿਰਧ ਸਰੀਰ ਹੀ ਸਾਡੇ ਸਾਹਵੇਂ ਹੁੰਦਾ, ਗੱਭਰੂ ਤੇ ਮੁਟਿਆਰ ਬੋਲੀਆਂ ਦੇ ਨਵੇਂ ਨਰੋਏ ਜੁੱਸੇ ਕਿਧਰੇ ਨਜ਼ਰੀਂ ਨ ਪੈਂਦੇ।

ਇਸ ਸੰਖੇਪ ਜੇਹੀ ਵੀਚਾਰ ਤੋਂ ਅਸੀਂ ਇਸ ਸਿਟੇ ਉਤੇ ਪਹੁੰਚਦੇ ਹਾਂ ਕਿ ਮੂਲ-ਅਵਾਜ਼ਾਂ ਦਾ ਪਰਿਵਰਤਨ ਹੀ ਇਸ ਸਾਰੀ ਤਬਦੀਲੀ ਦਾ ਕਾਰਣ ਹੈ। ਹੁਣ ਇਸ ਗੱਲ ਨੂੰ ਵੀਚਾਰਨਾ ਜ਼ਰੂਰੀ ਹੈ ਕਿ ਇਹ ਅਵਾਜ਼ਾਂ ਕਿਵੇਂ ਤੇ ਕਿਤੋਂ ਉਪਜਦੀਆਂ ਹਨ ਅਤੇ ਕਿਉਂ ਬਦਲਦੀਆਂ ਰਹਿੰਦੀਆਂ ਹਨ।

ਇਹ ਅਵਾਜ਼ਾਂ ਅੰਦਰੋਂ ਨਿਕਲਦੇ ਸਾਹ ਨਾਲ ਬਣਦੀਆਂ ਹਨ ਤੇ ਇਹ ਸਾਹ ਮੂੰਹ ਦੇ ਅੰਦਰਲੇ ਭਾਗਾਂ—ਕੰਠ, ਤਾਲੂ, ਜੀਭ, ਦੰਦ, ਬੁੱਲ੍ਹ ਆਦਿ ਜਾਂ ਨੱਕ ਵਿਚ ਦੀ ਹੁੰਦਾ, ਜਿਸ ਜਿਸ ਥਾਂ ਨਾਲ ਰਗੜ ਖਾ ਕੇ ਬਾਹਰ ਆਉਂਦਾ ਹੈ, ਉਹੋ ਰਗੜ ਉਸ ਨੂੰ ਅੱਡ ਅੱਡ ਧੁਨੀ ਦਾ ਰੂਪ ਦੇਂਦੀ ਹੈ। ਅੰਤਰ-ਸੁਆਸੀ ਧੁਨੀਆਂ ਵੀ ਹੁੰਦੀਆਂ ਹਨ ਪਰ ਉਹ ਅੱਖਰੀ ਧੁਨੀਆਂ ਨਹੀਂ ਬਣਾਉਂਦੀਆਂ।‡ ਬਾਹਰ ਨੂੰ ਨਿਕਲਦੇ ਸਾਹ ਦੀ ਰਗੜ ਤੋਂ ਹੀ ਅੱਖਰੀ ਅਵਾਜ਼ ਦਾ ਬਿਜਲਈ ਲਿਸ਼ਕਾਰਾ ਪੈਂਦਾ ਹੈ। ਸਾਹ ਦਾ ਰਾਹ ਫੇਫੜਿਆਂ ਤੋਂ ਲੈ ਕੇ ਬੁਲ੍ਹਾਂ ਤਕ ਹੈ। ਇਸ ਦੇ ਦਰਮਿਆਨ ਬਣਦੇ ਉਚਾਰਣ-ਸਥਾਨਾਂ ਨੂੰ ਵਿਦਵਾਨਾਂ 25-30 ਹਿੱਸਿਆਂ ਵਿਚ ਵੰਡਿਆ ਹੈ। ਅਸਲ ਵਿਚ ਤਾਂ ਜਿਤਨੀਆਂ ਕਿਸੇ ਬੋਲੀ ਵਿਚ ਮੂਲ-ਅਵਾਜ਼ਾਂ ਹੋਣ, ਉਤਨੇ ਹੀ ਉਚਾਰਣ-ਸਥਾਨਾਂ ਤੇ ਉਚਾਰਣ ਵਿਧੀਆਂ ਦੀ ਕਲਪਣਾ ਕੀਤੀ ਜਾ ਸਕਦੀ ਹੈ ਕਿਉਂਕਿ ਹਰ ਅਵਾਜ਼ ਇਸ ਗੱਲ ਦਾ ਪ੍ਰਮਾਣ ਹੈ ਕਿ ਉਹ ਦੂਜੀ ਨਾਲੋਂ ਭਿੰਨ ਅਸਥਾਨ ਤੇ ਭਿੰਨ ਵਿਧੀ ਕਰਕੇ ਹੀ ਵਜੂਦ ਵਿਚ ਆਈ ਹੈ। ਹਰ ਬੋਲੀ ਦੀਆਂ ਸਮੂਹ ਮੂਲ-ਅਵਾਜ਼ਾਂ ਨੂੰ (ਧੁਨੀ-ਚਿੰਨ੍ਹਾਂ ਕਰਕੇ) ਵਰਣਮਾਲਾ ਦਾ ਨਾਂ ਦਿਤਾ ਜਾਂਦਾ ਹੈ। ਵਾਸਤਵ ਵਿਚ ਇਨ੍ਹਾਂ ਧੁਨੀ-ਚਿੰਨ੍ਹਾਂ ਹੇਠ ਸਾਰੀਆਂ ਅਵਾਜ਼ਾਂ ਨਹੀਂ ਸਮਾਉਂਦੀਆਂ, ਅਵਾਜ਼ਾਂ ਦੀ ਗਿਣਤੀ ਲੀਅਤ-ਚਿੰਨ੍ਹਾਂ ਨਾਲੋਂ ਕਿਤੇ ਜ਼ਿਆਦਾ ਹੁੰਦੀ ਹੈ ਤੇ ਇਹ ਗੱਲ ਸਾਰੀਆਂ ਬੋਲੀਆਂ ਵਿਚ ਹੀ ਹੈ। ਮਿ. ਵੈਂਦਰੇਜ਼ ਲਿਖਦੇ ਹਨ—

'The number of phonetics in a language cannot, of course, be calculated by the number of signs in its alphabet. languages ganerally have more sounds than signs. This is the case in French, Italian, English, and German.'

(Larguage, P. 34)

ਭਾਰਤੀ ਵਿਦਵਾਨਾਂ ਧੁਨੀਆਂ ਨੂੰ ਜੋ ਤਰਤੀਬ ਦਿਤੀ ਹੈ ਉਹ ਬਹਤ ਵਿਗਿਅ ਨਕ ਹੈ, ਇਸ ਦੀ ਮਿਸਾਲ ਕਿਸੇ ਹੋਰ ਬੋਲੀ ਵਿਚ ਨਹੀਂ ਮਿਲਦੀ। ਆਮ ਤੌਰ ਤੇ ਧੁਨੀਆਂ ਨੂੰ ਸੁਰ ਤੇ ਵਿਅੰਜਨ ਦੋ ਮੋਟੇ ਭਾਗਾਂ ਵਿਚ ਵੰਡਿਆ ਗਿਆ ਹੈ। ਜਦੋਂ ਸਾਹ ਦੀ ਹਵਾ ਬਿਨਾਂ ਕਿਸੇ ਥਾਂ ਰੁਕੇ ਯਾ ਰਗੜ ਖਾਧੇ ਅਵਾਜ਼ ਨੂੰ ਜਨਮ ਦੇਵੇ ਉਹ ਸੁਤੰਤਰ ਅਵਾਜ਼—'ਸੁਰ' ਕਹਾਉਂਦੀ ਹੈ।

‡ਡਾ: ਬਨਾਰਸੀ ਦਾਸ (ਪੰਜਾਬੀ ਦੁਨੀਆ, ਅਗਸਤ 1951)

ਜੋ ਅਵਾਜ਼ ਰਗੜ ਖਾ ਕੇ ਯਾ ਕਿਸੇ ਥਾਂ ਟਕਰਾ ਕੇ ਪ੍ਰਗਟੇ ਉਹ 'ਵਿਅੰਜਨ' ਕਹਾਉਂਦੀ ਹੈ। ਕੋਈ ਵਿਅੰਜਨ ਅਵਾਜ਼ ਸ੍ਵਰ ਅਵਾਜ਼ ਬਿਨਾ ਪੂਰੀ ਤਰ੍ਹਾਂ ਬੋਲੀ ਨਹੀਂ ਜਾ ਸਕਦੀ। ਇਸ ਲਈ ਵਰਤੋਂ ਵਿਚ ਹਰ ਵਿਅੰਜਨ ਵਿਚ ਸ੍ਵਰ ਰਹਿੰਦਾ ਹੈ, ਸਿਵਾਇ ਦੁੱਤਾਂ ਦੇ।

ਪੰਜਾਬੀ ਦੀਆਂ ਮੂਲ ਅਵਾਜ਼ਾਂ 35 ਹਨ। ਜਾਂ ਇਹ ਕਹਿ ਲਵੋ ਕਿ ਪੰਜਾਬੀ ਦੇ ਧੁਨੀ-ਚਿੰਨ੍ਹ 35 ਹਨ ਤੇ ਅਵਾਜ਼ਾਂ ਸ਼ਾਇਦ ਇਸ ਤੋਂ ਵੀ ਵਧ। ਇਨ੍ਹਾਂ ਵਿਚੋਂ ੳ, ਅ, ਤੇ ੲ ਤਿੰਨ ਸ੍ਵਰ ਹਨ ਤੇ ਬਾਕੀ 32 ਵਿਅੰਜਨ। ਸਾਰੀ ਵਰਣ-ਮਾਲਾ ਦੀ ਤਰਤੀਬ ਉਚਾਰਣ-ਸਥਾਨ ਮੁਤਾਬਕ ਹੈ। ਪਹਿਲੀ ਪਾਲ ਵਿਚ ਤਿੰਨ ਸ੍ਵਰਾਂ ਨਾਲ ਦੋ ਵਿਅੰਜਨ—ਸ, ਹ ਜੋੜ ਕੇ ਪੰਗਤੀ ਨੂੰ ਪੂਰਾ ਕੀਤਾ ਗਿਆ ਹੈ। ਪਰੰਤੂ ਇਸ ਤੋਂ ਵੀ ਚੰਗਾ ਹੁੰਦਾ ਜੇ ਇਥੇ ਯ ਤੇ ਵ ਜੋੜੇ ਜਾਂਦੇ। ਕਿਉਂਕਿ ਇਹ ਦੋਵੇਂ ਸ੍ਵਰਾਂ ਵਰਗੇ (Semi Vowels) ਹੀ ਹਨ। ਵੈਸੇ ਹ ਵੀ ਸ੍ਵਰ-ਸਮਾਨੀ ਹੀ ਹੈ। ਖੈਰ, ਸ੍ਵਰ-ਪਾਲੀ ਤੋਂ ਅਗੇ ਕੰਠ ਤੋਂ ਲੈ ਕੈ ਹੋਠਾਂ ਤਕ ਅੱਡ ਅੱਡ ਅੰਗਾ ਦੀ ਰਗੜ ਜਾ ਛੋਹ ਤੋਂ ਉਪਜਣ ਵਾਲੀਆਂ ਅਵਾਜ਼ਾਂ ਨੂੰ ਇਕ ਲੜੀ ਵਿਚ ਪ੍ਰੋ ਕੇ ਪੰਜ ਪੰਜ ਦੀ ਪਾਲ ਬਣਾਈ ਗਈ ਹੈ ਸਥਾਨ-ਭੇਦ ਕਰਕੇ ਇਸ ਧੁਨੀ-ਮਾਲਾ ਦੀ ਵੰਡ ਇਉਂ ਹੈ :—

1—ਕੰਠੀ (Guttarals)—ਅ ਹ ਕ ਖ ਗ ਘ ਙ

2—ਤਾਲੂਈ (Palatals)—ੲ ਚ ਛ ਜ ਝ ਞ ਯ

3—ਮੂਰਧਨੀ (Cerebrals)—ਟ ਠ ਡ ਢ ਰ ੜ

4—ਦੰਦੀ (Dentals)—ਸ ਤ ਥ ਦ ਧ ਨ ਲ

5—ਹੋਂਠੀ (Labials)—ੳ ਪ ਫ ਬ ਭ ਮ ਵ

6—ਅਨੁਨਾਸਕ (Nasals)—ਇਨ੍ਹਾਂ ਵਿਚੋਂ ਙ, ਞ, ਣ, ਨ, ਤੇ ਮ ਆਪਣੀ ਆਪਣੀ ਥਾਂ ਤੋਂ ਨੱਕ ਥਾਣੀ ਨਿਕਲਕੇ ਪ੍ਰਗਟਦੇ ਸਨ, ਇਸ ਲਈ ਇਨ੍ਹਾਂ ਨੂੰ 'ਅਨੁਨਾਸਕ' ਕਿਹਾ ਜਾਂਦਾ ਹੈ।

ਪ੍ਰੋ: ਦੁਨੀ ਚੰਦ ਜੀ ਦਾ ਵਿਚਾਰ ਹੈ ਕਿ ਬੋਲਣ-ਸਥਾਨ ਦੇ ਲਿਹਾਜ਼ ਨਾਲ ਟਵਰਗ ਤੋਂ ਬਾਦ ਕਵਰਗ ਰਖਣਾ ਚਾਹੀਦਾ ਹੈ, ਬਾਦ ਵਿਚ ਚਵਰਗ।‡

ਮੇਰੇ ਖ਼ਿਆਲ ਵਿਚ ੜ ਵੀ ਣ ਦੀ ਥਾਂ ਟਵਰਗ ਵਿਚ ਪਰੋਏ ਜਾਣ ਦੇ ਲਾਇਕ ਹੈ ਪ ਅਨੁਨਾਸਕ ਤਰਤੀਬ ਨੂੰ ਠੇਸ ਲਗੇਗੀ।

ਅਰਬੀ ਫ਼ਾਰਸੀ ਦੇ ਅਸਰ ਕਰਕੇ ਸ਼, ਖ਼, ਗ਼, ਜ਼, ਫ਼ ਇਹ ਧੁਨੀਆਂ ਵੀ ਪੰਜਾਬ ਵਿਚ ਆ ਸਾਮਲ ਹੋਈਆਂ ਹਨ, ਜੋ ਕਿ ਜ਼ਰਾ ਕਾਂ ਤੋਂ ਘਰੋੜ ਕੇ ਬੋਲੀਆਂ ਜਾਂਦੀਆਂ ਹਨ। ਇਨ੍ਹ ਵਿਚੋਂ ਸਾਡੇ ਸ਼ ਤੇ ਜ਼ ਦੀ ਜ਼ਿਆਦਾ ਵਰਤੋਂ ਹੈ।

ਘ, ਝ, ਢ, ਧ, ਭ ਦੀ ਅਵਾਜ਼ ਜੇਹੀ ਪੰਜਾਬੀ ਵਿਚ ਹੈ, ਤੇਹੀ ਹੋਰ ਕਿਸੇ ਬੋਲੀ ਵਿ ਨਹੀਂ। ਇਹ ਸੰਘ ਦੀਆਂ ਆਵਾਜ਼ਾਂ ਬਹਤ ਘੱਟਵੀਆਂ ਤੇ ਭਰਵੀਆਂ ਹਨ। ਇਸੇ ਤਰ੍ਹਾਂ ਪੰਜਾਬੀ ਦੀ ਖਾਸ ਧੁਨੀ ਹੈ, ਇਹ ਨ ਤਾਂ ਈਰਾਨੀ ਤੇ ਯੂਰਪੀਨ ਬੋਲੀਆਂ ਵਿਚ ਹੈ ਤੇ ਨਾ ਪੁਰਾਣੀ ਸੰਸਕ੍ਰਿਤ ਆਦਿ ਭਾਰਤੀ ਬੋਲੀਆਂ ਵਿਚ।

ਕਿਸੇ ਬੋਲੀ ਦੀ ਬਣਤਰ ਨੂੰ ਜਾਣਨ ਲਈ ਇਨ੍ਹਾਂ ਅਵਾਜ਼ਾਂ ਤੋਂ ਲੈ ਕੇ ਸ਼ਬਦਾਂ, ਵਾਕ ਤੇ ਅਰਥਾਂ ਦੀ ਬਣਤਰ ਤਕ ਨੂੰ ਜਾਣਨਾ ਜ਼ਰੂਰੀ ਹੁੰਦਾ ਹੈ ਤਾਂ ਹੀ ਉਸ ਬੋਲੀ ਦੇ ਸੁਭਾ ਤੇ ਉ

‡ਪੰਜਾਬੀ ਔਰ ਹਿੰਦੀ ਕਾ ਭਾਸ਼ਾ ਵਿਗਿਆਨ, ਪੰਨਾ 56, 57।

Sri Satguru Jagjit Singh Ji eLibrary NamdhariElibrary@gmail.com

ਵਿਚ ਵਰਤਦੇ ਨੇਮਾਂ ਦਾ ਪਤਾ ਲਗ ਸਕਦਾ ਹੈ । ਇਸੇ ਕਰਕੇ ਭਾਸ਼ਾ-ਵਿਗਿਆਨੀਆਂ ਬੋਲੀ ਦੇ ਚਾਰ ਮੁਖ ਅੰਗ ਮੰਨੇ ਹਨ :—

1—ਧੁਨੀ-ਬਣਤਰ (Phonology)

2—ਸ਼ਬਦ-ਬਣਤਰ (Morphology)

3—ਵਾਕ ਬਣਤਰ (Syntax)

4—ਅਰਥ-ਬਣਤਰ (Semantics)

1. ਧੁਨੀ-ਬਣਤਰ—ਬੋਲੀ ਦੇ ਢਾਂਚੇ ਨੂੰ ਬਣਾਉਣ ਸਵਾਰਨ ਵਾਲਾ ਸਭ ਕੁਝ, ਮੂਲ-ਆਵਾਜ਼ਾਂ ਜਾਂ ਮੂਲ ਧੁਨੀਆਂ ਹੀ ਹਨ । ਇਹੋ ਬੋਲੀ ਦਾ ਤਾਣਾ ਹੈ ਤੇ ਇਹੋ ਪੇਟਾ । ਦੂਜੇ ਸ਼ਬਦਾਂ ਵਿਚ ਇਉਂ ਕਹੋ ਤਰਤੀਬਿਆ ਧੁਨੀ-ਸਮੂਹ ਹੀ ਬੋਲੀ ਹੈ । ਇਨ੍ਹਾਂ ਦੀ ਪੈਦਾਇਸ਼ ਤੇ ਆਵਾਜਾਈ ਵਾਲੇ ਚਕ੍ਰਵਰਤੀ ਜੀਵਨ ਦੀ ਵਿਚਾਰ ਧੁਨੀ-ਵਿਗਿਆਨ‡ ਕਰਦਾ ਹੈ ।

ਹਰ ਬੋਲੀ ਦੀ ਧੁਨੀ-ਪ੍ਰਣਾਲੀ ਯਾ ਧੁਨੀ ਨੇਮ (Phonetic Law) ਆਪਣਾ ਹੁੰਦਾ ਹੈ, ਜਿਸ ਦੇ ਆਸਰੇ ਬੋਲੀ ਦੀ ਨਵੀਂ ਘਾੜਤ ਹੁੰਦੀ ਹੈ । ਇਸ ਘਾੜਤ ਵਿਚ ਸਭ ਤੋਂ ਵੱਧ ਹੱਥ, ਧੁਨੀ-ਪਰਿਵਰਤਨ (Phonetic change) ਦਾ ਹੁੰਦਾ ਹੈ ਤੇ ਇਹੋ ਅਦਲਾ-ਬਦਲੀ ਬੋਲੀ ਦੀ ਕਾਇਆ ਪਲਟਦੀ ਤੇ ਭਿੰਨਤਾ ਪੈਦਾ ਕਰਦੀ ਹੈ । ਜੇਕਰ ਇਹ ਗੱਲ ਨ ਹੁੰਦੀ ਤਾਂ ਇਕੋ ਇਕ ਬੋਲੀ ਹੀ ਹੋਣੀ ਸੀ, ਉਹ ਵੀ ਜ਼ਰਜ਼ਰੀ ਪੁਰਾਣੀ ।

ਪਹਿਲੇ ਸਾਡੇ ਦੇਸ ਵਿਚ ਧੁਨੀ-ਵਿਚਾਰ ਦਾ ਕੰਮ ਵਿਆਕਰਣ ਦਾ ਹੀ ਅੰਗ ਸੀ ਪਰੰਤੂ ਹੁਣ ਇਹ ਇਕ ਵੱਖਰੀ ਸਾਇੰਸ ਬਣ ਗਈ ਹੈ । ਖਾਸ ਕਰਕੇ ਭਿੰਨ ਭਿੰਨ ਦੇਸਾਂ ਦੀਆਂ ਧੁਨੀਆਂ ਨੂੰ ਰੀਕਾਰਡ ਕਰਕੇ ਇਨ੍ਹਾਂ ਦਾ ਤੁਲਨਾਤਮਕ ਅਧਿਐਨ ਕਰਨਾ ਬੜਾ ਲਾਭਵੰਦਾ ਸਾਬਤ ਹੁੰਦਿਆ ਹੈ । ਹੁਣ ਸ਼ਬਦਾਂ ਤੇ ਵਾਕਾਂ ਦੀ ਬਣਤਰ ਦਾ ਕੰਮ ਤਾਂ ਵਿਆਕਰਣ ਦੇ ਜ਼ਿਮੇ ਰਹਿ ਗਿਆ ਹੈ ਤੇ ਧੁਨੀ-ਬਣਤਰ ਸਬੰਧੀ ਧੁਨੀ-ਵਿਗਿਆਨ ਰੌਸ਼ਨੀ ਪਾਉਂਦਾ ਹੈ । ਧੁਨੀ-ਵਿਗਿਆਨ ਸਾਨੂੰ ਇਹ ਸਮਝਾਉਂਦਾ ਹੈ ਕਿ ਕਿਵੇਂ ਧੁਨੀ-ਪਰਿਵਰਤਨ ਹੋ ਕੇ ਸਥਾਨ ਦਾ ਅਸਥਾਨ, ਥਾਨ ਜਾਂ ਥਾਂ ਬਣ ਜਾਂਦਾ ਹੈ । ਇਕੋ ਹੀ 'ਅਸਤਿ' ਸ਼ਬਦ ਤੋਂ, ਪੰਜਾਬੀ ਵਿਚ ਅਸੈ 'ਹੈ', ਹਿੰਦੀ ਵਿਚ "ਅਹੈ" ਲਹਿੰਦੀ ਤੇ ਮਰਾਠੀ ਵਿਚ 'ਆਹੇ' ਗੁਜਰਾਤੀ ਵਿਚ 'ਛੇ' ਮੈਥਲੀ ਵਿਚ 'ਅਛਿ' ਤੇ ਬੰਗਾਲੀ ਅਸਾਮੀ ਵਿਚ 'ਆਛੈ' ਬਣਿਆ ਹੋਇਆ ਹੈ । ਅੰਗਰੇਜ਼ੀ ਦਾ 'ਇਜ਼' ਵੀ ਇਸੇ ਨਸਲ ਦਾ ਹੋਣ ਦੀ ਸਾਖ ਭਰਦਾ ਹੈ । ਧੁਨੀ-ਵਿਗਿਆਨ ਇਨ੍ਹਾਂ ਅਦਲਾ ਬਦਲੀਆਂ ਦੀ ਪੂਣ ਛਾਣ ਕਰਕੇ ਹਰ ਬੋਲੀ ਵਿਚ ਵਰਤਦੇ ਮੁਦਲੇ ਅਸੂਲ ਲਭਦਾ ਹੈ । ਕਾਰਣ ਇਹ ਹੈ ਕਿ ਇਹ ਪਰਿਵਰਤਨ ਬੋਲੀ ਦੀਆਂ ਪੱਕੀਆਂ ਹੋਈਆਂ ਆਦਤਾਂ ਵਿਚੋਂ ਇਕ ਜ਼ਰੂਰੀ ਚੀਜ਼ ਹੈ ਜੋ ਭਾਵੇਂ ਅਚੇਤ (Unconscious) ਵਰਤਦਾ ਹੈ ਪਰ ਹੈ ਬਾਕਾਇਦਾ (Regular) ।§ ਜਿਵੇਂ ਕੋਈ

---

‡"The science of sounds in Language, otherwise called Phonetics, ought then to comprise three sections, devoted respectively to the study of the production, transmission, and reception of sound." [Language by J. Vendryes, P. 19]

§J. Vendryes. p. 37

ਬੋਲੀ ਸਮੁਚੀ ਕੌਮ ਦੀ ਅਚੇਤ ਕਿਰਤ ਹੁੰਦੀ ਹੈ ਤਿਵੇਂ ਉਸ ਵਿਚ ਅਦਲਾ-ਬਦਲੀ ਵੀ ਅਚੇਤ ਤੌਰ ਤੇ ਸਾਰੀ ਕੌਮ ਵਲੋਂ ਬੱਝੀ ਨੇਮਾਵਲੀ ਅਨੁਸਾਰ ਸੁਭਾਵਕ ਹੁੰਦੀ ਹੈ ਜੋ ਕਿ ਉਸ ਸਮਾਜ ਦੇ ਉਚਾਰਣ-ਢੰਗ ਤੋਂ ਸਾਖਿਆਤ ਹੁੰਦੀ ਹੈ।

ਇਨ੍ਹਾਂ ਤਬਦੀਲੀਆਂ ਵਿਚ ਆਮ ਤੌਰ ਤੇ ਇਸ ਕਿਸਮ ਦੀਆਂ ਗੱਲਾਂ ਹੁੰਦੀਆਂ ਹਨ—ਕਿਤੇ ਦੋ ਅੱਖਰ (ਧੁਨ) ਮਿਲ ਕੇ ਇਕ ਹੋ ਜਾਂਦੇ ਹਨ : ਕਿਤੇ ਕੋਈ ਨਵਾਂ ਅੱਖਰ ਆ ਲੱਗਦਾ ਹੈ, ਕਿਤੇ ਕੋਈ ਅੱਖਰ ਉੜ ਹੀ ਜਾਂਦਾ ਹੈ, ਕਿਤੇ ਕਿਸੇ ਅੱਖਰ ਦੀ ਥਾਂ ਦੂਜਾ ਹੋਰ ਆ ਜਾਂਦਾ ਹੈ। ਕਦੀ ਕਦਾਈਂ ਦੋ ਅੱਖਰ ਆਪੋ ਵਿਚ ਥਾਂ ਬਦਲ ਲੈਂਦੇ ਹਨ, ਇਹ ਜ਼ਰੂਰੀ ਨਹੀਂ ਕਿ ਇਕ ਸ਼ਬਦ ਇਨ੍ਹਾਂ ਵਿਚੋਂ ਇਕੋ ਨੇਮ ਲਗ ਕੇ ਹੀ ਬਣਿਆ ਹੋਵੇ। ਕਈ ਵੇਰ ਇਕੋ ਸ਼ਬਦ ਦੀ ਬਣਤਰ ਵਿਚ ਸਾਰਾ ਵਿਆਕਰਣੀ-ਵਿਧਾਨ ਲਗ ਜਾਂਦਾ ਹੈ। ਮਿਸਾਲ ਲਈ 'ਅਪੁਤਰ' ਸ਼ਬਦ ਹੈ। ਇਸ ਵਿਚਲਾ 'ਪ' ਉੜ ਕੇ 'ਅਉਤ੦' ਰਹਿ ਗਿਆ। ਫਿਰ 'ਅ-ਉ' ਦਾ ਮੇਲ ਹੋ ਕੇ 'ਔਤਰ' ਹੋ ਗਿਆ ਅਤੇ ਬਾਦ ਵਿਚ 'ਰ' ਉੜ ਜਾਣ ਨਾਲ 'ਔਤ' ਬਣ ਗਿਆ। ਅਜਿਹੀਆਂ ਮਿਸਾਲਾਂ ਆਮ ਹਨ।

ਹੁਣ ਸਵਾਲ ਇਹ ਉਠਦਾ ਹੈ ਕਿ ਇਹ ਅਵਾਜ਼ੀ ਅਦਲਾ-ਬਦਲੀਆਂ ਦਾ ਮੁਢ ਕਿਵੇਂ ਬੱਝਦਾ ਹੈ ?

ਪ੍ਰੋ: ਪੀ. ਡੀ. ਗੁਨੇ ਇਸ ਦਾ ਉਤਰ ਦਿੰਦੇ ਕਹਿੰਦੇ ਹਨ ਕਿ ਜਦੋਂ ਇਕ ਵਿਅਕਤੀ ਕਿਸੇ ਧੁਨੀ ਨੂੰ ਆਪਣੇ ਢੰਗ ਨਾਲ ਉਚਾਰਦਾ ਹੈ, ਉਸ ਦਾ ਉਹ ਰੂਪ ਸਾਰੀ ਬੋਲੀ ਵਿਚ ਫੈਲ ਜਾਂਦਾ ਹੈ ਤੇ ਇਕ ਬਾਕਾਇਦਾ ਤਬਦੀਲੀ ਬਣ ਜਾਂਦਾ ਹੈ। ਇਹੋ ਪਰਵਾਨਿਤ ਬਾਕਾਇਦਗੀ ਹੀ ਧੁਨੀ ਨੇਮਾਵਲੀ (Phonetic Law) ਦਾ ਰੂਪ ਧਾਰ ਲੈਂਦੀ ਹੈ।‡

ਇਸ ਮਸਲੇ ਦੀ ਇਉਂ ਵੀ ਵਿਆਖਿਆ ਕੀਤੀ ਜਾਂਦੀ ਹੈ ਕਿ ਜਦੋਂ ਇਕ ਆਵਾਜ਼ ਕਿਸੇ ਮੂੰਹੋਂ ਨਿਕਲਕੇ ਦੂਜੇ ਦੇ ਕੰਨ ਤਕ ਪਹੁੰਚਦੀ ਹੈ ਤਾਂ ਸੁਣਨ ਵਾਲਾ ਉਸ ਦਾ ਆਵਾਜ਼ੀ-ਚਿਤਰ ਆਪਣੀ ਯਾਦ ਵਿਚ ਸੰਭਾਲ ਲੈਂਦਾ ਹੈ ਤੇ ਲੋੜ ਪੈਣ ਤੇ ਉਸਦੀ ਆਪਣੇ ਮੂੰਹ ਰਾਹੀਂ ਵਰਤੋਂ ਕਰਦਾ ਹੈ। ਇਹ ਅਵਾਜ਼ ਦਰਅਸਲ ਪਹਿਲੀ ਦੀ ਨਕਲ ਹੁੰਦੀ ਹੈ। ਨਕਲ ਅਸਲ ਵਿਚ ਫਰਕ ਹੋਣਾ ਲਾਜ਼ਮੀ ਗਲ ਹੈ ਤੇ ਇਹ ਸਿਲਸਿਲੇਵਾਰ ਚਲਿਆ ਆਉਂਦਾ ਫ਼ਰਕ ਬੋਲੀ ਦੇ ਪਰਿਵਰਤਨ ਦਾ ਆਧਾਰ ਬਣਦਾ ਹੈ। ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਧੁਨੀਆਂ ਚੂੰਕਿ ਮਿਲਵੀਆਂ ਬੋਲੀਆਂ ਜਾਂਦੀਆਂ ਹਨ, ਇਸ ਲਈ ਇਹ ਇਕ ਦੂਜੇ ਤੇ ਅਸਰ ਪਾ ਕੇ ਵੀ ਪਰਿਵਰਤਨ ਦਾ ਮੁਢ ਬੰਨ੍ਹਦੀਆਂ ਹਨ। ਇਹ ਸਾਰੇ ਹੀ ਕਾਰਣ ਪਰਿਵਰਤਨ ਵਿਚ ਆਪਣਾ

---

‡When a change, thus produced by an individual speaker in an individual form, spreads itself over similar forms in the whole language, it becomes a regular change. It is this regularity of the change, as also of the preservation of the old material, that makes linguistic study possible. The rules deduced from such a uniform change. or preservation are called Phonetic Law." [P. D. Gune, Page 34]

ਆਪਣਾ ਹਿੱਸਾ ਪਾਉਂਦੇ ਹਨ । ਜਦੋਂ ਕੋਈ ਪਰਿਵਰਤਨ ਪੱਕੇ ਤੌਰ ਤੇ ਬਾਕਾਇਦਾ ਹੁੰਦਾ ਰਹਿੰਦਾ ਹੈ, ਉਸ ਨੂੰ ਪੰਜਾਬੀ ਲੰਕ, ਬੋਲੀ ਦੇ ਵਿਆਕਰਣੀ ਜਾਂ ਭਾਸ਼ਾ ਵਿਗਿਆਨਕ ਵਿਧਾਨ ਵਿਚ ਸੂਤਰ-ਬੱਧ ਕਰਕੇ ਪੇਸ਼ ਕਰਦੇ ਹਨ।

ਭਾਰਤੀ ਧੁਨੀ-ਵਿਗਿਆਨੀਆਂ ਇਸ ਅਵਾਜ਼ੀ ਅਦਲਾ ਬਦਲੀ ਨੂੰ ਪੰਜ ਭਾਗਾਂ ਵਿਚ ਵੰਡਿਆ ਹੈ :—

1. ਸੰਧੀ (Combination)
2. ਆਗਮ (Prothesis)
3. ਲੋਪ (Elision)
4. ਵਿਪਰੀਤੀ (Metathesis)
5. ਆਦੇਸ਼ (Change of sound)

1. **ਸੰਧੀ**—ਦੋ ਨਿਕਟਵਰਤੀ ਧੁਨੀਆਂ ਦੇ ਮਿਲ ਕੇ ਇਕ ਹੋ ਜਾਣ ਨੂੰ 'ਸੰਧੀ' ਕਹਿੰਦੇ ਹਨ ।

(ੳ) ਜੇਕਰ ਇਕੋ ਤਰ੍ਹਾਂ ਦੇ ਦੋ ਸੁਰ ਇਕੱਠੇ ਹੋਣ ਤਾਂ ਦੋਹਾਂ ਦੀ ਥਾਂ ਇਕੋ ਦੀਰਘ ਸੁਰ ਹੋ ਜਾਂਦਾ ਹੈ ।

ਦੋ ਆੜਿਆਂ ਦਾ ਮੇਲ—

ਜਿਵੇਂ—ਪਰਮ+ਆਤਮਾ—ਪਰਮਾਤਮਾ
ਦੂਧ+ਅਧਾਰੀ—ਦੁਧਾਧਾਰੀ
ਪਰ+ਅਧੀਨ—ਪਰਾਧੀਨ
ਵਾਰਤਾ+ਅਲਾਪ—ਵਾਰਤਾਲਾਪ

ਇਸੇ ਤਰ੍ਹਾਂ : ਪਦ+ਅਰਥ—ਪਦਾਰਥ । ਸ਼ਬਦ+ਅਰਥ—ਸ਼ਬਦਾਰਥ । ਕਤਲਿ+ਆਮ-ਕਤਲਾਮ । ਕਲਾ+ਆਤਮਕ—ਕਲਾਤਮਕ । ਰਸ+ਆਤਮਕ—ਰਸਾਤਮਕ । ਬੰਸਾ+ਆਵਲੀ—ਬੰਸਾਵਲੀ, ਸੰਥਾਵਲੀ, ਪਾਠਾਵਲੀ, ਸ਼ਬਦਾਵਲੀ, ਚਿਤ੍ਰਾਵਲੀ, ਮ੍ਰਿਗਾਵਲੀ, ਹਿਮਾਲਾ, ਵਿਦਿ-ਆਲਾ, ਸ਼ਿਵਾਲਾ ਆਦਿ ।

ਕਈ ਵਾਰ ਦੀਰਘ ਨਹੀਂ ਵੀ ਹੁੰਦਾ, ਜੁੜ ਕੇ ਦੁੱਤ ਦਾ ਰੂਪ ਧਾਰ ਲੈਂਦਾ ਹੈ :—

ਬਾਲ-ਅੰਮ੍ਰਿਤ—ਬਾਲੰਮ੍ਰਿਤ । ਕਮ-ਅਕਲੀ—ਕਮੱਕਲੀ ।
ਪਜ-ਅੱਖਾ—ਪੰਜੱਖਾ । ਬਾਵਨ-ਅੱਖਰੀ—ਬਾਵਨੱਖਰੀ ।

(ਅ) ਦੋ ਈੜ੍ਹੀਆਂ ਦਾ ਮੇਲ—

ਜੋਗੀ+ਈਸਰ—ਜੋਗੀਸ਼ਰ । ਰਿਖੀ+ਈਸਰ—ਰਿਖੀਸ਼ਰ । ਕਵੀ+ਈਸਰ—ਕਵੀਸ਼ਰ । ਤਪੀ+ਈਸਰ—ਤਪੀਸਰ ।

(ੲ) ਜੇ ਅ ਦੇ ਮੁਹਰੇ ਉ ਆ ਜਾਵੇ ਤਾਂ ਦੋਹਾਂ ਦਾ ਮੇਲ ਹੋ ਕੇ ਹੋੜਾ ਜਾਂ ਕਨੌੜਾ (ਅੌ) ਹੋ ਜਾਂਦਾ ਹੈ । ਜਿਵੇਂ ਪ੍ਰਸ਼ਨ+ਉਤਰੀ—ਪ੍ਰਸ਼ਨੌਤਰੀ । ਅਠ+ਉਤਰੀ—ਅਠੌਤਰੀ । ਪੁਰਸ਼+ਉਤਮ—ਪੁਰਸ਼ੌਤਮ । ਅਉਸਰ-ਅੌਸਰ । ਅਉਖਧ-ਅੌਖਧ । ਅਉਗੁਣ-ਅੌਗੁਣ । ਭਉਰ-ਭੌਰ । ਕਉਲ-ਕੌਲ । ਧਉਲ-ਧੌਲ । ਸਾਉਲਾ-ਸੌਲਾ । ਰਾਉਣ-ਰੌਣ । ਬਾਉਨਾ-ਬੌਨਾ । ਦਾਉਣ-ਦੌਣ । ਸਾਉਣ-ਸੌਣ । ਦਸਾਉਰ-ਦਸੌਰ : ਅਮਾਉਸ-ਮੌਸ ।

(ਸ) ਜੇ ਅ ਦੇ ਮੁਹਰੇ ੲ ਆ ਜਾਵੇ ਤਾਂ ਲਾਂਵ ਜਾਂ ਦੁਲਾਂਵ ਹੋ ਜਾਂਦੀ ਹੈ।

ਹਬ+ਇਕ—ਹਰੇਕ। ਨਰ+ਈਸ—ਨਰੇਸ। ਗਣ+ਈਸ—ਗਣੇਸ। (ਯਦਿ) ਜਇ-ਜੇ। ਮਇ-ਮੈਂ। ਬਇਨ-ਬੈਣ। (ਭਗਨਿ) ਭਇਨ-ਭੈਣ। ਡਾਇਨ-ਡੈਣ। ਸੁਦਾਇਣ-ਸੁਦੈਣ। ਲਾਇਨ-ਲੈਨ। ਕੰਸਟਰ ਆਇਲ-ਕਸਟਰੈਲ। (ਆਦਿਤਵਾਰ) ਆਇਤਵਾਰ-ਐਤਵਾਰ। ਅਜਾਇਬ-ਅਜੈਬ। ਖ਼ਰਾਇਤ-ਖ਼ਰੈਤ। ਪੈਦਾਇਸ਼-ਪਦੈਸ਼। ਥੀਏਟਰ-ਥੈਟਰ। ਟਾਇਮ-ਟੈਮ।

ਕਈ ਵਾਰ ਦੀਰਘ ਨਹੀਂ ਵੀ ਹੁੰਦਾ, ਮੇਲ ਹੋ ਜਾਂਦਾ ਹੈ—

ਮਾਲਵ-ਇੰਦਰ-ਮਾਲਵਿੰਦਰ। ਜੋਗੀ-ਇੰਦਰ-ਜੋਗਿੰਦਰ।

(ਹ) ਵਿਅੰਜਨਾਂ ਦੀ ਸੰਧੀ ਬਹੁਤ ਘੱਟ ਹੁੰਦੀ ਹੈ। ਜੇ ਇਕੋ ਤਰ੍ਹਾਂ ਦੇ ਦੋ ਇਕੱਠੇ ਹੋਣ ਤਾਂ ਉਨ੍ਹਾਂ ਵਿਚੋਂ ਦੋ ਦੀ ਥਾਂ ਇਕੋ ਰਹਿ ਜਾਂਦਾ ਹੈ। ਇਸ ਨੂੰ Haplology ਕਹਿੰਦੇ ਹਨ।‡ ਹ ਚੂੰਕਿ ਅੱਧਚੱਧ ਸੁਰਾਂ ਵਰਗਾ ਹੀ ਹੈ ਇਸ ਲਈ ਇਹ ਵੀ ਦੂਜੇ ਗੁਆਂਢੀ ਵਿਅੰਜਨ ਨਾਲ ਸੰਧੀ ਕਰ ਲੈਣ ਦੇ ਹੱਕ ਵਿਚ ਰਹਿੰਦਾ ਹੈ।

ਜਿਵੇਂ—ਨਕ-ਕਟਾ—ਨਕਟਾ। ਉਹ+ਹੀ—ਉਹੀ। ਗਲ-ਹੱਥਾ—ਗਲੱਥਾ। ਬਹਿਸ਼ਤ-ਭਿਸ਼ਤ। ਗ਼ੁਸਤ-ਘ਼ੁਸਥ।

2. **ਆਗਮ**—ਕਈ ਵੇਰ ਉਚਾਰਣ ਦੀ ਸੌਖ ਜਾਂ ਕਿਸੇ ਹੋਰ ਕਾਰਣ ਕਰਕੇ ਸ਼ਬਦ ਦੇ ਅਗੇ ਪਿਛੇ ਕੋਈ ਨਵਾਂ ਅੱਖਰ ਆ ਲਗਦਾ ਹੈ, ਇਸ ਨੂੰ 'ਆਗਮ' ਕਹਿੰਦੇ ਹਨ।

ਜਿਵੇਂ—ਸਥਾਨ-ਅਸਥਾਨ। ਸਤੋਤਰ-ਅਸਤੋਤਰ। ਸਨਾਨ-ਇਸਨਾਨ। ਸਤੁਤੀ-ਉਸਤਤੀ। ਸਟੇਸ਼ਨ-ਅਸਟੇਸ਼ਨ। ਸਟੈਂਪ-ਅਸ਼ਟਾਮ। ਸਟੂਲ-ਅਸਟੂਲ। ਸਟੇਟ-ਅਸਟੇਟ।

3. **ਲੋਪ**—ਜਤਨ-ਸੰਜਮ ਜਾਂ ਸੌਖੇਪਕਾਰੀ ਰੁਚੀ ਦੇ ਕਾਰਣ ਕਿਸੇ ਸ਼ਬਦ ਦਾ ਮੁਢਲਾ, ਵਿਚਕਾਰਲਾ ਜਾਂ ਅੰਤਲਾ ਅੱਖਰ ਉਡ ਜਾਂਦਾ ਹੈ, ਇਸ ਨੂੰ 'ਲੋਪ' ਕਹਿੰਦੇ ਹਨ। ਸੁਰਾਂ ਦਾ ਵੀ ਲੋਪ ਹੁੰਦਾ ਹੈ ਪਰੰਤੂ ਜ਼ਿਆਦਾ ਵਿਅੰਜਨ ਹੀ ਲੋਪ ਹੁੰਦੇ ਹਨ। ਆਮ ਤੌਰ ਤੇ ਨਿਰਬਲ ਅੱਖਰ ਜ਼ਿਆਦਾ ਮਰਦੇ ਹਨ, ਬਲੀ (Stresseed) ਨਹੀਂ ਮਰਦੇ ਸਗੋਂ ਡਟੇ ਰਹਿੰਦੇ ਹਨ। ਲੋਪ ਹੋਣ ਦੀ ਘਟਨਾ ਦਾ ਬੋਲੀ ਦੇ ਘੜਨ ਭੰਨਣ ਵਿਚ ਬਹੁਤ ਹੱਥ ਹੈ। ਕਈ ਵੇਰ ਲੋਪ ਦੀ ਕਿਰਿਆ ਸ਼ਬਦ ਦਾ ਜੁੱਸਾ ਇਤਨਾ ਦੁਬਲਾ ਕਰ ਦੇਂਦੀ ਹੈ ਕਿ ਪਛਾਣ ਕਰਨੀ ਔਖੀ ਹੋ ਜਾਂਦੀ ਹੈ ਕਿ ਇਹ ਉਹੋ ਲਫ਼ਜ਼ ਹੈ। ਮਿਸਾਲ ਲਈ ਲੋਪ ਦੀ ਮੇਹਰਬਾਨੀ ਨਾਲ 'ਉਪਾਧਿਆਇ' (ਅਚਾਰਜ) ਸ਼ਬਦ ਤੋਂ ਮੇਵਾੜੀ ਵਿਚ 'ਉਪਾਧਾ' ਤੇ ਪੰਜਾਬੀ ਵਿਚ 'ਪਾਧਾ' ਬਣ ਗਿਆ ਹੈ ਅਤੇ ਬਿਹਾਰੀ ਆਦਿ ਬੋਲੀਆਂ ਵਿਚ 'ਓਝਾ' ਜਾਂ 'ਝਾ' ਹੀ ਰਹਿ ਗਿਆ ਹੈ।

(ੳ) **ਸੁਰ ਲੋਪ**—ਅੰਤ ਦੀ ਸ਼ਿਹਾਰੀ, ਬਿਹਾਰੀ ਜਾਂ ਔਂਕੜ, ਦੁਲੈਂਕੜ ਲੋਪ ਹੋ ਜਾਂਦਾ ਹੈ ਤੇ ਕਈ ਵਾਰ ਦੀਰਘ ਵੀ। ਜਿਵੇਂ—ਜਾਤਿ-ਜਾਤ ਜਾਂ ਜਾਤੀ। ਗਤਿ-ਗਤ ਜਾਂ ਗਤੀ। ਮਤਿ-ਮਤ ਜਾਂ ਮਤੀ। ਉਸਤਤਿ-ਉਸਤਤ ਜਾਂ ਉਸਤਤੀ। ਬੁਧਿ-ਬੁਧ ਜਾਂ ਬੁਧੀ। ਪ੍ਰੀਤਿ-ਪ੍ਰੀਤ ਜਾਂ ਪ੍ਰੀਤੀ। ਬਾਹੂ-ਬਾਂਹ। ਧਾਤੁ-ਧਾਤ ਜਾਂ ਧਾਤੂ। ਸਾਧੂ-ਸਾਧ।

ਅਸੈ-ਅਹੈ-ਹੈ। ਇਕੱਠ-ਕੱਠ। ਅਵਾਜ਼-ਵਾਜ਼। ਅਸੀਸ-ਸੀਸ। ਅੰਗੂਠਾ-ਗੂਠਾ। ਵਿਸ਼ਣੂ-ਬਿਸ਼ਨ। ਉਪਰ-ਪਰ। ਵਾਇ-ਵਾ। ਅਨਾਜ-ਨਾਜ। ਅਕਾਲ-ਕਾਲ। ਅਰਾਮ-ਰਾਮ। ਅਰਮਾਨ-ਰੁਮਾਨ।

---

‡ਪੀ. ਡੀ. ਗੁਨੈ, ਪੰਨਾ 56

(ਅ) **ਵਿਅੰਜਨ ਲੋਪ**—ਉੱਜ ਤਾਂ ਹਰ ਵਿਅੰਜਨ ਦਾ ਹੀ ਲੋਪ ਸੰਭਵ ਹੈ ਪਰੰਤੂ 'ਰ' ਤੇ 'ਹ' ਦਾ ਲੁਪ ਬਹੁਤ ਜ਼ਿਆਦਾ ਅਤੇ ਆਮ ਹੁੰਦਾ ਰਹਿੰਦਾ ਹੈ। ਮਿਸਾਲਾ—

ਸਥਾਨ—ਥਾਨ । ਸਨੇਹ-ਨੇਹ । **ਸਤੰਭ-ਥੰਭ** । **ਬਾਲਕ-ਬਾਲ** । ਜਗਤ-ਜਗ । ਬੀਜ-ਬੀ । ਅਗਨਿ-ਅੱਗ । ਪਾਦੁਕਾ-ਪਉਆ । ਮਾਤਾ-ਮਾ । ਪਿਤਾ-ਪੋ । **ਪੱਛਮ-ਪੱਛੋਂ** । ਪੂਰਬ-ਪੂਰਾ । ਉੱਲੂਕ-ਉਲੂ । ਸ਼ਾਦ ਬਾਸ਼-ਸ਼ਾਬਾਸ਼ । ਸ਼ਹਿਤੂਤ-ਸ਼ਤੂਤ । **ਸ਼ਬਦ-ਸੱਦ** । ਅਵਹ-ਅਰ । ਵਿਸ਼ਟਾ-ਬਿੱਠ । ਭਸਮ-ਭੱਸ । ਚਮਤਕਾਰ-ਚਮਕਾਰ । **ਰਕਤ-ਰੱਤ** । **ਦੁਗਧ-ਦੁਧ** । **ਹਸਤ ਹੱਥ** । ਵਸਤ-ਵੱਥ । ਮਸਤਕ-ਮੱਥਾ ।

ਸੁਭਾਵਤ—ਸੋਬਤੀ । ਯੁਕਤ-ਜੁਤ । ਸਕਤੂ-ਸੱਤੂ । ਦੁਸਤਰ-ਦੁਤਰ । **ਨਿਸਤਾਰਾ-ਨਿਤਾਰਾ** । ਗਲਪ-ਗੱਲ । ਹ੍ਰਿਦਯ-ਹਿਰਦਾ । ਭ੍ਰਾਤਰਿਜ-ਭਤੀਜਾ । ਚਕਰ-ਚੱਕ । ਮੂਤਰ-ਮੂਤ । **ਸੂਤਰ-ਸੂਤ** । ਪੁਤਰ-ਪੁਤ । ਗਤਰ-ਗੋਤ । ਪੋਤਰਾ-ਪੋਤਾ । ਸੂਤਰ-ਸੂਤ । ਸਰਬ-ਸਭ । ਗਰਭ-ਗੱਭ । **ਗੁਰਜਰ-ਗੁੱਜਰ** । ਕਰਨ-ਕੰਨ । ਅਰਧ- ਅੱਧ । ਕਾਰਜ-ਕਾਜ । ਜੰਦਰਾ-ਜੰਦਾ । ਮੰਦਰੀ-ਮੰਦੀ । **ਛਿਦਰ-ਛਿੱਦ** । ਤ੍ਰਿਣ-ਤਿਣ । ਮਾਰਗ-ਮੱਗ । ਸ੍ਰਿੰਗ-ਸਿੰਗ । ਨੀਂਦ੍-ਨੀਂਦ । **ਵਾਰਤਾ-ਬਾਤ** । **ਮਿਸਰ-ਮਿੱਸ** । ਪੂਰਬਾਰਧ-ਪੂਆਧ । ਗਿਰਦਾਵਰੀ-ਗਿਦਾਵਰੀ । ਉਪਾਲੰਭ-ਉਲਾਂਭਾ । ਅਜਾਪਾਲ-ਅਯਾਲੀ । ਨਿਸਪੁਤਰ-ਨਿਪੁੱਤਾ । ਨਿਰੋਗ-ਨਰੋਆ । ਦੀਪਾਵਲੀ-ਦੀਵਾਲੀ । **ਲੱਛਮੀ-ਲੱਛੀ** । ਵਿਚ-'ਚ । ਮੈਡਮ-ਮੇਮ । ਸਟੇਸ਼ਨ-ਟੇਸ਼ਨ । ਅਟੈਨਸ਼ਨ-ਟਿਚਨ । **ਲੇਫਟੀਨੈਂਟ-ਲਫਟੈਨ** । ਕਾਰਕ-ਕਾਗ । ਕਾਰਡ-ਕਾਟ । ਲਾਰਡ-ਲਾਟ । ਗਾਰਡ-ਗਾਡ । **ਆਰਡਰ-ਆਡਰ** । ਰੀਪੋਰਟ-ਰਪੋਟ । ਸੈਕ੍ਰੇਟਰੀ-ਸਕੱਤਰ । ਕੁਲੈਕਟਰ-ਕਲੱਟਰ । ਕੁਆਰਟਰ-ਕੁਆਟਰ । ਬੰਬੂ ਕਾਰਟ-ਬੰਬੂ ਕਾਟ ਆਦਿਕ ।

4. **ਵਿਪਰੀਤੀ**—ਕਈ ਵੇਰ ਇਕ ਸ਼ਬਦ ਵਿਚਲੇ ਲਾਗੋ ਲਾਗੇ ਦੇ ਅੱਖਰ ਆਪਸ ਵਿਚ ਥਾਂ ਬਦਲ ਲੈਂਦੇ ਹਨ, ਇਸ 'ਨੂੰ ਵਿਪਰੀਤੀ' ਕਹਿੰਦੇ ਹਨ ਪਰ ਇਹ ਕਿਰਿਆ ਹੁੰਦੀ ਬਹੁਤ ਘੱਟ ਹੈ। ਜਿਵੇਂ—ਤਿਥ-ਥਿਤ। ਪਸਲੇਟਾ-ਪਲਸੇਟਾ। ਦੇਗਚਾ-ਦੇਜਕਾ। ਨੁਸਖਾ-ਨੁਕਸਾ। ਨੁਕਸਾਨ-ਨੁਸਕਾਨ। ਚਰਯਾ-ਚੱਜ-ਜਾਚ। ਤਿਲਕ—(ਟੀਕਾ) ਟਿਕਲਾ। ਮਤਲਬ-ਮਤਬਲ। ਚਾਕੂ-ਕਾਚੂ। ਸਿਗਰਟ-ਸਿਰਗਟ। ਪੁਲਟਸ-ਪੁਲਸਟ। ਕਪਾਹ-ਪਕਾਹ। ਏਕਾਦਸੀ-ਕਾਦਸੀ-ਕਾਸ਼ਤੀ। ਬਖਸ਼ੋ-ਬਕਸੋ (ਮਾਝੀ)

5. **ਆਦੇਸ**—ਇਕ ਅੱਖਰ ਦੀ ਥਾਂ ਦੂਜਾ ਅੱਖਰ ਹੋ ਜਾਣ ਦਾ ਨਾਂ ਆਦੇਸ ਜਾਂ ਅੱਖਰ-ਪਰਿਵਰਤਨ ਹੈ। ਇਹ ਅੱਖਰਾਂ ਦੀ ਅਦਲਾ ਬਦਲੀ ਬੋਲੀ ਦੀ ਤਬਦੀਲੀ ਵਿਚ ਸਭ ਤੋਂ ਵਧ ਹਿੱਸਾ ਪਾਉਂਦੀ ਹੈ। ਇਹ ਤਬਦੀਲੀ ਕੋਈ ਬੇਹਿਸਾਬ ਯਾ ਬੇਨਿਯਮੀ ਨਹੀਂ ਹੁੰਦੀ ਸਗੋਂ ਕੁਦਰਤੀ ਤੇ ਧੁਨੀ-ਪਰਿਵਰਤਨ ਦੇ ਨੇਮਾਂ ਅਨੁਸਾਰ ਹੁੰਦੀ ਹੈ । ਨ ਇਹ ਕੋਈ ਜਾਣ ਬੁਝ ਕੇ ਕਰਦਾ ਹੈ ਤੇ ਨਾ ਹੀ ਇਸ ਨੂੰ ਜਾਣ ਬੁਝ ਕੇ ਰੋਕਿਆ ਜਾ ਸਕਦਾ ਹੈ। ਲੋਕ-ਉਚਾਰਣ ਦੀ ਵਗਦੀ ਧਾਰਾ ਵਿਚ ਇਹ ਸਹਿਜ ਸੁਭਾ ਹੁੰਦਾ ਰਹਿੰਦਾ ਹੈ ਤੇ ਕਈ ਵਾਰ ਇਕ ਤਬਦੀਲੀ ਲਈ ਸਦੀਆਂ ਲਗ ਜਾਂਦੀਆਂ ਹਨ। ਆਮ ਤੌਰ ਤੇ ਬੋਲਣ-ਅਸਥਾਨ ਦੀ ਸਾਂਝ ਰਖਣ ਵਾਲੇ ਅੱਖਰ ਹੀ ਇਕ ਦੂਜੇ ਦੀ ਥਾਂ ਮਲਦੇ ਹਨ। ਬਿਦੇਸੀ ਸ਼ਬਦਾਂ ਲਈ ਇਹ ਜ਼ਰੂਰੀ ਨਹੀਂ। ਸੁਰਾਂ ਦੀ ਅਦਲਾ ਬਦਲੀ ਨਹੀਂ ਮਾਤਰ ਹੁੰਦੀ ਹੈ. ਜ਼ਿਆਦਾਤਰ ਵਿਅੰਜਨ ਹੀ ਇਸ ਮੈਦਾਨ ਦੇ ਖਿਲਾੜੀ ਬਣਦੇ ਹਨ। ਵਿਅੰਜਨਾਂ ਵਿਚੋਂ ਵੀ 'ਹ' ਇਕ ਅਜੇਹਾ ਤੂਫਾਨੀ ਅੱਖਰ ਹੈ ਜੋ ਥਾਂ ਥਾਂ ਛਾਲਾਂ ਮਾਰਦਾ ਰਹਿੰਦਾ

ਹੈ। ਕਈ ਵੇਰ ਇਹ ਆਪ ਕਿਸੇ ਅੱਖਰ (ਆਮ ਤੌਰ ਤੇ ਪਾਲੀ ਦੇ ਚੌਥੇ ਅੱਖਰ) ਦੀ ਥਾਂ ਹੋ ਜਾਂਦਾ ਹੈ ਤੇ ਕਈ ਵੇਰ ਅਪਣੀ ਥਾਂ ਕਿਸੇ ਨੂੰ ਦੇ ਜਾਂਦਾ ਹੈ। ਪਾਣੀਨੀਯ ਨੂੰ ਅਪਣੇ ਮੂਲ ਸੂਤਰ ਵਿਚ 'ਹ' ਦੀ ਮਹਾਨਤਾ ਮੰਨਦਿਆਂ ਦੋ ਵੇਰ ਥਾਂ ਦੇਣੀ ਪਈ ਹੈ। ਅਗੇ ਇਸ ਅੱਖਰ-ਤਬਦੀਲੀ ਦੀਆਂ ਕੁਝ ਮਿਸਾਲਾਂ ਦਿਤੀਆਂ ਜਾਂਦੀਆਂ ਹਨ :—

(ੳ) ਪਾਲੀ ਦੇ ਪਹਿਲੇ ਅੱਖਰ ਦੀ ਥਾਂ ਉਸੇ ਪਾਲੀ ਦਾ ਦੂਜਾ ਅੱਖਰ ਹੋ ਜਾਂਦਾ ਹੈ—

ਸੁਪਨਾ-ਸੁਫਨਾ। ਧੂਪ-ਧੂਫ। ਸਿਆਣਪ-ਸਿਆਣਫ। ਪੁਹਾਰ-ਫੁਹਾਰ। ਪਾਰਸੀ-ਫਾਰਸੀ। ਸਰਾਪ-ਸਰਾਫ। ਸੰਦੂਕ-ਸੰਦੂਖ। ਬੰਦੂਕ-ਬੰਦੂਖ। ਵਕਤ-ਵਖਤ। ਕੂਪ-ਖੂਹ। ਕੰਨਾ-ਖੁੰਜਾ। ਕਾਨ-ਖਾਣ। ਕੁਰਸੀ-ਖੁਰਸੀ। ਕਫਨ-ਖਫਣ। ਮੁਲਕ-ਮੁਲਖ। ਤਰੀਕ-ਤਰੀਖ। ਵਿਸਤਾਰ-ਵਿਸਥਾਰ। ਕਾਸਟ-ਕਾਠ। ਮਿਸ਼ਟ-ਮਿਠਾ। ਪ੍ਰਿਸ਼ਠ-ਪਿੱਠ। ਦਸਤਾ-ਦੱਥਾ। ਸ਼ਤਕ-ਪੱਥੀ। ਸਤਬਕ-ਥੱਬਾ। ਹਸਤੀ-ਹਾਥੀ। ਵਿਸ਼ਟਾ-ਬਿੱਠ।

(ਅ) ਪਾਲੀ ਦੇ ਪਹਿਲੇ ਅੱਖਰ ਦੀ ਥਾਂ ਉਸੇ ਪਾਲੀ ਦਾ ਤੀਜਾ ਅੱਖਰ ਹੋ ਜਾਂਦਾ ਹੈ—

ਅੰਤਰ-ਅੰਦਰ। ਕੰਧਾਰ-ਗੰਧਾਰ। ਕੰਕਨ-ਕੰਗਣ। ਅੰਕ-ਅੰਗ। ਅੰਕੁਰ-ਅੰਗੂਰ। ਪ੍ਰਕਟ-ਪਰਗਟ। ਸ਼ਾਕ-ਸਾਗ। ਲੋਕ-ਲੋਗ। ਸ਼ਕੁਨ-ਸ਼ਗਨ। ਸਕਲ-ਸਗਲ। ਸ਼ਤੀ-ਸਦੀ। ਪੰਚ-ਪੰਜ। ਤੰਤੂ-ਤੰਦ। ਪੰਕਤਿ-ਪੰਗਤ। ਵਿਕਾਸ-ਵਿਗਾਸ। ਆਕਾਸ਼-ਅਗਾਸ। ਨਕਦ-ਨਗਦ। ਨਕਾਰਾ-ਨਗਾਰਾ। ਤਾਕੀਦ-ਤਗੀਦ। ਤਾਕਤ-ਤਾਗਤ। ਟਿਕਟ-ਟਿਗਟ। ਟਕਾ-ਟਗਾ। ਰੈਕਰੂਟ-ਰੰਗਰੂਟ। ਸੰਕਚ-ਸੰਗੋਚ। ਕ੍ਰੋਚ-ਕੂੰਜ। ਕੁੰਚ-ਕੁੰਜ। ਪਿਤਾਂਤਰ-ਪਤੰਦਰ। ਕਰੰਕ-ਕਰੰਗ। ਕੰਟਕ-ਕੰਡਾ। ਕੁੰਕਮ-ਕੁੰਗੂ। ਤਖਾਣ-ਦਖਾਣ। ਦੰਤ-ਦੰਦ। ਕਰੰਤਿ-ਕਰਦਾ। ਯਾਤਿ-ਜਾਂਦਾ। ਪਤਤਿ-ਪੈਂਦਾ। ਦਦਾਤਿ-ਦੇਂਦਾ। ਹਸਤਿ-ਹਸਦਾ। ਗਯਤਿ-ਗਾਉਂਦਾ ਆਦਿ। ਕਈ ਬਿਦੇਸੀ ਸ਼ਬਦਾ ਵਿਚ ਤੀਜ ਦੀ ਥਾਂ ਪਹਿਲਾ ਹੋਣ ਦੀਆਂ ਮਿਸਾਲਾਂ ਵੀ ਹਨ—ਕਾਰਡ-ਕਾਟ। ਲਾਰਡ-ਲਾਟ। ਪਰੇਡ-ਪਰੇਟ।

(ੲ) ਪਾਲੀ ਦੇ ਪਹਿਲੇ ਅੱਖਰ ਦੀ ਥਾਂ ਚੌਥਾ ਅੱਖਰ ਵੀ ਹੋ ਜਾਂਦਾ ਹੈ, ਜਿਵੇਂ ਪੰਘੂੜਾ-ਭੰਗੂੜਾ। ਚੜ੍ਹਾਈ-ਝੜ੍ਹਾਈ (ਬੋਲਣ ਵਿਚ) ਧੁਰੰਤਰ-ਧੁਰੰਧਰ। ਅਪਿ-ਭੀ।

(ਸ) ਹਰ ਪਾਲੀ ਦੇ ਚੌਥੇ ਅੱਖਰ ਦੀ ਥਾਂ 'ਹ' ਹੋ ਜਾਂਦਾ ਹੈ। ਸ਼ੂਰਾਂ ਵਾਲੀ ਪਹਿਲੀ ਪਾਲੀ ਤੇ ਵੀ ਇਹ ਨੇਮ ਲਾਗੂ ਹੈ। ਅਰਥਾਤ ਸ ਦੀ ਥਾ ਹ ਹੋਣਾ। ਡਾ: ਚੈਟਰਜੀ ਦੇ ਕਥਨ ਮੁਤਾਬਕ "ਪੂਰਬੀ ਪੰਜਾਬੀ, ਹਿੰਦਕੀ ਯਾ ਲਹਿੰਦੀ ਤੇ ਸਿੰਧੀ ਵਿਚ 'ਸ' ਦਾ 'ਹ' ਹੋ ਜਾਣਾ ਨਿਹਾਇਤ **ਜ਼ਰੂਰੀ ਹੈ**।"‡

ਅਸਥਿ-ਹੱਡੀ। ਸਰਸੋਂ-ਸਰਹੋਂ। ਸੰਦੇਸ਼ਾ-ਸੰਨੇਹਾ। ਗ੍ਰਾਸ-ਗ੍ਰਾਹ। ਸਸੁਰਾ-ਸਹੁਰਾ। ਵਿਸ਼ਵਾਸ-ਵਿਸਾਹ। ਸਾਸ-ਸਾਹ। ਦਸ ਸਿਰ-ਦਹ-ਸਿਰ। ਕੋਸ-ਕੋਹ। ਰੋਸ-ਰੋਹ। ਵਿਸ-ਵਿਹੁ। ਨਿਸਚਾ-ਨਿਹਚਾ। ਨਿਸਫਲ-ਨਿਹਫਲ। ਜੈਸਾ-ਜੇਹਾ। ਤੈਸਾ-ਤੇਹਾ। ਕੈਸਾ-ਕੇਹਾ। ਸਿੰਧ-ਹਿੰਦ। ਸਭ-ਹਭ।

ਮੋਘ-ਮੋਂਹ (ਮੀਂਹ)। ਮੱਧ-ਮਹਿ। ਮੱਝ-ਮੰਝ। ਬਧੂ—ਬਹੂ। ਦਧੀ-ਦਹੀਂ। ਬਧੂਟੀ-ਵਹੁਟੀ। ਬਧਰ-ਬਹਰਾ। ਪੰਧ-ਪਹਾ। ਅਧੁਨਾ-ਅਹੁਣ-ਹੁਣ। ਛੁਧਾ-ਖੁਹ। ਲਾਭ-ਲਾਹਾ। ਸੁਭਾਗ-ਸੁਹਾਗ। ਅਭੀਰ-ਅਹੀਰ। ਗੰਭੀਰ-ਗਹੀਰ। ਸੋਭਨ-ਸੋਹਣ। ਲੱਝਣਾ-ਲੱਧਣਾ। ਲੱਭਣਾ-ਲਹਿਣਾ। ਸੰਹਾਰ-ਸੰਘਾਰ। ਸਿੰਹ-ਸਿੰਘ।

---

‡ਰਾਜਸਥਾਨੀ ਭਾਸ਼ਾ, ਪੰਨਾ 14

(ਹ) ਕਈ ਵਾਰ ਪਾਲੀ ਦੇ ਦੂਜੇ ਅੱਖਰ ਦੀ ਥਾਂ 'ਹ' ਹੋ ਜਾਂਦਾ ਹੈ :—

ਵਿਖ-ਵਿਹ । ਤ੍ਰਿਖਾ-ਤ੍ਰਿਹਾ । ਮੁਖ-ਮੂੰਹ । ਨਖ-ਨਹੁੰ । ਕੁਠਾਰੀ-ਕੁਹਾੜੀ । ਕਥਨੰ-ਕਹਣ । ਕਥਾਨਕ-ਕਹਾਣੀ ।

(ਕ) ਅੱਗੜ ਪਿਛੜ ਅਨੁਨਾਸਕ ਧੁਨੀ ਹੋਣ ਤੇ, ਜਾਂ ਐਵੇਂ ਪਾਲੀ ਦੇ ਹਰ ਅੱਖਰ ਦੀ ਥਾਂ ਪੰਜਵਾਂ ਹੋ ਜਾਂਦਾ ਹੈ :—

ਰੰਡ-ਰੰਨ । ਚੰਦਨ-ਚੰਨਣ । ਕੁੰਦਨ-ਕੁੰਨਣ । ਜੰਜ-ਜੰਞ-ਜੰਨ । ਡੰਡ-ਡੰਨ । ਪਿੰਡ-ਪਿੰਨਾ । ਅੰਧਾ-ਅੰਨ੍ਹਾ । ਬੰਧ-ਬੰਨ੍ਹ । ਸੰਧ-ਸੰਨ੍ਹ । ਕੰਧਾ-ਕੰਨ੍ਹਾ । ਈਂਧਨ-ਇੰਨ੍ਹਣ । ਰਿਧਿਆ-ਰਿੰਨ੍ਹਿਆ । ਸਿਧਿਆ-ਸਿੰਨ੍ਹਿਆ । ਵਿਧਾ-ਵਿੰਨ੍ਹਿਆ । ਅਫਸੋਸ-ਮਸੋਸ ।

(ਖ) ਪਾਲੀ ਦਾ ਪੰਜਵਾਂ ਅੱਖਰ (ਅਨੁਨਾਸਕ) ਬਿੰਦੀ ਯਾ ਟਿਪੀ ਵਿਚ ਬਦਲ ਜਾਂਦਾ ਹੈ—

ਨਾਮ-ਨਾਂ । ਥਾਨ-ਥਾਂ । ਗ੍ਰਾਮ-ਗ੍ਰਾਂ । ਧੂੰਮ-ਧੂੰ । ਭ੍ਰਮ-ਭ੍ਰੰ । ਲੋਮ-ਲੂੰ । ਛਾਮ-ਛਾਂ । ਨਿਮੰਤ-ਨਿਉਂਦਾ । ਆਮ੍-ਅੰਬ । ਸਿਗਨਲ-ਸਿੰਗਲ । ਅਡਵਾਨਸ-ਅਡਵੰਸ । ਬਹੁਆਣੰ-ਬਹੁਆਂ । ਸੰਝਾਣੰ-ਸੰਝਾਂ । ਆਦ੍ਯਾਂਨਿ-ਆਂਦਰਾਂ ।

(ਗ) ਤਵਰਗ ਨੂੰ ਚਵਰਗ ਦਾ ਆਗਮ ਹੋ ਜਾਂਦਾ ਹੈ—

ਸੱਤ-ਸੱਚ । ਨ੍ਰਿਤ-ਨਾਚ । ਸਤ-ਜਨ-ਸੱਜਨ । ਅਦਜ-ਅੱਜ । ਦਾੜ੍ਹ-ਜਾੜ੍ਹ । ਇਮਾਮ ਦਸਤਾ-ਇਮਾਮ-ਜਿਸਤਾ । ਕਾਗਦ-ਕਾਗਜ । ਖਿਦਮਤ-ਖਿਜਮਤ । ਨਜ਼ਰ-ਨਦਰ । ਅਨਾਦ-ਅਨਾਜ । ਬੰਧਿਆ-ਬੰਝਿਆ । ਸੰਧਿਆ-ਸੰਝ । ਬੁਧਜਤੇ-ਬੁਝਣਾ । ਬੁਧਿ-ਬੁਝ । ਰਿਧਾ-ਰਿੱਝ । ਧੀਵਰ-ਝੀਵਰ । ਧੁਨਕਾਰ-ਝੁਨਕਾਰ ।

(ਘ) ਤਵਰਗ ਨੂੰ ਟਵਰਗ ਵੀ ਹੋ ਜਾਂਦਾ ਹੈ—

ਪਤਨ-ਪੱਟਣ । ਤਿਕਤ-ਟੀਟ । ਤ੍ਰਿਯਕ-ਟੇਢਾ । ਏਕ੍ਰਸਥ ਜਾ ਏਕੱਤ੍ਰ-ਇਕੱਠ । ਸਥੂਲ-ਠੁਲ੍ਹ । ਸਥਿਲ-ਢਿਲਾ । ਅਸਥਿ-ਹੱਡੀ । ਸਥਾਨ-ਠਾਣਾ । ਦਰਦਰ-ਡੱਡੂ । ਬ੍ਰਿਧ-ਬੁੱਢਾ । ਧ੍ਰਿਸਟ-ਢੀਠ । ਦ੍ਰਿਸ੍ਟਿ-ਡੀਠ । ਗ੍ਰੰਥਿ-ਗੰਢ । ਦੰਡ-ਡੰਡ । ਦੋਲਿਕਾ-ਡੋਲੀ । ਬਰਾਮਦਾ-ਬਰਾਂਡਾ ।

(ਙ) ਟ ਦੀ ਥਾਂ ੜ ਹੋ ਜਾਂਦਾ ਹੈ—

ਬਿਕਟ-ਬਿਖੜਾ । ਤ੍ਰਿਕਟੀ-ਤਿਉੜੀ । ਨਿਕਟ-ਨੇੜੇ । ਅਉਘਟ-ਔਕੜ । ਚੌਪਟ-ਚੌਪੜ । ਕਪਾਟ-ਕਿਵਾੜ । ਚਪੇਟ-ਚਪੇੜ । ਬਾਟਿਕਾ-ਬਾੜੀ । ਪੀਠਿਕਾ-ਪੀੜ੍ਹੀ । ਘਟ-ਘੜਾ । ਘਟੀ-ਘੜੀ । ਕੀਟ-ਕੀੜਾ । ਕੇਟ-ਕੂੜ । ਅਬ੍ਰਿਸ਼ਟਕ-ਅੰਡ । ਕਟਾਹ-ਕੜਾਹਾ । ਕੁਟੰਬ-ਕੁੜਮਾ । ਕਰਪਟ-ਕਪੜਾ । ਮੂਢ-ਮੂੜ੍ਹ ।

(ਚ) ਬਿਦੇਸੀ ਜ਼ਬਾਨ ਦੇ ਸ਼ਬਦਾਂ ਵਿਚਲੇ ਟਵਰਗ ਦੀ ਥਾਂ ਤਵਰਗ ਹੋ ਜਾਂਦਾ ਹੈ ।

ਬੋਟਲ-ਬੋਤਲ । ਗਾਰਡ-ਗਾਰਦ । ਰਸੀਟ-ਰਸੀਦ । ਪਿਸਟਲ-ਪਿਸਤੌਲ । ਗੋਡਾਊਨ-ਗੋਦਾਮ । ਡਜ਼ਨ-ਦਰਜਨ । ਟਰੁਪ-ਤਰੁਪ । ਸੈਕ੍ਰੇਟਰੀ-ਸਕੱਤਰ । ਡਾਕਟਰ-ਡਾਕਦਾਰ ।

(ਛ) ਵਿਚਕਾਰਲੇ ਜਾਂ ਅੰਤਲੇ 'ਨ' ਦੀ ਥਾਂ 'ਣ' ਹੋ ਜਾਂਦਾ ਹੈ । ਅਪਭ੍ਰੰਸ਼ ਵਿਚ 'ਣ' ਹੋ ਜਾਣ ਦੀ ਬਹੁਤ ਰੀਤ ਸੀ—

ਗੁਨ-ਗੁਣ । ਨਯਨ-ਨੈਣ । ਪਵਨ-ਪੌਣ । ਪ੍ਰਾਨ-ਪ੍ਰਾਣ । ਆਸਨ-ਆਸਣ । ਕਾਨ-ਖਾਣ । ਹਾਨੰ-ਹਾਣ । ਬਟਨ-ਬਟੇਣ ।

(ਜ) ਬਿਦੇਸ਼ੀ ਜ਼ਬਾਨ ਦੇ ਸ਼ਬਦਾਂ ਵਿਚਲੇ ਨ ਦੀ ਥਾਂ ਲ ਵੀ ਹੋ ਜਾਂਦਾ ਹੈ ਕਿਉਂਕਿ ਦੋਵੇਂ

ਉਚਾਰਣ-ਸਥਾਨੋਂ ਭਾਈ ਹਨ—

ਨੰਬਰ-ਲੰਬਰ । ਨੱਟ-ਲੱਟ । ਸਿਨਮਾ-ਸਿਲਮਾ । ਫਨੂਸ-ਫਲੂਸ । ਲੈਨਟਰਨ-ਲਾਲਟੈਣ । ਪਿਨਸ਼ਨ-ਪਿਲਸਣ । ਨੀਲਾਮ-ਲਲਾਮ । ਨੀਲਾਰੀ-ਲਲਾਰੀ । ਕਈ ਵਾਰ ਇਸ ਤੋਂ ਉਲਟ ਵੀ ਹੋ ਜਾਂਦਾ ਹੈ ਜਿਵੇਂ ਲੰਡਨ ਤੋਂ ਨੰਦਣ । ਲੂਣ-ਨੂਣ ।

(ਝ) ਯ ਤੇ ਵ ਇਕ ਤਰ੍ਹਾਂ ਸੁਰਾਂ ਵਰਗੇ (Semi Vowels) ਹੀ ਹਨ । ਇਸ ਲਈ 'ਯ' ਦੀ ਥਾਂ 'ਇ' ਤੇ 'ਵ' ਦੀ ਥਾਂ 'ਉ' ਹੋ ਜਾਂਦਾ ਹੈ ।

ਵਿਦਜਾ-ਵਿਦਿਆ । ਗਜਾਨੀ-ਗਿਆਨੀ । ਨਿਯਮ-ਨੇਮ । ਸੁਆਮੀ-ਸੁਆਮੀ । ਸੁਆਦ-ਸੁਆਦ ਸੁਪਨ-ਸੁਪਨਾ । ਧੁਜਾ-ਧੁਜਾ । ਸੁਰ-ਸੁਰ । ਦੁਆਰ-ਦੁਆਰ । ਸੁਭਾਵ-ਸੁਭਾਉ । ਨਾਵ-ਨਾਉਂ । ਜੀਵ-ਜੀਉ । ਸੁਆਰਥ-ਸੁਆਰਥ । ਸੁਦੇਸੀ-ਸੁਦੇਸੀ । ਯਾਦਵ-ਜਾਦਉ । ਦਸਾਵਰ, ਕਵਲ, ਧਵਲ, ਭਵਰ ਦੀ ਥਾਂ ਦਸਾਉਰ, ਕਉਲ, ਧਉਲ ਤੇ ਭਉਰ ਆਦਿ ।

(ਞ) ਉਚਾਰਣ-ਸਥਾਨ ਦੀ ਸਾਂਝ ਕਰਕੇ ਯ ਦੀ ਥਾਂ ਜ ਹੋ ਜਾਂਦਾ ਹੈ।

ਯੋਗੀ-ਜੋਗੀ । ਯੁੱਧ-ਜੁੱਧ । ਯਮ-ਜ਼ਮ । ਕਾਰਯ-ਕਾਰਜ । ਯੰਤਰ-ਜੰਤਰ । ਯੌਵਨ-ਜੋਬਨ । ਯਾਤ੍ਰ-ਜਾਤ੍ਰ । ਯੱਗ-ਜੱਗ । ਧੈਰਯ-ਧੀਰਜ ।

(ਟ) ਰ ਤੇ ਲ ਪਰਸਪਰ ਵਟ ਜਾਂਦੇ ਹਨ । ਕਾਤਿਆਇਨ ਨੇ ਰ ਤੇ ਲ ਨੂੰ 'ਸਵਰਣੀ' ਕਿਹਾ ਹੈ । ਇਹ ਵਟਾਂਦਰਾ ਪਾਲੀ ਤੇ ਸੰਸਕ੍ਰਿਤ ਵਿਚ ਵੀ ਸੀ ।‡ ਅਸ਼ੋਕੀ ਸ਼ਿਲਾਲੇਖਾਂ ਵਿਚ ਇਸ ਦੀਆਂ ਮਿਸਾਲਾਂ ਆਮ ਹਨ । ਦਰਿਦਰ-ਦਲਿਦਰ । ਚਰਿਤਰ-ਚਲਿਤਰ । ਰੋਮ-ਲੋਮ-ਲੂੰ । ਕਾਜਰ-ਕਾਜਲ । ਪੱਤਰ-ਪੱਤਲ । ਬੰਸਰੀ-ਬੰਝਲੀ । ਰੱਜੂ-ਲੱਜ । ਨਾਰਿਅਲ-ਨਲੇਰ । ਚਰਣ-ਚਲਣ । ਗ੍ਰਿਧ-ਗਿਲਝ । ਨੱਗਰ-ਨੱਗਲ । ਜੈਂਟਲਮੈਨ-ਜੈਂਟਰਮੈਨ । ਬੈਰਿਸਟਰ-ਬਲਿਸਟਰ । ਟੈਂਪਰੇਰੀ-ਟੈਂਪਰੇਲੀ ।

(ਠ) ਰ ਦੀ ਥਾਂ ੜ ਹੋ ਜਾਂਦਾ ਹੈ—

ਵਿਕਾਰ-ਵਿਗਾੜ । ਕੁਠਾਰ-ਕੁਹਾੜਾ । ਕਟਹਿਰਾ-ਕਟੜਾ । ਆਰਡਰਲੀ-ਅੜਦਲੀ । ਅਹੇਰੀ-ਹੇੜੀ । ਮੁਰਾ-ਮੁੜਾ-ਮੋਂਡਾ ।

(ਡ) ਉਚਾਰਣ-ਸਥਾਨ ਦੀ ਸਾਂਝ ਕਾਰਣ ਵ ਦੀ ਥਾਂ ਬ ਹੋ ਜਾਂਦਾ ਹੈ :—

ਵੱਛਾ-ਬੱਛਾ । ਵਜਾਧੀ-ਬਿਆਧੀ । ਵਿਸਨ-ਬਿਸ਼ਨ । ਵੀਰ-ਬੀਰ । ਵੱਟਾ-ਬੱਟਾ । ਵਿਆਹ-ਬਿਆਹ । ਵਿਚ-ਬਿਚ ।

(ਢ) ਵ ਤੇ ਮ ਪਰਸਪਰ ਵਟ ਜਾਂਦੇ ਹਨ—ਜਿਵੇਂ-ਜਿਮੇਂ । ਤਿਵੇਂ-ਤਿਮੇਂ । ਭਾਵੇਂ-ਭਾਮੇਂ । ਉਥਲਵਾਂ-ਉਥਲਮਾ । ਤੀਵੀਂ-ਤੀਮੀ । ਸੇਵੀਆਂ-ਸੇਮੀਆਂ । ਲਾਂਵ-ਲਾਮ । ਦੁਲਾਵ-ਦੁਲਾਮ । ਨਾਮ-ਨਾਵ । ਸ਼ਾਮਲਾ-ਸਾਂਵਲਾ । ਦਾਮਨ-ਦਾਵਣ ।

(ਣ) ਸੰਸਕ੍ਰਿਤ ਥ ਤੇ ਖ਼ ਦੀ ਥਾਂ ਪੰਜਾਬੀ ਵਿਚ ਖ ਜਾਂ ਛ ਹੋ ਜਾਂਦਾ ਹੈ—

ਰਿਖਿ-ਰਿਖੀ । ਪਖ-ਪੱਖ । ਪਖੀ-ਪੰਛੀ । ਰਖਾ—ਰੱਖਿਆ ।

ਬਾਕੀ ਨਾਵਾਂ ਤੇ ਕ੍ਰਿਆਵੀ ਸ਼ਬਦਾਂ ਦੀ ਬਣਤਰ ਵੀ ਇਸੇ ਤਰ੍ਹਾਂ ਦੇ ਨੇਮਾਂ ਅਧੀਨ ਬਣਦੀ ਰਹਿੰਦੀ ਹੈ । ਪੜਨਾਂਵਾਂ ਦੀ ਬਣਤਰ ਉਤੇ ਵੀ ਇਹੋ ਨੇਮ ਲਾਗੂ ਹੁੰਦੇ ਹਨ ਕਿਤੇ ਸੰਧੀ, ਕਿਤੇ ਆਗਮ ਤੇ ਕਿਤੇ ਲੋਪ ਜਾਂ ਆਦੇਸ । ਵਖ ਵਖ ਥਾਂ ਖਿਲਾਰਨ ਦੀ ਬਜਾਇ ਇਨ੍ਹਾਂ ਦਾ ਇਕੱਠਾ

---

‡ਆਰਿਆਈ ਜ਼ਬਾਨੋਂ, (ਡਾ: ਸਿਧੇਸ਼ਵਰ ਵਰਮਾ) ਪਨਾ 55

ਨਕਸ਼ਾ ਇਥੇ ਦਿੱਤਾ ਜਾਂਦਾ ਹੈ । ਨਾਲੇ ਕਾਰਕਾਂ ਤੇ ਸਹਾਇਕ ਕ੍ਰਿਆਵਾਂ ਦਾ ਵੀ, ਜਿਨ੍ਹਾਂ ਦੀ ਵਰਤੋਂ ਬਹੁਤ ਆਮ ਹੈ ।

ਪੜਨਾਂਵ—

ਪੰਜਾਬੀ	ਅਪਭ੍ਰੰਸ਼	ਪ੍ਰਾਕ੍ਰਿਤ	ਸੰਸਕ੍ਰਿਤ	
ਮੈਂ	ਮਇਂ	ਮਏ	ਮਯਾ	ਅਹੰ-ਹਉਂ-ਹਮ
ਤੈਂ, ਤੂੰ	ਤਇਂ	ਤਏ	ਤ੍ਵਯਾ	(ਵੈਦਕ-ਤੁਵੰ-ਸੰ. ਤ੍ਵ
ਉਹ, ਉਸ	ਸੋ	ਸੁ	ਸ:	
ਅਸੀਂ	ਅੰਮ੍ਹੇ	ਅੰਮ੍ਹੇ	ਅਸਮਦ	us
ਤੁਸੀਂ	ਤੁਮ੍ਹੇ	ਤੁਮ੍ਹੇ	ਯੁਸਮਦ	you
ਆਪ	ਅੱਪਣੁ	ਅੱਪਨ	ਆਤਮਨ	
ਇਹ	ਏਹੋ	ਏਸੋ	ਏਤਦ-ਏਸ਼ਾ	
ਜੋ	ਜੋ	ਜੁ	ਯਦ	
ਜਿਨ੍ਹਾਂ	ਜੇਣ	ਜੇਨ	ਯੇਨ	
ਤਿਨ੍ਹਾਂ	ਤੇਣ	ਤੇਨ	ਤੇਨ	
ਕਿਉਂ, ਕੀ, ਕੋਈ-ਕੋ		ਕੋ	ਕਿਮ	

ਸਹਾਇਕ ਕ੍ਰਿਆ—

ਹੈ—(ਅਹਇ, ਅਛ ਅਪਭ੍ਰੰਸ਼) ਅਹੈ-ਅਸੈ, ਸੰ. ਅਸ੍ਤਿ ।

ਸੰਤਿ-ਹੁੰਤਿ-ਹਨ ।

ਸੀ-ਤੀ-ਥੀ-ਸੰ. ਆਸੀਤ । ਆਸਨ੍-ਸਨ ।

ਗਾ—ਅਪਭ੍ਰੰਸ਼ ਵਿਚ 'ਹੋੱਜੁ' ਰੂਪ ਮਿਲਦਾ ਹੈ, ਜਿਸ ਦਾ ਫਿਰ 'ਹੰਗੁ' ਬਣਿਆ । ਇਸੇ ਭਵਿਸ਼ਤ ਵਾਚੀ ਗ ਨੇ ਗਾ, ਗੇ, ਗੀ ਦੇ ਰੂਪ ਧਾਰੇ ।

ਕਾਰਕ—

ਨ-ਸੰ. ਏਨ] ਨੇ, ਨੂੰ ਦੀ ਅਪਭ੍ਰੰਸ਼ ਵਿਚ ਵਰਤੋਂ ਨਹੀਂ ਮਿਲਦੀ
ਨੂੰ-ਸੰ. ਆਨ੍]

ਦਾ-ਸੰ. ਤਸਜ । ਅਪਭ੍ਰੰਸ਼-ਤੇਂ ਤੇਹਿੰ‡ ਜਾਂ 'ਕ੍ਰਿਤ ਪ੍ਰਤਯਜ ਤੋਂ । ਤੋਂ ਸੰ. ਆਤ੍ (ਤਸਮਾਤ੍)

ਹਿੰਦੀ ਦਾ 'ਕਾ' ਪੰਜਾਬੀ 'ਦਾ' ਤੋਂ ਹੀ ਬਣਿਆ ਹੈ ।§

2. **ਸ਼ਬਦ-ਬਣਤਰ** :—'ਸ਼ਬਦ-ਬਣਤਰ' (Morphology) ਤੋਂ ਮੁਰਾਦ ਉਹ ਵਿਆਕਰਣਕ ਪ੍ਰਣਾਲੀ ਹੀ ਹੈ ਜੋ ਵਾਕ ਵਿਚ ਵਰਤੀਂਦੇ ਹਰ ਸ਼ਬਦ ਨੂੰ ਲਿੰਗ, ਵਚਨ ਤੇ ਕਾਰਕ ਭੇਦ ਅਨੁਸਾਰ ਢਾਲਦੀ ਹੈ । ਹਰ ਬੋਲੀ ਦਾ ਅਪਣਾ ਵਿਆਕਰਣ ਹੁੰਦਾ ਹੈ ਜਿਸ ਅਨੁਸਾਰ ਸ਼ਬਦ ਚਲਦੇ ਹਨ । ਇਸੇ ਕਰਕੇ ਕਿਹਾ ਜਾਂਦਾ ਹੈ ਕਿ ਬੋਲੀਆਂ ਵਾਕ ਬਣਤਰ (Syntex) ਨਾਲੋਂ ਸ਼ਬਦ ਬਣਤਰ (Morphology) ਵਿਚ ਵਧੇਰੇ ਫਰਕ ਵਾਲੀਆਂ ਹੁੰਦੀਆਂ ਹਨ ।*

---

‡ਪੀ. ਡੀ. ਗੁਣੇ, ਪੰਨਾ 276

§ਹਿੰਦੀ ਨਿਰੁਕਤ (ਕਿਸ਼ੋਰੀ ਦਾਸ ਬਾਜਪੇਈ) ਪੰਨਾ 58

*Language, (ਬਲੂਮਫੀਲਡ) ਪੰਨਾ 207

Sri Satguru Jagjit Singh Ji eLibrary NamdhariElibrary@gmail.com

ਵਾਕ-ਬਣਤਰ ਤਾਂ ਕਈ ਬੋਲੀਆਂ ਦੀ ਆਪਸ ਵਿਚ ਰਲ ਵੀ ਜਾਂਦੀ ਹੈ ਪਰ 'ਸ਼ਬਦ-ਬਣਤਰ' ਕਿਸੇ ਦੀ ਘਟ ਹੀ ਰਲਦੀ ਹੈ।

ਮਿਸਾਲ ਲਈ ਧੁਨੀ ਬਣਤਰ (Phonology) ਰਾਹੀਂ ਅਸੀਂ ਇਹ ਤਾਂ ਜਾਣ ਲਿਆ ਕਿ ਅੰਗਰੇਜ਼ੀ ਸ਼ਬਦ 'ਸਟੇਸ਼ਨ' ਦਾ ਪੰਜਾਬੀ ਉਚਾਰਣ ਨੇ ਟੇਸਣ ਯਾ ਅਸਟੇਸ਼ਣ ਬਣਾ ਦਿਤਾ ਯਾ ਫਿਰ ਉਹੋ ਤਤਸਮ ਰੂਪ ਸਟੇਸ਼ਨ ਹੀ ਰਹਿਣ ਦਿਤਾ। ਇਹ ਸ਼ਬਦ, ਵਾਕ-ਵਰਤੋਂ ਵਿਚ ਆ ਕੇ ਕੀ ਕੀ ਰੂਪ ਧਾਰਦਾ ਹੈ, ਇਸ ਦਾ ਨਿਰਣਾ ਕਰਨਾ ਸ਼ਬਦ-ਬਣਤਰ ਪ੍ਰਣਾਲੀ ਦਾ ਕੰਮ ਹੈ। ਜਿਹਾ ਕਿ ਅਸਾਂ ਪਿਛੇ ਕਿਹਾ ਹੈ ਕਿ ਇਹ ਪ੍ਰਣਾਲੀ ਹਰ ਬੋਲੀ ਦੀ ਆਪਣੀ ਆਪਣੀ ਹੁੰਦੀ ਹੈ। ਅੰਗਰੇਜ਼ੀ ਪਦ ਸਟੇਸ਼ਨ ਜਦੋਂ ਅੰਗਰੇਜ਼ੀ ਵਿਚ ਵਰਤਿਆ ਜਾਵੇਗਾ ਤਾਂ ਉਸ ਦਾ ਬਹੁ ਵਚਨ 'ਸਟੇਸ਼ਨਜ਼' ਹੋਵੇਗਾ ਪੰਜਾਬੀ ਵਿਚ 'ਸਟੇਸ਼ਨਾਂ' ਤੇ ਹਿੰਦੁਸਤਾਨੀ ਵਿਚ 'ਸਟੇਸ਼ਨੋਂ' ਬਣੇਗਾ ਅਤੇ ਕਾਰਕ ਭੇਦ ਨਾਲ ਕਈ ਥਾਂ 'ਸਟੇਸ਼ਨ' ਹੀ ਬਹੁ ਵਚਨ ਦੇ ਤੌਰ ਤੇ ਵਰਤਿਆ ਜਾਵੇਗਾ। ਜ਼ਿਵੇਂ 'ਪੰਜਾਬ ਦੇ ਸਟੇਸ਼ਨ ਬਹੁਤ ਸੋਹਣੇ ਹਨ।'

ਸੋ ਇਹ ਪ੍ਰਗਟ ਹੋਇਆ ਕਿ ਧੁਨੀ-ਬਣਤਰ ਦੇ ਸਾਂਚੇ ਵਿਚ ਢਲ ਕੇ ਜੋ ਇੱਟਾਂ ਤਿਆਰ ਹੋਈਆਂ, ਉਨ੍ਹਾਂ ਨੂੰ ਮੰਦਰ-ਉਸਾਰੀ ਵਿਚ ਲਾਉਣ ਸਮੇਂ ਕਾਰੀਗਰ ਲੋੜ ਅਨੁਸਾਰ ਫਿਰ ਘੜਦਾ ਤਰਾਸ਼ਦਾ ਹੈ ਤੇ ਇਹੋ ਘਾੜਤ ਸ਼ਬਦ-ਬਣਤਰ ਯਾ ਵਿਆਕਰਣ-ਪ੍ਰਣਾਲੀ ਕਹਾਉਂਦੀ ਹੈ। ਸ਼ਬਦ ਕਿੰਨੀ ਕਿਸਮ ਦੇ ਹਨ, ਇਨ੍ਹਾਂ ਦੇ ਅੱਗੜ ਪਿੱਛੜ ਪ੍ਰਤਯਯ ਲਗਕੇ, ਕਿਵੇਂ ਰੂਪ ਬਦਲਦੇ ਅਤੇ ਫਿਰ ਲਿੰਗ, ਵਚਨ ਤੇ ਕਾਰਕ-ਭੇਦ ਨਾਲ ਇਨ੍ਹਾਂ ਵਿਚ ਕੀ ਕੀ ਤਬਦੀਲੀ ਹੁੰਦੀ ਹੈ, ਇਹ ਸਾਰੀਆਂ ਗੱਲਾਂ ਇਸੇ ਵੀਚਾਰ-ਘੇਰੇ ਵਿਚ ਆ ਜਾਂਦੀਆਂ ਹਨ।

ਸਾਰੇ ਵਿਦਵਾਨ ਇਸ ਸੰਮਤੀ ਦੇ ਹਨ ਕਿ ਇਸ ਸ਼ਬਦੀ-ਢਾਂਚੇ ਦੀ ਵਿਆਕਰਣਕ ਵੀਚਾਰ ਦਾ ਬੁਨਿਆਦੀ ਪੱਥਰ ਹਿੰਦ ਦੇ ਸ਼ਬਦ-ਵਿਗਿਆਨੀਆਂ ਰੱਖਿਆ।‡ ਇਸ ਖਤਰ ਵਿਚ ਸੰਸਕ੍ਰਿਤ ਵਿਆਕਰਣੀ ਪਾਣਿਨੀ ਦਾ ਨਾਂ ਬਹੁਤ ਮਹੱਤ ਰਖਦਾ ਹੈ। ਇਸੇ ਤਰ੍ਹਾਂ ਵਰਰੁਚੀ ਨੇ ਪ੍ਰਾਕ੍ਰਿਤ ਤੇ ਹੇਮਚੰਦ੍ ਨੇ ਅਪਭ੍ਰੰਸ਼ ਵਿਆਕਰਣ ਲਿਖਕੇ ਏਸ ਸ਼ਬਦ-ਨੈਮਾਵਲੀ ਨੂੰ ਸੂਤਰ-ਬੱਧ ਕੀਤਾ।

ਭਾਰਤੀ ਵਿਆਕਰਣੀਆਂ ਸ਼ਬਦ ਦੇ ਮੋਟੇ ਤਿੰਨ ਭੇਦ ਕੀਤੇ ਹਨ : ਸੰਗਿਆ, ਕ੍ਰਿਆ ਤੇ ਅਵਯਜ। ਕਿਸੇ ਚੀਜ਼ ਦੇ ਵਾਚਕ ਪਦ ਸੰਗਿਆ ਕਹਾਉਂਦੇ ਹਨ। ਕ੍ਰਿਆ ਪਦ ਉਹ ਹਨ, ਜਿਨ੍ਹਾਂ ਤੋਂ ਕੁਝ 'ਹੋਣਾ' ਪ੍ਰਗਟ ਹੋਵੇ। ਅਵਯਜ ਉਹ ਹਨ, ਜੋ ਸੰਗਿਆ ਤੇ ਕ੍ਰਿਆ ਜਾਂ ਇਨ੍ਹਾਂ ਦੋਹਾਂ ਨੂੰ ਜੋੜਦੇ ਹਨ ਜਿਵੇਂ ਨੂੰ, ਨੇ, ਦਾ, ਦੀ, ਤੇ, ਪਰ, ਵਿਚ, ਨਾਲ ਆਦਿ। ਪੱਛਮੀ ਵਿਆਕਰਣੀਆਂ ਨਾਂਵ, ਪੜਨਾਂਵ, ਵਿਸ਼ੇਸ਼ਣ, ਕ੍ਰਿਆ, ਕ੍ਰਿਆ ਵਿਸ਼ੇਸ਼ਣ, ਸਬੰਧਕ, ਯੋਜਕ ਤੇ ਵਿਸਮੰਕ-ਅੱਠ ਭੇਦ ਕੀਤੇ ਹਨ।

ਸੰਸਕ੍ਰਿਤ ਵਿਚ ਲਿੰਗ (ਪੁਲਿੰਗ, ਇਸਤ੍ਰੀ ਲਿੰਗ ਤੇ ਨਿਪੁੰਸਕ ਲਿੰਗ), ਵਚਨ (ਇਕ ਵਚਨ, ਦ੍ਵਿ ਵਚਨ ਤੇ ਬਹੁ ਵਚਨ) ਤਿੰਨ ਤਿੰਨ ਮੰਨੇ ਗਏ ਹਨ ਪਰੰਤੂ ਪੰਜਾਬੀ ਵਿਚ ਪੁਲਿੰਗ ਤੇ ਇਸਤ੍ਰੀ ਲਿੰਗ ਦੋ ਹੀ ਹਨ ਤੇ ਦੋ ਹੀ ਵਚਨ—ਇਕ ਵਚਨ ਤੇ ਬਹੁਵਚਨ।

ਇਸੇ ਤਰ੍ਹਾਂ—ਕਰਤਾ (ਨੇ) ਕਰਮ (ਨੂੰ), ਕਰਣ (ਦੁਆਰਾ, ਰਾਹੀਂ) ਸੰਪ੍ਰਦਾਨ (ਲਈ, ਵਾਸਤੇ), ਅਪਾਦਾਨ (ਤੋਂ), ਸਬੰਧਕ (ਦਾ), ਤੇ ਅਧਿਕਰਣ (ਵਿਚ, ਉਤੇ) ਸੱਤ ਕਾਰਕ ਮੰਨੇ ਜਾਂਦੇ ਹਨ। ਸਬੰਧਕ ਨੂੰ ਕਾਰਕ ਮੰਨਣਾ ਠੀਕ ਨਹੀਂ ਕਿਉਂਕਿ ਇਹ ਕ੍ਰਿਆ ਦੀ ਥਾਂ ਆਮ ਤੌਰ ਤੇ ਸੰਗਿਆ ਨਾਲ ਹੀ ਸਬੰਧ ਪ੍ਰਗਟਾਉਂਦਾ ਹੈ। ਇਹ ਕਾਰਕ (ਵਿਭਗਤੀਆਂ), ਵਾਕ ਵਿਚਲੇ ਸ਼ਬਦਾਂ ਦ

‡ਬਲੂਮ ਫੀਲਡ, ਪੰਨਾ 208

ਪਰਸਪਰ ਸਬੰਧ ਦਰਸਾਉਣ ਲਈ ਹੁੰਦੇ ਹਨ, ਖਾਸ ਕਰਕੇ ਕ੍ਰਿਆ ਨਾਲ।

ਹਿੰਦ ਦੀਆਂ ਹੋਰ ਮੌਜੂਦਾ ਬੋਲੀਆਂ ਵਾਂਙ ਪੰਜਾਬੀ ਬੋਲੀ ਸੰਜੋਗੀ ਜਾਂ ਗੁੰਦਵੀ (Synthetic) ਹੋਣ ਦੀ ਥਾਂ ਵਿਜੋਗੀ ਜਾਂ ਨਿਖੜਵੀਂ (Analytic) ਬਣਤਰ ਵਾਲੀ ਹੈ। ਇਸ ਕਰ ਕੇ ਆਮ ਤੌਰ ਤੇ ਹੁਣ ਵਿਭਗਤੀਆਂ ਸ਼ਬਦਾਂ ਦੇ ਨਾਲ ਜੁੜਵੀਆਂ ਨਹੀਂ ਹੁੰਦੀਆਂ, ਜੇਹਾ ਕਿ ਸੰਸਕ੍ਰਿਤ ਵਿਚ ਸੀ। ਕਿਤੇ ਕਿਤੇ ਗੁੰਦਵੀਂ ਬਣਤ ਵਾਲੀ ਵਰਤੋਂ ਅਜੇ ਵੀ ਹੈ ਜਿਵੇਂ ਲਹਿੰਦੀ ਪੰਜਾਬੀ ਵਿਚ—

'ਚਾਚੇ ਆਖਿਓ ਸੁ'-ਚਾਚੇ ਨੇ ਉਸ ਨੂੰ ਆਖਿਆ।

ਪੂਰਬੀ ਪੰਜਾਬੀ ਵਿਚ ਵੀ ਕਿਤੇ ਕਿਤੇ ਕਾਰਕ ਨਾਲ ਨੱਥੀ ਹੁੰਦਾ ਹੈ ਜਿਵੇਂ—ਘਰੋਂ, ਘਰੇ, ਘਰੀਂ ਆਦਿ ਵਿਚ। ਗੁਰਬਾਣੀ ਵਾਲੀ ਮੱਧ ਕਾਲ ਦੀ ਪੰਜਾਬੀ ਵਿਚ ਇਹ ਕਾਰਕ, ਸਿਹਾਰੀ ਜਾਂ ਔਂਕੜ ਦੇ ਰੂਪ ਵਿਚ ਸ਼ਬਦ ਦੇ ਅੰਤ ਲਗ ਕੇ ਸਾਰਾ ਕੰਮ ਸਾਰਦੇ ਸਨ। ਹੁਣ ਜ਼ਿਆਦਾ ਤਰ ਵਖਰੇ ਹੀ ਲਗਦੇ ਹਨ। ਸੋ ਅਜ ਦੀ ਬੋਲੀ ਵਿਚ ਜਿਥੇ ਅਡ ਅਡ ਅਵਯਨ ਅੱਡ ਅੱਡ ਕਾਰਕਾਂ ਦਾ ਕੰਮ ਦਿੰਦੇ ਹਨ, ਉਥੇ ਕ੍ਰਿਆ ਦਾ ਸਰੂਪ ਵੀ ਨਿਖੜਵਾਂ ਹੋ ਗਿਆ ਹੈ। 'ਹਵਹਿ' ਦੀ ਥਾ 'ਹੁੰਦਾ ਹੈ।', 'ਕਰਸੀ' ਦੀ ਥਾਂ ਕਰੇ ਗਾ ਆਦਿ।

ਇਸ ਤਰ੍ਹਾਂ ਇਸ ਵਿਯੋਗੀ ਬਣਤਰ ਨੇ ਕੀ ਸੰਗਿਆ ਤੇ ਕੀ ਕ੍ਰਿਆ—ਸਭ ਦਾ ਹੀ ਢਾਂਚਾ ਬਦਲ ਦਿਤਾ ਹੈ। ਜ਼ਮਾਨੇ ਦੀ ਨਿਖੇੜਕ ਤੇ ਖੁਲਾਸੀ ਰੁਚੀ ਦੇ **ਪ੍ਰਭਾਵ ਤੋਂ** ਕੋਈ ਬੋਲੀ ਬਚ ਨਹੀਂ ਸਕੀ।

ਇਕ ਗੱਲ ਹੋਰ ਵੀ ਧਿਆਨ ਜਗ ਹੈ **ਕਿ ਇਸ ਬਣਤਰ ਵਿਚ** ਸਮਾਨ-ਰੂਪਤਾ (Analogy) ਬਹੁਤ ਹਿੱਸਾ ਅਦਾ ਕਰਦੀ ਹੈ। **ਬਣੇ ਹੋਏ ਸ਼ਬਦਾਂ ਦੇ ਅਗੇ** ਪਿਛੇ ਅਗੇਤ (Prefix) ਪਿਛੇਤ ('Suffix') ਲਾ ਕੇ ਜਾਂ ਕਿਵੇਂ **ਹੋਰ ਜਦੋਂ** ਮਨ ਪਹਿਲੇ ਜਾਣੇ ਪਛਾਣੇ ਮਾਡਲ ਦੇ ਅਧਾਰ ਤੇ ਇਕ ਨਵਾਂ ਰੂਪ, ਨਵਾਂ ਸ਼ਬਦ ਜਾਂ ਪ੍ਰਗਟਾਉ ਦਾ ਨਵਾਂ ਢਾਂਚਾ ਖੜਾ ਕਰਦਾ ਹੈ, ਉਸ ਨੂੰ ਸਮਾਨ-ਰੂਪਤਾ (Analogy) ਕਹਿੰਦੇ ਹਨ।‡ ਇਹ ਗੱਲ ਤਾਂ ਪ੍ਰਗਟ ਹੈ ਕਿ ਮਨੁਖੀ ਮਨ ਏਕਤਾ ਤੇ ਇਕ-ਸਾਰਤਾ ਦੇਖ ਕੇ ਖੁਸ਼ ਹੁੰਦਾ ਹੈ ਤੇ ਬੋਲੀ ਦੇ ਮਾਮਲੇ ਵਿਚ ਵੀ ਇਸ ਇਕਸਾਰਤਾ ਦੀ ਕੋਸ਼ਸ਼ ਜੌਹਰ ਦਿਖਾਉਂਦੀ ਰਹਿੰਦੀ ਹੈ। ਇਸ ਨੂੰ ਨਕਲ ਕਹਿ ਲਵੋ ਚਾਹੇ ਕੁਝ ਹੋਰ, ਇਕ ਸ਼ਬਦ ਨੂੰ ਮਾਡਲ ਮੰਨ ਕੇ ਫਿਰ ਅਨੇਕਾਂ ਉਸੇ ਦੇ ਨਮੂਨੇ ਤੇ ਤਿਆਰ ਹੁੰਦੇ ਰਹਿੰਦੇ ਹਨ।

ਮਿਸਾਲ ਲਈ ਇਕ ਲਫਜ਼ ਹੈ ਕਾਰਖਾਨਾ—ਇਸ ਦੀ ਨਕਲ ਜਾਂ ਇਸ ਦੇ ਨਮੂਨੇ ਤੇ ਦੌਲਤਖਾਨਾ, ਜੇਲ੍ਹਖਾਨਾ, ਤਹਿਖਾਨਾ, ਬੁਚੜਖਾਨਾ ਪਤਾ ਨਹੀਂ ਕਿੰਨੇ ਸ਼ਬਦ ਬਣੇ ਹਨ। ਇਵੇਂ ਚੰਗਿਆਈ, ਬੁਰਿਆਈ, ਭਲਿਆਈ, ਮਿਠਿਆਈ, ਬੁਢਾਪਾ, ਕੁਟਾਪਾ, ਜਣੇਪਾ। ਮੂਰਖਤਾ, ਚਤਰਤਾ, ਬੀਰਤਾ, ਕਵਿਤਾ। ਅਣਪੜ੍ਹ, ਅਣਡਿਠ, ਅਣਪਚ। ਬੇਸੁਆਦ, ਬੇਸ਼ਰਮ, ਬੇਸਮਝ। ਕੁਲਛਣਾ, ਕੁਕਰਮੀ, ਕਸੂਤਾ ਆਦਿਕ।

---

‡'That is to say the need of uniformity is satisfied by recourse to analogy. This term signifies the process by which the mind creates a form, a word or a turn of expression according to a Known model.' (J. V., P. 156)

ਕਈ ਵਾਰ ਭਿੰਨ ਭਿੰਨ ਮਾਡਲਾਂ ਦੇ ਅਧਾਰ ਤੇ ਇਕੋ ਸ਼ਬਦ ਦੇ ਕਈ ਰੂਪ ਤਿਆਰ ਹੋ ਜਾਂਦੇ ਹਨ ਜਿਵੇਂ ਕੀਤਾ, ਜਾਤਾ, ਮੋਇਆ, ਫਾਥਾ ਆਦਿ ਸ਼ਬਦਾਂ ਦੇ ਕਰਿਆ, ਜਾਣਿਆ, ਮਰਿਆ, ਫਸਿਆ ਆਦਿ। ਕਈ ਵਾਰ ਕੂੜੀ ਸਦ੍ਰਿਸ਼ਤਾ ਵੀ ਵਰਤਦੀ ਹੈ ਜਿਵੇਂ—ਬੰਫਜ਼ੂਲ, ਬੇ ਮੁਫਤ, ਪਰ ਇਹ ਨਿਰਾਰਥਕ ਹੁੰਦੀ ਹੈ।

ਇਸੇ ਤਰ੍ਹਾਂ ਇਕ ਤੋਂ ਵਧ ਲਫਜ਼ਾਂ ਦਾ ਮੇਲ ਜਾਂ ਸਮਾਸ (Compound) ਹੋਣ ਨਾਲ ਵੀ (ਜਿਵੇਂ ਉਦਾਰ-ਚਿਤ, ਖੁਸ਼-ਦਿਲ, ਬੋਲ-ਵਿਗਾੜ, ਹਡ-ਭੰਨ, ਕੰਨ-ਪਾਟਾ, ਵੀਰਾਂ-ਵੱਢੀ, ਮੂੰਹ-ਜ਼ੋਰ, ਮਿਠ-ਬੋਲਾ ਆਦਿ) ਨਵੇਂ ਸ਼ਬਦਾਂ ਦਾ ਪ੍ਰਕਾਸ਼ ਹੁੰਦਾ ਹੈ, ਜੋ ਬੋਲੀ ਨੂੰ ਨਵਾਂ ਜੀਵਨ ਤੇ ਸਮਰੱਥਾ ਬਖਸ਼ਦੇ ਹਨ।

3. **ਵਾਕ ਬਣਤਰ** :—ਭਾਸ਼ਾ-ਵਿਗਿਆਨੀਆਂ ਦਾ ਆਮ ਖ਼ਿਆਲ ਹੈ ਕਿ ਮਨੁੱਖ ਵਾਕਾਂ ਦੇ ਰੂਪ ਵਿਚ ਹੀ ਸੋਚਦਾ ਹੈ।‡ ਜਦੋਂ ਅਸੀਂ ਕਿਸੇ ਚੀਜ਼ ਦਾ ਧਿਆਨ ਧਰਦੇ ਹਾਂ ਤਾਂ ਨਾਲ ਹੀ ਉਸ ਬਾਰੇ ਕੁਝ 'ਹੋਣਾ' ਵੀ ਪ੍ਰਗਟ ਹੁੰਦਾ ਹੈ। ਮਿਸਾਲ ਲਈ ਜੇ ਅਸੀਂ 'ਹਰਨ' ਦਾ ਖ਼ਿਆਲ ਲਿਆਈਏ ਤਾਂ ਉਸ ਨਾਲ 'ਬੈਠਾ ਹੈ' ਜਾਂ 'ਦੌੜਦਾ ਹੈ' ਆਦਿ ਜ਼ਰੂਰ ਆਵੇਗਾ ਕਿਉਂਕਿ ਕ੍ਰਿਆ ਸਮੇਤ ਆਉਣ ਤੇ ਹੀ ਉਸ ਦਾ ਆਉਣਾ ਸਫਲ ਹੁੰਦਾ ਹੈ, ਬਾਵਜੂਦ ਕਾਫੀ ਹੱਦ ਤਕ ਠੀਕ ਹੋਣ ਦੇ ਪਰ ਇਹ ਗੱਲ ਪੂਰੀ ਤਰ੍ਹਾਂ ਮੰਨਣ ਯੋਗ ਨਹੀਂ।

ਅਸਲੀਅਤ ਇਹ ਹੈ ਕਿ ਹਰ ਸ਼ਬਦ ਦੀ ਹਸਤੀ ਮਨੁੱਖੀ ਦਿਮਾਗ਼ ਵਿਚ ਆਪਣਾ ਵੱਖਰਾ ਵਜੂਦ ਰਖਦੀ ਹੈ। ਬੋਲਣ ਦੀ ਕ੍ਰਿਆ ਵੇਲੇ ਥਾਂ-ਥਾਂ ਸ਼ਬਦ ਜੁੜ ਕੇ ਵਾਕ ਬਣਾਉਂਦੇ ਜਾਂਦੇ ਤੇ ਵੀਚਾਰਾਂ ਦਾ ਪ੍ਰਗਟਾ ਹੁੰਦਾ ਜਾਂਦਾ ਹੈ। ਵਾਕ, ਬੋਲੀ ਦੇ ਦਰਿਆ ਦੀ ਇਕ ਛੋਟੀ ਜੇਹੀ ਲਹਿਰ ਹੈ ਜਿਸ ਵਿਚ ਭਾਂਤ ਭਾਂਤ ਦੇ ਸ਼ਬਦ, ਤਰੰਗਾਂ ਵਾਂਙ ਹੁੰਦੇ ਹਨ ਤੇ ਉਨ੍ਹਾਂ ਸ਼ਬਦਾਂ ਵਿਚਲੀਆਂ ਧੁਨੀਆਂ ਜਲ-ਬੂੰਦਾਂ। ਇਸ ਲਹਿਰ ਦੀ ਇਕ ਆਪਣੀ ਤਰਤੀਬ ਤੇ ਬਣਤ ਹੁੰਦੀ ਹੈ ਜੋ ਖਾਸ ਨੇਮਾਂ ਅਧੀਨ ਚਲਦੀ ਹੈ। ਮਿਸਾਲ ਲਈ ਪੰਜਾਬੀ ਵਾਕ-ਬਣਤਰ ਦੀ ਮੋਟੀ ਜੇਹੀ ਰਹੁਰੀਤੀ ਇਹ ਹੈ ਕਿ ਪਹਿਲੇ ਕਰਤਾ, ਫਿਰ ਕਰਮ ਤੇ ਪਿਛੋਂ ਕ੍ਰਿਆ ਜਿਹਾ ਕਿ ਸੰਸਕ੍ਰਿਤ ਤੇ ਪ੍ਰਾਕ੍ਰਿਤ ਆਦਿ ਵਿਚ ਸੀ। ਅਗਰੇਜ਼ੀ ਵਿਚ ਕਰਤਾ ਤੇ ਕ੍ਰਿਆ ਤੋਂ ਪਿਛੋਂ ਕਰਮ ਆਉਂਦਾ ਹੈ। ਇਹੋ ਹਾਲ ਕ੍ਰਿਆ ਵਿਸ਼ੇਸ਼ਣ ਦਾ ਹੈ ਜੋ ਪੰਜਾਬੀ ਵਿਚ ਕ੍ਰਿਆ ਦੇ ਪਹਿਲਾਂ ਆਉਂਦਾ ਹੈ ਤੇ ਅੰਗਰੇਜ਼ੀ ਵਿਚ ਪਿਛੋਂ। ਗੱਲ ਬਾਤ ਵਿਚ ਇਸ ਵਿਆਕਰਣੀ ਤਰਤੀਬ ਦਾ ਰਹਿਣਾ ਲਾਜ਼ਮੀ ਨਹੀਂ, ਲਿਖਤ ਵਿਚ ਜ਼ਰੂਰ ਅਜਿਹਾ ਹੀ ਹੁੰਦਾ ਹੈ।

ਇਸ ਕਰਕੇ ਵਿਦਵਾਨਾਂ ਵਾਕ ਦੇ ਦੋ ਭਾਗ ਕੀਤੇ ਹਨ—ਆਦਿਮ (Subject) ਤੇ ਅੰਤਮ (predicate)। ਕਰਤਾ, ਕਰਮ ਵਾਲਾ ਹਿਸਾ ਆਦਿਮ ਵਿਚ ਆ ਜਾਂਦਾ ਹੈ ਤੇ ਕ੍ਰਿਆ ਵਾਲਾ ਭਾਗ ਅੰਤਮ ਵਿਚ ਗਿਣਿਆ ਜਾਂਦਾ ਹੈ। ਹਰ ਵਾਕ ਵਿਚ 'ਕਰਮ' ਦਾ ਆਉਣਾ ਜ਼ਰੂਰੀ ਨਹੀਂ, ਕਈ ਵਾਰ ਕਰਮ ਵਾਲਾ ਕੰਮ ਕਰਤਾ ਉਤੇ ਵਿਆਪਣ ਕਰ ਕੇ ਲੰਙ ਹੀ ਨਹੀਂ ਪੈਂਦੀ।

---

‡It is well to realize that we accept facts as language presents them to us, that is to say, that we think of verbal images in the form in which language clothes them. This is the meaning to be attributed to the idea above expressed 'We think in sentences'. (J. Vendryes, pp. 73)

ਜਿਵੇਂ, 'ਕੀਰਤ ਸਿੰਘ ਕਹਾਣੀ ਲਿਖਦਾ ਹੈ ।' ਇਸ ਵਿਚ ਕੀਰਤ ਸਿੰਘ ਕਰਤਾ, 'ਕਹਾਣੀ' ਕਰਮ, ਅਤੇ 'ਲਿਖਦਾ ਹੈ' ਕ੍ਰਿਆ ਹੈ। ਜੇ ਕਰ 'ਕਹਾਣੀ' ਸ਼ਬਦ ਵਾਕ ਵਿਚ ਨਾ ਸ਼ਾਮਲ ਹੋਵੇ ਫਿਰ ਵੀ ਇਹ ਵਾਕ 'ਕੀਰਤ ਸਿੰਘ ਲਿਖਦਾ ਹੈ' ਠੀਕ ਹੀ ਕਿਹਾ ਜਾਏਗਾ। ਇਸੇ ਕਰ ਕੇ ਵਿਆਕਰਣੀ ਕ੍ਰਿਆ ਨੂੰ ਅਕਰਮਕ ਤੇ ਸਕਰਮਕ ਦੋ ਹਿਸਿਆਂ ਵਿਚ ਵੰਡਦੇ ਹਨ, ਅਰਥਾਤ ਕਰਮ ਹੀਣ ਕਿਰਿਆ ਤੇ ਕਰਮ ਵਾਲੀ ਕ੍ਰਿਆ।

ਦਰਅਸਲ ਵਾਕ ਦੀ ਜਾਨ ਕ੍ਰਿਆ ਹੈ, ਇਸੇ ਆਸਰੇ ਸਾਰੀ ਵਾਕ-ਬਣਤਰ ਦੇ ਢਾਂਚੇ ਦਾ ਪਤਾ ਲਗਦਾ ਹੈ। ਕ੍ਰਿਆ ਬਿਨਾਂ ਦੂਜੇ ਸ਼ਬਦ ਇਕ ਤਰ੍ਹਾਂ ਮੁਰਦਾ ਲਾਸ਼ਾਂ ਹਨ। ਕ੍ਰਿਆ ਹੀ ਹੈ ਜੋ ਉਨ੍ਹਾਂ ਵਿਚ ਰੂਹ ਫੂਕ ਕੇ ਖੜਿਆਂ ਕਰਦੀ ਹੈ। ਕ੍ਰਿਆ ਨੂੰ ਅਸੀਂ 'ਵਾਕ ਦੀ ਮਾਂ' ਕਹਿ ਸਕਦੇ ਹਾਂ। ਬਾਕੀ ਸ਼ਬਦ ਤਾਂ ਉਸ ਨਾਲ ਇਉਂ ਲਟਕਦੇ ਹੁੰਦੇ ਹਨ, ਜਿਵੇਂ ਮਾਂ ਦੇ ਗਲ ਨਿਆਣੇ। ਇਸੇ ਕਰ ਕੇ ਇਹ ਕਿਹਾ ਜਾਂਦਾ ਹੈ ਕਿ ਕਿਸੇ ਬੋਲੀ ਦੀ ਬਣਤ ਦਾ ਪੂਰਾ ਪਤਾ ਵਾਕ-ਬਣਤਰ ਤੋਂ ਲਗਦਾ ਹੈ, ਇਕੱਲਾ ਸ਼ਬਦਾਂ ਤੋਂ ਨਹੀਂ। ਸ਼ਬਦ ਤਾਂ ਗ਼ੈਰ-ਬੋਲੀਆਂ ਦੇ ਆ ਕੇ ਵੀ ਰਲਦੇ ਰਹਿੰਦੇ ਹਨ ਪਰ ਨਿਰਾਪੁਰਾ ਸ਼ਬਦਾਵਲੀ ਦੇ ਅਧਾਰ ਤੇ ਬੋਲੀ ਦਾ ਫੈਸਲਾ ਨਹੀਂ ਦਿਤਾ ਜਾ ਸਕਦਾ। ਉਰਦੂ ਵਿਚ ਢੇਰ ਫ਼ਾਰਸੀ ਸ਼ਬਦ ਹਨ ਪਰ ਇਸ ਨੂੰ 'ਫ਼ਾਰਸੀ ਦੀ ਬੇਟੀ' ਨਹੀਂ ਕਹਿ ਸਕਦੇ। ਇਸੇ ਤਰ੍ਹਾਂ ਫ਼ਾਰਸੀ ਵਿਚ ਅਰਬੀ ਸ਼ਬਦ ਬੇਅੰਤ ਗਿਣਤੀ ਵਿਚ ਹਨ ਪਰੰਤੂ ਇਸ ਵਜ੍ਹਾ ਨਾਲ ਫ਼ਾਰਸੀ ਨੂੰ 'ਸਾਮੀ ਖਾਨਦਾਨ ਦੀ ਜ਼ਬਾਨ' ਨਹੀਂ ਕਿਹਾ ਜਾ ਸਕਦਾ। ਸਚਾਈ ਇਹ ਹੈ ਕਿ ਕ੍ਰਿਆ ਤੇ ਅਵਯਯ ਹੀ ਹਨ ਜੋ ਬਲੀ ਦਾ ਸੱਚਾ ਤੇ ਸਹੀ ਪਰਿਦਰਸ਼ਨ ਕਰਦੇ ਹਨ। ਜੇ ਕਿਸੇ ਦੇਸ ਦੀ ਬੋਲੀ ਦੂਜੇ ਦੇਸ ਦੀ ਬੋਲੀ ਦੇ ਅਸਰ ਹੇਠ ਆ ਕੇ ਪੂਰੀ ਤਰ੍ਹਾਂ ਦਲੀ ਮਲੀ ਵੀ ਜਾਵੇ ਤਾਂ ਵੀ ਕ੍ਰਿਆ ਤ ਅਵਯਯ ਕਾਇਮ ਰਹਿੰਦੇ ਹਨ।

ਅਵਯਯ ਦੀ ਹੈਸੀਅਤ ਛੋਟੀ ਹੈ, ਮਗਰ ਕ੍ਰਿਆ ਦੀ ਹਸਤੀ ਬਹੁਤ ਮਹਾਨਤਾ ਰਖਦੀ ਹੈ। ਇਹ ਜਿਥੇ ਕਿਸੇ ਚੀਜ਼ ਦੇ ਕੁਝ ਵੀ 'ਹੋਣ' ਬਾਰੇ ਭਾਵ ਨੂੰ ਪ੍ਰਗਟਾਉਂਦੀ ਹੈ, ਉਥੇ ਨਾਲ ਹੀ ਕਾਲ ਦਾ ਗਿਆਨ ਵੀ ਕਰਾਉਂਦੀ ਹੈ ਕਿ ਇਹ ਗੱਲ ਕਦੋਂ ਹੋਈ। ਇਸੇ ਕਰ ਕੇ ਭੂਤ, ਵਰਤਮਾਨ ਤੇ ਭਵਿਸ਼ਤ ਕ੍ਰਿਆ ਕਰ ਕੇ ਇਸ ਦੇ ਭਿੰਨ ਭਿੰਨ ਰੂਪ ਬਣਦੇ ਹਨ।

ਵਰਤੋਂ ਦੇ ਲਿਹਾਜ਼ ਨਾਲ ਕ੍ਰਿਆ ਦੀਆਂ ਦੋ ਸ਼ਾਖਾਂ ਹਨ—ਕਰਤ੍ਰੀ ਵਾਚ (Active Voice) ਤੇ ਕਰਮਣੀਵਾਚ (Passive Voice)। ਪਹਿਲੀ ਵਿਚ ਕਰਤਾ ਮੁਖ ਹੁੰਦਾ ਹੈ, ਦੂਜੀ ਵਿਚ ਕਰਮ। ਪੰਜਾਬੀ ਵਿਚ ਜ਼ਿਆਦਾ ਕਰਤਰੀ ਵਾਚ ਰੂਪ ਹੀ ਚਲਦਾ ਹੈ। ਜਿਵੇਂ,

ਕਰਤਰੀ ਵਾਚ—'ਰਾਮ ਨੇ ਫੁਲ ਤੋੜਿਆ।'

ਕਰਮਣੀ ਵਾਚ—'ਫੁਲ, ਰਾਮ ਵਲੋਂ ਤੋੜਿਆ ਗਿਆ।'

ਪੰਜਾਬੀ ਦੀ ਵਾਕ-ਬਣਤਰ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਬਹੁਤ ਸਾਰੀਆਂ ਭਾਰਤੀ ਬੋਲੀਆਂ ਨਾਲੋਂ ਜ਼ਿਆਦਾ ਨਿਖਰਵੀਂ ਤੇ ਨਿਖੜਵੀਂ ਹੈ। ਸੁਲਝੇ ਹੋਏ ਨਿਕੇ ਵਾਕਾਂ ਵਿਚ ਤੁਰਨ ਵਾਲੀ ਬੋਲੀ ਆਦਰ ਲਾਇਕ ਹੁੰਦੀ ਹੈ। ਇਸ ਪੱਖੋਂ ਪੰਜਾਬੀ ਪੂਰੀ ਤਰ੍ਹਾਂ ਸਪਸ਼ਟ ਤੇ ਸਰਲ ਵਾਕ-ਮਰਯਾਦਾ ਰਖਦੀ ਹੈ, ਜਿਸ ਨੂੰ ਸਮਝਣ ਵਿਚ ਕੋਈ ਔਖ ਨਹੀਂ ਹੁੰਦੀ। ਇਹ ਗੱਲ ਵੀ ਅਟੱਲ ਸਚਾਈ ਵਰਗੀ ਹੈ ਕਿ ਹਿੰਦੁਸਤਾਨੀ ਜਾਂ ਹਿੰਦੀ ਉਰਦੂ ਦੀ ਵਾਕ ਬਣਤਰ ਵੀ ਬਹੁਤੀ ਪੰਜਾਬ ਦੀ ਹੀ ਨਕਲ ਹੈ। ਇਸ ਤੋਂ ਪੰਜਾਬੀ ਵਾਕ-ਬਣਤਰ ਦਾ ਗੌਰਵ ਪ੍ਰਗਟ ਹੁੰਦਾ ਹੈ।

4. **ਅਰਥ-ਬਣਤਰ**—ਸ਼ਬਦ ਨਾਲ ਅਰਥ ਦਾ ਡੂੰਘਾ ਸਬੰਧ ਹੈ। ਕਈ ਵਾਰ ਇਕ

ਸ਼ਬਦ ਬਹੁ-ਅਰਥਾ ਹੁੰਦਾ ਹੈ ਪਰ ਆਮ ਤੌਰ ਤੇ ਉਸ ਦੀ ਵਰਤੋਂ ਸਮੇਂ ਇਕ ਵੇਲੇ ਇਕੋ ਅਰਥ ਦਸਣਾ ਹੀ ਨਿਸ਼ਾਨਾ ਹੁੰਦਾ ਹੈ, ਸਿਵਾਇ ਕਿਸੇ ਅਲੰਕਾਰਕ ਬਿਆਨ ਦੇ। ਇਹ ਅਰਥ ਦੀਆਂ ਨੀਹਾਂ ਪੱਕੀਆਂ ਨਹੀਂ ਹੁੰਦੀਆਂ, ਵਰਤੋਂ ਅਨੁਸਾਰ ਅਰਥ ਬਦਲਦਾ ਵੀ ਰਹਿੰਦਾ ਹੈ। ਕਈ ਵਾਰ ਉਸ ਵਿਚ ਕਾਫੀ ਵਿਸਤਾਰ ਆ ਜਾਂਦਾ ਹੈ, ਕਈ ਵਾਰ ਸੰਕੋਚ ਅਤੇ ਕਈ ਵਾਰੀ ਸਾਰਾ ਅਰਥ ਹੀ ਉਲਟ ਪੁਲਟ ਹੋ ਜਾਂਦਾ ਹੈ ਤੇ ਉਸ ਦੀ ਥਾਂ ਨਵਾਂ ਅਰਥ ਮੱਲ ਲੈਂਦਾ ਹੈ। ਇਹ ਸਭ ਕੁਝ ਮਨੁਖ ਦੀ ਵੀਚਾਰ-ਧਾਰਾ ਮੁਤਾਬਕ ਹੁੰਦਾ ਹੈ। ਸ਼ਬਦ ਤਾਂ ਇਕ ਮਾਮੂਲੀ ਭਾਂਡਾ ਹੈ, ਜਿਸ ਵਿਚ ਜੇ ਦੁਧ ਪਾਓਗੇ, 'ਦੁਧ ਵਾਲਾ' ਕਹਾਏਗਾ ਜੇ ਸ਼ਰਾਬ ਪਾਓਗੇ 'ਸ਼ਰਾਬ ਵਾਲਾ' ਆਖਿਆ ਜਾਏਗਾ। ਸਾਰਾ ਖੇਡ ਅਰਥਾਂ ਦਾ ਹੈ। ਪਖੰਡੀ, ਮਸੰਦ, ਪੀਰ, ਭਾਈ ਜੀ ਆਦਿ ਸ਼ਬਦ ਕਿਸੇ ਜ਼ਮਾਨੇ ਚੰਗਾ ਅਰਥ ਰਖਣ ਕਰ ਕੇ ਬੜੀ ਮਾਨਤਾ ਰਖਦੇ ਸਨ ਪਰ ਜਦੋਂ ਹੁਣ ਅਸੀਂ ਇਨ੍ਹਾਂ ਦੀ ਵਰਤੋਂ ਕਰਦੇ ਹਾਂ ਤਾਂ ਆਦਰ ਦੀ ਥਾਂ ਨਿਰਾਦਰ ਪ੍ਰਗਟ ਕਰਨ ਦੀ ਭਾਵਨਾ ਹੁੰਦੀ ਹੈ।

ਸੰਸਕ੍ਰਿਤ ਦਾ 'ਹਰਸ਼' ਸ਼ਬਦ ਖੁਸ਼ੀ ਵਾਚਕ ਹੈ, ਅਸੀਂ 'ਹਰਖ'—ਗੁੱਸੇ ਲਈ ਵਰਤਦੇ ਹਾਂ। ਅਰਬੀ ਦਾ 'ਖਸਮ' ਸ਼ਬਦ ਦੁਸ਼ਮਣ ਦਾ ਅਰਥ ਰਖਦਾ ਹੈ ਪਰ ਸਾਡੀ ਵਰਤੋਂ 'ਮਾਲਕ' ਦੇ ਅਰਥਾਂ ਵਿਚ ਹੈ। ਅਰਬੀ ਦਾ 'ਸੈਰ' 'ਤਮਾਸ਼ਾ' 'ਮੱਧਮ ਚਾਲ' ਜਾਂ 'ਜਾਣ' ਦਾ ਵਾਚਕ ਹੈ, ਅਸੀਂ 'ਦਿਲ ਬਹਿਲਾਵੇ ਦੀ ਯਾਤਰਾ ਜਾਂ ਖੇਡ ਲਈ ਵਰਤਦੇ ਹਾਂ। ਅਰਬੀ ਦਾ 'ਖ਼ੈਰਾਤ' ਨੇਕੀ ਲਈ ਹੈ, ਅਸੀਂ 'ਦਾਨ ਪੁੰਨ' ਵਾਸਤੇ ਆਖਦੇ ਹਾਂ। ਫਾਰਸੀ ਵਿਚ 'ਰੋਜ਼ਗਾਰ' 'ਵੇਲੇ' ਨੂੰ ਕਹਿੰਦੇ ਹਨ, ਪੰਜਾਬੀ ਵਿਚ ਇਹੋ 'ਕੰਮ ਧੰਦੇ' ਲਈ ਵਰਤਿਆ ਜਾਂਦਾ ਹੈ। ਅੰਗਰੇਜ਼ੀ ਲਫ਼ਜ਼ 'ਜੈਂਟਲਮੈਨ' 'ਸ਼ਾਊ ਆਦਮੀ' ਲਈ ਹੈ ਪਰੰਤੂ ਪੰਜਾਬੀ ਨੇ ਅਰਥ-ਪਰਿਵਰਤਨ ਕਰਕੇ ਇਸ ਨੂੰ 'ਸ਼ੌਕੀਨ' ਲਈ ਧਰ ਵਰਤਿਆ ਹੈ।

ਇਸੇ ਤਰ੍ਹਾਂ ਅਰਥਾਂ ਦੇ ਸੰਕੋਚ ਤੇ ਵਿਸਥਾਰ ਦਾ ਮਾਮਲਾ ਹੈ। ਸੰਸਕ੍ਰਿਤ ਖ਼ੀਰ ਸ਼ਬਦ ਦਾ ਅਰਥ ਦੁਧ ਹੈ, ਪੰਜਾਬੀ ਵਿਚ ਵੀ 'ਖ਼ੀਰ' ਸ਼ਬਦ ਸੋਲ੍ਹਵੀਂ ਸਦੀ ਤਕ ਇਹੋ ਅਰਥ ਦੇਂਦਾ ਆਇਆ ਹੈ। ਜਿਵੇਂ ਕਿ— ਖ਼ੀਰ ਅਧਾਰ ਬਾਰਕ ਜਬ ਹੋਤਾ, ਬਿਨ ਖ਼ੀਰੈ ਰਹਿਨੁ ਨਾ ਜਾਈ। [ਮ: ੫]

ਪਰ ਹੁਣ ਅਸੀਂ ਦੁਧ ਵਿਚ ਰਿੰਨ੍ਹੇ ਚੌਲਾਂ ਨੂੰ 'ਖੀਰ' ਕਹਿੰਦੇ ਹਾਂ, ਆਮ ਦੁਧ ਨੂੰ ਨਹੀਂ। ਇਸੇ ਤਰ੍ਹਾਂ ਖੀਰ ਸ਼ਬਦ ਦੇ ਅਰਥ ਸੰਕੁਚਤ ਹੋ ਗਏ। ਇਵੇਂ ਜਿਵੇਂ ਜਦੋਂ ਅਸੀਂ ਕਿਸੇ ਆਦਮੀ ਨੂੰ ਗ਼ਦਾਰੀ ਕਾਰਣ 'ਜੈ ਚੰਦ' ਯਾ 'ਰਾਸਪੁੰਟਨ' ਆਖਦੇ ਹਾਂ ਤਾਂ ਇਹ ਨਾਂ ਵਿਅਕਤੀ-ਵਾਚਕ ਹੋਣ ਦੀ ਥਾਂ ਗੁਣ-ਵਾਚਕ ਬਣ ਕੇ ਆਪਣੇ ਅਰਥਾਂ ਦਾ ਵਿਸਤਾਰ ਕਰ ਲੈਂਦੇ ਹਨ। ਇਹੋ ਗੱਲ ਕਿਸੇ ਮੂਰਖ ਦੀ ਮੂਰਖਤਾ ਦੱਸਣ ਲਈ ਉਸ ਲਈ ਪਸ਼ੂ, ਚਰਖਾ, ਪਜਾਮਾ, ਜਾਂ ਢੱਕਣ ਆਦਿ ਲਫ਼ਜ਼ਾਂ ਦੀ ਵਰਤੋਂ ਕਰਨ ਵਿਚ ਹੈ। ਜਦੋਂ ਕਿਸੇ ਨੂੰ 'ਬੱਗਾ ਸ਼ੇਰ' ਕਿਹਾ ਜਾਂਦਾ ਹੈ ਤਾਂ ਭਾਵ ਉਸ ਦੀ ਬਹਾਦਰੀ ਦਸਣਾ ਹੁੰਦਾ ਹੈ ਤੇ ਇਉਂ 'ਬੱਗਾ ਸ਼ੇਰ' ਇਕ ਜਾਨਵਰ ਦਾ ਵਾਚਕ ਹੁੰਦਾ ਹੋਇਆ ਵੀ ਮਨੁਖ ਨਾਲ ਮਨਸੂਬ ਹੋਣ ਜੋਗ ਹੋ ਜਾਂਦਾ ਹੈ। ਹੋਰ ਮਿਸਾਲ ਲਓ, ਮਿਠਾ ਜਾਂ ਕੌੜਾ ਜ਼ਬਾਨ ਰਾਹੀਂ ਜਾਣੇ ਜਾਣ ਵਾਲੇ ਰਸ ਹਨ ਪਰ ਜਦ ਇਹ ਕਿਹਾ ਜਾਂਦਾ ਹੈ ਕਿ ਇਸ ਦਾ ਸੁਭਾ ਜਾਂ ਇਸ ਦੀ ਗੱਲ ਬਾਤ ਮਿਠੀ ਹੈ ਤਾਂ 'ਮਿਠੀ' ਸ਼ਬਦ ਦੇ ਅਰਥਾਂ ਵਿਚ ਇਕ ਫੈਲਾਅ ਆ ਜਾਂਦਾ ਹੈ। ਆਮ ਕੌਝੀ ਅਰਥਾਂ ਦੀ ਥਾਂ ਨਵਾਂ ਅਰਥ ਆ ਮੱਲਦਾ ਹੈ। ਇਹ 'ਪਰਿਵਰਤਨ' ਭਾਵੇਂ ਬੋਲੀ ਦੇ ਉਤਲੇ ਸਰੂਪ ਨੂੰ ਤਾਂ ਨਹੀਂ ਵਿਗਾੜਦਾ ਪਰ ਉਸ ਦੀ ਰੂਹ ਬਦਲਕੇ ਇਕ ਨਵੀਂ ਬੋਲ-ਚੁਨੀਆਂ ਬਣਾਉਂਦਾ ਹੈ, ਜਿਸ ਦਾ ਕੋਸ਼ਕਾਰਾਂ ਨੂੰ ਚਿਤ ਚੇਤਾ ਵੀ ਨਹੀਂ ਹੁੰਦਾ। ਜਾਂ ਇਹ ਕਹੋ ਕਿ ਪੁਰਾਣੇ ਹਥਿਆਰਾਂ ਨੂੰ ਨਵੇਂ ਕੰਮਾਂ ਲਈ ਵਰਤ ਕੇ ਦੂਹਰਾ ਫਾਇਦਾ ਉਠਾਇਆ ਜਾਂਦਾ ਹੈ।

ਬੋਲੀ ਵਿਚ ਕਿੰਨੇ ਹੀ ਸ਼ਬਦ ਅਜਿਹੇ ਹਨ, ਜਿਨ੍ਹਾਂ ਦੇ ਵਿਆਕਰਣੀ ਜਾਂ ਕੋਸ਼ੀ ਅਰਥ ਤਾਂ ਹੋਰ ਹਨ ਤੇ ਵਰਤੋਂ ਵਿਚ ਕਈ ਤਰ੍ਹਾਂ ਦਾ ਹੋਰ ਹੀ ਰੰਗ ਖਿੜਾਉਂਦੇ ਅਣਹੋਏ ਸ਼ਬਦਾਂ ਦੀ ਘਾਟ ਪੂਰੀ ਕਰਦੇ ਹਨ। ਇਹ ਸਭ ਅਰਥ-ਪਰਿਵਰਤਨ ਦਾ ਹੀ ਚਮਤਕਾਰ ਹੈ। ਭਾਵੇਂ ਸਿਧੇ ਤੌਰ ਤੇ ਇਸ ਦਾ ਸ਼ਬਦ-ਵਿਗਿਆਨ ਨਾਲ ਸਬੰਧ ਨਹੀਂ। ਇਹ ਕੰਮ ਅਭਿਧਾ, ਲੱਛਣਾ ਤੇ ਵਿਅੰਜਨਾਂ ਆਦਿ ਸ਼ਬਦ ਦੀਆਂ ਬ੍ਰਿਤੀਆਂ ਦਾ ਹੈ ਪਰੰਤੂ ਫਿਰ ਵੀ ਬੋਲੀ ਉਤੇ ਇਸ ਦਾ ਘਣਾ ਅਸਰ ਹੈ, ਇਸੇ ਕਰਕੇ ਇਸ ਡੀਠ ਤੋਂ ਵੀ ਬੋਲੀ ਦੇ ਢਾਂਚੇ ਨੂੰ ਵੀਚਾਰਿਆ ਤੇ ਪਰਖਿਆ ਜਾਂਦਾ ਹੈ।

ਪੰਜਾਬੀ ਵਿਚ ਅਰਥ-ਪਰਿਵਰਤਨ ਦਾ ਆਮ ਵਰਤਾਰਾ ਹੈ। ਇਸ ਦਾ ਵੱਡਾ ਕਾਰਣ ਹੈ ਖੁਲ੍ਹਾ ਪੰਜਾਬੀ ਸੁਭਾ, ਜਿਸ ਤੇ ਨਵੇਂ ਅਰਥ ਦੇਣ ਵਿਚ ਕੋਈ ਹਿਚਕਚਾਹਟ ਨਹੀਂ ਹੁੰਦੀ। ਪੰਜਾਬੀ ਜਿਥੇ ਆਪਣੇ ਸ਼ਬਦਾਂ ਨੂੰ ਨਵੇਂ ਅਰਥ ਦੇਂਦੀ ਹੈ, ਉਥੇ ਬਿਦੇਸੀ ਸ਼ਬਦਾਂ ਨੂੰ ਵੀ ਬਹੁੜੀ ਵਾਰੀ ਆਪਣੀ ਅਰਥ-ਰੰਗਣ ਦੇ ਕੇ ਹੀ ਵਰਤਦੀ ਹੈ, ਇਹ ਇਕ ਮਹਾਨ ਗੁਣ ਹੈ।

ਇਉਂ ਅਸੀਂ ਦੇਖਦੇ ਹਾਂ, ਪੰਜਾਬੀ ਬੋਲੀ, ਧੁਨੀ-ਬਣਤਰ, ਸ਼ਬਦ-ਬਣਤਰ, ਵਾਕ ਬਣਤਰ ਤੇ ਅਰਥ-ਬਣਤਰ ਸਾਰਿਆਂ ਖੇਤਰਾਂ ਵਿਚ ਹੀ ਆਪਣਾ ਮੌਲਿਕ ਸਰੂਪ ਰਖਦੀ ਹੈ, ਕਿਸੇ ਗੱਲੋਂ ਕਿਸੇ ਦੀ ਨਕਲ ਨਹੀਂ ਕਰਦੀ। ਇਹੋ ਇਕ ਸੁਤੰਤਰ ਬੋਲੀ ਦਾ ਖਾਸ ਲੱਛਣ ਹੈ ਕਿ ਉਹ ਧੁਨੀਆਂ, ਸ਼ਬਦਾਂ, ਵਾਕਾਂ ਤੇ ਅਰਥਾਂ, ਗੱਲ ਕੀ ਹਰ ਤਰ੍ਹਾਂ ਦੀ ਘਾੜਤ ਵਿਚ ਆਪਣੀ ਨਿਵੇਕਲੀ ਰਹੁ-ਰੀਤੀ ਦੀ ਮਾਲਕ ਹੋਵੇ। ਜੇਕਰ ਉਹ ਦੂਜੀ ਬੋਲੀ ਦੇ ਸ਼ਬਦ ਨੂੰ ਵੀ ਅਪਣਾਵੇ, ਤਾਂ ਵੀ ਉਸ ਨੂੰ ਆਪਣੀ ਟਕਸਾਲ ਵਿਚ ਢਾਲ ਕੇ ਮਿਲਾਵੇ, ਪੰਜਾਬੀ ਇਨ੍ਹਾਂ ਸਾਰਿਆਂ ਗੁਣਾਂ ਵਿਚ ਪੂਰੀ ਹੈ। ਇਸ ਦਾ ਬਣਤ-ਪੱਖ ਨਵਾਂ ਨਰੋਆ ਤੇ ਆਪਣੀ ਕਿਸਮ ਦਾ ਹੈ, ਹੋਰ ਸਵਿਸਥਾਰ ਦੇਖ-ਭਾਲ ਲਈ ਇਸ ਦੇ ਸ਼ਬਦ-ਭੰਡਾਰ ਨੂੰ ਜਾਚਿਆ ਜਾ ਸਕਦਾ ਹੈ।

ਪੰਜਾਬੀ ਸ਼ਬਦ-ਭੰਡਾਰ

ਕਿਸੇ ਬੋਲੀ ਦੀ ਯੋਗਤਾ ਪਰਖਣ ਲਈ ਵਿਦਵਾਨਾਂ ਤਿੰਨ ਕਸਵੱਟੀਆਂ ਰੱਖੀਆਂ ਹੋਈਆਂ ਹਨ : ਉਚਾਰਣ, (Pronunciation) ਵਿਆਕਰਣਕ ਬਣਤਰ (Grammatical forms) ਤੇ ਸ਼ਬਦ ਭੰਡਾਰ (Vocabulary)। ਸਭ ਤੋਂ ਪਹਿਲੀ ਗੱਲ ਇਹ ਦੇਖੀ ਜਾਂਦੀ ਹੈ ਕਿ ਉਚਾਰਣ ਦੇ ਲਿਹਾਜ਼ ਨਾਲ ਕੋਈ ਬੋਲੀ ਕਿੰਨੀ ਕੁ ਸੌਖੀ ਸਰਲ ਤੇ ਸੁਆਦਲੀ ਹੈ। ਇਸ ਦਾ ਨਿਰਣਾ ਕੇਵਲ ਬੋਲਣ ਤੇ ਹੀ ਕੀਤਾ ਜਾ ਸਕਦਾ ਹੈ। ਦੂਸਰੀ ਚੀਜ਼ ਹੈ ਬਣਤਰ, ਹਰ ਸੁਤੰਤਰ ਬੋਲੀ ਆਪਣੇ ਮੌਲਕ ਬਣਤਰੀ ਗੁਣ ਰਖਦੀ ਹੈ, ਕਿਸੇ ਦੀ ਨਕਲ ਨਹੀਂ ਕਰਦੀ। ਕੀ ਧੁਨੀਆਂ, ਕੀ ਸ਼ਬਦਾਂ, ਕੀ ਵਾਕਾਂ ਤੇ ਕੀ ਅਰਥਾਂ ਦੀ ਘਾੜਤ ਵਿਚ, ਹਰ ਪਾਸੇ ਉਸ ਦੀ ਚਾਲ ਢਾਲ ਤੇ ਮਰਯਾਦਾ ਅਪਣੀ ਨਿਵੇਕਲੀ ਹੁੰਦੀ ਹੈ।

ਪੰਜਾਬੀ ਦੀ ਬਣਤਰੀ ਮੌਲਕਤਾ ਉਤੇ ਪਿਛੇ ਕੁਝ ਚਰਚਾ ਕੀਤੀ ਜਾ ਚੁਕੀ ਹੈ। ਹੁਣ ਵੀਚਾਰਨ ਵਾਲੀ ਗੱਲ ਇਹ ਹੈ ਕਿ ਇਸ ਬਣਤਰੀ ਕਾਰਖਾਨੇ ਵਿਚ ਕਿੰਨਾ ਕੁ ਸਾਮਾਨ ਤਿਆਰ ਹੁੰਦਾ ਹੈ ਅਤੇ ਨਤੀਜੇ ਦੇ ਤੌਰ ਤੇ ਬੋਲੀ ਦੇ ਪੱਲੇ ਕੀ ਕੁਝ ਹੈ ? ਇਸ ਗੱਲ ਦਾ ਨਿਤਾਰਾ ਸ਼ਬਦ-ਭੰਡਾਰ ਦੀ ਦੇਖ ਭਾਲ ਕਰਨ ਤੇ ਹੋ ਸਕਦਾ ਹੈ।

ਜਿਵੇਂ ਕਿਸੇ ਆਦਮੀ ਕੋਲ ਟਕਸਾਲ ਤਾਂ ਹੋਵੇ ਪਰ ਸੋਨਾ ਚਾਂਦੀ ਨ ਹੋਵੇ ਤਾਂ ਉਹ ਸਿਕੇ ਤਿਆਰ ਨਹੀਂ ਕਰ ਸਕਦਾ। ਇਸੇ ਤਰ੍ਹਾਂ ਕੋਈ ਬੋਲੀ ਵਖਰੇ ਬਣਤ-ਗੁਣ ਰਖਣ ਦੇ ਬਾਵਜੂਦ ਸ਼ਬਦ-ਭੰਡਾਰ ਬਗ਼ੈਰ ਕੰਗਾਲ ਹੀ ਸਮਝੀ ਜਾਂਦੀ ਹੈ, ਉਹ ਨ ਸਾਹਿਤ ਦੇ ਜੋਗ ਹੁੰਦੀ ਹੈ ਤੇ ਨਾ ਹੀ ਹੋਰ ਉਚੇ ਵਡੇ ਕਾਰ ਵਿਹਾਰਾਂ ਦੇ। ਵਿਸ਼ਾਲ ਸ਼ਬਦ-ਭੰਡਾਰ ਦਾ ਆਧਾਰ ਕਿਸੇ ਕੌਮ ਦੇ ਸਰਬ-ਪੱਖੀ-ਵਿਕਾਸ ਉਤੇ ਨਿਰਭਰ ਹੈ। ਕੌਮੀ ਉਨਤੀ ਬਗ਼ੈਰ ਇਹ ਖਜ਼ਾਨੇ ਨਹੀਂ ਭਰਦੇ ਤੇ ਨਾ ਹੀ ਇਨ੍ਹਾਂ ਖਜ਼ਾਨਿਆਂ ਬਿਨਾ ਬੋਲੀ ਦੀ ਸ਼ਾਨ ਬਣਦੀ ਹੈ। ਲੋਕੀਂ ਆਖਦੇ ਹਨ—'ਜੀਹਦੀ ਕੋਠੀ ਦਾਣੇ, ਉਹਦੇ ਕਮਲੇ ਵੀ ਸਿਆਣੇ।'

'ਕਿਸੇ ਇਕ ਬੋਲੀ ਦੀ, ਵਾਕ-ਬਣਤਰ ਦੀ ਕਸਵੱਟੀ ਤੇ ਪੂਰੀ ਉਤਰਨ ਵਾਲੀ ਸਮੂਹ ਬੋਲ-ਮਾਲਾ 'ਸ਼ਬਦ-ਭੰਡਾਰ'‡ ਦੇ ਨਾਂ ਨਾਲ ਯਾਦ ਕੀਤੀ ਜਾਂਦੀ ਹੈ।' ਵਾਕ ਵਰਤੋਂ ਵਿਚ ਛਿੱਟ ਚੌਣ ਦੀ ਸ਼ਰਤ ਇਸ ਲਈ ਲਾਈ ਜਾਂਦੀ ਹੈ ਕਿ ਭਾਵੇਂ ਕੋਈ ਸ਼ਬਦ ਬਿਦੇਸ਼ੀ ਜ਼ਬਾਨ ਦਾ ਵੀ ਕਿਉਂ ਨ ਹੋਵੇ ਜੇ ਉਹ ਲੋਕਾਂ ਦੀ ਆਮ ਵਰਤੋਂ ਵਿਚ ਆ ਚੁਕਾ ਹੈ ਤਾਂ ਉਸ ਨੂੰ ਉਸ ਬੋਲੀ ਦੇ ਸ਼ਬਦ-ਭੰਡਾਰ ਦਾ ਅੰਗ ਹੋਣ ਦਾ ਮਾਣ ਮਿਲ ਜਾਂਦਾ ਹੈ। ਮਿਸਾਲ ਲਈ 'ਪੁਲੀਸ' ਸ਼ਬਦ ਯੂਨਾਨੀ

‡Vocabulary is the term used to indicate all the words belonging to a language considered from the point of view of their semantic value. [J. Vendryes P. 175]

Sri Satguru Jagjit Singh Ji eLibrary NamdhariElibrary@gmail.com

ਖ਼ਾਨਦਾਨ ਦਾ ਤੇ ਅੰਗਰੇਜ਼ੀ ਸ਼ਬਦ-ਭੰਡਾਰ ਦਾ ਹੈ ਪਰ ਪੰਜਾਬੀ ਦੀ ਵਾਕ ਵਰਤੋਂ ਵਿਚ ਆ ਜਾਣ ਕਰ ਕੇ ਇਹ ਪੰਜਾਬੀ ਸ਼ਬਦ ਭੰਡਾਰ ਦਾ ਵੀ ਮੈਂਬਰ ਬਣ ਚੁਕਾ ਹੈ। ਜਿਵੇਂ ਵਖ ਵਖ ਮੁਲਕਾ ਦੇ ਕਾਨੂੰਨ ਅਨੁਸਾਰ ਕੋਈ ਬਿਦੇਸ਼ੀ ਵਸਨੀਕ ਕੁਝ ਨੀਅਤ ਸਮਾਂ ਕਿਸੇ ਦੇਸ ਵਿਚ ਵਸ ਕੇ ਉਥੋਂ ਦੀ ਸ਼ਹਿਰੀਅਤ (Citizenship) ਦਾ ਅਧਿਕਾਰੀ ਬਣ ਜਾਂਦਾ ਹੈ, ਤਿਵੇਂ ਲਫ਼ਜ਼ ਵੀ ਇਕ ਦੂਜੇ ਦੇਸਾਂ ਵਿਚ ਵਸੇਬਾ ਕਰਕੇ ਅਪਣਾ ਅਧਿਕਾਰ ਪ੍ਰਾਪਤ ਕਰ ਲੈਂਦੇ ਹਨ। ਇਸ ਅਧਿਕਾਰ ਦਾ ਵਡਾ ਚਿੰਨ੍ਹ ਹੈ ਕਿ ਉਹ ਉਥੋਂ ਦੇ ਸ਼ਬਦ-ਭੰਡਾਰ ਦਾ ਅੰਗ ਮੰਨੇ ਜਾਣ। ਇਸ ਵਟਾਦਰੇ ਜਾਂ ਲੈਣ ਦੇਣ ਨੇ ਹਰ ਮੁਲਕ ਦੀ ਬੋਲੀ ਦੇ ਸ਼ਬਦ-ਭੰਡਾਰ ਵਿਚ ਅਨੰਤ ਵਾਧਾ ਕੀਤਾ ਹੈ। ਇਹ ਵਾਧਾ ਕਈਆਂ ਨੁਕਤਿਆਂ ਤੋਂ ਲਾਭਵੰਦਾ ਵੀ ਹੈ ਤੇ ਕਈਆਂ ਪਹਿਲੂਆਂ ਤੋਂ ਬੱਲੜਾ ਵੀ।

ਨਵੇਂ ਵੀਚਾਰਵਾਨ ਇਸ ਨੂੰ 'ਬੇਲੋੜਾ ਵਾਧਾ' ਇਸ ਲਈ ਕਹਿੰਦੇ ਹਨ, ਅਜੇਹਾ ਹੋਣ ਨਾਲ ਮਨੁਖ ਨੂੰ ਕਈ ਭਰਤੀ ਦੇ ਸ਼ਬਦਾ ਤੇ ਵੀ ਸਿਰ ਖਪਾਈ ਕਰਨੀ ਪੈਂਦੀ ਹੈ, ਜਿਸ ਤੋਂ ਬਗ਼ੈਰ ਉਸ ਦਾ ਗੁਜ਼ਾਰਾ ਸੰਭਵ ਹੈ। ਦੂਸਰੇ, ਲੰਮੀ ਸ਼ਬਦਮਾਲਾ ਦੀ ਜਾਣ ਪਛਾਣ ਗਿਆਨ ਵਿਚ ਵਾਧਾ ਵੀ ਨਹੀਂ ਕਰਦੀ। ਜੇ ਤੁਸੀਂ ਇਕ ਚੀਜ਼ ਦੇ ਦਸ ਨਾਂ ਜਾਣਦੇ ਹੋ ਤਾਂ ਇਸ ਨਾਲ ਤੁਹਾਡੇ ਗਿਆਨ ਦੀਆਂ ਹੱਦਾਂ ਵਿਸਤੀਰਤ ਨਹੀਂ ਹੁੰਦੀਆਂ। ਇੱਨਾ ਜ਼ਰੂਰ ਹੁੰਦਾ ਹੈ ਕਿ ਤੁਸੀਂ ਬਹੁਤੀਆਂ ਬਲੀਅ ਦੀ ਸੂਝ ਰਖਦੇ ਹੋ ਜਾਂ ਉਨ੍ਹਾਂ ਦੇ ਨਾਂ ਤੁਹਾਨੂੰ ਚੇਤੇ ਹਨ। ਪਾਣੀ ਦੇ ਦਸ ਨਾਂ ਚੇਤੇ ਕਰਨ ਨਾਲ ਪਾਣੀ ਬਾਰੇ ਤੁਹਾਡੀ ਸੂਝ ਕੋਈ ਵਿਸ਼ੇਸ਼ ਗਿਆਨ ਦੀ ਮਾਲਕ ਨਹੀਂ ਬਣ ਜਾਂਦੀ। ਇਸ ਸਿਰ ਖਪਾਈ ਤੋਂ ਬਚਣ ਲਈ ਵਿਦਵਾਨਾਂ ਠੀਕ ਠੀਕ ਲਾਭਦਾਈ 'ਸ਼ਬਦਮਾਲਾ' ਰਖਕੇ ਤੇ ਵਾਧੂ ਭਰਤੀ ਦੇ ਲਫ਼ਜ਼ ਕੱਢ ਕੇ 'ਬੁਨਿਆਦੀ ਜ਼ਬਾਨਾਂ' ਬਣਾਉਣ ਵਲ ਰੁਝਾਨ ਕੀਤਾ ਹੈ। C. K. Ogden ਨੇ ਬੁਨਿਆਦੀ ਅੰਗਰੇਜ਼ੀ (Basic English) ਤਿਆਰ ਕੀਤੀ ਹੈ, ਇਸ ਵਿਚ ਕੇਵਲ 850 ਸ਼ਬਦ ਰਖੇ ਗਏ ਹਨ, ਜਿਨ੍ਹਾਂ ਨਾਲ ਇਕ ਅੰਗਰੇਜ਼ੀ ਬੋਲਣਹਾਰੇ ਦਾ ਬਹੁਤ ਚੰਗੀ ਤਰ੍ਹਾਂ ਗੁਜ਼ਾਰਾ ਹੋ ਸਕੇ। ਇਸ ਜ਼ਬਾਨ ਨੂੰ ਲਾਭਵੰਦਾ ਸਮਝ ਕੇ ਬਰਤਾਨਵੀ ਸਰਕਾਰ ਨੇ 29 ਹਜ਼ਾਰ ਪੌਂਡ ਵਿਚ ਖਰੀਦ ਲਿਆ ਸੀ। ਇਸੇ ਤਰ੍ਹਾਂ 'ਬੁਨਿਆਦੀ ਹਿੰਦੁਸਤਾਨੀ' ਬਣਾਉਣ ਲਈ ਵੀ ਜਤਨ ਹੋ ਰਹੇ ਹਨ।

ਮਨੁੱਖ ਦਾ ਇਹ ਝੁਕਾ ਇਸ ਗੱਲ ਦਾ ਪ੍ਰਮਾਣ ਹੈ ਕਿ ਦੇਸਾਂ ਪਰਦੇਸਾਂ ਦੇ ਸ਼ਬਦੀ-ਵਟਾਂਦਰੇ ਨੇ ਜਿਥੇ ਬੋਲੀਆਂ ਦੇ ਭੰਡਾਰ ਨੂੰ ਭਰਪੂਰ ਕੀਤਾ ਹੈ, ਉਥੇ ਕੁਝ ਕੁਝ ਵਾਧੂ ਬੋਝ ਵੀ ਲੱਦ ਦਿਤਾ ਹੈ ਜਿਸ ਤੋਂ ਬਗ਼ੈਰ ਸਰ ਸਕਦਾ ਹੈ। ਮੈਕਸਮੂਲਰ ਦਾ ਅਨੁਮਾਨ ਹੈ ਕਿ ਇਕ ਆਮ ਅਨਪੜ੍ਹ ਆਦਮੀ ਦਾ ਗੁਜ਼ਾਰਾ ਤਿੰਨ ਕੁ ਸੌ ਸ਼ਬਦਾਂ ਨਾਲ ਹੋ ਜਾਂਦਾ ਹੈ ਤੇ ਪੜ੍ਹੇ ਲਿਖੇ ਦਾ ਸੱਤ ਅਠ ਸੌ ਨਾਲ। ਇਸ ਵਿਚਾਰ ਦਾ ਵਿਰੋਧ ਕਰਨ ਵਾਲੇ ਕਹਿੰਦੇ ਹਨ ਕਿ ਇਹ ਠੀਕ ਨਹੀਂ। ਮਿਸਾਲ ਲਈ ਸ਼ੈਕਸਪੀਅਰ ਦੀ ਸ਼ਬਦਮਾਲਾ 15 ਹਜ਼ਾਰ ਤੋਂ 24 ਹਜ਼ਾਰ ਤਕ ਅਨੁਮਾਨੀ ਗਈ ਹੈ, ਹੋਮਰ ਦੀ ਨੌਂ ਹਜ਼ਾਰ ਤੇ ਮਿਲਟਨ ਦੀ ਅੱਠ ਹਜ਼ਾਰ ਤਕ। ਪਰ ਸਾਹਿਤਕਾਰਾਂ ਦੀ ਸ਼ਬਦਾਵਲੀ ਨੂੰ ਇਸ ਬਹਿਸ ਤੋਂ ਦੂਰ ਹੀ ਰਖਣਾ ਠੀਕ ਹੈ ਕਿਉਂਕਿ ਇਸ ਵਿਚ ਸੰਕੇਤਕ ਤੇ ਚਮਤਕਾਰ ਦਿਖਾਊ ਸ਼ਬਦ-ਅਡੰਬਰ ਵੀ ਹੁੰਦਾ ਹੈ।‡ ਦੇਖਣਾ ਇਹ ਚਾਹੀਦਾ ਹੈ ਕਿ ਆਮ ਆਦਮੀ ਦੀਆਂ ਜੀਵਨ ਲੋੜਾਂ ਲਈ ਕਿੰਨਾ ਕੁ ਸ਼ਬਦ-ਭੰਡਾਰ ਵਰਤੋਂ ਵਿਚ ਆਉਂਦਾ ਹੈ।

ਏਸ ਨੁਕਤੇ ਤੋਂ ਪਰਖਿਆਂ ਕਿਸੇ ਸੂਰਤ ਵੀ ਇਕ ਹਜ਼ਾਰ ਤੋਂ ਵਧ ਸ਼ਬਦ-ਮਾਲਾ ਦੀ ਲੋੜ ਨਹੀਂ ਪੈਂਦੀ। ਪਰ ਬੋਲੀਆਂ ਦੇ ਵਹਿਣ ਨੂੰ ਕੌਣ ਮੋੜ ਸਕਦਾ ਹੈ, ਇਕ ਆਦਮੀ ਦੀ ਸੋਚ ਸੋਚ

‡J. Vendryes P. 186

ਕੇ ਵਣਾਈ 'ਸ਼ਬਦ-ਮਾਲਾ' ਸਾਰੇ ਲੋਕ ਕਿਵੇਂ ਅਪਣਾ ਸਕਦੇ ਹਨ ? ਕੁਝ ਖਾਸ ਹਲਕਿਆਂ ਵਿਚ ਤਾਂ ਅਜੇਹੀ ਆਸ਼ਾਨ ਪਰ ਬਨ ਵਟੀ ਚੀਜ਼ ਸ਼ਾਇਦ ਕੁਝ ਸਮਾਂ ਚਲ ਸਕੇ ਪਰ ਸਾਰੇ ਅਜੇਹਾ ਹੋਣਾ ਔਖਾ ਹੈ। ਨਾਲੇ ਹੁਣ ਦੀਆਂ ਵਿਗਿਆਨਕ ਕਾਢਾਂ ਨੇ ਆਵਾਜਾਈ ਦੇ ਸਾਧਨ ਸੁਖੱਲੇ ਕਰਕੇ ਦੇਸ਼ਾਂ ਦੇਸਾਂ ਦੀਆਂ ਬੋਲੀਆਂ ਨੂੰ ਬਹੁਤ ਨੇੜੇ ਕਰ ਦਿਤਾ ਹੈ, ਜਿਸ ਨਾਲ ਦਿਨੋ ਦਿਨ ਸ਼ਬਦ-ਭੰਡਾਰਾਂ ਵਿਚ ਵਾਧਾ ਹੀ ਰਿਹਾ ਹੈ। ਏਸ ਅਸਰ ਤੋਂ ਬਚ ਸਕਣਾ ਕੁਝ ਅਸੰਭਵ ਜੇਹਾ ਹੈ।

ਆਮ ਤੌਰ ਤੇ ਸ਼ਬਦ-ਭੰਡਾਰ ਦੇ ਦਰਸ਼ਨ ਬੋਲੀਆਂ ਦਿਆਂ ਕੋਸ਼ਾਂ, ਲੁਗਾਤ, ਫਰਹੰਗਾਂ ਤੇ ਡਿਕਸ਼ਨਰੀਆਂ ਆਦਿ ਤੋਂ ਸੌਖਿਆਂ ਹੋ ਸਕਦੇ ਹਨ। ਕੋਸ਼ ਵਿਚ ਕਿਸੇ ਬੋਲੀ ਦਾ ਸ਼ਬਦ-ਸਮੂਹ ਅੱਖਰ ਕ੍ਰਮ ਅਨੁਸਾਰ ਤਰਤੀਬਿਆ ਹੁੰਦਾ ਹੈ ਤੇ ਨਾਲ ਨਾਲ ਉਨ੍ਹਾਂ ਦਾ ਇਤਿਹਾਸਕ ਪਿਛਾ ਵੀ ਦਸਿਆ ਹੁੰਦਾ ਹੈ ਕਿ ਇਸ ਸ਼ਬਦ ਦਾ ਮੂਲ ਕੀ ਹੈ ਅਤੇ ਇਸ ਦੇ ਰੂਪ ਤੇ ਅਰਥ ਵਿਚ ਕੀ ਕੀ ਤਬਦੀਲੀਆਂ ਹੋਈਆਂ ਹਨ। ਸ਼ਬਦਾਂ ਦਾ ਮੂਲ ਖੋਜਣ ਵਾਲੀ ਇਸ ਸਾਇੰਸ ਨੂੰ 'ਵਿਉਤਪਤ ਵਿਗਿਆਨ' ਜਾਂ ਨਿਰੁਕਤ ਸ਼ਾਸਤਰ (Etymology) ਕਿਹਾ ਜਾਂਦਾ ਹੈ।‡

ਇਸ ਸ਼ਬਦ-ਵਿਗਿਆਨ ਨੇ ਪੁਰਾਣਾ ਇਤਿਹਾਸ ਦੱਸਣ ਵਿਚ ਮਨੁੱਖ ਦੀ ਬਹੁਤ ਹੀ ਮਦਦ ਕੀਤੀ ਹੈ। ਖਾਸ ਕਰਕੇ ਪੁਰਾ-ਤੱਤ੍ਵ ਵਿਗਿਆਨ ਦੀਆਂ ਕਈ ਖੋਜਾਂ ਦਾ ਆਧਾਰ ਪ੍ਰਾਚੀਨ ਸ਼ਬਦ-ਭੰਡਾਰ ਹੀ ਹੈ। ਪਰ ਇਹ ਗੱਲ ਚੇਤੇ ਰਖਣੀ ਚਾਹੀਦੀ ਹੈ ਕਿ ਸ਼ਬਦ ਕਦੀ ਕੋਸ਼ੀ ਅਰਥਾਂ ਵਿਚ ਬੰਦ ਨਹੀਂ ਰਹਿੰਦਾ, ਉਸ ਦਾ ਅਰਥ ਤਾਂ ਚਾਲੂ ਕੀਮਤਾਂ ਅਨੁਸਾਰ ਹੀ ਹੁੰਦਾ ਹੈ ਤੇ ਇਹ ਕੀਮਤਾ ਸਦਾ ਬਦਲਦੀਆਂ ਰਹਿੰਦੀਆਂ ਹਨ। ਨਾਲੇ ਕੋਸ਼ ਤਾਂ ਬਿਦੇਸੀ ਲੋਕਾਂ ਲਈ ਹੀ ਜ਼ਿਆਦਾ ਫਾਇਦੇਮੰਦ ਹੁੰਦੇ ਹਨ ਜੋ ਕਿ ਦੂਜੇ ਦੇਸ਼ ਦੀ ਜ਼ਬਾਨ ਸਿਖਣਾ ਚਾਹੁੰਣ। ਮਾਤ-ਬੋਲੀ ਵਾਲੇ ਲਈ ਕੋਸ਼ ਦੀ ਬਹੁਤੀ ਲੋੜ ਨਹੀਂ ਪੈਂਦੀ, ਉਸ ਦੀ ਝੋਲੀ ਤਾਂ ਮਾਂ ਨੇ ਹੀ ਭਰੀ ਹੁੰਦੀ ਹੈ।

ਪਰੰਤੂ ਬੋਲੀ ਦੀ ਖੋਜ ਕਰਨ ਵਾਲੇ ਲਈ ਕੋਸ਼ ਦਾ ਇਹ ਲਾਭ ਹੁੰਦਾ ਹੈ ਕਿ ਉਸ ਨੂੰ ਬੋਲੀ ਦੇ ਸਾਰੇ ਸ਼ਬਦ ਇਕੋ ਥਾਂ ਇਕੱਠੇ ਕੀਤੇ ਮਿਲ ਜਾਂਦੇ ਹਨ ਤੇ ਉਨ੍ਹਾਂ ਦੀ ਨਿਰਖ ਪਰਖ ਸੌਖਿਆਂ ਹੋ ਸਕਦੀ ਹੈ। ਭਾਸ਼ਾ-ਵਿਗਿਆਨੀਆਂ ਨੂੰ ਕੋਸ਼ਾਂ ਦਾ ਜਿਤਨਾ ਲਾਭ ਹੋਇਆ, ਉਹ ਕਥਨ ਤੋਂ ਬਾਹਰ ਹੈ। ਉਂਜ ਤਾਂ ਕਿਸੇ ਬੋਲੀ ਦੇ ਖਿਲਰੇ ਪੁਲਰੇ ਸ਼ਬਦ-ਭੰਡਾਰ ਨੂੰ ਜਾਚਣਾ ਬਹੁਤ ਔਖਾ ਕੰਮ ਸੀ।

ਇਨ੍ਹਾਂ ਕੋਸ਼ਾਂ ਨੂੰ ਦੇਖਿਆਂ ਇਹ ਗੱਲ ਸਹਿਜੇ ਹੀ ਨਿਤਰ ਆਉਂਦੀ ਹੈ ਕਿ ਕਿਸੇ ਬੋਲੀ ਦੀ ਆਪਣੀ ਸ਼ਬਦਾਵਲੀ ਬਹੁਤ ਥੋੜ੍ਹੀ ਹੁੰਦੀ ਹੈ ਤੇ ਆਲੇ-ਦੁਆਲੇ ਦੀਆਂ ਬੋਲੀਆਂ ਦੇ ਰਲੇ ਨੇ ਉਸ ਦਾ ਭੰਡਾਰਾ ਭਰਿਆ ਹੁੰਦਾ ਹੈ। ਇਸੇ ਕਰਕੇ ਦੁਨੀਆਂ ਦੀ ਕਿਸੇ ਬੋਲੀ ਦਾ ਸ਼ਬਦ-ਭੰਡਾਰ ਨਿਰੋਲਤਾ ਦਾ ਦਾਅਵਾ ਨਹੀਂ ਕਰ ਸਕਦਾ ਤੇ ਨ ਹੀ ਇਹ ਹੋ ਸਕਦਾ ਹੈ। ਬੋਲੀ ਹੈ ਹੀ ਸਮਾਜੀ

---

‡The science dealing with the study of vocabulary is called etymology. It consists in examining all the words in the dictionary one by one, and making some attempt to give them their proper status, by indicating whence they came, when and how they were formed, and through what vicissitudes they have passed. It is therefore an historical science. [J. V., P. 175]

ਵਸਤੂ, ਸਮਾਜਕ ਮੇਲ ਜੋਲ ਦਾ ਜਿਤਨਾ ਦਾਇਰਾ ਵਧੇਗਾ ਉਤਨਾ ਹੀ ਸ਼ਬਦ-ਭੰਡਾਰ ਵਧੇਗਾ, ਚਾਹੇ ਉਹ ਲੋੜਵੰਦਾ ਹੋਵੇ ਚਾਹੇ ਬੇਲੋੜਾ । ਪੰਜਾਬੀ ਦਾ ਸ਼ਬਦ-ਭੰਡਾਰ ਵੀ ਅਜੇਹੇ ਸਮਾਜਕ ਪ੍ਰਭਾਵਾਂ ਤੋਂ ਬਣਿਆ ।ਇਕ ਮਾਖਿਓਂ ਦਾ ਛੱਤਾ ਹੈ, ਜਿਸ ਵਿਚ ਏਸ਼ੀਆ ਤੇ ਯੂਰਪ ਦੀਆਂ ਕਈ ਬੋਲੀਆਂ ਦਾ ਸ਼ਹਿਦ ਚੁਣਿਆ ਮਿਲਦਾ ਹੈ । ਹਿੰਦੁਸਤਾਨੀ ਬੋਲੀਆਂ ਦਾ ਰੰਗ ਹੋਣਾ ਤਾਂ ਜ਼ਰੂਰੀ ਸੀ ਹੀ ।

ਕਿਸੇ ਬੋਲੀ ਦੇ ਸ਼ਬਦ-ਭੰਡਾਰ ਵਿਚ ਤਿੰਨ ਤਰ੍ਹਾਂ ਦੇ ਸ਼ਬਦ ਹੁੰਦੇ ਹਨ ਤੇ ਇਹੋ ਗੱਲ ਪੰਜਾਬੀ ਵਿਚ ਹੈ —

1. **ਦੇਸੀ**—ਆਪਣੇ ਮੌਲਕ ਸ਼ਬਦ—ਜਿਵੇਂ—ਘਰ, ਘਸੁੰਨ, ਪਹਾੜ, ਧਰਤੀ, ਮੀਂਹ, ਸਾਊ ।

2. **ਤਦਭਵ**—ਕਿਸੇ ਦੂਜੀ ਬੋਲੀ ਤੋਂ ਬਦਲ ਕੇ ਬਣੇ ਸ਼ਬਦ ਜਿਵੇਂ—ਮਨੁੱਖ, ਅਰਦਾਸ, ਟੈਂਸ਼ਣ, ਲਾਟ ।

3. **ਤਤਸਮ**—ਕਿਸੇ ਦੂਜੀ ਬੋਲੀ ਦੇ ਸ਼ਬਦ, ਜੋ ਇੰਨ ਬਿੰਨ ਉਸੇ ਰੂਪ ਵਿਚ ਆਏ ਹੋਣ ਜਿਵੇਂ—ਮਨ, ਰੱਬ, ਸੁਲਤਾਨ, ਮੋਟਰ, ਰੇਡੀਓ ਆਦਿ ।

ਦੇਸੀ ਸ਼ਬਦ ਉਸ ਦੇਸ ਦੀ ਬੋਲੀ ਦੀ ਆਪਣੀ ਉਪਜ ਹੁੰਦੇ ਹਨ, ਉਨ੍ਹਾਂ ਤੋਂ ਬੋਲੀ ਦੇ ਅਸਲ ਸੁਭਾ ਤੇ ਪ੍ਰਾਚੀਨਤਾ ਦਾ ਪਤਾ ਲਗਦਾ ਹੈ ਅਤੇ ਤਦਭਵ, ਤਤਸਮਾਂ ਤੋਂ ਬੋਲੀ ਦੀ ਸਮਰੱਥਾ ਜ਼ਾਹਰ ਹੁੰਦੀ ਹੈ ਕਿ ਉਸ ਨੇ ਕਿਵੇਂ ਸਮੇਂ ਅਨੁਸਾਰ ਦੂਜੀਆਂ ਬੋਲੀਆਂ ਵਿਚੋਂ ਭੰਨਘੜ ਕਰਕੇ ਜਾਂ ਉਂਜ ਆਪਣਾ ਭੰਡਾਰ ਭਰਿਆ ਹੈ ।

ਜਦੋਂ ਅਸੀਂ ਪੰਜਾਬੀ ਸ਼ਬਦਾਵਲੀ ਦੀ ਪ੍ਰਾਚੀਨਤਾ ਵੱਲ ਨਜ਼ਰ ਮਾਰਦੇ ਹਾਂ ਤਾਂ ਅਜ ਤੋਂ ਇਕ ਹਜ਼ਾਰ ਵਰ੍ਹੇ ਪੁਰਾਣੇ ਸ਼ਬਦ ਆਮ ਮਿਲਦੇ ਹਨ ਜਿਨ੍ਹਾਂ ਦੀ ਅਜ ਕੱਲ ਵੀ ਵਰਤੋਂ ਹੈ । ਕਿੰਨੇ ਸ਼ਬਦ ਅਜੇਹੇ ਹੋਣਗੇ ਜੋ ਮਰ ਕੇ ਸਦਾ ਦੀ ਨੀਂਦ ਸੌਂ ਗਏ ਪਰ ਕਈ ਅਜੇਹੇ ਸ਼ਬਦ ਮੌਜੂਦ ਹਨ ਜੋ ਆਪਣੀ ਪੁਰਾਤਨ ਹਸਤੀ ਦਾ ਦਿਖਾਵਾ ਕਰਦੇ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਪੰਜਾਬੀ ਸਚਮੁਚ ਇਕ ਪ੍ਰਾਚੀਨ ਬੋਲੀ ਹੈ । ਬਿਦੇਸੀ ਜਾਂ ਹੋਰਨਾਂ ਬੋਲੀਆਂ ਦੇ ਸ਼ਬਦ ਰਲਣ ਨਾਲ ਜੋ ਵਾਧਾ ਹੋਇਆ, ਉਸ ਦਾ ਜ਼ਿਕਰ ਤਾਂ ਫਿਰ ਕੀਤਾ ਜਾਵੇਗਾ । ਪਹਿਲਾਂ ਇਹ ਦੇਖਣਾ ਹਿਤਕਾਰੀ ਹੈ ਕਿ ਪੰਜਾਬੀ ਦੇ ਸੈਂਕੜੇ ਸ਼ਬਦ ਹਜ਼ਾਰ ਵਰ੍ਹੇ ਉਮਰ ਰੱਖਣ ਦੇ ਬਾਵਜੂਦ ਲੰਕ-ਜੀਭਾ ਉਤੇ ਕਿਸ ਤਰ੍ਹਾਂ ਅਮਰ ਨਾਚ ਨਚਦੇ ਆ ਰਹੇ ਹਨ । ਕਿਤਾਬਾਂ ਵਿਚ ਬੱਝ ਕੇ ਕਿਸੇ ਸ਼ਬਦ ਦਾ ਜੀਊਂਦਿਆਂ ਰਹਿਣਾ ਹੋਰ ਗੱਲ ਹੈ । ਬੋਲ-ਚਾਲ ਦੀ ਬੋਲੀ ਵਿਚ ਨੰਗੇ ਧੜ ਲੜਨਾ ਤੇ ਫਿਰ ਡਟ ਕੇ ਰਹਿਣਾ ਹੋਰ ਗੱਲ ਹੈ ।

ਪੁਰਾਣੇ ਕੋਸ਼ ਨਾ ਮਿਲਣ ਦੀ ਘਾਟ ਕਰਕੇ ਅਸੀਂ ਪ੍ਰਾਚੀਨ ਦੇਸੀ ਸ਼ਬਦ-ਭੰਡਾਰ ਦਾ ਪੂਰਾ ਤੇ ਸਹੀ ਅਨੁਮਾਨ ਤਾਂ ਨਹੀਂ ਲਾ ਸਕਦੇ । ਸ੍ਰੀ ਹੇਮ ਚੰਦਰ ਨੇ 'ਦੇਸੀ ਨਾਮ ਮਾਲਾ' ਵਿਚ 10-12 ਪੁਰਾਣੇ ਦੇਸੀ ਕੋਸ਼ਾਂ ਦਾ ਜ਼ਿਕਰ ਕੀਤਾ ਹੈ ਪਰ ਉਹ ਪ੍ਰਾਪਤ ਨਹੀਂ ।‡

ਕੇਵਲ ਦੋ ਮਿਲਦੇ ਕੋਸ਼ਾਂ—'ਪਾਇਅ ਲੱਛੀ ਨਾਮ ਮਾਲਾ' ਕ੍ਰਿਤ ਧਨਪਾਲ (973 ਈ:) ਤੇ 'ਦੇਸੀ ਨਾਮ ਮਾਲਾ' ਕ੍ਰਿਤ ਸ੍ਰੀ ਹੇਮ ਚੰਦ੍ (1172 ਈ: ਤੋਂ ਪਹਿਲਾਂ) ਤੋਂ ਇਹ ਸਿਟਾ ਜ਼ਰੂਰ ਨਿਕਲਦਾ ਹੈ ਕਿ ਦੇਸੀ ਬੋਲੀਆਂ ਦੀ ਉਮਰ ਕਾਫ਼ੀ ਪੁਰਾਣੀ ਹੈ । ਮਿਸਾਲ ਲਈ ਅਸੀਂ

‡ਦੀ ਦੇਸੀ ਨਾਮ ਮਾਲਾ ਆਫ ਹੇਮ ਚੰਦ੍ (ਪੰਡਿਤ ਮੁਰਲੀਧਰ ਬੈਨਰਜੀ) ਦੀ ਭੂਮਿਕਾ ।

ਇਨ੍ਹਾਂ ਦੋਹਾਂ ਕੋਸ਼ਾਂ ਵਿਚੋਂ ਵੰਨਗੀ ਮਾਤਰ ਕੁਝ ਸ਼ਬਦ ਦਿੰਦੇ ਹਾਂ, ਜੋ ਕਿ ਸੈਂਕੜੇ ਵਰ੍ਹਿਆਂ ਤੋਂ ਪੰਜਾਬੀ ਵਿਚ ਚਲਦੇ ਆ ਰਹੇ ਹਨ । ਇਤਨੇ ਚਿਰ ਵਿਚ ਸੋਨੇ ਚਾਂਦੀ ਦੇ ਸਿੱਕੇ ਤਾਂ ਚਲਦੇ ਚਲਦੇ ਘਸ ਗਏ ਪਰ ਇਹ ਸ਼ਬਦੀ ਸਿੱਕੇ ਉਵੇਂ ਜਿਵੇਂ ਕਾਇਮ ਹਨ ।

'ਪਾਇਅ ਲੱਛੀ ਨਾਮ ਮਾਲਾ' ਪ੍ਰਾਕ੍ਰਿਤ ਕੋਸ਼ ਵਿਚੋਂ ਕੁਝ ਸ਼ਬਦ :—

ਚੰਦੋ, ਜਲਣੋ, ਹੱਥੀ, ਮਠੰ (ਮੱਠਾ), ਨਇਂ (ਨਦੀ), ਪੱਕਾ, ਕਲੋਲ, ਮੱਛਾ, ਕੋਇਲਾ, ਸੀਂਹੋ, ਬੱਘੋ, ਰੱਸੀ, ਘਰੰ, ਬਾਣੀ, ਮੱਗੋ, ਪੰਥੋ, ਮਰੱਟੋ (ਮੜਕ), ਘਰਿਣੀ (ਘਰ ਵਾਲੀ), ਬਾਲਾ (ਬਾਲਕ), ਮਣੂਆ, ਮਣੁੱਸਾ (ਮਨੁੱਖ), ਜੁਆਣੋ, ਬਾਉਲੋ, ਵੇਲਾ, ਗਿੰਧੁਲੋ (ਚੋਲੀ), ਖਇਆਂ (ਖਾਣਾ), ਨਿਹਾਲਅ (ਦੇਖਣਾ), ਥੋਲੀਣੋ, ਬੁੱਕੈਤੰ, ਉਮਿਲ, ਸੋਹਏ, ਛਾਯੰ, ਨਿਅੜੇ (ਨੇੜੇ) ਬੁਇਆਂ, ਚਿੱਤਲ (ਚਿਤ੍ਰਤ), ਲੱਛੀ (ਲਛਮੀ), ਬਿੱਜੁ (ਬਿਜਲੀ), ਛਇਲ (ਛੈਲ), ਗੋਵਾਲਾ ਬਾਣਿਅਯਾ, ਧੀਵਰ, ਵਾਲ, ਚਲਣ (ਪੈਰ), ਥਣ, ਹੱਥਾ, ਚੰਮੰ, ਖੱਲ, ਮੂੰਹ, ਨਾਸਾ, ਵਿੱਠ, ਕੱਛਾ, ਅਗ਼ੁਠੀ, ਪੁਤਲਿਆ, ਹੱਟੇ, ਨੇਹ, ਪਿਮੰ, ਹਲ, ਦੁਧ, ਕੁਕੜੇ, ਗਿਧੰ, ਬਪੀਹੋ, ਰਿਛੰ, ਅਰਹੱਟੋ, ਕਿਆਰੇ ਕਛਹਾ-ਕੁੰਮਾ, ਸਿੰਗ, ਛੱਲੀ, ਵੱਲੀਉ, ਗੁੱਛਾ, ਖਜੂਰੰ, ਕਥੂਰੀ, ਗਦਹੋ, ਉਲੂਆ, ਕੱਠੇ (ਕਠ), ਦਿਣਾ, ਝੀਣੰ, ਕਰੜਾ, ਖੰਭੋ, ਮਹਿਸੀ (ਮੈਂਸ), ਬੁਕਾ, ਮੁਠੀ, ਰੋਝ, ਡੋਲਾ, ਰਸਣਾ, ਕੰਨਾ, ਧੂਆ (ਧੀ), ਬਹਿਣੀ (ਭੈਣ) ਸੱਸਾ, ਪਿਆ, ਜਣਓ, ਜਣਣੀ, ਦਿਅਰੰ, ਮਾਉਸਿਆ (ਮਾਸੀ), ਪੁਤ-ਬਹੂ, ਮਾਮੀ, ਪੁਫਿਆ, ਪਿਪਲ, ਖਜੂਰੀ, ਕਇਲੀ (ਕੇਲੀ), ਟਿੰਬਰ, ਕੀਲੋ, ਪਹਰੋ, ਗੁਝ, ਘੜੀਆ । (ਹੇਠਾਂ ਤੇ ਟਿਪੀਆਂ ਪੁਰਾਣੀ ਉਚਾਰਣ-ਸ਼ੈਲੀ ਦਾ ਅੰਗ ਹਨ) ।

'ਦੇਸੀ ਨਾਮ ਮਾਲਾ' (1172 ਤੋਂ ਪਹਿਲਾਂ) ਵਿਚੋਂ—

ਉਖਲੀ, ਉਚ, ਉਛਾਹ, ਉਜੱਡ, ਉਮੰਡ, ਉਮਲ, ਉਲਟ, ਅੱਕ, ਅੱਜ, ਅਥਾਹ, ਅੰਮਾ, ਅਲੱਗ, ਅਲਮਲ, ਇੱਲ੍ਹ, ਸੱਥਰ, ਸਿੰਗ, ਸੂਈ, ਸੋਹਣੀ (ਸੁਹਣ), ਹੱਡ, ਕਉਲ, ਕਰੇੜ, ਕੁੰਭਲ, ਕੁਕੜ, ਕੁਕਸ, ਕੋਇਲਾ, ਕੋਲਾਹਲ, ਖੜ (ਘਾਹ), ਖੱਪੜ, ਖੁੱਡ, ਗੱਜ, ਘੱਘਰ (ਘੱਗਰਾ), ਘਰਿਲੀ, ਘੱਲ, ਚੰਗ (ਚੰਗਾ) ਚਾਉਲ, ਚੂੜਲੀ, ਚੁਲੀ, ਚੋਜ, ਛਇਲ, ਛੱਲੀ, ਖਾਈ, ਛਿਣਾਲ, ਛਿੱਦ, ਜੇਪੁਣ (ਜਪਣਾ), ਝਝਰੀ, ਝੜੀ, ਝੂਰ, ਝੋਟੀ, ਟਿੰਬਰ, ਟੇਂਟਾ, ਡੰਡੀ, ਡੁੰਗਰ, ਡੋਅ, ਡੋਲ, ਢੰਢ, ਤਗ (ਧਾਗਾ), ਤਲਫ਼ਲ (ਤੜਫਣਾ), ਥੱਕ, ਦੜਵੜ, ਦੂਣ, ਦੋਹਣੀ, ਧੰਧਾ, ਧਾਰਾ, ਪਉਣ, ਬਉਹਾਰੀ (ਬੁਹਾਰੀ), ਬੱਪ (ਬਾਪ), ਬਾਉਲੀ, ਬੁਕਾ, ਬੋਲ, ਭੁਖਾ, ਭੋਲੀ, ਮਇਲ (ਮੈਲ), ਮੱਟ, ਮਾਮਾ, ਮਾਮੀ, ਮੋਂਢੀ, ਮੇਲੀ, ਰੀਢ, ਰੋਝ, ਰੋਟ, ਲੰਬਾ, ਲਕੁੜ, ਲਗ, ਲੱਠ, ਲਾਹਣ, ਵੰਜਰ, ਵੱਟਾ, ਵੱਡ, ਵਣ, ਵਹੜ, ਵਾੜੀ, ਵੇਲ ਆਦਿ ।

ਕਈ ਆਦਮੀ ਭਾਸ਼ਾ-ਵਿਗਿਆਨ ਤੇ ਇਤਿਹਾਸ ਵਿਰੁਧ ਇਹ ਕਹਿਣ ਦੀ ਗ਼ਲਤੀ ਕਰਦੇ ਹਨ ਕਿ ਪੰਜਾਬੀ ਕੋਈ ਵੱਖਰੀ ਬੋਲੀ ਨਹੀਂ, ਹਿੰਦੀ ਦੀ ਉਪਬੋਲੀ ਮਾਤਰ ਹੈ, ਕੋਈ ਇਸ ਨੂੰ ਹਿੰਦੀ ਦੀ ਧੀ ਵੀ ਕਹਿ ਦਿੰਦੇ ਹਨ । ਮਿ: ਬੀਮਜ਼ ਨੇ ਵੀ ਇਹ ਕਹਿਣ ਵਿਚ ਭੁਲ ਕੀਤੀ ਹੈ ਕਿ ਜੇ ਮੁਸਲਮਾਨ ਨ ਆਉਂਦੇ ਤਾਂ ਪੰਜਾਬੀ ਬੋਲੀ ਹੀ ਨਹੀਂ ਸੀ ਹੋਣੀ । ਇਹ ਕਹਿਣਾ ਤਾਂ ਵਾਜਬ ਸੀ ਕਿ ਇਸ ਦੀ ਰੂਪ ਰੇਖਾ ਹੋਰ ਰੰਗ ਦੀ ਹੁੰਦੀ । ਇਹ ਕਥਨ ਠੀਕ ਨਹੀਂ ਕਿ ਬੋਲੀ ਦੀ ਹਸਤੀ ਹੀ ਨ ਹੁੰਦੀ । ਅਜੇਹੇ ਲੋਕਾਂ ਨੂੰ ਇਸ ਸੁਤੰਤਰ ਹੈਸੀਅਤ ਦੀ ਮਾਲਕ ਬੋਲੀ ਦੇ ਮੌਲਕ ਸ਼ਬਦ-ਭੰਡਾਰ ਨੂੰ ਗਹੁ ਨਾਲ ਦੇਖਣਾ ਚਾਹੀਦਾ ਹੈ ਕਿ ਇਹ ਹਿੰਦੀ ਦੀ ਨਕਲ ਹੈ ਜਾਂ ਹਿੰਦੀ ਇਸ ਦੀ ਨਕਲ ? ਮਿ: ਗ੍ਰੀਅਰਸਨ ਸਾਫ ਕਹਿੰਦੇ ਹਨ ਕਿ ਇਸ ਦੀ ਭਿੰਨ ਹਸਤੀ ਦਾ ਮੁਖ ਅਧਾਰ ਇਸ ਦਾ ਉਚਾਰਣ ਤੇ ਸ਼ਬਦ-ਭੰਡਾਰ ਹੈ, ਜੋ ਹਿੰਦੀ ਵਿਚ ਨਹੀਂ ਲਭਦਾ ।

'Its claim mainly rests upon its phonetic system and on its store of words not found in Hindi. Some of the most common Panjabi words do not occur in Hindustani. Such are Piu, father; man, mother; akhna, to say; ikk, one; sah breath; tih, thirst; and hundreds of others.'

[L. S. of India P. 617]

ਅਜੇ ਵੀ ਸੈਂਕੜੇ ਅਜੇਹੇ ਪੰਜਾਬੀ ਸ਼ਬਦ ਹਨ, ਜਿਨ੍ਹਾਂ ਦਾ ਹਿੰਦੀ ਵਿਚ ਮੁਸ਼ਕ ਲਭਣਾ ਔਖਾ ਹੈ। ਉਦਾਹਰਣ ਲਈ—

ਉੱਲ, ਅੱਚਵੀ, ਅੱਟਣ, ਅਰਲੀ, ਅੜਾਖੋੜ, ਅੜਿਚ, ਅੜਚਨ, ਅੜਕ, ਮੜਕ, ਅਲਾਸੇਟ, ਅੌਲੂ, ਸਰਾਟਾ, ਸੰਗ, ਸੋਕੜਾ, ਹੱਕ (ਥਬਲਾਉਣਾ), ਹਿੰਡ, ਕਲਾਵਾ, ਕਰੰਡੀ, ਕੁੜੀ, ਕੁੜੱਕੀ, ਕੁਟਾਪਾ, ਕੁੱਪ, ਕੋੜਕੂ ਕੰਧੂਆ, ਕੁੰਨੂੰ, ਕੁੰਡਾ, ਖਖੜੀ, ਖਚਰਾ, ਖੁੱਡ, ਖੰਧਾ, ਗਿੱਲੂੜ, ਗੀਹਜਾ, ਗੁਹਾਰਾ, ਗੋਗੜ, ਘੜਮਸ, ਘੜੋਂਜੀ, ਘੋਸ, ਘੋਗੜ, ਘੋਰੜੂ. ਘੰਡੀ, ਘੁੰਗਣੀਆਂ, ਚਲ੍ਹਾ, ਚਰਮੁਖ, ਚੰਗਾ, ਚੰਦਰਾ, ਚੁੱਭੀ, ਚੁਰ, ਚੂਰੀ, ਚੂਣੇ, ਚੋਪੜ, ਛਿਕਲੀ, ਛੁਣਛੁਣਾ, ਛੋਈ, ਝਗੀਟ ਝਾਕ, ਝਾਟਾ, ਝੋਨਾ, ਝੰਬ, ਟੰਟਾ, ਟਟਵੈਰ, ਤੱਕਲਾ, ਤਿੰਗੜ, ਤੇਸੀ, ਥੰਧਾ, ਦੁਰਮਟ, ਧੰਗੇੜ, ਨੱਢੀ, ਨੀਂਗਰ, ਨੀਰਾ, ਪੱਟੂ, ਪੱਠਾ, ਪਲੇਠੀ, ਪਤੰਦਰ, ਪਿੱਛ, ਪੋਂਜਾ, ਪੋਂਝੂ, ਪੌਲੀ, ਫੁੜਕੜਾ, ਫੰਡਰ, ਮੁੰਜ, ਮੁੰਡਾ, ਮੂੰਹ-ਛੱਟ, ਬਹਿੜਕਾ, ਬਟੱਟ, ਬਾਖੜਾ, ਬੂਝੜ, ਬੋਹਲ, ਭਮੱਕੜ, ਭੜਾਕਾ, ਭੁਣਹਣਾ, ਭੰਬੀਰੀ, ਭੰਬਲਭੂਸੇ, ਮੜੱਪ, ਮੱਚ, ਮਖੱਟੂ, ਮਾਲ੍ਹ, ਮੁੰਜ, ਰੱਫੜ, ਰੇੜਕਾ, ਰੋਂਡੀ, ਲੱਕ, ਲਹਿੰਗਾ, ਲੰਡਾ, ਵਹਿੰਗੀ, ਵਹਿੰਦੜ, ਵਾਛਲ ਆਦਿ।

ਇਸੇ ਤਰ੍ਹਾਂ ਛੱਟਣਾ, ਛਿੱਜਣਾ, ਲੰਘਣਾ, ਨੰਘਾਰਨਾ, ਟੱਪਣਾ, ਪਿਜਣਾ, ਚੁੰਘਣਾ, ਸੁੰਘਣਾ, ਟੁੰਗਣਾ, ਠੁੰਗਣਾ, ਡੁੰਗਣਾ, ਢੁੰਡਣਾ, ਪਿਟਣਾ, ਸਿਟਣਾ, ਲੇੜ੍ਹਨਾ, ਭੇੜਨਾ, ਬੁੜ੍ਹਕਣਾ, ਫੁਲਕਣਾ, ਭਮੱਤਰਨਾ ਆਦਿ ਕ੍ਰਿਆ ਵਿਲੱਖਣ ਭਾਂਤ ਦੀਆਂ ਹਨ।

ਇਹ ਜਾਂ ਅਜੇਹਾ ਹੋਰ ਪੰਜਾਬੀ ਦਾ ਵਖਰਾ ਸ਼ਬਦ-ਭੰਡਾਰ ਇਸ ਗੱਲ ਦੀ ਮੂੰਹ ਬੋਲਦੀ ਗਵਾਹੀ ਹੈ ਕਿ ਪੰਜਾਬੀ ਇਕ ਬਿਲਕੁਲ ਸੁਤੰਤਰ ਬੋਲੀ ਹੈ ਅਤੇ ਇਸ ਦੀ ਪ੍ਰਾਚੀਨਤਾ ਵੀ ਨ ਝੁਠਲਾਈ ਜਾਣ ਵਾਲੀ ਸਚਾਈ ਹੈ। ਫਿਰ ਉਚਾਰਣ-ਵਿਸ਼ੇਸ਼ਤਾ (ਜਿਵੇਂ ਘ, ਝ, ਢ, ਭ, ਧ, ਤੇ ਲ, ੜ ਆਦਿ ਦੀ ਪੰਜਾਬੀ ਵਾਲੀ ਧੁਨੀ ਹਿੰਦੀ ਵਿਚ ਨਹੀਂ); ਵੀ ਇਸੇ ਗੱਲ ਦੀ ਪੁਸ਼ਟੀ ਕਰਦੀ ਹੈ। ਪੰਜਾਬੀ ਮੁਹਾਵਰੇ ਦੀ ਹਸਤੀ ਵੀ ਇਸ ਗੱਲ ਦਾ ਪ੍ਰਮਾਣ ਹੈ ਕਿ ਇਹ ਚਿਰੋਕੀ ਸੁਤੰਤਰ ਕਮਾਊ ਬੋਲੀ ਹੈ।

ਸੋ ਉਚਾਰਣ-ਵਿਸ਼ੇਸ਼ਤਾਵਾਂ ਤੇ ਸ਼ਬਦ-ਭੰਡਾਰ ਦੀ ਭਿੰਨਤਾ ਕਾਰਣ ਪੰਜਾਬੀ ਦੀ ਆਜ਼ਾਦ ਹਸਤੀ ਤੋਂ ਸਿਰ ਨਹੀਂ ਫੇਰਿਆ ਜਾ ਸਕਦਾ।

ਹੁਣ ਦੂਜੀ ਗੱਲ ਹੈ ਸ਼ਬਦ-ਭੰਡਾਰ ਦੀ ਸੰਪੂਰਨਤਾ ਤੇ ਵਿਸ਼ਾਲਤਾ; ਪੰਜਾਬੀ, ਸ਼ਬਦ-ਭੰਡਾਰ ਵਲੋਂ ਕਿਸੇ ਗੱਲੇ ਗਰੀਬ ਨਹੀਂ। ਇਹ ਹਰ ਤਰ੍ਹਾਂ ਦੇ ਮਜ਼ਮੂਨਾਂ ਲਈ ਮਸਾਲਾ ਰਖਦੀ ਹੈ। ਪੁਰਾਣੇ ਸਮਿਆਂ ਵਿਚ ਧਾਰਮਕ ਤੇ ਅਧਿਆਤਮਕ ਵੀਚਾਰਾਂ ਜ਼ਿਆਦਾ ਹੁੰਦੀਆਂ ਸਨ। ਇਨ੍ਹਾਂ ਦੀ ਸੰਕੇਤਾਵਲੀ ਸਾਡੇ ਪਾਸ ਇਤਨੀ ਹੈ, ਜਿਤਨੀ ਸ਼ਾਇਦ ਹੋਰ ਕਿਸੇ ਵੀ ਭਾਰਤੀ ਬੋਲੀ ਪਾਸ ਨ ਹੋਵੇ। ਇਸ ਪੱਖ ਤੋਂ ਗੁਰੂ ਗ੍ਰੰਥ ਸਾਹਿਬ ਦਾ ਬਾਣੀ-ਭੰਡਾਰ ਦੇਖਣਾ ਠੀਕ ਹੈ, ਜਿਸ ਵਿਚ ਸੌਲ੍ਹਵੀਂ

ਸਦੀ ਦੀਆਂ ਤਮਾਮ ਅਧਿਆਤਮਵਾਦੀ ਵੀਚਾਰ-ਧਾਰਾਵਾਂ ਦੀ ਸ਼ਬਦਾਵਲੀ ਮੌਜੂਦ ਹੈ। ਭਾ: ਗੁਰਦਾਸ ਦੀ ਰਚਨਾ ਵੀ ਇਸ ਨੁਕਤੇ ਤੋਂ ਸੰਤੁਸ਼ਟਤਾ ਦੇਣ ਵਾਲੀ ਹੈ। ਇਸੇ ਤਰ੍ਹਾਂ ਪਰਮਾਰਥਾਂ ਤੇ ਟੀਕਿਆਂ ਦੀ ਬੋਲੀ, ਬੀਰ ਰਸੀ ਬੋਲ-ਮਾਲਾ ਲਈ ਪੁਰਾਣੀਆਂ ਵਾਰਾਂ ਡਾਢੀ ਜ਼ੋਰਦਾਰ ਬੋਲੀ ਦੇ ਦਰਸ਼ਨ ਕਰਾਉ ਦੀਆਂ ਹਨ, ਜਿਸ ਤੋਂ ਜ਼ਾਹਰ ਹੈ ਕਿ ਪੰਜਾਬੀ ਸਖਤ ਤੋਂ ਸਖਤ ਕਠੋਰ ਜੰਗੀ ਝਾਕੀਆਂ ਚਿਤ੍ਰਣ ਲਈ ਵੀ ਸਮਰੱਥ ਹੈ। ਦੂਜੇ ਪਾਸੇ ਕੋਮਲ-ਗੀਤਾਂ ਲਈ ਵੀ ਇਸ ਪਾਸ ਕਿਸੇ ਸਮੱਗਰੀ ਦਾ ਟੋਟਾ ਨਹੀਂ। ਸੂਖਮ ਤੋਂ ਸੂਖਮ ਕੋਮਲ ਜਜ਼ਬੇ ਨਿਕੇ ਨਿਕੇ ਹੌਲੇ ਫੁਲ ਸ਼ਬਦ ਵਿਚ ਇਉਂ ਗੁੰਦੇ ਪਏ ਹਨ ਜਿਵੇਂ ਮੋਤੀ ਪਿਰੋਏ ਹੁੰਦੇ ਹਨ। ਏਸ ਗੱਲ ਦੇ ਪ੍ਰਮਾਣ ਲਈ ਗੁਰੂ ਨਾਨਕ, ਗੁਰੂ ਅਰਜਨ, ਸ਼ਾਹ ਹੁਸੈਨ, ਬੁਲ੍ਹੇ ਸ਼ਾਹ ਆਦਿ ਦੇ ਗੀਤ, ਕਾਫੀਆਂ ਦੇਖਣ ਦੇ ਲਾਇਕ ਹਨ। ਨਵੇਂ ਜ਼ਮਾਨੇ ਵਿਚ ਭਾ: ਵੀਰ ਸਿੰਘ, ਪ੍ਰੋ: ਮੋਹਨ ਸਿੰਘ ਤੇ ਅੰਮ੍ਰਿਤਾ ਪ੍ਰੀਤਮ ਆਦਿ ਦੇ ਰਚੇ ਅਨੇਕਾਂ ਮਿਠੇ ਗੀਤ ਪੰਜਾਬੀ ਦੀ ਇਸੇ ਜਾਦੂਗਰ ਮਧੁਰਤਾ ਦਾ ਪਰਤੱਖ ਸਬੂਤ ਦੇ ਰਹੇ ਹਨ। ਲੋਕ-ਗੀਤਾਂ ਵਿਚ ਤਾਂ ਇਹ ਮਿਠਾਸ ਤੇ ਮਨੋਹਰਤਾ ਕਮਾਲ ਤੇ ਪਹੁੰਚੀ ਹੋਈ ਹੈ ਅਤੇ ਬੋਲੀ ਦੀ ਸਮੁਚੀ ਮਨੋਹਰਤਾ ਸਿਰਜਣ ਵਿਚ ਵੀ ਇਨ੍ਹਾਂ ਦਾ ਬਹੁਤ ਹੱਥ ਹੈ। ਸ਼ਿੰਗਾਰੀ ਸ਼ਬਦਾਵਲੀ ਲਈ ਕਈ ਮਨੋਰੰਜਕ ਕਿੱਸੇ ਭਾਂਤ ਭਾਂਤ ਦਾ ਮਸਾਲਾ ਪੇਸ਼ ਕਰਦੇ ਹਨ। ਵੰਨਗੀ ਲਈ 'ਹੀਰ ਵਾਰਸ ਸ਼ਾਹ' ਦਾ ਪੜ੍ਹਨਾ ਕਾਫੀ ਹੈ। ਇਸ ਰਚਨਾ ਨੂੰ ਸੁਣ ਕੇ ਕੋਈ ਸੂਝਵਾਨ ਪਾਠਕ ਇਹ ਰਾਇ ਜ਼ਾਹਰ ਕਰਨੋਂ ਨਹੀਂ ਰੁਕੇਗਾ ਕਿ ਪੰਜਾਬੀ ਸਚਮੁਚ ਸਰਬ ਗੁਣ-ਸੰਪੰਨ ਬੋਲੀ ਹੈ। ਇਸੇ ਤਰ੍ਹਾਂ ਹਾਸ ਰਸ ਦੇ ਬੋਲ ਤਾਂ ਪੰਜਾਬੀ ਸੁਭਾ ਦਾ ਵਿਸ਼ੇਸ਼ ਅੰਗ ਹਨ। ਅਮ ਮੁਹਾਵਰਿਆਂ ਅਖਾਣਾਂ ਤੋਂ ਇਲਾਵਾ ਸਾਹਿਤਕ ਰਚਨਾਵਾਂ ਵਿਚ ਵੀ ਹਾਸੇ ਦੀ ਛਣਕਾਰ ਪੈਂਦੀ ਸੁਣਾਈ ਦੇਂਦੀ ਹੈ। (ਦੇਖੋ ਭਗਤ ਜੱਲ੍ਹਣ ਤੇ ਚਰਨ ਸਿੰਘ ਸ਼ਹੀਦ ਆਦਿ ਦੀਆਂ ਰਚਨਾਵਾਂ)

ਕਰਣਾ ਰਸ ਲਈ ਗੁਰਬਾਣੀ, ਵੈਰਾਗ ਦੀਆਂ ਸੀਹਰਫੀਆਂ ਜਾਂ ਸਾਧੂ ਦਯਾ ਸਿੰਘ .ਆਰਫ ਦਾ ਜ਼ਿੰਦਗੀ-ਬਿਲਾਸ, ਫਨਾਹ ਦਾ ਮਕਾਨ ਆਦਿ ਧਿਆਨ ਜੋਗ ਹਨ।

ਵਰਤਮਾਨ ਸਮੇਂ ਵਿਚ ਸਾਹਿਤ ਨੇ ਵਾਰਤਕ ਖੇਤਰ ਵਿਚ ਬਹੁਤ ਉੱਨਤੀ ਕੀਤੀ ਹੈ। ਪੰਜਾਬੀ ਏਸ ਮੈਦਾਨ ਵਿਚ ਪਿਛੇ ਨਹੀਂ ਰਹੀ। ਕੀ ਨਾਟਕ, ਕੀ ਨਾਵਲ, ਕੀ ਕਹਾਣੀ, ਤੇ ਕੀ ਨਿਬੰਧ ਰਚਨਾ ਸਭ ਪਾਸੇ ਹੀ ਇਸ ਨੇ ਠੋਸ ਨਿੱਗਰ ਸਾਹਿਤ ਦਾ ਨਿਰਮਾਣ ਕੀਤਾ ਹੈ। ਇਹ ਇਸ ਦੇ ਅਮੀਰ ਸ਼ਬਦ-ਭੰਡਾਰ ਦੀ ਹੀ ਬਰਕਤ ਹੈ ਕਿ ਇਸ ਨੂੰ ਕਦੇ ਕਿਤੇ ਕੋਈ ਤੋਟ ਨਹੀਂ ਮਹਿਸੂਸ ਹੋਈ। ਜੇ ਕੋਈ ਅਜੇਹਾ ਮੌਕਾ ਆਇਆ ਤਾਂ ਇਸ ਨੇ ਅਪਣੇ ਤਕੜੇ ਹਾਜ਼ਮੇ ਅਨੁਸਾਰ ਸੰਸਕ੍ਰਿਤ, ਅਰਬੀ, ਫਾਰਸੀ ਤੇ ਅੰਗਰੇਜ਼ੀ ਸ਼ਬਦਾਵਲੀ ਨੂੰ ਮਨ ਮਰਜ਼ੀ ਅਨੁਸਾਰ ਲੈ ਕੇ ਆਪਣਾ ਕੰਮ ਪੂਰਾ ਕਰ ਲਿਆ ਹੈ। ਇਸੇ ਲਈ ਸਰ ਜਾਰਜ ਗ੍ਰੀਅਰਸਨ ਨੇ ਠੀਕ ਹੀ ਕਿਹਾ ਹੈ, 'ਪੰਜਾਬੀ ਕਿਸੇ ਵੀ ਵੀਚਾਰ ਨੂੰ ਆਪਣੇ ਬੋਲ-ਭੰਡਾਰ ਰਾਹੀਂ ਪ੍ਰਗਟ ਕਰ ਸਕਦੀ ਹੈ ਅਤੇ ਇਹ ਕਵਿਤਾ ਅਤੇ ਵਾਰਤਕ ਦੋਹਾਂ ਲਈ ਚੁਕਵੀਂ ਹੈ।'‡

ਚੂੰਕਿ ਪੰਜਾਬੀ ਨੂੰ ਹੁਣ ਤਕ ਕਦੀ ਰਾਜ-ਬੋਲੀ ਹੋਣ ਦਾ ਮਾਣ ਨਹੀਂ ਸੀ ਮਿਲਿਆ, ਇਸ ਲਈ ਰਾਜ-ਪ੍ਰਬੰਧਕ ਸ਼ਬਦਾਵਲੀ ਦੀ ਘਾਟ ਹੋਣਾ ਕੁਦਰਤੀ ਗੱਲ ਸੀ। ਇਸੇ ਤਰ੍ਹਾਂ ਨਵੀਂ ਵਿਗਿਆਨਕ ਸ਼ਬਦਾਵਲੀ ਦੀ ਤਾਂ ਸਾਰੀਆਂ ਭਾਰਤੀ ਬੋਲੀਆਂ ਵਿਚ ਹੀ ਅਣਹੋਂਦ ਹੈ ਕਿਉਂਕਿ ਇਹ ਸਾਦੀ ਖੋਜਾਂ ਦਾ ਸਾਹਿਤ ਪੱਛਮ ਵਲੋਂ ਆਇਆ। ਹੁਣ ਜਦੋਂ ਕਿ ਪੰਜਾਬੀ ਨੂੰ ਰਜਸੀ ਤੌਰ

‡'Punjabi can express any idea with its own stock of vocables and is well adopted for both prose & poetry.'

[ਗ੍ਰੀਅਰਸਨ, ਪੰਨਾ 617]

ਤੇ ਮਾਨਤਾ ਮਿਲੀ ਹੈ ਤਾਂ ਇਸ ਨੇ ਥੋੜੇ ਸਮੇਂ ਵਿਚ ਇਹ ਉਪਰੋਕਤ ਘਾਟੇ ਕਾਫ਼ੀ ਹੱਦ ਤਕ ਪੂਰੇ ਕਰ ਲਏ ਹਨ ।

ਜਿਥੇ ਤਕ ਹੋਰ ਜ਼ਬਾਨਾਂ ਵਿਚੋਂ ਉਲਥਿਆਂ ਦਾ ਸਵਾਲ ਹੈ, ਪੰਜਾਬੀ ਵਿਚ ਅਨੇਕਾਂ ਸੰਸਕ੍ਰਿਤ, ਫਾਰਸੀ ਤੇ ਅੰਗਰੇਜ਼ੀ ਪੁਸਤਕਾਂ ਦੇ ਸਫਲ ਅਨੁਵਾਦ ਮਿਲਦੇ ਹਨ ।

ਜਿਵੇਂ ਮਹਾਂ ਭਾਰਤ, ਰਾਮਾਇਣ, ਯੋਗਵਸ਼ਿਸਠ ਕਾਲੀਦਾਸ ਦੇ ਨਾਟਕ, ਭਰਤਰੀ ਹਰੀਸ਼ਤਕ; ਗੁਲਿਸਤਾਂ (ਅਮਰ ਗੁਟਕਾ) ਕੀਮੀਆਇ ਸਆਦਤ (ਪਾਰਸ ਭਾਗ), ਰੁਬਾਇਆਤਿ ਉਮਰ ਖਿਆਮ, ਮਸਨਵੀ ਮੌਲਾਨਾ ਰੂਮ, ਦੀਵਾਨ ਹਾਫਜ਼, ਹਾਜੀ ਬਾਬਾ, ਕੁਰਾਨ ਸ਼ਰੀਫ, ਬਾਇਬਲ, ਲਾਇਟ ਆਫ ਏਸ਼ੀਆ, ਗੀਤਾਂਜਲੀ, ਮੁਸੱਦਸ ਹਾਲੀ ਤੇ ਇਸੇ ਤਰ੍ਹਾਂ ਹੋਰ ਸ਼ੈਕਸਪੀਅਰ, ਮਿਲਟੇ, ਬਰਨਾਰਡ ਸ਼ਾਅ, ਟੈਗੋਰ, ਟਾਲਸਟਇ, ਵਿਕਟਰ ਹਿਊਗੋ, ਡਿਕਨਜ਼, ਹਾਰਡੀ ਵਗੈਰਾ ਦੀਆਂ ਕਈ ਪਰਸਿਧ ਰਚਨਾਵਾਂ ਦੇ ਤਰਜਮੇ । ਇਹ ਉਲਥੇ ਇਸ ਗੱਲ ਦਾ ਸਬੂਤ ਹਨ ਕਿ ਪੰਜਾਬੀ ਉਚੇ ਤੋਂ ਉਚੇ ਬਿਦੇਸ਼ੀ ਸਾਹਿਤ ਨੂੰ ਅਪਣੇ ਰਾਹੀਂ ਪਰਗਟ ਕਰਨ ਲਈ ਸਮਰੱਥ ਹੈ ।

ਇਹ ਠੀਕ ਹੈ ਕਿ ਲੋੜ ਪੈਣ ਤੇ ਪੰਜਾਬੀ ਨੇ ਸੰਸਕ੍ਰਿਤ, ਫਾਰਸੀ ਤੇ ਅੰਗਰੇਜ਼ੀ ਆਦਿ ਤੋਂ ਸ਼ਬਦ ਲੈਣੋਂ ਸੰਕੋਚ ਨਹੀਂ ਕੀਤਾ ਅਤੇ ਨਾ ਹੀ ਬਿਗਾਨੇ ਸ਼ਬਦ-ਭੰਡਾਰ ਦੇ ਦਾਬੇ ਹੇਠ ਆ ਕੇ ਆਪਣੀ ਹਸਤੀ ਨੂੰ ਹੀ ਮਾਰਿਆ ਹੈ ।

ਸਗੋਂ ਇਹ ਤਾਂ ਖੂਬੀ ਦੀ ਗੱਲ ਹੈ ਕਿ ਆਰੀਆ ਪਰਿਵਾਰ ਦੀਆਂ ਸਭ ਤੋਂ ਵਧ ਸ਼ਾਨ ਮਾਨ ਰਖਣ ਵਾਲੀਆਂ ਜ਼ਬਾਨਾਂ ਨਾਲ ਸਬੰਧ ਜੋੜ ਕੇ ਪੰਜਾਬੀ ਨੇ ਆਪਣੇ ਰੁਤਬੇ ਨੂੰ ਉਚਿਆਂ ਕੀਤਾ ਤੇ ਆਪਣੇ ਆਪ ਨੂੰ ਅਮੀਰ ਤੇ ਬਲਵਾਨ ਬਣਾਇਆ ਹੈ । ਵਡਿਆਂ ਨਾਲ ਸਬੰਧ ਜੋੜਨਾ ਤੇ ਫਿਰ ਪਰਾਧੀਨਤਾ ਨੂੰ ਕਬੂਲ ਕੇ ਆਪਣੀ ਸੁਤੰਤਰਤਾ ਕਾਇਮ ਰਖਣੀ ਇਕ ਵਿਸ਼ੇਸ਼ ਗੱਲ ਹੈ । ਪੰਜਾਬੀ ਦਾ ਇਹ ਆਚਰਣ ਸਚਮੁਚ ਨਮਸ਼ਕਾਰ ਯੋਗ ਹੈ ।

ਪੰਜਾਬੀ ਤੇ ਹੋਰ ਬੋਲੀਆਂ

ਬੋਲੀ ਸਮਾਜੀ ਵਸਤੂ ਹੋਣ ਕਾਰਣ ਕਦੀ ਵੀ ਨਿਰੋਲਤਾ ਦਾ ਦਾਅਵਾ ਨਹੀਂ ਕਰ ਸ਼ਕਦੀ। ਦੋ ਅੱਡ ਅੱਡ ਜ਼ਬਾਨਾਂ ਵਰਤਣ ਵਾਲਿਆਂ ਦੇ ਮੇਲ ਨਾਲ ਦੋਹਾਂ ਜ਼ਬਾਨਾਂ ਉਤੇ ਪ੍ਰਭਾਵ ਪੈਣੇ ਇਕ ਕੁਦਰਤੀ ਤੇ ਜ਼ਰੂਰੀ ਗੱਲ ਹੈ। ਕਈ ਭਾਸ਼ਾ-ਵਿਗਿਆਨੀ ਤਾਂ ਇਸ ਰਾਇ ਦੇ ਹਨ ਕਿ ਕੋਈ ਵੀ ਜ਼ਬਾਨ ਪੂਰੀ ਨਿਰੋਲ ਨਹੀਂ, ਸਭ ਬੇਰੜਾ ਹਨ, ਕੋਈ ਵਧ ਕੋਈ ਘਟ।‡

ਖਾਸ ਕਰਕੇ ਹਾਕਮ ਕੌਮਾਂ ਦੀਆਂ ਜ਼ਬਾਨਾਂ ਦਾ ਅਧੀਨ ਕੌਮਾਂ ਉਤੇ ਬਹੁਤਾ ਪ੍ਰਭਾਵ ਪੈਂਦਾ ਹੈ। ਪਹਿਲੇ ਪਹਿਲ ਲੋਕ ਕਬੀਲਿਆਂ ਵਿਚ ਵੰਡੇ ਹੋਏ ਸਨ, ਹਰ ਕਬੀਲੇ ਨੇ ਆਪਣੀ ਲੋੜ ਤੇ ਲਿਆਕਤ ਅਨੁਸਾਰ ਵੱਖਰਾ ਵੱਖਰਾ ਸ਼ਬਦ-ਭੰਡਾਰ ਬਣਾ ਰਖਿਆ ਸੀ। ਜਦੋਂ ਕਿਸੇ ਤਾਕਤਵਰ ਕਬੀਲੇ ਨੇ ਦੂਜਿਆਂ ਨੂੰ ਆਪਣੇ ਹੇਠ ਕਰ ਲਿਆ ਤਾਂ ਉਸ ਬਲੀ ਕਬੀਲੇ ਦੀ ਬੋਲੀ ਵੀ ਵਿਜਈ ਹੋ ਕੇ ਦੂਜੀਆਂ ਬੋਲੀਆਂ ਉਤੇ ਛਾਈ। ਇਸੇ ਤਰ੍ਹਾਂ ਬਲਵਾਨ ਤੇ ਜੇਤੂ ਕੌਮਾਂ ਜਾਂ ਦੇਸ਼ਾਂ ਦੀਆਂ ਬੋਲੀਆਂ ਨੇ ਦੁਨੀਆਂ ਦੀਆਂ ਬੋਲੀਆਂ ਨੂੰ ਸਮੇਂ ਸਮੇਂ ਪ੍ਰਭਾਵਤ ਕੀਤਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਹਾਕਮ ਜ਼ਬਾਨਾਂ ਉਤੇ ਮਹਿਕੂਮ ਬੋਲੀਆਂ ਦਾ ਵੀ ਅਸਰ ਜ਼ਰੂਰ ਹੋਇਆ ਪਰ ਬਹੁਤ ਘੱਟ। ਅਜ ਵੀ ਇਕੋ ਦੇਸ਼ ਦੀ ਉਤਲੀ ਤੇ ਹੇਠਲੀ ਸ਼੍ਰੇਣੀ ਦੀ ਬੋਲੀ ਅੱਡ ਅੱਡ ਹੈ, ਹੇਠਲੀ ਸ਼੍ਰੇਣੀ ਵਾਲੇ ਉਤਲੀ ਦਾ ਵਧੇਰੇ ਅਸਰ ਕਬੂਲ ਕਰਦੇ ਹਨ ਭਾਵੇਂ ਉਹ ਥੋੜ੍ਹਾ ਬਾਹਲਾ ਉਸ ਨੂੰ ਬਦਲ ਵੀ ਲੈਂਦੇ ਹਨ ਪਰ ਨਿਚਲੀ ਸ਼੍ਰੇਣੀ ਦਾ ਉਤਲਿਆਂ ਉਤੇ ਅਸਰ ਨਹੀਂ-ਮਾਤਰ ਹੁੰਦਾ ਹੈ।

ਇਸ ਰਾਜਨੀਤਕ ਪ੍ਰਭਾਵ ਤੋਂ ਇਲਾਵਾ ਮਜ਼ਬੂਰੀ ਤੇ ਸਾਹਿਤਕ ਚੜ੍ਹਤ ਵੀ ਬੋਲੀਆਂ ਦੇ ਸ਼ਬਦ-ਭੰਡਾਰਾਂ ਨੂੰ ਪ੍ਰਭਾਵਤ ਕਰਦੀ ਹੈ। ਅਰਬਾਂ ਨੇ ਹਿੰਦ ਉਤੇ ਕਦੀ ਰਾਜ ਨਹੀਂ ਕੀਤਾ ਪਰ ਚੂੰਕਿ ਅਰਬੀ ਇਸਲਾਮ ਦੀ ਮਜ਼ਬੂਰੀ ਜ਼ਬਾਨ ਹੈ, ਇਸ ਲਈ ਸੈਂਕੜੇ ਅਰਬੀ ਸ਼ਬਦ ਇਸਲਾਮੀ ਪ੍ਰਭਾਵ ਨਾਲ ਹਿੰਦ ਦੀਆਂ ਬੋਲੀਆਂ ਵਿਚ ਆ ਗਏ ਹਨ, ਬਹੁਤੇ ਫਾਰਸੀ ਰਾਹੀਂ, ਕੁਝ ਸਿਧੇ। ਹੁਣ ਵੀ ਇਹ ਗੱਲ ਵੇਖੀ ਜਾ ਸਕਦੀ ਹੈ, ਹਿੰਦੀ ਉਤੇ ਹਿੰਦੂ ਸ਼ਬਦਾਵਲੀ ਤੇ ਉਰਦੂ ਉਤੇ ਮੁਸਲਮਾਨੀ ਲਫਜ਼ਮਾਲਾ ਦਾ ਜ਼ੋਰ ਹੈ, ਇਸੇ ਤਰ੍ਹਾਂ ਪੰਜਾਬੀ ਉਤੇ ਸਿਖ ਸ਼ਬਦਮਾਲਾ ਦਾ। ਇਵੇਂ ਜਿਵੇਂ ਸਾਹਿਤਕ ਪ੍ਰਭਾਵ ਵੀ ਘੱਟ ਨਹੀਂ ਗੁਜ਼ਾਰਦਾ। ਭਾਵੇਂ ਹਿੰਦ ਵਿਚ ਫਾਰਸੀ ਤੇ ਅੰਗਰੇਜ਼ੀ ਸ਼ਬਦਾਵਲੀ ਰਾਜਸੀ ਜ਼ੋਰ ਨਾਲ ਫੈਲੀ ਹੈ ਪਰ ਇਸ ਵਿਚ ਫਾਰਸੀ ਤੇ ਅੰਗਰੇਜ਼ੀ ਸਾਹਿਤ ਦਾ ਵੀ ਡਾਢਾ ਹੱਥ ਹੈ।

ਵਪਾਰਕ ਸਾਂਝ ਇਕ ਹੋਰ ਵਡਾ ਦਰਵਾਜ਼ਾ ਹੈ, ਜਿਸ ਥਾਣੀਂ ਲਫਜ਼ਾਂ ਦਾ ਉਧਾਰ ਸੁਧਾਰ ਵੀ ਚਲਦਾ ਰਹਿੰਦਾ ਹੈ। ਜਿਵੇਂ ਵਪਾਰੀ ਦੂਰ ਦੇਸ ਦੇਸਾਂਤਰੀਂ ਜਾਂ ਮਾਲ ਦਾ ਲੈਣ ਦੇਣ ਕਰਦੇ

‡J. V., P. 281

ਰਹਿੰਦੇ ਹਨ, ਤਿਵੇਂ ਉਨ੍ਹਾਂ ਦੀ ਬੋਲੀ ਵੀ ਕੁਝ ਉਥੇ ਛਡ ਆਉਂਦੀ ਹੈ ਤੇ ਕੁਝ ਉਥੋਂ ਲੈ ਆਉਂਦੀ ਹੈ। ਹੁਣ ਜਦੋਂ ਕਿ ਮਨੁੱਖੀ ਆਵਾਜਾਈ ਦੇ ਸਾਧਨਾਂ ਵਿਚ ਦਿਨ ਬਦਿਨ ਢੇਰ ਤਰੱਕੀ ਹੋ ਰਹੀ ਹੈ, ਤਾਂ ਬੋਲੀਆਂ ਦੇ ਸ਼ਬਦ-ਭੰਡਾਰਾਂ ਵਿਚ ਵੀ ਇਹ ਕੌਮਾਂਤਰੀ ਮੇਲ-ਜੋਲ ਬਹੁਤ ਵਾਧਾ ਕਰ ਰਿਹਾ ਹੈ। ਇਸ ਵਿਚ ਸ਼ੱਕ ਨਹੀਂ ਕਿ ਇਸ ਹੜ੍ਹ ਵਿਚ ਕਈ ਬੋਲੀਆਂ ਦੇ ਕਿਤਨੇ ਸ਼ਬਦਾਂ ਦੀ ਮੌਤ ਵੀ ਹੋ ਗਈ ਹੈ।

ਇਸ ਉਸਾਰੂ ਜਾਂ ਮਾਰੂ ਉਪਰੋ ਪ੍ਰਭਾਵ ਤੋਂ ਕੇਵਲ ਪਹਾੜੀ ਗੁੱਠਾਂ ਵਿਚ ਵਸਦੀਆਂ ਬੋਲੀਆਂ ਹੀ ਥੋੜ੍ਹਾ ਬਹੁਤਾ ਬਚੀਆਂ ਹਨ, ਮੈਦਾਨੀ ਬੋਲੀ ਕੋਈ ਨਿਰੰਜਨ ਜਾਂ ਨਿਰਲੇਪ ਨਹੀਂ ਰਹਿ ਸਕੀ। ਇਸ ਨੂੰ ਕੋਈ ਗ਼ੈਰ ਕੁਦਰਤੀ ਘਟਨਾ ਵੀ ਨਹੀਂ ਸਮਝਣਾ ਚਾਹੀਦਾ। ਇਕ ਦੂਜੇ ਉਤੇ ਭਾਸ਼ਾਈ ਪ੍ਰਭਾਵ ਪੈਣਾ ਸਮਾਜੀ ਜੀਵਨ ਦਾ ਇਕ ਕੁਦਰਤੀ ਤੇ ਜ਼ਰੂਰੀ ਅੰਗ ਜੋ ਹੋਇਆ।

ਜੀਉਂਦੀ-ਜਾਗਦੀ ਤੇ ਚੰਗੀ ਸਿਹਤਮੰਦ, ਨਰੋਏ ਹਾਜ਼ਮੇ ਵਾਲੀ ਬੋਲੀ ਦਾ ਇਹ ਗੁਣ ਹੈ ਕਿ ਉਹ ਲੋੜ ਅਨੁਸਾਰ ਆਲੇ ਦੁਆਲੇ ਦੀਆਂ ਬੋਲੀਆਂ ਦੇ ਸ਼ਬਦ ਚੱਬ ਚਿੱਥ ਕੇ ਤੇ ਹਜ਼ਮ ਕਰਕੇ ਆਪਣੇ ਸਰੀਰ ਨੂੰ ਹੋਰ ਪੁਸ਼ਟ ਕਰਦੀ ਹੈ। ਲੋੜ ਤੋਂ ਵੱਧ ਖਾ ਜਾਣ ਵਾਲੀ ਜਾਂ ਬਿਨਾਂ ਚਿਥੇ ਚੱਬੇ ਸਾਬਤੀਆਂ ਚੀਜ਼ਾਂ ਨਘਾਰ ਜਾਣ ਵਾਲੀ ਬੋਲੀ ਬਦਹਜ਼ਮੀ ਦਾ ਸ਼ਿਕਾਰ ਹੋ ਕੇ ਬੀਮਾਰ ਹੁੰਦੀ ਤੇ ਲਿੰਮੀ ਪੈ ਜਾਂਦੀ ਹੈ। ਇਸ ਲਈ ਜਿਥੇ ਲਫ਼ਜ਼ੀ ਖੁਰਾਕ ਖਾਣੀ, ਬੋਲੀ ਦੀ ਅਰੋਗਤਾ ਦਾ ਚਿੰਨ੍ਹ ਹੈ, ਉਥੇ ਖੁਰਾਕ ਦੀ ਸੰਜਮ ਨਾਲ ਵਰਤੋਂ ਕਰਨੀ ਵੀ ਇਕ ਨਿਹਾਇਤ ਜ਼ਰੂਰੀ ਗੱਲ ਹੈ। ਪੰਜਾਬੀ ਦਾ ਹਾਜ਼ਮਾ ਤੇਜ਼ ਹੈ, ਇਸ ਨੇ ਹਰ ਬੋਲੀਆਂ—ਸੰਸਕ੍ਰਿਤ, ਤੁਰਕੀ, ਅਰਬੀ, ਫਾਰਸੀ ਤੇ ਯੂਰਪੀਨ ਜ਼ਬਾਨਾਂ ਦੇ ਕਿਤਨੇ ਹੀ ਸ਼ਬਦ ਅਪਣਾ ਕੇ ਆਪਣੇ ਜੁੱਸੇ ਨੂੰ ਬਲਵਾਨ ਕੀਤਾ ਹੈ ‡ ਤਤਸਮ ਰੂਪ ਵਿਚ ਘੱਟ ਤੇ ਤਦਭਵ ਰੂਪ ਵਿਚ ਜ਼ਿਆਦਾ। ਦੂਜੀ ਬੋਲੀ ਦਾ ਉਸੇ ਰੂਪ ਵਿਚ ਗ੍ਰਹਿਣ ਕੀਤਾ ਸ਼ਬਦ 'ਤਤਸਮ' ਕਹਲਾਉਂਦਾ ਹੈ ਤੇ ਆਪਣੇ ਰੰਗ ਢੰਗ ਨਾਲ ਢਾਲਿਆ 'ਤਦਭਵ'। ਵਾਹ ਲਗਦੀ ਪੰਜਾਬੀ, ਬਿਦੇਸ਼ੀ ਸ਼ਬਦ ਨੂੰ ਤਤਸਮ ਰੂਪ ਵਿਚ ਰਖ ਕੇ ਰਾਜ਼ੀ ਨਹੀਂ, ਫੇਰਨ ਪੰਜਾਬੀ ਕਪੜੇ ਪੁਆ ਦੇਂਦੀ ਹੈ। ਸੰਸਕ੍ਰਿਤ—ਗੁੰਬੀ ਦਾ ਗੱਠ, ਹ੍ਰਿਦਯ ਦਾ ਹੀਆ, ਸੁਆਮੀ ਦਾ ਸਾਈਂ, ਵਤਸ ਦਾ ਬੱਚੂ, ਫਾਰਸੀ—ਅਰਜ਼-ਦਾਸਤ ਦਾ ਅਰਦਾਸ ਪੈਦਾਇਸ਼ ਦਾ ਪਦੈਸ਼, ਅਸਤਬਲ ਦਾ ਤਬੇਲਾ, ਅੰਗਰੇਜ਼ੀ—ਬੈਂਕ ਦਾ ਬੰਕ, ਸੈਕ੍ਰੇਟੇਰੀ ਦਾ ਸਕੱਤਰ ਤੇ ਲਾਰਡ ਦਾ ਲਾਟ ਬਣਾਉਣਾ ਇਸੇ ਦਾ ਕੰਮ ਹੈ। ਫਿਰ ਇਹ ਵੀ ਜ਼ਰੂਰੀ ਨਹੀਂ ਕਿ ਇਹ ਉਧਾਰ ਲਏ ਸ਼ਬਦ ਨੂੰ ਉਸੇ ਅਰਥਾਂ ਵਿਚ ਵਰਤੇ, ਲੋੜ ਅਨੁਸਾਰ ਨਵੇਂ ਅਰਥ ਵੀ ਢੋ ਦਿਤੇ ਜਾਂਦੇ ਹਨ। ਇਉਂ ਜੋ ਬੋਲੀ ਅੰਦਰ ਤੇ ਬਾਹਰ ਦੇ ਢਾਂਚੇ ਨੂੰ ਨਿਤ ਨਵਾਂ ਰੂਪ ਦੇਣ ਲਈ ਸਮਰੱਥ ਹੈ, ਉਹ ਕਦੀ ਪੁਰਾਣੀ ਨਹੀਂ ਹੁੰਦੀ ਤੇ ਨਾ ਮਰਦੀ ਹੈ।

ਇਸ ਦਾ ਅਰਥ ਇਹ ਨਹੀਂ ਕਿ ਪੰਜਾਬੀ ਵਿਚ ਤਤਸਮ ਸ਼ਬਦ ਹੈ ਨਹੀਂ ਜਾਂ ਵਰਤਣੇ ਠੀਕ ਨਹੀਂ। ਸਹੀ ਗੱਲ ਤਾਂ ਇਹ ਹੈ ਕਿ ਆਪਣੀ ਬੋਲੀ ਵਿਚ ਸ਼ਬਦ ਨ ਮਿਲਣ ਦੀ ਮਜਬੂਰੀ ਸਮੇਂ ਹੀ 'ਤਤਸਮ' ਦਾ ਕਰਜ਼ਾ ਚੁਕਣਾ ਚਾਹੀਦਾ ਹੈ, ਨਹੀਂ ਤਾਂ ਵਾਧੂ ਕਰਜ਼ੇ ਦਾ ਬੋਝ

---

‡ਜੇਕਰ ਫੋਲਣੇ ਫੋਲੇ ਜਾਣ ਤਾਂ ਯੂਨਾਨੀ, ਅਰਬੀ, ਤੁਰਕੀ, ਈਰਾਨੀ, ਆਦਿ ਵਿਚ ਵੀ ਕਿਤਨੇ ਹੀ ਹਿੰਦੁਸਤਾਨੀ ਸ਼ਬਦ ਮਿਲਣਗੇ, ਜੋ ਪੰਜਾਬ ਦੀ ਬੋਲੀ ਰਾਹੀਂ ਉਧਰ ਗਏ। ਇਸ ਬਾਰੇ 'ਸਿੰਧ ਭਾਰਤੀ' ਵਿਚ ਡਾ: ਸੁਨੀਤੀ ਕੁਮਾਰ ਚੈਟਰਜੀ ਦਾ ਲੇਖ (Foreigners and Indian names) ਧਿਆਨ ਜੋਗ ਹੈ।

ਲੱਦਣਾ ਬੋਲੀ ਨੂੰ ਮਾਰਨ ਦੇ ਬਰਾਬਰ ਹੈ। ਜੇ ਸੰਸਕ੍ਰਿਤ ਸ਼ਬਦ ਹਸਤ ਦਾ ਹੱਥ ਤੇ ਕਰਮ ਦਾ ਕੰਮ ਹੋ ਕੇ ਪੰਜਾਬੀ ਦਾ ਤਦਭਵ ਰੂਪ ਬਣ ਗਿਆ; ਫਿਰ ਇਨ੍ਹਾਂ ਦੀ ਥਾਂ ਹਸਤ ਤੇ ਕਰਮ ਦੀ ਵਰਤੋਂ ਕਰਨੀ ਮੂਲ ਵਾਜਬ ਨਹੀਂ। ਇਸੇ ਤਰ੍ਹਾਂ ਅੰਗਰੇਜ਼ੀ 'ਰੀਪੋਰਟ' ਦਾ ਜੇ ਪੰਜਾਬੀ ਪਾਹੁਲ ਨਾਲ 'ਰਪੋਟ' ਬਣ ਗਿਆ, ਤਾਂ ਫਿਰ ਤਤਸਮ ਵਰਤਣ ਦਾ ਕੀ ਲਾਭ। ਅਜ ਕੱਲ ਹਿੰਦੀ ਵਾਲੇ ਬਹੁਤੇ ਸੰਸਕ੍ਰਿਤ ਤਤਸਮ ਅਪਣਾ ਕੇ ਤੇ ਉਰਦੂ ਵਾਲੇ ਫਾਰਸੀ ਦਾ ਲੱਦ ਲੱਦ ਕੇ ਹਿੰਦੀ ਉਰਦੂ ਦਾ ਗਲਾ ਘੁਟ ਰਹੇ ਹਨ ਜੋ ਕਿ ਬੋਲੀ ਦੇ ਕੁਦਰਤੀ ਨੇਮਾਂ ਤੇ ਲੱਕ-ਜੀਵਨ ਦੇ ਵਿਰੁਧ ਹੈ। ਕੰਨ ਨੂੰ ਸ੍ਰਵਣ ਇੰਦ੍ਰਜ, ਘਰ ਨੂੰ ਗ੍ਰਿਹ, ਸੱਚ ਨੂੰ ਸਤਜ, ਰਾਤ ਨੂੰ ਰਾਤ੍ਰੀ, ਅੱਗ ਨੂੰ ਅਗਨੀ, ਪਹਿਲਾਂ ਨੂੰ ਪ੍ਰਿਥਮ, ਅਛੂਤ ਨੂੰ ਅਸਪ੍ਰਿਸ਼ਜ, ਕਹਿਣਾ ਗ਼ੈਰ ਕੁਦਰਤੀ ਹੈ। ਬੋਲੀ ਦਾ ਪ੍ਰਵਾਹ ਕਦੀ ਪਿਛਾਂਹ ਨੂੰ ਨਹੀਂ ਮੋੜਿਆ ਜਾ ਸਕਦਾ। ਸ਼ਬਦ ਸਦਾ ਆਪਣੇ ਆਪ ਨੂੰ ਸਰਲ ਕਰਦਾ ਕਰਦਾ ਲੋਕਾਂ ਦੇ ਨਾਲ ਨਾਲ ਤੁਰਦਾ ਹੈ; ਪੈਰਾਂ ਨਾਲ ਪਥਰ ਬੰਨ੍ਹ ਕੇ ਤਾਂ ਨਹੀਂ ਨ ਭੱਜਿਆ ਜਾ ਸਕਦਾ। ਇਸ ਲਈ ਬੋਲੀ ਦਾ ਸਰਲ ਤੇ ਸੁਭਾਵਕ ਹੋਣਾ ਇਕ ਜ਼ਰੂਰੀ ਗੁਣ ਹੈ, ਜਿਸ ਨੂੰ ਕਿਸੇ ਕੀਮਤ ਤੇ ਤਿਆਗਣਾ ਠੀਕ ਨਹੀਂ। ਡਾ: ਟੈਗਰਟ ਦਾ ਕਥਨ ਹੈ, ਵਧੀਆ ਸ਼ਬਦ ਉਹ ਹੈ ਜੋ ਸੌਖਾ ਬੋਲਿਆ ਤੇ ਸੌਖਿਆਂ ਹੀ ਸਮਝਿਆ ਜਾਵੇ। ਇਹੋ ਗੱਲ ਕਿਸੇ ਕਵੀ ਨੇ ਆਖੀ ਹੈ—

'ਬਾਗ ਬਗੀਚਾ ਸੋ ਭਲਾ, ਜੋ ਸਭ ਦਾ ਸਾਂਝਾ ਹੋਇ
ਬਾਣੀ ਤਿਸ ਦੀ ਹੈ ਭਲੀ ਜਿਸ ਸਮਝੇ ਸਭ ਕੋਇ।'

ਸੋ ਕੁਦਰਤੀ ਸਰਲ ਬੋਲੀ ਦੀ ਵਰਤੋਂ ਕਰ ਕੇ ਸਾਹਿਤ ਨੂੰ ਸਾਰਿਆਂ ਦੀ ਸਮਝ ਜੋਗ ਬਣਾਉਣਾ ਇਕ ਭਲਾ ਕੰਮ ਹੈ, ਇਸ ਤੋਂ ਉਲਟ ਕਰਨਾ ਸਚਮੁਚ ਪਾਪ। ਲੋੜ ਅਨੁਸਾਰ ਤਤਸਮ ਦਾ ਉਧਾਰ ਲੈਣਾ ਮਾੜਾ ਨਹੀਂ, ਹੁੰਦਿਆਂ ਸੁੰਦਿਆਂ ਹਥ ਟੱਡਣਾ ਭੈੜੀ ਗੱਲ ਹੈ। ਹਿੰਦੁਸਤਾਨੀ ਵਿਚ 50 ਫੀ ਸਦੀ ਸੰਸਕ੍ਰਿਤ, ਫਾਰਸੀ ਸ਼ਬਦ, ਅੰਗਰੇਜ਼ੀ ਵਿਚ 60 ਫੀ ਸਦੀ ਲਾਤੀਨੀ, ਯੂਨਾਨੀ, ਫਰਾਂਸੀਸੀ ਪਦ, ਤ ਫਾਰਸੀ ਵਿਚ 60 ਫੀ ਸਦੀ ਅਰਬੀ ਲਫਜ਼ ਹਨ।‡ ਪਰ ਇਨ੍ਹਾਂ ਬੋਲੀਆਂ ਆਪਣੀ ਮੌਲਕਿਤਾ ਮਰਨ ਨਹੀਂ ਦਿਤੀ ਸਗੋਂ ਤਤਸਮ ਘਟ ਤੇ ਤਦਭਵ ਜ਼ਿਆਦਾ ਵਰਤ ਕੇ ਆਪਣੀ ਹੋਂਦੀ ਨੂੰ ਉਚਾ ਰਖਿਆ ਹੈ।

ਫਾਰਸੀ ਵਿਚ ਅਰਬੀ ਦੇ ਲਫਜ਼ 70 ਫੀ ਸਦੀ ਤੋਂ ਵਧ ਹੋ ਗਏ ਸਨ। 1935 ਵਿਚ 'ਈਰਾਨੀ ਮਜਲਸ' ਨੇ ਜ਼ਰੂਰੀ ਸ਼ਬਦ ਰਖ ਕੇ ਬਾਕੀ ਸਭ ਛਾਂਟ ਦਿਤੇ। ਹੁਣ ਈਰਾਨ ਦੇ ਵੀਚਾਰਵਾਨਾਂ ਦੀ ਆਮ ਕੋਸ਼ਸ਼ ਇਹ ਹੈ ਕਿ ਕਿ 'ਈਰਾਨੀ ਮਜਲਸ' ਵਲੋਂ ਤਿਆਰ ਕਰਾਈ ਡਿਕਸ਼ਨਰੀ ਵਾਲੇ ਸ਼ਬਦ ਹੀ ਵਰਤੇ ਜਾਣ ਤਾਂ ਕਿ ਅਰਬੀ ਦੇ ਅਫਾਰੇ ਤੋਂ ਮੁਲਕ ਦੀ ਜ਼ਬਾਨ ਨੂੰ ਬਚਾਇਆ ਜਾ ਸਕੇ। ਇਹ ਗੱਲ ਸਿਖਿਆ ਲੈਣ ਯੋਗ ਹੈ, ਅਸਾਨੂੰ ਵੀ ਸੰਸਕ੍ਰਿਤ ਤਤਸਮ ਜਾ ਹੋਰ ਬਿਦੇਸੀ ਬੋਲੀਆਂ ਦੇ ਮਾਰੂ ਪ੍ਰਭਾਵ ਤੋਂ ਆਪਣੀ ਬੋਲੀ ਨੂੰ ਬਚਾਉਣਾ ਠੀਕ ਹੈ ਤਾਂ ਹੀ ਬੋਲੀ ਦੀ ਸੁਤੰਤਰ ਤੇ ਮੌਲਿਕ ਹਸਤੀ ਕਾਇਮ ਰਹਿ ਸਕਦੀ ਹੈ।

ਇਹ ਤਾਂ ਗੱਲ ਸੀ ਅਣਪਚ ਤੇ ਬੇਲੋੜੇ ਪ੍ਰਭਾਵ ਤੋਂ ਬਚਣ ਦੀ।

ਪਰ ਜੇਹਾ ਕਿ ਅਸੀਂ ਉਤੇ ਦੱਸ ਆਏ ਹਾਂ ਕਿ ਇਕ ਦੂਜੀ ਦੇ ਕੁਦਰਤੀ ਪ੍ਰਭਾਵ ਤੋਂ ਤਾਂ ਕੋਈ ਬੋਲੀ ਬਚ ਹੀ ਨਹੀਂ ਸਕੀ। ਹਰ ਇਕ ਉਤੇ ਥੋੜ੍ਹਾ ਬਾਹਲਾ ਅਸਰ ਜ਼ਰੂਰ ਹੈ।

‡Indo Aryan and Hindi, P. 127

ਅਸਲ ਤੌਰ ਤੇ ਰਾਜ-ਬੋਲੀਆਂ ਜਾਂ ਗੁਆਂਢਣ ਜ਼ਬਾਨਾਂ ਹੀ ਦੂਜੀਆਂ ਬੋਲੀਆਂ ਉਤੇ ਆਪਣਾ ਪ੍ਰਭਾਵ ਪਾਉਂਦੀਆਂ ਹਨ ਤੇ ਖੁਦ ਪ੍ਰਭਾਵਤ ਹੁੰਦੀਆਂ ਹਨ । ਹਿੰਦੁਸਤਾਨ ਦੀ ਚਿਰਾਂ ਤੋਂ ਚਲੀ ਆ ਰਹੀ ਰਾਜਧਾਨੀ—ਦਿੱਲੀ, ਪੰਜਾਬੀ ਦੇ ਗੁਆਂਢ ਵਿਚ ਹੋਣ ਕਾਰਣ ਸਮੇਂ ਸਮੇਂ ਵੱਖੋ ਵੱਖ ਰਾਜ-ਬੋਲੀਆਂ ਰਾਹੀਂ ਇਸ ਤੇ ਅਸਰ ਪਾਉਂਦੀ ਰਹੀ ਹੈ । ਦੂਜੇ, ਹਿੰਦ ਉਤੇ ਹੱਲਾ ਕਰ ਕੇ ਬਾਹਰੋਂ ਆਉਣ ਵਾਲੇ ਲੁੱਕਾਂ ਦਾ ਪਹਿਲਾਂ ਸਿੰਧ, ਪੰਜਾਬ ਨਾਲ ਹੀ ਸਿਧਾ ਵਾਹ ਪਿਆ, ਇਸ ਕਰ ਕੇ ਵੀ ਪੰਜਾਬੀ ਨੂੰ ਬਿਦੇਸੀ ਪ੍ਰਭਾਵਾਂ ਦਾ ਵਧੇਰੇ ਸਾਹਮਣਾ ਕਰਨਾ ਪਿਆ ਹੈ । ਮੱਧ ਏਸ਼ੀਆ ਵਿਚੋਂ ਉਠੇ ਸਾਰੇ ਤੂਫ਼ਾਨ ਇਧਰ ਨੂੰ ਹੀ ਚਲਦੇ ਸਨ ਅਤੇ ਹਿੰਦ ਦੇ ਦਰਵਾਜ਼ੇ—ਪੰਜਾਬ ਵਿਚੀਂ ਲੰਘ ਕੇ ਬਾਕੀ ਦੇਸ ਉਤੇ ਛਾਉਂਦੇ ਸਨ ।

ਇਹ ਸਾਰੀਆਂ ਗੱਲਾਂ ਜਿਥੇ ਪੰਜਾਬੀ ਦੀ ਇਤਿਹਾਸਕ ਮਹੱਤਤਾ ਬਣਾਉਂਦੀਆਂ ਹਨ ਉਥੇ ਇਸ ਦੇ ਭਾਸ਼ਾ-ਵਿਗਿਆਨਕ ਅਧਿਐਨ ਕਈ ਇਕ ਗੋਰਖਧੰਦਾ ਵੀ ਖੜਾ ਕਰ ਦਿੰਦੀਆਂ ਹਨ । ਹਿੰਦ ਦੀ ਕੋਈ ਅਜੇਹੀ ਬੋਲੀ ਨਹੀਂ ਜਿਸ ਨੂੰ ਪੰਜਾਬੀ ਵਾਂਙ ਇਤਨੇ ਸੰਗਰਾਮਾਂ ਵਿਚੀਂ ਲੰਘਣਾ ਪਿਆ ਹੋਵੇ । ਪਰ ਇਨ੍ਹਾਂ ਸਾਰੇ ਅਸਰਾਂ ਨੂੰ ਨਿਖੇੜਨਾ ਬਹੁਤ ਮੁਸ਼ਕਲ ਕੰਮ ਹੈ । ਹਿਦ ਵਿਚ ਸੰਸਕ੍ਰਿਤ, ਪਾਲੀ, ਫਾਰਸੀ, ਅੰਗਰੇਜ਼ੀ ਚਾਰ ਰਾਜ-ਬੋਲੀਆਂ ਰਹੀਆਂ ਹਨ, ਤੇ ਅੱਜ ਕੱਲ ਹਿੰਦੀ ਤੇ ਉਰਦੂ ਵੀ ਇਸੇ ਗੱਦੀ ਉਤੇ ਹਨ । ਇਨ੍ਹਾਂ ਮੁਖ ਭਾਸ਼ਾਵਾਂ ਅਤੇ ਇਤਿਹਾਸਕ ਤੌਰ ਤੇ ਸਬੰਧ ਰੱਖਣ ਵਾਲੀਆਂ ਕੁਝ ਹੋਰ ਭਾਸ਼ਾਵਾਂ ਦੇ ਪੰਜਾਬੀ ਉਤੇ ਪ੍ਰਭਾਵ ਦਾ ਸੰਖੇਪ ਜੇਹਾ ਚਰਚਾ ਅਗੇ ਕੀਤਾ ਜਾਂਦਾ ਹੈ ।

1. **ਦ੍ਰਾਵੜੀ ਤੇ ਪੰਜਾਬੀ** – ਵਿਦਵਾਨਾਂ ਦਾ ਵੀਚਾਰ ਹੈ ਕਿ ਹਿੰਦ ਵਿਚ ਆਰੀਆਂ ਦੇ ਆਉਣ ਤੋਂ ਪਹਿਲਾਂ ਇਥੇ ਕੋਲ (ਨਿਖਾਦ, ਦੱਖਣੀ ਜਾਂ ਆਸਟਰਿਕ), ਕਿਰਾਤ (ਚੀਨੀ, ਤਿਬਤੀ ਜਾਂ ਮੰਗੋਲ) ਤੇ ਦ੍ਰਾਵੜ ਤਿੰਨ ਕੌਮਾਂ ਦੀ ਵਸੋਂ ਸੀ । ਇਨ੍ਹਾਂ ਵਿਚੋਂ ਦ੍ਰਾਵੜ ਸ਼ਿਰੋਮਣੀ ਸਨ, ਜਿਨ੍ਹਾਂ ਦੀ ਉਚੀ ਸ਼ਹਿਰੀ ਸਭਿਅਤਾ ਦੇ ਗੜ੍ਹ ਸਿੰਧ ਤੇ ਪੰਜਾਬ ਸਨ । ਇਨ੍ਹਾਂ ਦਾ ਆਰੀਆਂ ਉਤੇ ਡੂੰਘਾ ਪ੍ਰਭਾਵ ਪਿਆ । ਡਾ: ਸੁਨੀਤੀ ਕੁਮਾਰ ਚੈਟਰਜੀ ਲਿਖਦੇ ਹਨ :—

'ਦ੍ਰਾਵੜੀ ਜ਼ਬਾਨ ਸੋਸ਼ਟ ਸਭਿਅਤਾ ਵਾਲੀ ਨਾਗਰਿਕ ਜਾਤੀ ਦੀ ਜ਼ਬਾਨ ਸੀ, ਦ੍ਰਾਵੜਾਂ ਦਾ ਧਰਮ ਮਰਯਾਦਾ-ਪੂਰਣ ਸੀ । ਇਸ ਵਿਚ ਯੋਗ ਦਰਸ਼ਨ ਤੇ ਯੋਗ ਦੇ ਕਰਮਕਾਂਡ ਚਾਲੂ ਸਨ । ਫੁਲ ਪੱਤੇ, ਚੰਦਨ, ਜਲ ਆਦਿ ਨਾਲ ਪੂਜਾ ਕਰਨ ਦੀ ਵਿਧੀ ਇਨ੍ਹਾਂ ਦੀ ਧਾਰਮਿਕ ਰੀਤ ਸੀ । ਸ਼ਿਵ ਪਾਰਬਤੀ, ਵਿਸ਼ਨੂੰ ਲੱਛਮੀ ਆਦਿ ਹਿੰਦੂ ਪੁਰਾਣਕ ਦੇਵਤਿਆਂ ਦੀ ਕਲਪਣਾ ਖਾਸ ਕਰਕੇ ਇਨ੍ਹਾਂ ਦੀ ਹੀ ਦੇਣ ਹੈ । ਨਿਖਾਦ ਜਾਂ ਕੋਲ-ਭਾਸ਼ਾ ਦੇ ਨਾਲ ਨਾਲ ਹੀ ਪ੍ਰਾਚੀਨ ਦ੍ਰਾਵੜ ਭਾਸ਼ਾ ਦਾ ਆਰੀਆ ਭਾਸ਼ਾ ਉਤੇ ਡੂੰਘਾ ਪ੍ਰਭਾਵ ਪਿਆ, ਸੰਸਕ੍ਰਿਤ ਵਿਚ ਸੈਂਕੜੇ ਦ੍ਰਾਵੜ ਤੇ ਆਸਟਰਿਕ ਸ਼ਬਦਾਂ ਨੇ ਬਦਲਵੇਂ ਰੂਪ ਵਿਚ ਆਪਣਾ ਥਾਂ ਬਣਾ ਲਿਆ ।'

[ਰਾਸ਼ਟਰਭਾਸ਼ਾ, ਪੰਨਾ 39]

ਪੰਜਾਬ ਚੂੰਕਿ ਦ੍ਰਾਵੜ ਸਭਿਅਤਾ ਜਾਂ ਦ੍ਰਾਵੜੀ ਜ਼ਬਾਨ ਦਾ ਘਰ ਸੀ, ਇਸ ਲਈ ਮੁਢ ਵਿਚ ਹੀ ਜਦੋਂ ਕਿ ਪੰਜਾਬੀ ਅਜੇ ਜੰਮੀ ਵੀ ਨਹੀਂ ਸੀ, ਸਮੁਚੀ ਆਰੀਆ ਬੋਲੀ ਦ੍ਰਾਵੜੀ ਜ਼ਬਾਨ ਦੇ ਪ੍ਰਭਾਵ ਹੇਠ ਆਈ ਅਤੇ ਭੂਗੋਲਕ ਤੌਰ ਉਤੇ ਪੰਜਾਬ ਦੀ ਆਰੀਆ ਬੋਲੀ ਉਤੇ ਦ੍ਰਾਵੜੀ ਦਾ ਵਿਸ਼ੇਸ਼ ਅਸਰ ਰਹਿਣਾ ਇਕ ਜ਼ਰੂਰੀ ਗੱਲ ਸੀ ਜੋ ਕਿ ਪੰਜਾਬੀ ਨੂੰ ਵਿਰਸੇ ਵਿਚ ਮਿਲਿਆ ।

ਸੋ ਨਾ ਤਾਂ ਪੰਜਾਬੀ ਉਤੇ ਦ੍ਰਾਵੜੀ ਦਾ ਰਾਜ ਰਿਹਾ ਹੈ ਤੇ ਨ ਹੀ ਗੁਆਂਢ । ਅਜ ਦ੍ਰਾਵੜੀ ਦੱਖਣੀ ਹਿੰਦ ਦੇ ਉਸ ਪਾਸੇ ਦੀ ਬੋਲੀ ਹੈ ਤ ਪੰਜਾਬੀ ਉਤਰੀ ਹਿੰਦ ਦੇ ਇਸ ਪਾਸੇ ਦੀ । ਪਰ

ਜੋ ਅਸਰ ਅਜ ਤੋਂ ਚਾਰ ਹਜ਼ਾਰ ਵਰ੍ਹੇ ਪਹਿਲਾਂ ਦ੍ਰਾਵੜੀ ਨੇ ਆਰੀਆ ਬੋਲੀ ਉਤੇ ਪਾਏ, ਉਸ ਦਾ ਸਭ ਤੋਂ ਵਧ ਹਿਸਾ ਪੰਜਾਬ ਦੀ ਬੋਲੀ ਨੂੰ ਮਿਲਿਆ । ਹੁਣ ਵੀ ਪੰਜਾਬੀ ਵਿਚ ਉਨ੍ਹਾਂ ਦਾ ਰੰਗ ਹੋਰਾਂ ਨਾਲੋਂ ਵਧੇਰੇ ਹੈ । ਮਿਸਾਲ ਲਈ ਦ੍ਰਾਵੜੀ ਪ੍ਰਭਾਵ ਦੀਆਂ ਮੋਟੀਆਂ ਮੋਟੀਆਂ ਗੱਲਾਂ ਇਹ ਦੱਸੀਆਂ ਜਾਂਦੀਆਂ ਹਨ :—

(1) ਟ, ਠ, ਡ, ਢ, ਣ, ੜ ਤੇ ਲ਼ਾਲ਼ਾ—ਆਦਿ ਮੂਰਧਨੀ ਅਵਾਜ਼ਾਂ ਦ੍ਰਾਵੜੀ ਜ਼ਬਾਨ ਦੀਆਂ ਹਨ, ਜੋ ਆਰੀਆਂ ਨੇ ਉਨ੍ਹਾਂ ਤੋਂ ਲਈਆਂ । ਈਰਾਨੀ ਆਰੀਆ ਬੋਲੀ ਵਿਚ ਇਨ੍ਹਾਂ ਦਾ ਅਜ ਵੀ ਨਾਂ ਨਿਸ਼ਾਨ ਨਹੀਂ ਮਿਲਦਾ । ਪੰਜਾਬੀ ਵਿਚ ਟਵਰਗੀ ਤੇ ੜ ਵਾਲੇ ਲਫਜ਼ਾਂ ਦੀ ਬਹੁਤ ਭਰਮਾਰ ਹੈ, ਜੋ ਦ੍ਰਾਵੜੀ ਅਸਰ ਦਾ ਸਿਟਾ ਹੈ । ੜ ਤਾਂ ਪੰਜਾਬੀ ਤੋਂ ਸਿਵਾ ਹੋਰ ਕਿਸੇ ਆਰੀਆ ਬੋਲੀ ਦੀ ਧੁਨੀ-ਮਾਲਾ ਵਿਚ ਹੀ ਨਹੀਂ ਮਿਲਦਾ । ਹੋਵੇ ਤਾ, ਜੇ ਕੋਈ ਬੋਲ ਸਕੇ ।

(2) ਗੂੰਬਦੀ ਸ਼ਬਦਾਂ (Echo words) ਦੀ ਵਰਤੋਂ ਕਰਨੀ ਵੀ ਦ੍ਰਾਵੜੀ ਅਸਰ ਦਾ ਸਿਟਾ ਹੈ, ਜਿਵੇਂ ਘੋੜਾ ਘਾੜਾ, ਰੋਟੀ ਰਾਟੀ, ਗਲਾਸ ਗਲੂਸ । ਸ਼ਬਦਾਂ ਨੂੰ ਕਰਮਵਾਚੀ ਅਗੇਤਰ ਪਿਛੇਤਰ ਲਾਉਣ ਦੀ ਰੀਤ ਤੇ ਹੋਰ ਧੁਨੀ-ਬਣਤਰ ਅਤੇ ਵਾਕ-ਬਣਤਰ ਵਿਚਲੀਆਂ ਕਈ ਤਬਦੀਲੀਆਂ ਦ੍ਰਾਵੜੀ ਅਸਰ ਕਰਕੇ ਆਈਆਂ ।‡

ਮਿ: ਕਾਡਵੈਲ, ਗੰਦੂਥ (Gundert) ਤੇ ਪ੍ਰਜ਼ੀਸਲੂਕੀ (Jean Przyluski) ਆਦਿ ਖੋਜੀਆਂ ਬਹੁਤ ਸਾਰੇ ਸ਼ਬਦ ਵੀ ਲੱਭੇ ਹਨ, ਜੋ ਦ੍ਰਾਵੜੀ ਤੋਂ ਆਰੀਆ ਬੋਲੀਆਂ ਵਿਚ ਆਏ ।

'ਗੰਗਾ' ਸ਼ਬਦ ਆਸਟਰਿਕ (ਕੋਲ) ਬੋਲੀ ਦਾ ਹੈ, ਜਿਸ ਦਾ ਅਰਥ ਹੈ ਦਰਿਆ । ਇਹ ਸ਼ਬਦ ਚੀਨੀ-ਤਿਬਤੀ ਵਿਚ 'ਖੋਂਗ' ਰੂਪ ਵਿਚ ਮਿਲਦਾ ਹੈ । ਜਿਵੇਂ ਹਿੰਦੂ ਲੋਕ ਇਥੇ 'ਮਾਈ ਗੰਗਾ' ਆਖਦੇ ਹਨ ਤਿਵੇਂ ਉਥੇ 'ਮੇ ਖੋਂਗ' ਆਖਦੇ ਹਨ । ਇਹੋ ਲਫਜ਼ ਦੱਖਣੀ ਚੀਨੀ ਵਿਚ 'ਕਿਆਂਗ' ਤੇ ਉਤਰੀ ਚੀਨੀ ਵਿਚ 'ਚਿਆਂਗ' ਰੂਪ ਵਿਚ ਮੌਜੂਦ ਹੈ, ਮਤਲਬ ਦਰਿਆ ਦਾ ਹੀ ਹੈ । ਪੰਜਾਬੀ 'ਕਾਂਗ' ਸ਼ਬਦ ਜੋ ਪਾਣੀ ਦੇ ਤੇਜ਼ ਹੜ੍ਹ ਦਾ ਵਾਚਕ ਹੈ, ਇਸੇ ਬੰਸ ਦਾ ਜਾਪਦਾ ਹੈ ।

ਵਿਦਵਾਨਾਂ ਕਿਵੇਂ ਇਨ੍ਹਾਂ ਲਫਜ਼ਾਂ ਦਾ ਪਿੱਛਾ ਖੋਜਣ ਲਈ ਸਿਰ-ਖਪਾਈ ਕੀਤੀ ਹੈ ਇਸ ਦੀ ਇਕ ਮਿਸਾਲ ਦਿਤੀ ਜਾਂਦੀ ਹੈ । ਪੰਜਾਬੀ ਦਾ ਇਕ ਸ਼ਬਦ ਹੈ ਸਲੌਤਰੀ, ਜਿਸ ਦਾ ਸੰਸਕ੍ਰਿਤ ਵਿਚ 'ਸ਼ਾਲਿਹੋਤ੍ਰ' ਰੂਪ ਮਿਲਦਾ ਹੈ । ਡਾ: ਚੈਟਰਜੀ ਲਿਖਦੇ ਹਨ—

'ਇਹ ਸ਼ਬਦ ਪੁਰਾਣੇ ਕਾਵਯਾਂ ਵਿਚ ਘੋੜੇ ਦਾ ਵਾਚਕ ਹੈ' ਅਜੇਹਾ ਮੋਨੀਅਰ ਵਿਲੀਅਮਜ਼ ਨੇ ਆਪਣੀ ਡਿਕਸ਼ਨਰੀ ਵਿਚ ਲਿਖਿਆ ਹੈ । ਪੁਰਾਣੇ ਢੰਗ ਦੇ ਵਿਦਵਾਨਾਂ ਇਸ ਦੀ ਵਿਆਖਿਆ ਇਉਂ ਕੀਤੀ ਹੈ ਕਿ ਘੋੜੇ ਦਾ 'ਸ਼ਾਲਿਹੋਤਰ' ਨਾਂ ਇਸ ਲਈ ਹੈ ਕਿ ਸ਼ਾਲਿ (ਧਾਨ) ਭੱਜਨ (ਹੋਤ੍ਰ) ਲਈ ਅਰਪਣ ਕੀਤਾ ਜਾਂਦਾ ਹੈ । ਘੋੜੇ ਨੂੰ 'ਸ਼ਾਲਿਹੋਤ੍ਰਨ' ਵੀ ਕਿਹਾ ਜਾਂਦਾ ਹੈ । ਪਾਲਤੂ ਜਾਨਵਰਾਂ ਦੀਆਂ ਬੀਮਾਰੀਆਂ ਸਬੰਧੀ ਇਕ ਰਿਸ਼ੀ ਨੇ ਗ੍ਰੰਥ ਲਿਖਿਆ ਸੀ, ਉਸ ਰਿਸ਼ੀ ਦਾ ਨਾਂ ਵੀ 'ਸ਼ਾਲਿਹੋਤ੍ਰ' ਮਿਲਦਾ ਹੈ । ਇਸ ਅਰਥ ਵਿਚ ਹੁਣ ਵੀ ਇਹ ਸ਼ਬਦ ਹਿੰਦੁਸਤਾਨੀ ਫੌਜਾਂ ਵਿਚ ਚਾਲੂ ਹੈ, ਜਿਥੇ ਕਿ ਰਸਾਲੇ ਦੇ ਘੋੜਿਆਂ ਦਾ ਹਕੀਮ-ਸਲੌਤਰੀ ਕਹਾਉਂਦਾ ਹੈ । ਹਿੰਦੁਸਤਾਨੀ ਵਿਚ ਇਹ ਸ਼ਬਦ ਸ਼ਾਲੌਤਰੀ ਜਾਂ ਸਾਲੌਤਰੀ ਲਿਖਿਆ ਜਾਂਦਾ ਹੈ ।

'ਸ਼ਾਲਿਹੋਤ੍ਰ' ਸ਼ਬਦ ਜੜ੍ਹੋਂ ਤੇ ਇਸ ਦੇ ਦੋਵੇਂ ਸ਼ਬਦ ਭਿੰਨ ਭਿੰਨ ਬੋਲੀਆਂ ਦੇ ਹੋਣ ਦੇ

---

‡Indo Aryan and Hindi, P. 92

ਭਾਰਤ ਕੀ ਭਾਸ਼ਾਏਂ ਔਰ ਭਾਸ਼ਾ ਸਬੰਧੀ ਸਮਸਿਆਏਂ, ਪੰਨਾ 42 (ਡਾ: ਚੈਟਰਜੀ)

ਬਾਵਜੂਦ ਇਕੋ ਅਰਥ ਦੇ ਵਾਚਕ ਹਨ। ਸੰਸਕ੍ਰਿਤ ਸ਼ਬਦ 'ਸ਼ਾਲਿ' ਦਾ ਮੂਲ ਜਿਸ ਦਾ ਅਰਥ ਚੌਲ ਹੈ, ਹੋਰ ਹੈ। ਇਥੇ ਸ਼ਾਲਿਹੋਤ੍ਰ ਦਾ 'ਸ਼ਾਲਿ' ਸ਼ਬਦ ਨਿਰਸੰਦੇਹ ਉਹ ਹੈ ਜੋ ਸਾਨੂੰ 'ਸ਼ਾਲਿ ਵਾਹਨ' ਵਿਚ ਮਿਲਦਾ ਹੈ। ਸ਼ਾਲਿ ਦਾ ਦੂਸਰਾ ਪਾਠ ਸਾਤ (ਸਾਤਵਾਹਨ) ਵਿਚ ਵੀ ਮਿਲਦਾ ਹੈ। ਜੀਨ ਪ੍ਰਿਜ਼ਲੁਸ਼ਿਕੀ (Jean Przyluski) ਨੇ ਇਹ ਸਿਧ ਕੀਤਾ ਹੈ ਕਿ 'ਸ਼ਾਲਿ' ਜਾਂ 'ਸਾਤ' ਪ੍ਰਾਚੀਨ ਕੋਲ ਭਾਸ਼ਾ (ਆਸਟਰਿਕ) ਦਾ ਸ਼ਬਦ ਹੈ ਜਿਸ ਦੀ ਵਰਤੋਂ ਘੋੜੇ ਦੇ ਅਰਥਾਂ ਵਿਚ ਕੀਤੀ ਜਾਂਦੀ ਹੈ। ਸੰਥਾਲੀ ਬੋਲੀ ਵਿਚ ਇਸ ਨੂੰ ਸਾਦ ਓਮ, ਸਾਦੋਮ ਬੋਲਿਆ ਜਾਂਦਾ ਹੈ। ਪ੍ਰਾਚੀਨ ਭਾਰਤ ਦੀਆਂ ਚਾਲੂ ਬੋਲੀਆਂ ਵਿਚ ਸਾਦ ਜਾਂ ਸਾਦਿ (=ਘੋੜਾ) ਦੇ ਵਰਤੇ ਜਾਣ ਦੇ ਪ੍ਰਮਾਣ ਸੰਸਕ੍ਰਿਤ ਸ਼ਬਦ ਸਾਦ ('ਘੋੜੇ ਦੀ ਪਿਠ ਉਤੇ' ਬੈਠਣਾ ਜਾਂ ਚੜ੍ਹਨਾ) ਤੋਂ ਮਿਲਦਾ ਹੈ। ਇਸ ਦੇ ਹੋਰ ਰੂਪ ਸਾਦਿ, ਸਾਦਿਨ, ਸਾਦਿਤ, (ਮਿਲਾਓ ਅਸ੍ਵ ਸਾਦਿ—ਘੋੜੇ ਤੇ ਚੜ੍ਹਨ ਵਾਲਾ) ਵੀ ਮਿਲਦੇ ਹਨ। ਇਹੀ ਸ਼ਬਦ ਨਿਰਸੰਦੇਹ ਸ਼ਾਲਿ ਵਾਹਨ, ਸਾਤਵਾਹਨ ਜਾਂ ਸ਼ਾਲਿਹੋਤ੍ਰ ਨਾਲ ਸਬੰਧ ਰਖਦਾ ਹੈ। ਇਸ ਤੋਂ ਸਪਸ਼ਟ ਹੈ ਕਿ 'ਸ਼ਾਲਿ' ਸ਼ਬਦ ਦਰਅਸਲ ਆਸਟ੍ਰਿਕ (ਕੋਲ) ਭਾਸ਼ਾ ਦਾ ਹੈ। ਹੋਤ੍ਰੀ, ਹੋਤ੍ਰ ਸ਼ਬਦ ਦਾ ਵੀ ਅਰਥ ਸ਼ਾਇਦ ਇਹੋ ਹੋਵੇਗਾ। ਖ਼ਿਆਲ ਹੈ ਇਹ ਸ਼ਬਦ ਅਜੇਹਾ ਹੈ ਜਿਸ ਨੂੰ ਅਸੀਂ ਦ੍ਰਾਵੜਾਂ ਨਾਲ ਜੋੜ ਸਕਦੇ ਹਾਂ। ਹਿੰਦ-ਆਰਿਆਈ ਜ਼ਬਾਨ ਵਿਚ ਘੋੜੇ ਲਈ ਜੋ ਸੰਸਕ੍ਰਿਤ ਸ਼ਬਦ ਮਿਲਦਾ ਹੈ, ਉਹ 'ਅਸ਼੍ਵ' ਹੀ ਹੈ। ਬਾਦ ਵਿਚ 'ਅਸ਼੍ਵ' ਲਈ 'ਘੋਟ' ਸ਼ਬਦ ਵਰਤਿਆ ਜਾਣ ਲੱਗਾ, ਜਿਸ ਦੇ ਮੂਲ ਦਾ ਪਤਾ ਨਹੀਂ।

ਹਿੰਦ ਦੀਆਂ ਉਤਰ-ਪੱਛਮੀ ਸਰਹੱਦ ਦੀਆਂ ਪਿਸ਼ਾਚ ਜਾਂ ਦਰਦ ਬੋਲੀਆਂ ਵਿਚ 'ਘੋਟ' (ਇਕ ਜਾਂ ਦੋ ਨੂੰ ਛੱਡ ਕੇ ਹਿੰਦ ਵਿਚ) 'ਅਸ਼੍ਵ' ਸ਼ਬਦ ਦੀ ਵਰਤੋਂ ਹੋਰ ਕਿਧਰੇ ਨਹੀਂ ਮਿਲਦੀ। ਤੇ ਇਸ ਤੋਂ ਨਿਕਲੇ ਹੋਰ ਸ਼ਬਦ ਜੋ ਅਸ਼੍ਵ ਲਈ ਵਰਤੀਂਦੇ ਹਨ, ਹਿੰਦ-ਆਰਿਆਈ ਤੇ ਦ੍ਰਾਵੜੀ ਜ਼ਬਾਨਾਂ ਵਿਚ ਪਾਏ ਜਾਂਦੇ ਹਨ। ਘੋਟ ਸ਼ਬਦ ਪ੍ਰਾਕ੍ਰਿਤ ਦਾ ਮਾਲੂਮ ਹੁੰਦਾ ਹੈ। ਇਸ ਦੇ ਪ੍ਰਾਚੀਨ ਰੂਪ ਘੁਤ੍ਰ ਤੇ ਘੋੜ੍ਰ ਆਦਿ ਸਨ।

ਇਨ੍ਹਾਂ ਰੂਪਾਂ ਨਾਲ ਦ੍ਰਾਵੜੀ ਜ਼ਬਾਨ ਦੇ ਘੋੜੇ-ਵਾਚੀ ਸ਼ਬਦ ਕਾਫੀ ਮਿਲਦੇ-ਜੁਲਦੇ ਹਨ। ਮਿਸਾਲ ਲਈ ਤਾਮਿਲ-ਕੁਤਿਰੈ, ਕੰਨੜ-ਕੁਦੁਰ੆, ਤੇਲਗੂ-ਗੁੱਰਮੁ, । ਘੁਤ੍ਰ, ਘੋਟ ਤੇ ਕੁਤਿਰੈ ਸ਼ਬਦ ਦਾ ਮੂਲ ਅਨਿਸਚਤ ਹੈ ਪਰ ਇਹ ਕਾਫੀ ਪੁਰਾਣੇ ਲਫਜ਼ ਹਨ ਤੇ ਇਨ੍ਹਾਂ ਦਾ ਪੱਛਮੀ ਏਸ਼ੀਆ ਵਿਚ ਬਹੁਤ ਵਰਤਾਰਾ ਹੈ। ਘੋੜੇ ਲਈ ਪ੍ਰਾਚੀਨ ਮਿਸਰੀ ਜ਼ਬਾਨ ਦਾ ਇਕ ਸ਼ਬਦ, ਜੋ ਨਿਰਸੰਦੇਹ ਏਸ਼ੀਆ ਮਾਇਨਰ ਜਾਂ ਮੈਸੋਪੋਟਾਮੀਆ ਤੋਂ ਆਇਆ ਹੈ, ਹਤਰ (htr) ਹੈ, ਇਹ ਘੁਤ੍ਰ ਦਾ ਹੀ ਦੂਜਾ ਰੂਪ ਹੈ। ਗਧੇ ਲਈ ਹੁਣ ਵਰਤੀਂਦਾ ਯੂਨਾਨੀ ਸ਼ਬਦ ਗਦੈਰੋਸ (Gadairos) ਤੇ ਖੱਚਰ ਲਈ ਵਰਤੀਂਦਾ ਤੁਰਕੀ ਸ਼ਬਦ ਕਾਤਰ (Katyr), ਇਹ ਘੁਤ੍ਰ-ਹੁਤ੍ਰ ਨਾਲ ਸਬੰਧ ਰਖਦੇ ਜਾਪਦੇ ਹਨ। ਇਸ ਥਾਂ ਤੇ ਅਸੀਂ ਇਸ ਸ਼ਬਦ ਨੂੰ ਹਿੰਦ ਤੋਂ ਬਾਹਰ ਦਾ (ਏਸ਼ੀਆ ਮਾਇਨਰ ਦਾ ?) ਅਰਥਾਤ ਅਣਾਰੀਆ ਬੋਲੀ ਦਾ ਸ਼ਬਦ ਕਹਿ ਸਕਦੇ ਹਾਂ ਜਿਸ ਨੂੰ ਖ਼ਿਆਲ ਹੈ ਕਿ ਦ੍ਰਾਵੜ ਲੋਕ ਇਥੇ ਲਿਆਏ। ਹੋ ਸਕਦਾ ਹੈ ਕਿ ਇਹ ਅਸਲੀ ਦ੍ਰਾਵੜੀ ਪਦ ਹੀ ਹੋਵੇ। ਇਹ ਵੀ ਵੀਚਾਰ ਜੋਗ ਹੈ ਕਿ ਖੁਦ ਦ੍ਰਾਵੜੀ ਸ਼ਬਦਾਂ ਦਾ ਮੂਢ ਸ਼ਾਇਦ ਭੂਮੱਧ ਸਾਗਰ ਦੇ ਲਾਗੇ ਚਾਗੇ ਕ੍ਰੀਟ ਟਾਪੂ ਤੋਂ ਹੋਇਆ। 'ਸ਼ਾਲਿਹੋਤ੍ਰ, ਸ਼ਬਦ ਦੇ ਦੂਜੇ ਪਦ ਵਿਚ 'ਘੋਟ' ਦੇ ਪੁਰਾਣੇ ਰੂਪ 'ਘੋਤ੍ਰ' ਦਾ ਬਦਲਿਆ 'ਹੋਤ੍ਰ' ਵੀ ਦਿਖਾਈ ਦੇਂਦਾ ਹੈ। ਸਾਰੀ ਵੀਚਾਰ ਦਾ ਸਾਰ ਇਹ ਹੋਇਆ ਕਿ ਸ਼ਾਲਿ ਹੋਤ੍ਰ-ਘੋੜੇ ਦਾ ਵਾਚਕ ਹੈ, ਜਿਸ ਵਿਚ ਆਸਟ੍ਰਿਕ ਸ਼ਬਦ 'ਸਾਦ' ਤੇ ਉਸ ਦਾ ਪਰਿਆਇ ਵਾਚੀ ਦ੍ਰਾਵੜੀ ਸ਼ਬਦ 'ਘੋਤ੍ਰ' ਮਿਲਿਆ ਹੋਇਆ ਹੈ। [ਰਿਤੰਭਰਾ, ਪੰਨਾ 95, 96]

ਇਹੋ ਜੇਹੇ ਉਲਥਾ ਰੂਪ ਸਮਾਸੀ-ਸ਼ਬਦ ਉਦੋਂ ਬਣਦੇ ਹਨ, ਜਦੋਂ ਦੋ ਉਪਰੀਆਂ ਬੋਲੀਆਂ ਵਾਲੇ ਲੋਕਾਂ ਦਾ ਮੇਲਜੋਲ ਪੈਦਾ ਹੋਵੇ। ਹਿੰਦੁਸਤਾਨੀ ਤੇ ਫਾਰਸੀ ਦੇ ਅਜੇਹੇ ਜੜੁੱਤ ਸ਼ਬਦ ਆਮ ਮਿਲਦੇ ਹਨ ਜਿਨ੍ਹਾਂ ਦਾ ਅਰਥ ਇਕੋ ਹੈ। ਜਿਵੇਂ ਖਤ ਪਤਰ, ਵਿਆਹ ਸ਼ਾਦੀ, ਇਥੇ ਪੱਤਰ ਤੇ ਵਿਆਹ ਸ਼ਬਦ ਹਿੰਦੁਸਤਾਨੀ ਹਨ ਤੇ 'ਖਤ' ਅਤੇ 'ਸ਼ਾਦੀ' ਫ਼ਾਰਸੀ ਹਨ।

ਖ਼ਿਆਲ ਹੈ ਇਵੇਂ ਜ਼ਿਵੇਂ ਕੱਲ (ਆਸਟ੍ਰਿਕ) ਤੇ ਦ੍ਰਾਵੜਾਂ ਦੇ ਮੇਲ ਸਮੇਂ ਦੋਹਾਂ ਜ਼ਬਾਨਾਂ ਦੇ ਘੋੜਾ ਵਾਚੀ—'ਸਾਦ' ਤੇ 'ਘੋੜ' ਸ਼ਬਦ ਮਿਲਾ ਕੇ ਇਕ ਸ਼ਬਦ ਬਣਿਆ ਹੋਵੇਗਾ ਅਤੇ ਫਿਰ ਆਰੀਆਂ ਦੇ ਆਉਣ ਸਮੇਂ ਇਹੋ ਸ਼ਬਦ ਸੰਸਕ੍ਰਿਤ ਵਿਚ ਆ ਕੇ 'ਸ਼ਾਲਿ ਹੋਤ੍ਰ' ਬਣ ਗਿਆ ਜਿਸ ਤੋਂ ਵਿਗੜਦਾ ਵਧਦਾ ਸਾਡਾ ਪੰਜਾਬੀ ਸ਼ਬਦ 'ਸਲੋਤਰੀ' ਤਿਆਰ ਹੋਇਆ। ਇਹ ਹੈ ਸ਼ਬਦਾਂ ਦੇ ਜਨਮਾਂ ਜਨਮਾਂਤਰਾਂ ਦੇ ਫੱਲਣੇ ਫੱਲਣ ਦਾ ਨਮੂਨਾ। ਗੌਰੂ ਸ਼ਬਦ ਅਸੀਂ ਗਊਆਂ ਮੱਝਾਂ ਲਈ ਵਰਤਦੇ ਹਾਂ, ਇਹ ਵੀ ਗੋ-ਗਊ (ਸੰਸਕ੍ਰਿਤ) ਤੇ ਉਰਿ-ਜਾਨਵਰ (ਸੰਥਾਲੀ ਤੇ ਮੁੰਡਾਰੀ) ਜੁੜ ਕੇ ਬਣਿਆ ਜਾਪਦਾ ਹੈ। ਵੀਹ ਵੀਹ ਕਰਕੇ ਗਿਣਤੀ ਕਰਨ ਦਾ ਰਿਵਾਜ ਕੱਲਾਂ ਵਿਚ ਹੈ, 'ਕੌੜੀ' ਸ਼ਬਦ ਉਨ੍ਹਾਂ ਦੀ ਹੀ ਦੇਣ ਹੈ। 'ਕੁਲੀ' ਲਫਜ਼ ਵੀ 'ਕੱਲ' ਤੋਂ ਚਲਿਆ ਹੈ। 'ਪਿੱਲਾ' ਤੇ ਚੁਰਟ ਤਾਮਲ ਸ਼ਬਦ ਹਨ। ਪਤਾ ਨਹੀਂ ਹੋਰ ਕਿਤਨੇ ਅਜਿਹੇ ਸ਼ਬਦ ਪੰਜਾਬੀ ਜਾਂ ਬਾਕੀ ਹਿੰਦੁਸਤਾਨੀ ਜ਼ਬਾਨਾਂ ਵਿਚ ਮੌਜੂਦ ਹਨ, ਜੋ ਸੰਸਕ੍ਰਿਤ ਰਾਹੀਂ ਜਾਂ ਸਿਧੇ ਹੀ ਦ੍ਰਾਵੜੀ ਜ਼ਬਾਨਾਂ ਤੋਂ ਆਏ। ਆਖਰ ਦ੍ਰਾਵੜੀ ਪੰਡਤਾਂ ਵੀ ਅਨੇਕਾਂ ਸੰਸਕ੍ਰਿਤ ਗ੍ਰੰਥ ਲਿਖੇ, ਉਨ੍ਹਾਂ ਰਾਹੀਂ ਵੀ ਕਿੰਨੇ ਦ੍ਰਾਵੜੀ ਸ਼ਬਦ ਸੰਸਕ੍ਰਿਤ ਵਿਚ ਗਏ। ਵਿਦਵਾਨਾਂ ਦਾ ਵੀਚਾਰ ਹੈ ਕਿ ਕਾਫੀ ਉਹ ਦੇਸੀ ਸ਼ਬਦ ਜਿਨ੍ਹਾਂ ਦੀ ਵਿਉਤਪਤੀ ਹਿੰਦ-ਆਰਿਆਈ ਭਾਸ਼ਾ ਵਿਚੋਂ ਨਹੀਂ ਲੱਭਦੀ, ਉਹ ਦ੍ਰਾਵੜੀ ਬੰਸ ਦੇ ਹੀ ਸਮਝਣੇ ਚਾਹੀਦੇ ਹਨ। ਅਜੇਹੇ ਕੁਝ ਦੇਸੀ ਸ਼ਬਦਾਂ ਦਾ ਸੰਗ੍ਰਹਿ ਸ਼੍ਰੀ ਹੇਮ ਚੰਦ੍ਰ ਨੇ 'ਦੇਸੀ ਨਾਮ ਮਾਲਾ' ਕੋਸ਼ ਵਿਚ ਕੀਤਾ ਹੈ, ਜਿਸ ਵਿਚੋਂ ਵੰਨਗੀ ਮਾਤਰ ਕੁਝ ਅਸੀਂ ਪਿਛੇ ਦੇ ਵੀ ਆਏ ਹਾਂ।

2. **ਸੰਸਕ੍ਰਿਤ ਤੇ ਪੰਜਾਬੀ**—ਸੰਸਕ੍ਰਿਤ ਹਿੰਦ ਦੀ ਪੁਰਾਣੀ ਸਨਾਤਨੀ ਭਾਸ਼ਾ (Classical language) ਹੈ, ਜੋ ਬਹੁਤ ਦੇਰ ਤਕ ਦੇਸ ਦੀ ਧਾਰਮਿਕ, ਸਭਿਆਚਾਰਕ, ਰਾਜਸੀ, ਵਿਦਿਅਕ ਤੇ ਸਾਹਿਤਕ ਭਾਸ਼ਾ ਰਹੀ। ਹਿੰਦੂਆਂ ਦੇ ਲਗ ਭਗ ਸਾਰੇ ਗ੍ਰੰਥ ਸੰਸਕ੍ਰਿਤ ਵਿਚ ਹੋਣ ਕਰ ਕੇ ਉਹ ਸੈਂਕੜੇ ਵਰ੍ਹਿਆਂ ਤੋਂ ਇਸ ਦਾ ਬਤੌਰ ਧਾਰਮਿਕ ਭਾਸ਼ਾ ਦੇ ਅਧਿਐਨ ਕਰਦੇ ਰਹੇ ਹਨ। ਦੂਸਰੇ, ਹਿੰਦੁਸਤਾਨ ਦਾ ਪੁਰਾਣਾ ਗਿਆਨ ਵਿਗਿਆਨ ਬਹੁਤਾ ਸੰਸਕ੍ਰਿਤ ਵਿਚ ਹੀ ਲਿਖਿਆ ਮਿਲਦਾ ਹੈ, ਇਸ ਲਈ ਪ੍ਰਾਚੀਨ ਗਿਆਨ ਜਾਂ ਸਾਹਿਤ ਦੇ ਖੋਜੀ ਵੀ ਇਸ ਦਾ ਪਠਨ ਪਾਠਨ ਕਰਦੇ ਰਹੇ ਹਨ। ਪੰਡਤ ਜਵਾਹਰ ਲਾਲ ਨਹਿਰੂ ਲਿਖਦੇ ਹਨ, 'ਜੇ ਮੈਥੋਂ ਕੋਈ ਪੁਛੇ ਕਿ ਸਭ ਤੋਂ ਵਡੀ ਦੌਲਤ ਸਾਨੂੰ ਵਿਰਾਸਤ ਵਿਚ ਕਿਹੜੀ ਮਿਲੀ ਹੈ? ਤਾਂ ਮੈਂ ਸੰਸਕ੍ਰਿਤ ਭਾਸ਼ਾ ਤੇ ਸੰਸਕ੍ਰਿਤ ਸਾਹਿਤ ਦਾ ਨਾਂ ਲਵਾਂਗਾ। ਪਰ ਸੰਸਕ੍ਰਿਤ ਕਿਤਨੀ ਵੀ ਮਹਾਨ ਹੋਵੇ ਤੇ ਉਸ ਦੇ ਅਧਿਐਨ ਲਈ ਅਸੀਂ ਕਿੰਨਾ ਵੀ ਉਤਸ਼ਾਹ ਦੇਣਾ ਕਿਉਂ ਨ ਪਸੰਦ ਕਰੀਏ, ' ਜੇਹਾ ਕਿ ਸਾਨੂੰ ਕਰਨਾ ਵੀ ਚਾਹੀਦਾ ਹੈ ਪਰ ਉਹ ਇਕ ਜੀਉਂਦੀ ਬੋਲੀ ਨਹੀਂ ਹੋ ਸਕਦੀ ‡

ਬਾਵਜੂਦ ਇਸ ਦੇ ਕਿ ਸੰਸਕ੍ਰਿਤ ਦੇਸ਼ ਦੀ ਮੰਞੀ ਹੋਈ ਜ਼ਬਾਨ ਹੈ ਤੇ ਬਤੌਰ ਬੋਲੀ ਦੇ

‡ਹਿੰਦੀ ਅ ਜ ਕਲ (ਮਾਰਚ 1948) ਮਾਸਕ ਪੱਤ੍ਰ ਭਾਰਤ ਸਰਕਾਰ ਦਿੱਲੀ।

ਜੀਉਂਦੀ ਨਹੀਂ§ ਪਰੰਤੂ ਇਸ ਦੀ ਮਹਾਨਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸ਼ਾਇਦ ਹੋਰ ਕੋਈ ਹੀ ਦੁਨੀਆਂ ਦੀ ਅਜੇਹੀ ਬੋਲੀ ਹੋਵੇ, ਜਿਸ ਦਾ ਲਗਾਤਾਰ ਹਜ਼ਾਰਾਂ ਵਰ੍ਹੇ ਤੋਂ ਇਸ ਤਰ੍ਹਾਂ ਪਠਨ ਪਾਠਨ ਚਲਦਾ ਆਇਆ ਹੋਵੇ। ਇਸ ਅਖੰਡ ਸਬਧ ਦੇ ਕਾਰਣ ਹੀ ਇਸ ਨੇ ਹਿੰਦ ਦੀ ਹਰ ਬੋਲੀ ਉਤੇ ਆਪਣਾ ਪ੍ਰਭਾਵ ਪਾਇਆ ਹੈ ਕਿਸੇ ਤੇ ਵਧ ਕਿਸੇ ਤੇ ਘਟ। ਚੂੰਕਿ ਸੰਸਕ੍ਰਿਤ ਹਿੰਦ ਭਰ ਵਿਚ ਮੰਨੀ ਦੰਨੀ ਪ੍ਰਮਾਣੀਕ ਭਾਸ਼ਾ ਰਹੀ ਹੈ; ਇਸ ਲਈ ਲੋੜ ਪੈਣ ਤੇ ਅਜ ਵੀ ਮੌਜੂਦ ਬੋਲੀਆਂ ਇਸੇ ਤੋਂ ਉਧਾਰੇ ਸ਼ਬਦ ਲੈਂਦੀਆਂ ਹਨ; ਜਿਵੇਂ ਅੰਗਰੇਜ਼ੀ ਲਾਤੀਨੀ ਤੋਂ, ਉਰਦੂ ਫਾਰਸੀ ਤੋਂ। ਇਹ ਉਧਾਰ ਮਾੜਾ ਵੀ ਨਹੀਂ; ਜੇ ਠੀਕ ਠੀਕ ਲਿਆ ਜਾਵੇ।

ਬਾਕੀ ਪ੍ਰਾਂਤਾਂ ਨਾਲੋਂ ਪੰਜਾਬ ਵਿਚ ਸੰਸਕ੍ਰਿਤ ਦਾ ਪੜ੍ਹਨ ਪੜ੍ਹਾਉਣ ਬਹੁਤ ਘੱਟ ਹੋਇਆ। ਪੁਰਾਣੇ ਜ਼ਮਾਨੇ ਦੇ ਹਿੰਦੂ ਤਾਂ ਇਨ੍ਹਾਂ ਉਤੇ ਦੋਸ਼ ਹੀ ਇਹੋ ਲਾਉਂਦੇ ਸਨ ਕਿ ਇਹ ਪੈਸ਼ਾਚ ਹਨ, ਦੇਵ-ਭਾਸ਼ਾ ਦਾ ਅਧਿਐਨ ਨਹੀਂ ਕਰਦੇ, ਵੈਦਕ ਕਰਮਕਾਂਡ ਨਹੀਂ ਕਰਦੇ ਕਰਾਉਂਦੇ। ਪਰ ਲੁਤਫ ਦੀ ਗੱਲ ਇਹ ਹੈ ਕਿ ਸੰਸਕ੍ਰਿਤ ਦਾ ਜਨਮ ਪੰਜਾਬ ਦੀ ਪ੍ਰਾਕ੍ਰਿਤ ਤੋਂ ਹੋਇਆ ਜੇਹਾ ਕਿ ਅਸੀਂ ਪਿਛੇ ਵੀਚਾਰ ਕਰ ਵੀ ਆਏ ਹਾਂ। ਡਾ: ਚੈਟਰਜੀ ਲਿਖਦੇ ਹਨ, 'ਰਿਗਵੈਦ ਦੀ ਸਾਹਿਤਕ ਭਾਸ਼ਾ ਛਾਂਦਸਿ-ਨੇ ਪੰਜਾਬ ਵਿਚ (ਮਾਹਰਾਂ ਦੀ ਰਾਇ ਅਨੁਸਾਰ ਉਤਰ ਪੱਛਮੀ ਪੰਜਾਬ ਵਿਚ) ਅਵਤਾਰ ਧਾਰਿਆ। ਇਸ ਤੋਂ ਬਾਦ ਇਸੇ ਪ੍ਰਾਂਤ ਦੀ ਲੌਕਕ-ਸਥਾਨਕ ਚਾਲੂ ਬੋਲੀ ਦੇ ਅਧਾਰ ਤੇ ਸੰਸਕ੍ਰਿਤ ਭਾਸ਼ਾ ਬਣੀ ਜੋ ਹੌਲੀ ਹੌਲੀ ਬੋਲੀਆਂ ਜਾਂਦੀਆਂ ਬੋਲੀਆਂ ਦੇ ਨਾਲ ਨਾਲ ਬ੍ਰਾਹਮਣਾਂ ਦੇ ਡੇਰਿਆਂ ਤੇ ਸੰਸਥਾਵਾਂ ਆਸਰੇ ਪੂਰਬ ਵਲ ਨੂੰ ਗੰਗਾ ਵਾਦੀ ਵਿਚ ਫੈਲੀ।'‡

ਫਿਰ ਪੰਜਾਬ ਦੇ ਵਿਦਵਾਨ—ਪਾਣਿਨੀ ਨੇ ਹੀ ਵਿਆਕਰਣ ਲਿਖ ਕੇ ਇਸ ਦਾ ਪੱਕਾ ਧੁਰਾ ਬੰਨ੍ਹਿਆ। ਟੈਕਸ਼ਿਲਾ ਵਿਚ ਦੇਰ ਤਕ ਸੰਸਕ੍ਰਿਤ, ਪਾਲੀ ਆਦਿ ਦਾ ਚੰਗਾ ਵਿਦਿਆਲਾ ਵੀ ਰਿਹਾ। ਬਾਵਜੂਦ ਇੱਨਾ ਕੁਝ ਹੋਣ ਦੇ ਪੰਜਾਬ ਵਿਚ ਸੰਸਕ੍ਰਿਤ ਨੂੰ ਕਦੀ ਵੀ ਬਹੁਤਾ ਆਦਰ ਨਹੀਂ ਮਿਲਿਆ। ਇਸੇ ਕਰਕੇ ਸੰਸਕ੍ਰਿਤ ਦਾ ਪੰਜਾਬੀ ਉਤੇ ਸਿਧਾ ਅਸਰ ਤਾਂ ਘਟ ਪਿਆ ਹੈ ਪਰ ਸੰਤ-ਭਾਖਾ ਤੇ ਬ੍ਰਿਜ ਭਾਸ਼ਾ ਦੇ ਰਾਹੀਂ ਕਾਫੀ ਹੋਇਆ ਹੈ। ਨਾਲੇ ਜਿਨ੍ਹਾਂ ਦਿਨਾਂ ਵਿਚ ਸੰਸਕ੍ਰਿਤ ਜ਼ੋਰਾਂ ਉਤੇ ਸੀ, ਉਦੋਂ ਅਜੇ ਪੰਜਾਬੀ ਦਾ ਜਨਮ ਨਹੀਂ ਸੀ ਹੋਇਆ। ਦਸਵੀਂ ਸਦੀ ਬਾਦ ਸੰਸਕ੍ਰਿਤ ਧਾਰਮਿਕ ਭਾਸ਼ਾ ਜੇਹੀ ਰਹਿ ਗਈ ਤੇ ਹੋਰਾਂ ਦੀ ਮਾਰਫਤ ਆਪਣਾ ਤੀਰ-ਤੁੱਕਾ ਚਲਾਉਣ ਲਗੀ।

ਇਹੋ ਸਮਾਂ ਹੈ ਜਦੋਂ ਮੌਜੂਦਾ ਪ੍ਰਾਂਤਕ ਬੋਲੀਆਂ ਨੇ ਜਨਮ ਲਿਆ। ਪੰਜਾਬ ਵਿਚ ਰਾਮਾਇਣ, ਮਹਾਂਭਾਰਤ ਤੇ ਗੀਤਾ ਆਦਿ ਦਾ ਪਾਠ ਤਾਂ ਸਨਾਤਨੀ ਬ੍ਰਾਹਮਣਾਂ ਵਿਚ ਹੁੰਦਾ ਹੀ ਹੋਵੇਗਾ, ਖ਼ਿਆਲ ਹੈ ਇਸ ਨਾਲ ਕਈ ਸ਼ਬਦ ਪੰਜਾਬੀ ਵਿਚ ਆਏ ਹੋਣਗੇ। ਮੇਰਾ ਵਿਚਾਰ ਇਹ ਵੀ ਹੈ, ਇਹ ਸ਼ਬਦ ਜ਼ਿਆਦਾ ਤਦਭਵ ਰੂਪ ਵਿਚ ਹੀ ਅਪਣਾਏ ਗਏ ਹੋਣਗੇ। ਲੋਕਾਂ ਦੀ ਜ਼ਬਾਨ ਤਤਸਮ

---

§1921 ਦੀ ਮਰਦੁਮ ਸ਼ੁਮਾਰੀ ਅਨੁਸਾਰ 32 ਕਰੋੜ ਹਿੰਦੁਸਤਾਨੀਆਂ ਵਿਚੋਂ 356 ਨੇ ਆਪਣੀ ਮਾਤ-ਭਾਸ਼ਾ ਸੰਸਕ੍ਰਿਤ ਲਿਖਾਈ ਸੀ। ਸ਼ਾਇਦ ਇਨ੍ਹਾਂ ਦੀ ਵੀ ਸੰਸਕ੍ਰਿਤ ਮਾਤ-ਭਾਸ਼ਾ ਤਾਂ ਨਹੀਂ ਸੀ। ਕਿਉਂਕਿ ਮਾਤ-ਭਾਸ਼ਾ ਉਹ ਹੁੰਦੀ ਹੈ ਜੋ ਬੋਲੀ ਅਪਣੀ ਮਾਂ ਕੋਲੋਂ ਦੁਧ ਚੁੰਘਦਾ ਬੱਚਾ ਸਿਖਦਾ ਹੈ। ਜ਼ਨਾਨੀਆਂ ਨੂੰ ਸੰਸਕ੍ਰਿਤ ਪੜ੍ਹਨ ਜਾਂ ਬੋਲਣ ਦਾ ਪਿਛਲੇ ਜ਼ਮਾਨੇ ਵਿਚ ਉਕਾ ਹੀ ਅਧਿਕਾਰ ਨਹੀਂ ਸੀ।

‡ਰਿਤੈਭਰਾ (ਡਾ: ਚੈਟਰਜੀ ਪਨਾ 44)

ਸ਼ਬਦ ਕੇਵਲ ਉਹੋ ਹੀ ਕਬੂਲ ਕਰਦੀ ਹੈ, ਜੋ ਸਿਧਾ-ਸਾਦਾ ਹੋਵੇ ਤੇ ਬਹੁਤੀ ਕਾਂਟ ਛਾਂਟ ਨ ਮੰਗਦਾ ਹੋਵੇ। ਜਿਵੇਂ, 'ਪਾਪ' ਸ਼ਬਦ ਇਹ ਸੰਸਕ੍ਰਿਤ ਦਾ ਹੈ ਤੇ ਇਸੇ ਤਰ੍ਹਾਂ ਸਾਡੇ ਚਾਲੂ ਹੈ। ਇਹੋ ਜੇਹੇ ਸੈਂਕੜੇ ਸੰਸਕ੍ਰਿਤ ਸ਼ਬਦ ਪੰਜਾਬੀ ਵਿਚ ਰਲੇ, ਬਹੁਤ ਸਾਰੇ ਪ੍ਰਾਕ੍ਰਿਤ ਤੇ ਅਪਭ੍ਰੰਸ਼ ਰਾਹੀਂ ਆਏ ਵਿਰਾਸਤ ਵਿਚ ਹੀ ਪੰਜਾਬੀ ਨੂੰ ਮਿਲੇ। ਇਕ ਗੱਲ ਹੋਰ ਵੀ ਧਿਆਨ ਯੋਗ ਹੈ ਕਿ ਸੰਸਕ੍ਰਿਤ ਪੰਜਾਬੀ ਦਾ ਪਿੱਛਾ ਜਿਸ ਪ੍ਰਾਕ੍ਰਿਤ ਨਾਲ ਮਿਲਦਾ ਹੈ, ਉਸ ਨਾਲ ਸੋਮੇ ਕਾਰਣ ਵੀ ਸ਼ਬਦਾਵਲੀ ਦਾ ਮਿਲਣਾ ਸੁਭਾਵਿਕ ਹੈ। ਇਨ੍ਹਾਂ ਸਾਰਿਆਂ ਦੀ ਸੂਚੀ ਬਹੁਤ ਲੰਮੀ ਹੈ। ਨਮੂਨੇ ਮਾਤਰ—

ਉਤਮ, ਉਪਮਾ, ਅਧਿਆਤਮਕ, ਅਧਿਆਪਕ, ਅਥਵਾ, ਅਲੰਕਾਰ, ਅਨਕੂਲ, ਆਚਰਣ, ਆਸ਼ਾ, ਆਸ਼੍ਰਮ, ਅੰਕ, ਅੰਤਕ ਲ, ਇੱਛਾ, ਇਸਤ੍ਰੀ ਸ਼ੁਧਾ, ਸ਼ਿੰਗਾਰ, ਸੁਖਮ, ਕਸ਼ਟ, ਕ੍ਰਿਆ, ਕੰਨਿਆ, ਗਰਭ, ਛਿਦ੍, ਜਨਮ, ਜਲ, ਜੀਵ, ਤ੍ਰਿਸ਼ਣਾ, ਤਿਆਗ, ਦਰਸ਼ਨ, ਦੇਵਤਾ, ਦੋਸ਼, ਧਰਮ, ਨਦੀ, ਨੀਤਿ, ਨਿਆਇ, ਪਤੀ, ਪਿਤਾ, ਪੁਤ੍ਰ, ਪ੍ਰੇਤ, ਫਲ, ਬ੍ਰਾਹਮਣ, ਬ੍ਰਹਿਮ, ਬੁਧੀ, ਭ੍ਰਮ, ਭੂਤ, ਮਧਿਅਸਥ, ਮਨ, ਮਤਾ, ਮੇਘ, ਯਥਾਰਥ, ਯਾਤਰਾ, ਰਾਜਾ, ਰਣ, ਲੇਖ, ਵਸਤੂ, ਵਿਘਨ ਆਦਿ।

3. **ਪਾਲੀ ਤੇ ਪੰਜਾਬੀ**—ਪਾਲੀ, ਬੋਧੀਆਂ ਦੀ ਧਾਰਮਿਕ ਭਾਸ਼ਾ ਸੀ, ਜਿਸ ਦਾ ਭਾਗ ਮਹਾਤਮਾ ਬੁਧ (563 483 ਈ: ਪੂਰਬ) ਦੇ ਸਮੇਂ ਚਮਕਣਾ ਸ਼ੁਰੂ ਹੋਇਆ। ਮਹਾਰਾਜਾ ਅਸ਼ੋਕ (272-231 ਈ. ਪੂਰਬ) ਦੇ ਜ਼ਮਾਨੇ ਇਹ ਪੂਰੀ ਜੁਆਨੀ ਵਿਚ ਸੀ ਤੇ ਰਾਜ-ਭਾਸ਼ਾ ਬਣਕੇ ਹਿੰਦ ਦੇ ਕੋਨੇ ਕੋਨੇ ਵਿਚ ਵਿਆਪ ਰਹੀ ਸੀ। ਮਹਾਰਾਜਾ ਨੇ ਆਪਣੇ ਸੁਨਹਿਰੀ ਉਪਦੇਸ਼ਾਂ ਦੇ ਸ਼ਿਲਾਲੇਖ ਇਸੇ ਬੋਲੀ ਵਿਚ ਖੁਦਵਾਏ ਸਨ। ਪੰਜਾਬ ਦੇ ਸਰਹੱਦੀ ਇਲਾਕੇ ਜ਼ਿਲਾ ਹਜ਼ਾਰਾ ਵਿਚ ਮਾਨ-ਸੇਹਰਾ ਤੇ ਜ਼ਿ: ਪਿਸ਼ਾਵਰ ਵਿਚ ਸ਼ਹਿਬਾਜ਼ ਗੜ੍ਹੀ ਤੋਂ ਇਹ ਸ਼ਿਲਾਲੇਖ ਖਰੋਸ਼ਟੀ ਲਿਪੀ ਵਿਚ ਲਿਖੇ ਮਿਲੇ ਹਨ। ਇਸ ਸਮੇਂ ਬੁਧ ਧਰਮ ਕਾਬਲ ਤੋਂ ਪਰੇ ਤਕ ਛਾਇਆ ਹੋਇਆ ਸੀ ਤੇ ਪੰਜਾਬ ਵਿਚ ਵੀ ਇਸ ਦਾ ਜ਼ੋਰ ਸੀ, ਜੋ ਕਿ ਅੱਠਵੀਂ ਸਦੀ ਤਕ ਰਿਹਾ। ਪਾਲੀ, ਬੋਧੀਆਂ ਦੀ ਧਾਰਮਿਕ ਭਾਸ਼ਾ ਹੋਣ ਦੇ ਨਾਤੇ ਸਾਰੇ ਹੀ ਪੜ੍ਹੀ ਪੜ੍ਹਾਈ ਜਾਂਦੀ ਸੀ। ਇਸ ਤੋਂ ਜ਼ਾਹਰ ਹੈ ਕਿ ਪਾਲੀ ਦਾ ਪੰਜਾਬ ਦੀ ਬੋਲੀ ਉਤੇ ਵੀ ਖਾਸਾ ਪ੍ਰਭਾਵ ਪਿਆ ਹੋਵੇਗਾ ਪਰ ਇਸ ਪ੍ਰਭਾਵ ਨੂੰ ਅਸੀਂ ਨਿਖੇੜ ਨਹੀਂ ਸਕਦੇ। ਕਾਰਣ ਇਹ ਹੈ ਕਿ ਪਾਲੀ ਦੀ ਸ਼ਬਦਾਵਲੀ ਪ੍ਰਾਕ੍ਰਿਤ ਨਾਲ ਮਿਲਦੀ ਜੁਲਦੀ ਹੀ ਸੀ ਜਿਸ ਤੋਂ ਅਪਭ੍ਰੰਸ਼ ਤੇ ਫਿਰ ਪੰਜਾਬੀ ਦਾ ਵਿਕਾਸ ਹੋਇਆ। ਇਸ ਲਈ ਪਾਲੀ ਵਾਲੇ ਬੇਅੰਤ ਸ਼ਬਦ ਪੰਜਾਬੀ ਦਾ ਕੁਦਰਤੀ ਅੰਗ ਬਣੇ। ਇਹ ਸੰਭਵ ਹੈ ਕਿ ਬੁਧ ਮਤ ਦੇ ਬਹੁਤ ਸਾਰੇ ਧਾਰਮਿਕ ਸੰਕੇਤੀ ਪਦ ਸਾਡੀ ਸ਼ਬਦਾਵਲੀ ਵਿਚ ਨਵੇਂ ਰਲੇ ਹੋਣ, ਜੋ ਬਾਦ ਵਿਚ ਜੋਗੀਆਂ ਅਪਣਾਏ। ਜਿਵੇਂ ਸੁੰਨ, ਸਮਾਧੀ, ਪਾਖੰਡੀ (ਧਰਮੀ), ਅਵਧੂਤ, ਨਿਰਬਾਣ, ਬਿਭੂਤਿ ਆਦਿ। ਪਾਲੀ ਲਈ ਅਸ਼ੋਕੀ ਸ਼ਿਲਾਲੇਖਾਂ ਤੋਂ ਵਧ ਕੋਈ ਪ੍ਰਮਾਣੀਕ ਚੀਜ਼ ਨਹੀਂ। ਇਨ੍ਹਾਂ ਲੇਖਾਂ ਵਿੱਚ ਆਏ ਕੁਝ ਸ਼ਬਦ ਵੰਨਗੀ ਮਾਤਰ ਇਥੇ ਦਿੰਦੇ ਹਾਂ, ਜੋ ਪੰਜਾਬੀ ਦੇ ਬਹੁਤ ਨੇੜੇ ਹਨ—

ਲਿਖਾ, ਲਿਖਿਤ (ਲਿਖਿਆ), ਕਿਛਿ, ਆਹਾ (ਕਹਿਆ) ਸਬਤੁ (ਸਰਬਤ੍) ਤਦ, ਵਚਿਤੇ (ਵਧਦੇ), ਪੋਤਾ, ਮੋਰ, ਬਾਮੁਣ, ਅੱਜ, ਚਲਨੰ (ਆਚਰਣ), ਪਲਤ (ਪਰਲੋਕ), ਮਅ (ਮੈਂ), ਰੁਛ (ਰੁਖ), ਲੱਧਾ, ਗਧਾ, ਲਹੁਕਾ (ਛੋਟਾ), ਕੇਮਨੇ (ਕੈਮ ਲਈ), ਕਤੁ, ਘਰ, ਪੱਛਾ (ਪਿਛੋਂ), ਮਰਨੰ, ਮੁਨਿਸਾ (ਮਨੁਖਾਂ), ਲਿਬੀ ਲਿਪੀ ਆਦਿਕ।

ਵਿਸਤਾਰ ਲਈ ਦੇਖੋ, 'ਅਸ਼ੋਕ ਕੀ ਧਰਮ ਲਿਪੀਆਂ' (ਕਾਸ਼ੀ ਨਾਗਰੀ ਪ੍ਰਚਾਰਣੀ ਸਭਾ)

4 **ਯੂਨਾਨੀ ਤੇ ਪੰਜਾਬੀ**—326 ਈ. ਪੂਰਬ ਵਿਚ ਮਹਾਨ ਸਕੰਦਰ ਦੀ ਜਰਨੈਲੀ ਹੇਠ ਪੰਜਾਬ ਉਤੇ ਯੂਨਾਨੀਆਂ ਦਾ ਹੱਲਾ ਹੋਇਆ, ਜਿਸ ਦਾ ਟਾਕਰਾ ਪੰਜਾਬ ਦੀ ਬਹਾਦਰ ਮਲਵਈ ਕੌਮ ਨੇ ਚੰਗੀ ਤਰ੍ਹਾਂ ਕੀਤਾ। ਅਖੀਰ ਯੂਨਾਨੀਆਂ ਨੂੰ ਬਿਆਸ ਤੋਂ ਮੋੜਾ ਪਾਉਣਾ ਪਿਆ। ਇਸ ਤੋਂ ਪਿਛੋਂ ਪੰਜਾਬ ਦਾ ਕੁਝ ਕੁ ਹਿਸਾ ਦੋ ਢਾਈ ਸੌ ਵਰ੍ਹੇ ਤਕ ਯੂਨਾਨੀ ਰਾਜ ਦੇ ਅਧੀਨ ਰਿਹਾ। ਇਨ੍ਹਾਂ ਦੇ ਦੋ ਰਾਜ-ਕੇਂਦਰ ਸਨ—ਟੈਕਸਿਲਾ ਤੇ ਸ਼ਾਕਲ (ਸਾਂਗਲਾ)। ਦੋਹੀਂ ਥਾਈਂ ਜੇਹਾ ਕਿ ਸਿੱਕਿਆਂ ਤੋਂ ਪ੍ਰਗਟ ਹੈ, ਲਗਭਗ ਚਾਲੀ ਰਾਜੇ ਹੋਏ।§

ਵਿਦਵਾਨ ਇਹ ਤਾਂ ਮੰਨਦੇ ਹਨ ਕਿ ਇਸ ਸਮੇਂ ਵਿਚ ਯੂਨਾਨੀਆਂ ਨੇ ਭਾਰਤੀ ਕਲਾ ਉਤੇ ਆਪਣੀ ਗਹਿਰੀ ਛਾਪ ਲਾਈ, ਜੇਹਾ ਕਿ ਟੈਕਸਲਾ ਦੀ ਮੂਰਤੀ ਕਲਾ ਤੋਂ ਪਰਗਟ ਹੈ। ਖਿਆਲ ਹੈ, ਇਸ ਅਰਸੇ ਵਿਚ ਯੂਨਾਨੀ ਭਾਸ਼ਾ ਦਾ ਵੀ ਪੰਜਾਬ ਦੀ ਬੋਲੀ ਉਤੇ ਕੁਝ ਨਾ ਕੁਝ ਅਸਰ ਜ਼ਰੂਰ ਪਿਆ ਹੋਵੇਗਾ। ਪਰ ਹੁਣ ਸ਼ਬਦ ਲੱਭਣੇ ਔਖਾ ਕੰਮ ਹੈ। ਸੁਰੰਙ, ਯਵਨਿਕਾ, ਯੂਨਾਨ, ਕੇਂਦਰ, ਹੋਰਜ਼ (hour ਘੰਟਾ ਹੋਰਾ ਚੱਕ੍ਰ), ਫੈਲਸੂਫ ਅਤੇ ਕਈ ਹੋਰ ਹਕੀਮੀ ਦੇ ਸ਼ਬਦ ਯੂਨਾਨੀ ਹਨ। ਹੁਣ ਅੰਗਰੇਜ਼ੀ ਰਾਹੀਂ ਵੀ ਯੂਨਾਨੀ ਪਦ ਕਈ ਆਏ ਹਨ ਪਰ ਇਨ੍ਹਾਂ ਨੂੰ ਅਸੀਂ ਅੰਗਰੇਜ਼ੀ ਹੀ ਕਹਿੰਦੇ ਹਾਂ, ਜਿਵੇਂ ਫੋਟੋਗਰਾਫੀ, ਪੁਲੀਸ ਆਦਿ।

ਇਸ ਸਮੇਂ ਜਾਂ ਕੁਝ ਅਗੋਂ ਪਿਛੋਂ ਸ਼ਕ, ਤੁਖਾਰ ਤੇ ਯੂਚੀ ਆਦਿ ਹੋਰ ਕੌਮਾਂ ਵੀ ਆਈਆਂ, ਪਰ ਇਹ ਸਭ ਕੌਮਾਂ ਆਰੀਆ-ਬੰਸੀ ਹੀ ਸਨ। ਇਹ ਗੱਲ ਸ਼੍ਰੀ ਓਝਾ, ਕੋਨੋ, ਜਾਯਸਵਾਲ ਤੇ ਲੇਵੀ ਆਦਿ ਵਿਦਵਾਨਾਂ ਦੀ ਖੋਜ ਨੇ ਸਿਧ ਕਰ ਦਿਤੀ ਹੈ (ਦੇਖੋ ਪੰਨਾ 55, ਭਾਰਤੀ ਵਾਂਙ ਮਜ਼ ਕੇ ਅਮਰ ਰਤਨ, ਕ੍ਰਿਤ ਜੈ ਚੰਦ੍ ਵਿਦਯਾਲੰਕਾਰ) ਇਕ ਦੋ ਦਲਾਂ ਵਿਚ ਹੁਣ ਵੀ ਆਏ ਤੇ ਪੱਛਮੀ ਪੰਜਾਬ ਵਿਚ ਉਨ੍ਹਾਂ ਕੁਝ ਸਮਾਂ ਰਾਜ ਵੀ ਕੀਤਾ ਪਰ ਉਨ੍ਹਾਂ ਦੇ ਪ੍ਰਭਾਵ ਦੇ ਚਿੰਨ੍ਹ ਅਜੇ ਖੋਜ ਵਿਚ ਨਹੀਂ ਆਏ ਤੇ ਨਾ ਹੀ ਇਹ ਪਤਾ ਲਗਦਾ ਹੈ ਕਿ ਉਨ੍ਹਾਂ ਦੀ ਬੋਲੀ ਦਾ ਪੰਜਾਬ ਦੀ ਬੋਲੀ ਉਤੇ ਕੀ ਅਸਰ ਪਿਆ।

5. **ਤੁਰਕੀ ਤੇ ਪੰਜਾਬੀ**—ਸੱਤਵੀਂ, ਅੱਠਵੀਂ ਸਦੀ ਤੋਂ ਪੰਜਾਬ ਵਿਚ ਅਰਬੀ, ਤੁਰਕੀ ਤੇ ਈਰਾਨੀ ਮੁਸਲਮਾਨ ਆਉਣੇ ਸ਼ੁਰੂ ਹੋਏ। ਹਿੰਦ ਦੇ ਪਹਿਲੇ ਮੁਸਲਮ ਸ਼ਾਹੀ ਖਾਨਦਾਨ ਗਜ਼ਨਵੀ, ਗੌਰੀ, ਗ਼ੁਲਾਮ ਤੇ ਬਾਬਰ ਆਦਿ ਮੁਗ਼ਲਾਂ ਦੀ ਮਾਤ-ਬੋਲੀ ਮੱਧ ਏਸ਼ੀਆ ਦੀ ਤੁਰਕੀ ਜ਼ਬਾਨ ਸੀ ਪਰੰਤੂ ਮੁਸਲਮਾਨ ਹੋਣ ਦੇ ਨਾਤੇ ਅਰਬੀ ਇਨ੍ਹਾਂ ਦੀ ਮਜ਼ਹਬੀ ਜ਼ਬਾਨ ਤੇ ਫਾਰਸੀ ਇਕ ਤਰ੍ਹਾਂ ਦੀ ਸਾਹਿਤਕ ਜ਼ਬਾਨ ਸੀ। ਇਸ ਲਈ ਸਿਧੇ ਤਰੀਕੇ ਨਾਲ ਜਾਂ ਜ਼ਿਆਦਾ ਫਾਰਸੀ ਦੇ ਰਾਹੀਂ ਤੁਰਕੀ ਤੇ ਅਰਬੀ ਸ਼ਬਦ ਸਾਡੀਆਂ ਜ਼ਬਾਨਾਂ ਵਿਚ ਕਾਫੀ ਆਏ।

ਪੰਜਾਬੀ ਵਿਚ ਚਾਲੂ, ਇਹ ਸ਼ਬਦ ਤੁਰਕੀ ਦੇ ਹਨ—

ਉਰਦੂ (ਉਜ਼ਦੂ), ਅੱਲਮ ਗੱਲਮ, ਏਲਚੀ, ਸਈਸ, ਸਰਾਇ, ਸਿਪਾਹੀ, ਸੁਗਾਤ, ਸੰਦੂਕ, ਹਲਵਾ, ਕਲਗੀ, ਕਿਲਾ, ਕੁਲੀ, ਕੈਂਚੀ, ਕੋਤਲ, ਕੁੰਮਕ, ਗਲੀਚਾ, ਚਾਕੂ, ਚਿਕ, ਚੀਲ੍ਹ, ਤਗਾਰੀ, ਤਮਗਾ, ਤੁਪਕ, ਤੁਰਕ, ਤੋਪ, ਦਰੋਗਾ, ਬਜ਼ਾਰ, ਬਹਾਦਰ, ਬਖਸ਼ੀ, ਬਾਵਰਚੀ, ਬਾਰੂਦ, ਬੀਬੀ, ਬੇਗਮ, ਮੁਚੱਲਕਾ, ਮੋਹਰ, ਲਫੰਗਾ, ਲਾਸ਼, ਵਲਾਇਤ।

6. **ਅਰਬੀ ਤੇ ਪੰਜਾਬੀ**—ਅਰਬੀ ਚੂੰਕਿ ਇਸਲਾਮ ਦੀ ਮਜ਼ਹਬੀ ਜ਼ਬਾਨ ਹੈ, ਇਸ ਲਈ ਮਜ਼ਹਬੀ ਲਫਜ਼ ਆਉਣੇ ਤਾਂ ਕੁਦਰਤੀ ਗੱਲ ਸੀ ਤੇ ਫਾਰਸੀ ਰਾਹੀਂ ਹੋਰ ਵੀ ਕਾਫੀ ਸ਼ਬਦ ਆਏ।

---

§ਭਾਰਤੀ ਇਤਿਹਾਸ ਕੀ ਭੂਮਿਕਾ (ਡਾ. ਰਾਜਬਲੀ ਪਾਂਡੇਯ) ਪੰਨਾ 192

ਇਸ ਤੋਂ ਇਲਾਵਾ ਖੋਜੀਆਂ ਦਾ ਇਹ ਵੀ ਖ਼ਿਆਲ ਹੈ ਕਿ ਜਦੋਂ ਅਰਬਾਂ ਨੇ ਸਪੇਨ ਤੇ ਪੁਰਤਗਾਲ ਉਤੇ ਕਬਜ਼ਾ ਕੀਤਾ, ਉਸ ਸਮੇਂ ਕਈ ਅਰਬੀ ਸ਼ਬਦ ਪੁਰਤਗਾਲੀ ਵਿਚ ਗਏ, ਫਿਰ 17ਵੀਂ, 18ਵੀਂ ਸਦੀ ਵਿਚ ਜਦੋਂ ਪੁਰਤਗਾਲੀ ਹਿੰਦ ਵਿਚ ਵਪਾਰ ਕਰਦੇ ਰਹੇ, ਉਸ ਸਮੇਂ ਉਨ੍ਹਾਂ ਰਾਹੀਂ ਵੀ ਕੁਝ ਅਰਬੀ ਸ਼ਬਦ ਇਥੇ ਆਏ। ਪਰੰਤੂ ਬਹੁਤੇ ਫ਼ਾਰਸੀ ਰਾਹੀਂ ਹੀ ਆਏ।

ਉੱਮਤ, ਉਮਰ, ਅਜੀਬ, ਅਮੀਰ, ਅਕਸ, ਅੱਕਲ, ਅਰਕ, ਅਨਰ, ਅਸਲ, ਅਹਿਮਕ, ਅੱਲ੍ਹਾ, ਅਸਾਮੀ, ਅਸਬਾਬ, ਆਖਰ, ਆਦਤ, ਆਫ਼ਤ, ਔਲਾਦ, ਇਸਤੀਫ਼ਾ, ਇਜਲਾਸ, ਇੱਜ਼ਤ, ਇਨਾਮ, ਇਮਾਰਤ, ਇਲਾਜ, ਈਮਾਨ, ਸ਼ਤਾਹ, ਸ਼ਰੀਅਤ, ਸਲਾਮ, ਸਲਾਮ, ਸ਼ਤਾਬ, ਸ਼ਰਬਤ, ਸੁੰਨਤ, ਸੂਰਤ, ਸ਼ਰਕ (ਸੜਕ), ਹਜ਼ਰਤ, ਹਜ਼ੂਰ, ਹਕੀਕਤ, ਹੱਦ, ਹਮਲਾ, ਹਮਾਮ, ਹਰਾਮ, ਹਵਾਲਾਤ, ਹਾਕਿਮ, ਹਾਲ, ਹਾਸ਼ੀਆ, ਹੁਕਮ, ਹੁੱਜਤ, ਹੈਵਾਨ, ਹੌਂਸਲਾ, ਕਸਮ, ਕਸਰ, ਕਸੂਰ, ਕਬਰ, ਕਮਾਲ, ਕਰਮਾਤ, ਕਾਇਦਾ, ਕਿਸਮਤ, ਕਿੱਸਾ, ਕਿਤਾਬ, ਕੀਮਤ, ਕੁਦਰਤ, ਖਜ਼ਲ, ਖ਼ਤ, ਖ਼ਬਰ, ਖ਼ਤਮ, ਖ਼ਰਾਬ, ਖ਼ਾਲਸਾ, ਖ਼ਿਆਲ, ਖ਼ਿਦਮਤ, ਗ਼ਰੀਬ, ਗ਼ੈਰਤ, ਜ਼ਕਾਤ, ਜ਼ਲਾਲ, ਜ਼ਲੂਸ, ਜ਼ਨਾਬ, ਜ਼ਵਾਬ, ਜ਼ਲਾਦ, ਜ਼ਰੂਰਤ, ਜ਼ਾਲਮ, ਜ਼ਾਹਲ, ਜ਼ਿਸਮ, ਤਅੱਸਬ, ਤਹਸੀਲ, ਤਕਦੀਰ, ਤਕੀਆ, ਤਸਦੀਕ, ਤਮਾਮ, ਤਰਫ, ਤਰੱਕੀ, ਤਾਦਾਦ, ਤਾਰੀਖ, ਤੂਤੀ, ਤੋਰ, ਦਫ਼ਾ, ਦੀਨ, ਦੀਵਾਨ, ਦੁਨੀਆ, ਦੌਲਤ, ਨਹਰ, ਨਕਲ, ਨਤੀਜਾ, ਨਬੀ, ਨੁਸਖਾ, ਫ਼ਕੀਰ, ਫ਼ਿਦਾ, ਫ਼ਿਕਰ, ਫ਼ੈਸਲਾ, ਬਹਿਸ, ਬਾਕੀ, ਬੁਖ਼ਾਰ, ਮਜ਼ਬ, ਮਜਬੂਰ, ਮਜ਼ਮੂਨ, ਮਸ਼ਹੂਰ, ਮਤਲਬ, ਮਦਦ, ਮਰਜ਼ੀ, ਮਅਲੂਮ, ਮਅਲ, ਮਿਹਨਤ, ਮਿਸਾਲ, ਮੁਸ਼ੱਕਤ, ਮੁਸਾਫ਼ਰ, ਮੁਹੱਬਤ, ਮੁਦਈ, ਮੁਕੱਦਮਾ, ਮੁਲਕ, ਮੌਸਮ, ਮੌਕਾ, ਮੌਲਵੀ, ਯਤੀਮ, ਰਈਅਤ, ਰੱਬ, ਰਸੂਲ, ਰਕਾਬ, ਲਫ਼ਜ਼, ਲਫ਼ਾਫ਼ਾ, ਲਾਇਕ, ਵਹਿਮ, ਵਕੀਲ, ਵਾਰਿਸ ਆਦਿਕ।

7. **ਫ਼ਾਰਸੀ ਤੇ ਪੰਜਾਬੀ**—ਫ਼ਾਰਸੀ ਈਰਾਨ ਦੀ ਬੋਲੀ ਹੈ ਜੋ ਕਿ ਇਕ ਹਜ਼ਾਰ ਵਰ੍ਹੇ ਦੇ ਲਗਭਗ ਮੁਸਲਮਾਨਾਂ ਦੇ ਰਾਜਨੀਤਕ ਪ੍ਰਭਾਵ ਕਾਰਣ 11ਵੀਂ ਸਦੀ ਤੋਂ ਲੈਕੇ 19ਵੀਂ ਸਦੀ ਦੇ ਅੱਧ ਤਕ ਲਗਾਤਾਰ ਅਠ ਸੌ ਵਰ੍ਹੇ ਪੰਜਾਬ ਦੀ ਰਾਜ-ਭਾਸ਼ਾ ਚਲੀ ਆਈ। ਗ਼ਜ਼ਨਵੀ ਜ਼ਮਾਨੇ ਦਾ ਮਸ਼ਹੂਰ ਇਤਹਾਸਕਾਰ 'ਬੈਹਕੀ', ਲਾਹੌਰ ਤੇ ਗ਼ਜ਼ਨੀ—ਫ਼ਾਰਸੀ ਦੇ ਦੋ ਕੇਂਦਰ ਗਿਣਦਾ ਹੈ। ਉਸ ਸਮੇਂ ਲਾਹੌਰ ਵਿਚ ਕਾਫੀ ਫ਼ਾਰਸੀ ਕਵੀ ਸਨ।

ਮੁਸਲਮਾਨੀ ਕਾਲ ਤੋਂ ਵੇਰ ਚਿਰ-ਪਹਿਲਾਂ ਵੀ ਪੰਜਾਬ ਦਾ ਈਰਾਨ ਨਾਲ ਸਬੰਧ ਪਿਆ, 6ਵੀਂ ਈ. ਪੂਰਬ ਸਦੀ ਤੋਂ ਚੌਥੀ ਈ. ਪੂਰਬ ਸਦੀ ਤਕ ਅੱਧਾ ਕੁ ਪੰਜਾਬ ਈਰਾਨੀਆਂ ਦੇ ਅਧੀਨ ਰਿਹਾ। ਇਸ ਸਮੇਂ ਵੀ ਪੁਰਾਣੀ ਫ਼ਾਰਸੀ ਦੇ ਕਈ ਸ਼ਬਦ ਸਾਡੀਆਂ ਬੋਲੀਆਂ ਵਿਚ ਆਏ। ਵਿਦਵਾਨਾਂ ਅਸ਼ੋਕੀ ਸ਼ਿਲਾਲੇਖਾਂ ਵਿਚ ਕਈ ਸ਼ਬਦ ਲੱਭੇ ਹਨ, ਜਿਵੇਂ—ਨਪਿਸਤਾ (ਨਵਿਸ਼ਤਾ), ਦਿਪੀ (ਲਿਪੀ), ਅਸਵਾਰੀ, ਛਤ੍ਰਪ (ਛਤ੍ਰਪਤੀ, ਹਾਕਮ) ਆਦਿ।‡

ਮੁਸਲਮਾਨੀ ਜ਼ਮਾਨੇ ਦੇ ਲੰਮੇਂ ਦੌਰ ਵਿਚ ਫ਼ਾਰਸੀ ਦਾ ਭਰਪੂਰ ਪ੍ਰਭਾਵ ਪਿਆ। ਇਸ ਪ੍ਰਭਾਵ ਦਾ ਇਕ ਪੱਕਾ ਸਿਟਾ ਇਹ ਵੀ ਹੋਇਆ ਕਿ ਇਕ ਨਵੀਂ ਜ਼ਬਾਨ 'ਉਰਦੂ' ਵਜੂਦ ਵਿਚ ਆਈ। ਜਿਥੇ ਸਰਕਾਰੀ ਦਫ਼ਤਰਾਂ ਵਿਚ ਨਿਤ ਪੈਂਦੇ ਕਾਰ ਵਿਹਾਰਾਂ, ਪੀਰਾਂ ਫ਼ਕੀਰਾਂ ਦੇ ਮੇਲ ਮਿਲਾਪਾਂ ਤੇ ਰਸੀਲੀ ਸ਼ਾਇਰੀ ਨੇ ਲੋਕਾਂ ਵਿਚ ਫ਼ਾਰਸੀ ਨੂੰ ਆਮ ਪ੍ਰਚਲਤ ਕੀਤਾ ਉਥੇ ਖਾਸ ਕਰਕੇ ਇਸਲਾਮੀ ਤਬਲੀਗ਼ ਨੇ ਫ਼ਾਰਸੀ ਦਾ ਘੇਰਾ ਬਹੁਤ ਚੌੜਾ ਕੀਤਾ। ਮੁਗ਼ਲ ਜ਼ਮਾਨੇ ਵਿਚ ਅਕਬਰ

‡ਡਾ: ਚੈਟਰਜੀ, ਇੰਡੋ ਆਰੀਅਨ ਐਂਡ ਹਿੰਦੀ, ਪੰਨਾ 94

ਸਮੇਂ ਰਾਜਾ ਟੋਡਰ ਮੱਲ ਦੀ ਨਿਗਰਾਨੀ ਹੇਠ ਮਹਿਕਮਾ ਮਾਲ ਦਾ ਸਾਰਾ ਕੰਮ ਫ਼ਾਰਸੀ ਵਿਚ ਹੋਣਾ ਸ਼ੁਰੂ ਹੋਇਆ। ਇਸ ਗੱਲ ਨੇ ਫ਼ਾਰਸੀ ਨੂੰ ਜਨ-ਸਾਧਾਰਣ ਵਿਚ ਹੋਰ ਫੈਲਾਇਆ।§

ਲੋਕ ਨੌਕਰੀਆਂ ਲਈ ਥਾਂ ਥਾਂ ਫ਼ਾਰਸੀ ਸਿਖਣ ਲਗੇ। ਮਸੀਤਾਂ ਮਦਰੱਸਿਆਂ ਵਿਚ ਤਮਾਮ ਹਿੰਦੂ ਮੁਸਲਮਾਨ ਫ਼ਾਰਸੀ ਰਾਹੀਂ ਹੀ ਮੁਢਲੀ ਵਿਦਿਆ ਪ੍ਰਾਪਤ ਕਰਦੇ ਸਨ। ਮੁਗ਼ਲ ਰਾਜ ਤੋਂ ਬਾਦ ਮ: ਰਣਜੀਤ ਸਿੰਘ ਦੇ ਰਾਜ ਸਮੇਂ ਵੀ ਪੰਜਾਬ ਵਿਚ ਫ਼ਾਰਸੀ ਨੂੰ ਇਲਮੀ ਤੇ ਦਰਬਾਰੀ ਜ਼ਬਾਨ ਹੋਣ ਦਾ ਮਾਣ ਮਿਲਿਆ ਰਿਹਾ। ਇਤਨੇ ਲੰਮੇ ਅਰਸੇ ਵਿਚ ਕਾਫ਼ੀ ਫ਼ਾਰਸੀ ਸ਼ਬਦਾਵਲੀ ਦਾ ਪੰਜਾਬੀ ਵਿਚ ਰਚਮਿਚ ਜਾਣਾ ਕੋਈ ਗ਼ੈਰ ਕੁਦਰਤੀ ਘਟਨਾ ਨਹੀਂ। ਕਈ ਚੀਜ਼ਾਂ, ਕਈ ਹੁਨਰ ਤੇ ਕਈ ਕੰਮ ਮੁਸਲਮਾਨਾਂ ਨਾਲ ਆਏ, ਉਨ੍ਹਾਂ ਦੇ ਨਾਂ ਤਾਂ ਨਾਲ ਆਉਣੇ ਜ਼ਰੂਰੀ ਸਨ। ਡਾ: ਚੈਟਰਜੀ ਨੇ ਬੰਗਾਲੀ ਵਿਚ ਢਾਈ ਹਜ਼ਾਰ ਫ਼ਾਰਸੀ ਸ਼ਬਦ ਹੋਣ ਦਾ ਅਨੁਮਾਨ ਲਾਇਆ ਹੈ। ਮੇਰਾ ਖ਼ਿਆਲ ਹੈ ਪੰਜਾਬੀ ਵਿਚ ਵੀ ਇਹ ਗਿਣਤੀ ਤਿੰਨ ਹਜ਼ਾਰ ਤੋਂ ਘਟ ਨਹੀਂ ਹੋਵੇਗੀ।

ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਪਹਿਲੇ ਪਹਿਲ ਜਦੋਂ ਦੋ ਕੌਮਾਂ ਮਿਲਦੀਆਂ ਹਨ, ਤਾਂ ਉਲਥਈ ਸ਼ਬਦ-ਜੋੜੇ (Translation Compound) ਚਲਦੇ ਹਨ। ਫ਼ਾਰਸੀ ਤੇ ਪੰਜਾਬੀ ਬੋਲਣਹਾਰਿਆਂ ਦੇ ਮੇਲ ਸਮੇਂ ਵੀ ਇਹੋ ਗੱਲ ਹੋਈ ਜੇਹਾ ਕਿ ਇਨ੍ਹਾਂ ਜੜ੍ਹੁੱਤਾਂ ਤੋਂ ਪ੍ਰਗਟ ਹੈ। ਇਨ੍ਹਾਂ ਵਿਚ ਇਕ ਫ਼ਾਰਸੀ ਸ਼ਬਦ ਹੈ ਤੇ ਇਕ ਦੇਸੀ ਜਿਵੇਂ-ਖ਼ਤ ਪੱਤਰ, ਖ਼ਬਰ ਸੁਰਤ, ਧਨ ਦੌਲਤ, ਵਿਆਹ ਸ਼ਾਦੀ, ਅਨੰਦ ਖ਼ੁਸ਼ੀ, ਖੇਲ ਤਮਾਸ਼ਾ, ਸਾਗ ਸਭਜ਼ੀ, ਲੱਜਿਅ ਸ਼ਰਮ, ਹੱਟ ਬਾਜ਼ਾਰ, ਲਾਉ ਲਸ਼ਕਰ, ਗਲੀ ਕੂਚਾ, ਮੂੰਹ ਜ਼ਬਾਨੀ, ਵਾੜੀ ਬਗੀਚਾ, ਕਾਲਾ ਸਿਆਹ, ਲਾਲ ਸੁਰਖ਼ ਆਦਿਕ।

ਪਰ ਮੇਰੇ ਖਿਆਲ ਵਿਚ ਇਹ ਜੜ੍ਹੁੱਤ ਸ਼ਬਦ ਮਨੁੱਖ ਦੀ ਉਸ ਰੁਚੀ ਦਾ ਸਿਟਾ ਹਨ ਜਿਸ ਰਾਹੀਂ ਉਹ ਸਹਿਜ-ਸੁਭਾ ਨਿਰਾਰਥਕ ਜਾਂ ਸਾਰਥਕ ਵਾਧੂ ਸ਼ਬਦ ਲਗਾ ਕੇ 'ਆਦਿਕ' ਜਾਂ 'ਵਗ਼ੈਰਾ' ਦਾ ਭਾਵ ਪਰਗਟ ਕਰਦਾ ਹੈ ਜਿਵੇਂ ਜਲ ਪਾਣੀ, ਰੋਟੀ ਰਾਟੀ; ਸੰਭਵ ਹੈ ਕੁਝ ਉਲਥਈ ਜੋੜੇ ਵੀ ਹੋਣ।

ਫ਼ਾਰਸੀ ਅਸਰ ਨਾਲ ਕਈ ਨਵੀਆਂ ਧੁਨੀਆਂ ਦਾ ਵੀ ਪੰਜਾਬੀ ਵਿਚ ਪ੍ਰਵੇਸ਼ ਹੋਇਆ –ਜ਼, ਸ਼, ਖ਼, ਗ਼, ਫ਼। ਇਨ੍ਹਾਂ ਵਿਚੋਂ 'ਸ਼' ਭਾਵੇਂ ਸੰਸਕ੍ਰਿਤ ਵਿਚ ਤਾਂ ਸੀ ਪਰ ਪੰਜਾਬੀ ਵਿਚ ਇਹ ਆਵਾਜ਼ ਵਰਤੀ ਨਹੀਂ ਜਾਂਦੀ ਸੀ। ਫ਼ਾਰਸੀ ਅਸਰ ਨੇ ਸ਼ ਤੇ ਜ਼ ਦੀ ਵਰਤੋਂ ਆਮ ਚਲਾਈ। ਕਈ ਸੱਜਣਾਂ ਅਣਜਾਣਪੁਣੇ ਵਿਚ ਇਹ ਰਾਇ ਜ਼ਾਹਰ ਕੀਤੀ ਹੈ ਕਿ ਫ਼ਾਰਸੀ ਕ੍ਰਿਆਵੀ ਬਣਤਰ ਦਾ ਵੀ ਪੰਜਾਬੀ ਉਤੇ ਅਸਰ ਪਿਆ, ਜਿਵੇਂ ਲਹਿੰਦੀ ਵਿਚ ਭਵਿਓਮਿ, ਥੀਓਮਿ। ਪਰ ਇਹ ਭੁੱਲ ਹੈ, ਅਸਲ ਗੱਲ ਇਹ ਹੈ ਕਿ ਸੰਸਕ੍ਰਿਤ, ਪ੍ਰਾਕ੍ਰਿਤ ਵਿਚ ਵੀ ਉਤਮ ਪੁਰਸ਼ ਦਾ ਚਿੰਨ੍ਹ 'ਮਿ' ਮੌਜੂਦ ਹੈ, ਜਿਵੇਂ ਗਚ੍ਛਾਮਿ-ਮੈਂ ਜਾਂਦਾ ਹਾਂ, ਭਵਾਮਿ, ਇਛ੍ਛਾਮਿ, 'ਇਹੋ 'ਮਿ' ਲਹਿੰਦੀ ਪੰਜਾਬੀ ਵਿਚ ਕਾਇਮ ਹੈ, ਇਹ ਫ਼ਾਰਸੀ ਵਲੋਂ ਨਹੀਂ ਆਇਆ। ਇਵੇਂ ਜਿਵੇਂ ਇਕ ਹੋਰ ਸਜਣ ਲਿਖਦੇ ਹਨ ਕਿ 'ਆ' ਲਾਕੇ ਬਹੁ ਵਚਨ ਬਣਾਉਣ ਦੀ ਰੀਤ ਵੀ ਪੰਜਾਬੀ ਵਿਚ ਫ਼ਾਰਸੀ ਤੋਂ ਆਈ, ਇਹ ਵੀ ਗ਼ਲਤ ਹੈ। ਪੰਜਾਬੀ ਦਾ ਪਿੱਛਾ ਜਾਣਨਹਾਰੇ ਇਹ ਗੱਲ ਚੰਗੀ ਤਰ੍ਹਾਂ ਸਮਝਦੇ ਹਨ ਕਿ ਸੰਸਕ੍ਰਿਤ ਪ੍ਰਾਕ੍ਰਿਤ ਵਿਚ 'ਆਨ' ਜਾਂ 'ਆਮ੍' ਪ੍ਰਤਯਯ ਲਗ ਕੇ ਬਹੁਵਚਨ ਬਣ ਜਾਂਦਾ ਹੈ ਜਿਵੇਂ ਪੁਤ੍ਰਾਨ,

§ਡਾ: ਚੈਟਰਜੀ, ਇੰਡੋ ਆਰੀਅਨ ਐਂਡ ਹਿੰਦੀ, ਪੰਨਾ 128

ਪੁਰਾਣਾਂ, ਇਸੇ ਅਨੁਨਾਸਕ ਦੀ ਪੰਜਾਬੀ ਵਿਚ ਬਿਦੀ ਬਣ ਕੇ ਪੁੱਤਰਾਂ' ਬਣ ਗਿਆ ਹੈ, ਇਹ ਫ਼ਾਰਸੀ ਅਸਰ ਨਹੀਂ; ਹਾਂ ਪੰਜਾਬ ਵਿਚ ਫ਼ਾਰਸੀ ਦੇ ਅਕ੍ਰੇਤਰ ਪਿਛੇਤਰ ਕਾਫੀ ਚਾਲੂ ਹੋਏ ਹਨ— ਬੰ, ਲਾ, ਨ, ਗਰ, ਆਦਿ ।

ਹੁਣ ਅਸੀ ਕੁਝ ਫ਼ਾਰਸੀ ਸ਼ਬਦ ਦਿੰਦੇ ਹਾਂ ਜੋ ਪੰਜਾਬੀ ਵਿਚ ਘੁਲ ਮਿਲ ਗਏ ਹਨ, ਇਨ੍ਹਾਂ ਵਿਚ ਤੁਸੀ ਤਤਸਮ ਨਾਲ ਤੇ ਕਈ ਤਦਭਵ ।

ਉਮੀਦ, ਅਫ਼ਵਾਹ, ਆਵਾਜ਼, ਅਨਾਰ, ਅਫ਼ਸੋਸ, ਆਤਸ਼ਬਾਜ਼ੀ, ਆਰਾਮ, ਆਮਦਨੀ, ਇਤਾਦਿ, ਸ਼ੁਤਾਬੀ, ਸਤਕਾਰ, ਸਰਦਾਰ ਸ਼ਿਕਾਤ, ਸਿਰੋਪਾ, ਸਿਤਾਰ, ਸੇਬ, ਹਜ਼ਾਰ, ਹਿੰਦ, ਕਮਜ਼ਾਤ, ਕਮੀਜ਼, ਕਾਰੀਗਰ, ਕੁਰਤੀ, ਕੂਚਾ, ਖਰੀਦ, ਖਾਕ, ਖਾਲਸਾ, ਖੁਦਾ; ਖੂਬ, ਗਰਦ, ਗਵਾਹ, ਗਰਮ, ਗ੍ਰਿਫਤਾਰ, ਗੁਲੂਬੰਦ, ਗੁਲਾਬ, ਗੋਸ਼ਤ, ਚਰਖਾ, ਚਾਦਰ, ਚਾਬਕ, ਚਿਲਮ, ਜ਼ਬਾਨ, ਜਾਦੂਗਰ ਜਿਗਰ, ਜ਼ਿਮੀਨ, ਜਾਗੀਰ, ਜ਼ਿੰਦਗੀ, ਜੁਰਮਾਨਾ, ਜੋਸ਼, ਜੰਗ, ਤਸ਼ਤਰੀ, ਤਨਖ਼ਾਹ, ਤਹਿਮਤ, ਤਖਤ, ਤਾਜ਼ਾ, ਤੀਰ, ਤੇਜ਼, ਤੇਸਾ, ਦਰਬਾਰ, ਦਾਦ, ਦਰਿਆ, ਦਸਤਾਰ, ਦਸਤੂਰ, ਦਲਾਲ, ਦਿਲ, ਦਿਮਾਗ, ਦੀਦਾ, ਦੀਵਾਰ, ਦੁਕਾਨ, ਦੋਸਤ, ਦੰਗਲ, ਨਸਾਰ, ਨਜ਼ਦੀਕ, ਨਖਰਦ, ਨਿਜ਼ਾਮ, ਨੌਬਤ, ਨੌਜੁਆਨ, ਪਰਹੇਜ਼, ਪਰਜਾ, ਪਲੀਤ, ਪਾਜਾਮਾ, ਪੁਰਜ਼ਾ, ਪੇਸ਼ਾ, ਪੈਮ ਨਾ, ਪੈਗੰਬਰ, ਫੁਰਮਾਨ, ਬਦਾਸ, ਬਹਾਦ, ਬਰਾਬਰ, ਬਾਜੂਬੰਦ, ਬੀਮਾਰ, ਬੁਲਬੁਲ, ਬੇਹੂਦਾ, ਮਾਤ, ਮਜ਼ਦੂਰ; ਮਾਲਸ਼, ਮੁਫਤ, ਮੁਰਗਾ, ਮੁਨੱਕਾ, ਮੋਰਚਾ, ਮੋਹਰਾਕਸ਼ੀ, ਯਾਦ, ਯਾਰ, ਰਾਹ, ਰੁਮਾਲ, ਰੋਗਨ, ਰੋਜ਼ਾ, ਲਸ਼ਕਰ ਆਦਿ ।

8. **ਪਸ਼ਤੋ ਤੇ ਪੰਜਾਬੀ**—ਪਸ਼ਤੋ ਸੂਬਾ ਸਰਹੱਦ ਤੇ ਅਫਗਾਨਿਸਤਾਨ ਵਿਚ ਵਸਦੇ ਪਠਾਣਾਂ ਦੀ ਜ਼ਬਾਨ ਹੈ ਜੋ ਕਿ ਪੰਜਾਬੀ ਦੀ ਗੁਆਂਢਣ ਹੈ । ਚੂੰਕਿ ਲਗਾਤਾਰ ਸੱਤ ਅੱਠ ਸੌ ਵਰ੍ਹੇ ਤੋਂ ਇਸ ਪਾਸੇ ਵਲੋਂ ਹੀ ਪੰਜਾਬ ਤੇ ਬਾਕੀ ਹਿੰਦ ਉਤੇ ਮੁਸਲਮਾਨੀ ਪ੍ਰਭਾਵ ਪੈਂਦਾ ਰਿਹਾ ਇਸ ਲਈ ਪਠਾਣਾਂ ਦੀ ਇਸ ਚਿਰੰਕਾਲੀ ਆਵਾਜਾਈ ਨੇ ਪੰਜਾਬੀ ਉਤੇ ਕੁਝ ਕੁਝ ਅਸਰ ਪਾਇਆ । ਪ੍ਰੋ: ਸੀਤਾ ਰਾਮ ਬਾਹਰੀ ਦੇ ਮਤ ਅਨੁਸਾਰ ਸ਼, ਖ, ਤੇ ਜ਼ ਆਦਿ ਦੀਆਂ ਆਵਾਜ਼ਾਂ ਇਸੇ ਅਸਰ ਦਾ ਸਿਟਾ ਹਨ ।‡

ਗੌਰੀ, ਲੋਧੀ ਤੇ ਸੂਰੀ ਖਾਨਦਾਨ ਦੇ ਬਾਦਸ਼ਾਹ ਪਠਾਣ ਹੀ ਸਨ ਪਰ ਇਨ੍ਹਾਂ ਦੇ ਰਾਜ ਸਮੇਂ ਫਾਰਸੀ ਹੀ ਰਾਜ-ਭਾਸ਼ਾ ਰਹੀ ਜੋ ਕਿ ਅੰਤਰ-ਪ੍ਰਾਂਤੀ ਤੇ ਅੰਦਰ-ਦੇਸੀ ਮਹੱਤਤਾ ਰਖਦੀ ਸੀ । ਫੌਜਾਂ ਵਿਚ ਤੇ ਬਾਕੀ ਨੌਕਰੀਆਂ ਵਿਚ ਪਠਾਣਾਂ ਦਾ ਕਾਫੀ ਜ਼ੋਰ ਰਿਹਾ, ਫਿਰ ਕਾਫੀ ਪਠਾਣ ਖ਼ਾਨਦਾਨ ਜਾਗੀਰਾਂ ਮਿਲ ਜਾਣ ਕਾਰਣ ਇਧਰ ਹੀ ਵਸ ਗਏ । ਬਾਦ ਵਿਚ ਅਹਿਮਦ ਸ਼ਾਹ ਅਬਦਾਲੀ ਦੇ ਹੱਲਿਆਂ ਵੇਲੇ ਤੇ ਮ: ਰਣਜੀਤ ਸਿੰਘ ਦੇ ਰਾਜ ਸਮੇਂ ਪੰਜਾਬੀਆਂ ਦਾ ਪਠਾਣਾਂ ਨਾਲ ਤਕੜਾ ਵਾਹ ਪਿਆ । ਪਰ ਰਾਜ-ਭਾਸ਼ਾ ਫਾਰਸੀ ਹੋਣ ਕਰਕੇ ਵਾਰਤਾਲਾਪ ਦਾ ਮਾਧਿਅਮ ਜ਼ਿਆਦਾ ਇਹੋ ਹੀ ਸੀ । ਫਿਰ ਪਸ਼ਤੋ ਦੀ ਸਾਹਿਤਕ ਜਾਂ ਕੋਈ ਮਜ਼ਬੂਤ ਮਹੱਤਤਾ ਵੀ ਨਹੀਂ ਸੀ, ਇਸ ਲਈ ਇਸ ਦੇ ਸ਼ਬਦ ਨਹੀਂ ਮਾਤਰ ਆਏ । ਕੁਝ ਸ਼ਬਦ—

ਅੱਟੀ, ਚਿੜਕੀ, ਹੀਜੜਾ, ਕੁੱਬਾ, ਗਿਲਜਾ, ਗੁਆਂਢੀ, ਗਿੱਟਾ, ਚਣਾ, ਚੰਡਾ, ਪਠਾਣ, **ਪੀੜ, ਮਾੜੀ** (ਮਹਲ), ਮੂੜੀ, ਰੰਬੀ, ਲੁਡੀ, ਆਦਿ ।

9. **ਸਾਧੂ-ਭਾਸ਼ਾ ਤੇ ਪੰਜਾਬੀ**—ਸਾਧੂ-ਭਾਸ਼ਾ, ਸੰਤ-ਭਾਸ਼ਾ ਜਾਂ 'ਸਾਧੂਕੜੀ' ਉਹ ਸਾਂਝੀ ਹਿੰਦੁਸਤਾਨੀ ਜ਼ਬਾਨ ਸੀ, ਜੋ ਹਿੰਦ ਭਰ ਦੇ ਸਾਧੂਆਂ, ਭਗਤਾਂ ਜੋਗੀਆਂ, ਸਿਧਾ ਨਾਥਾਂ ਤੇ ਪੀਰਾਂ ਫਕੀਰਾਂ ਵਿਚ ਵਰਤੀ ਸਮਝੀ ਜਾਂਦੀ ਸੀ । ਇਸ ਦਾ 10ਵੀਂ ਤੋਂ 16ਵੀਂ ਸਦੀ ਤਕ ਜ਼ੋਰ ਰਿਹਾ ।

‡ਪੰਜਾਬੀ ਦੁਨੀਆਂ (ਨਵੰਬਰ 1950)

ਭਾਵੇਂ ਇਸ ਸਮੇਂ ਰਾਜ-ਭਾਸ਼ਾ ਫਾਰਸੀ ਸੀ ਪਰ ਆਖਰ ਤਾਂ ਉਹ ਬਿਦੇਸੀ ਜ਼ਬਾਨ ਹੀ ਸੀ। ਇਸ ਲਈ ਸੰਤਾਂ ਸਾਧੂਆਂ ਦੀ ਬਦੌਲਤ ਇਕ ਨਵੀਂ ਸੰਤ ਭਾਖਾ ਵਜੂਦ ਵਿਚ ਆਈ ਜਿਸ ਰਾਹੀਂ ਉਹ ਲੋਕਾਂ ਨੂੰ ਆਪਣੇ ਧਾਰਮਕ ਉਪਦੇਸ਼ ਸਮਝਾਉਂਦੇ ਸਨ।

ਇਨ੍ਹਾਂ ਸੰਤਾਂ ਸਾਧਾਂ ਵਿਚ ਜ਼ਿਆਦਾ ਪ੍ਰਧਾਨਤਾ ਜੋਗੀਆਂ ਜਾ ਸਿੱਧਾਂ ਨੂੰ ਹੀ ਪ੍ਰਾਪਤ ਸੀ ਅਤੇ ਇਹ ਲੋਕ ਵੀ ਜ਼ਿਆਦਾਤਰ ਪੰਜਾਬ ਦੇ ਜੰਮੇ ਜਾਏ ਸਨ। ਗੋਰਖ ਨਾਥ, ਮਛੰਦਰ ਨਾਥ, ਚਰਪਟ ਨਾਥ, ਚੌਰੰਗੀ ਨਾਥ, ਬਾਬਾ ਰਤਨ ਆਦਿ ਇਹ ਸਭ ਪੰਜਾਬ ਦੇ ਹੀ ਮੁਖੀਏ ਜੋਗੀ ਸਨ। ਇਨ੍ਹਾਂ ਦੀ ਕਿਰਪਾ ਨਾਲ ਜਿਥੇ 'ਸਾਧ-ਭਾਸ਼ਾ' ਵਿਚ ਪੰਜਾਬੀ ਦਾ ਭਰਪੂਰ ਪ੍ਰਭਾਵ ਪਿਆ ਉਥੇ ਮੁੜਕੇ ਇਸ ਸਾਧ ਭਾਸ਼ਾ ਰਾਹੀਂ ਪੰਜਾਬੀ ਸੰਤ-ਸਾਹਿੱਤ ਵਿਚ ਢੇਰ ਧਾਰਮਿਕ ਸ਼ਬਦਾਵਲੀ ਆਈ ਜੋ ਕਿ ਗੁਰੂਆਂ ਦੀ ਬਾਣੀ ਤੇ ਭਾਈ ਗੁਰਦਾਸ ਜੀ ਦੀ ਪੰਜਾਬੀ ਰਚਨਾ ਤੋਂ ਪਰਤੱਖ ਜ਼ਾਹਰ ਹੈ। ਇਸ ਤੋਂ ਬਾਦ ਵਿਚ ਲਿਖੀਆਂ ਗਈਆਂ ਪੰਜਾਬੀ ਵਾਰਤਕ ਰਚਨਾਵਾਂ ਤੇ ਟੀਕਿਆਂ ਵਿਚ ਵੀ ਸਾਧ-ਭਾਸ਼ਾ ਦਾ ਗਹਿਰਾ ਅਸਰ ਦਿਖਾਈ ਦੇਂਦਾ ਹੈ।

ਸਾਧ-ਭਾਸ਼ਾ ਦਰਅਸਲ ਹਿੰਦੁਸਤਾਨ ਦੀ ਸਰੇਸ਼ਟ ਸਾਂਝੀ ਭਾਸ਼ਾ ਸੀ, ਜਿਸ ਨੇ ਹਰ ਪ੍ਰਾਂਤ ਦੀ ਬੋਲੀ ਨੂੰ ਪ੍ਰਭਾਵਤ ਕੀਤਾ ਪਰ ਇਹ ਪ੍ਰਭਾਵ ਜ਼ਿਆਦਾ ਧਾਰਮਿਕ ਰੰਗ ਦਾ ਹੀ ਸੀ। ਪੰਜਾਬੀ ਵਿਚ ਵੀ ਬਹੁਤੀ ਧਾਰਮਿਕ ਸ਼ਬਦਾਵਲੀ ਇਸੇ ਰਾਹੋਂ ਆਈ। ਸਨ ਇਹ ਜ਼ਿਆਦਾ ਸੰਸਕ੍ਰਿਤ ਸ਼ਬਦ ਹੀ—

ਅਨਾਹਦ, ਅਨਦ ਬਿਨੋਦ, ਆਦੇਸ, ਆਦਿ ਪੁਰਖ; ਅਮ੍ਰਿਤਧਾਰਾ, ਉਨਮਨ, ਓਅੰਕਾਰ; ਓਤਪੋਤ; ਅਗਮ ਅਗੋਚਰ: ਅਜਪਾ ਜਾਪ, ਅਲੇਪ, ਆਤਮਗਿਆਨ, ਆਵਾਗੌਣ; ਆਸਾ ਮਨਸਾ; ਇੜਾ ਪਿੰਗਲਾ; ਸੁਖਮਨਾ; ਸਕਾਰਥ; ਸਹਿਜ; ਸਬਦ ਸੁਰਤਿ, ਸਨਮੁਖ; ਸਾਧਸੰਗਤ, ਸਿਧਾਸਣ, ਕਿੰਗਰੀ, ਖਟ ਚੱਕ੍ਰ, ਗਿਆਨ ਧਿਆਨ, ਗੁਰੂ, ਗੁਰਮੁਖ, ਗੁਰਮਤਿ, ਘਟ ਘਟ, ਚਰਣ ਕਮਲ, ਚਾਰ ਵਰਨ, ਜੁਗ ਜੁਗ, ਠਾਕਰ, ਡੰਡੋਤ, ਤ੍ਰਿਕੁਟੀ, ਤੁਰੀਆ ਪਦ, ਤ੍ਰੈਗੁਣ, ਨਾਦ ਵੇਦ, ਨਵਨਿਧਿ, ਨਿਹਚਲ, ਨਿਰਗੁਣ ਸਰਗੁਣ, ਪਰਮ ਪਦ, ਪਰਮ ਹੰਸ, ਪਰਮਾਰਥ, ਪਿਰਮ ਪਿਆਲਾ ਪੁਰਾਨ ਕੁਰਾਨ, ਪੰਥ. ਬ੍ਰਹਿਮ ਗਿਆਨ, ਭਗਤ ਵਛਲ. ਭਵ ਸਾਗਰ, ਭਾਉ ਭਗਤਿ, ਮੂਲਮੰਤ੍ਰ, ਰਕਤ ਬਿੰਦ, ਰਾਮ ਰਹੀਮ, ਰਹਿਰਾਸ, ਰਿਧਸਿਧਿ, ਲਿਵਲੀਨ, ਵਿਸਮਾਦ, ਵੇਦ ਕਿਤੇਬ ਆਦਿ।

10. **ਬ੍ਰਿਜ-ਭਾਸ਼ਾ ਤੇ ਪੰਜਾਬੀ**—ਡਾ: ਧੀਰੇਂਦਰ ਵਰਮਾ ਦੇ ਲਿਖਣ ਅਨੁਸਾਰ ਮਥਰਾ, ਅਲੀਗੜ੍ਹ, ਆਗਰਾ ਤੇ ਧੌਲਪੁਰ ਦੇ ਇਲਾਕੇ ਦੀ ਬੋਲੀ ਬ੍ਰਿਜ ਹੈ, ਜੋ ਕਿ ਸੋਲ੍ਹਵੀਂ ਸਦੀ ਵਿਚ ਕ੍ਰਿਸ਼ਨ-ਭਗਤਾਂ ਦੀ ਮੇਹਰਵਾਨੀ ਨਾਲ ਸਾਹਿਤਕ ਜ਼ਬਾਨ ਬਣਕੇ 'ਬ੍ਰਿਜ ਭਾਸ਼ਾ' ਅਖਵਾਈ। 'ਬ੍ਰਿਜ' ਦਾ ਲਫਜ਼ੀ ਮਾਅਨਾ ਘੁੰਮਣਾ ਹੈ, ਇਸ ਧਰਤੀ ਵਿਚ ਚੂੰਕਿ ਕ੍ਰਿਸ਼ਨ ਜੀ ਗਊਆਂ ਚਾਰਦੇ ਘੁੰਮਦੇ ਰਹੇ, ਇਸ ਲਈ ਇਹ 'ਬ੍ਰਿਜ ਭੂਮੀ' ਕਹਾਉਂਦੀ ਹੈ ਤੇ ਮਥਰਾ ਇਸ ਦਾ ਕੇਂਦਰ ਹੈ।

ਹਿੰਦ ਵਿਚ ਨਿਰਗੁਣਵਾਦੀ ਸੰਪ੍ਰਦਾ ਦੇ ਅਸਫਲ ਹੋ ਜਾਣ ਕਾਰਣ ਸਰਗੁਣ ਉਪਾਸਨਾ ਦੀ ਰੀਤ ਚਲੀ, ਜਿਸ ਵਿਚ ਜੋ ਦੇਵ, ਨਿੰਬਾਰਕ, ਚੇਤੰਨ ਪ੍ਰਭੂ ਤੇ ਵੱਲਭਾਚਾਰਜ ਆਦਿਕ ਭਗਤਾਂ ਲੋਕਾਂ ਨੂੰ ਕ੍ਰਿਸ਼ਨ ਭਗਤੀ ਦ੍ਰਿੜ੍ਹਾਈ। ਰਾਮਾਨੰਦ ਤੇ ਵੱਲਭਾਚਾਰਜ ਦੇ ਉਪਦੇਸ਼ਾਂ ਨੇ ਬ੍ਰਿਜ ਭਾਸ਼ਾ ਦੇ ਸਾਹਿਤ ਦੀਆਂ ਬੁਨਿਆਦਾਂ ਰਖੀਆਂ। ਵੱਲਭਾਚਾਰਯ (1535-1587 ਵਿ.) ਨੇ ਭਾਵੇਂ ਆਪ

---

‡ਡਾ. ਪੀਤੰਬਰ ਦੱਤ ਬੜਥਵਾਲ ਲਿਖਦੇ ਹਨ, 'ਕੁਝ ਸਮਾਲੋਚਕਾਂ ਵਾਂਙ ਇਸ ਉਤੇ ਰਾਜਸਥਾਨੀ ਤੇ ਪੰਜਾਬੀ ਦਾ ਪ੍ਰਭਾਵ ਪਰਵਾਣ ਕਰ ਲੈਣ ਦੀ ਥਾਂ ਇਹ ਠੀਕ ਹੋਵੇਗਾ ਕਿ ਇਨ੍ਹਾਂ ਦੀ ਬੋਲੀ ਨੂੰ ਉਸ ਸਮੇਂ ਦੀ ਪ੍ਰਚਲਤ 'ਸਧੁਕੜੀ ਭਾਸ਼ਾ' ਮੰਨ ਲਿਆ ਜਾਵੇ।'

[ਹਿਦੀ ਕਾਵਜ ਮੇਂ ਨਿਰਗੁਣ ਸੰਪ੍ਰਦਾਯ, ਪੰਨਾ 385]

ਕਵਿਤਾ ਤਾਂ ਨਹੀਂ ਲਿਖੀ ਪਰੰਤੂ ਉਨ੍ਹਾਂ ਦੇ ਪੁਤਰ ਵਿਠਲ ਨਾਥ ਨੇ ਅਸ਼ਟ ਛਾਪ (ਅੱਠ ਮਸ਼ਹੂਰ ਕਵੀ-ਸੂਰਦਾਸ, ਕੁੰਭਨਦਾਸ, ਪਰਮਾਨੰਦ ਦਾਸ, ਕ੍ਰਿਸ਼ਣ ਦਾਸ, ਗੋਬਿੰਦ ਸੁਆਮੀ, ਨੰਦ ਦਾਸ, ਛੀਤ ਸੁਆਮੀ, ਤੇ ਚਤੁਰ ਭੁਜ ਦਾਸ) ਥਾਪ ਕੇ ਸਾਹਿਤ ਰਚਨਾ ਲਈ ਉਤਸ਼ਾਹ ਪੈਦਾ ਕੀਤਾ। ਬ੍ਰਿਜ ਭਾਸ਼ਾ ਦਾ ਸਾਹਿਤ ਜ਼ਿਆਦਾ ਸ਼ਿੰਗਾਰ ਰਸ ਭਰਿਆ ਹੈ, ਸੂਰਦਾਸ ਨੇ ਇਸ ਦੀ ਬੁਨਿਆਦ ਰਖੀ ਪਰ ਇਨ੍ਹਾਂ ਦਾ ਸ਼ਿੰਗਾਰ ਭਗਤੀ-ਭਰਪੂਰ ਹੈ। ਇਸ ਤੋਂ ਪਿਛੋਂ ਕਵੀ ਕੇਸ਼ਵਦਾਸ ਨੇ 'ਰਸਿਕ ਪ੍ਰਿਯਾ' ਤੇ 'ਕਵੀ ਪ੍ਰਿਯਾ' ਜੇਹੀਆਂ ਕਿਤਾਬਾਂ ਲਿਖਕੇ ਸ਼ਿੰਗਾਰ ਦੀ ਨੀਂ ਵਗਾਈ। ਦਰਅਸਲ ਬ੍ਰਿਜ-ਭਾਸ਼ਾ ਦਾ ਸਾਰਾ ਸਾਹਿਤ ਰਾਧਾ ਕ੍ਰਿਸ਼ਣ ਦੇ ਪ੍ਰੇਮ ਦੀ ਬੰਸਤੀ ਦੀ ਗੂੰਜ ਹੈ। ਕਈਆਂ ਕਵੀਆਂ ਇਸ ਦੇ ਆਸਰੇ 'ਨਾਇਕ ਭੇਦਾਂ' ਵਿਚ ਆਪਣੇ ਮਨ ਦੀ ਭੜਾਸ ਵੀ ਕੱਢੀ ਹੈ। ਇਸ ਲਈ ਅਸੀਂ ਇਸ ਨੂੰ 'ਕੋਕ ਸ਼ਾਸਤ੍ਰੀ-ਕਵਿਤਾ' ਵੀ ਕਹਿ ਸਕਦੇ ਹਾਂ। ਬਿਹਾਰੀ, ਦੇਵ, ਚਿੰਤਾਮਣਿ, ਆਲਮ, ਮਤੀ ਰਾਮ, ਸੈਨਾਪਤਿ, ਪਦਮਾਕਾਰ ਆਦਿ ਅਨੇਕਾਂ ਰੀਤੀ ਕਾਲ ਦੇ ਸ਼ਿੰਗਾਰੀ ਕਵੀ ਹੋਏ, ਜਿਨ੍ਹਾਂ ਖੂਬ ਸੁਆਦੀ ਬਣ ਕੇ ਬ੍ਰਿਜ ਭਾਸ਼ਾ ਨੂੰ ਚਮਕਾਇਆ।‡

ਕ੍ਰਿਸ਼ਣ ਭਗਤੀ ਦੇ ਪਰਚਾਰ ਨਾਲ ਬ੍ਰਿਜ-ਭਾਸ਼ਾ ਨੂੰ ਵੀ ਬਾਕੀ ਪ੍ਰਾਂਤਾਂ ਵਿਚ ਜਾਣ ਦਾ ਮੌਕਾ ਮਿਲਿਆ। ਇਉਂ ਇਹ ਇਕ ਤਰ੍ਹਾਂ ਸੋਲ੍ਹਵੀਂ ਸਤਾਰ੍ਹਵੀਂ ਸਦੀ ਮਾਨਨੀਕ ਸਾਹਿਤਕ ਜ਼ਬਾਨ ਬਣ ਗਈ। ਮੁਗ਼ਲ ਹਕੂਮਤ ਦੀ ਰਾਜਧਾਨੀ ਪਹਿਲੇ ਪਹਿਲ ਦਿਲੀ ਤੋਂ ਵੀ ਵਧ ਆਗਰੇ ਰਹੀ, ਇਸ ਰਾਜਨੀਤਕ ਪ੍ਰਭਾਵ ਨੇ ਬ੍ਰਿਜ ਦੀ ਬੋਲੀ ਨੂੰ ਪ੍ਰਫੁਲਤ ਕਰਨ ਵਿਚ ਹਿੱਸਾ ਪਾਇਆ ਪਰੰਤੂ ਬ੍ਰਿਜ§ ਭਾਸ਼ਾ ਦੇ ਜ਼ਿਆਦਾ ਮੌਲਣ ਦਾ ਕਾਰਣ ਕ੍ਰਿਸ਼ਣ ਜੀ ਦੀ ਪ੍ਰੇਮਾ ਭਗਤੀ ਹੀ ਸੀ।

ਪੰਜਾਬ ਵਿਚ ਵੀ ਬਿਜ ਸਾਹਿਤਕ ਭਾਸ਼ਾ ਦੇ ਤੌਰ ਤੇ ਅਪਣਾਈ ਗਈ। ਭਾ: ਗੁਰਦਾਸ, ਹਿਰਦੇ ਰਾਮ, ਗੁਰੂ ਗੋਬਿੰਦ ਸਿੰਘ, ਅੰਮ੍ਰਿਤ ਰਾਇ, ਸੈਨਾਪਤਿ, ਟਹਿਕਨ, ਭਾ: ਸੰਤੋਖ ਸਿੰਘ, ਸੰਤ ਰੇਣ ਤੇ ਗੁਲਾਬ ਸਿੰਘ ਨੇ ਢੇਰ ਬ੍ਰਿਜ-ਸਾਹਿਤ ਲਿਖਿਆ। ਬ੍ਰਿਜ-ਸਾਹਿਤ ਦੇ ਪੜ੍ਹਨ ਪੜ੍ਹਾਉਣ ਦਾ ਪੰਜਾਬੀ ਉਤੇ ਵੱਡਾ ਅਸਰ ਇਹ ਹੋਇਆ ਕਿ ਇਸ ਦੇ ਰਾਹੀਂ ਬਹੁਤ ਸਾਰੀ ਤਤਸਮ ਸੰਸਕ੍ਰਿਤ ਸ਼ਬਦਾਵਲੀ ਆਈ। ਚੂੰਕਿ ਬ੍ਰਿਜ-ਕਾਵਿ ਦੇ ਮੋਢੀ ਜ਼ਿਆਦਾ ਸੰਸਕ੍ਰਿਤ ਅਲੰਕਾਰ-ਗ੍ਰੰਥਾਂ ਤੋਂ ਹੀ ਪ੍ਰਭਾਵਿਤ ਹੋ ਕੇ ਇਸ ਪਾਸੇ ਤੁਰੇ ਸਨ ਤੇ ਉਨ੍ਹਾਂ ਆਪਣੀ ਰਚਨਾ ਵਿਚ ਪੰਡਤਾਈ ਦਿਖਾਉਣ ਲਈ ਵੀ ਸੰਸਕ੍ਰਿਤ ਸ਼ਬਦਾਂ ਦੀ ਵਧੇਰੇ ਵਰਤੋਂ ਕੀਤੀ ਸੀ। ਇਸ ਲਈ ਬ੍ਰਿਜ, ਸੰਸਕ੍ਰਿਤ ਨਾਲ ਰੰਗੀ ਗਈ ਤੇ ਇਹੋ ਰੰਗ ਇਸ ਨੇ ਦੂਜੀਆਂ ਬੋਲੀਆਂ ਉਤੇ ਚਾੜ੍ਹਿਆ। ਕਾ, ਕੇ, ਕਉ, ਤਾ, ਮਹਿੰ ਆਦਿ ਕਾਰਕਾਂ ਤੋਂ ਬਿਨਾਂ ਪੁਰਾਣੀ ਪੰਜਾਬੀ ਰਚਨਾ ਵਿਚ ਇਸ ਦਾ ਕ੍ਰਿਆਵੀ ਅਸਰ ਵੀ ਨਜ਼ਰੀ ਪੈਂਦਾ ਹੈ—ਕਰਤਾ ਹੈ, ਭਇਆ, ਥੀਆ, ਗਹਿਓ ਆਦਿ।

11. **ਹਿੰਦੀ ਤੇ ਪੰਜਾਬੀ**—ਪੰਜਾਬੀ ਤੇ ਹਿੰਦੀ ਇਕੋ ਸ਼ੌਰਸੈਨੀ ਅਪਭ੍ਰੰਸ਼ ਦੀ ਉਪਜ ਹਨ ਤੇ ਵਰਤਮਾਨ ਸਾਹਿਤਕ ਹਿੰਦੀ ਮੇਰਠ ਤੇ ਬਿਜਨੌਰ ਦੇ ਇਲਾਕੇ ਵਿਚ ਬੋਲੀ ਜਾਣ ਵਾਲੀ 'ਖੜੀ ਬੋਲੀ' ਦਾ ਸੰਸਕਾਰਿਆ ਤੇ ਵਿਕਸਤ ਰੂਪ ਹੈ। ਪੰਜਾਬ ਦੀ ਭਾਖਾ ਨੇ ਇਸ ਹਿੰਦੀ ਦੀ ਬਣਤਰ ਵਿਚ ਕਾਫੀ ਹਿਸਾ ਪਾਇਆ ਹੈ।

ਡਾ: ਸ਼ਿਆਮ ਸੁੰਦਰ ਦਾਸ ਜੀ ਦੇ ਸ਼ਬਦਾਂ ਵਿਚ 'ਕਈ ਵਿਦਵਾਨ ਖੜੀ ਬੋਲੀ ਦਾ ਜਨਮ ਪੈਸ਼ਾਚੀ ਪ੍ਰਾਕ੍ਰਿਤ ਤੋਂ ਮੰਨਦੇ ਹਨ, ਜੋ ਪੰਜਾਬ ਵਿਚ ਬੋਲੀ ਜਾਂਦੀ ਸੀ, ਕਈ ਸ਼ੌਰਸੈਨੀ ਪ੍ਰਾਕ੍ਰਿਤ

‡ਬ੍ਰਿਜ ਲੋਕ ਸਾਹਿਤ ਕਾ ਅਧਿਐਨ (ਡਾ. ਸਤੇਂਦ੍ਰ ਵਰਮਾ) ਪੰਨਾ 50 60

§ਹਿੰਦੀ ਕੀ ਪ੍ਰਾਦੇਸ਼ਿਕ ਭਾਸ਼ਾਏਂ (ਪੰਨਾ 30)

Sri Satguru Jagjit Singh Ji eLibrary NamdhariElibrary@gmail.com

ਤੇ ਨਾਗਰ ਅਪਭ੍ਰੰਸ਼ ਤੋਂ‡ ਸ੍ਰੀ ਚਤੁਰ ਸੇਨ ਸ਼ਾਸਤ੍ਰੀ ਸ਼ੌਰਸੈਨੀ ਅਪਭ੍ਰੰਸ਼ ਨਾਲ ਪੰਜਾਬੀ ਦੀ ਮਿੱਸ ਮਿਲਣ ਤੇ ਹਿੰਦੀ ਦੀ ਉਤਪਤੀ ਹੋਈ ਮੰਨਦੇ ਹਨ। §ਡਾ: ਗ੍ਰਾਹਮ ਬੇਲੀ ਕਿਨਾਂ ਕਿਸੇ ਝਿਜਕ ਕਹਿੰਦੇ ਹਨ ਕਿ ਜਿਸ ਬੋਲੀ ਤੋਂ ਹਿੰਦੀ ਤੇ ਉਰਦੂ ਦੋਵੇਂ ਬਣੀਆਂ, ਉਹ ਪੰਜਾਬ ਦੀ ਹੀ ਜ਼ਬਾਨ ਸੀ। ਡਾ: ਸੁਨੀਤੀ ਕੁਮਾਰ ਚੈਟਰਜੀ ਨੇ ਵੀ ਇਸੇ **ਮਤ ਨੂੰ ਬਾਰ** ਬਾਰ ਦੁਹਰਾਇਆ ਹੈ।*

ਡ: ਗ੍ਰੀਅਰਸਨ ਨੇ ਸ਼ੌਰਸੈਨੀ ਤੇ ਅਰਧਮਾਗਧੀ **ਦੇ ਮੇਲ** ਤੋਂ ਹਿੰਦੀ ਦੀ ਰਚਨਾ ਹੋਈ ਦੱਸੀ ਹੈ ਤੇ ਕਈਆਂ ਇਸ ਦੀ ਉਤਪਤੀ ਬ੍ਰਿਜ ਭਾਖਾ ਤੋਂ **ਮੰਨੀ ਹੈ**। ਪਰ ਸ੍ਰੀ ਬਦਰੀ ਨਾਥ ਭੱਟ ਇਨ੍ਹਾਂ ਵਿਚਾਰਾਂ ਦਾ ਖੰਡਨ ਕਰਦੇ ਹੋਏ ਲਿਖਦੇ ਹਨ, 'ਸਾਡਾ ਨਿਸ਼ਚਾ ਹੈ ਕਿ ਵਰਤਮਾਨ ਹਿੰਦੀ ਉਤੇ ਪੰਜਾਬੀ ਦਾ ਪੂਰਾ ਪੂਰਾ ਪ੍ਰਭਾਵ ਪਿਆ **ਹੈ, ਜਿਸ ਦੀ ਪੁਸ਼ਟੀ** ਲਈ ਕਈ ਮਿਸਾਲਾਂ ਵੀ ਦਿਤੀਆਂ ਜਾ ਸਕਦੀਆਂ ਹਨ।' [ਹਿੰਦੀ, ਪੰਨਾ 20]

ਡਾ: ਸਿਧੇਸ੍ਵਰ ਵਰਮਾ ਆਖਦੇ ਹਨ, 'ਅਗਰਚਿ ਹਿੰਦਵੀ ਜ਼ਬਾਨ ਪੰਜਾਬੀ ਜ਼ਬਾਨ ਸੇ ਮੁਖ-ਤਲਿਫ ਹੈ, ਤਾਹਮ ਹਿੰਦਵੀ ਪਰ ਪੰਜਾਬੀ ਕਾ ਕਾਫੀ ਅਸਰ ਮਾਲੂਮ ਹੋਤਾ ਹੈ।'

[ਆਰਿਆਈ ਜ਼ਬਾਨੇਂ, ਪੰਨਾ 13]

ਇਨ੍ਹਾਂ ਪ੍ਰਮਾਣਾਂ ਦੀ ਮੌਜੂਦਗੀ ਵਿਚ ਪੰਜਾਬੀ ਤੇ ਹਿੰਦੀ ਦੇ ਸਬੰਧਾਂ ਬ ਰੇ ਹੋਰ ਬਹਿਸ ਕਰਨ ਦੀ ਲੋੜ ਨਹੀਂ ਰਹਿ ਜਾਂਦੀ। ਦੋਹਾਂ ਵਿਚ ਵਡਾ ਫਰਕ ਤਾਂ ਪਿਆ, ਹਿੰਦੀ ਨੇ ਬਹੁਤੇ ਸੰਸਕ੍ਰਿਤ ਤਤਸਮ ਸ਼ਬਦ ਅਪਣਾ ਲਏ ਤੇ ਪੰਜਾਬੀ ਨੇ ਤੁਦਭਵ ਤੇ ਦੇਸੀ ਰੂਪ ਨੂੰ ਕਾਇਮ ਰੱਖਿਆ। ਤਤਸਮ ਸ਼ਬਦਾਂ ਵਲ ਜ਼ਿਆਦਾ ਝੁਕਾ ਹੋਣ ਦਾ ਕਾਰਣ ਮੁਸਲਮਾਨੀ ਤਹਿਜ਼ੀਬ ਦੇ ਆਉਣ ਦੀ ਸ੍ਵੈ-ਰਖਿਅਕ ਪ੍ਰਤਿਕਿਰਿਆ ਵੀ ਕਹੀ ਜਾ ਸਕਦੀ ਹੈ ਤੇ ਦੂਸਰੇ ਜੇਹਾ ਕਿ ਨਵੇਂ ਵੀਚਾਰਾਂ ਦੇ ਆਉਣ ਨਾਲ ਨਵੀਂ ਸ਼ਬਦਾਵਲੀ ਦੀ ਲੋੜ ਪੈਂਦੀ ਹੈ, ਇਸ ਲਈ ਵੀ ਸੰਸਕ੍ਰਿਤ ਭੰਡਾਰ ਵਲ ਝੁਕਾ ਹੋਇਆ। ਪਰ ਵਡਾ ਕਾਰਣ ਪੰਡਤਾਈ ਛਾਂਟਣ ਦਾ ਸੀ। ਨਾਲੇ ਅਪਭ੍ਰੰਸ਼ਾਂ ਵਿਚ ਜ਼ਿਆਦਾ ਜੈਨੀ, ਬੋਧੀ ਜਾਂ ਨਾਥ ਜੋਗੀ ਰਚਨਾ ਕਰਦੇ ਸਨ ਜੋ ਪੰਡਤਾਂ ਨੂੰ ਨਹੀਂ ਸੀ ਭਾਉਂਦੇ, ਇਸ ਲਈ ਹਿੰਦੀ ਵਿਚ ਅਪਭ੍ਰੰਸ਼ ਦਾ ਤੱਤ ਮਾਰਿਆ ਗਿਆ ਤੇ ਬ੍ਰਾਹਮਣਾਂ ਇਸ ਨੂੰ ਸੰਸਕ੍ਰਿਤ ਪਾਣ ਚਾੜ੍ਹ ਕੇ ਮੁੜ 'ਸ਼ਾਸਤਰੀ' ਰੂਪ ਦੇ ਦਿਤਾ। ਰਾਜ ਭਾਗ ਦੀ ਤਾਕਤ ਹੱਥ ਵਿਚ ਆਉਣ ਨਾਲ ਇਹ ਰੁਚੀ ਹੋਰ ਵਧ ਗਈ। ਅਜ ਇਸ ਦਾ ਸਿਟਾ ਇਹ ਹੋਇਆ ਹੈ ਕਿ 'ਹਿੰਦੁਸਤਾਨੀ' ਦੀ ਥਾਂ ਹਿੰਦ ਦੀ

---

‡ਹਮਾਰ ਹਿੰਦੀ ਸਾਹਿਤ ਔਰ ਭਾਸ਼ਾ ਪਰਿਵਾਰ (ਭਵਾਨੀ ਸ਼ੰਕਰ ਸ਼ਰਮਾ) ਪੰਨਾ 24।

§ਹਿੰਦੀ ਭਾਸ਼ਾ ਔਰ ਸਾਹਿਤ ਕਾ ਇਤਿਹਾਸ, ਪੰਨਾ 13

*Thus Hindi has been dominated by Punjabi in certain matters. P. 114

'Suffice is to say that a new form of the North Indian speech, on the basis of the Eastern Panjab & Western U. P. dialects came into prominence from after the foundation of a Mohamadan ruling house in Northern India at Delhi. Although a daughter of the house at first it was a neglected child; it was treated as a wife by both the Mohamadan ruling communitees of Delhi and their Hindu subjects.

[Indo-Aryan & Hindi, P. 171]

Sri Satguru Jagjit Singh Ji eLibrary NamdhariElibrary@gmail.com

ਰਾਜ-ਭਾਸ਼ਾ 'ਸੰਸਕ੍ਰਿਤ-ਮਈ' ਹਿੰਦੀ ਬਣ ਗਈ। ਮਾ: ਗਾਂਧੀ ਤੇ ਪੰ: ਜਵਾਹਰ ਲਾਲ ਨਹਿਰੂ ਵਰਗੇ ਮਹਾਂ ਪੁਰਸ਼ਾਂ ਦੇ 'ਹਿੰਦੁਸਤਾਨੀ' ਬਾਰੇ ਸੁਪਨੇ ਮਿੱਟੀ ਵਿਚ ਮਿਲ ਗਏ।

ਕਈ ਪੰਡਤ ਲੋਕ ਤਾਂ ਅਜੇ ਵੀ ਸੰਤੁਸ਼ਟ ਨਹੀਂ, ਉਹ ਸੰਸਕ੍ਰਿਤ ਨੂੰ ਇਹ ਥਾਂ ਦੇਣਾ ਚਾਹੁੰਦੇ ਸਨ, ਜੇਹਾ ਕਿ ਪਿਛੇ ਜੇਹੇ ਹਿੰਦ ਭਰ ਦੀਆਂ ਯੂਨੀਵਰਸਟੀਆਂ ਦੀ 'ਕਟਕ' ਵਿਚ ਹੋਈ ਇਕੱਤਰਤਾ ਸਮੇਂ ਡਾ: ਕਾਟਜੂ ਨੇ ਸੰਸਕ੍ਰਿਤ ਨੂੰ ਹਿੰਦ ਦੀ ਰਾਜ-ਭਾਸ਼ਾ ਬਣਾਉਣ ਉਤੇ ਜ਼ੋਰ ਦਿਤਾ ਸੀ, ਪਰ ਇਹ ਗੱਲ ਅਣਹੋਣੀ ਸੀ, ਨਾ ਹੋਈ, ਪਰੰਤੂ ਇਨ੍ਹਾਂ ਪਿਛਾਂਹ ਖਿਚੂ ਲੋਕਾਂ ਆਪਣਾ ਟੀਚਾ ਨਹੀਂ ਛਡਿਆ, ਇਹ ਹਿੰਦੀ ਉਤੇ ਹੀ ਸੰਸਕ੍ਰਿਤ ਦਾ ਹੋਰ ਰੰਗ ਚਾੜ੍ਹਨ ਵਿਚ ਜੁੱਟ ਗਏ। ਇਨ੍ਹਾਂ ਦਾ ਮਨੋਰਥ ਲੋਕਾਂ ਦੇ ਦਿਮਾਗ਼ਾਂ ਉਤੇ ਔਖੀ ਬੋਲੀ ਦਾ ਬੋਝ ਲੱਦ ਕੇ, ਗਲ-ਘੋਟੂ ਤੇ ਜੀਭ-ਛਿੱਲ ਕਰੜੇ ਔਖੇ ਸ਼ਬਦ ਰਚ ਕੇ ਆਮ ਜਨਤਾ ਨੂੰ ਬੁੱਧੂ ਤੇ ਗੂੰਗੇ ਬੋਲੇ ਬਣਾਈ ਰੱਖਣਾ ਹੈ, ਤਾਂਕਿ ਇਨ੍ਹਾਂ ਦੇ ਪ੍ਰਭਾਵ ਦੀ ਉਮਰ ਲੰਮੀ ਰਹੇ। ਮਿਸਾਲ ਲਈ 'ਪੁਲਸ' ਸ਼ਬਦ ਹਿੰਦ ਭਰ ਵਿਚ ਕੀ, ਦੁਨੀਆਂ ਭਰ ਵਿਚ ਸਮਝਿਆ ਜਾਂਦਾ ਹੈ, ਸਾਡੇ ਹਿੰਦੀ ਪੰਡਤਾਂ ਇਸ ਨੂੰ ਹਟਾ ਕੇ 'ਆਰਕ੍ਸ਼ਿ' ਪਦ ਰਖਿਆ ਹੈ, ਇੰਜ ਨੂੰ ਕੌਣ ਸਮਝੇਗਾ ? ਮਿਨਿਸ੍ਟ੍ਰੀ ਦੀ ਥਾਂ ਪਰਰਾਸ਼ਟਰ ਸਚਿਵ, ਵੈਸ਼ਣੂ ਭੋਜਨ ਸ਼ਾਲਾ ਦੀ ਥਾ ਨਿਰਾਮਿਖ ਉਪਹਾਰ ਗ੍ਰਿਹ, ਰੇਡੀਓ ਦੀ ਥਾਂ ਨਭ-ਬਾਣੀ, ਪ੍ਰਾਂਤ ਜਾਂ ਸੂਬੇ ਦੀ ਥਾਂ ਪ੍ਰਦੇਸ, ਆਵਾਜਾਈ ਦੀ ਥਾਂ ਯਾਤਾਯਾਤ, ਲਾਲਟੈਣ ਦੀ ਥਾਂ-ਹਸਤ-ਕੰਚ ਦੀਪਕਾ, ਚਲਾਉਣਾ ਸਿਆਣਪ ਦਾ ਰਾਹ ਨਹੀਂ।

ਅਜੇਹੀ ਗ਼ੈਰ-ਕੁਦਰਤੀ ਘਾੜਤ ਤੋਂ ਸਿਆਣੇ ਤੇ ਆਮ ਲੋਕ ਤੰਗ ਹਨ। ਡਾ: ਸ਼ਿਵੇਸ਼ੂਰ ਵਰਮਾ ਲਿਖਦੇ ਹਨ, 'ਇਨਸਾਇਕਲੋ ਪੀਡੀਆ ਬ੍ਰਿਟੇਨਕਾ' ਦੇ ਲਿਖਣ ਅਨੁਸਾਰ ਵਰਤਮਾਨ ਹਿੰਦੀ ਵਾਰਤਕ ਸੰਸਕ੍ਰਿਤ ਸ਼ਬਦਾਂ ਦੀ ਭਰਮਾਰ ਕਰ ਕੇ ਇੱਨੀ ਬਦਨੁਮਾ ਹੋ ਗਈ ਹੈ ਜਿਵੇਂ—ਫਾਰਸੀ ਲੱਦੀ ਉਰਦੂ। §'ਭਵਿਸ਼ਤ ਦੇ ਭਾਸ਼ਾ-ਵਿਗਿਆਨੀ ਲਈ ਇਹ ਗੱਲ ਬੜੀ ਹੈਰਾਨ ਕਰਨ ਵਾਲੀ ਬਣੇਗੀ ਕਿ ਕਿਵੇਂ ਡੇਢ ਹਜ਼ਾਰ ਵਰ੍ਹੇ ਪਿਛੋਂ ਬਿਨਾ ਕਿਸੇ ਤਬਦੀਲੀ ਦੇ ਇਤਨੇ ਤਤਸਮ ਸ਼ਬਦ ਸ਼ਾਮਲ ਹੋ ਗਏ, ਇਹ ਕਾਂ ਅਜੂਬਾ ਬਣ ਗਿਆ।' (ਆਰਿਆਈ ਜ਼ਬਾਨੇਂ ਪੰਨਾ 26)। ਅਗੇ ਚਲ ਕੇ ਡਾਕਟਰ ਸਾਹਿਬ ਲਿਖਦੇ ਹਨ, 'ਜੇ ਇਹ ਸਾਹਿਤਕ ਭਾਸ਼ਾਵਾਂ ਆਪਣੀਆਂ ਹੀ ਸ਼ਕਲਾਂ ਤੇ ਅੜੀਆਂ ਰਹਿਣਗੀਆਂ ਤੇ ਹੋਰ ਬੋਲੀਆਂ ਨੂੰ 'ਬਾਜ਼ਾਰੀ' ਜਾਂ 'ਗਵਾਰੂ' ਸਮਝ ਕੇ ਘ੍ਰਿਣਾ ਤੇ ਬੇਪਰਵਾਹੀ ਦੀ ਨਿਗ੍ਹਾ ਨਾਲ ਦੇਖਣਗੀਆਂ ਤਾਂ ਇਨ੍ਹਾਂ ਦਾ ਵੀ ਉਹੋ ਹਸ਼ਰ ਹੋਵੇਗਾ; ਜੋ ਸੰਸਕ੍ਰਿਤ ਤੇ ਪ੍ਰਾਕ੍ਰਿਤ ਦਾ ਹੋਇਆ। ਕਿਉਂਕਿ ਬਕੌਲ ਮਿ: ਵਾਂਦਰੇਜ ਜੀਉਂਦੀ ਬੋਲੀ ਦਰਿਆ ਵਾਂਙ ਹੈ, ਜੋ ਪੰਡਤਾਂ ਤੇ ਆਲਮਾਂ ਦੀਆਂ ਪਾਬੰਦੀ ਵਾਲੀਆਂ ਚਟਾਨਾਂ ਚੀਰ ਕੇ ਵਿਕਾਸ ਦੇ ਵਹਾਉ ਨਾਲ ਅਗੇ ਅਗੇ ਵਧਦੀ ਜਾਏਗੀ।' [ਆਰਿਆਈ ਜ਼ਬਾਨੇਂ ਪੰਨਾ 30]

ਜਾਰਜ ਗ੍ਰੀਅਰਸਨ ਨੇ ਇਕ ਵਾਰ ਹਿੰਦੀ ਲੇਖਕਾਂ ਨੂੰ ਨਸੀਹਤ ਕਰਦਿਆਂ ਲਿਖਿਆ ਸੀ, 'ਜੇ ਮੈਂ ਆਪਣੇ ਸਬੰਧੀਆਂ ਤੋਂ ਕਰਜ਼ਾ ਲੈਣ ਦੀ ਆਦਤ ਪਾ ਲਵਾਂ ਤਾਂ ਮੈਂ ਛੇਤੀ ਤਬਾਹ ਹੋ ਜਾਵਾਂਗਾ। ਇਸੇ ਤਰ੍ਹਾਂ ਜੇ ਹਿੰਦੀ, ਜਿਸ ਹਾਲਤ ਵਿਚ ਉਸਨੂੰ ਕਰਜ਼ਾ ਚੁਕਣ ਦੀ ਉਕੀ ਲੋੜ ਨਹੀਂ,

---

§ਇਸੇ ਨਕਲੀ ਸ਼ਬਦਾਵਲੀ ਤੋਂ ਤੰਗ ਆਏ ਸ੍ਰੀ ਮਦਨ ਗੋਪਾਲ ਕਹਿੰਦੇ ਹਨ, 'ਅਜ ਦੀ ਹਿੰਦੀ ਕਵਿਤਾ ਦੀ ਕੀਮਤ ਉਤਨੀ ਵੀ ਨਹੀਂ, ਜਿਤਨੀ ਕਿ ਉਸ ਕਾਗਜ਼ ਦੀ, ਜਿਸ ਤੇ ਉਹ ਲਿਖੀ ਹੋਈ ਹੈ।' [This Hindi and Devnagri, P. 172]

Sri Satguru Jagjit Singh Ji eLibrary NamdhariElibrary@gmail.com

ਉਸ ਹਾਲਤ ਵਿਚ ਵੀ ਜੇ ਤਤਸਮ ਸ਼ਬਦਾਂ ਦਾ ਕਰਜ਼ਾ ਚੁਕੇਗੀ ਤਾਂ ਤਬਾਹ ਹੋ ਜਾਵੇਗੀ। ਇਹ ਉਧਾਰੇ ਤਤਸਮ ਸ਼ਬਦ ਜਿੰਨੇ ਘੱਟ ਲਏ ਚੰਗਾ ਹੈ।'‡

ਕਈ ਲੋਕ ਅੱਖੀ ਹਿੰਦੀ ਨੂੰ ਰਾਸ਼ਟਰ-ਭਾਸ਼ਾ (ਕੌਮੀ ਬੋਲੀ) ਆਖਦੇ ਹਨ। ਮੇਰੇ ਖ਼ਿਆਲ ਵਿਚ ਇਸ ਨੂੰ 'ਰਾਜ-ਭਾਸ਼ਾ' ਆਖਣਾ ਤਾਂ ਠੀਕ ਹੈ, ਕੌਮੀ ਬੋਲੀ ਕਹਿਣਾ ਠੀਕ ਨਹੀਂ ਕਿਉਂਕਿ ਕੌਮ ਤਾਂ ਇਸ ਨੂੰ ਨ ਸਮਝ ਸਕਦੀ ਹੈ ਤੇ ਨਾ ਬੋਲ ਸਕਦੀ ਹੈ। ਕੌਮੀ ਬੋਲੀ ਤਾਂ ਇਕੋ ਇਕ ਸਰਲ 'ਹਿੰਦੁਸਤਾਨੀ' ਹੀ ਹੋ ਸਕਦੀ ਹੈ, ਜਿਸ ਵਿਚ ਨਾ ਸੰਸਕ੍ਰਿਤ ਦੇ ਵਾਧੂ ਸ਼ਬਦ ਘੁਸੇੜੇ ਜਾਣ ਤੇ ਨਾ ਹੀ ਅਰਬੀ ਫਾਰਸੀ ਦੇ।

ਚੂੰਕਿ ਇਹ ਸੰਮਤੀ ਦੇ ਜ਼ੋਰ ਨਾਲ ਇਹ ਅੱਖੀ ਹਿੰਦੀ 'ਰਾਜ-ਭਾ' ਬਣਾ ਦਿਤੀ ਗਈ ਹੈ, ਇਸ ਲਈ ਪ੍ਰਾਂਤਕ ਬੋਲੀਆਂ ਉਤੇ ਇਸ ਦਾ ਅਸਰ ਪੈਣਾ ਕੁਦਰਤੀ ਗੱਲ ਹੈ। ਵਡਾ ਅਸਰ ਹੈ ਸੰਸਕ੍ਰਿਤ ਸ਼ਬਦਾਵਲੀ ਦਾ, ਜੋ ਹਿੰਦੀ ਦੇ ਦਰਵਾਜ਼ੇ ਬਾਣੀਂ ਲੰਘ ਕੇ ਪੰਜਾਬੀ ਉਤੇ ਵੀ ਧੜਾ ਧੜ ਪੈ ਰਿਹਾ ਹੈ। ਲਿਖਾਰੀਆਂ ਨੂੰ ਇਸ ਮਾਰੂ ਅਸਰ ਤੋਂ ਬਚ ਕੇ ਕੇਵਲ ਉਸਾਰੂ ਅਸਰ ਹੀ ਕਬੂਲਣਾ ਚਾਹੀਦਾ ਹੈ।

12. **ਉਰਦੂ ਤੇ ਪੰਜਾਬੀ**—ਪੰਜਾਬੀ ਤੇ ਉਰਦੂ ਦਾ ਸਬੰਧ ਬਹੁਤ ਪੁਰਾਣਾ ਅਤੇ ਮਾਵਾਂ ਧੀਆਂ ਵਾਲਾ ਹੈ। ਸਭ ਤੋਂ ਪਹਿਲਾਂ ਗਜ਼ਨਵੀ ਰਾਜ ਦੇ ਜ਼ਮਾਨੇ (1021-1186 ਈ.) ਅਰਬੀ, ਤੁਰਕੀ, ਫਾਰਸੀ ਬੋਲਣ-ਹਾਰਿਆਂ ਬਿਦੇਸ਼ੀ ਮੁਸਲਮਾਨਾਂ ਦਾ ਪੈਣ ਦੇ ਸੌ ਵਰ੍ਹੇ ਡਕ ਪੰਜਾਬੀ ਬੋਲਣ ਵਾਲਿਆਂ ਨਾਲ ਵਾਹ ਪਿਆ, ਇਸੇ ਸੰਜੋਗ ਨੇ ਪੰਜਾਬੀ ਦੇ ਪੇਟੋਂ ਉਰਦੂ ਨੂੰ ਜਨਮ ਦਿਤਾ।§ ਇਸ ਗੱਲ ਨੂੰ ਪ੍ਰੋ: ਹਾਫਿਜ਼ ਮਹਿਮੂਦ ਸ਼ੀਰਾਨੀ ਨੇ 'ਪੰਜਾਬ ਮੇਂ ਉਰਦੂ' ਪੁਸਤਕ ਵਿਚ ਖੋਲ੍ਹ ਕੇ ਬਿਆਨ ਕੀਤਾ ਹੈ। ਇਹੋ ਮਤ ਡਾ. ਸੁਨੀਤੀ ਕੁਮਾਰ ਚੈਟਰਜੀ (Indo Aryan & Hindi, P. 167-69), ਡਾ: ਮੁਹੱਯਦੀਨ ਕਾਦਰੀ ਜ਼ੋਰ (ਹਿੰਦੁਸਤਾਨੀ ਲਿਸਾਨੀਆਤ, ਪੰਨਾ 92) ਪੰ: ਬ੍ਰਿਜ ਮੋਹਨ ਦਤਾਤ੍ਰੇਯ ਕੈਫੀ (ਕੈਫੀਆ, ਪੰਨਾ 22) ਤੇ ਪੱਛਮੀ ਵਿਦਵਾਨ ਡਾ: ਗ੍ਰਾਹਮ ਬੇਲੀ ਆਦਿ ਭਾਸ਼ਾ-ਵਿਗਿਆਨੀਆਂ ਦਾ ਹੈ। ਡਾ: ਫਕੀਰ ਮੁਹੰਮਦ ਫਕੀਰ ਲਿਖਦੇ ਹਨ, 'ਪੰਜਾਬੀ ਤੇ ਉਰਦੂ ਦਾ ਤੇ ਆਪਣੇ ਵਿਚ ਇਤਨਾ ਮੇਲ ਜੋਲ ਏ ਕਿ ਬਹੁਤੀਆਂ ਥਾਵਾਂ ਦੀ ਤਰਕੀਬ ਵਿਚ ਇਕੋ ਹੀ ਨਜ਼ਰ ਆਉਂਦੀਆਂ ਨੇ। ਤੇ ਇਹਦੀ ਵਡੀ ਵਜ੍ਹਾ ਇਹ ਵੇ ਕਿ ਪੰਜਾਬੀ ਈ ਅਸਲ ਵਿਚ ਉਰਦੂ ਦੀ ਮਾਂ ਏ ਤੇ ਇਹਨੇ ਆਪਣਾ ਬਹੁਤਾ ਵਰਤਾਰਾ ਜਾਂ ਆਪਣੀ ਬਨਾਵਟ ਦੀਆਂ ਤਰਕੀਬਾਂ ਪੰਜਾਬੀ ਕੋਲੋਂ ਈ ਲੈ ਕੇ ਆਪਣੇ ਆਪ ਨੂੰ ਬਣਾਇਆ ਸੁਵਾਰਿਆ ਏ।'*

ਉਰਦੂ ਦੇ ਲਫਜ਼ੀ ਖਜ਼ਾਨੇ ਦਾ ਫੇਰਵਾ ਪ੍ਰੋ: ਵਹੀਦੁਦੀਨ ਹੈਦਰਾਬਾਦ ਨੇ ਇਉਂ ਦਿਤਾ ਹੈ—

ਪੰਜਾਬੀ ਤੇ ਪੂਰਬੀ ਬੋਲੀ ਦੇ ਸ਼ਬਦ	21644
ਕੁਝ ਹੋਰ ਅਜਿਹੇ ਸ਼ਬਦ	17505
ਅਰਬੀ	7584
ਫਾਰਸੀ	6061
ਅੰਗਰੇਜ਼ੀ	500
ਸੰਸਕ੍ਰਿਤ	554
ਫੁਟਕਲ ਬੋਲੀਆਂ ਦੇ ਸ਼ਬਦ	181

‡ਹਿੰਦੀ ਉਰਦੂ, ਔਰ ਹਿੰਦੁਸਤਾਨੀ—ਪੰਨਾ 120।

§ਵਿਸਤਾਰ ਲਈ ਦੇਖੋ 'ਹਿੰਦੁਸਤਾਨੀ ਕਵਿਤਾ' (ਪਿਆਰਾ ਸਿੰਘ ਪਦਮ)

*ਪੰਜਾਬੀ, (ਮਾਸਕ ਪੱਤ੍ਰ) ਲਾਹੌਰ (ਮਈ 1952)

Sri Satguru Jagjit Singh Ji eLibrary NamdhariElibrary@gmail.com

ਇਸ 54029 ਸ਼ਬਦਾਂ ਵਿਚ ਬਹੁਗਿਣਤੀ ਪੰਜਾਬੀ ਲਫਜ਼ਾਂ ਦੀ ਹੈ। ਪਰਸਿੱਧ ਉਰਦੂ ਲੁਗਾਤ 'ਫਰਹੰਗਿ ਆਸਫੀਆ' ਵਿਚ ਵੀ ਅਜੇ ਹੀ ਗਿਣਤੀ ਦਿਤੀ ਗਈ ਹੈ।§ ਇਸ ਤੋਂ ਪਰਗਟ ਹੈ ਕਿ ਉਰਦੂ ਦੇ ਢੁੱਸੇ ਵਿਚ ਪੰਜਾਬੀ ਦਾ ਕਿੰਨਾ ਕੁ ਹਿੱਸਾ ਹੈ।

1832 ਵਿਚ ਯੂ. ਪੀ. ਅੰਦਰ ਫਾਰਸੀ ਦੀ ਥਾਂ ਉਰਦੂ ਅਦਾਲਤੀ ਜ਼ਬਾਨ ਬਣੀ। 1849 ਵਿਚ ਪੰਜਾਬ ਅੰਗਰੇਜ਼ਾਂ ਦੇ ਹਥ ਜਾਣ ਕਰ ਕੇ ਇਥੋਂ ਦੀ ਦਿਲਮੀ ਤੇ ਅਦਾਲਤੀ ਜ਼ਬਾਨ ਵੀ ਉਰਦੂ ਹੋ ਗਈ। ਲਗਪਗ ਸੌ ਸਾਲ ਉਰਦੂ, ਸਰਕਾਰੀ ਬਲ ਰਾਹੀਂ ਪੰਜਾਬ ਉਤੇ ਛਾਈ ਰਹੀ। ਇਸ ਗੱਲ ਦਾ ਪੰਜਾਬੀ ਉਤੇ ਵਡਾ ਅਸਰ ਇਹ ਹੋਇਆ ਕਿ ਅਰਬੀ ਫਾਰਸੀ ਦੇ ਪਹਿਲਾਂ ਆਏ ਸ਼ਬਦ ਸਥਿਰ ਹੋ ਗਏ ਤੇ ਅਗੋਂ ਲਈ ਉਰਦੂ ਰਾਹੀਂ ਹੋਰ ਆਉਂਦੇ ਗਏ ਜਿਵੇਂ ਕਿ ਸੰਸਕ੍ਰਿਤ ਦੇ ਹਿੰਦੀ ਰਾਹੀਂ।

ਦਰਅਸਲ ਹਿੰਦੀ ਤੇ ਉਰਦੂ ਇਕੋ ਹਿੰਦੁਸਤਾਨੀ ਦੇ ਦੋ ਰੂਪ ਹਨ, ਸੰਸਕ੍ਰਿਤ ਸ਼ਬਦਾਵਲੀ ਨਾਲ ਹਿਦਵਾਨੀ-ਹਿੰਦੀ ਬਣ ਗਈ ਹੈ ਤੇ ਅਰਬੀ ਫਾਰਸੀ ਲਫਜ਼ਾਂ ਨਾਲ ਮੁਸਲਮ-ਜ਼ਬਾਨ-ਉਰਦੂ। ਭਾਸ਼ਾ ਵਿਗਿਆਨਕ ਨਜ਼ਰੀਏ ਤੋਂ ਇਨ੍ਹਾਂ ਵਿਚ ਹੋਰ ਕੋਈ ਵਡਾ ਅੰਤਰ ਨਹੀਂ। ਮਿ. ਬੀਮਜ਼ ਲਿਖਦਾ ਹੈ—

'It betrays a radical misunderstanding of the whole science of Philology to speak of 'Urdu' and 'Hindi' as two distinct languages.'

ਭਾਵੇਂ ਅਜ ਤੋਂ 70-80 ਵਰ੍ਹੇ ਪਹਿਲਾਂ ਜਦੋਂ ਇਹ ਗੱਲ ਆਖੀ ਗਈ ਸੀ, ਇਹ ਜ਼ਿਆਦਾ ਠੀਕ ਸੀ ਪਰ ਹੁਣ ਵੀ ਵਡਾ ਫਰਕ ਸ਼ਬਦਾਵਲੀ ਦਾ ਹੀ ਹੈ। ਅਜ ਹਿੰਦੀ ਤੇ ਉਰਦੂ ਹਿੰਦੁਸਤਾਨ ਦੇ ਵਖੋ ਵਖ ਦੋ ਭਾਗਾਂ—ਭਾਰਤ ਤੇ ਪਾਕਿਸਤਾਨ ਦੀਆਂ ਰਾਜ-ਭਾਸ਼ਾਵਾਂ ਜਾਂ ਕੌਮੀ ਜ਼ਬਾਨਾਂ ਹਨ। ਫਿਰ ਦੋਵੇਂ ਪੰਜਾਬੀ ਦੀਆਂ ਗੁਆਂਢਣਾਂ ਵੀ ਹਨ। ਮੁਢ ਵਿਚ ਜੋ ਪੰਜਾਬੀ ਦੋਹਾਂ ਦੇ ਪਾਲਣ ਪੋਸਣ ਵਾਲੀ ਸੀ, ਅਜ ਰਾਜਨੀਤਕ ਪ੍ਰਭਾਵ ਕਾਰਣ ਉਹ ਦੋਹਾਂ ਦੇ ਅਸਰ ਹੇਠ ਹੈ। ਦੇਖੋ, ਭਵਿਸ਼ਤ ਦੇ ਅਸਰ ਕੀ ਸਿਟਾ ਕਢਦੇ ਹਨ।

13. **ਅੰਗਰੇਜ਼ੀ ਤੇ ਪੰਜਾਬੀ**—ਅਜ ਅੰਗਰੇਜ਼ੀ ਕੌਮਾਂਤਰੀ ਜ਼ਬਾਨ ਬਣੀ ਹੋਈ ਹੈ। ਇਹ ਇੰਗਲੈਂਡ, ਵੈਲਜ਼, ਸਕਾਟਲੈਂਡ, ਆਇਰਲੈਂਡ, ਅਮਰੀਕਾ, ਕੈਨੇਡਾ, ਦੱਖਣੀ ਅਫਰੀਕਾ, ਆਸਟ੍ਰੇਲੀਆ ਤੇ ਹੋਰ ਥਾਈਂ ਵਸਦੇ ਬਾਈ ਕਰੋੜ ਲੋਕਾਂ ਦੀ ਮਾਤ-ਭਾਸ਼ਾ ਹੈ। ਬਰਤਾਨਵੀ ਕਾਮਨਵੈਲਥ ਦੇ 50 ਕਰੋੜ ਅਤੇ ਯੂ. ਐਸ. ਏ. ਅਧੀਨ 14 ਕਰੋੜ ਲੋਕਾਂ ਦੀ **ਰਾਜ-ਭਾਸ਼ਾ** ਹੈ। ਸੰਸਾਰ ਵਿਚ ਇਤਨੀ ਮਹੱਤਤਾ ਹੋਰ ਕਿਸੇ ਬੋਲੀ ਨੂੰ ਨਹੀਂ ਮਿਲੀ। ਇਸ ਦਾ ਸੇਹਰਾ **ਅੰਗਰੇਜ਼ਾਂ** ਜੇਹੀ ਨੀਤੀਵਾਨ ਕੌਮ ਦੇ ਸਿਰ ਹੈ।

ਯੂਰਪ ਨਵੇਂ **ਜੁਗ ਦਾ** ਮੋਢੀ ਦੇਸ਼ ਹੈ ਤੇ ਯੂਰਪੀਨ ਕੌਮਾਂ **ਨੇ ਦੁਨੀਆਂ** ਦੇ ਹਰ ਹਿਸੇ ਨੂੰ ਪ੍ਰਭਾਵਤ ਕੀਤਾ ਹੈ। **ਮਈ** 1498 ਈ. ਵਿਚ ਵਾਸ਼ ਕੋਡੇ ਗ਼ਾਮਾ (ਪੁਰਤਗਾਲੀ) ਹਿੰਦ ਪਹੁੰਚਿਆ, ਫਿਰ ਹੋਰ ਪੁਰਤਗਾ**ਲੀ ਵਪਾਰ** ਲਈ ਆਉਂਦੇ ਰਹੇ। 1587 ਈ. ਵਿਚ ਡੱਚ ਆਏ। ਮਲਕਾ ਇਲੈਜ਼ਬਿਥ ਦੇ ਜ਼ਮਾਨੇ 1600 ਈ. ਵਿਚ ਈਸਟ ਇੰਡੀਆ ਕੰਪਨੀ ਨੇ ਹਿੰਦ ਵਿਚ ਵਪਾਰ **ਦੀ** ਆਗਿਆ ਲੈ ਕੇ 1612 ਵਿਚ ਸੂਰਤ ਬੰਦਰਗਾਹ ਤੇ ਕੋਠੀ ਪਾਈ। ਸਿਆਣੇ ਅੰਗਰੇਜ਼ਾਂ ਹੌਲੀ ਹੌਲੀ ਮਦਰਾਸ (1640), ਬੰਬਈ (1689) ਤੇ ਕਲਕੱਤੇ (1690) **ਵਿਚ ਵਪਾਰਕ** ਅੱਡੇ ਬਣਾਏ।

§ਹਿੰਦੀ, ਉਰਦੂ ਹਿੰਦੁਸਤਾਨੀ ਪੰਨਾ 51

Sri Satguru Jagjit Singh Ji eLibrary NamdhariElibrary@gmail.com

1642 ਵਿਚ ਫ਼ਰਾਂਸੀਸੀ ਵੀ ਆ ਗਏ ਪਰ ਅੰਗਰੇਜ਼ ਸਭ ਤੋਂ ਵਧ ਜ਼ੋਰਾਵਰ ਤੇ ਨੀਤੀਵਾਨ ਨਿਕਲੇ। ਇਨ੍ਹਾਂ ਫੌਜੀ ਤਾਕਤ ਬਣਾ ਕੇ ਵਪਾਰ ਨਾਲ ਸਰਕਾਰ ਵੀ ਚਲਾ ਲਈ, ਈਸਟ ਇੰਡੀਆ ਕੰਪਨੀ ਨੇ 1857 ਤਕ ਰਾਜ ਕੀਤਾ ਤੇ ਫਿਰ ਲੰਡਨ ਪਾਰਲੀਮੈਂਟ ਨੇ ਰਾਜ ਕਾਜ ਦੀ ਵਾਗ ਡੋਰ ਸਿਧੀ ਆਪਣੇ ਹੱਥ ਲੈ ਲਈ ਅਤੇ 1947 ਤਕ ਹਕੂਮਤ ਕੀਤੀ।

19ਵੀਂ ਸਦੀ ਦੇ ਮੁਢ ਵਿਚ ਹੀ ਅੰਗਰੇਜ਼ ਪੰਜਾਬ ਵਿਚ ਆ ਗਏ ਤੇ 1849 ਵਿਚ ਇਨ੍ਹਾਂ ਆਪਣੀ ਕੂਟ-ਨੀਤੀ ਨਾਲ ਸਾਰਾ ਪੰਜਾਬ ਆਪਣੇ ਹੱਥ ਕਰ ਲਿਆ। ਇਉਂ ਲਗਪਗ ਡੇਢ ਸੌ ਵਰ੍ਹੇ ਅੰਗਰੇਜ਼ੀ ਪ੍ਰਭਾਵ ਪੰਜਾਬ ਉਤੇ ਰਿਹਾ। ਇਸ ਲੰਮੇ ਸਮੇਂ ਵਿਚ ਅੰਗਰੇਜ਼ੀ ਨੇ ਰਾਜ-ਭਾਸ਼ਾ ਤੇ ਇਲਮੀ ਜ਼ਬਾਨ ਹੋਣ ਦੇ ਨਾਤੇ ਪੰਜਾਬੀ ਉਤੇ ਡੂੰਘਾ ਅਸਰ ਪਾਇਆ। ਜੋ ਚੀਜ਼ਾਂ ਅੰਗਰੇਜ਼ੀ ਨਾਲ ਪੱਛਮ ਵਲੋਂ ਨਵੀਆਂ ਆਈਆਂ, ਉਨ੍ਹਾਂ ਦੇ ਨਾਂ ਤੇ ਆਉਣੇ ਹੀ ਸਨ ਪਰੰਤੂ ਹੋਰ ਵੀ ਬਹੁਤ ਸਾਰੇ ਨਿਤ-ਵਰਤੋਂ ਦੇ ਸ਼ਬਦ ਦਾਖਲ ਹੋਏ। ਅੰਗਰੇਜ਼ੀ ਰਾਹੀਂ ਯੂਰਪ ਦੀਆਂ ਹੋਰ ਜ਼ਬਾਨਾਂ ਦੇ ਵੀ ਕਈ ਸ਼ਬਦ ਪੰਜਾਬੀ ਵਿਚ ਘੁਲੇ ਮਿਲੇ; ਕੁਝ ਸਿਧੇ ਆਏ ਕੁਝ ਅਸਿਧੇ। ਕੁਝ ਚੋਣਵੇਂ ਅੰਗਰੇਜ਼ੀ ਸ਼ਬਦ ਹੇਠ ਦੇ ਹਾਂ—

ਓਵਰਸੀਅਰ, ਅਪੀਲ, ਅਫਸਰ, ਅੜਦਲੀ, ਇੰਜਨ, ਏਜੰਟ, ਸਾਇੰਸ, ਸਕੱਤਰ, ਸੂਟਕੇਸ, ਸਕੂਲ, ਸਟੂਲ, ਸਟੇਸ਼ਨ, ਹਸਪਤਾਲ, ਹਾਕੀ, ਹਾਲ, ਹੋਟਲ, ਹੰਟਰ, ਕਮੀਸ਼ਨ, ਕਮੇਟੀ, ਕਾਲਰ, ਕਾਲਜ, ਕੈਟ, ਕੌਂਸਲ, ਕੰਪਨੀ, ਗਲਾਸ, ਚਾਕ, ਚਾਨਸ, ਚਿਮਨੀ, ਜੱਜ, ਜਰਨੈਲ, ਜਾਕਟ, ਜੇਲ੍ਹ, ਜੈਂਟਲਮੈਨ, ਜੈਪਰ, ਟੱਬ, ਟਾਈ, ਟਿਕਟ, ਟਿਫਨ, ਟੀਮ, ਟੈਮ, ਟੈਕਸ, ਟੈਲੀਫੋਨ, ਡਬਲ, ਡਰਾਇਵਰ, ਡਰਾਮਾ, ਡਾਕਟਰ, ਡਾਇਰੀ, ਡਿਊਟੀ, ਡਿਗਰੀ, ਡੀਪੂ, ਥਰਮਾਮੀਟਰ, ਦਰਜਨ, ਨਰਸ, ਨਕਟਾਈ, ਨੋਟ, ਨੰਬਰ, ਪਲਟਨ, ਪਰੇਟ, ਪਲੇਟ, ਪਲੇਗ, ਪਤਲੂਨ, ਪਟਰੋਲ, ਪਾਰਸਲ, ਪਾਰਟੀ, ਪੌਲੋ, ਪੰਚਰ, ਪੰਪ, ਫਲਾਲੈਣ, ਫਾਰਮ, ਫੀਸ, ਫੁਟਬਾਲ, ਫੈਸ਼ਨ, ਫੈਕਟਰੀ, ਫੋਟੋ, ਬਕਸ, ਬਜਟ, ਬਟਨ, ਬਰਾਂਡੀ, ਬਾਈਸਿਕਲ, ਬਾਈਸਕੋਪ, ਬਿਲ, ਬਿਲਟੀ, ਬੁਰਸ਼, ਬੂਟ, ਬੈਂਕ, ਬੈਂਡ, ਬੋਰਡ, ਬੋਰਡਿੰਗ, ਮਸ਼ੀਨ, ਮਨੀਆਰਡਰ, ਮਾਸਟਰ, ਮਿੰਟ, ਮੀਟਿੰਗ, ਮੈਂਬਰ, ਮੈਜਿਸਟ੍ਰੇਟ, ਮੋਟਰ, ਰਜਿਸਟਰ, ਰਾਸ਼ਨ, ਰੀਪੋਰਟ, ਰੀਟਾਇਰ, ਰੀਕਾਰਡ, ਰੂਲ, ਰੇਡੀਓ, ਰੇਲ, ਰੋਡ, ਰੰਗਰੂਟ, ਲਾਇਸੰਸ, ਲਾਇਬਰੇਰੀ, ਲਾਟ, ਲਾਟਰੀ, ਲੈਕਚਰ, ਲੈਂਪ, ਵਾਇਲਨ, ਵਾਲੰਟੀਅਰ, ਵਾਇਸਰਾਇ, ਵੋਟ ਆਦਿ।

14. **ਪੁਰਤਗਾਲੀ ਤੇ ਪੰਜਾਬੀ**—ਪੁਰਤਗਾਲੀ ਲਫਜ਼ ਕੁਝ ਸਿਧੇ ਵੀ ਆਏ ਤੇ ਬਾਕੀ ਅੰਗਰੇਜ਼ੀ ਰਾਹੀਂ। ਅਲਮਾਰੀ, ਅਚਾਰ, ਇਸਪਾਤ, ਸੰਤਰਾ, ਸਾਗੂ, ਕਪਤਾਨ, ਕਮਰਾ, ਕਾਫੀ, ਕਿਰਚ, ਗਮਲਾ, ਗਾਰਦ, ਗਿਰਜਾ, ਗੋਭੀ, ਚਾਬੀ, ਤੌਲੀਆ, ਤੰਬਾਕੂ, ਨੀਲਾਮ, ਪਰਾਤ, ਪਰੇਗ, ਪਾਦਰੀ, ਪਿਸਤੌਲ, ਪੀਪਾ, ਫ ਮ, ਫਲਾਨੀ, ਫਾਲਤੂ, ਫੀਤਾ, ਬਾਲਟੀ, ਬਿਸਕੁਟ, ਬੋਤਲ, ਮਿਸਤਰੀ, ਮੇਜ਼, ਰਸੀਦ।§

ਇਵੇਂ ਜਿਵੇਂ—ਅੰਗਰੇਜ਼, ਕਾਰਤੂਸ, ਕੂਪਨ, ਫਿਰੰਗੀ, ਚੀਨੀ-ਲੀਚੀ (ਲੀਚੂ), ਜਪਾਨੀ-ਰਿਕਸ਼ਾ, ਇਤਾਲਵੀ ਤਰੁਪ, ਮਿਸਰੀ-ਅੱਤ ਤੇ ਇਜੇਹੇ ਕਈ ਹੋਰ ਵਿਦੇਸੀ ਜ਼ਬ ਨਾਂ ਦੇ ਸ਼ਬਦ ਹਨ, ਜੋ ਪੰਜਾਬੀ ਵਿਚ ਘੁਲ ਮਿਲ ਗਏ ਹਨ।

ਦਰਅਸਲ ਤਾਂ ਸੰਸਕ੍ਰਿਤ, ਫਾਰਸੀ ਤੇ ਅੰਗਰੇਜ਼ੀ ਤਿੰਨ ਸੰਸਾਰ-ਪਰਸਿਧ ਰਖਣ ਵਾਲੀਆਂ

---

§'Influence of Portuguese, Vocables in Asiatic languages' By ਸ਼੍ਰੀ. ਬੀ, ਭੱਟਾਚਾਰੀਆ (ਗਾਇਕਵਾੜ ਓਰੀਅੰਟਲ ਸੀਰੀਜ਼)

ਆਰਿਆਈ ਜ਼ਬਾਨਾਂ ਹਨ, ਜਿਨ੍ਹਾਂ ਨੇ ਰਾਜ-ਭਾਸ਼ਾ ਹੋਣ ਦੇ ਨਾਤੇ ਪੰਜਾਬੀ ਉਤੇ ਡੂੰਘਾ ਅਸਰ ਪਾਇਆ ਹੈ। ਇਨ੍ਹਾਂ ਰਾਹੀਂ ਹੋਰ ਵੀ ਏਸ਼ੀਆ ਤੇ ਯੂਰਪ ਦੀਆਂ ਕਈ ਜ਼ਬਾਨਾਂ ਦੇ ਸ਼ਬਦ ਪੰਜਾਬੀ ਵਿਚ ਆਏ ਪਰੰਤੂ ਪੰਜਾਬੀ ਨੇ ਇਨ੍ਹਾਂ ਸਭਨਾਂ ਨੂੰ ਕਬੂਲਣ ਲਗਿਆਂ ਆਪਣੀ ਮੋਹਰ-ਛਾਪ ਜ਼ਰੂਰ ਲਾਈ ਹੈ, ਜੋ ਕਿ ਆਜ਼ਾਦ ਬੋਲੀ ਦਾ ਕੰਮ ਹੈ। ਹੁਣ ਇਹ ਸ਼ਬਦ ਪੰਜਾਬੀ ਵਿਆਕਰਣ ਦੀ ਰਿਆਇਆ ਹਨ ਤੇ ਉਸ ਦੇ ਹੁਕਮਾਂ ਅਨੁਸਾਰ ਹੀ ਚਲਦੇ ਹਨ। ਮਿਸਾਲ ਲਈ ਮੇਵਾ ਜਾਂ ਸਕੂਲ ਸ਼ਬਦ ਦਾ ਬਹੁਵਚਨ 'ਮੇਵਾਜਾਤ' ਜਾਂ 'ਸਕੂਲਜ਼' ਨਹੀਂ ਬਣੇਗਾ, ਪੰਜਾਬੀ ਨੇਮਾਂ ਅਨੁਸਾਰ ਮੇਵੇ, ਮੇਵਿਆਂ ਜਾਂ ਸਕੂਲਾਂ ਹੀ ਬਣੇਗਾ।

ਇਹ ਇਸ ਲਈ ਕਿ ਹਰ ਆਜ਼ਾਦ ਬੋਲੀ ਲਫ਼ਜ਼ ਤਾਂ ਜ਼ਰੂਰ ਦੂਜੀ ਥਾਂ ਤੋਂ ਲੈ ਲੈਂਦੀ ਹੈ ਪਰ ਬਣਤਰੀ ਨੇਮ-ਵਿਆਕਰਣ ਆਪਣਾ ਹੀ ਰਖਦੀ ਹੈ। ਇਸੇ ਕਰ ਕੇ ਕਿਸੇ ਬੋਲੀ ਦੇ ਕ੍ਰਿਆ ਸ਼ਬਦ ਦੂਜੀ ਵਿਚ ਨਹੀਂ ਜਾਂਦੇ, ਕੇਵਲ ਨਾਂਵਾਂ ਜਾਂ ਵਿਸ਼ੇਸ਼ਣਾਂ ਦਾ ਹੀ ਲੈਣ ਦੇਣ ਹੁੰਦਾ ਹੈ।

ਪੰਜਾਬੀ ਨੇ ਇਸ ਮੇਲ-ਜੋਲ ਰਾਹੀਂ ਜਿਸ ਤਰ੍ਹਾਂ ਆਪਣੇ ਸ਼ਬਦ-ਭੰਡਾਰ ਨੂੰ ਭਰਪੂਰ ਕੀਤਾ ਹੈ, ਉਹ ਇਕ ਗੌਰਵ ਵਾਲੀ ਗੱਲ ਹੈ। ਇਸ ਅਨੋਖੇ ਭੰਡਾਰ ਨੂੰ ਦੇਖ ਕੇ ਇਉਂ ਲਗਦਾ ਹੈ ਕਿ ਜਿਵੇਂ ਦੂਰ ਦੂਰ ਪਸਰੀਆਂ ਆਰੀਆ-ਬੋਲੀਆਂ ਦੀ ਸ਼ਬਦਾਵਲੀ ਮੁੜ ਪੰਜਾਬੀ ਮਾਨ-ਸਰੋਵਰ ਉਤੇ ਜੁੜ ਰਹੀ ਹੈ ਤੇ ਆਪਣਾ ਪੁਰਾਣਾ ਰਿਸ਼ਤਾ ਜਗਾ ਰਹੀ ਹੈ।

———

ਪੰਜਾਬੀ ਦੀਆਂ ਉਪਬੋਲੀਆਂ

ਕਿਸੇ ਭਾਸ਼ਾ ਜਾਂ ਬੋਲੀ ਦੇ ਬੋਲ ਚਾਲ ਦੇ ਇਲਾਕਈ ਰੂਪ ਨੂੰ ਉਪਬੋਲੀ (Dialect) ਕਿਹਾ ਜਾਂਦਾ ਹੈ, ਜੋ ਕਿ ਸਾਂਝੀਆਂ ਬੋਲਕ ਖੂਬੀਆਂ ਦੇ ਕਾਰਣ ਇਕ ਨੀਅਤ ਭੂਗੋਲਕ ਘੇਰੇ ਦੀ ਰਾਣੀ ਹੁੰਦੀ ਹੈ।‡ਇਹ ਉਪਬੋਲੀ ਵਰਤੀ ਭਾਵੇਂ ਮਹਿਦੂਦ ਘੇਰੇ ਵਿਚ ਜਾਂਦੀ ਹੋਵੇ ਪਰ ਇਸ ਦੇ ਸਮਝਣ ਦਾ ਘੇਰਾ ਜ਼ਰਾ ਇਸ ਤੋਂ ਵਿਸ਼ਾਲ ਹੁੰਦਾ ਹੈ। ਇਹ ਇਕ ਮੰਨੀ-ਪ੍ਰਮੰਨੀ ਸਚਾਈ ਹੈ ਕਿ ਮਨੁਖਾਂ ਦੀਆਂ ਉਚਾਰਣ-ਵਿਸ਼ੇਸਤਾਈਆਂ ਥਾਂ ਥਾਂ ਬਦਲਦੀਆਂ ਰਹਿੰਦੀਆਂ ਹਨ ਅਤੇ ਹਰ ਘੇਰੇ ਦੀਆਂ ਵਿਸ਼ੇਸ਼ਤਾਈਆਂ ਇਕ ਭੂਗੋਲਕ ਗੁੱਟ ਵਿਚ ਪਰੁਚ ਕੇ ਵੱਖਰੀ ਉਪਬੋਲੀ ਦਾ ਰੂਪ ਧਾਰ ਲੈਂਦੀਆਂ ਹਨ। ਕਿਸੇ ਦੇਸ਼ ਦੇ ਜਿੰਨੇ ਕੁ ਅਜੇਹੇ 'ਕੁਦਰਤੀ ਗੁੱਟ' ਬਣਦੇ ਹੋਣ, ਉਤਨੀਆਂ ਕੁ ਉਪਬੋਲੀਆਂ ਦਾ ਹੋਂਦ ਵਿਚ ਆਂ ਜਾਣਾ ਇਕ ਮਾਮੂਲੀ ਗੱਲ ਹੈ।

ਸੋ ਉਪਬੋਲੀ ਜਾਂ ਉਪਭਾਖਾ ਇਲਾਕਈ ਬੋਲਕ ਵਿਸ਼ੇਸ਼ਤਾ ਦਾ ਇਕ ਬੱਝਵਾਂ ਰੂਪ ਹੈ, ਜੋ ਉਸ ਗੁੱਟ ਦੇ ਜਨ-ਸਮੂਹ ਵਿਚ ਭਲੀ ਭਾਂਤ ਬੋਲਿਆ ਵਰਤਿਆ ਜਾਂਦਾ ਹੈ ਤੇ ਉਸ ਵਿਚ ਉਚਾਰਣ-ਭਿਨਤਾ ਨਹੀਂ ਪਾਈ ਜਾਂਦੀ। ਪ੍ਰੋ: ਪੀ. ਡੀ. ਗੁਨੈ ਲਿਖਦੇ ਹਨ—

'We may therefore define dialect as the speech of a group of a individuals, who can make themselves easily & perfectly intelligible to one another; or to but it in other or more accurate words. dialect is constituted by the speech of all those persons, in whose utterances variations are not sensibly perceived or attented to'. [ਇੰਡੋਅਨ ਫਿਲਾਲੋਜੀ ਪੰਨਾ 15

ਜੇਹਾ ਕਿ ਅਸਾਂ ਪੰਜਾਬੀ ਦੀਆਂ ਹੱਦਾਂ ਬਾਰੇ ਬਹਿਸ ਕਰਦਿਆਂ ਦਸਿਆ ਸੀ ਕਿ ਕੁਦਰਤੀ ਹਦਬੰਦੀ ਦਾ ਜ਼ਬਾਨਾਂ ਦੀ ਹਦਬੰਦੀ ਬਣਾਉਣ ਵਿਚ ਬਹੁਤ ਹੱਥ ਹੁੰਦਾ ਹੈ ਤੇ ਇਸੇ ਵਡੀ ਹਦਬੰਦੀ ਵਿਚ ਜੋ ਛੋਟੇ ਛੋਟੇ ਕੁਦਰਤੀ ਘੇਰੇ ਹੁੰਦੇ ਹਨ, ਉਹੋ ਉਪ-ਬੋਲੀਆਂ ਦੀ ਜਨਮ-ਭੋਂ

‡ A definite dialect exists in any area where Common Peculiarities are found. Even if the boundaries between two abjacent areas should prove to be some what fluid It is still true that each area can still be difined as a whole by certain general features which the other does not Posses.

[J. V., P. 218]

ਬਣਦੇ ਜਾਂਦੇ ਹਨ । ਪੁਰਾਣਿਆਂ ਸਮਿਆਂ ਵਿਚ ਜਦੋਂ ਮਨੁਖ ਕੋਲ ਰੇਲ, ਮੋਟਰ, ਹਵਾਈ ਜਹਾਜ਼ ਰੇਡੀਓ ਆਦਿ ਦੇ ਮੇਲ ਜੋਲ ਦੇ ਨਵੇਂ ਸੁਚੱਜੇ ਸਾਧਨ ਨਹੀਂ ਸਨ, ਉਦੋਂ ਆਮ ਲੋਕਾਂ ਦ ਆਵਾਜਾਈ ਕੁਦਰਤੀ ਹੱਦ ਤਕ ਹੀ ਮਹਿਦੂਦ ਹੁੰਦੀ ਸੀ । ਵਪਾਰੀਆਂ ਜਾਂ ਫੌਜੀਆਂ ਨੂੰ ਛਡ ਹੋਰ ਕੋਈ ਬਹੁਤਾ ਦੂਰ ਦੁਰੇਡੇ ਨਹੀਂ ਸੀ ਜਾਂਦਾ ।

ਦੋ ਦਰਿਆਵਾਂ ਵਿਚਕਾਰ ਵਸਦੇ ਲੋਕਾਂ ਦੀ ਆਵਾਜਾਈ ਆਪਣੇ ਦੁਆਬੇ ਤਕ ਹੀ ਸੀਮਤ ਰਹਿੰਦੀ ਸੀ । ਇਸੇ ਤਰ੍ਹਾਂ ਪਹਾੜੀ ਗੁੱਠਾਂ ਵਿਚ ਵਸਦੇ ਲੋਕ ਪਰਬਤੀ ਹੱਦਾਂ ਵਿਚ ਬੰਦ ਰਹਿੰਦ ਸਨ । ਮੇਲ-ਜੋਲ ਨਾ ਹੋਣ ਜਾਂ ਬਹੁਤ ਘਟ ਹੋਣ ਕਾਰਨ ਅਤੇ ਵਿਦਿਆ-ਪਰਚਾਰ ਦ ਅਵਿਆਪਕਤਾ ਕਰ ਕੇ ਦੇਸ ਦੇ ਵੱਖ ਵੱਖ ਹਿਸਿਆਂ ਦੀਆਂ ਬੋਲੀਆਂ ਅੰਦਰ ਭਿੰਨਤਾ ਆਉਣ ਲਾਜ਼ਮੀ ਸੀ ਪਰ ਇਸ ਭਿੰਨਤਾ ਦੇ ਬਾਵਜੂਦ ਨਾਲ ਨਾਲ ਰਾਜਨੀਤਕ ਸੱਤਾ ਜਾਂ ਸਭਿਆਚਾਰਕ ਮੇਲ ਇਕ ਸਾਂਝ ਪੈਦਾ ਕਰਨ ਵਿਚ ਵੀ ਮੱਦਦ ਦੇਂਦੇ ਸਨ ਤੇ ਹੁਣ ਵੀ ਕਾਫੀ ਹਦ ਤਕ ਅਜੇਹਾ ਹੀ ਹੁੰਦਾ ਹੈ ।

ਜਿਸ ਥਾਂ ਰਾਜਸੀ ਤਾਕਤ ਦਾ ਕੇਂਦਰ ਜਾਂ ਗੜ੍ਹ ਹੋਵੇ ਉਸ ਥਾਂ ਦੀ ਬੋਲੀ ਤਲਵਾਨ ਹੋ ਦੇ ਦੇਸ ਉਤੇ ਛਾ ਜਾਂਦੀ ਹੈ ਤੇ ਸੋਹਣਾ ਮਾਂਜਿਆ ਸੋਧਿਆ ਰੂਪ ਧਾਰ ਕੇ ਸਰਬ-ਪਰਵਾਨ ਹੋ ਜਾਂਦ ਹੈ । ਇਹ ਸਰਬ-ਪਰਵਾਨ ਟਕਸਾਲੀ ਬੋਲੀ ਸ਼ਿਰੋਮਣੀ ਤੇ ਮੁਖੀਆ ਕਹੀ ਜਾਂਦੀ ਹੈ ਤੇ ਬਾਕੀ ਉਸ ਇਲਾਕੇ ਦੀਆਂ ਅਧੀਨ ਬੋਲੀਆਂ, ਉਪ-ਬੋਲੀਆਂ । ਜਿੰਨਾ ਕੋਈ ਦੇਸ਼ ਦਰਿਆਵਾਂ, ਨਾਲਿਆਂ ਪਹਾੜੀਆਂ ਦੇ ਘੇਰਿਆਂ ਵਿਚ ਵੰਡਿਆ ਹੋਵੇ ਉਤਨੀਆਂ ਹੀ, ਰੂਪ-ਭੇਦ ਕਰ ਕੇ ਉਪ-ਬੋਲੀਆ ਬਣ ਜਾਂਦੀਆਂ ਹਨ । ਪੰਜਾਬੀ ਦਾ ਪਰਚਲਤ ਮੁਹਾਵਰਾ ਹੈ ਕਿ ਬੋਲੀ ਬਾਰਾਂ ਕੋਹ ਤੇ ਬਦਲ ਜਾਂਦੀ ਹੈ । ਦਰ-ਅਸਲ ਇਕ ਆਦਮੀ ਦੀ ਆਵਾਜਾਈ ਦਾ ਘੇਰਾ ਪੰਜਾਹ ਕੁ ਕੋਹ ਹੁੰਦਾ ਹੈ, ਬਾਰ ਕੋਹ ਪੂਰਬ ਵਲ, ਬਾਰਾਂ ਕੋਹ ਪੱਛਮ ਵਲ ਅਤੇ ਬਾਰਾਂ ਬਾਰਾਂ ਕੋਹ ਉਤਰ ਦੱਖਣ ਵਲ, ਕਿਸੇ ਦਾ ਵਧ ਕਿਸੇ ਦਾ ਘੱਟ । ਇਹੋ ਆਵਾਜਾਈ ਤੇ ਮੇਲ ਜੋਲ ਉਪ-ਬੋਲੀ ਵਿਚ ਏਕਤਾ ਪੈਦ ਕਰਦਾ ਹੈ ਅਤੇ ਇਕ ਨਾਲੋਂ ਦੂਜੀ ਨੂੰ ਨਿਖੇੜਦਾ ਹੈ । ਉਚਾਰਣ ਦਾ ਲਹਿਜਾ, ਅੱਡ ਅੱਡ ਜਾਤਾਂ, ਪੇਸ਼ਿਆਂ, ਮਜ਼ਹਬਾਂ ਵਾਲਿਆਂ ਦੀ ਵਸੋਂ, ਗਰਮ ਸਰਦ ਵਾਯੂ-ਮੰਡਲ ਅਤੇ ਬਿਦੇਸੀ ਅਸਰਾਂ ਦਾ ਘੋਲ-ਮਚੋਲਾ ਉਪਬੋਲੀਆਂ ਨੂੰ ਪੱਕਾ ਰੂਪ ਦੇਣ ਵਿਚ ਮਦਦ ਦੇਂਦਾ ਹੈ । ਖਾਸ ਕਰ ਕੇ ਇਹੋ ਸਥਾਨਕ ਰੰਗਣ ਹੀ ਨਿਖੇੜਵਾਂ ਮੁਹਾਂਦਰਾ ਬਣਾਉਂਦੀ ਹੈ । ਪੰਜਾਬੀ ਦਾ ਇਕੋ 'ਭਾਈ' ਸ਼ਬਦ-ਭਾਈਆ, ਭਾ, ਭਰਾ, ਭਿਰਾ, ਬਰ੍ਹਾ, ਭਰਾਤਾ ਅਤੇ ਭਾਊ ਆਦਿ ਅੱਡ ਅੱਡ ਉਪਬੋਲੀਆਂ ਵਿਚ ਕਈ ਅੱਡ ਅੱਡ ਰੂਪ ਰਖਦਾ ਹੈ । ਦੂਜੀਆਂ ਗੁਆਂਢਣ ਬੋਲੀਆਂ ਨਾਲ ਮਿਲਦੀਆਂ ਭੂਗੋਲਕ ਹੱਦਾਂ ਵੀ ਇਕ ਨਵੀਂ ਬੋਲੀ ਨੂੰ ਖੜਾ ਕਰ ਦੇਂਦੀਆਂ ਹਨ । ਜਿਵੇਂ ਪੰਜਾਬੀ ਦਾ ਪੂਰਬ ਵਲ ਬਾਂਗਰੂ ਨਾਲ ਮੇਲ ਪੁਆਧੀ ਨੂੰ, ਪੱਛਮ ਵਲ ਸਿੰਧੀ ਨਾਲ ਮੇਲ ਲਹਿੰਦੀ ਨੂੰ, ਉਤਰ ਵਲ ਕਸ਼ਮੀਰੀ ਦਾ ਮੇਲ ਡੋਗਰੀ ਨੂੰ, ਦੱਖਣ ਵਲ ਰਾਜਸਥਾਨੀ-ਬਾਗੜੀ ਦਾ ਮੇਲ ਭਟਿਆਣੀ ਨੂੰ ਇਕ ਨਿਵੇਕਲਾ ਰੂਪ ਦੇਂਦਾ ਹੈ । ਭਾਵੇਂ ਇਹ ਹੋਰ ਕਾਰਣਾਂ ਕਰ ਕੇ ਵੀ ਉਪਬੋਲੀਆਂ ਹਨ ਪਰ ਗੁਆਂਢੀ ਬੋਲੀਆਂ ਦਾ ਵੀ ਇਸ ਵਿਚ ਕਾਫੀ ਹੱਥ ਹੈ ।

ਇਕ ਇਹ ਵੀ ਦਲੀਲ ਦਿਤੀ ਜਾਂਦੀ ਹੈ ਕਿ ਪੰਜਾਬੀ ਕਦੀ ਵੀ ਰਾਜਸੀ ਬੋਲੀ ਨਾ ਬਣਨ ਕਾਰਨ ਭਾਸ਼ਾਈ-ਏਕਤਾ ਨਹੀਂ ਲਿਆ ਸਕੀ, ਇਸ ਲਈ ਇਸ ਦੀਆਂ ਉਪ-ਬੋਲੀਆਂ ਦੀ ਗਿਣਤੀ ਜ਼ਿਆਦਾ ਹੈ । ਇਹ ਦਲੀਲ ਏਨੀ ਵਜ਼ਨਦਾਰ ਨਹੀਂ । ਕਿਸੇ ਬੋਲੀ ਦੇ ਰਾਜਸੀ ਜ਼ਬਾਨ ਬਣ ਜਾਣ ਨਾਲ ਉਪ-ਬੋਲੀਆਂ ਉੱਕਾ ਮਿਟ ਨਹੀਂ ਜਾਂਦੀਆਂ । ਹਾਂ, ਇਕ ਨੂੰ ਪ੍ਰਮੁਖਤਾ ਤੇ ਪ੍ਰਮਾਣੀਕਤਾ ਜ਼ਰੂਰ

ਮਿਲ ਜਾਂਦੀ ਹੈ, ਜੋ ਗੁਆਂਢੀ ਉਪਬੋਲੀਆਂ ਉਤੇ ਵਿਸ਼ੇਸ਼ ਅਸਰ ਪਾਉਂਦੀ ਹੈ। ਰਾਜ
ਪ੍ਰਭੁਤਾ ਨ ਪ੍ਰਾਪਤ ਕਰਨ ਦੇ ਬਾਵਜੂਦ ਪੰਜਾਬੀ ਨੇ ਸਾਹਿਤਕ ਪ੍ਰਮਾਣੀਕਤਾ ਤਾਂ ਚੋਰ ਤੋਂ
ਕੀਤੀ ਹੋਈ ਹੈ, ਇਸ ਨਾਲ ਕੇਂਦਰੀ ਉਪਬੋਲੀਆਂ ਦਾ ਆਪਣਾ ਰੰਗ ਜ਼ਰੂਰ ਘਟਿਆ ਹੈ,
ਉਨ੍ਹਾਂ ਦਾ ਬਿਨਾਸ ਨਹੀਂ ਹੋਇਆ। ਸਗੋਂ ਕਈ ਉਪਬੋਲੀਆਂ ਤਾਂ ਲੰਮੀ ਘਾਲ ਘਾ
ਟਕਸਾਲੀ ਨੂੰ ਆਪਣਾ ਤਿਲ ਫੁਲ ਭੇਟ ਚੜ੍ਹਾਉਂਦੀ ਰਹਿੰਦੀਆਂ ਹਨ, ਜਿਸ ਨਾਲ ਉਸ
ਸ਼ਕਤੀ ਵਧਦੀ ਹੈ।

ਸੋ ਉਪਬੋਲੀਆਂ ਦੀ ਹੋਂਦ ਕਿਸੇ ਬੋਲੀ ਲਈ ਕੋਈ ਅੰਗੂਣ ਵਾਲੀ ਗੱਲ ਨਹੀਂ। ਸੰਸਾਰ
ਦੀਆਂ ਤਮਾਮ ਪ੍ਰਮਾਣੀਕ ਬੋਲੀਆਂ ਉਪ-ਬੋਲੀਆਂ ਰਖਦੀਆਂ ਹਨ, ਅੰਗਰੇਜ਼ੀ ਦੀਆਂ ਕਈ
ਉਪਬੋਲੀਆਂ ਹਨ, ਹਿੰਦੀ ਦੀਆਂ 6-7 ਉਪ ਭਾਖਾਵਾਂ ਹਨ। ਇਨ੍ਹਾਂ ਉਪਭਾਖਾਵਾਂ ਵਿਚੋਂ ਹੀ
ਜਿਸ ਨੂੰ ਪਰਧਾਨਤਾ ਮਿਲ ਜਾਵੇ, ਉਹੋ ਟਕਸਾਲੀ ਭਾਸ਼ਾ ਦਾ ਰੂਪ ਧਾਰ ਲੈਂਦੀ ਹੈ। ਮਿਸਾਲ ਲਈ
ਕਿਸੇ ਸਮੇਂ ਹਿੰਦੀ ਦਾ ਪੂਰਬੀ ਰੂਪ ਅਵਧੀ, ਪਰਧਾਨ ਸੀ। ਮਲਕ ਮੁਹੰਮਦ ਜਾਇਸੀ ਨੇ 'ਪਦਮਾਵਤ'
ਮਹਾਂ-ਕਾਵਿ ਰਚ ਕੇ ਤੁਲਸੀ ਜੀ ਨੇ 'ਰਾਮਾਇਣ' ਲਿਖ ਕੇ ਇਸੇ ਨੂੰ ਪਰਸਿੱਧੀ ਦਿਤੀ। ਫਿਰ
ਕ੍ਰਿਸ਼ਨ-ਭਗਤੀ ਦੇ ਜ਼ੋਰ ਨਾਲ ਬ੍ਰਿਜ ਦੇ ਇਲਾਕੇ ਦੀ ਉਪਬੋਲੀ 'ਬ੍ਰਿਜ-ਭਾਸ਼ਾ' ਬਣ ਕੇ ਚਮਕੀ।
ਅਜ ਕਲ ਇਨ੍ਹਾਂ ਦੋਹਾਂ ਉਪਬੋਲੀਆਂ ਨੂੰ ਛਡ ਕੇ ਦਿਲੀ ਮੇਰਠ ਦੇ ਲਾਗੇ ਦੀ 'ਖੜੀ ਬੋਲੀ' ਨੇ
ਸਾਹਿਤਕ ਮਹੱਤਤਾ ਪਰਾਪਤ ਕਰ ਲਈ ਹੈ ਤੇ ਰਾਜ-ਭਾਸ਼ਾ ਬਣ ਗਈ ਹੈ। ਸੋ ਇਹ ਜ਼ਰੂਰੀ ਨਹੀਂ
ਕਿ ਕੋਈ ਖਾਸ ਉਪਬੋਲੀ ਹੀ ਟਕਸਾਲੀ ਬਣਦੀ ਹੈ, ਜਿਸ ਨੂੰ ਵੀ ਹਾਲਾਤ ਮੌਕਾ ਦੇਣ, ਉਹੋ
ਮਲਕਾ ਬਣ ਸਨਮਾਨ ਪਾਉਂਦੀ ਹੈ। ਦੁਨੀਆਂ ਦੀਆਂ ਤਮਾਮ ਅਮੀਰ ਤੇ ਪ੍ਰਮਾਣੀਕ ਜ਼ਬਾਨਾਂ
ਉਪਬੋਲੀਆਂ ਦੀਆਂ ਹੀ ਧੀਆਂ ਹਨ। ਜਦੋਂ ਕੋਈ ਉਪਬੋਲੀ ਟਕਸਾਲੀ ਰੂਪ ਧਾਰਨ ਲਈ ਅਗੇ
ਵਧਦੀ ਹੈ ਤਾਂ ਉਹ ਆਪਣੇ ਉਪਭਾਖਣੀ ਗੁਣ ਛਡ ਕੇ ਇਕ ਸਾਂਝੀ ਜੈਹੀ ਸ਼ਕਲ ਅਪਣਾਉਂਦੀ
ਹੈ, ਜਿਸ ਵਿਚ ਉਸ ਦੀਆਂ ਭੈਣਾਂ-ਚੂਜੀਆਂ ਉਪਬੋਲੀਆਂ ਦਾ ਵੀ ਤਕੜਾ ਹੱਥ ਹੁੰਦਾ ਹੈ ਅਤੇ
ਬਾਦ ਵਿਚ ਵੀ ਉਹ ਉਸ ਦੀ ਸਮੇਂ ਸਮੇਂ ਮਦਦ ਕਰਦੀਆਂ ਰਹਿੰਦੀਆਂ ਹਨ, ਹਵੇਂ ਸ਼ਬਦਾਂ
ਦਾ ਢੇਆ ਪੇਸ਼ ਕਰਕੇ।

ਕਿਸੇ ਬੋਲੀ ਵਿਚ ਉਪਭਾਖਾਵਾਂ ਵਾਂਙ ਵਖੋ ਵਖ ਜਾਤਾਂ, ਪੇਸ਼ਿਆਂ ਜਾਂ ਜਥੇਬੰਦੀਆਂ ਦੀਆਂ
ਵੀ ਖਾਸ ਖਾਸ ਬੋਲੀਆਂ (Special languages) ਹੁੰਦੀਆਂ ਹਨ, ਉਨ੍ਹਾਂ ਦਾ ਘੇਰਾ ਭੂਗੋਲਕ
ਸੀਮਾਂ ਵਿਚ ਬੰਦ ਹੋਣ ਦੀ ਥਾਂ ਖਾਸ ਟੋਲੇ ਨਾਲ ਸਬੰਧਤ ਹੁੰਦਾ ਹੈ। ਜਿਵੇਂ ਠੱਗਾਂ ਦੀ ਬੋਲੀ,
ਵਪਾਰੀਆਂ ਦੀ ਬੋਲੀ, ਹਰ ਪੇਸ਼ੇ ਦੇ ਕਾਰੀਗਰਾਂ ਦੀ ਬੋਲੀ, ਹਰ ਧਰਮ ਦੀ ਪ੍ਰੋਹਤੀ ਬੋਲੀ,
ਕਾਨੂੰਨੀ ਬੋਲੀ, ਵਿਗਿਆਨਕ ਬੋਲੀ ਤੇ ਡਾਕਟਰੀ ਬੋਲੀ ਸਭ ਇਸੇ ਤਰ੍ਹਾਂ ਦੀਆਂ ਸਪੈਸ਼ਲ ਜ਼ਬਾਨਾਂ
ਹਨ।‡ ਇਨ੍ਹਾਂ ਦੀ ਸੰਕੇਤਾਵਲੀ ਆਪਣੀ ਕਿਸਮ ਦੀ ਹੁੰਦੀ ਹੈ ਤੇ ਉਸ ਸ਼ੈਲੀ ਨਾਲ ਸਬੰਧਤ
ਅ ਦਮੀ ਹੀ ਜ਼ਿਆਦਾ ਉਸ ਨੂੰ ਸਮਝ ਸਕਦੇ ਹਨ। ਵੈਸੇ ਇਨ੍ਹਾਂ ਦੀ ਹੋਂਦ ਉਪਬੋਲੀਆਂ ਵਾਂਙ
ਹੁੰਦੀ ਕੁਦਰਤੀ ਹੈ ਪਰ ਇਹ ਗੱਲ ਯਾਦ ਰਖਣ ਵਾਲੀ ਹੈ ਕਿ ਇਹ 'ਖਾਸ ਬੋਲੀਆਂ' ਕਿਸੇ
ਜੀਉਂਦੀ ਸਾਂਝੀ ਜ਼ਬਾਨ ਦੇ ਪੇਟੋਂ ਜੰਮਦੀਆਂ ਤੇ ਇਥੋਂ ਹੀ ਤਾਕਤ ਲੈਂਦੀਆਂ ਹਨ, ਆਪਣੇ ਆਪ

‡J. V. P. 250

ਤੇ ਨਿਰਭਰ ਨਹੀਂ ਹੁੰਦੀਆਂ ।§ 18ਵੀਂ ਸਦੀ ਦੇ ਸਿੰਘਾਂ ਦੇ 'ਗੜਗੱਜ ਬੋਲੇ' ਹੀ ਸੀ, ਜਿਸ ਨੇ ਪੰਜਾਬੀ ਤੋਂ ਆਪਣਾ ਵਜੂਦ ਬਣਾਇਆ ਤੇ ਬਾਦ ਵਿਚ ਪੰਜ ਬਣਾ ਕੇ ਦਿਤਾ । ਇਉਂ ਸਪੈਸ਼ਲ ਜ਼ਬਾਨਾਂ ਆਪਣੀ ਹਸਤੀ ਨੂੰ ਬਰਕਰਾਰ ਰਖ ਹਲਕੇ ਵਿਚ ਘੁੰਮਦੀਆਂ ਰਹਿੰਦੀਆਂ ਤੇ ਉਪਬੋਲੀਆਂ ਦੀ ਤਰ੍ਹਾਂ, ਸਗੋਂ ਕਈ ਹਾ ਨਾਲੋਂ ਵੀ ਵਧ, ਟਕਸਾਲੀ ਬੋਲੀ ਦੀ ਮੱਦਦ ਕਰਦੀਆਂ ਰਹਿੰਦੀਆਂ ਹਨ ।

ਬਹੁਤ ਸਾਰੇ ਲੋਕ ਇਹ ਸਮਝਦੇ ਹਨ ਕਿ ਸਿਵਾਇ ਕਿਤਾਬੀ ਬੋਲੀ ਦੇ ਬ ਤਾਂ ਬੇਨਿਯਮੀਆਂ ਹੀ ਚਲਦੀਆਂ ਹਨ ਪਰ ਇਹ ਗੱਲ ਮੂਲੋਂ ਹੀ ਕੂੜੀ ਹੈ ਕਿਤਾਬੀ ਬੋਲੀ ਨਾਲੋਂ ਵੀ ਨੇਮਾਂ ਦੀਆਂ ਜ਼ਿਆਦਾ ਪਾਬੰਦ ਹੁੰਦੀਆਂ ਹਨ । ਇਹ ਕਿ ਕੋਈ ਉਨ੍ਹਾਂ ਨੇਮਾਂ ਨੂੰ ਧਿਆਨ ਵਿਚ ਨਾ ਲਿਆਵੇ ।‡

ਹੁਣ ਅਸੀਂ ਪੰਜਾਬੀ ਦੀਆਂ ਉਪਭਾਖਾਵਾਂ ਵਲ ਆਉਂਦੇ ਹਾਂ । ਵੱਖ ਵੱਖ ਸੰਮਤੀ ਅਨੁਸਾਰ ਇਨ੍ਹਾਂ ਦੀ ਗਿਣਤੀ ਵੱਖ ਵੱਖ ਹੈ । ਸ਼ਾਇਦ ਸਭ ਤੋਂ ਪਹਿਲਾਂ ਨੇ ਹੀ ਪੰਜਾਬੀ ਦੀਆਂ ਉਪਬੋਲੀਆਂ ਦੀ ਵਿਸਥਾਰਕ ਛਾਣ ਬੀਣ ਕੀਤੀ, ਜੋ ਕਿ ਉਨ੍ ਦੇ 651 ਤੋਂ 805 ਪੰਨੇ ਤਕ ਵੰਨਗੀਆਂ ਸਣੇ ਦਰਜ ਹੈ । ਇਨ੍ਹਾਂ ਨੇ ਡੋਗਰੀ, ਮ ਮਲਵਈ, ਪੁਆਧੀ, ਰਾਠੀ ਤੇ ਭਟਿਆਣੀ ਸੱਤ ਉਪਬੋਲੀਆਂ ਮੰਨੀਆਂ ਹਨ ਤ ਉਪਰੂਪ ਵੀ ਅੰਕਤ ਕੀਤੇ ਹਨ ।

ਚੂੰਕਿ ਲਹਿੰਦੀ ਨੂੰ ਉਹ ਪੰਜਾਬੀ ਤੋਂ ਅੱਡਰੀ ਬੋਲੀ ਮੰਨਦਾ ਹੈ, ਇਸ ਲਈ ਉਪਬੋਲੀਆਂ—ਮੁਲਤਾਨੀ ਤੇ ਪੋਠੋਹਾਰੀ ਆਦਿ—ਨੂੰ ਉਸ ਨੇ ਇਸ ਵਿਚ ਸ਼ਾਮਲ ਨ ਪਰਸਿੱਧ ਭਾਸ਼ਾ-ਪੰਡਤ ਮਿ: ਹਾਰਨਲੇ ਨੇ ਲਹਿੰਦੀ ਨੂੰ ਪੰਜਾਬੀ ਦੀ ਉਪਭਾਖਾ ਹੀ ਭਾ: ਬਨਾਰਸੀ ਦਾਸ ਜੀ ਨੇ ਵੀ ਇਤਨੀ ਕੁ ਗਿਣਤੀ ਹੀ ਦਿਤੀ ਹੈ, ਉਨ੍ਹਾਂ 'ਰਾਠੀ 'ਪੱਛਮੀ ਪੰਜਾਬੀ' ਨੂੰ ਨਾਲ ਗਿਣ ਲਿਆ ਹੈ । ਭਾ: ਬਿਸ਼ਨ ਦਾਸ ਪੁਰੀ ਜੀ ਨੇ 'ਪ ਭੰਡਾਰ' ਦੀ ਉਥਾਨਕਾ ਵਿਚ 1. ਠੇਠ ਪੰਜਾਬੀ 2. ਪੋਠੋਹਾਰੀ 3. ਲਹਿੰਦਾ ਤੇ 4. ਪਹਾੜ ਉਪ-ਭਾਖਾਵਾਂ ਗਿਣੀਆਂ ਹਨ । ਪ੍ਰੋ: ਪੀ. ਡੀ. ਗੁਨੇ ਮਾਝੀ ਤੇ ਮਾਲਵੀ ਦੋ ਹੀ ਦਸਦ

ਮੇਰੇ ਖਿਆਲ ਵਿਚ ਮਾਝੀ, ਦੁਆਬੀ ਤੇ ਮਲਵਈ ਭਾਂਤੇ ਭਾਵੇਂ ਆਪਸ ਵਿ ਅੰਤਰ ਰਖਦੀਆਂ ਹਨ ਪਰ ਹੁਣ ਇਹ ਕੇਂਦਰੀ ਪ੍ਰਭਾਵ ਹੇਠ ਆ ਕੇ ਇਕ ਗਈਆਂ ਹਨ, ਇਸ ਲਈ ਹੁਣ ਇਨ੍ਹਾਂ ਦੀ ਅੱਡਰੀ ਗਿਣਤੀ ਕਰਨੀ ਠੀਕ ਪੁਆਧੀ ਵੀ ਇਸੇ ਅਸਰ ਆ ਕੇ ਕੇਂਦਰੀ ਨਾਲ ਅਭਿੰਨ ਹੋ ਰਹੀ ਹੈ । ਲਹਿੰਦੇ ਜ਼ਰੂਰ ਪੰਜਾਬੀ ਦਾ ਅੰਗ ਹਨ, ਕਿਉਂਕਿ ਉਨ੍ਹਾਂ ਦਾ ਸ਼ਬਦ-ਭੰਡਾਰ ਪੰਜਾਬੀ

---

§Special Languages are the result of soc principle; therefore, they are as natural as d are always born of the very heart of a c from which they usually continue to draw t

[J. V

‡J. V. P. 241

Sri Satguru Jagjit Singh Ji eLibrary NamdhariElibrary@gmail.com

ਮਿਲ ਜਾਂਦੀ ਹੈ, ਜੋ ਗੁਆਂਢੀ ਉਪਬੋਲੀਆਂ ਉਤੇ ਵਿਸ਼ੇਸ਼ ਅਸਰ ਪਾਉਂਦੀ ਹੈ। ਰਾਜਨੀਤਕ ਪ੍ਰਭੁਤਾ ਨ ਪ੍ਰਾਪਤ ਕਰਨ ਦੇ ਬਾਵਜੂਦ ਪੰਜਾਬੀ ਨੇ ਸਾਹਿਤਕ ਪ੍ਰਮਾਣੀਕਤਾ ਤਾਂ ਦੇਰ ਤੋਂ ਹਾਸਲ ਕੀਤੀ ਹੋਈ ਹੈ, ਇਸ ਨਾਲ ਕੇਂਦਰੀ ਉਪਬੋਲੀਆਂ ਦਾ ਆਪਣਾ ਰੰਗ ਜ਼ਰੂਰ ਘਟਿਆ ਹੈ, ਪਰੰਤੂ ਉਨ੍ਹਾਂ ਦਾ ਬਿਨਾਸ ਨਹੀਂ ਹੋਇਆ। ਸਗੋਂ ਕਈ ਉਪਬੋਲੀਆਂ ਤਾਂ ਲੰਮੀ ਘਾਲ ਘਾਲ ਕੇ ਟਕਸਾਲੀ ਨੂੰ ਆਪਣਾ ਤਿਲ ਫੁਲ ਭੇਟ ਚੜ੍ਹਾਉਂਦੀ ਰਹਿੰਦੀਆਂ ਹਨ, ਜਿਸ ਨਾਲ ਉਸ ਦੀ ਸ਼ਕਤੀ ਵਧਦੀ ਹੈ।

ਸੋ ਉਪਬੋਲੀਆਂ ਦੀ ਹੋਂਦ ਕਿਸੇ ਬੋਲੀ ਲਈ ਕੋਈ ਅੰਗੂਣ ਵਾਲੀ ਗੱਲ ਨਹੀਂ। ਸੰਸਾਰ ਦੀਆਂ ਤਮਾਮ ਪ੍ਰਮਾਣੀਕ ਬੋਲੀਆਂ ਉਪ-ਬੋਲੀਆਂ ਰਖਦੀਆਂ ਹਨ, ਅੰਗਰੇਜ਼ੀ ਦੀਆਂ ਕਈ ਉਪਬੋਲੀਆਂ ਹਨ, ਹਿੰਦੀ ਦੀਆਂ 6-7 ਉਪ ਭਾਖਾਵਾਂ ਹਨ। ਇਨ੍ਹਾਂ ਉਪਭਾਖਾਵਾਂ ਵਿਚੋਂ ਹੀ ਜਿਸ ਨੂੰ ਪਰਧਾਨਤਾ ਮਿਲ ਜਾਵੇ, ਉਹੋ ਟਕਸਾਲੀ ਭਾਸ਼ਾ ਦਾ ਰੂਪ ਧਾਰ ਲੈਂਦੀ ਹੈ। ਮਿਸਾਲ ਲਈ ਕਿਸੇ ਸਮੇਂ ਹਿੰਦੀ ਦਾ ਪੂਰਬੀ ਰੂਪ ਅਵਧੀ, ਪਰਧਾਨ ਸੀ। ਮਲਕ ਮੁਹੰਮਦ ਜਾਇਸੀ ਨੇ 'ਪਦਮਾਵਤ' ਮਹਾਂ-ਕਾਵਿ ਰਚ ਕੇ ਤੁਲਸੀ ਜੀ ਨੇ 'ਰਾਮਾਇਣ' ਲਿਖ ਕੇ ਇਸੇ ਨੂੰ ਪਰਸਿੱਧੀ ਦਿਤੀ। ਫਿਰ ਕ੍ਰਿਸ਼ਨ-ਭਗਤੀ ਦੇ ਜ਼ੋਰ ਨਾਲ ਬ੍ਰਜ ਦੇ ਇਲਾਕੇ ਦੀ ਉਪਬੋਲੀ 'ਬ੍ਰਜ-ਭਾਸ਼ਾ' ਬਣ ਕੇ ਚਮਕੀ। ਅਜ ਕਲ ਇਨ੍ਹਾਂ ਦੋਹਾਂ ਉਪਬੋਲੀਆਂ ਨੂੰ ਛਡ ਕੇ ਦਿਲੀ ਮੇਰਠ ਦੇ ਲਾਗੇ ਦੀ 'ਖੜੀ ਬੋਲੀ' ਨੇ ਸਾਹਿਤਕ ਮਹੱਤਤਾ ਪਰਾਪਤ ਕਰ ਲਈ ਹੈ ਤੇ ਰਾਜ-ਭਾਸ਼ਾ ਬਣ ਗਈ ਹੈ। ਸੋ ਇਹ ਜ਼ਰੂਰੀ ਨਹੀਂ ਕਿ ਕੋਈ ਖਾਸ ਉਪਬੋਲੀ ਹੀ ਟਕਸਾਲੀ ਬਣਦੀ ਹੈ, ਜਿਸ ਨੂੰ ਵੀ ਹਾਲਾਤ ਮੌਕਾ ਦੇਣ, ਉਹੋ ਮਲਕਾ ਬਣ ਸਨਮਾਨ ਪਾਉਂਦੀ ਹੈ। ਦੁਨੀਆਂ ਦੀਆਂ ਤਮਾਮ ਅਮੀਰ ਤੇ ਪ੍ਰਮਾਣੀਕ ਜ਼ਬਾਨਾਂ ਉਪਬੋਲੀਆਂ ਦੀਆਂ ਹੀ ਧੀਆਂ ਹਨ। ਜਦੋਂ ਕੋਈ ਉਪਬੋਲੀ ਟਕਸਾਲੀ ਰੂਪ ਧਾਰਨ ਲਈ ਅਗੇ ਵਧਦੀ ਹੈ ਤਾਂ ਉਹ ਆਪਣੇ ਉਪਭਾਖਣੀ ਗੁਣ ਛਡ ਕੇ ਇਕ ਸਾਂਝੀ ਜੇਹੀ ਸ਼ਕਲ ਅਪਣਾਉਂਦੀ ਹੈ, ਜਿਸ ਵਿਚ ਉਸ ਦੀਆਂ ਭੈਣਾਂ-ਦੂਜੀਆਂ ਉਪਬੋਲੀਆਂ ਦਾ ਵੀ ਤਕੜਾ ਹੱਥ ਹੁੰਦਾ ਹੈ ਅਤੇ ਬਾਦ ਵਿਚ ਵੀ ਉਹ ਉਸ ਦੀ ਸਮੇਂ ਸਮੇਂ ਮਦਦ ਕਰਦੀਆਂ ਰਹਿੰਦੀਆਂ ਹਨ, ਨਵੇਂ ਸ਼ਬਦਾਂ ਦਾ ਢੇਰ ਪੇਸ਼ ਕਰਕੇ।

ਕਿਸੇ ਬੋਲੀ ਵਿਚ ਉਪਭਾਖਾਵਾਂ ਵਾਂਙ ਵਖੋ ਵਖ ਜਾਤਾਂ, ਪੇਸ਼ਿਆਂ ਜਾਂ ਜਥੇਬੰਦੀਆਂ ਦੀਆਂ ਵੀ ਖਾਸ ਖਾਸ ਬੋਲੀਆਂ (Special languages) ਹੁੰਦੀਆਂ ਹਨ, ਉਨ੍ਹਾ ਦਾ ਘੇਰਾ ਭੂਗੋਲਕ ਸੀਮਾਂ ਵਿਚ ਬੰਦ ਹੋਣ ਦੀ ਥਾਂ ਖਾਸ ਟੋਲੇ ਨਾਲ ਸਬੰਧਤ ਹੁੰਦਾ ਹੈ। ਜਿਵੇਂ ਠੱਗਾਂ ਦੀ ਬੋਲੀ, ਵਪਾਰੀਆਂ ਦੀ ਬੋਲੀ, ਹਰ ਪੇਸ਼ੇ ਦੇ ਕਾਰੀਗਰਾਂ ਦੀ ਬੋਲੀ, ਹਰ ਧਰਮ ਦੀ ਪ੍ਰੋਹਤੀ ਬੋਲੀ, ਕਾਨੂੰਨੀ ਬੋਲੀ, ਵਿਗਿਆਨੰਕ ਬੋਲੀ ਤੇ ਡਾਕਟਰੀ ਬੋਲੀ ਸਭ ਇਸੇ ਤਰ੍ਹਾਂ ਦੀਆਂ ਸਪੈਸ਼ਲ ਜ਼ਬਾਨਾਂ ਹਨ।‡ ਇਨ੍ਹਾਂ ਦੀ ਸੰਕੇਤਾਵਲੀ ਆਪਣੀ ਕਿਸਮ ਦੀ ਹੁੰਦੀ ਹੈ ਤੇ ਉਸ ਸ਼ੈਲੀ ਨਾਲ ਸਬੰਧਤ ਆਦਮੀ ਹੀ ਜ਼ਿਆਦਾ ਉਸ ਨੂੰ ਸਮਝ ਸਕਦੇ ਹਨ। ਵੈਸੇ ਇਨ੍ਹਾਂ ਦੀ ਹੋਂਦ ਉਪਬੋਲੀਆਂ ਵਾਂਙ ਹੁੰਦੀ ਕੁਦਰਤੀ ਹੈ ਪਰ ਇਹ ਗੱਲ ਯਾਦ ਰਖਣ ਵਾਲੀ ਹੈ ਕਿ ਇਹ 'ਖਾਸ ਬੋਲੀਆਂ' ਕਿਸੇ ਜੀਉਂਦੀ ਸਾਂਝੀ ਜ਼ਬਾਨ ਦੇ ਪੇਟੋਂ ਜੰਮਦੀਆਂ ਤੇ ਇਥੋਂ ਹੀ ਤਾਕਤ ਲੈਂਦੀਆਂ ਹਨ, ਆਪਣੇ ਆਪ

‡J. V. P. 250

Sri Satguru Jagjit Singh Ji eLibrary NamdhariElibrary@gmail.com

ਤੇ ਨਿਰਭਰ ਨਹੀਂ ਹੁੰਦੀਆਂ ।§ 18ਵੀਂ ਸਦੀ ਦੇ ਸਿੰਘਾਂ ਦੇ 'ਗੜਗੱਜ ਬੋਲੇ' ਇਕ ਵਿਸ਼ੇਸ਼ ਭਾਸ਼ਾ ਹੀ ਸੀ, ਜਿਸ ਨੇ ਪੰਜਾਬੀ ਤੋਂ ਆਪਣਾ ਵਜੂਦ ਬਣਾਇਆ ਤੇ ਬਾਦ ਵਿਚ ਪੰਜਾਬੀ ਨੂੰ ਕਾਫੀ ਕੁਝ ਬਣਾ ਕੇ ਦਿਤਾ । ਇਉਂ ਸਪੈਸ਼ਲ ਜ਼ਬਾਨਾਂ ਆਪਣੀ ਹਸਤੀ ਨੂੰ ਬਰਕਰਾਰ ਰਖਦੀਆਂ ਇਕ ਖਾਸ ਹਲਕੇ ਵਿਚ ਘੁੰਮਦੀਆਂ ਰਹਿੰਦੀਆਂ ਤੇ ਉਪਬੋਲੀਆਂ ਦੀ ਤਰ੍ਹਾਂ, ਸਗੋਂ ਕਈ ਹਾਲਤਾਂ ਵਿਚ ਉਨ੍ਹਾਂ ਨਾਲੋਂ ਵੀ ਵਧ, ਟਕਸਾਲੀ ਬੋਲੀ ਦੀ ਮੱਦਦ ਕਰਦੀਆਂ ਰਹਿੰਦੀਆਂ ਹਨ ।

ਬਹੁਤ ਸਾਰੇ ਲੋਕ ਇਹ ਸਮਝਦੇ ਹਨ ਕਿ ਸਿਵਾਇ ਕਿਤਾਬੀ ਬੋਲੀ ਦੇ ਬਾਕੀ ਉਪਬੋਲੀਆਂ ਤਾਂ ਬੇਨਿਯਮੀਆਂ ਹੀ ਚਲਦੀਆਂ ਹਨ ਪਰ ਇਹ ਗੱਲ ਮੂਲੋਂ ਹੀ ਕੂੜੀ ਹੈ । ਉਪਬੋਲੀਆਂ, ਕਿਤਾਬੀ ਬੋਲੀ ਨਾਲੋਂ ਵੀ ਨੇਮਾਂ ਦੀਆਂ ਜ਼ਿਆਦਾ ਪਾਬੰਦ ਹੁੰਦੀਆਂ ਹਨ । ਇਹ ਗੱਲ ਵੱਖਰੀ ਹੈ ਕਿ ਕੋਈ ਉਨ੍ਹਾਂ ਨੇਮਾਂ ਨੂੰ ਧਿਆਨ ਵਿਚ ਨਾ ਲਿਆਵੇ ।‡

ਹੁਣ ਅਸੀਂ ਪੰਜਾਬੀ ਦੀਆਂ ਉਪਭਾਖਾਵਾਂ ਵਲ ਆਉਂਦੇ ਹਾਂ । ਵੱਖ ਵੱਖ ਵਿਦਵਾਨਾਂ ਦੀ ਸੰਮਤੀ ਅਨੁਸਾਰ ਇਨ੍ਹਾਂ ਦੀ ਗਿਣਤੀ ਵੱਖ ਵੱਖ ਹੈ । ਸ਼ਾਇਦ ਸਭ ਤੋਂ ਪਹਿਲਾਂ ਡਾ: ਗ੍ਰੀਅਰਸਨ ਨੇ ਹੀ ਪੰਜਾਬੀ ਦੀਆਂ ਉਪਬੋਲੀਆਂ ਦੀ ਵਿਸਥਾਰਕ ਛਾਣ ਬੀਣ ਕੀਤੀ, ਜੋ ਕਿ ਉਨ੍ਹਾਂ ਦੀ ਪੁਸਤਕ ਦੇ 651 ਤੋਂ 805 ਪੰਨੇ ਤਕ ਵੰਨਗੀਆਂ ਸਣੇ ਦਰਜ ਹੈ । ਇਨ੍ਹਾਂ ਨੇ ਡੋਗਰੀ, ਮਾਝੀ, ਦੁਆਬੀ, ਮਲਵਈ, ਪੁਆਧੀ, ਰਾਠੀ ਤੇ ਭਟਿਆਣੀ ਸੱਤ ਉਪਬੋਲੀਆਂ ਮੰਨੀਆਂ ਹਨ ਤੇ ਕਈਆਂ ਦੇ ਉਪਰੂਪ ਵੀ ਅੰਕਤ ਕੀਤੇ ਹਨ ।

ਚੂੰਕਿ ਲਹਿੰਦੀ ਨੂੰ ਉਹ ਪੰਜਾਬੀ ਤੋਂ ਅੱਡਰੀ ਬੋਲੀ ਮੰਨਦਾ ਹੈ, ਇਸ ਲਈ ਲਹਿੰਦੇ ਦੀਆਂ ਉਪਬੋਲੀਆਂ—ਮੁਲਤਾਨੀ ਤੇ ਪੋਠੋਹਾਰੀ ਆਦਿ—ਨੂੰ ਉਸ ਨੇ ਇਸ ਵਿਚ ਸ਼ਾਮਲ ਨਹੀਂ ਕੀਤਾ । ਪਰਸਿੱਧ ਭਾਸ਼ਾ-ਪੰਡਤ ਮਿ: ਹਾਰਨਲੇ ਨੇ ਲਹਿੰਦੀ ਨੂੰ ਪੰਜਾਬੀ ਦੀ ਉਪਭਾਖਾ ਹੀ ਮੰਨਿਆ ਹੈ । ਡਾ: ਬਨਾਰਸੀ ਦਾਸ ਜੀ ਨੇ ਵੀ ਇਤਨੀ ਕੁ ਗਿਣਤੀ ਹੀ ਦਿਤੀ ਹੈ, ਉਨ੍ਹਾਂ 'ਰਾਠੀ' ਨੂੰ ਛਡ ਕੇ 'ਪੱਛਮੀ ਪੰਜਾਬੀ' ਨੂੰ ਨਾਲ ਗਿਣ ਲਿਆ ਹੈ । ਭਾ: ਬਿਸ਼ਨ ਦਾਸ ਪੁਰੀ ਜੀ ਨੇ 'ਪੰਜਾਬੀ ਸ਼ਬਦ ਭੰਡਾਰ' ਦੀ ਉਥਾਨਕਾ ਵਿਚ 1. ਠੇਠ ਪੰਜਾਬੀ 2. ਪੋਠੋਹਾਰੀ 3. ਲਹਿੰਦਾ ਤੇ 4. ਪਹਾੜੀ, ਚਾਰ ਮੁਖ ਉਪ-ਭਾਖਾਵਾਂ ਗਿਣੀਆਂ ਹਨ । ਪ੍ਰੋ: ਪੀ. ਡੀ. ਗੁਪੇ ਮਾਝੀ ਤੇ ਮਾਲਵੀ ਦੋ ਹੀ ਦਸਦਾ ਹੈ ।

ਮੇਰੇ ਖਿਆਲ ਵਿਚ ਮਾਝੀ, ਦੁਆਬੀ ਤੇ ਮਲਵਈ ਤਿੰਨੇ ਭਾਵੇਂ ਆਪਸ ਵਿਚ ਥੋੜਾ ਬਹੁਤ ਅੰਤਰ ਰਖਦੀਆਂ ਹਨ ਪਰ ਹੁਣ ਇਹ ਕੇਂਦਰੀ ਪ੍ਰਭਾਵ ਹੇਠ ਆ ਕੇ ਇਕ ਤਰ੍ਹਾਂ ਇੱਕਮਿੱਕ ਹੋ ਗਈਆਂ ਹਨ, ਇਸ ਲਈ ਹੁਣ ਇਨ੍ਹਾਂ ਦੀ ਅੱਡਰੀ ਗਿਣਤੀ ਕਰਨੀ ਠੀਕ ਨਹੀਂ । ਅੱਧ-ਪਚੱਧ ਪੁਆਧੀ ਵੀ ਇਸੇ ਅਸਰ ਆ ਕੇ ਕੇਂਦਰੀ ਨਾਲ ਅਭਿੰਨ ਹੋ ਰਹੀ ਹੈ । ਲਹਿੰਦੇ ਦੀਆਂ ਉਪਭਾਖਾਵਾਂ ਜ਼ਰੂਰ ਪੰਜਾਬੀ ਦਾ ਅੰਗ ਹਨ, ਕਿਉਂਕਿ ਉਨ੍ਹਾਂ ਦਾ ਸ਼ਬਦ-ਭੰਡਾਰ ਪੰਜਾਬੀ ਨਾਲ ਰਲਦਾ ਹੈ,

---

§Special Languages are the result of social divisions, in principle; therefore, they are as natural as dialects, but they are always born of the very heart of a common language, from which they usually continue to draw their sustenance.

[J. VENDRYES, P. 259]

‡J. V. P. 241

ਕੇਵਲ ਉਚਾਰਣ ਨੇ ਉਨ੍ਹਾਂ ਦਾ ਮੁਹਾਂਦਰਾ ਬਦਲਿਆ ਹੈ। ਨਾਲੇ ਹੁਣ ਤਾਂ ਪਛਮੀ ਪੰਜਾਬ ਦੇ ਲੋਕਾ ਦੇ ਇਧਰ ਆ ਕੇ ਵਸਣ ਕਾਰਣ ਇਕ ਤਰ੍ਹਾਂ ਇਨ੍ਹਾਂ ਉਪਬੋਲੀਆਂ ਦਾ ਸੰਮੇਲਨ ਹੋ ਗਿਆ ਹੈ ਤੇ ਸਾਰੀਆਂ ਹੀ ਇਕ ਦੂਜੇ ਵਿਚ ਰਲਗੱਡ ਜੇਹੀਆਂ ਹੋ ਰਹੀਆਂ ਹਨ। ਪਤਾ ਨਹੀ ਭਵਿਸ਼ਤ ਵਿਚ ਇਸ ਦੇ ਕੀ ਮਿਟੇ ਨਿਕਲਣ।

ਸ਼ੋ ਪੰਜਾਬੀ ਦੀਆਂ ਮੁਖ ਉਪਭਾਖਾਵਾਂ ਇਹ ਹਨ—

1. ਪੋਠੋਹਾਰੀ	4. ਪੁਆਧੀ
2. ਮੁਲਤਾਨੀ	5. ਭਟਿਆਣੀ
3. ਲਾਹੌਰੀ	6. ਡੋਗਰੀ

ਅਗੇ ਇਨ੍ਹਾਂ ਦੇ ਖਾਸ ਖਾਸ ਲੱਛਣ ਤੇ ਵੰਨਗੀਆਂ ਦਿਤੀਆਂ ਜਾਂਦੀਆਂ ਹਨ।

1. ਪੋਠੋਹਾਰੀ – ਜ਼ਿ: ਰਾਵਲ ਪਿੰਡੀ ਦਾ ਪਹਾੜੀ ਹਿੱਸਾ, ਜਿਸ ਦੇ ਉਤਰ ਵਲ ਸੁਹਾਂ, ਪੂਰਬ ਵਲ ਜੇਹਲਮ ਦਰਿਆ ਤੇ ਦੱਖਣ, ਪੱਛਮ ਵਲ ਜ਼ਿਲਾ ਜੇਹਲਮ ਤੇ ਜ਼ਿਲਾ ਅਟਕ ਦਾ ਬੰਨਾ ਲਗਦਾ ਹੈ, ਪੋਠੋਹਾਰ ਕਹਾਉਂਦਾ ਹੈ। ਪੋਠੋਹਾਰ ਉਚੀ ਥਾਂ ਨੂੰ ਕਹਿੰਦੇ ਹਨ ਤੇ ਇਸੇ ਉਚੇ ਪਹਾੜੀ ਇਲਾਕੇ ਦੀ ਬੋਲੀ ਹੈ ਪੋਠੋਹਾਰੀ। ਵਰਤਾਰਾ ਇਸ ਦਾ ਉਪਰੋਕਤ ਹੱਦਾਂ ਤੋਂ ਦੂਰ ਦੂਰ ਵੀ ਹੈ।

ਪਹਾੜੀ ਘੇਰੇ ਕਾਰਣ ਜਿਥੇ ਇਸ ਉਪਬੋਲੀ ਨੇ ਪੁਰਾਣੀ ਹਿੰਦ-ਆਰਿਆਈ ਭਾਸ਼ਾ ਦੇ ਅਛਣਾ, ਗਛਣਾ, ਜੈਘਾਂ, ਗੁਾਂ, ਮਿਘੀ (ਸਹ੍ਰਸ੍ਯ) ਕੁਘ (ਕ੍ਰਸ੍ਮਸ੍) ਅਸ (ਅਸ੍ਮੀਂ) ਅਸਮਤੁ, ਸੀਂਹ, ਵਤਰੀਹ, ਵਾਉ ਆਦਿ ਕਈ ਸ਼ਬਦ ਸੰਭਾਲ ਰਖੇ ਹਨ, ਉਥੇ ਇਸ ਉਤੇ ਪਰਾਣੀ ਪੈਸ਼ਾਚੀ ਅਤੇ ਪਸ਼ਤੋ ਦਾ ਵੀ ਡੂੰਘਾ ਅਸਰ ਹੈ। ਜਦੋਂ ਕਿ ਲਹਿੰਦੀ ਤੋਂ ਇਲਾਵਾ ਹੋਰ ਸਾਰੀਆਂ ਉਪਬੋਲੀਆ ਗੁੰਦਵੀਆਂ ਰਹਿਣ ਦੀ ਥਾਂ ਨਿਖੇੜਵੀਆਂ ਹੋ ਗਈਆਂ ਹਨ, ਤਾਂ ਵੀ ਪੋਠੋਹਾਰੀ ਨੇ ਸੰਜੋਗਾਤਮਕਤਾ ਦੇ ਗੁਣ ਨੂੰ ਬਹੁਤਾ ਘਟਣ ਨਹੀਂ ਦਿਤਾ, ਮੁਲਤਾਨੀ ਜ਼ਰੂਰ ਇਸ ਮਾਮਲੇ ਵਿਚ ਇਸ ਤੋਂ ਅਗੇ ਹੈ।

ਕੇਂਦਰੀ ਪੰਜਾਬੀ ਨਾਲੋਂ ਇਸ ਦੇ ਸਬੰਧਕ ਪ੍ਰਤਯਯ ਨਿਆਰੇ ਹਨ—ਜਿਵੇਂ 'ਨੂੰ' ਦੀ ਥਾਂ 'ਕੀ' 'ਦੀ' ਦੀ ਥਾ 'ਨੀ', ਗਾ ਦੀ ਥਾਂ ਸੀ ਤੇ ਸਾਂ, ਪਰ (ਤੇ), ਦਾਰ (ਵਲ) ਆਦਿ। ਆਮ ਲਫ਼ਜ਼ਾਂ ਵਿਚ ਸਿਹਾਰੀ ਦੀ ਥਾਂ ਔਂਕੜ ਬੋਲੀਦਾ ਹੈ ਜਿਵੇਂ—ਕੁਸ (ਕਿਸ), ਕੁਧਰ (ਕਿਹੜੇ) ਕੁਥੈ (ਕਿਥੇ)। ਹ ਤੇ ਸ਼ ਦੀ ਵਰਤੋਂ ਲਹਿੰਦੀ ਵਾਂਙ (-ਹਿਕ, ਹਿੰਝ, ਹਿਥੇ, ਤੁਹਾਡੇ, ਮੁਾਡੇ) ਜ਼ਿਆਦਾ ਹੈ। ਘ, ਝ ਆਦਿ ਮਹਾਂਪ੍ਰਾਣ ਧੁਨੀਆਂ ਜ਼ਿਆਦਾ ਘੋਟਵੀਆਂ ਨਹੀਂ ਬੋਲਦੀਆਂ। ਅਵਾਜ਼ ਨੂੰ ਲੰਮਿਆਉਣ ਦਾ ਝੁਕਾ ਆਮ ਪਾਇਆ ਜਾਂਦਾ ਹੈ, ਜਿਵੇਂ ਘਰ ਨੂੰ ਘਾਰ, ਗੱਲ ਨੂੰ ਗਾਲ, ਆਖ ਛੋੜਸਾਂ ਨੂੰ ਆਖੀ ਛੋੜਸਾ। ਸੰਭਵ ਹੈ ਹਥ ਨੂੰ 'ਹਾਥ', ਅੱਗ ਨੂੰ 'ਆਗ' ਕਹਿਣ ਵਾਲੀ 'ਹਿੰਦੁਸਤਾਨੀ' ਵਿਚ ਇਸੇ ਤੋਂ ਦੀਰਘੀਕਰਣ ਦਾ ਮੁਢ ਬੱਝਾ ਹੋਵੇ। ਇਸੇ ਤਰ੍ਹਾਂ ਪੋਠੋਹਾਰੀ ਦਾ 'ਨੀ' (ਦੀ) ਗੁਜਰਾਤੀ ਵਿਚ ਵੀ ਮੌਜੂਦ ਹੈ, ਜੋ ਸ਼ਾਇਦ ਕਿਸੇ ਪੁਰਾਣੇ ਰਿਸ਼ਤੇ ਦਾ ਸੂਚਕ ਹੈ। ਹੁਣ ਜ਼ਰਾ ਵੰਨਗੀ ਦੇਖ ਲਵੋ—

ਨਮੂਨਾ—

'ਮੈਂਡੇ ਢੋਲ ! ਅਜ ਮਿੰਘੀ ਕੈਂਹ ਹੋਦੀ ਗਿਐ, ਮਾੜਾ ਦਿਲ ਟੁਟੀ ਟੁਟੀ ਗੱਛਣੇ। ਜਦਿਨ ਨੀ ਤੈਂਡੀ ਚਿਠੀ ਨਹੀਂ ਆਈ, ਉਸ ਦਿਹਾੜੇ ਨੀ ਉਡੀਕੀ ਉਡੀਕੀ ਕੈ ਝੱਲੀ ਹੋਇ ਗੱਛਣੀ ਆਂ। ਦਿਲ ਡਾਢਾ ਹੁਸੜੀ ਗਿਐ, ਜਾਨ ਨਿਕਲਨੀਂ ਵੈਂਨੀਐ, ਲੰਕਾਂ ਕੀ ਕੈਹ ਦੱਸਣਾ ਹੋਇਆ, ਦਿਲ ਕਰਨੈ ਕਿ ਵਿਸੁ ਖਾਈ ਕੈ ਮਰੀ ਵੰਞਾਂ।

ਕਿਝ ਪਤਾ ਨੀ ਲਗਣਾ, ਤੂੰ ਕੋਹੜੀ ਗੱਲੇ ਨੀ ਕਾਵੜ ਕੀਤੀਐ, ਨ ਆਪ ਪਰਤਿਓਂ ਨ ਹੀ ਦਿਠੀ ਘੱਤੀਆ । ਮੈਂ ਕਿਸ ਕੀ ਆਖਾਂ ਕਿ ਤੱਘੀ ਘਰ ਘਿੰਨੀ ਆਣੇ ।

ਔਹ ਤੱਕੀ ਘਿੰਨ, ਹਨੇਰੀ ਚੜ੍ਹੀ ਆਨੀ ਪਈ ਆ, ਕੈਂਡੇ ਕਹਿਰਾਂ ਨਾ ਝੱਖੜ ਝੁਲੀ ਪਿਆ ਏ, ਮਿੰਘੀ ਕੁਧਰੇ ਕਿਛ ਨਜ਼ਰੀ ਨੀ ਪੈਨਾ । ਉਧਤ ਤ੍ਰਿਕਾਲਾਂ ਹੋਣੀਆਨ ਤੇ ਉਧਰੋਂ ਮਿੰਘੀ ਡੋਬ ਪੈਣ ਲਗਣੇਨ, ਰਾਤੀਂ ਸੁਤਿਆਂ ਮੈਂਡਾ ਧੜ ਘਰ ਪਿਆ ਰਹਿਣੈ ਤੇ ਮੈਂ ਆਪੂੰ ਕੱਸੀਆਂ ਵਿਚ ਪਈ ਫਿਰਨੀਆਂ । ਖੱਡਾਂ ਪਈ ਫੋਲਨੀਆਂ, ਗਾੜ੍ਹਾਂ ਤੇ ਚੜ੍ਹ ਚੜ੍ਹ ਤਕਨੀ ਆਂ ।.....

ਮਿੰਘੀ ਇੰਞ ਲੱਗਣੈ ਜਿਉਂ ਸਾਰਾ ਜਹਾਨ ਮਰੀ ਮੁਕੀ ਗਿਐ । ਹਿਹੁ ਘੜੀ ਜੇ ਤੂੰ ਆਈ ਗੱਛੈ, ਮੁਾੜਾ ਸਭੋ ਦੁਖ ਮਿਟੀ ਗੈਸੀ ।'

ਗੀਤ—

ਕਦੇ ਢੋਕ ਸਾੜ੍ਹੀ ਦਰ ਅੱਛ ਢੋਲਾ !
ਓਦਰੇ ਕੱਸ, ਜਿਥੇ ਗੱਲਾਂ ਨੀ ਕੀਤੀਆਂ
ਓਦਰੀ ਰੱਖ, ਜਿਥੇ ਪਾਈਆਂ ਨੀ ਪ੍ਰੀਤੀਆਂ
ਨਾਲੇ ਓਦਰ ਗਈ ਮੈਂ ਵੱਖ ਢੋਲਾ । ਕਦੇ ਢੋਕ ਸਾੜ੍ਹੀ.....
ਸਾਵੀ ਧੋਕਾਂ ਨਾਲ ਪੈਣ ਧਤਕੇਨੂ ਵੇ
ਪੈਣ ਧੂਕੇਨੂ ਆਪੇ ਢਹਿਣ ਝਕੇਨੂ ਵੇ
ਢਹਿ ਢਹਿ ਜਾਣ, ਕੈ ਅਸਾਂ ਨੇ ਵੱਸ ਢੋਲਾ । ਕਦੇ ਢੋਕ ਸਾੜ੍ਹੀ...
ਉਚੀ ਖਨਗਾਹੀਂ ਦੀਵਾ ਬਾਲ ਬਾਲ ਰੱਖਾਂ ਵੇ
ਨਿਤ ਨਿਤ ਚਸ਼ਮਾਂ ਤੈਂਡਿਆਂ ਰਾਹਾਂ ਤੇ ਰੱਖਾਂ ਵੇ
ਮੈਂਡੀ ਪਲਕ ਨ ਸੈਨੀਆਂ ਅੱਖ ਢੋਲਾ । ਕਦੇ ਢੋਕ ਸਾੜ੍ਹੀ.....

[ਪ੍ਰੋ: ਮੋਹਨ ਸਿੰਘ]

2. ਲਹਿੰਦੀ—ਪੰਜਾਬ ਦੇ ਧੁਰ ਪੱਛਮੀ ਹਿੱਸੇ ਨੂੰ ਦਿਸ਼ਾ ਕਾਰਣ 'ਲਹਿੰਦਾ' ਸੱਦਦੇ ਹਨ, ਇਸ ਇਲਾਕੇ ਦੀ ਬੋਲੀ ਲਹਿੰਦੀ, ਲਹਿੰਦਾ ਜਾਂ ਮੁਲਤਾਨੀ ਕਹੀ ਜਾਂਦੀ ਹੈ । ਇਸ ਦਾ ਖੇਤਰ ਮੁਲਤਾਨ, ਝੰਗ, ਸ਼ਾਹਪੁਰ ਤੇ ਮੀਆਂਵਾਲੀ ਦਾ ਇਲਾਕਾ ਹੈ । ਸਿੰਧੀ ਦੇ ਘਣੇ ਪ੍ਰਭਾਵ ਨੇ ਇਸ ਨੂੰ ਕਾਫੀ ਵੱਖਰਾ ਰੂਪ ਦਿਤਾ ਹੈ । ਪੁਰਾਣੀ ਪੈਸ਼ਾਚੀ ਦਾ ਅਸਰ ਅੱਧ ਨਾਲੋਂ ਵਧ ਅਜੇ ਵੀ ਕਾਇਮ ਹੈ, ਇਹ ਉਸ ਦੀ ਜਾਨਸ਼ੀਨ ਜੋ ਹੋਈ ।

ਿਦਵਾਨਾਂ ਦਾ ਵਿਚਾਰ ਹੈ ਕਿ ਮੁਲਤਾਨ ਆਰੀਆਂ ਦਾ ਮੂਲ ਅਸਥਾਨ ਸੀ, ਇਥੋਂ ਹੀ ਉਹ ਅਗੇ ਵਧੇ ਫੈਲੇ । ਇਸ ਗੱਲ ਦੀ ਪੁਸ਼ਟੀ ਲਈ ਲਹਿੰਦੀ ਉਪਬੋਲੀ ਕੋਲ ਬਹੁਤ ਨਿੱਗਰ ਪ੍ਰਮਾਣ ਮੌਜੂਦ ਹਨ । ਖਾਸ ਕਰ ਕੇ ਲਹਿੰਦੀ ਦਾ ਸੰਜੋਗਾਤਮਕ ਜਾਂ ਗੁੱਟ ਰੂਪ ਬਿਲਕੁਲ ਵੇਦਕ ਬੋਲੀ ਨਾਲ ਮਿਲਦਾ ਜੁਲਦਾ ਹੈ ਤੇ ਸ਼ਬਦਾਵਲੀ ਵੀ ਇਸੇ ਗੱਲ ਦੀ ਗਵਾਹੀ ਭਰਦੀ ਹੈ । ਮਾਲੂਮ ਹੁੰਦਾ ਹੈ ਕਿ ਸਥਾਨਕ ਆਦਿ-ਵਾਸੀ ਅਣਾਰੀਅਨ ਪ੍ਰਭਾਵ ਨੇ ਜਾਂ ਬਾਦ ਦੇ ਬਿਦੇਸੀ ਅਸਰ ਨੇ ਇਸ ਨੂੰ ਬਾਕੀ ਆਰੀਆ ਬੋਲੀ ਨਾਲੋਂ ਨਿਖੇੜਨ ਵਿਚ ਕਾਫੀ ਹਿੱਸਾ ਪਾਇਆ । ਸ਼ਾਇਦ ਬ੍ਰਾਹਮਣ ਦੇਵਤਾ ਨੇ ਇਸੇ ਨੂੰ 'ਪੈਸ਼ਾਚੀ ਪ੍ਰਭਾਵ' ਆਖਿਆ ਹੋਵੇ ।

ਹੁਣ ਲਹਿੰਦੀ ਵਿਚ ਸ ਦੀ ਥਾਂ ਹ ਦਾ, ਦ ਦੀ ਥਾਂ ਡ ਦਾ ੜੇ ਰ ਦੀ ਥਾਂ ੜ ਦਾ ਵਰਤਾਰ ਆਮ ਹੈ । ਸੰਭਵ ਹੈ ਟਵਰਗ ਦੀ ਵਰਤੋਂ ਦਾਵੜੀ ਅਸਰ ਦਾ ਸਿੱਟਾ ਹੋਵੇ—ਸਭ-ਹਭ । ਇਕ ਹਿਕ । ਮੈਂਡਾ, ਤੈਂਡਾ । ਦੋ-ਡੂੰ । ਦੁਖ-ਡੁਖ । ਦਿਸਟਿਆ (ਦੇਖਿਆ)—ਡਿਠਾ, ਡੇਖਿਆ ।

ਕ੍ਰਿਆ ਨੈ ਪੁਰਾਣਾ ਸੰਜੋਗੀ ਰੂਪ ਉਵੇਂ ਜਿਵੇਂ ਸਾਂਭ ਰਖਿਆ ਹੈ—ਡਿਠੋਮਿ—(ਦ੍ਰਿਸ਼ਟਾਮਿ)—ਮੈਂ ਦੇਖਦਾ ਹਾਂ। ਆਖਿਓਸੁ—ਉਸ ਨੇ ਆਖਿਆ।

ਲਹਿੰਦੀ ਦੇ ਕਈ ਉਪ-ਰੂਪ ਹਨ, ਮੁਲਤਾਨ ਦੀ ਹੋਰ ਹੈ ਤੇ ਝੰਗ ਵਲ ਦੀ ਹੋਰ। ਵੰਨਗੀਆਂ ਹਾਜ਼ਰ ਹਨ—

ਨਮੂਨਾ—

'ਅੜੀ ਖਿਲੋ ! ਡੈਂਡਾ ਘੋਟ ਜੂ ਹੇ, ਇਵੀ ਡਿਠੋ ਜਿਵੇਂ ਕਾਵਰਿਆ ਟਾਵਰਿਆ ਰਹਿ ਵੈਂਦੇ। ਕਡੈਹੇ (ਕਦੇ) ਤੈਂਡੇ ਨਾਲ ਖਿਲਦਾ ਨੀ ਡਿਠਾ, ਕਡੈਹੇ ਅਲੇਂਦਾ ਨੀ ਡਿਠਾ, ਕਡੈਹੇ ਬਾਲਾ ਕੂੰ ਚੋਂਦਾ ਨੀ ਡਿਠਾ। ਏ ਕਹੀਂ ਗਾਲ ਏ ? ਕਈਂ ਜਾਂ ਤੈਂਡੀ ਸੱਸ ਦਾ ਚਾਇਆ ਤਾਂ ਨਹੀਂ ?

'ਅੜੀ ਕਿਆ ਡੱਸਾਂ, ਮੈਂਡਾ ਤ ਜੀਅ ਸ਼ਰਿਆ ਪਿਮੈ। ਜੁਆਨ-ਮੁਆ ਜੈਂ ਏਲੇ ਅਲੇਂਦੈ, ਸ਼ਾਰ ਕਢੇਂਦੈ। ਮਾ—ਰੈਨ ਅਠੇ ਏਲੇ ਘੁਰ ਘਰ, ਘੁਰ ਘੁਰ ਲਾਈ ਰਖੇਂਦੀ ਸੁ। ਜੈ ਵੇਲੇ ਕਾਈ ਸ਼ੈ ਦਾ ਸੁਆਲ ਚਾ ਘੱਤੋ, ਪਿਟੇਂਦੈ। ਗਾਹਣੇ ਕਪਰੇ ਕੂੰ ਛੱਰ, ਅਟੇ ਤਿਤੇ (ਲਈ) ਪਿਟੇਂਦਾ ਵੰਦੇ। ਉਵੇਂ ਡੇਖੋ ਤ ਭਿਰਾਵਾਂ ਭੇਣੀ ਕੂੰ ਡੀਹੁੰ ਰਾਤ ਅੰਗਿਲ ਨਾਲ ਲਈ ਵਦੇ। ਮੁੰਹੁ ਇਵੂੰ ਕਾਈ ਗਾਲ ਉਨ੍ਹਾਂ ਕੱਢੀ ਨਹੀਂ, ਤੈ ਹੁਕਮ ਪੂਰਾ ਥੀਆ ਨੀ, ਮੈਂਡੇ ਬਾਲ ਦੇ ਚੋਲੇ ਦਾ ਨਾ ਚਾ ਘਿੰਨਹੁ, ਤਾਂ ਖਾਵਣ ਕੂੰ ਆਂਦੈ।

ਕੱਲ ਭਿਰਾ ਕੂੰ ਚਿਠੀ ਲਿਖੀਅਮ, ਕਲੱਥੂ (ਪਰਸੋਂ) ਆਸੀ, ਉਂਹਦੇ ਨਾਲ ਲਗੀ ਵੈਸਾਂ। ਕਹੀਂ ਕੂੰ ਲੋਰ ਥਈ, ਸੈ ਵੇਲੇ ਘਿੰਨ ਆਸੀ।'

ਕਵਿਤਾ—

'ਨਦੀ ਤਰੰਦੜੀ ਮੈਂਡਾ ਖੋਜ ਨ ਖੁੰਭੈ, ਮੰਝਿ ਮੁਹਬਤਿ ਤੇਰੀ
ਤਉ ਸਹਿ ਚਰਣੀ ਮੈਂਡਾ ਹੀਅੜਾ ਸੀਤਮੁ, ਹਰਿ ਨਾਨਕ ਭੁਲਹਾ ਬੇੜੀ।'
'ਜੇ ਤੂ ਵਤਹਿ ਅੰਞਣੇ, ਹਭ ਧਰਤਿ ਸੁਹਾਵੀ ਹੋਇ
ਹਿਕਸੁ ਕੰਤੈ ਬਾਹਰੀ. ਮੈਂਡੀ ਵਾਤ ਨ ਪੁਛੈ ਕੋਇ।'

[ਗੁਰੂ ਅਰਜਨ]

'ਮਾਇ ਇਆਣੀ ਤੁਧ ਮਹਿੰਦੀ ਆਣੀ, ਕੈਂ ਦੇ ਦਸਤ ਰੰਗੇਸੀ।
ਹਿਕ ਦਿਲ ਆਹੀ ਸੋ ਰਾਂਝਣ ਲੀਤਾ, ਖੇੜਿਆਂ ਨੋ ਕੇ ਦੇਸੀ ?
ਨੀਸੂ ਉਠ ਬਲੰਚਾਂ ਵਾਲਾ, ਦਰ ਦੁਰ ਜਾਇ ਢੂਕੇਸੀ।
ਆਖ ਦਮੋਦਰ ਨਾਹਿਂ ਛੁੜੇਮੀ ਰਾਂਝਾ, ਖੇੜੇ ਕੇਹੜੀ ਵੈਸੀ। 400।

[ਹੀਰ ਦਮੋਦਰ]

ਝਾਂਗੀ (ਜਾਂਗਲੀ)—ਦਾ ਨਮੂਨਾ—

ਓਇ ਹੋਏ, ਜੰਗਲ ! ਜੰਗਲ ਵਿਚ ਤਾਂ ਕਾਈ ਬਾਦਸ਼ਾਹੀਆਂ ਹਾਇਨ (ਹੈਸਨ) ਅਸ ਡੇ ਕੋਲ ਮਾਲ ਹੋਵਣ—ਮੱਝੀਂ, ਊਠ, ਗਾਈਂ ਤੇ ਹੋਰ ਸੈ ਭੇਡ ਬੱਕਰੀਆਂ। ਅਸੀਂ ਹਮੀਅਤਾਂ ਵੀ ਚੰਗੀਆਂ ਰਖਦੇ ਹਾਂਇ (ਸੀ)। ਦੁੱਧ ਮੈਂਦੇ (ਸਮਾਉਂਦੇ) ਵੀ ਨਾਹੇ। ਵੇਖਾਂ ਨ, ਅਹਾੜੀ ਕਾ ਕਾਰ ਹੋਵੇ ਸਵੇਰੇ ਦਿਹੁੰ ਉਭਰੇ ਤੋਂ ਉਠੀਏ, ਮਾਲ ਦੀ ਧਾਰ ਚੁਵੀਏ ਤੇ ਜੰਗਲ ਛੇੜਿ ਦੇਵੀਏ। ਜਦੋਂ ਮਾਲ ਨੇ ਘਰ ਢੁਕਣਾ, ਉਥੇ ਕੋਈ ਰੌਣਕਾਂ ਲਗ ਜਾਣੀਆਂ, ਮੁੜ ਮੱਝੀਆਂ ਨੇ ਦੁੱਧਾਂ ਦੇ ਚਟੂਰਿਆਂ ਦੇ ਚਟੂਰ ਭਰੀ ਦੇਵਣੇ।

ਸਾਵਣ ਮਾਂਹ ਆਵੇ ਤਾਂ ਜੰਗਲ ਵਿਚ ਮੀਂਹ ਵੱਸਣਾ, ਘਾਹ ਜੰਮਣੇ ਤੇ ਬੂਟੀਆਂ ਰੰਗ ਚਾ ਖਲੋਵਣਾ। ਮੈਨੂੰ ਹੰਅ ਦਿਹਾੜੇ ਹੱਡੂ ਨ ਭੁਲਦੇ।

ਹੁਣ ਅਹਾੜੇ ਕੀ ਹਾਲ ਰਹਿ ਗਏ ਨੇ, ਕਿਝ ਨ ਪੁਛ ਓਏ ਭਾਈਆ ! ਧੱਮੀਂ ਕਰੋ ਤੇ ਨਿਮਾਸ਼ੀਂ (ਸ਼ਾਮੀਂ) ਖਾਓ। ਜੰਗਲ, ਹੋਏ ! ਜੰਗਲ ਮੁੜ ਨ ਆਵੈਗਾ।'

ਢੋਲਾ—

'ਕੰਨਾਂ ਨੂੰ ਸੋਹਣੇ ਬੁੰਦੇ, ਸਿਰ ਤੇ ਬੋਦੀ ਝੁੱਲ ਪਈ
ਢੋਲਾ ਮੇਰਾ ਬੋਤਲ ਸ਼ਰਾਬ ਦੀ, ਵਿਚ ਗਲੀ ਦੇ ਭੁਲ ਪਈ
ਲੋਈ ਭੁੱਲ ਭੁਲਾਵੇ, ਗੱਲ ਸ਼ੋਹਿਰੀਂ ਹੁੱਲ ਪਈ
ਹਿੱਥੇ ਮੈਂ ਨਾ ਭੁਲੀ, ਅਗੇ ਲੱਖਵਾਂ ਭੁਲ ਪਈ
ਮਨੁ ਕਿਸੇ ਤੇ ਜੀਨਾ ਏਂ ਤਾਂ ਪਰਤ ਮੁਹਾਰ ਨੂੰ, ਮੇਰੇ ਹਾਣੀ ਢੋਲਾ ਓ !
ਆਪਣੇ ਦੇਸਾਂ ਤੇ, ਵਾ ਫਜ਼ਲਾਂ ਦੀ ਘੁਲ ਪਈ।' [ਨੈਂ ਝਨਾਂ

3. **ਕੇਂਦਰੀ ਜਾਂ ਲਾਹੌਰੀ**—ਲਗਭਗ ਹਜ਼ਾਰ ਵਰ੍ਹੇ ਤੋਂ ਪੰਜਾਬ ਦਾ ਕੇਂਦਰ ਲਾਹੌਰ ਰਿਹਾ ਹੈ, ਰਾਜਨੀ ਤੇ ਸਾਹਿਤਕ ਪ੍ਰਭਾਵ ਨੇ ਇਸ ਥਾਂ ਦੀ ਕੇਂਦਰੀ ਬੋਲੀ ਨੂੰ ਟਕਸਾਲੀ ਰੂਪ ਦੇ ਕੇ ਉਪਭਾਖਈ ਗੁਣਾਂ ਨੂੰ ਬਹੁਤ ਹਦ ਤਕ ਘਟਾ ਦਿਤਾ ਹੈ। ਅੰਗਰੇਜ਼ੀ ਰਾਜ ਸਮੇਂ ਵਿਦਿਆ— ਪਰਚਾਰ ਨਾਲ ਇਹ ਅਸਰ ਹੋਰ ਵੀ ਘਟ ਗਿਆ ਤੇ ਵਰਤਮਾਨ ਮੇਲਜੋਲ ਇਸ ਨੂੰ ਉੱਕਾ ਹੀ ਮਿਟਾਈ ਜਾ ਰਿਹਾ ਹੈ। ਇਸ ਹਾਲਤ ਕਾਰਣ ਗੁਜਰਾਤ ਤੋਂ ਲੈ ਕੇ ਲੁਧਿਆਣੇ ਤਕ (ਅੰਬਾਲੇ ਤਕ ਵੀ ਕਹਿ ਸਕਦੇ ਹਾਂ) ਦਾ ਇਲਾਕਾ ਕੇਂਦਰੀ ਬੋਲੀ ਦੇ ਪ੍ਰਭਾਵ ਹੇਠ ਆ ਗਿਆ ਹੈ, ਜਿਸ ਕਰ ਕੇ ਮਾਝੀ, ਦੁਆਬੀ ਤੇ ਮਾਲਵੀ ਆਦਿ ਉਪਭਾਖਾਵਾਂ ਦੀ ਹਸਤੀ ਬਹੁਤੀ ਵੱਖਰੀ ਵਿਸ਼ੇਸ਼ਤਾ ਵਾਲੀ ਨਹੀਂ ਰਹੀ। ਵੈਸੇ ਅੰਮ੍ਰਿਤਸਰ ਲਾਹੌਰ ਦੇ ਇਲਾਕੇ ਦੀ ਬੋਲੀ ਮਾਝੀ ਤੇ ਫੀਰੋਜ਼ਪੁਰ ਬਠਿੰਡੇ ਦੇ ਇਲਾਕੇ ਦੀ ਬੋਲੀ ਮਲਵਈ ਦੇ ਉਚਾਰਨ ਤੇ ਸ਼ਬਦਾਵਲੀ ਵਿਚ ਅਜੇ ਵੀ ਕੁਝ ਕੁਝ ਫਰਕ ਮੌਜੂਦ ਹਨ ਪਰੰਤੂ ਹੁਣ ਇਨ੍ਹਾਂ ਦੀ ਭਿੰਨਤਾ ਇਤਨੀ ਨਹੀਂ ਰਹੀ। ਖਾਸ ਕਰ ਕੇ ਕਾਰਕਾਂ ਤੇ ਕ੍ਰਿਆ ਦੀ ਸਮਾਨਤਾ ਇਸ ਕੇਂਦਰੀ ਇਲਾਕੇ ਦੀ ਬੋਲਕ-ਏਕਤਾ ਦਰਸਾਉਂਦੀ ਹੈ।

ਵੰਨਗੀ ਲਈ ਮਝੈਲ ਤੇ ਮਲਵਈ ਵਾਰਤਲਾਪ ਦਿਤਾ ਜਾਂਦਾ ਹੈ ਤਾਂ ਕਿ ਦੋਵੇਂ ਰੰਗ ਦਿਸ ਪੈਣ।

ਨਮੂਨਾ—

ਬੰਤ ਸਿੰਹਾਂ ! ਉਂ ਤਾਂ ਮੁਕਤਸਰ ਦੀ ਮਾਘੀ ਤੇ ਦਮਦਮੇ ਦੀ ਬਿਸਾਖੀ ਸਾਡੇ ਕੰਨੀਂ ਬੜੀ ਮਸ਼ਹੂਰ ਹੈ ਪਰ ਮੇਲਾ ਛਪਾਰ ਦਾ, ਮੇਲਾ ਛਪਾਰ ਦਾ ਈ ਐ। ਹੋਰ ਗੱਲਾਂ ਸਭ ਝੂਠੀਆਂ। ਬਈ ! ਢਾਂਡੀ ਆਲੀ ਆਣ ਐ, ਐਤਕੀਂ ਤਾਂ ਕੈਰਾਂ ਸੁਆਦ ਆ ਗਿਆ। ਥੋਨੂੰ ਕੀ ਦਸਾਂ ਕਿਧਰੇ ਮੁੰਡਿਆਂ ਦੀਆਂ ਖੇਡਾਂ, ਕਿਧਰੇ ਭਲਵਾਨਾਂ ਦੇ ਘੋਲ, ਦਵਾਨ, ਜਲਸੇ, ਤਮਾਸ਼ੇ, ਠੇਟਰ, ਚਰਕ-ਚੂੰਡੇ, ਬੈਂਡ ਬਾਜੇ, ਨਕਾ ਨਕ ਭਰੇ ਬਜ਼ਾਰ, ਲੋਹੜੇ ਦੀਆਂ ਰੌਣਕਾਂ ਸਨ। ਬੋਲੀਆਂ ਦੇ ਤਾਂ ਮੁੰਡਿਆਂ ਨੇ ਪੁਲ ਈ ਬੰਨ ਦਿਤੇ ਤੇ ਜਮਾ ਈ ਟੇਸਣ ਚੱਕ ਦਿਤੇ, ਕਿਸੇ ਸੜੇ ਸਪਾਹੀ ਨੇ ਵੀ ਕਿਸੇ ਨੂੰ ਕੁਸ ਨੀ ਕਿਹਾ।

ਮਖ ਥੋਡੇ ਕੰਨੀਂ ਵੀ ਇਹੋ ਜੇਹਾ ਮੇਲਾ ਹੁੰਦੈ ਬਈ !

'ਓ ਭਓ ! ਰੁਮਾਨ ਕਰ, ਤੂੰ ਆਪਣਾ ਈਂ ਮੇਲਾ ਮੇਲਾ ਕੂਣ ਡਹਿ ਪਿਐਂ। ਐਡੀਆਂ ਸ਼ੁਖੀਆਂ ਨ ਮਾਰ।

ਸਾਡੇ ਵੀ ਇਤੱਰ੍ਹਾਂ ਦਾ, ਗਾਡੀ ਫੱਗਣ ਲਾਗੇ ਬਸੰਤ ਪੈਂਚਮੀ ਨੂੰ ਛੇਹਰਟੇ ਡਾਢਾ ਮੇਲਾ ਹੁੰਦੈ । ਕੀ ਪਿਆ ਵੇਹਨਾ ਏਂ, ਉਥੇ ਵੀ ਛਹਬਰਾਂ ਲਗ ਜਾਂਦੀਆਂ ਨੇ, ਇਸ ਦੇ ਮੁਕਾਬਲੇ ਤੇ ਧੂਆਡੇ ਕੀ ਹੋਣੈ । ਵੀਹ ਪੰਝੀ ਦਿਨ ਰਹਿੰਦੇ ਨੇ, ਕਿਤੇ ਵਾਂਢੇ ਨਾ ਜਾਈਂ ਆਪੂੰ ਆ ਜਾਈਂ ਜਾਂ ਅਸੀਂ ਖੜ ਲਵਾਂਗੇ, ਫੇਰ ਵੇਖੀਂ ਪੈਂਚਮੀ ਦੀਆਂ ਲੱਜ਼ਤਾਂ । ਕੇਹਾ ਰੰਗ ਬਝਦਾ ਹੈ ।

ਕੋਰੜਾ—

ਤੂੜੀ ਤੰਦ ਸਾਂਭ, ਹਾੜੀ ਵੇਚ ਵੱਟ ਕੇ
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ
ਮੀਹਾਂ ਦੀ ਉਡੀਕ ਤੋ ਸਿਆੜ ਕੱਢ ਕੇ
ਮਾਲ ਢਾਂਡਾ ਸਾਂਭਣੇ ਨੂੰ ਚੂਹੜਾ ਛੱਡ ਕੇ।
ਪੱਗ ਝੱਗਾ ਚਾਦਰ ਨਵੇਂ ਸਿਮਾਇ ਕੇ
ਸੰਮਾਂ ਵਾਲੀ ਡਾਂਗ ਉਤੇ ਡੋਲ ਲਾਇ ਕੇ
ਕੱਛੇ ਮਾਰ ਵੰਝਲੀ ਅਨੰਦ ਛਾ ਗਿਆ
ਮਾਹਦਾ ਦਮਾਮੇ ਜੱਟ ਮੇਲੇ ਆ ਗਿਆ । [ਚਾਤ੍ਰਿਕ]

ਇਹ ਕਵਿਤਾ ਵਾਲਾ, ਨਿਰਮਲ ਕੇਂਦਰੀ ਰੂਪ ਹੈ ।

4. **ਪੁਆਧੀ**—ਸਰਹੰਦ ਵਾਲੀ ਨਹਿਰ ਟੱਪ ਕੇ ਪੰਜਾਬ ਦਾ ਪੂਰਬ ਵਲ ਦਾ ਭਾਗ 'ਪੁਆਧ' ਕਹਾਉਂਦਾ ਹੈ, ਜੋ ਕਿ 'ਪੂਰਬਾਰਧ' ਦਾ ਬਦਲਿਆ ਰੂਪ ਹੈ । ਇਸ ਵਿਚ ਘੱਗਰ ਦੇ ਨਾਲ ਲਗਦਾ ਜ਼ਿਲਾ ਅੰਬਾਲੇ ਦਾ ਕਾਫੀ ਭਾਗ, ਪਟਿਆਲੇ ਦਾ ਕੁਝ ਹਿੱਸਾ ਤੇ ਜ਼ਿਲ੍ਹਾ ਹਿਸਾਰ ਦਾ ਕੁਝ ਇਲਾਕਾ ਸ਼ਾਮਲ ਹੈ, ਇਸ ਥਾਂ ਦੀ ਬੋਲੀ ਹੈ ਪੁਆਧੀ । ਪੁਆਂਧੀ ਦੇ ਗੁਆਂਢ ਵਿਚ ਪੱਛਮੀ ਹਿੰਦੀ ਦੀ ਸਰਹੱਦੀ ਉਪਬੋਲੀ ਬਾਂਗਰੂ ਹੈ, ਇਸ ਦਾ ਪੁਆਧੀ ਉਤੇ ਖਾਸਾ ਅਸਰ ਹੈ । ਦਰਅਸਲ ਜ਼ਿਲ੍ਹਾ ਲੁਧਿਆਣੇ ਦੇ ਇਲਾਕੇ ਨਾਲ ਦੀ ਪੁਆਧੀ ਤਾ ਕੇ ਦਦੀ ਪ੍ਰਭਾਵ ਹੇਠ ਆ ਗਈ ਹੈ, ਬਾਂਗਰ ਵਾਲੇ ਪਾਸੇ ਦੀ ਹੀ ਬਾਕੀ ਹੈ । ਉਸ ਵਿਚ ਸਾਨੂੰ ਤੁਹਾਨੂੰ ਦੀ ਥਾਂ ਹਮਾਨੂੰ, ਤੁਮਾਨੂੰ, ਜਾਂ ਤੈਨੇ ਮੈਨੇ, ਦਾ ਦੀ ਥਾਂ ਕਾ, ਸ਼ੀ ਦੀ ਥਾਂ ਤੀ ਜਾ ਥੀ, ਵਿਚ ਦੀ ਥਾਂ ਬਿਚ ਮੈਂ ਅਬ ਜਾਂ ਹੁਣ ਦੀ ਥਾਂ ਇਬ, ਇਉਂ ਦੀ 'ਨਿਊਂ' ਵਰਤੀਂਦਾ ਹੈ । ਇਸੇ ਕਰਕੇ ਇਹ ਵੰਨਗੀ ਵੀ ਬਾਂਗਰੂ-ਰੰਗੀ ਪੁਆਧੀ ਦੀ ਦਿਤੀ ਜਾ ਰਹੀ ਹੈ ।

ਨਮੂਨਾ—

'ਅਰੇ ਬਾਈ ਨਿਧਿਆਨ ਸੈਂ ! ਮੈਂ ਤੋਂ ਨਿਊਂ ਕਹੂੰ, ਜ਼ਿਮੀਨ ਕਾ ਜੋਂਣਸਾ ਹਿਸਾ ਮੇਰੇ ਮਾਂਡੇ ਆਵੈ, ਸੋ ਮੰਨੈ ਦੇ ਦੇ । ਹਮਾਨੂੰ ਹਰਿਆਨ ਨ ਕਰ । ਬਾਰਾ ਛੋਕਰੂ ਮੂੰਨੇ ਰੋਜ਼ ਬੁਰਾ ਭਲਾ ਆਖੈ ਰ, ਥਮ (ਤੁਮ) ਉਸ ਕੂ ਸਮਝਾਇਲੇ ਨਹੀਂ ਤੋਂ ਮੈਂ ਕੁਟਿਆਇ ਦੂੰਗਾ । ਚਲ ਚਰਿਆਜੇ ਚਲ ਕੇ ਫੈਸਲਾ ਕਰ ਲੈ ਰ, ਮਹੀਂ (ਵਹੀਂ) ਲੰਬੜਦਾਰ ਠਾਕਰ ਬੀ ਬੈਠਾ ਹੋਊ ।'

'ਇਬ ਜ਼ਿਮੀਨ ਤੋਂ ਬਾਂਟੀ ਗਈ, ਤਸੀਲਦਾਰ ਇੰਤਕਾਲ ਨਾ ਕਰੈ, ਦੋ ਜ਼ੁਾਰ ਮਾਂਗੈ । ਮੁਾਂ ਨੇ ਕਿਆ ਤਾ, ਜ਼ੁਾਰ ਤੋ ਦੇ ਦੇਂਗੇ ਬਾਕੀ ਘਰਾਂ ਪੂਛ ਕੇ ਬਤਾਊਂਗਾ । ਉਸ ਮੈਂ ਯਾਹ ਬਾਤ, ਸਾਥ ਕੂੰਆ ਵੀ ਆਵੈ । ਅਤੀ ਬਖਤੋਰੇ ਕੀ ਮਾਂ ! ਥਾਰੀ ਸਾਰੈ ਕੋੜਮੈ ਕੀ ਕਿਆ ਮਰਜ਼ੀ ਐ ? ਦਸੋ, ਲੇਵੇਂ ਨ ਲੇਵੇਂ । ਮੈਂ ਤੋਂ ਨਿਊ ਕਹੂੰਆਂ, ਬਈ ਲੇਂ ਲੇਂ, ਜ਼ੁਾਰ ਦੇ ਦੇਂ, ਇਸ ਮੇ ਘਾਟਾ ਤੋ ਮੁਾਨੂੰ

ਦਿੱਖੇ ਨਹੀਂ । ਲੱਖੇ ਨੇ ਵੀ ਲੀਆ ਈ ਤਾ । ਜੇ ਇਸ ਮਾਂ ਇਬ ਕੀ ਈਖ ਬੋਇਂ ਦੈਂ, ਸਾਰੀ ਰਕਮ ਨਿਕੜ ਆਵੈ ਛੋਹਰ ਈਖ ਚੂਸੈ , ਘਰ ਕਾ ਗੁਕ ਹੋਵੇ, ਮੌਜਾਂ ਕਰੈ, ਬੁੱਲੇ ਵੱਢੈਂ ।'

ਸਈਆ—

'ਭੈਂਸ ਨਲ੍ਹਾਵਣ ਹੈਂ ਚਲੀ ਢਾਬੜ,
ਵਾਹ ਜੁ ਮਿਲੈ ਮੂਂ ਕੋ ਗਾਂਵ ਕੋ ਗੋਰੇ
ਕਾਛ ਮੈਂ ਕਾਂਬਲੂ ਹਾਥ ਮੈਂ ਲਾਕੜੂ,
ਢਾਕ ਕੀ ਓੜ ਮੈਂ ਬਾਛੜੂ ਮੋੜੇ
ਬੈਂਸਰੀ ਮਾਂ ਕੁਛ ਧੈਂਪਟ ਗਾਇਕੈ,
ਹਰ ਲੀਓ ਰੀ ਮੋਹਿ ਰੂਪ ਕੋ ਜ਼ੋਰੇ
ਕਾਢ ਕੈ ਕਾਲਜਾ ਲੈ ਗੀਓ ਕਾਲੀਓ,
ਹੈਂ ਪਈਂ ਤੜਫੂੰ ਮਾਉਂ ਕੇ ਧੋਰੇ ।'

5. **ਭਟਿਆਣੀ**—ਭੱਟੀ, ਰਾਜਪੂਤਾਂ ਦਾ ਪੁਰਾਣਾ ਕਬੀਲਾ ਹੈ, ਜੋ ਮੁਸਲਮਾਨ ਹੋ ਗਿਆ ਹੈ । ਇਨ੍ਹਾਂ ਦੀ ਵਸੋਂ ਕਾਰਣ ਜ਼ਿ: ਫੀਰੋਜ਼ਪੁਰ ਦਾ ਕੁਝ ਭਾਗ ਤੇ ਉਤਰੀ ਬੀਕਾਨੇਰ ਦਾ ਨਾਲ ਲਗਵਾਂ ਨਿੱਸਾ 'ਭਟੀਆਣਾ' ਜਾਂ 'ਭੱਟੀ ਦੇਸ' ਕਹਾਉਂਦਾ ਹੈ । ਇਨ੍ਹਾਂ ਭੱਟੀਆਂ ਦੀ ਬੋਲੀ ਹੈ ਭਟਿਆਣੀ, ਜੋ ਕਿ ਰਾਜਸਥਾਨੀ ਦੀ ਸਰਹੱਦੀ ਉਪਬੋਲੀ ਬਾਗੜੀ ਨਾਲ ਰਲੀ ਮਿਲੀ ਹੈ । ਇਹ ਮੁਸਲਮਾਨ ਭੱਟੀ ਰਾਜਪੂਤ ਆਪਣੇ ਆਪ ਨੂੰ 'ਰ ਠੌਰ' ਸਦਾਉਂਦੇ ਹਨ, ਇਸ ਲਈ ਇਸ ਨੂੰ ਰਾਠੌਰੀ ਵੀ ਕਹਿ ਦਿਤਾ ਜਾਂਦਾ ਹੈ ।

ਕੁਝ ਮੁਸਲਮਾਨ ਪੱਛਮ ਵਲੋਂ ਆ ਕੇ ਜ਼ਿਲਾ ਹਿਸਾਰ ਦੀ ਘੱਗਰ ਵਾਦੀ ਵਿਚ ਵਸੇ, ਇਨ੍ਹਾਂ ਨੂੰ 'ਪਚਾਧੇ' ਜਾ 'ਰਾਠ' ਆਖਿਆ ਜਾਂਦਾ ਹੈ । ਡਾ: ਗ੍ਰੀਅਰਸਨ ਨੇ ਇਨ੍ਹਾਂ ਦੀ ਬੋਲੀ ਨੂੰ 'ਰਾਠੀ' ਨਾਂ ਹੇਠ ਅੱਡਰੀ ਉਪਬੋਲੀ ਗਿਣਿਆ ਹੈ, ਇਹ ਰਾਠੀ ਜਾਂ ਪਚਾਧੀ ਵੀ ਭਟਿਆਣੀ ਦਾ ਹੀ ਇਕ ਉਪ-ਰੂਪ ਹੈ । ਕੇਵਲ ਫਰਕ ਇਤਨਾ ਹੈ ਕਿ ਰਾਠੀ ਉਤੇ ਬਾਂਗਰੂ ਦਾ ਕੁਝ ਪ੍ਰਭਾਵ ਹੈ ਤੇ ਭਟਿਆਣੀ ਉਤੇ ਬਾਗੜੀ ਦਾ । ਦੋਹਾਂ ਦੀ ਵੰਨਗੀ ਲਓ—

ਭਟਿਆਣੀ ਦਾ ਨਮੂਨਾ—

'ਹੋਕ ਆਦਮੀ ਦੇ ਦੋਇ ਪੂਤ ਹਾ । ਉਸਦੇ ਛੋਟੇ ਪੂਤ ਪਿਉ ਨੂੰ ਅੱਖਾਂ, ਹੇ ਪਿਊ ! ਮਾਲ ਬਿਚ ਜੇੜਾ ਮੇਰਾ ਹਿਸਾ ਹੋਵੇ, ਮੈਨੂੰ ਦੇਹੇ । ਉਸਨੂੰ ਤਦਾਂ ਮਾਲ ਬਾਂਟ ਦੀਤਾ । ਢੇਰ ਦਿਹਾੜੇ ਨਹੀਂ ਹੋਏ, ਛੋਟਾ ਪੂਤ ਸਭ ਕੁਝ ਕੱਠਾ ਕਰਕੇ ਦੂਰ ਦੇਸ ਜਾਂਦਾ ਰਹਾ ਔਰ ਉਥੇ ਲੁੱਚਪਣੇ ਵਿਚੇ ਆਪਣਾ ਮਾਲ ਗਮਾ ਦਿਤਾ । ਵੋ ਉਸ ਦੇਸ ਦੇ ਰੈਹਣੇ ਵਾਲਾ ਦਾ ਨੌਕਰ ਹੋ ਗਇਆ । ਉਸਨੇ ਤਿਸਨੂੰ ਆਪਣੇ ਖੇਤਰ ਵਿਚ ਸੂਰਨੂੰ ਚਰਾਵਣ ਘਾਲਾ । ਔਰ ਉਹ ਉਨ ਛੀਲੜਾਂ ਨਾਲ ਅਪਣਾ ਢਿਡ ਭਰਣਾ ਚਾਂਤਾ ਥਾ, ਜਿਨ੍ਹਾਂ ਨੂੰ ਸੂਰ ਖਾਂਦੇ ਹਾ । ਜਦਾਂ ਉਸਨੂੰ ਚੇਤਾ ਆਇਆ ਤਦਾਂ ਵੋ ਉਠ ਕੇ ਆਪਦੇ ਪੀਊ ਦੇ ਪਾਸ ਗਿਆ । ਅਗਰ ਵੋ ਦੂਰ ਹਾ, ਤਦਾਂ ਪੀਊ ਉਸ ਨੂੰ ਦੇਖਤੇ ਤਰਸ ਕੀਤਾ ਔਰ ਭਾਜ ਕੇ ਉਸ ਨੂੰ ਗਲ ਨਾਲ ਲਗਾਤੇ ਚੁੰਮਾ । ਪਿਊ ਨੇ ਆਪ ਦੇ ਨੌਕਰਾਂ ਨੂੰ ਅੱਖਾਂ ਪੂਤ ਨੂੰ ਬੀਗੜੇ ਅਛੇ ਪਾਹਵੋ ਔਰ ਉਸ ਦੇ ਹੱਥ ਬਿਚ ਮੁੰਦੜੀ ਔਰ ਪੈਰੀਂ ਜੂਤੀ ਪਹਾਵੋ । ਤਦਾਂ ਵੋ ਮਜ਼ੇ ਕਰਣੇ ਲਗੇ ।'

ਰਾਠੀ ਦਾ ਨਮੂਨਾ—

'ਇਕ ਜਾਟ ਕੈ ਇਕ ਜਾਟਣੀ ਥੀ । ਜਾਟ ਜਦ ਖੇਤ ਮੈਂ ਬਗ ਜਾਂਦਾ ਤੋਂ ਪਾਛੇ ਤੇ ਮੋਹਨ ਭੋਗ ਚੂਰਮਾ ਕਰਕੈ ਖਾਂਦੀ । ਔਰ ਸਾਂਝਨੇ ਜਾਟ ਜਦ ਆਂਦਾ ਜਾਟਨੀ ਜਾਟ ਨੈ ਕਹਿੰਦੀ, ਮੈਂ ਤੋ ਮਰੂੰਗੀ, ਮੇਰੇ ਤੋ ਰੋਗ ਹੋ ਗਿਆ, ਸਿਰ ਦੁਖੇ, ਪੇਟ ਦੁਖੇ, ਪੈਰ ਫੂਟੇ । ਕਿਸੇ ਵੈਦ ਨੈ ਦਿਖਿਆ, ਓਪਰੀ ਪੂਛਾ ਕਰਾ । ਜਦ ਜਾਟ ਮਨ ਮੈਂ ਸੋਚੀ ਇਸ ਕਾ ਮਾਸ ਅਰ ਗੱਲ੍ਹਾਂ ਤੇ ਰੰਜ ਬਧੇ ਔਰ ਯਿਹ ਕਹੇ ਮੇਰੇ ਰੋਗ ਲਗ ਗਇਆ । ਉਹ ਕੇਹ ਬਾਣ ਸੈ । ਏਕ ਦਿਨ ਜਾਟ ਪਰਸ ਮੇਂ ਸੋ ਗਿਆ, ਖੇਤ ਨਾ ਗਿਆ । ਥੋੜੀ ਬਾਰ ਪਾਛੇ ਘਰਾਂ ਗਿਆ ਤੋ ਜਾਟਨੀ ਮੋਹਨ ਭੋਗ ਕਰਦੀ ਾਈ । ਜਦ ਜਾਟ ਨੈ ਸੋਚੀ ਇਸਕਾ ਇਲਾਜ ਬੰਧੇ ਤੋ ਠੀਕ ਲਾਗੇ ਜਦ ਜਾਟ ਏਕ ਫਕੀਰ ਪਾ ਗਿਆ ਔਰ ਕਹਾ, ਮੇਰੀ ਜਾਟਨੀ ਮਸਤੀ ਹੋਇ ਆਏਗੀ । ਮੋਹਨ ਭੋਗ ਯਾਂ ਚੂਰਮਾ ਤੇ ਖਾਵੈ ਔਰ ਜਦ ਸਾਂਝ ਨੈ ਖੇਤ ਤੇ ਮੈਂ ਆਊਂ ਮੇਰੇ ਜੀ ਨੈ ਕਲਹ ਬਣਾਵੈ । ਜਦ ਫਕੀਰ ਨੈ ਕਹੀ ਤੂੰ ਚਾਰ ਸ਼ੁਤ ਕੀ ਕੂਕੜੀ ਲੀਆ, ਮੈਂ ਤੈਨੇ ਮੰਤ੍ਰ ਕੇ ਦੈ ਦੂੰਗਾ ।'‡

6. **ਪਹਾੜੀ ਜਾਂ ਡੋਗਰੀ**—ਦੁਰਗਮ, ਡੁਗਰ ਜਾਂ ਡੂਗਰ, ਪਹਾੜ ਨੂੰ ਕਹਿੰਦੇ ਹਨ, ਇਸੇ ਕਰਕੇ ਪੰਜਾਬ ਦਾ ਜੰਮੂ ਵਾਲਾ ਇਲਾਕਾ 'ਡੁੱਗਰ' ਕਿਹਾ ਜਾਂਦਾ ਹੈ, ਇਥੋਂ ਦੇ ਮੋਢੀ ਵਸਨੀਕ 'ਡੋਗਰੇ' ਕਹਾਉਂਦੇ ਹਨ ਤੇ ਇਨ੍ਹਾਂ ਦੀ ਬੋਲੀ ਦਾ ਨਾਂ ਹੈ ਡੋਗਰੀ । ਦਰਅਸਲ ਪਹਾੜੀ ਪੰਜਾਬੀ ਪੰਜਾਬ ਦੇ ਪੂਰਬ-ਉਤਰੀ ਸਿਰੇ ਤੋਂ ਲੈ ਕੇ ਉਤਰ-ਪੱਛਮੀ ਪਾਸੇ ਤਕ ਫੈਲੀ ਹੋਈ ਹੈ, । ਪਹਾੜੀ ਘੇਰਿਆਂ ਵਿਚ ਸੀਮਤ ਹੋਣ ਕਰਕੇ ਇਸਨੂੰ ਕਈ ਹਿਸਿਆਂ ਵਿਚ ਵੰਡ ਸਕੀਦਾ ਹੈ । ਡਾ: ਗ੍ਰੀਅਰਸਨ ਨੇ ਇਸ ਦੇ ਕੰਢਿਆਲੀ ਤੇ ਕਾਂਗੜੀ ਤਿੰਨ ਰੂਪ ਪਰਧਾਨ ਮੰਨੇ ਨਨ । ਸਾਰੇ ਰਾਜਪੂਤਾਂ ਦੀ ਵਸੋਂ ਹੋਣ ਕਾਰਣ ਇਨ੍ਹਾਂ ਵਿਚ ਇਕ ਅਭਿੰਨ ਸਮਾਨਤਾ ਮੰਨਣੀ ਪੈਂਦੀ ਹੈ । ਡੋਗਰੀ ਵਿਚ ਪੋਠੋਹਾਰੀ ਵਾਲੇ ਤੁਘੀ, ਮਿਘੀ ਦਾ ਵਰਤਾਰਾ ਵੀ ਹੈ ਅਤੇ ਕਸ਼ਮੀਰੀ ਨੇ ਵੀ ਇਸ ਉਤੇ ਅਪਣੀ ਪਾੜ ਚੜ੍ਹਾਈ ਹੈ । ਬਾਕੀ ਕਾਂਗੜੀ, ਕੇਂਦਰੀ ਤੋਂ ਤੇ ਕੰਢਿਆਲੀ ਤੇ ਭਟਿਆਲੀ ਉਪ-ਰੂਪ ਜ਼ਿਆਦਾ 'ਪਹਾੜੀ ਬੋਲੀ' ਤੋਂ ਪ੍ਰਭਾਵਤ ਹਨ । ਡੋਗਰੀ ਦੀ ਟਾਕਰੀ ਕਿਸਮ ਦੀ ਲਿਪੀ ਹੈ ਤੇ ਕਾਂਗੜੀ ਟਾਕਰੀ ਵਿਚ ਲਿਖੀ ਜਾਂਦੀ ਹੈ ।

ਨਮੂਨਾ—

'ਹੋਅ ਕਿਰਪੂਆ ! ਉ ਤੂੰ ਜੁਆਲਾ ਮੁਖੀ ਕੈ ਮੇਲੇ ਨੀ ਜਾਹਿਂਗਾ ? ਪਾੜੇ ਤੋਂ ਸਭਾ ਮਾਹਣੂ ਰੇਲਾ ਪੁਰ ਚੜ੍ਹੀ ਕੈ ਜਾਂਹਗੇ, ਚਲਣਾ ਜੁ ਤੂੰ ਬੀ ਚਲ । ਓ ਗਲਾਇਆ ਨ ?

'ਮਿੰਝੇ ਬੀ ਨਾਲ ਲਈ ਚਲਣਾ, ਕੰਨੈ ਰੋਟੀ ਲੇ ਚਲਨੀ, ਉਥੈ ਜਾਇ ਕੈ ਖਾਹ ਲੈਹੁੰਗੇ । ਮੈਂ ਤੋ ਪੱਟੂ ਵੀ ਕੰਨੈ ਲੀ ਛੜਣੈ, ਤਈ ਓਥੈ ਸੀਤ ਲਗੇ, ਓਢ ਲੇਹੁੰਗੇ । ਰਾਤੀਂ ਓਥੈ ਮੰਡੂਆ ਬੀ ਦਿਖੀ ਲੈਹੁੰਗੇ । ਔਹ ! ਮੇਲੇ ਮਾ ਢੋਲਕੂ, ਬੰਝਲੂ ਤੈਡਿਬਡਿਬੂ ਬਜਦਾ ਪਿਐ । ਕੁਸੈ ਜਨਾਨੈ ਝੰਜੋਟੀ ਗਾ ਥੀਆ ਕਰ ਦੀਆ, ਮਿੰਝੇ ਤੋ ਏਹ ਗੀਤ ਖਰੇ ਲਗੇ ।

'ਅਥੈ ਨਾਗਰੂ ! ਆਓ ਇਥੂੰ ਥਾਇਂ ਉਤੈ ਬਹੀ ਕੇ ਪਹਿਲੂੰ ਬਬਰੂ ਖਾਇ ਲਈਏ, ਮੇਲੇ ਮਾ ਕੁਸੂ ਨੀਚ ਉਚ ਕੰਨੇਂ ਛੋਹੀ ਜਾਣਗੇ । ਫਿਰ ਮਾਈ ਜੁਆਲਾ ਮੁਖੀ ਜੁ ਮੱਥਾ ਟੇਕੀ ਕੰਨੈ ਚਲੇਂ । ਅਸਾਂ ਨੇ ਤੋ ਕੜਾਹੀ ਬੀ ਦੇਣੀ ਹੋਈ ਸੁਖਣਾਂ ਕੀ ਜੁ ।

---

‡ ਗ੍ਰੀਅਰਸਨ, L. S. of India ਪੰਨਾ 699

ਲੋਕ ਗੀਤ—

'ਛੈਲਾ ! ਮੈਂ ਕੂ ਬਿੰਦਲੂ ਲਈ ਦੇ !
ਬਿੰਦਲੂ ਲਈਦੇ ਟਿਕਲੂ ਲਈਦੇ, ਨਾਲੇ ਲਈਦੇ ਰੰਗਲਾ ਦਦਾਂਸੂ ।
ਗੋਟੇ ਕਨਾਰੀ ਕਾ ਘਗਰੂਆ ਲਈਦੇ, ਪੀਆ ਮਿਲਨੇ ਕੀ ਆਂਸੂ ।

ਸਵਈਆ

ਘੁਘੜੂ ਟੇਰੂ ਬਟੇਰੂ ਉਡਾਨੀਆਂ, ਪਖਲਾ ਆਵੇ ਮੈਂ ਸੂਤਰ ਬਟਾਣਾ
ਲਈ ਕਸੁੰਭੜਾ ਸੱਸ ਤੇ ਚੋਰੀ ਮੈਂ, ਸੱਦ ਲਿਲਾਰੀਆਂ ਚੋਲੂ ਰੰਗਾਣਾ
ਹਾਰ ਸ਼ਿੰਗਾਰ ਮਥੇ ਲਾਵਾਂ ਬਿੰਦਲੂ, ਮੱਛੀਏ ਭਉਨ ਕੀ ਜਾਰਤਿ ਜਾਣਾ ।
ਯਾਰ ਰਹੈ ਮੁਾੜਾ ਸਹੀ ਸਲਾਮਤ, ਖਸਮੈ ਦੇ ਸਿਰ ਭੱਸੜੂ ਪਾਣਾ । ੧ ।

ਡੋਬੀ ਛੱਡੀ ਇਨ ਧੋਹੀਏ ਬਾਪੂਏ, ਐਦੇਹਾ, ਬਰੂ ਕਬੂੰਹਾ ਤੇ ਆਣਾ
ਅੱਖੀਆਂ ਚੁਗਮ ਚੁਗੀਆਂ ਵੱ, ਸਿਰ ਖੁਰਕਦਾ ਖੋਪਰੂ ਗੰਜ ਪੁਰਾਣਾ
ਆ ਨ ਛੈਲਾ ! ਮਿੰਹਕੀ ਦੇਹੁ ਨ ਸਨੇਹੜੇ, ਐਰਵਾਂ ਦੇਵੀ ਦੇ ਜਾਰਤੇ ਜਾਣਾ
ਯਾਰ ਰਹੈ ਮੁਾੜਾ ਸਹੀ ਸਲਾਮਤ, ਖਸਮੈਂ ਦੈ ਸਿਰ ਪੱਲੜੂ ਲਾਣਾ । ੨ ।

ਇਹ ਹਨ ਪੰਜਾਬੀ ਦੀਆਂ ਉਪਬੋਲੀਆਂ ਤੇ ਉਨ੍ਹਾਂ ਦੇ ਨਮੂਨੇ ।

———

ਟਕਸਾਲੀ ਪੰਜਾਬੀ

ਬੋਲੀ ਨੂੰ ਟਕਸਾਲੀ ਬਣਾਉਣਾ ਇਕ ਸਮਾਜੀ ਲੋੜ ਹੈ। ਮਨੁਖ ਦਾ ਸਭਿਆਚਾਰਕ ਵਿਕਾਸ ਜਿਵੇਂ ਹੱਥ ਚੀਜ਼ਾਂ ਨੂੰ ਪ੍ਰਫੁਲਤ ਕਰ ਕੇ ਇਕ ਸਾਂਝੀ ਤੇ ਉਚੀ ਪੱਧਰ ਉਤੇ ਲੈ ਆਉਂਦਾ ਹੈ, ਤਿਵੇਂ ਇਸ ਵਿਕਸਤ ਤੇ ਉਨਤ ਵਾਤਾਵਰਣ ਵਿਚ ਬੋਲੀ ਵੀ ਸਹਿਜ ਸੁਭਾ ਹੌਲੀ ਹੌਲੀ ਇਕ ਸੋਹਣਾ ਸੁਨੱਖਾ ਤੇ ਸਾਂਝਾ ਪ੍ਰਮਾਣੀਕ ਰੂਪ ਧਾਰ ਲੈਂਦੀ ਹੈ । ਸੋ ਇਕ ਤਰ੍ਹਾਂ ਟਕਸਾਲੀ ਬੋਲੀ ਦਾ ਅਧਾਰ ਸਭਿਅਤਾ ਦੀ ਸ਼ਕਤੀ ਉਤੇ ਨਿਰਭਰ ਹੈ ।

ਭਾਵੇਂ ਉਪਭਾਖਾ ਦੇ ਰੂਪ ਵਿਚ ਇਸ ਦੀ ਹੋਂਦ ਤਾਂ ਪਹਿਲੇ ਹੀ ਹੁੰਦੀ ਹੈ, ਪਰ ਇਹ ਹੋਂਦ ਕਿਸੇ ਫੁਲ-ਬੂਟੇ ਦੇ ਨਿਕੇ ਬਾਲਕ ਪੱਤਿਆਂ ਵਾਂਙ ਹੈ, ਜਿਸ ਵਿਚ ਨ ਖੁਸ਼ਬੂ ਹੁੰਦੀ ਹੈ ਤੇ ਨ ਫੁਲਾਂ ਵਾਲੀ ਸੁਹਣੱਪ । ਇਹੋ ਜਦੋਂ ਪ੍ਰਮਾਣੀਕ ਰੂਪ ਧਾਰ ਕੇ ਫੁਲ ਬਣ ਖਿੜਦੀ ਹੈ ਤਾਂ ਇਸ ਦੀ ਜੁਆਨੀ ਲਪਟਾਂ ਵੀ ਦਿੰਦੀ ਹੈ ਤੇ ਖਿਚਾਂ ਵੀ ਪਾਉਂਦੀ ਹੈ ਅਤੇ ਉਹੋ 'ਗਵਾਰੂ' ਆਖ ਕੇ ਤ੍ਰਿਸਕਾਰੀ ਜਾਣ ਵਾਲੀ ਬੋਲੀ, ਰਾਜ-ਸਿੰਘਾਸਨਾਂ ਦੇ ਲਾਇਕ ਹੋ ਜਾਂਦੀ ਹੈ । ਜੇ ਅਸੀਂ ਮਨੁਖੀ ਅਵਾਜ਼ ਨੂੰ ਕਪਾਹ ਦੀਆਂ ਦੁਧ-ਚਿਟੀਆਂ ਫੁੱਟੀਆਂ ਨਾਲ ਉਪਮਾਈਏ, ਤਾਂ ਕਿਹਾ ਜਾ ਸਕਦਾ ਹੈ ਇਸੇ ਤੋਂ ਖੱਦਰ ਬਣਦਾ ਹੈ, ਇਸੇ ਤੋਂ ਲੱਠਾ । ਉਪਬੋਲੀ ਖੱਦਰ ਹੈ ਤੇ ਟਕਸਾਲੀ ਚਾਬੀ ਦਾ ਲੱਠਾ । ਖੱਦਰ (ਉਪਬੋਲੀ) ਬਣਾਉਣ ਉਤੇ ਘਟ ਮੇਹਨਤ ਹੁੰਦੀ ਹੈ ਜੋ ਕਿ ਇਕ ਨਿਕੇ ਜੇਹੇ ਇਲਾਕੇ ਦੀ ਬੋਲਕ ਘਾਲ ਦਾ ਸਿਟਾ ਹੈ । ਲੱਠੇ (ਟਕਸਾਲੀ) ਦੀ ਬਣਤਰ ਜ਼ਿਆਦਾ ਸੋਧ ਸਫਾਈ ਮੰਗਦੀ ਹੈ, ਉਸ ਵਿਚ ਸਾਰੇ ਇਲਾਕਿਆਂ ਦੀ ਮਿਲਵੀਂ ਮਿਹਨਤ ਤੇ ਮਸ਼ੀਨ ਦਾ ਹੱਥ ਹੁੰਦਾ ਹੈ, ਮਸ਼ੀਨ ਹੈ ਸਾਹਿਤਕਾਰ ।

ਜਿਥੇ ਉਪਬੋਲੀ ਕੇਵਲ ਇਕ ਇਲਾਕੇ ਵਿਚ ਵਰਤੀ ਜਾਣ ਜੋਗੀ ਹੁੰਦੀ ਹੈ, ਉਥੇ ਟਕਸਾਲੀ ਬੋਲੀ ਸਰਬ-ਪਰਵਾਨਗੀ ਦੀ ਮੋਹਰ ਲਵਾ ਕੇ ਸਾਰੇ ਦੇਸ ਵਿਚ ਵਰਤਣ ਜੋਗ ਹੋ ਜਾਂਦੀ ਹੈ । ਉਸ ਵਿਚੋਂ ਉਪਭਾਖਾਈ ਅੰਗਣ ਪਾਸੇ ਕਰ ਕੇ ਸਾਊ ਜਾਂ ਸਭਿਆਚਾਰਕ ਹਲਕੇ, ਇਕ ਸੁੱਚਾ ਜੇਹਾ ਸਮੁਚਾ ਰੂਪ ਤਿਆਰ ਕਰ ਲੈਂਦੇ ਹਨ, ਜਿਸ ਨੂੰ ਗ੍ਰਹਿਣ ਕਰਨ ਵਿਚ ਕਿਸੇ ਨੂੰ ਕੋਈ ਝਿਜਕ ਜਾਂ ਇਤਰਾਜ਼ ਨਹੀਂ ਹੁੰਦਾ ।

ਭਾਸ਼ਾ ਵਿਗਿਆਨਕ ਦ੍ਰਿਸ਼ਟੀ ਤੋਂ ਇਸੇ ਪ੍ਰਮਾਣੀਕ ਬੋਲੀ ਦੇ ਤਿੰਨ ਰੂਪ ਹੁੰਦੇ ਹਨ—

1. ਟਕਸਾਲੀ 2. ਲਿਖਤੀ 3. ਸਾਹਿਤਕ ।‡

ਪਹਿਲਾ ਟਕਸਾਲੀ ਜਾਂ ਕੇਂਦਰੀ ਰੂਪ ਉਹ ਹੈ ਜੋ ਸਮੁਚੇ ਦੇਸ ਦੀ ਸਾਂਝੀ ਬੋਲ ਚਾਲ ਦੀ ਜ਼ਬਾਨ ਬਣਦਾ ਹੈ । ਜੇਹਾ ਕਿ ਅਸਾਂ ਉਤੇ ਕਿਹਾ ਹੈ ਕਿ ਇਹ ਉਪਬੋਲੀ ਤੋਂ ਹੀ ਵਿਕਸਿਆ

‡ ਆਰਿਆਈ ਜ਼ਬਾਨੇਂ; ਪੰਨਾ 21-30 ।

ਹੁੰਦਾ ਹੈ। ਇਸ ਦੀ ਉਪਬੋਲੀਆਂ ਨਾਲ ਮਿਲਵਰਤਨ ਵੀ ਰਹਿੰਦੀ ਹੈ ਪਰ ਆਮ ਤੌਰ ਤੇ ਉਪ-ਬੋਲੀਆਂ ਇਸ ਦੇ ਸਾਹਮਣੇ ਝੁਕਦੀਆਂ ਹੀ ਰਹਿੰਦੀਆਂ ਹਨ। ਇਹੋ ਟਕਸਾਲੀ ਜ਼ਦੋਂ ਲਿਪੀ-ਬੱਧ ਹੋ ਕੇ ਦੂਨਿਆਵੀ ਕੰਮ ਧੰਦੇ ਵਿਚ ਚਾਲੂ ਹੁੰਦੀ ਹੈ, 'ਲਿਖਤੀ ਬੋਲੀ' ਕਹਾਉਂਦੀ ਹੈ। ਇਹ ਹੈ ਦੂਜਾ ਰੂਪ।

ਦਰ ਅਸਲ ਲਿਖਤੀ ਬੋਲੀ ਹੀ ਅਕਸਰ ਕਰ ਕੇ ਟਕਸਾਲੀ ਜ਼ਬਾਨ ਦਾ 'ਪ੍ਰਤੀਨਿਧ ਰੂਪ' ਹੁੰਦੀ ਹੈ ਕਿਉਂਕਿ ਲਿਖਤੀ ਬੰਨ੍ਹਣ ਵਿਚ ਆ ਕੇ ਬੋਲੀ ਪੱਕੇ ਪੈ ਜਾਂਦੀ ਹੈ ਤੇ ਫਿਰ ਉਸ ਵਿਚ ਤਬਦੀਲੀ ਦੀ ਗੁੰਜਾਇਸ਼ ਘਟ ਜਾਂਦੀ ਹੈ। ਸੰਸਕ੍ਰਿਤ ਆਦਿ ਪੁਰਾਣੀਆਂ ਬੋਲੀਆਂ ਇਵੇਂ ਹੀ ਪੱਕੀਆਂ ਸਨ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਬੋਲ ਚਾਲ ਦੀ ਟਕਸਾਲੀ ਕਦੇ ਵੀ ਲਿਖਤੀ ਜ਼ਬਾਨ ਦੇ ਤਖਤ ਉਤੇ ਸਦਾ ਲਈ ਨਹੀਂ ਬੈਠ ਸਕਦੀ। ਕਿਉਂਕਿ ਬੋਲਕ ਟਕਸਾਲੀ ਤਾਂ ਨਾਲ ਨਾਲ ਆਪਣਾ ਰੂਪ ਬਦਲਦੀ ਵੀ ਰਹਿੰਦੀ ਹੈ ਪਰ ਲਿਖਤੀ ਟਕਸਾਲੀ ਨੂੰ ਇਹ ਖੁਲ੍ਹ ਪਰਾਪਤ ਨਹੀਂ ਹੁੰਦੀ। ਮਿ: ਵੈਂਦਰੇਜ ਨੇ ਲਿਖਿਆ ਹੈ ਕਿ ਅੱਜ ਦੇ ਫਰਾਂਸੀਸੀ ਲੇਖਕ 17ਵੀਂ ਸਦੀ ਦੀ ਫਰਾਂਸੀਸੀ ਵਰਤ ਰਹੇ ਹਨ, ਮੌਜੂਦਾ ਬੋਲ ਚਾਲ ਦੀ ਟਕਸਾਲੀ ਇਸ ਤੋਂ ਬਿਲਕੁਲ ਭਿੰਨ ਹੈ। ਹੋ ਸਕਦਾ ਹੈ, ਇਹ ਲਿਖਤੀ ਫਰਾਂਸੀਸੀ ਹੁਣ ਮਰ ਮੁਕ ਹੀ ਜਾਵੇ।'‡

ਮਿ: ਜਿਉਲਜ਼ ਬਲਾਕ ਨੇ ਕੁਝ ਇਸੇ ਤਰ੍ਹਾਂ ਦੀ ਰਾਇ ਸੰਸਕ੍ਰਿਤ ਬਾਰੇ ਜ਼ਾਹਰ ਕੀਤੀ ਹੈ। ਉਹ ਕਹਿੰਦੇ ਹਨ ਕਿ ਟਕਸਾਲੀ ਸੰਸਕ੍ਰਿਤ ਕੇਵਲ ਉਚੀ ਪੰਡਤ-ਸ਼ਰੇਣੀ ਦੀ ਜ਼ਬਾਨ ਸੀ। ਭਾਸ਼ਾ ਵਿਗਿਆਨੀਆਂ ਨੂੰ ਬੋਲਚਾਲ ਦੀ ਬੋਲੀ ਦੇ ਵਿਕਾਸ ਬਾਰੇ ਜਿਹਾ ਇਸ ਤੋਂ ਕੋਈ ਥਹੁ ਥਿੱਤਾ ਨਹੀਂ ਮਿਲਦਾ, ਸਿਵਾਇ ਇਸ ਦੇ ਕਿ ਸੰਸਕ੍ਰਿਤ ਦੀ ਲਿਖਣ-ਸ਼ੈਲੀ ਉਤੇ ਰੋਸ਼ਨੀ ਪਾਈ ਜਾ ਸਕੇ।'

ਇਨ੍ਹਾਂ ਵਿਦਵਾਨਾਂ ਦੀਆਂ ਰਾਵਾਂ ਤੋਂ ਅਸੀਂ ਇਸ ਸਿਟੇ ਉਤੇ ਪਹੁੰਚਦੇ ਹਾਂ ਕਿ ਸਮੇਂ ਦੇ ਫੇਰ ਨਾਲ ਲਿਖਤੀ ਟਕਸਾਲੀ ਇਕ ਬਿਲਕੁਲ ਵੱਖਰੀ ਤਰ੍ਹਾਂ ਦੀ ਜ਼ਬਾਨ ਹੋ ਨਿਬੜਦੀ ਹੈ ਤੇ ਫਿਰ ਇਉਂ ਭਾਸਦਾ ਹੈ ਜਿਵੇਂ ਕਿ ਉਸ ਦਾ ਬੋਲ ਚਾਲ ਦੀ ਟਕਸਾਲੀ ਨਾਲ ਕੋਈ ਸਬੰਧ ਹੀ ਨਹੀਂ ਹੁੰਦਾ।

ਪਰ ਇਨ੍ਹਾਂ ਗੱਲਾਂ ਕਰਕੇ ਲਿਖਤੀ ਭਾਸ਼ਾ ਦੀ ਮਹੱਤਤਾ ਘਟਾਈ ਨਹੀਂ ਜਾ ਸਕਦੀ। ਬਹੁਤ ਸਾਰੇ ਪਹਿਲੂਆਂ ਤੋਂ ਉਸ ਦੀ ਵੀ ਲੋੜ ਹੈ ਤੇ ਗੌਰਵ ਵੀ।

ਤੀਜੀ ਤਰ੍ਹਾਂ ਦੀ ਜ਼ਬਾਨ ਹੈ—ਸਾਹਿਤਕ, ਜਿਸ ਦੀ ਸਾਹਿਤਕਾਰ ਸਾਹਿਤ-ਰਚਨਾ ਲਈ ਵਰਤੋਂ ਕਰਦੇ ਹਨ। ਇਹ ਟਕਸਾਲੀ ਦਾ ਸਰਬੋਤਮ ਸੁੰਦਰ ਰੂਪ ਹੈ। ਮਹਾਨ ਲੇਖਕ ਸ਼ਬਦਾਂ ਵਿਚ ਅਪਣੀ ਆਤਮਾ ਪਾ ਕੇ ਉਨ੍ਹਾਂ ਨੂੰ ਉਹ ਕੀਮਤ ਪ੍ਰਦਾਨ ਕਰਦੇ ਹਨ, ਜੋ ਰਾਜੇ ਸ਼ਾਹੀ ਸਿੱਕ੍ਕਿਆਂ ਨੂੰ ।§ ਲੇਖਕਾਂ ਦੀਆਂ ਪਾਈਆਂ ਕੀਮਤਾਂ ਸਚਮੁਚ ਸ਼ਰਬ-ਪਰਵਾਨਗੀ ਦੀ ਮੋਹਰ

‡Language, P. 276

§The great writers have done for words what the kings formerly did for the coinage. They gave it whatever value they saw fit and decided the rate at which it was to be accepted by all. [J. V., P. 274]

ਹੁੰਦੀਆਂ ਹਨ, ਉਨ੍ਹਾਂ ਨੂੰ ਕੋਈ ਘਟਾ ਵਧਾ ਵੀ ਨਹੀਂ ਸਕਦਾ। ਸਾਹਿਤਕ ਪ੍ਰਕਾਸ਼ ਬੋਲੀ ਦੇ ਪਿੰਡੇ ਨੂੰ ਲਿਸ਼ਕਾ ਦਿੰਦਾ ਹੈ ਤੇ ਉਸ ਲਿਸ਼ਕਦੀ ਸੁੰਦਰ ਜ਼ਬਾਨ ਦਾ ਹਰ ਕੋਈ ਸੁਆਗਤ ਕਰਦਾ ਹੈ, ਸੁਹਣੱਪ ਨੂੰ ਕੋਈ ਅਪਰਵਾਨ ਕਰੇ ਤਾਂ ਕਿਵੇਂ ਕਰੇ ?

ਇਹ ਸਾਹਿਤਕ ਟਕਸਾਲੀ ਵੀ ਇਕ ਤਰ੍ਹਾਂ 'ਲਿਖਤੀ' ਦਾ ਹੀ ਸੂਖ਼ਮ ਰੂਪ ਹੈ, ਇਸ ਵਿਚ ਉਹੋ ਅੰਗਣ ਆ ਜਾਂਦਾ ਹੈ; ਜੋ ਉਸ ਨੂੰ ਬੋਲਚਾਲ ਦੀ ਟਕਸਾਲੀ ਨਾਲੋਂ ਨਿਖੇੜ ਦਿੰਦਾ ਹੈ। ਖੁਦ ਸਾਹਿਤਕਾਰ ਦੀ ਗੱਲ ਬਾਤ ਦੀ ਬੋਲੀ ਵੀ ਹੋਰ ਹੁੰਦੀ ਹੈ ਤੇ ਉਸ ਦੇ ਸਾਹਿਤ ਦੀ ਹੋਰ। ਕਾਰਣ ਇਹ ਹੈ ਕਿ ਜਦੋਂ ਲਿਖਤ ਵਿਚ ਆ ਕੇ ਕਿਸੇ ਸ਼ਬਦ ਦਾ ਰੂਪ ਬੱਝ ਜਾਂਦਾ ਹੈ, ਉਸ ਨੂੰ ਬਦਲਿਆ ਨਹੀਂ ਜਾ ਸਕਦਾ ਅਤੇ ਸਾਹਿਤਕਾਰ ਵੀ ਪਰੰਪਰਾ ਤੋਂ ਪ੍ਰਭਾਵਤ ਹੁੰਦਿਆ ਉਸੇ ਰੂਪ ਨੂੰ ਆਪਣੀ ਲਿਖਤ ਵਿਚ ਚਾਲੂ ਰਖਦਾ ਹੈ। ਹੁਣ ਤਾਂ ਪ੍ਰੈੱਸ ਨੇ ਇਸ ਉਤੇ ਬਿਲਕੁਲ ਹੀ ਮੋਹਰ-ਛਾਪ ਲਾ ਛਡੀ ਹੈ।

ਸੋ ਸਾਹਿਤਕ ਭਾਸ਼ਾ ਉਤੇ ਜੋ ਵਡਾ ਦੋਸ਼ ਲਾਇਆ ਜਾਂਦਾ ਹੈ, ਉਹ ਇਹੋ ਹੈ ਕਿ ਇਹ ਬੋਲਚਾਲ ਦੀ ਟਕਸਾਲੀ ਤੋਂ ਹੌਲੀ ਹੌਲੀ ਦੂਰ ਚਲੀ ਜਾਂਦੀ ਹੈ। ਹੁਣ ਦੇ ਲਿਖਾਰੀਆਂ ਦਾ ਜਤਨ ਹੈ ਕਿ ਇਸ ਵਿਥ ਨੂੰ ਵਧਣ ਨ ਦਿਤਾ ਜਾਵੇ ਤਾਂਕਿ ਇਹ ਨਾ ਹੋਵੇ ਕਿ ਸਾਹਿਤਕ ਬੋਲੀ ਕੇਵਲ ਇਕ ਪੜ੍ਹੀ ਲਿਖੀ ਮਹਿਦੂਦ ਸ਼ਰੇਣੀ ਤਕ ਹੀ ਘਿਰ ਕੇ ਰਹਿ ਜਾਵੇ। ਲੋਕ-ਬੋਲੀ ਨਾਲ ਇਸ ਦਾ ਤਆਲੁਕ ਰਹਿਣਾ ਨਿਹਾਇਤ ਜ਼ਰੂਰੀ ਹੈ।

ਆਪਣੇ ਦੇਸ ਦੀ ਹੀ ਮਿਸਾਲ ਲੈ ਲਵੋ, 'ਹਿੰਦੁਸਤਾਨੀ' ਬੋਲ ਚਾਲ ਦੀ ਟਕਸਾਲੀ ਬੋਲੀ ਹੈ। ਇਸੇ ਨੂੰ ਸਾਹਿਤਕਾਰਾਂ ਦੋ ਵਖੋ ਵਖ ਸਾਂਚਿਆਂ ਵਿਚ ਪਾ ਕੇ ਅਜਿਹੀ 'ਹਿੰਦੀ', 'ਉਰਦੂ' ਬਣਾਈ ਹੈ ਜਿਨ੍ਹਾਂ ਦਾ ਕਿ ਹਿੰਦੁਸਤਾਨੀ ਨਾਲ ਮੁਹਾਂਦਰਾ ਹੀ ਨਹੀਂ ਮਿਲਦਾ। ਚੈਸਟਰਟਨ ਦੇ ਸ਼ਬਦਾਂ ਵਿਚ 'ਔਖੀ ਤੇ ਗੁੰਝਲਦਾਰ ਚੀਜ਼ ਆਮ ਤੌਰ ਤੇ ਗ਼ਲਤ ਹੁੰਦੀ ਹੈ।' ਇਸ ਲਈ ਗ਼ਲਤ ਰਕਮਾਂ ਤੋਂ ਸਹੀ ਸਿਟੇ ਕੱਢਣ ਦਾ ਜਤਨ ਬਿਅਰਥ ਹੈ। ਇਹ ਗੱਲ ਇਸ ਲੋਕ-ਜੁਗ ਵਿਚ ਨਾ ਸਹਿਣ ਜੋਗ ਹੈ। ਆਖਰ ਬੋਲੀ ਚਾਹੇ ਉਹ ਸਾਹਿਤਕ ਹੈ, ਚਾਹੇ ਅਸਾਹਿਤਕ, ਹੈ ਤਾਂ ਲੋਕਾਂ ਲਈ। ਜੇ ਲੋਕ ਉਸ ਨੂੰ ਸਮਝ ਹੀ ਨਹੀਂ ਰਹੇ ਜਾਂ ਔਖੇ ਹੋ ਕੇ ਸਮਝਦੇ ਹਨ ਤਾਂ ਉਸ ਦਾ ਕੀ ਲਾਭ ?

ਸਾਹਿਤਕਾਰ ਨੂੰ ਆਪਣੀ ਸਾਹਿਤਕ ਭਾਸ਼ਾ ਵਰਤਦਿਆਂ ਕਦੀ ਇਹ ਨੁਕਤਾ ਅੱਖੋਂ ਉਹਲੇ ਨਹੀਂ ਕਰਨਾ ਚਾਹੀਦਾ। ਸਾਹਿਤਕ ਟਕਸਾਲੀ ਵਿਚ ਫਰਕ ਤਾਂ ਜ਼ਰੂਰ ਥੋੜ੍ਹਾ ਬਾਹਲ਼ਾ ਹੋਣਾ ਹੋਇਆ ਪਰ ਇਸ ਤਰ੍ਹਾਂ ਦਾ ਨਹੀਂ ਕਿ ਮਥਰਾ 'ਤਿੰਨ ਲੋਕਾਂ ਤੋਂ ਨਿਆਰੀ' ਹੀ ਬਣ ਜਾਵੇ।

ਬਹੁਤ ਸਾਰੇ ਲੋਕ ਤਾਂ ਬੋਲ ਚਾਲ ਦੀ ਬੋਲੀ ਨੂੰ ਤੁਛ ਜਾਣਦੇ ਹੋਏ ਇਹ ਸਮਝਦੇ ਹਨ ਕਿ ਇਹ ਲਿਖਤੀ ਜਾਂ ਸਾਹਿਤਕ ਬੋਲੀ ਹੀ ਅਸਲੀ ਚੀਜ਼ ਹੈ, ਹੋਰ ਤਾਂ ਕੁਝ ਹੈ ਨਹੀਂ। ਇਨ੍ਹਾਂ ਲੋਕਾਂ ਦਾ ਇਹ ਖਿਆਲ ਉਸੇ ਤਰ੍ਹਾਂ ਹੀ ਹੈ ਜਿਵੇਂ ਕੋਈ ਅਣਜਾਣ ਬੱਚਾ ਦਰਿਆ ਉਤੇ ਜੰਮੀ ਹੋਈ ਬਰਫ ਦੇਖ ਕੇ ਇਹ ਆਖੇ ਕਿ ਇਹੋ ਬਰਫ ਹੀ ਸਭ ਕੁਝ ਹੈ, ਹੇਠ ਪਾਣੀ ਕੋਈ ਨਹੀਂ। ਦਰਅਸਲ ਪਾਣੀ ਉਸ ਦੇ ਹੇਠ ਵਗ ਰਿਹਾ ਹੁੰਦਾ ਹੈ ਤੇ ਜੰਮੀ ਬਰਫ ਦੀ ਉਤਲੀ ਤਹਿ ਉਸ ਨੂੰ ਲੁਕਾ ਦੇਂਦੀ ਹੈ। ਇੰਨ-ਬਿੰਨ ਇਹੋ ਗੱਲ ਲਿਖਤੀ ਜਾਂ ਸਾਹਿਤਕ ਟਕਸਾਲੀ ਉਤੇ ਢੁਕਦੀ ਹੈ। ਲਿਖਤੀ ਜ਼ਬਾਨ ਉਸ ਜੰਮੀ ਹੋਈ ਬਰਫ ਦੀ ਤਹਿ ਵਾਂਙ ਹੈ ਜਿਸ ਨੇ ਬੋਲ ਚਾਲ ਦੇ ਵਗਦੇ ਦਰਿਆ ਤੋਂ ਹੀ ਆਪਣਾ ਆਪ ਬਣਾਇਆ ਹੁੰਦਾ ਹੈ ਤੇ ਉਸ ਨੂੰ ਲੁਕਾਇਆ ਵੀ ਹੁੰਦਾ ਹੈ। ਪਰ ਲੋਕ-ਜੀਭਾ ਦੀਆਂ ਸੂਰਜੀ ਕਿਰਣਾਂ ਇਜੇਹੇ ਢਾਂਚਿਆਂ ਨੂੰ ਬਹੁਤਾ ਚਿਰ ਟਿਕਣ ਨਹੀਂ ਦੇਂਦੀਆਂ, ਉਹ ਬਰਫ ਦਾ ਪਿਉ

ਪਾਣੀ ਇਨ੍ਹਾਂ ਸਾਰਿਆਂ ਗ਼ੈਰ ਕੁਦਰਤੀ ਹੱਦਾਂ ਬੰਨਿਆਂ ਨੂੰ ਭੰਨ ਕੇ ਮੁੜ ਵਗਦੇ ਦਰਿਆ ਦਾ ਰੂਪ ਧਾਰ ਅਸਲੀ ਸ਼ਕਲ ਵਿਚ ਆ ਜਾਂਦਾ ਹੈ।

ਮਿ: ਵੈਂਦਰੇਜ ਲਿਖਦੇ ਹਨ—

'This is an image of stream of the language. The written tongue is the film of ice upon its waters; the stream which still flows under the ice that imprisons it is the popular and natural language; the cold which produces the ice and would fain restrain the flood, is the stabilizing action exerted by the grammarians and pedagogues and the sunbeam which gives language its liberty is the indomitable force of life triumphing over rules and breaking the fetters of tradition.

[P. 276

ਸੋ ਟਕਸਾਲੀਅਤ ਦੇ ਨਸ਼ੇ ਵਿਚ ਚੂਰ ਹੋ ਕੇ ਮੂਲ ਸੋਮੇ ਨੂੰ ਨਹੀਂ ਵਿਸਾਰਨਾ ਚਾਹੀਦਾ ਉਸ ਨਾਲ ਮੇਲ-ਜੋਲ ਰਖਣ ਤੇ ਤਾਂ ਸਗੋਂ ਵਧੇਰੇ ਤਾਕਤ ਮਿਲਦੀ ਹੈ ਅਤੇ ਲੋਕਾਂ ਨਾਲ ਵ ਸਬੰਧ ਬਣਿਆ ਰਹਿੰਦਾ ਹੈ। ਇਸ ਲਈ ਸਾਹਿਤਕ ਭਾਸ਼ਾ ਜਿੰਨਾ ਆਪਣੇ ਆਪ ਨੂੰ ਲੋਕਾਂ ਤੋ ਨੇੜੇ ਰਖੇ, ਉੱਨਾ ਹੀ ਚੰਗਾ ਹੈ ਤੇ ਇਹੋ ਗੱਲ ਇਸ ਦੇ ਉਮਰ ਦੇ ਵਾਧੇ ਦਾ ਕਾਰਣ ਵੀ ਬ ਸਕਦੀ ਹੈ।

ਯੂਰਪ ਵਿਚ 1924 ਵਿਚ ਇਕ ਕੌਮਾਂਤਰੀ ਭਾਸ਼ਾ ਸਭਾ (International auxiliary language association) ਬਣੀ ਸੀ, ਉਸ ਨੇ ਕੌਮਾਂਤਰੀ ਬੋਲੀ ਲਈ ਮੋਟੇ ਜੇਹੇ ਇਹ ਤਿੰਨ ਨੇਮ ਥਾਪੇ ਸਨ—

1. ਸੌਖੀ ਬੋਲੀ ਤੇ ਸੌਖੀ ਸੁਣੀ ਜਾਵੇ।
2. ਸੌਖੀ ਪੜ੍ਹੀ ਤੇ ਸੌਖੀ ਲਿਖੀ ਜਾਵੇ।
3. ਕੁਦਰਤੀ ਤੇ ਬਨਾਵਟੀ ਰਲੀ ਮਿਲੀ ਹੋਵੇ। ਨ ਨਿਰੀਪੁਰੀ ਸਿਧੀ-ਪੱਧਰੀ ਹੋਵੇ ਤੇ ਹੀ ਕੇਵਲ ਬਣਾਉਟੀ।

ਇਹੋ ਨੇਮ ਸਾਹਿਤਕ ਜ਼ਬਾਨਾਂ ਲਈ ਵੀ ਪੈਰਵੀ ਕਰਨ ਜੋਗ ਹਨ। ਜਿਤਨਾ ਇਨ੍ਹਾਂ ਦ ਨਿਭਾਅ ਹੋਵੇ, ਉਤਨਾ ਹੀ ਲਾਹੇਵੰਦ ਹੈ। ਬੋਲਣ ਜਾਂ ਲਿਖਣ ਵਿਚ ਔਖ ਪੈਦਾ ਕਰਨ ਵਾਲ ਸ਼ਬਦਾਵਲੀ ਤੋਂ ਤਾਂ ਪਰਹੇਜ਼ ਰੱਖਣਾ ਹੀ ਠੀਕ ਹੈ। ਨ ਤਾਂ ਗ਼ੈਰ ਕੁਦਰਤੀ ਮਸਾਲਾ ਲਾ ਕੇ ਇ ਨੂੰ ਨਿਰਾਪੁਰਾ 'ਬਣਾਉਟੀ' ਬਣਾ ਦੇਣਾ ਸ਼ੋਭਾ ਦੇਂਦਾ ਹੈ ਤੇ ਨਾ ਹੀ ਇਸ ਦਾ ਅਣਘੜ ਅਣ ਮਾਂਜਿਆ ਰੂਪ ਕਾਇਮ ਰਖਣਾ ਵਾਜਬ ਹੈ। ਇਸ ਲਈ ਦਰਮਿਆਨਾ ਰਾਹ ਠੀਕ ਹੈ।

ਸਾਹਿਤਕ ਜਾਂ ਟਕਸਾਲੀ ਜ਼ਬਾਨ ਬਾਰੇ ਇਸ ਲੰਮੀ ਬਹਿਸ ਵੀਚਾਰ ਦਾ ਭਾਵ ਇਹ ਕਿ ਇਸ ਸਬੰਧੀ ਜੋ ਵਰਤਮਾਨ ਨਜ਼ਰੀਆ ਹੈ, ਉਹ ਵਧੇਰੇ ਸਪਸ਼ਟ ਹੋ ਜਾਵੇ। ਪੁਰਾਣਾ ਖਿਆ ਸੀ ਕਿ ਸਾਹਿਤਕ ਭਾਸ਼ਾ ਪੰਡਤਾਈ-ਭਰੀ ਤੇ ਬਿਲਕੁਲ ਹੀ ਨਵਾਬੀ ਤੌਰ ਤਰੀਕੇ ਵਾਲੀ ਹੋਵੇ ,ਜਿਸ ਦਾ ਰੋਅਬ ਪਵੇ। ਹੁਣ ਦਾ ਸੋਚਿਆ ਸਮਝਿਆ ਮਤ ਹੈ ਕਿ ਭਾਵੇਂ ਇਹ ਕਿਤਨੀ ਹੀ ਮਾਂ ਸੁਆਰੀ ਤੇ ਸੋਹਣੀ ਬਣਾਈ ਹੋਵੇ ਪਰ ਸਰਲ ਸਪਸ਼ਟ ਜ਼ਰੂਰ ਹੋਵੇ; ਤਾਂਕਿ ਜਿਨ੍ਹਾਂ ਲਈ ਇ

ਉਚਾਰੀ ਜਾ ਰਹੀ ਹੈ, ਉਹ ਇਸ ਤੋਂ ਪੂਰਾ ਪੂਰਾ ਲਾਭ ਉਠਾ ਸਕਣ । ਇਹ ਇਕ ਬੁਨਿਆਦੀ ਮੂਲ ਮੰਤ੍ਰ ਹੈ, ਜਿਸ ਦਾ ਲਿਖਾਰੀ ਨੂੰ ਲੜ ਨਹੀਂ ਛਡਣਾ ਚਾਹੀਦਾ ।

ਹੁਣ ਅਸੀਂ ਪੰਜਾਬੀ ਦੇ ਟਕਸਾਲੀਪਣ ਵਲ ਆਉਂਦੇ ਹਾਂ ।

ਇਹ ਗੱਲ ਜੇਹਾ ਕਿ ਪਿਛੇ ਵੀ ਕਹੀ ਜਾ ਚੁਕੀ ਹੈ, ਆਮ ਤੌਰ ਤੇ ਭੂਗੋਲਕ ਇਕਾਈ ਉਪਬੋਲੀਆਂ ਦੀ, ਅਤੇ ਰਾਜਨੀਤਕ ਇਕਾਈ ਟਕਸਾਲੀ ਬੋਲੀ ਦੀ ਰੂਪ ਰੇਖਾ ਉਲੀਕਣ ਵਿਚ ਸਭ ਤੋਂ ਵਧ ਹਿਸਾ ਪਾਉਂਦੀ ਹੈ । ਜੋ ਅਸਥਾਨ ਰਾਜਨੀਤਕ ਸਰਗਰਮੀਆਂ ਦਾ ਕੇਂਦਰ ਬਣ ਜਾਵੇ, ਉਥੋਂ ਦੀ ਉਪਬੋਲੀ ਹੀ ਨਿਖਰ ਕੇ ਟਕਸਾਲੀ ਸੂਰਤ ਧਾਰਨ ਕਰ ਲੈਂਦੀ ਹੈ । ਜਿਵੇਂ ਉਥੋਂ ਦੀ ਟਕਸਾਲ ਦਾ ਸਿੱਕਾ ਚਲਦਾ ਹੈ, ਤਿਵੇਂ ਉਸ ਥਾਂ ਦੀ ਪ੍ਰਮਾਣੀਕ ਬੋਲੀ ਦਾ ਸਿਕਾ ਚਲਦਾ ਹੈ । ਮੌਜੂਦਾ ਅੰਗਰੇਜ਼ੀ, ਫ੍ਰਾਂਸੀਸੀ ਯਾ ਰੂਸੀ, ਚੀਨੀ, ਲੰਡਨ, ਪੈਰਸ, ਮਾਸਕੋ ਤੇ ਪੀਕਿੰਗ ਦੀਆਂ ਹੀ ਉਪਬੋਲੀਆਂ ਹਨ ਜਿਨ੍ਹਾਂ ਰਾਜਨੀਤਕ ਬਲ ਦੇ ਆਸਰੇ ਦੂਰ ਦੂਰ ਆਪਣਾ ਪ੍ਰਭਾਵ ਜੰਮਾਇਆ । ਕਿਸੇ ਵੇਲੇ ਮੁਲਤਾਨ ਪੰਜਾਬ ਦਾ ਰਾਜਨੀਤਕ ਗੜ੍ਹ ਸੀ, ਇਸ ਲਈ ਪਹਿਲਾ ਪਹਿਲਾਂ ਮੁਲਤਾਨੀ ਜਾਂ ਲਹਿੰਦੀ ਨੂੰ ਬਾਕੀ ਉਪਬੋਲੀਆਂ ਨਾਲੋ ਵਧੇਰੇ ਮਾਣ ਮਿਲਿਆ । ਫਿਰ ਰਾਜਨੀਤਕ ਸਰਗਰਮੀਆਂ ਦਾ ਕੇਂਦਰ ਮੱਧ ਪੰਜਾਬ ਵਿਚ ਲਾਹੌਰ ਹੋ ਗਿਆ, ਇਸ ਲਈ ਮਾਝੀ ਨੂੰ ਪ੍ਰਧਾਨਤਾ ਮਿਲਣ ਲੱਗੀ । ਇਸੇ ਕਰ ਕੇ ਅਮੀਰ ਖ਼ਸਰੋ ਨੇ ਪੰਜਾਬੀ ਨੂੰ 'ਲਾਹੌਰੀ' ਨਾਂ ਨਾਲ ਯਾਦ ਕੀਤਾ ਹੈ । ਲਾਹੌਰ 11ਵੀਂ ਸਦੀ ਤੋਂ ਹੀ ਪੰਜਾਬ ਦਾ ਕੇਂਦਰ ਜਾਂ ਦੂਜੇ ਸ਼ਬਦਾ ਵਿਚ ਰਾਜਧਾਨੀ ਦਾ ਸ਼ਹਿਰ ਚਲਿਆ ਆ ਰਿਹਾ ਹੈ । ਇਸੇ ਰਾਜਨੀਤਕ ਮਹੱਤਤਾ ਨੇ ਇਸ ਦੇ ਆਲੇ ਦੁਆਲੇ ਦੀ ਬੋਲੀ ਨੂੰ ਮਾਂਜ ਸੁਆਰ ਕੇ ਟਕਸਾਲੀ ਹੋਣ ਦਾ ਮਾਣ ਦਿਤਾ । ਬਹੁਤ ਸਾਰੇ ਲੋਕ ਸਾਹਿਤਕ ਮਹੱਤਤਾ ਨੂੰ ਪਹਿਲ ਦੇਂਦੇ ਹਨ । ਦਰਅਸਲ ਸਾਹਿਤਕਾਰ ਤਾਂ ਸਰਬ ਪਰਵਾਨ ਬੋਲੀ ਨੂੰ ਹੀ ਆਪਣੇ ਵਿਚਾਰਾਂ ਲਈ ਚੁਣਦਾ ਹੈ ਪਰ ਇਹ ਪਰਵਾਨਗੀ ਦੀ ਮੋਹਰ ਰਾਜਨੀਤਕ ਸੱਤਾ ਲਾਉਂਦੀ ਹੈ । ਇਹ ਠੀਕ ਹੈ ਕਿ ਟਕਸਾਲੀ ਬੋਲੀ ਬਣਾਉਣ ਵਿਚ ਸਾਹਿਤਕਾਰ ਦਾ ਸਭ ਤੋਂ ਵਧ ਹੱਥ ਹੁੰਦਾ ਹੈ ਪਰ ਇਸ ਮੰਦਰ ਦੀ ਇੱਟ ਰਾਜਸੀ ਬਲ ਹੱਥੋਂ ਰੱਖੀ ਜਾਂਦੀ ਹੈ । ਜੇਕਰ ਰਾਜਸੀ ਬਲ ਚਾਹੇ ਤਾਂ ਲੰਡਨ ਜੇਹੇ ਨਿਕੇ ਜੇਹੇ ਘੇਰੇ ਦੀ ਉਪਬੋਲੀ ਦਾ ਸਮੁੰਦਰ ਪਾਰ ਦੇ ਦੇਸਾਂ ਵਿਚ ਵੀ ਡੰਕਾ ਵਜ ਜਾਂਦਾ ਹੈ ।

ਪੰਜਾਬੀ ਨੂੰ ਇਹ ਸ਼ਾਹੀ ਮੱਦਦ ਨਹੀਂ ਮਿਲੀ ਇਹ ਤਾਂ ਆਪਣੇ ਫਰੀਦ, ਬਾਬਾ ਨਾਨਕ, ਗੁਰਦਾਸ ਤੇ ਵਾਰਸ ਦੇ ਆਸਰੇ ਹੀ ਵਧਦੀ ਫੁਲਦੀ ਰਹੀ ਹੈ । ਰਾਜਨੀਤਕ ਸੱਤਾ ਹਥੋਂ ਟਕਸਾਲੀ ਬੋਲੀ ਦੀ ਨੀਂਹ ਰਖੇ ਜਾਣ ਦੀ ਇਕ ਹੋਰ ਮਿਸਾਲ ਵੀ ਹੈ, ਅੰਗਰੇਜ਼ਾਂ ਪਹਿਲੇ ਪਹਿਲ ਲੁਧਿਆਣੇ ਡੇਰਾ ਜੰਮਾਇਆ ਅਤੇ ਲੁਧਿਆਣਵੀ ਦੇ ਵਿਆਕਰਣ ਤੇ ਕੋਸ਼ ਲਿਖ ਕੇ ਇਸ ਨੂੰ ਉਚਿਆਉਣਾ ਸ਼ੁਰੂ ਕੀਤਾ । ਜੇ ਕਰ ਬਾਦ ਵਿਚ ਵੀ ਲੁਧਿਆਣਾ ਹੀ ਰਾਜਧਾਨੀ ਬਣ ਜਾਂਦਾ ਤਾਂ ਇਥੋਂ ਦੀ ਬੋਲੀ ਦਾ ਹੀ ਟਕਸਾਲੀ ਬਣ ਜਾਣਾ ਲਾਜ਼ਮੀ ਸੀ ਪਰ ਲਾਹੌਰ ਹੀ ਸੈਂਟਰ ਰਹਿਣ ਕਰ ਕੇ ਮਾਝੀ ਦੀ ਮਹੱਤਤਾ ਜਾਰੀ ਰਹੀ, ਗ੍ਰੀਅਰਸਨ ਇਸੇ ਲਈ ਮਾਝੀ ਤੇ ਲੁਧਿਆਣਵੀ—ਪੰਜਾਬੀ ਦੇ ਦੋ ਟਕਸਾਲੀ ਰੂਪ ਮੰਨਦਾ ਹੋਇਆ ਵੀ ਮਾਝੀ ਦਾ ਵਧੇਰੇ ਸ਼ੁਧ ਰੂਪ ਮੰਨਦਾ ਹੈ—

'Majhi Punjabi is by universal consent the purest form of the Language.

ਸੋ ਮਾਝੀ ਦਾ ਜਾਂ ਕੇਂਦਰ ਦਾ ਸ਼ੁਧ ਸਰੂਪ ਹੀ ਟਕਸਾਲੀ ਪੰਜਾਬੀ ਹੈ, ਜੋ ਕਿ ਸਾਡੇ ਪੰਜਾਬੀਆਂ ਦੀ ਆਮ ਬੋਲ ਚਾਲ ਵਿਚ ਵੀ ਝਲਕਾਰੇ ਦੇਂਦਾ ਹੈ । ਲਹਿੰਦੇ ਦੇ ਕਵੀਆਂ - ਬਾਬਾ

ਫਰੀਦ, ਅਲੀ ਹੈਦਰ, ਸਮਰਥ ਤੇ ਬਣਦੇ ਪੋਠੋਹਾਰੀ ਆਦਿ ਨੇ ਇਸੇ ਸਾਂਝੀ ਬੋਲੀ ਨੂੰ ਕਵਿ
ਲਈ ਚੁਣਿਆ, ਭਾਵੇਂ ਉਨ੍ਹਾਂ ਵਿਚ ਸਥਾਨਕ ਰੰਗਣ ਮੌਜੂਦ ਹੈ। ਭਾ: ਗੁਰਦਾਸ, ਸ਼ਾਹ ਹੁਸੈਨ
ਬੁਲ੍ਹੇ ਸ਼ਾਹ, ਵਾਰਸ ਤੇ ਹਾਸ਼ਮ ਦੀ ਤਾਂ ਗੱਲ ਹੀ ਕੀ ਆਖਣੀ ਹੈ ਇਹ ਤਾਂ ਲਾਹੌਰ, ਅੰਮ੍ਰਿਤਸ
ਦੇ ਲਾਗੇ ਚਾਗੇ ਦੇ ਹੀ ਸਨ। ਪ੍ਰਿੰਸੀਪਲ ਤੇਜਾ ਸਿੰਘ ਜੀ ਦੇ ਸ਼ਬਦਾਂ ਵਿਚ ਇਹੋ ਪਿਰਤ ਅ
ਕਲ ਦੇ ਲਿਖਾਰੀਆਂ ਦੀ ਹੈ, ਬਾਵਜੂਦ ਇਲਾਕਿਆਂ ਦੀ ਭਿੰਨਤਾ ਦੇ ਸਮੂਹ ਪੰਜਾਬੀ ਲੇਖ
ਇਸੇ ਕੇਂਦਰੀ ਪੰਜਾਬੀ ਨੂੰ ਟਕਸਾਲੀ ਮੰਨ ਕੇ ਅਪਣਾ ਰਹੇ ਹਨ।

ਸੋ ਪੰਜਾਬੀ ਜਿਥੇ ਉਮਰ ਦੀ ਪਕੇਰੀ ਬੋਲੀ ਹੈ, ਓਥੇ ਇਸ ਦਾ ਟਕਸਾਲੀ ਰੂਪ ਵ
ਚਿਰੋਕਾ ਬਣਿਆ ਚਲਿਆ ਆ ਰਿਹਾ ਹੈ। ਤੇਰ੍ਹਵੀਂ ਸਦੀ ਦੇ ਬਾਬਾ ਫਰੀਦ ਦੀ ਰਚਨਾ ਪੜ੍ਹ
ਇਹ ਵਿਸ਼ਵਾਸ ਪੱਕਾ ਹੋ ਜਾਂਦਾ ਹੈ। ਚੂੰਕਿ ਹਿੰਦ ਵਿਚ ਵਾਰਤਕ ਸਾਹਿਤ ਦਾ ਰਿਵਾਜ ਬਹੁ
ਘਟ ਸੀ, ਇਸ ਲਈ ਇਸ ਪਾਸੇ ਦਾ ਇੰਨਾ ਪੁਰਾਣਾ ਸਾਹਿਤ ਨਹੀਂ ਮਿਲਦਾ ਪਰ ਪੰਜਾ
ਫਿਰ ਵੀ ਕਾਫੀ ਗੱਦ ਸਮੱਗਰੀ ਰਖਦੀ ਹੈ। ਸਚ ਪੁਛੋ ਤਾਂ ਨਵੀਂ ਵਾਰਤਕ ਸ਼ੈਲੀ ਨਵੇਂ ਜ਼ਮਾ
ਦੀ ਹੀ ਦੇਣ ਹੈ ਤੇ ਪੰਜਾਬੀ ਨੇ ਇਸ ਨਵੀਂ ਟਕਸਾਲ ਵਿਚ ਢਲ ਕੇ ਥੋੜੇ ਸਮੇਂ ਵਿਚ ਹੀ ਬਹੁ
ਹੈਰਾਨੀ ਕਰਨ ਵਾਲੀ ਤਰੱਕੀ ਕੀਤੀ ਹੈ। ਇਹ ਤਾਂ ਪ੍ਰਾਚੀਨ ਪੰਜਾਬੀ ਸਾਹਿਤ ਤੋਂ ਵੀ ਜ਼ਾਹ
ਹੈ ਕਿ ਪੰਜਾਬੀ ਮੁਹਾਵਰੇ ਦੀ ਬੱਝਵੀਂ ਠੁੱਕ ਬਹੁਤ ਪੁਰਾਣੀ ਹੈ ਤੇ ਠੇਠ ਮੁਹਾਵਰਾ ਹੀ ਟਕਸਾ
ਦੀ ਬੁਨਿਆਦ ਹੁੰਦਾ ਹੈ। ਮੁਹਾਵਰੇਦਾਰ ਬੋਲੀ ਜਿਥੇ ਸੌਖੀ ਹੁੰਦੀ ਹੈ, ਉਥੇ ਸੋਹਣੇ ਰੂਪ ਵਾ
ਵੀ ਹੁੰਦੀ ਹੈ ਇਸੇ ਕਰ ਕੇ ਉਹ ਸਰਬ-ਪਰਵਾਨ ਹੁੰਦੀ ਤੇ ਟਕਸਾਲੀ ਬਣਦੀ ਹੈ। ਪੰਜਾਬੀ
ਹੈ ਹੀ ਮੁਹਾਵਰਿਆਂ ਦੀ ਰਾਣੀ।

ਪਹਿਲੇ ਪਹਿਲ ਪੰਜਾਬੀ ਦਾ ਟਕਸਾਲੀ ਰੂਪ ਤਿਆਰ ਕਰਨ ਵਿਚ ਚੂੰਕਿ ਸਾਰੂ ਪੰਜਾਬੀ
ਤੋਂ ਇਲਾਵਾ, ਵਧੇਰੇ ਹਿਸਾ ਸੂਫੀ, ਸੰਤ ਸਾਹਿਤਕਾਰਾਂ ਦਾ ਰਿਹਾ ਹੈ, ਇਸ ਲਈ ਫਕੀਰੀ ਨੇ
ਨੇ ਵੀ ਇਸ ਨੂੰ ਇਕ ਅਨੋਖੀ ਜੇਹੀ ਬਰਕਤ ਦਿਤੀ ਹੈ। ਇਹ ਅਮੀਰ ਹੈ ਪਰ ਗੰਭੀਰ, ਸ਼ਿ
ਸੁੰਦਰ ਹੈ ਪਰ ਸਾਧੂ-ਸੁਭਾ ਵਾਂਙ ਸਾਦਾ। ਇਹ ਹਿੰਦੀ ਵਾਂਙ ਨ ਪੰਡਤਾਈ ਛਾਂਟਦੀ ਹੈ ਤੇ
ਉਰਦੂ ਵਾਂਙ ਫੈਸ਼ਨ ਪ੍ਰਸਤੀ ਕਰਦੀ ਹੈ। ਇਸ ਦਾ ਫਕੀਰੀ ਬਾਣਾ ਇਸ ਦੀ ਅੰਦਰਲੇ ਗੌਂ
ਦਾ ਸੂਚਕ ਹੈ। ਵਰਤਮਾਨ ਵਿਗਿਆਨਕ ਸਿਟੇ ਵੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ
ਸਰਲ ਤੇ ਠੇਠ ਹੋਣਾ ਕਿਸੇ ਬੋਲੀ ਦਾ ਜ਼ਰੂਰੀ ਤੇ ਮਹਾਨ ਗੁਣ ਹੈ, ਪੰਜਾਬੀ ਇਸ ਕਸਵੱਟੀ
ਪੂਰੀ ਉਤਰਦੀ ਹੈ। ਲੋਕ-ਬੋਲੀ ਜੋ ਹੋਈ।

ਪ੍ਰਿੰਸੀਪਲ ਤੇਜਾ ਸਿੰਘ ਠੀਕ ਕਹਿੰਦੇ ਹਨ, 'ਹਰ ਬੋਲੀ ਦੀ ਅਪਣੀ ਆਤਮਾ ਹੁੰਦੀ
ਆਪੋ ਆਪਣੀ ਤਬੀਅਤ ਹੁੰਦੀ ਹੈ। ਇਸ ਆਤਮਾ ਦੇ ਅਨੁਕੂਲ ਉਸ ਦੇ ਦੁਆਲੇ ਉਸ ਦਾ ਆਪ
ਸਰੀਰ ਉਸਰਦਾ ਹੈ। ਉਹ ਆਤਮਾ ਤੇ ਤਬੀਅਤ ਉਸ ਕੌਮ ਦੇ ਆਚਰਣ ਦੇ ਅਨੁਕੂਲ ਹੁੰਦੀ
ਪੰਜਾਬੀ ਬੋਲੀ ਨੂੰ ਰਾਜ ਦਰਬਾਰ ਦਾ ਮਾਣ ਨਹੀਂ ਮਿਲਿਆ। ਇਹ ਆਮ ਲੋਕਾਂ ਦੇ ਵਿਹੜੇ
ਵਿਚ, ਪੈਲੀਆਂ ਤੇ ਖੇਤਾਂ ਵਿਚ, ਪਹਾੜਾਂ ਤੇ ਮਦਾਨਾਂ ਵਿਚ ਖੇਡੀ ਤੇ ਪਲੀ। ਇਸ ਲਈ ਇਸ
ਦਰਬਾਰੀ ਲੋਕਾਂ ਦੀ ਅੜਕ ਮੜਕ ਨਹੀਂ ਸਿਖੀ। ਇਹ ਆਮ ਪੰਜਾਬੀ ਲੋਕਾਂ ਵਾਙੂ ਸਾਦ-ਮੁਰ
ਹੀ ਰਹੀ। ਇਸ ਵਿਚ ਨ ਪੰਡਤਾਂ ਵਾਲੀ ਪੰਡਤਾਈ ਤੇ ਨ ਸ਼ੁਕੀਨ ਬੇਮੁਹਾਰੇ ਲੋਕਾਂ ਵਾਲੇ ਰ
ਭਾਵ ਆਏ।'‡

‡ਪੰਜਾਬੀ ਦੁਨੀਆ ਮਾਸਕ ਪੱਤ੍ਰ (ਮਈ-ਜੂਨ 1952)

ਇਹ ਹੈ ਪੰਜਾਬੀ ਬੋਲੀ ਦਾ ਮੁਢਲਾ ਸੁਭਾ ਤੇ ਆਚਰਣ, ਇਸੇ ਆਸਰੇ ਹੀ ਇਸ ਦਾ ਟਕਸਾਲੀ ਰੂਪ ਵਿਕਸਿਆ ਹੈ । ਇਸ ਪੁਰਾਣੇ ਪੱਕੇ ਆਚਰਣ ਕਾਰਣ ਬੋਲਚਾਲ ਦੀ ਟਕਸਾਲੀ ਤੇ ਲਿਖਤੀ ਜਾਂ ਸਾਹਿਤਕ ਟਕਸਾਲੀ ਪੰਜਾਬੀ ਵਿਚ ਉਸ ਤਰ੍ਹਾਂ ਦੀਆਂ ਵਿਥਾਂ ਨਹੀਂ ਪਈਆਂ, ਜਿਸ ਤਰ੍ਹਾਂ ਦੀਆਂ ਹਿੰਦੀ (ਜਾਂ ਉਰਦੂ) ਤੇ ਹਿੰਦੁਸਤਾਨੀ ਵਿਚ ਪੈ ਗਈਆਂ ਹਨ ।

ਭਾਵੇਂ ਤੇਜ਼ੀ ਨਾਲ ਹੋ ਰਹੀ ਪੰਜਾਬੀ ਸਾਹਿਤ ਦੀ ਉਨਤੀ ਵਿਚ ਕਈ ਥਾਂ ਅਜੇਹੀ ਝਾਕੀ ਵੀ ਨਜ਼ਰ ਆਉਂਦੀ ਹੈ ਪਰ ਉਸ ਦਾ ਲੰਮਾ ਪ੍ਰਭਾਵ ਨਹੀਂ । ਇਸ ਗੁਣ ਨੂੰ ਕਾਇਮ ਰੱਖਣਾ ਪੰਜਾਬੀ ਦੇ ਮੂਲ ਘਰੋਗੀ ਆਚਰਣ ਨੂੰ ਸੰਭਾਲਣਾ ਹੈ । ਇਸ ਲਈ ਪੰਜਾਬੀ ਸਾਹਿਤਕਾਰਾਂ ਨੂੰ ਅਪਣਾ ਹੁਨਰ ਤੇ ਅਪਣੀਆਂ ਕਿਰਤਾਂ ਪੰਜਾਬੀ ਰਵਾਇਤਾਂ, ਪੰਜਾਬੀ ਲੋਕ-ਗੀਤਾਂ, ਪੰਜਾਬੀ ਮੁਹਾਵਰਿਆਂ, ਪੰਜਾਬੀ ਇਤਿਹਾਸ ਦੀਆਂ ਰੋਮਾਂਚਕ ਤੇ ਬੀਰ-ਕਥਾਵਾਂ ਵਿਚ ਗੱਲ ਕੀ ਨਿਰੀ ਸ਼ੁਧ ਪੰਜਾਬੀਅਤ ਵਿਚ ਰੰਗੀਜ ਕੇ ਪੇਸ਼ ਕਰਦੇ ਰਹਿਣਾ ਚਾਹੀਦਾ ਹੈ ਤਾਕਿ ਸੰਸਕ੍ਰਿਤ ਜਾਂ ਫਾਰਸੀ ਆਦਿ ਦੇ ਅਯੋਗ ਪ੍ਰਭਾਵ ਦਾ ਦਾਗ਼ ਨ ਲੱਗੇ ।

ਇਸੇ ਤਰ੍ਹਾਂ ਸ਼ਬਦ-ਜੋੜਾਂ ਦੀ ਇਕਸਾਰਤਾ ਵੀ ਇਕ ਨਿਹਾਇਤ ਜ਼ਰੂਰੀ ਚੀਜ਼ ਹੈ । ਜੇ ਕਿਸੇ ਸ਼ਬਦ ਨੂੰ ਟਕਸਾਲੀ ਭਾਸ਼ਾ ਵਿਚ ਅੰਗੀਕਾਰ ਕਿਆ ਜਾਵੇ ਪਰ ਉਸ ਦੇ ਲਿਖਤੀ ਰੂਪ ਦਾ ਕੋਈ ਪੱਕਾ ਧੁਰਾ ਨਾ ਬੱਝੇ ਤਾਂ ਇਹ ਇਕ ਨੁਕਸ ਵਾਲੀ ਗੱਲ ਹੈ । ਇਸ ਲਈ ਬੋਲੀ ਦੇ ਅੰਦਰਲੇ ਬਾਹਰਲੇ ਦੋਵੇਂ ਰੂਪਾਂ ਨੂੰ ਪ੍ਰਮਾਣੀਕ ਇਕਸਾਰਤਾ ਵਿਚ ਢਾਲਣਾ ਹੀ ਟਕਸਾਲੀ ਨੂੰ ਪੂਰਨ ਬਣਾਉਂਦਾ ਹੈ ।

ਨਮੂਨਾ—

ਪ੍ਰਾਚੀਨ ਪੰਜਾਬੀ—

ਕਵਿਤਾ—'ਜੋਬਨ ਜਾਂਦੇ ਨ ਡਰਾ, ਜੇ ਸਹੁ ਪ੍ਰੀਤਿ ਨਾ ਜਾਇ
ਕਿਤੀ ਜੋਬਨ ਪ੍ਰੀਤਿ ਬਿਨੁ, ਸੁਕਿ ਗਏ ਕੁਮਲਾਇ ।

[ਬਾਬਾ ਫਰੀਦ

ਵਾਰਤਕ—'ਗੁਰੂ ਜੀ ਕਾ ਆਖਣਾ ਹੈ, ਅੰਨੁ ਬਹੁਤ ਭੁਖੈ ਲਗੀ ਜੇਵਣਾ । ਭਰੇ ਉਤੈ ਨਾ ਹੀ ਭਰਣਾ । ਅੰਨੁ ਨਹੀਂ ਛਡਣਾ । ਸਵਣਾ ਤਾਂ ਜਾਂ ਬਹੁਤੀ ਨੀ ਦਿ ਆਵੈ । ਨੀਂਦਿ ਬਿਗੋਰਿ ਸਵਣਾ ਨਹੀਂ । ਗਾਫਲ ਹੋਇਕੈ ਦੇਹੀ ਨੋ ਦੁਖ ਨਾਹੀ ਦੇਵਣਾ । ਬੋਲਣਾ ਬਹੁਤੁ ਨਾ ਹੀ । ਅਕੈ ਬਾਣੀ ਅਕੈ ਗੁਰੂ ਜੀ ਦੀ ਗੱਲ ਬੋਲਣਾ । ਅਕਾਰਥ ਬੋਲਣਾ ਨਾ ਹੀ । ਇਨ੍ਹਾਂ ਗੱਲਾਂ ਨੋ ਮੰਨੈ ਨਾਲ ਰਖੈਗਾ, ਮਹਾਂਪੁਰਖੁ ਹੋਵੈਗਾ । ਉਸ ਕਾ ਲੇਖਾ ਸਗਲਾ ਨਿਬੜੈਗਾ । ਉਸ ਕੈ ਸੰਗਿ ਸਗਲੇ ਤਰਹਿੰਗੇ । ਗੁਰੂ ਕਾ ਆਖਣਾ ਸਤਿ ਕਰ ਮੰਨਣਾ । ਗੁਰੂ ਕਾ ਆਖਣਾ ਹੈ ਜੋ ਕੋਈ ਗੁਰੂ ਨਾਲਹੁ ਭੁਲ ਜਾਂਦਾ ਹੋਵੈ ਤਾਂ ਸਮਝਾਵਣਾ । ਆਪਣੀ ਧਿਰਹੁ ਆਖਣਾ ਹੈ । ਜੋ ਸਿਖਹੁ ! ਉਦਾਸੀ ਕਰੈਗਾ ਤਿਸ ਕਾ ਬੁਰਾ ਹੋਵੈਗਾ । ਜੋ ਸਿਖਹੁ ! ਗ੍ਰਿਸਤੈ ਵਿਚਿ ਅਰਾਧੈਗਾ ਤਿਸੁ ਪਰਮੇਸਰੁ ਗੁਰੂ ਸੁਖੀ ਰਖੈਗਾ । ਧਰਮ ਦੀ ਕਿਰਤ ਕਰਨੀ । ਦੇਵਨਹਾਰੁ ਗੁਰੂ ਬਾਬਾ ਹੈ । ਸਿਖਾਂ ਕੀ ਸੇਵਾ ਕਰਨੀ । ਆਪ ਨੋ ਕਿਛੁ ਨਹੀਂ ਜਣਾਣਾ । ਅਲਿਪਤ ਹੀ ਰਹਿਣਾ । ਦੋਵੈ ਸਿਰੇ ਗੁਰੂ ਨੋ ਸਉਂਪਣੇ ।'

[ਬੀੜ ਭਾਈ ਪੈਂਦਾ ਵਾਲੀ ਵਿਚੋਂ, ਗੁਰੂ ਅਮਰਦਾਸ ਜੀ ਦਾ ਸਿਖਾਂ ਨੂੰ ਉਪਦੇਸ਼]

ਨਵੀਂ ਪੰਜਾਬੀ–

ਕਵਿਤਾ—'ਸੀਨੇ ਖਿਚ ਜਿਨ੍ਹਾਂ ਨੇ ਖਾਧੀ, ਉਹ ਕਰ ਅਰਾਮ ਨਹੀਂ ਬਹਿੰਦੇ
ਨਿਹੁੰ ਵਾਲੇ ਨੈਣਾਂ ਕੀ ਨੀਂਦਰ, ਉਹ ਦਿਨੇ ਰਾਤ ਪਏ ਵਹਿੰਦੇ
ਇਕੋ ਲਗਨ ਲਗੀ ਪਈ ਜਾਂਦੀ, ਹੈ ਟੰਰ ਅਨੰਤ ਉਨ੍ਹਾਂ ਦੀ
ਵਸਲੋਂ ਓਰੇ ਮਕਾਮ ਨ ਕੋਈ, ਸੋ ਚਾਲ ਪਏ ਨਿਤ ਰਹਿੰਦੇ।'

[ਭਾ: ਵੀਰ ਸਿੰਘ

ਵਾਰਤਕ—'ਘਰ ਇੱਟਾਂ ਜਾਂ ਵੱਟਿਆਂ ਦੇ ਬਣੇ ਕੋਠੇ ਨੂੰ ਨਹੀਂ ਕਹਿੰਦੇ। ਘਰ ਤੋਂ ਭਾਵ ਉਹ ਥਾਂ ਹੈ, ਜਿਥੇ ਮਨੁਖ ਦਾ ਪਿਆਰ ਤੇ ਸੱਧਰਾਂ ਪਲਦੀਆਂ ਹਨ, ਜਿਥੇ ਬਾਲਪਨ ਵਿਚ ਮਾਂ ਭੈਣ ਤੇ ਭਰਾ ਕੋਲੋਂ ਲਾਡ ਲਿਆ ਹੁੰਦਾ ਹੈ, ਜਿਥੇ ਜਵਾਨੀ ਵਿਚ ਸਾਰੇ ਜਹਾਨ ਨੂੰ ਗਾਹ ਕੇ ਲਿਤਾੜ ਕੇ, ਖੱਟੀ ਕਮਾਈ ਕਰ ਕੇ ਮੁੜ ਆਉਣ ਨੂੰ ਜੀ ਕਰਦਾ ਹੈ, ਜਿਥੇ ਬੁਢੇਪੇ ਵਿਚ ਬਹਿ ਕੇ ਮਾਰੇ ਜੀਵਨ ਦੇ ਝਮੇਲਿਆਂ ਤੋਂ ਮਿਲੀ ਵਿਹਲ ਨੂੰ ਅਰਾਮ ਨਾਲ ਕੱਟਣ ਵਿਚ ਇਉਂ ਸੁਆਦ ਆਉਂਦਾ ਹੈ ਜਿਵੇਂ ਬਚਪਨ ਵਿਚ ਮਾਂ ਦੀ ਝੋਲੀ ਵਿਚ ਆਉਂਦਾ ਸੀ। ਘਰ ਮਨੁਖ ਦੇ ਨਿਜੀ ਵਲਵਲਿਆਂ ਤੇ ਸ਼ਖਸੀ ਰਹਿਣੀ ਦਾ ਕੇਂਦਰ ਹੁੰਦਾ ਹੈ। ਉਸ ਦੇ ਆਚਰਣ ਬਣਾਉਣ ਵਿਚ ਜਿਥੇ ਸਮਾਜਕ ਤੇ ਮੁਲਕੀ ਆਲੇ-ਦੁਆਲੇ ਦਾ ਅਸਰ ਕੰਮ ਕਰਦਾ ਹੈ, ਉਥੇ ਘਰ ਦੀ ਚਾਰ-ਦਿਵਾਰੀ ਅਤੇ ਇਸ ਦੇ ਅੰਦਰ ਦੇ ਹਾਲਾਤ ਦਾ ਅਸਰ ਵੀ ਘੱਟ ਕੰਮ ਨਹੀਂ ਕਰਦਾ। ਸਗੋਂ ਮਨੁਖ ਦਾ ਆਚਰਣ ਬਣਦਾ ਹੀ ਘਰ ਵਿਚ ਹੈ। ਇਹੋ ਉਸ ਦੀਆਂ ਰੁਚੀਆਂ ਅਤੇ ਸੁਭਾਉ ਦਾ ਸਾਂਚਾ ਹੈ। ਕਈ ਵਾਰੀ ਜਦ ਮੈਂ ਕਿਸੇ ਸੱਜਣ ਨੂੰ ਕੋਝੇ, ਸੜੀਅਲ ਜਾਂ ਖਿਝੂ ਸੁਭਾ ਵਾਲਾ ਦੇਖਦਾ ਹਾਂ ਤਾਂ ਮੈਂ ਦਿਲ ਵਿਚ ਕਹਿੰਦਾ ਹਾਂ, ਇਸ ਵਿਚਾਰੇ ਨੂੰ ਘਰ ਦਾ ਪਿਆਰ ਨਹੀਂ ਮਿਲਿਆ ਹੋਣਾ।'

[ਪ੍ਰਿ: ਤੇਜਾ ਸਿੰਘ
(ਨਵੀਆਂ ਸੋਚਾਂ ਵਿਚੋਂ)

ਪੰਜਾਬੀ ਦੀ ਵਿਸ਼ੇਸ਼ਤਾ

ਪੰਜਾਬੀ ਦੀ ਆਜ਼ਾਦ ਹਸਤੀ ਕਿਸੇ ਪਰਮਾਣ ਦੀ ਮੁਥਾਜ ਨਹੀਂ ਕਿਉਂਕਿ ਇਹ ਇਕ ਜੀਉਂਦੀ ਜਾਗਦੀ ਬੋਲੀ ਹੈ। ਅਤੇ ਕਰੋੜਾਂ ਪੰਜਾਬੀਆਂ ਦੀ ਜ਼ਿੰਦਗੀ ਦਾ ਆਧਾਰ ਹੈ ਇਸ ਦਾ ਲੋਕ-ਸਾਹਿਤ ਅਤੇ ਹੋਰ ਪੁਰਾਣਾ ਨਵਾਂ ਸਾਹਿਤ ਇਸ ਦੇ ਗੌਰਵ ਦੇ ਸਾਮਰਥੱਖ ਦਰਸ਼ਨ ਕਰਾ ਰਿਹਾ ਹੈ। ਇਸ ਚੜ੍ਹੇ ਚੰਨ ਨੂੰ ਕੁਨਾਲੀਆਂ ਹੇਠ ਨਹੀਂ ਲੁਕਾਇਆ ਜਾ ਸਕਦਾ। ਫਿਰ ਵੀ ਪੰਜਾਬੀ ਦੀ ਮਹੱਤਤਾ ਦਾ ਰੇਖਾ-ਚਿਤਰ ਖਿਚਣ ਲਈ ਅਸੀਂ ਇਥੇ ਇਸ ਦੀਆਂ ਮੋਟੀਆਂ ਮੋਟੀਆਂ ਵਿਸ਼ੇਸ਼ਤਾਈਆਂ ਵਲ ਪੰਛੀ-ਝਾਤ ਪਾਉਣੀ ਯੋਗ ਸਮਝਦੇ ਹਾਂ ਤਾਕਿ ਇਸ ਦੀ ਵਿਲੱਖਣ ਹਸਤੀ ਦੀ ਤਸਵੀਰ ਸਾਹਮਣੇ ਆ ਜਾਵੇ।

1. ਪੰਜਾਬੀ ਸਾਢੇ ਤਿੰਨ ਕਰੋੜ ਮਨੁੱਖਾਂ ਦੀ ਮਾਤ-ਬੋਲੀ ਹੈ। ਇਸ ਲੋਕ-ਰਾਜੀ ਜੁਗ ਵਿਚ ਇਹ ਗਿਣਤੀ ਕਾਫੀ ਮਹੱਤਵ ਰਖਦੀ ਹੈ।

2. ਹਿੰਦੁਸਤਾਨ ਭਰ ਦੇ ਪ੍ਰਬੀਨ ਵਿਧਾਨਕਾਰਾਂ ਨੇ 'ਭਾਰਤੀ ਸੰਵਿਧਾਨ' ਵਿਚ 344 ਦਫ਼ਾ ਦੀ 8 ਨੰਬਰ-ਅਨੁਸੂਚੀ ਹੇਠ ਹਿੰਦ ਦੀਆਂ ਚੌਦਾਂ ਮੁਖ ਬੋਲੀਆਂ ਗਿਣੀਆਂ ਹਨ ਜਿਨ੍ਹਾਂ ਵਿਚ ਪੰਜਾਬੀ ਵੀ ਸ਼ਾਮਲ ਹੈ। ਇਹ ਚੌਦਾਂ ਹਨ—ਅਸਾਮੀ, ਬੰਗਾਲੀ, ਮਰਾਠੀ, ਗੁਜਰਾਤੀ, ਤਾਮਲ, ਤੇਲਗੂ, ਮਲਿਆਲਮ; ਕੰਨੜ, ਉੜੀਆ, ਸੰਸਕ੍ਰਿਤ, ਹਿੰਦੀ, ਉਰਦੂ, ਪੰਜਾਬੀ ਤੇ ਕਸ਼ਮੀਰੀ।

3. ਦੁਨੀਆਂ ਵਿਚ ਬੋਲੀਆਂ ਦਾ 'ਆਰੀਆ-ਘਰਾਣਾ' ਸਭ ਤੋਂ ਵਡਾ ਤੇ ਸ਼ਿਰੋਮਣੀ ਘਰਾਣਾ ਹੈ। ਪੰਜਾਬੀ ਇਸੇ ਵਡੇ ਘਰ ਦੀ ਜੰਮੀ ਜਾਈ ਹੈ।

4. ਪੰਜਾਬੀ ਇਕ ਹਜ਼ਾਰ ਵਰ੍ਹਾ ਪੁਰਾਣੀ ਬੋਲੀ‡ ਹੈ ਜਿਸ ਨੇ ਪੰਜਾਬੀਆਂ ਵਾਂਗ ਲੰਮੇ

---

‡ਪੰਜਾਬੀ ਦੀ ਪ੍ਰਾਚੀਨਤਾ ਬਾਰੇ ਡਾ: ਸਿਧੇਸ਼ਵਰ ਵਰਮਾ ਤੇ ਡਾ: ਸੁਨੀਤੀ ਕੁਮਾਰ ਜੀ ਦੀ ਰਾਇ ਪੜ੍ਹਨ ਜੋਗ ਹੈ—'ਪੰਜਾਬੀ ਜ਼ਬਾਨ ਕੀ ਖਾਸ ਨੈਅਦੀਅਤ ਯੇਹ ਹੈ ਕਿ ਇਸ ਮੇਂ ਹਿੰਦ-ਆਰਿਆਈ ਮੁਰੱਕਬ ਹਰੂਫ਼ੇ ਸਹੀਅ ਮੇਂ ਜੋ 'ਰ' ਥਾ, ਵੁਹ ਅਬ ਤਕ ਬਰਕਰਾਰ ਹੈ, ਜਿਵੇਂ ਤ੍ਰੈ।

[ਆਰਿਆਈ ਜ਼ਬਾਨੇਂ, ਪੰਨਾ 60]

'Then again it must be mentioned that the panjabi dialects whether of Eastren Panjab or Westren Panjab, still preserve the double consonant & the short vowels of middle Indo Aryans (Prakrit & Apabhransa) e. g, Panjabi Kamm 'work', Wich 'Within', Cham 'Skin', Hath 'Hand', Sach 'True', Chand 'Moon', Makhan 'Butter', etc.

[ਇੰਡੋ ਆਰੀਅਨ ਐਂਡ ਹਿੰਦੀ, ਪੰਨਾ 170]

ਫਾਰਸੀ, ਫਰਾਂਸੀਸੀ ਤੇ ਹਿੰਦੀ ਤਿੰਨ ਰਸੀਲੀਆਂ ਬੋਲੀਆਂ ਹਨ ਤੇ ਇਸ ਸੂਚੀ ਵਿਚ ਮੈਂ ਚੌਥੀ ਥਾਂ ਪੰਜਾਬੀ ਨੂੰ ਦੇਣੀ ਪਸੰਦ ਕਰਾਂਗਾ ।‡

24. ਜਾਰਜ ਗ੍ਰੀਅਰਸਨ ਦੇ ਸ਼ਬਦਾਂ ਵਿਚ 'ਪੰਜਾਬੀ ਮਰਦਊ ਗੁਣਾਂ **ਦੀ ਮਾਲਕ** ਬੋਲੀ ਹੈ, ਜਿਸ ਵਿਚ ਸੂਰਬੀਰ ਪੰਜਾਬੀਆਂ ਦੀ ਬੀਰਤਾ ਦੀ ਧੜਕਣ ਹੈ । ਡਾ: ਸੁਨੀਤੀ **ਕੁਮਾਰ ਚੈਟਰ**ਜੀ ਵੀ ਇਸੇ ਦੀ ਤਾਈਦ **ਕਰਦੇ** ਕਹਿੰਦੇ ਹਨ ਕਿ ਬੀਰ ਪੰਜਾਬੀਆਂ ਦੀ **ਬੋਲੀਆਂ** ਦੇ ਅਸਰ ਨੇ ਹਿੰਦੁਸਤਾਨੀ ਜ਼ਬਾਨ ਨੂੰ **ਵੀ ਬਲਵਾਨ** (Virile) ਬਣਾ ਦਿਤਾ ਹੈ !

25. **ਪੰਜਾਬੀ ਦੀ ਆਪਣੀ** ਵੱਖਰੀ ਲਿਪੀ ਵੀ ਇਸ ਬੋਲੀ ਦੀ ਸੁਤੰਤਰਤਾ ਦਰਸਾਉਂਦੀ **ਹੈ**, ਜਿਸ ਨੂੰ **ਅਣਡਿੱਠ ਨਹੀਂ ਕੀਤਾ** ਜਾ ਸਕਦਾ ।

‡ ਹੀਰ ਵਾਰਸਸ਼ਾਹ ਦੀ ਭੂਮਿਕਾ, ਪੰਨਾ 22

ਪੰਜਾਬੀ ਬਾਰੇ ਰਾਵਾਂ

ਪੰਜਾਬੀ ਬੋਲੀ ਸਬੰਧੀ ਫਿਰਕਾਪ੍ਰਸਤੀ ਨੇ ਕਦੀ ਵਾਧੂ ਸ਼ੰਕੇ ਪੈਦਾ ਕਰ ਦਿਤੇ ਸਨ, ਜਿਨ੍ਹਾਂ ਦਾ ਕੋਈ ਸਿਰ ਪੈਰ ਨਹੀਂ। ਹਿੰਦ ਦੀਆਂ ਬੋਲੀਆਂ ਦਾ ਸਰਵਿਸਤਾਰ ਨਿਰਣਾ ਕਰਨ ਵਾਲੇ ਪਰਸਿੱਧ ਭਾਸ਼ਾ-ਵਿਗਿਆਨੀ ਜਾਰਜ ਗ੍ਰੀਅਰਸਨ ਦਾ ਮਤ ਸੀ, 'ਪੱਛਮੀ ਪੰਜਾਬ ਦੀ ਬੋਲੀ ਲਹਿੰਦਾ ਜਾਂ ਲਾਂਹਦੀ ਹੈ ਜੋ ਕਿ ਪੰਜਾਬੀ ਤੋਂ ਅੱਡ ਹੈ ਅਤੇ ਪੰਜਾਬੀ ਦਾ ਇਲਾਕਾ ਪੂਰਬੀ ਪੰਜਾਬ ਹੈ।' ਪਰ ਹੁਣ ਪੂਰਬੀ ਪੰਜਾਬ ਵਿਚ ਵੀ ਰਾਜਸੀ ਝਗੜਾਲੂਆਂ ਬੇ-ਲੋੜੀ ਬਹਿਸ ਚਰਚਾ ਛੇੜ ਰੱਖੀ ਹੈ। ਕੋਈ ਕਹਿੰਦਾ ਹੈ ਕਿ ਪੰਜਾਬ ਦੀ ਬੋਲੀ ਪੰਜਾਬੀ ਨਹੀਂ, ਕੋਈ ਕਹਿੰਦਾ ਹੈ ਕਿ ਏਨੇ ਕੁ ਹਿਸੇ ਦੀ ਬੋਲੀ ਪੰਜਾਬੀ ਹੈ, ਏਨੇ ਦੀ ਨਹੀਂ, ਕੋਈ ਆਖਦਾ ਹੈ ਕਿ ਪੰਜਾਬੀ ਤਾਂ ਇਕ ਗ਼ਰੀਬ ਬੋਲੀ ਹੈ, ਕੋਈ ਇਹ ਵੀ ਕਹਿ ਮਾਰਦਾ ਹੈ, ਪੰਜਾਬੀ ਤਾਂ ਕੋਈ ਬੋਲੀ ਹੀ ਨਹੀਂ, ਇਹ ਤਾਂ ਐਵੇਂ ਉਪ-ਬੋਲੀ ਮਾਤਰ ਹੈ।' ਜੋ ਆਦਮੀ ਪੰਜਾਬ ਦਾ ਜੰਮ-ਪਲ ਹੁੰਦਾ ਹੋਇਆ ਰਾਤ ਦਿਨ ਪੰਜਾਬੀ ਬੋਲਦਾ ਤੇ ਵਰਤਦਾ ਹੈ, ਉਸ ਨੂੰ ਕਿਵੇਂ ਸਮਝਾਇਆ ਜਾਵੇ ਕਿ ਉਹਦੀ ਮਾਤ-ਬੋਲੀ ਪੰਜਾਬੀ ਹੀ ਹੈ, ਹੋਰ ਨਹੀਂ। ਹਰ ਬੱਚੇ ਨੂੰ ਆਪਣੀ ਮਾਂ ਦੀ ਪਛਾਣ ਹੁੰਦੀ ਹੈ, ਉਸ ਨੂੰ ਦੱਸਣ ਦੀ ਲੋੜ ਨਹੀਂ ਪੈਂਦੀ। ਪਰ ਜੇ ਪੁੱਤ ਕੁਪੁੱਤ ਹੋ ਜਾਣ ਤਾਂ ਇਸ ਦਾ ਕੀ ਇਲਾਜ ?

ਇਸ ਲਈ ਪੰਜਾਬੀ ਬਾਰੇ ਇਥੇ ਦੇਸੀ, ਬਿਦੇਸੀ, ਪੰਜਾਬੀ, ਗ਼ੈਰ ਪੰਜਾਬੀ ਵਿਦਵਾਨ ਭਾਸ਼ਾ-ਵਿਗਿਆਨੀਆਂ ਅਤੇ ਹੋਰ ਸਿਆਣਿਆਂ ਦੀਆਂ ਰਾਵਾਂ ਦਿਤੀਆਂ ਜਾਂਦੀਆਂ ਹਨ। ਵੈਸੇ ਖਿਆਲ ਉਹ ਰਾਵਾਂ ਦੇਣ ਦਾ ਹੀ ਸੀ, ਜਿਨ੍ਹਾਂ ਤੋਂ ਪੰਜਾਬੀ ਬੋਲੀ ਦੇ ਵਿਸ਼ੇਸ਼ ਗੁਣਾਂ ਉਤੇ ਰੌਸ਼ਨੀ ਪਵੇ ਪਰੰਤੂ ਉਪਰੋਕਤ ਸ਼ੰਕਿਆਂ ਦੀ ਨਵਿਰਤੀ ਲਈ ਖੋਜੀਆਂ ਦੇ ਵਿਚਾਰ ਨਾਲ ਨਾਲ ਦਰਜ ਕੀਤੇ ਜਾ ਰਹੇ ਹਨ ਤਾਂ ਕਿ ਇਨ੍ਹਾਂ ਸ਼ੰਕਿਆਂ ਦੀ ਹਵਾਈ ਧੁੰਦ ਉਡ ਜਾਵੇ।

1 **ਜੌਹਨ ਬੀਮਜ਼ (1872 ਈ.)**—

'There is flavour of wheaten flour and a reek of cottage smoke about Punjabi and Sindhi which is infinitely more natural and captivating than anything which the hide-bound Pandit-ridden languages of the eastern parts of India can show us.'

(A Comparative Grammar of Modern Aryan Languages of India, P. 51)

ਅਰਥਾਤ ਪੰਜਾਬੀ ਤੇ ਸਿੰਧੀ ਵਿਚ ਕਣਕ ਦੇ ਆਟੇ ਦਾ ਸੁਆਦ ਹੈ ਤੇ ਇਸ ਵਿਚ ਪੰਜਾਬੀ

Sri Satguru Jagjit Singh Ji eLibrary NamdhariElibrary@gmail.com

ਝੁਗੀਆਂ ਵਿਚੋਂ ਨਿਕਲ ਰਹੇ ਧੂੰਏ ਦੀ ਉਹ ਭਿੰਨੀ ਭਿੰਨੀ ਵਾਸ਼ਨਾ ਹੈ, ਜੋ ਕਿ ਹਿੰਦ ਦੇ ਪੂਰਬੀ ਹਿਸਿਆਂ ਦੀਆਂ ਪੰਡਤਾਊਪਣੇ ਨਾਲ ਲੱਦੀਆਂ ਬੋਲੀਆਂ ਦੀ ਕਿਸੇ ਚੀਜ਼ ਦੇ ਮੁਕਾਬਲੇ ਤੇ ਵੀ ਬੇਹੱਦ ਸੁਭਾਵਕ ਤੇ ਦਿਲ ਖਿਚਣ ਵਾਲੀ ਹੈ।

2. **ਜੌਰਨ ਨਿਊਟਨ** (1886)--

'The vernacular of the country generally which lies between the Jumna and the Indus (North-west of Delhi) is Punjabi, though oordoo is much spoken in the larger towns.

Oordoo is commonly written in persian character, Hindi is Devnagri and Punjabi in the Goormookhee.'

[History of A. P. Mission's India, P. 6

3. **ਈ ਪੀ. ਨਿਊਟਨ** (1898 –)

'The language which is spoken with some variation through out the Punjab, and hence called Punjabi, is usuall written in what is known as the 'Gurmuki' character.

(Punjabi Grammer, P. I)

4. **ਪੰਡਤ ਸ਼ਿਵਨਾਥ ਯੋਗੀ**—

'ਬੋਲੀ ਇਥੇ ਦੀ ਪੰਜਾਬੀ, ਸਭ ਇਲਮਾਂ ਦੀ ਜਾਣੋ ਘਰ।
ਇਸ ਦੇ ਬਾਝ ਨਹੀਂ ਕੰਮ ਸਰਦਾ, ਭਾਵੇਂ ਹੋਵਨ ਹੋਰ ਹੁਨਰ।
ਘਰ ਵਿਚ ਦਰ ਵਿਚ ਇਹੀਓ ਬੋਲਣ, ਐਵੇਂ ਜਾਂਦੇ ਇਸ ਤੋਂ ਡਰ।
ਹੈ ਸ਼ਿਵਨਾਥ ਇਹੋ ਗੱਲ ਚੰਗੀ, ਪੜ੍ਹ ਇਸ ਨੂੰ ਤੇ ਸ਼ੋਭਾ ਕਰ।'

5. **ਸ੍ਰੀ ਬਿਹਾਰੀ ਲਾਲ**—'ਇਹ ਸਭ ਕੋਈ ਜਾਣਦਾ ਹੈ ਕਿ ਪੰਜਾਬੀ ਬੋਲੀ ਤਦ ਹੀ ਤੇ ਹੈ ਕਿ ਜਦ ਤੇ ਪੰਜਾਬ ਹੈ, ਭਾਵੇਂ ਕਿਸੇ ਪ੍ਰਕਾਰ ਦੀ ਹੋਇ।.....ਜਦ ਤੇ ਗੁਰਮਖੀ ਰਾਣੀ ਨੇ ਇਸ ਦੀ ਬਾਂਹ ਫੜੀ ਹੈ ਤਦ ਤੇ ਇਸ ਦੀ ਉਨਤਿ ਹੋਣ ਲੱਗੀ।'

[ਵਿਦਿਆ ਰਤਨਾਕਰ ਪੰਨਾ, 1, 2

'ਇਹ ਪੰਜ ਦੁਆਬਿਆਂ ਦੀ ਬੋਲੀ ਮੁੱਢੋਂ ਤਾਂ ਇਕ ਹੀ ਹੈ ਪਰ ਅਵਸਥਾ ਭੇਦ, ਮਤ ਭੇਦ ਵਿਦਯਾ ਭੇਦ ਅਤੇ ਸੰਸਰਗ ਭੇਦ ਕਰਕੇ ਹਰ ਦੁਆਬੇ ਦੀ ਬੋਲੀ ਥੋੜੀ ਥੋੜੀ ਕਿਸੇ ਕਿਸੇ ਥਾਂ ਵਟ ਗਈ ਹੈ ਪਰ ਵਿਆਕਰਣ ਸਭਨਾਂ ਦਾ ਇਕੋ ਹੈ।..... ਇਹ ਪੰਜਾਬੀ ਹੋਰਨਾਂ ਬਹੁਤੀਆਂ ਬੋਲੀਆਂ ਨਾਲੋਂ ਬਹੁਤ ਪੂਰੀ ਅਤੇ ਠੀਕ ਹੈ।'

6. **ਪੰਡਤ ਭਾਨੁ ਦੱਤ**—

ਅੰਗਰੇਜ਼ ਅੰਗਰੇਜ਼ੀ ਬੋਲਦੇ ਨਹੀਂ ਸ਼ਰਮਾਉਂਦੇ। ਬੰਗਾਲੀ, ਗੁਜਰਾਤੀ, ਮਰਹਟੇ, ਪਾਰਸੀ, ਹਿੰਦੁਸਤਾਨੀ ਆਪਣੀ ਆਪਣੀ ਬੋਲੀ ਬੋਲਦੇ ਨਹੀਂ ਸ਼ਰਮਾਉਂਦੇ। ਨਿਰਾ ਪੰਜਾਬੀਆਂ ਨੂੰ ਹੀ ਕੋਈ ਭਾਣਾ ਵਰਤ ਗਿਆ ਏ ਜੋ ਆਪਣੀ ਅਤ-ਪਿਆਰੀ ਮਿਠੀ ਮਾਂ ਦੀ ਜ਼ਬਾਨ ਬੋਲਣ ਲੱਗੇ ਪਏ ਸ਼ਰਮਾਉ ਦੇ ਹਨ। ਇਹ ਨਹੀਂ ਸਮਝਦੇ, ਜੋ ਇਹ ਬੋਲੀ ਕੋਈ **ਗੰਵਾਰੀ ਨਹੀਂ**। ਇਸ ਨੂੰ ਤਾਂ ਵੱਡੇ ਵੱਡੇ ਮਹਾਤਮਾ ਸਾਧ, ਸੰਤ, ਰਾਜੇ, ਮਹਾਰਾਜੇ ਬੋਲਦੇ ਰਹੇ ਹਨ ਅਤੇ ਅਜ ਤੋੜੀ ਬੋਲਦੇ ਹਨ,

ਫੇਰ ਕੀਕੁਰ ਜਵਾਰੀ ਹੋ ਸਕਦੀ ਹੈ ? ਇਹ ਪੰਜਾਬੀ ਬੋਲੀ ਹੋਰਨਾਂ ਬਹੁਤੀਆਂ ਬੋਲੀਆਂ ਕੋਲੋਂ ਚੰਗੀ ਅਤੇ ਸੋਹਣੀ ਹੈ।'

[ਪੰਜਾਬੀ ਖੋਰਸ, ਵਿਦਿਆ ਬਿਨੋਦ, ਪੰਨਾ 9 (1895, ਦੂਜੀ ਐਡੀਸ਼ਨ)

7. ਮਿ: ਐਚ. ਏ. ਰੋਜ਼—

H. A Rose in his 'contributions to Punjabi Laxicography' Indian Antiquary 1908, PP. 360 etc treats Panjabi as the language of the Punjab and includes in it Lahndi, Pahari, Bangru etc.' [Phonology of Punjabi, P. I

8 ਭਾਈ ਬਿਸ਼ਨਦਾਸ—

'ਪੰਜਾਬ ਦੀ ਬੋਲੀ ਦਾ ਨਾਉਂ ਪੰਜਾਬੀ ਹੈ, ਸੰਸਾਰ ਵਿਚ ਕੋਈ ਬੋਲੀ ਸਭਨੀਂ ਥਾਈਂ ਇਕੋ ਜੇਹੀ ਨਹੀਂ ਬੋਲੀ ਜਾਂਦੀ ..ਹਿੰਦੀ ਦੇ ਕੋਈ ਬਾਰਾਂ ਭੇਦ ਹਨ, ਇਸੇ ਤਰ੍ਹਾਂ ਪੰਜਾਬੀ ਵੀ ਕਈ ਤਰ੍ਹਾਂ ਦੀ ਹੈ। ਮੁਖ ਵੰਡ ਇਉਂ ਹੈ —ਪੱਠੋਹਾਰੀ, ਲਹਿੰਦਾ, ਪਹਾੜੀ ਤੇ ਠੇਠ ਪੰਜਾਬੀ।'

[ਪੰਜਾਬੀ ਸ਼ਬਦ ਭੰਡਾਰ, ਪਨਾ 1

9. ਸਰ ਜਾਰਜ ਗ੍ਰੀਅਰਸਨ—

'The name Punjabi explains itself, it means the language of the Punjab'.

'Punjabi is a language with a vocabulary mainly composed of honest tadbhavas. Tatsama words are conspicuous only by their absence, and in this respect the tongue of the Land of the Five Rivers, offers a striking contrast to the bastard mixture of Sanskrit and vernacular which the Pandits of Calcutta and Benares imagine to be literature. It is a homely language, redolent of the Punjab of to-day'.

'Punjabi can express any idea with its own stock of vocables, and is well adapted for both prose and poetry'.

'the ballads of the people, which are current every where well show its capabilities'. [L. S. of India P. 617]

10. ਪ੍ਰੋ: ਪੀ. ਡੀ. ਗੁਨੇ—

'The Punjabi Language spoken in modern Punjab, excepting the western most part along the banks of the Indus which the place of the Lahnda. This later, under the name of 'Multani' was classed amongst the dialects of the Punjabi by Hoernle and others. The Panjabi has two well marked

dialects, the standard Language of Amritsar and the Malvi of the South Eastern Punjab.

[An Introdution to Comparative Philology, P. 258.]

11. ਸ੍ਰੀ ਰਵੀਂਦਰ ਨਾਥ ਟੈਗੋਰ—

'ਜਿਸ ਪੰਜਾਬੀ ਵਿਚ ਗੁਰੂ ਨਾਨਕ ਤੇ ਬੁਲ੍ਹੇ ਸਾਹ ਵਰਗਿਆਂ ਕਲਾਮ ਕਿਹਾ ਹੋਵੇ, ਉਸ ਜ਼ਬਾਨ ਨੂੰ ਗਰੀਬ ਕਿਵੇਂ ਕਿਹਾ ਜਾ ਸਕਦਾ ਹੈ ?'

12. ਪ੍ਰੋ: ਧੀਰੇਂਦਰ ਵਰਮਾ—

'ਪੰਜਾਬੀ ਭਾਸ਼ਾ ਦਾ ਖੇਤਰ ਹਿੰਦੀ ਦੇ ਨੀਕ ਪੱਛਮ-ਉਤਰ ਵਿਚ ਹੈ। ਇਹ ਪਾਕਿਸਤਾਨੀ ਪੰਜਾਬ ਦੇ ਪੂਰਬੀ ਭਾਗ ਤੇ ਪੂਰਬੀ ਪੰਜਾਬ ਦੇ ਪੱਛਮੀ ਭਾਗ ਵਿਚ ਬੋਲੀ ਜਾਂਦੀ ਹੈ। ਪੂਰਬੀ ਪੰਜਾਬ ਦੇ ਪੂਰਬੀ ਭਾਗ ਵਲ ਹਿੰਦੀ ਦਾ ਇਲਾਕਾ ਹੈ . ਪੰਜਾਬੀ ਭਾਸ਼ ਲਹਿੰਦੀ ਨਾਲ ਅਜੇਹੀ ਮਿਲੀ ਹੋਈ ਹੈ ਕਿ ਦੋਹਾਂ ਨੂੰ ਅੱਡ ਅੱਡ ਕਰਨਾ ਔਖਾ ਹੈ ਪਰੰਤੂ ਪੱਛਮੀ ਹਿੰਦੀ ਨਾਲ ਤਾਂ ਇਸ ਦਾ ਭੇਦ ਸਪਸ਼ਟ ਹੀ ਹੈ। [ਹਿੰਦੀ ਭਾਸ਼ਾ ਔਰ ਲਿਪੀ, ਪੰਨਾ 35]

'ਪੰਜਾਬ ਦੇ ਸ਼ਹਿਰਾਂ ਵਿਚ ਪੜ੍ਹੇ ਲਿਖੇ ਲੋਕ ਲਿਖਣ ਪੜ੍ਹਣ ਵਿਚ ਹਿੰਦੁਸਤਾਨੀ ਦੀ ਵਰਤੋਂ ਜ਼ਰੂਰ ਕਰਦੇ ਹਨ ਪਰੰਤੂ ਆਮ ਲੋਕਾਂ ਤੇ ਅਮਲ ਵਿਚ ਇਨ੍ਹਾਂ ਸ਼ਹਿਰ ਵਾਸੀਆਂ ਦੀ ਵੀ ਮਾਤ-ਬੋਲੀ ਪੰਜਾਬੀ ਹੀ ਹੈ, ਹਿੰਦੁਸਤਾਨੀ ਨਹੀਂ। ਪੰਜਾਬ ਦਾ ਪੇਂਡੂ ਆਦਮੀ ਹਿੰਦੁਸਤਾਨੀ ਨੂੰ ਚੰਗੀ ਤਰ੍ਹਾਂ ਸਮਝ ਵੀ ਨਹੀਂ ਸਕਦਾ, ਬੋਲਣਾ ਤਾਂ ਕਿਤੇ ਰਿਹਾ। ਇਸ ਲਈ ਪੰਜਾਬੀ ਦੀ ਅੱਡ ਹੀ ਗਿਣਤੀ ਕਰਨੀ ਪਵੇਗੀ।' [ਹਿੰਦੀ ਰਾਸ਼ਟਰ, ਪੰਨਾ 40]

13. ਪ੍ਰੋ: ਹਾਫਿਜ਼ ਮਹਿਮੂਦ ਸ਼ੀਰਾਨੀ—

'ਮੁਲਕ ਪੰਜਾਬ ਦੀ ਜ਼ਬਾਨ ਪੰਜਾਬੀ ਨਾਂ ਨਾਲ ਪੁਕਾਰੀ ਜਾਂਦੀ ਹੈ। ਅਮੀਰ ਖੁਸਰੋ ਇਸ ਨੂੰ 'ਲਾਹੌਰੀ' ਨਾਂ ਨਾਲ ਯਾਦ ਕਰਦਾ ਅਤੇ ਅਬੂਫਜ਼ਲ 'ਮੁਲਤਾਨੀ' ਕਹਿੰਦਾ ਹੈ। ਪੱਛਮੀ ਖੋਜੀਆਂ ਇਕ ਲੀਕ ਖਿਚ ਕੇ ਪੂਰਬੀ ਤੇ ਪੱਛਮੀ ਪੰਜਾਬੀ ਨਾਂ ਹੇਠ ਇਸ ਨੂੰ ਤਕਸੀਮ ਕਰ ਛਡਿਆ ਹੈ। ਉਹ ਪੂਰਬ ਵਾਲੇ ਪਾਸੇ ਦੀ ਜ਼ਬਾਨ ਨੂੰ 'ਪੰਜਾਬੀ' ਕਹਿੰਦੇ ਹਨ ਅਤੇ ਪੱਛਮ ਵਾਲੇ ਪਾਸੇ ਦੀ ਨੂੰ 'ਲਹਿੰਦਾ'। ਪੰਜਾਬੀ ਨੂੰ ਉਹ ਪੱਛਮੀ ਹਿੰਦੀ ਵਿਚ ਸ਼ਾਮਲ ਕਰਦੇ ਹਨ ਤੇ ਲਹਿੰਦੀ ਨੂੰ ਬਹਿਰੂਲੀ ਸ਼ੇਣੀ ਵਿਚ ਸ਼ਾਮਲ ਕਰ ਕੇ ਸਿੰਧੀ ਤੇ ਕਸ਼ਮੀਰੀ ਦੀ ਰਿਸ਼ਤੇਦਾਰ ਮੰਨਦੇ ਹਨ। ਪੰਜਾਬ ਵਾਲੇ ਇਹ ਗੱਲ ਨਹੀਂ ਮੰਨਦੇ। ਉਨ੍ਹਾਂ ਦਾ ਕਥਨ ਹੈ ਕਿ ਪੰਜਾਬੀ ਤੇ ਲਹਿੰਦੀ ਇਕੋ ਹੀ ਚੀਜ਼ ਹੈ। ਪੱਛਮੀ ਤੇ ਪੂਰਬੀ ਬੋਲੀ ਵਿਚ ਜੋ ਫਰਕ ਹੈ, ਉਹ ਅਸੂਲੀ ਨਹੀਂ ਬਲਕਿ ਅਵਸਥਾ ਅਤੇ ਸਥਾਨਕ ਰੰਗ ਦੇ ਅਧਾਰ ਤੇ ਹੈ ਤੇ ਤਕਸੀਮ ਪਾਉਣੀ ਹਰ ਹਾਲਤ ਵਿਚ ਨਜਾਇਜ਼ ਹੈ।'

'ਪੰਜਾਬ ਭਾਵੇਂ ਪੰਜ ਦਰਿਆਵਾਂ ਦਾ ਦੇਸ਼ ਹੈ ਲੇਕਿਨ ਇਸ ਤੋਂ ਇਹ ਨਹੀਂ ਸਮਝਣਾ ਚਾਹੀਦਾ ਕਿ ਸੂਬੇ ਦੀ ਜ਼ਬਾਨ ਇਨ੍ਹਾਂ ਦਰਿਆਵਾਂ ਦੇ ਵਿਚ ਵਿਚਕਾਰ ਹੀ ਹੈ ਬਲਕਿ ਉਹ ਤਾਂ ਇਨ੍ਹਾਂ ਦਰਿਆਵਾਂ ਨੂੰ ਟੱਪ ਕੇ ਦੋਹੀਂ ਪਾਸੀਂ ਫੈਲ ਗਈ ਹੈ। ਏਧਰ ਦਰਿਆ ਘੱਗਰ ਤਕ ਤੇ ਉਧਰ ਦਰਿਆ ਸਿੰਧ ਵੀ ਪਾਰ ਕਰ ਗਈ ਹੈ।' [78-79 ਪੰਨਾ]

'ਪੁਰਾਣੀ ਉਰਦੂ ਜ਼ਿਆਦਾ ਤਰ ਪੰਜਾਬੀ ਅਸਰ ਹੇਠ ਹੀ ਹੈ, ਅੱਜ ਵੀ ਜਿਨ੍ਹਾਂ ਗੱਲਾਂ ਦੀ ਤਸ਼ਰੀਹ ਕਰਨੋਂ ਉਰਦੂ ਅਸਮਰੱਥ ਹੈ, ਪੰਜਾਬੀ ਜ਼ਬਾਨ ਅਸਾਨੀ ਨਾਲ ਉਸ ਦੀ ਤਸ਼ਰੀਹ ਕਰ ਸਕਦੀ ਹੈ।' [ਪੰਜਾਬ ਮੇਂ ਉਰਦੂ, ਪੰਨਾ 294]

14. ਡਾ: ਮੁਹੱਯੁਦੀਨ ਕਾਦਰੀ ਜ਼ੋਰ—

'ਪੱਛਮੀ ਪੰਜਾਬੀ, ਲਹਿੰਦਾ ਤੇ ਕਈ ਹੋਰ ਨਾਵਾਂ—ਹਿਦਕੋ, ਜਟਕੀ, ਮੁਲਤਾਨੀ, ਪੋਠੋਹਾਰੀ ਆਦਿ ਨਾਲ ਯਾਦ ਕੀਤੀ ਜਾਂਦੀ ਹੈ। ਪੂਰਬੀ ਪੰਜਾਬੀ ਅਸਲ ਤੌਰ ਤੇ ਪੰਜਾਬੀ ਹੀ ਕਹਾਉਂਦੀ ਹੈ। ਇਹੀ ਉਹ ਇਕੋ ਇਕ ਸਾਂਝੀ ਪੰਜਾਬੀ ਹੈ ਜੋ ਪੱਛਮੀ ਹਿੰਦੀ ਦੀ ਪੱਛਮੀ ਸਰਹੱਦ ਤੋਂ ਲੈ ਕੇ ਪਸ਼ਤੋ ਬੋਲਣ ਵਾਲੇ ਇਲਾਕਿਆਂ ਤਕ ਵਰਤੀ ਜਾਂਦੀ ਹੈ।

[ਹਿੰਦੁਸਤਾਨੀ ਲਿਸਾਨੀਆਤ, ਪੰਨਾ 62]

'ਉਰਦੂ ਜ਼ਬਾਨ ਦਾ ਪੰਜਾਬੀ ਨਾਲ ਜਿੱਨਾ ਪੁਰਾਣਾ ਸੰਬੰਧ ਹੈ, ਉੱਨਾ ਹੋਰ ਬੋਲੀਆਂ ਨਾਲ ਨਹੀਂ। ਕਿਸੇ ਭਾਸ਼ਾ-ਵਿਗਿਆਨੀ ਨੂੰ ਉਰਦੂ ਦੇ ਅਰੰਭ ਤੇ ਵਿਕਾਸ ਦੀ ਖੋਜ ਉਦੋਂ ਤਕ ਪੂਰੀ ਨਹੀਂ ਮਿਲ ਸਕਦੀ, ਜਦ ਤਕ ਉਹ ਉਸ ਨਾਲ ਪੰਜਾਬੀ ਦੇ ਸਬੰਧ ਬਾਰੇ ਗੌਰ ਨਹੀਂ ਕਰਦਾ।

[ਪੰਜਾਬੀ ਦੁਨੀਆ, ਜੁਲਾਈ 1952]

15. ਪੰਡਤ ਬ੍ਰਿਜ ਮੋਹਨ ਦਤਾਤ੍ਰੇਯ ਕੈਫੀ—

'ਪੰਜਾਬੀ ਕੇ ਬਾਰੇ ਮੇਂ ਚੌ ਖਾਸ ਬਾਤੇਂ ਜ਼ਿਕਰ ਕੇ ਕਾਬਲ ਹੈਂ, ਏਕ ਤੌਂ ਯੇਹ ਕਿ ਸ਼ੌਰਸੇਨੀ ਪ੍ਰਾਕ੍ਰਿਤ ਕੇ ਆਸਾਰ ਜਿਸ ਕਦਰ ਪੰਜਾਬੀ ਮੇਂ ਪਾਏ ਜਾਤੇ ਹੈਂ, ਔਰ ਆਜ ਤਕ ਮੌਜੂਦ ਹੈਂ ਇਤਨੇ ਕਿਸੀ ਜ਼ਬਾਨ ਮੇਂ ਨਹੀਂ ਪਾਏ ਜਾਤੇ। ਔਰ ਦੂਸਰੇ ਯੇਹ ਕਿ ਗ਼ੌਰ-ਮੁਲਕੀ ਇਲਫ਼ਾਜ਼ ਸੇ ਮਿਹਮਾਂ-ਨਿਵਾਜ਼ੀ ਕਾ ਵਰਤਾਉ ਸਭ ਸੇ ਪਹਿਲੇ ਇਸੀ ਕੇ ਹਿਸੇ ਮੇਂ ਆਇਆ।'

[ਕੈਫ਼ੀਆ, ਪੰਨਾ 57]

16 ਡਾ: ਸ਼ਿਆਮ ਸੁੰਦਰ ਦਾਸ—

'ਪੰਜਾਬੀ ਹੀ ਇਕ ਮੱਧ ਦੇਸ਼ ਨਾਲ ਸਬੰਧਤ ਅਜੇਹੀ ਜ਼ਬਾਨ ਹੈ, ਜਿਸ ਵਿਚ ਸੰਸਕ੍ਰਿਤ, ਫ਼ਾਰਸੀ ਸ਼ਬਦਾਂ ਦੀ ਭਰਤੀ ਨਹੀਂ ਹੈ। ਇਸ ਵਿਚ ਵੈਦਕ ਸੰਸਕ੍ਰਿਤ ਦਾ ਸੁਲੱਭ ਸੁਆਦ, ਸੁਹੱਣਪ ਤੇ ਮਰਦਊਪਣਾ ਨਜ਼ਰੀਂ ਪੈਂਦਾ ਹੈ। ਇਸ ਵਿਚ ਇਸ ਦੇ ਬੁਲਾਰਿਆਂ ਵਾਲਾ ਬਲ, ਕਿਸਾਨਾਂ ਦੀ ਦ੍ਰਿੜਤਾ ਤੇ ਸਾਦਗੀ ਵੀ ਮਿਲਦੀ ਹੈ। ਗ੍ਰੀਅਰਸਨ ਨੇ ਲਿਖਿਆ ਹੈ ਕਿ ਪੰਜਾਬੀ ਹੀ ਇਕ ਅਜੇਹੀ ਆਧੁਨਕ ਹਿੰਦੁਸਤਾਨੀ ਆਰੀਆ ਜ਼ਬਾਨ ਹੈ ਜਿਸ ਵਿਚ ਵੈਦਿਕ ਤੇ ਤਿਬਤੀ-ਚੀਨੀ ਧੁਨੀ ਪਾਈ ਜਾਂਦੀ ਹੈ।

[ਭਾਸ਼ਾ ਵਿਗਿਆਨ, ਪੰਨਾ 90]

17. ਡਾ: ਸੁਨੀਤੀ ਕੁਮਾਰ ਚੈਟਰਜੀ—

'ਪੂਰਬੀ ਪੰਜਾਬ ਦੀ ਸਾਹਿੱਤਕ ਭਾਸ਼ਾ ਪੰਜਾਬੀ ਨੇ ਹੁਣ ਜ਼ਿਆਦਾਤਰ ਸਿਖਾਂ ਦੇ ਆਪਣੀ ਮਾਤ-ਬੋਲੀ ਦੇ ਪ੍ਰੇਮ ਕਾਰਣ ਤੇ ਗੁਰਮੁਖੀ ਲਿਪੀ ਦੀ ਸੁਤੰਤਰ ਕਾਰਣ ਕਿਸੇ ਢੰਗ ਨਾਲ ਉਰਦੂ ਤੇ ਹਿੰਦੀ ਦੇ ਸਾਹਮਣੇ ਆਪਣੀ ਨਿਰਾਲੀ ਥਾਂ ਬਣਾ ਰੱਖੀ ਹੈ।' [ਰਿਤੰਭਰਾ, ਪੰਨਾ 67]

18. ਪੰਡਤ ਅਜੁਧਿਆ ਸਿੰਹ ਉਪਾਧਿਆਇ—

'ਪੰਜਾਬੀ ਜ਼ਬਾਨ ਹਿੰਦੀ ਦੇ ਉਤਰ ਪੱਛਮ ਵਲ ਹੈ, ਇਸ ਦਾ ਖੇਤਰ ਪੰਜਾਬ ਹੈ। ਇਸ ਦੀ ਲਿਪੀ ਰਾਜਪੂਤਾਨੇ ਦੀ ਮਹਾਜਨੀ ਤੇ ਕਸ਼ਮੀਰ ਦੀ ਸ਼ਾਰਦਾ ਲਿਪੀ ਨਾਲ ਰਲਦੀ ਮਿਲਦੀ ਹੈ। ਗੁਰੂ ਅੰਗਦ ਜੀ ਨੇ 16ਵੀਂ ਸਦੀ ਵਿਚ ਇਸ ਦੀ ਸੋਧ ਕੀਤੀ, ਉਸੇ ਦਾ ਨਤੀਜਾ ਗੁਰਮੁਖੀ ਅੱਖਰ ਹਨ।' (ਹਿੰਦੀ ਭਾਸ਼ਾ ਔਰ ਸਾਹਿਤ ਕਾ ਵਿਕਾਸ, ਪੰਨਾ 55]

19. **ਬਾਬੂ ਰਾਮ ਸਕਸੇਨਾ**—

'ਪੰਜਾਬੀ, ਪੰਜਾਬ ਪ੍ਰਾਂਤ ਦੀ ਬੋਲੀ ਹੈ, ਪੰਜਾਬੀਅਤ ਕਾਰਣ ਇਸ ਦਾ ਸਾਹਿਤ ਉਨਤੀ ਕਰਨ ਲੱਗਾ ਹੈ।'

[ਸਾਮਾਨਯ ਭਾਸ਼ਾ ਵਿਗਿਆਨ ਪੰਨਾ 271]

20. **ਸ੍ਰੀ ਰਾਮਮੂਰਤੀ ਮੇਹਰੋਤਰਾ**—

'ਪੰਜਾਬੀ ਦਾ ਖੇਤਰ ਪੂਰਬੀ ਪੰਜਾਬ ਤੇ ਕੇਂਦਰ ਲਾਹੌਰ ਅੰਮ੍ਰਿਤਸਰ ਹੈ, ਇਸ ਦੀਆਂ ਕਈ ਉਪਬੋਲੀਆਂ ਹਨ। ਲਹਿੰਦਾ ਪੱਛਮੀ ਪੰਜਾਬ ਦੀ ਬੋਲੀ ਹੈ, ਇਸ ਨੂੰ ਪੰਜਾਬੀ ਵੀ ਕਹਿੰਦੇ ਹਨ।'

[ਭਾਸ਼ਾ ਵਿਗਿਆਨ ਸਾਰ, ਪੰਨਾ 94-95]

21. **ਸ੍ਰੀ ਚਤੁਰ ਸੇਨ ਸ਼ਾਸਤ੍ਰੀ**—

'ਪੰਜਾਬੀ ਪੂਰੇ ਪੰਜਾਬ ਦੀ ਬੋਲੀ ਹੈ ਤੇ ਅੰਮ੍ਰਿਤਸਰ ਦੇ ਲਾਗੇ ਚਾਗੇ ਦੀ ਜ਼ਬਾਨ ਸ਼ੁਧ ਕਹਾਉਂਦੀ ਹੈ...ਇਸ ਵਿਚ ਵੈਦਿਕ ਤੇ ਤਿਬਤੀ ਚੀਨੀ ਭਾਸ਼ਾ ਵਾਲੀ ਸੁਰ ਪਾਈ ਜਾਂਦੀ ਹੈ।

[ਹਿੰਦੀ ਭਾਸ਼ਾ ਔਰ ਸਾਹਿਤ ਕਾ ਇਤਹਾਸ, ਪੰਨਾ 15]

22. **ਸ੍ਰੀ ਗੋਪਾਲ ਲਾਲ ਖੰਨਾ**—

'ਪੂਰੇ ਪੰਜਾਬ ਪ੍ਰਾਂਤ ਦੀ ਭਾਸ਼ਾ ਨੂੰ ਪੰਜਾਬੀ ਆਖ ਸਕਦੇ ਹਾਂ, ਕਈ ਲੇਖਕ ਇਸ ਦੇ ਪੂਰਬੀ ਤੇ ਪੱਛਮੀ ਪੰਜਾਬੀ ਦੋ ਭੇਦ ਕਰਦੇ ਹਨ।' [ਹਿੰਦੀ ਕਾ ਸਰਲ ਭਾਸ਼ਾ ਵਿਗਿਆਨ, ਪੰਨਾ 107]

23. **ਸ੍ਰੀ ਭਵਾਨੀ ਸ਼ੰਕਰ ਸ਼ਰਮਾ**—

'ਪੰਜਾਬੀ ਸ਼ਬਦ ਦਾ ਅਰਥ ਹੈ--ਪੰਜਾਬ --ਅਰਥਾਤ ਪੰਜ ਦਰਿਆਵਾਂ ਦੇ ਦੇਸ਼ ਦੀ ਭਾਸ਼ਾ। ਦਰਅਸਲ ਪਜਾਬੀ ਬੋਲਣ ਵਾਲੇ ਇਤਨੇ ਕੁ ਇਲਾਕੇ ਵਿਚ ਹੀ ਨਹੀਂ ਰਹਿੰਦੇ।

[ਹਮਾਰਾ ਹਿੰਦੀ ਸਾਹਿਤ ਔਰ ਭਾਸ਼ਾ ਪਰਿਵਾਰ, ਪੰਨਾ 449]

24 **ਸ੍ਰੀ ਪਦਮ ਨਰਾਇਣ ਅਚਾਰਜ ਤੇ ਡਾ: ਸਿਆਮ ਸੁੰਦਰ ਦਾਸ**—

'ਪੂਰੇ ਪੰਜਾਬ ਦੇਸ਼ ਦੀ ਬੋਲੀ ਨੂੰ 'ਪੰਜਾਬੀ' ਕਹਿ ਸਕੀਦਾ ਹੈ। ਕਈ ਲਿਖਾਰੀ ਪੂਰਬੀ ਤੇ ਪੱਛਮੀ ਪੰਜਾਬੀ ਦੋ ਭੇਦ ਕਰਦੇ ਹਨ ਪਰ ਭਾਸ਼ਾ-ਵਿਗਿਆਨੀ ਪੂਰਬੀ ਪੰਜਾਬੀ ਨੂੰ ਪੰਜਾਬੀ ਤੇ ਪੱਛਮੀ ਪੰਜਾਬੀ ਨੂੰ 'ਲਹਿੰਦਾ' ਕਹਿੰਦੇ ਹਨ।' [ਭਾਸ਼ਾ ਰਹੱਸ, ਪੰਨਾ 202]

25. **ਜੋਜ਼ਫ ਟੀ. ਸ਼ਿਪਲੇ**—

'Punjabi, the language of the Punjab, is spoken by over 15 million people and comprises several dialects. Three of these, the Western, the Northern and the Central, developed literary form'.

(Encyclopaedia of Literature) Vol. I., P. 552 (1946)

26. **ਡਾ: ਰਾਜਿੰਦਰ ਪ੍ਰਸਾਦ**—

'Language differs from area to area and not from community to community. Thus Bengali is the language of both Hindus and Musalmans of Bengal. So is Gujrati of Gujrat and Panjabi of the Punjab'. ['India Divided', P. 56

27. ਏ. ਸੀ. ਵੂਲਨਰ—

'Punjabi poetry has its own charm. Its language is more archaic than Urdu or Hindi.' ['ਪੰਜਾਬੀ ਸੂਫੀ ਪੁਇਟਸ' ਦੀ ਭੂਮਿਕਾ

28. ਚੌਧਰੀ ਸਰ ਸ਼ਹਾਬੁੱਦੀਨ—

'ਮੈਂ ਧੁੱਪੇ ਬਾਲ ਬੱਗੇ ਨਹੀਂ ਕੀਤੇ, ਮੇਰੇ ਪਿੰਡੇ ਨੇ ਤਜਰਬੇ ਦੀਆਂ ਕਈ ਛਾਵਾਂ, ਕਈ ਧੁਪਾਂ ਤੇ ਕਈ ਗਿੱਲਾਂ ਸੁੱਕਾਂ ਦੇਖੀਆਂ ਨੇ। ਮੈਂ ਇਹ ਵੇਖਿਆ ਜੇ ਕਿ ਹੀਰ ਵਾਰਸ ਸ਼ਾਹ ਨੂੰ ਪੰਜਾਬੀ ਵਿਚ ਇਤਨੀ ਚਾਹਤ ਮਿਲੀ ਏ ਜੇਹੜੀ ਡਾਕਟਰ ਸਰ ਮੁਹੰਮਦ ਇਕਬਾਲ ਜੇਹੇ ਬੇਨਜ਼ੀਰ ਲਿਆਕਤ ਵਾਲੇ ਸ਼ਾਇਰ ਦੀਆਂ ਕਿਤਾਬਾਂ ਨੂੰ ਵੀ ਨਹੀਂ ਮਿਲੀ। ਕਾਰਨ ਬਸ ਇਹ ਵੇ ਕਿ ਉਹ ਫਾਰਸੀ ਤੇ ਮੁਸ਼ਕਲ ਉਰਦੂ ਵਿਚ ਸ਼ੇਅਰ ਆਂਹਦੇ ਰਹੇ ਨੇ, ਪੀਰ ਵਾਰਸ ਸ਼ਾਹ ਹੋਰਾਂ ਪੰਜਾਬੀ ਵਿਚ ਸ਼ੇਅਰ ਬਣਾ ਕੇ ਸਾਰਾ ਪੰਜਾਬ ਅਪਣਾ ਆਸ਼ਕ ਬਣਾ ਲਿਆ ਏ।

ਰੱਬਾ ! ਸਾਡੇ ਦੇਸ਼ ਵਾਲਿਆਂ ਦੇ ਦਿਲਾਂ ਨੂੰ ਨਰਮ ਕਰ, ਜੋ ਏਸ ਗੱਲ ਨੂੰ ਸਮਝਣ ਯੋਗ ਹੋ ਜਾਣ ਕਿ ਜੇਹੜੀ ਬੋਲੀ ਵਿਚ ਅਜ ਉਹ ਦਿਨੇ ਰਾਤੀ ਘਰਾਂ ਵਿਚ ਉਚੀਆਂ ਨੀਵੀਆਂ ਤੇ ਅੰਦਰ ਬਾਹਰ ਦੀਆਂ ਗੱਲਾਂ ਕਰਦੇ ਨੇ ਤੇ ਇਨ੍ਹਾਂ ਵਿਚ ਵਡੇ ਵਡੇ ਆਲਮ, ਵਕੀਲ, ਬਰਿਸਟਰ, ਜੱਜ, ਅਖ਼ਬਾਰਾਂ ਵਾਲੇ ਤੇ ਫਲਸਫੇ ਛਾਂਟਣ ਵਾਲੇ ਵੀ ਨੇ, ਉਹ ਲਿਖਣ ਪੜ੍ਹਣ ਵਿਚ ਆ ਕੇ ਗਵਾਰਾਂ ਦੀ ਬੋਲੀ ਕਿਵੇਂ ਬਣ ਜਾਂਦੀ ਏ ? ਕੇਹੜੀ ਚੰਗੀ ਤੋਂ ਚੰਗੀ ਗੱਲ ਏ ਜਿਹੜੀ ਪੰਜਾਬੀ ਵਿਚ ਆ ਨਹੀਂ ਸਕਦੀ ?' (ਜੀਵਨ ਸੰਦੇਸ਼, ਪਟਿਆਲਾ ਪੰਨਾਂ 70)

29. ਮੌਲਾਨਾ ਅਬਦੁਲ ਮਜੀਦ ਸਾਲਿਕ—

'ਸਾਡੇ ਸੂਬੇ ਦੀ ਬੋਲੀ, ਸਾਡੀ ਮਾਦਰੀ ਜ਼ਬਾਨ ਜਿਦ੍ਹੇ ਵਿਚ ਅਸੀਂ ਰਾਤ ਦਿਨ ਅਪਣੇ ਘਰਾਂ ਵਿਚ ਤੇ ਅਪਣੇ ਦੋਸਤਾਂ ਯਾਰਾਂ ਨਾਲ ਗੱਲਾਂ ਕਰਨੇ ਆਂ, ਪੰਜਾਬੀ ਈ ਏ ਤੇ ਕਿਆਮਤ ਤਕ ਪੰਜਾਬੀ ਹੀ ਰਹੇਗੀ।' [ਪੰਜਾਬੀ, ਅਕਤੂਬਰ 1951 (ਲਾਹੌਰ)

30. ਡਾਕਟਰ ਮੁਹੰਮਦ ਬਾਕਰ—

'ਪੰਜਾਬੀ ਸਾਡੇ ਲੋਕਾਂ ਦੀ ਮਾਦਰੀ ਬੋਲੀ ਏ ਤੇ ਸਿੰਧ ਤੋਂ ਲੈ ਕੇ ਪਿਸ਼ਾਵਰ ਤਕ ਸਮਝੀ ਤੇ ਬੋਲੀ ਜਾਂਦੀ ਏ। ਜੋ ਸੌਖ ਤੇ ਸੁਆਦ ਅਪਣੀ ਮਿਠੀ ਪੰਜਾਬੀ ਬੋਲੀ ਵਿਚ ਮਹਿਸੂਸ ਕਰਨੇ ਆਂ ਉਹ ਹੋਰ ਕਿਸੇ ਜ਼ਬਾਨ ਵਿਚ ਨਹੀਂ।' [ਪੰਜਾਬੀ, ਅਕਤੂਬਰ 1951 (ਲਾਹੌਰ)

31. ਨਵਾਬਜ਼ਾਦਾ ਮਹਿਦੀ ਅਲੀ ਖ਼ਾਂ—

'ਸਾਡਿਆਂ ਪੜ੍ਹਿਆਂ ਹੋਇਆਂ ਨੂੰ ਪੰਜਾਬ ਵਿਚ ਪੈਦਾ ਹੋਣ ਉਤੇ ਤਾਂ ਫਖਰ ਏ ਤੇ ਆਪਣੇ ਦੇਸ਼ ਨਾਲ ਮੁਹੱਬਤ ਵੀ ਏ ਪਰ ਪੰਜਾਬੀ ਬੋਲੀ ਨਾਲ ਖ਼ਬਰੇ ਕਿਉਂ ਵੈਰ ਏ ? ਇਹ ਕੰਮ ਚੰਗਾ ਨਹੀਂ। ਅਸੀਂ ਇਹ ਨਹੀਂ ਆਖਦੇ ਪਈ ਤੁਸੀਂ ਦੂਜੀਆਂ ਜ਼ਬਾਨਾਂ ਛੱਡ ਦਿਓ, ਯਾ ਤੁਹਾਨੂੰ ਦੀ ਤਰੱਕੀ ਦੀ ਕੋਸ਼ਸ਼ ਨ ਕਰੋ, ਸਿਰਫ ਏਨੀ ਗੱਲ ਏ ਪਈ ਅਪਣੇ ਮਾਂ ਪਿਉ ਦੀ ਬੋਲੀ ਨੂੰ ਨਹੀਂ ਭੁੱਲਣਾ ਚਾਹੀਦਾ।

[ਪੰਜਾਬੀ, ਨਵੰਬਰ 1951 (ਲਾਹੌਰ)

32. ਮੀਆਂ ਅਬਦੁਲ ਅਜੀਜ਼ —

'ਪੰਜਾਬੀ ਉਰਦੂ ਤੋਂ ਵੀ ਪੁਰਾਣੀ ਜ਼ਬਾਨ ਹੈ, ਇਸ ਨੇ ਉਰਦੂ ਤੋਂ ਸ਼ਬਦ ਨਹੀਂ ਲਏ ਸਗੋਂ ਉਰਦੂ ਪੰਜਾਬੀ ਦੀ ਬਹੁਤ ਧੰਨਵਾਦੀ ਹੈ। ਪੰਜਾਬੀ ਬੋਲੀ ਵਿਚ ਸਭ ਸਿਫਤਾਂ ਮੌਜੂਦ ਹਨ, ਜਿਹੜੀਆਂ ਇਸ ਨੂੰ ਇਕ ਉਚੇ ਦਰਜੇ ਦੀ ਸਾਹਿਤਕ ਬੋਲੀ ਬਣਾਉਣ ਲਈ ਕਾਫੀ ਹਨ.....।

ਦੁਨੀਆਂ ਵਿਚ ਸ਼ਾਇਦ ਇਸ ਵਕਤ ਤਿੰਨ ਹੀ ਅਜੇਹੀਆਂ ਰਸੀਲੀਆਂ ਬੋਲੀਆਂ ਹਨ—ਹਿੰਦੀ, ਫਾਰਸੀ ਤੇ ਫਰੈਂਚ। ਤੇ ਜੇਕਰ ਤੁਸੀਂ ਨਾਰਾਜ਼ ਨ ਹੋਵੋ ਤੇ ਤੁਸੀਂ ਪੰਜਾਬੀ ਨੂੰ ਇਕ ਜ਼ਬਾਨ ਮੰਨ ਲਵੋ ਤਾਂ ਮੈਂ ਇਸ ਦੀ ਦਿਸਦੀ ਖੁਸ਼ਕੀ ਤੇ ਕਰਖ਼ਤਗੀ ਦੇ ਹੁੰਦਿਆਂ ਵੀ ਚੌਥੀ ਥਾਂ ਪੰਜਾਬੀ ਨੂੰ ਦਿਆਂਗਾ।' (ਹੀਰ ਵਾਰਸ ਸ਼ਾਹ, ਮੁਖਬੰਧ, ਪੰਨਾ 20-22)

33. ਮੌਲਾ ਬਖਸ਼ ਕੁਸ਼ਤਾ—

'ਪੰਜਾਬੀ ਪੰਜਾਂ ਦਰਿਆਵਾਂ—ਸਤਲੁਜ, ਬਿਆਸ, ਰਾਵੀ, ਝਨਾਂ ਤੇ ਜੇਹਲਮ, ਪੰਜਾਂ ਬਾਰਾਂ-ਅਰਥਾਤ ਸਾਂਦਲ ਬਾਰ (ਸ਼ੇਖੂਪੁਰਾ ਲਾਇਲਪੁਰ), ਨੀਲੀ ਬਾਰ (ਪਾਕਪਟਨ ਆਦਿਕ), ਗੰਜੀ ਬਾਰ (ਮਿੰਟਗੁਮਰੀ ਆਦਿਕ), ਕਰਾਨਾ ਬਾਰ (ਝੰਗ ਆਦਿਕ) ਅਤੇ ਥਲ ਬਾਰ (ਸਿੰਧ ਆਦਿਕ) ਅਤੇ ਬਹੁਤ ਕਰ ਕੇ ਪੰਜਾਂ ਬੋਲੀਆਂ—ਮਾਝੀ (ਲਾਹੌਰ, ਅੰਮ੍ਰਿਤਸਰ), ਪੋਠੋਹਾਰੀ (ਗੁਜਰਾਤ, ਜੇਹਲਮ ਆਦਿਕ), ਮਲਵਈ (ਪਟਿਆਲਾ ਫੀਰੋਜ਼ਪੁਰ ਆਦਿਕ), ਦੁਆਬੀ (ਜਲੰਧਰ, ਹੁਸ਼ਿਆਰਪੁਰ ਆਦਿਕ), ਅਤੇ ਮੁਲਤਾਨੀ (ਮੁਲਤਾਨ, ਬਹਾਵਲਪੁਰ, ਮੁਜ਼ਫਰ ਗੜ੍ਹ ਆਦਿਕ) ਦਾ ਮਿਲਗੋਭਾ ਹੈ। ਜਿਸ ਤਰ੍ਹਾਂ ਦਰਿਆਵਾਂ ਵਿਚ ਰਾਵੀ ਵਿਚਕਾਰ ਹੈ, ਇਸੇ ਤਰ੍ਹਾਂ ਬਾਰਾਂ ਵਿਚ ਸਾਂਦਲ ਬਾਰ ਅਰ ਬੋਲੀਆਂ ਵਿਚੋਂ ਮਾਝੀ ਬੋਲੀ ਦਰਮਿਆਨ ਵਿਚ ਹੈ.....। ਹੁਣ ਇਸ ਗੱਲ ਵਿਚ ਕਿਸੇ ਸ਼ੱਕ ਸ਼ੁਬਹੇ ਦੀ ਗੁੰਜਾਇਸ਼ ਨਹੀਂ ਕਿ ਲਾਹੌਰ ਅੰਮ੍ਰਿਤਸਰ ਦੀ ਬੋਲੀ ਹੀ ਪੰਜਾਬੀ ਦੀ ਕੇਂਦਰੀ ਜ਼ਬਾਨ ਹੈ। ਇਨ੍ਹਾਂ ਦੋਹਾਂ ਸ਼ਹਿਰਾਂ ਵਿਚ ਤਾਲੀਮੀ, ਭਾਈਚਾਰਕ ਤੇ ਧਾਰਮਕ ਪ੍ਰਚਾਰ ਲਈ ਬੜੇ ਬੜੇ ਛਾਪੇਖ਼ਿਆਂ ਅਤੇ ਪੁਸਤਕ-ਭੰਡਾਰਾਂ ਦੀ ਹੋਂਦ ਨੇ ਪੰਜਾਬੀ ਬੋਲੀ ਨੂੰ ਕਿਤਾਬਾਂ ਦੇ ਰਾਹੀਂ ਪੰਜਾਬ ਦੇ ਚੱਪੇ ਚੱਪੇ ਵਿਚ ਇਕ ਰੂਪ ਕਰ ਦਿਤਾ ਹੈ।'

[ਪੰਜਾਬ ਦੇ ਹੀਰੇ, ਪੰਨਾ 28, 29]

34. ਡਾਕਟਰ ਫਕੀਰ ਮੁਹੰਮਦ ਫਕੀਰ—

'ਪੰਜਾਬੀ ਈ ਅਸਲ ਵਿਚ ਉਰਦੂ ਦੀ ਮਾਂ ਏ ਤੇ ਇਹਨੇ ਅਪਣਾ ਬਹੁਤਾ ਵਰਤਾਰਾ ਜਾਂ ਅਪਣੀ ਬਨਾਵਟ ਦੀਆਂ ਤਰਕੀਬਾਂ ਪੰਜਾਬੀ ਕੋਲੋਂ ਈ ਲੈ ਕੇ ਆਪਣੇ ਆਪ ਨੂੰ ਬਣਾਇਆ ਸੁਵਾਰਿਆ ਏ। ਫਿਰ ਸਮਝ ਨਹੀਂ ਆਉਂਦੀ ਜਦ ਕੱਲ ਦੇ ਗੁੱਝੇ ਪੰਜਾਬੀ ਬੱਲ, ਉਰਦੂ ਦੇ ਸੁੰਦਰ ਰੂਪ ਦਾ ਸ਼ਿੰਗਾਰ ਨੇ ਤੇ ਅਜ ਦੀ ਪੰਜਾਬੀ ਕਿਤੇ ਉਰਦੂ ਦੇ ਖੋੜੇ ਦਾ ਵਸੇਬਾ ਨਹੀਂ ਬਣ ਸਕਦੀ?' [ਪੰਜਾਬੀ, ਮਈ 1952 (ਲਾਹੌਰ)

35. ਪ੍ਰਿੰਸੀਪਲ ਤਾਜ ਮੁਹੰਮਦ—

'ਸੂਬਾਈ ਜ਼ਬਾਨਾਂ ਨੂੰ ਤੇ ਖਾਸ ਕਰ ਕੇ ਪੰਜਾਬੀ ਨੂੰ ਉਰਦੂ ਦਾ ਮੁਕਾਬਲਾ ਨਹੀਂ ਸਮਝਣਾ ਚਾਹੀਦਾ, ਸਗੋਂ ਇਕ ਦੂਸਰੇ ਦੀ ਤਰੱਕੀ ਸਮਝਣੀ ਚਾਹੀਦੀ ਏ ਤੇ ਪੰਜਾਬੀ ਤੇ ਹੈ ਈ ਅਸਲ ਵਿਚ ਉਰਦੂ ਦਾ ਹੀ ਇਕ ਹਿਸਾ। ਦੋਹਾਂ ਵਿਚ ਬਹੁਤੇ ਲਫਜ਼ ਸਾਂਝੇ ਨੇ ਤੇ ਥੋੜੇ ਜੇਹੇ ਲਫਜ਼ਾਂ ਦਾ ਤਰੀਕਾ ਜੁਦਾ ਏ—ਜ਼ਬਾਨਾਂ ਦੋਨੋਂ ਪੰਜ ਥੀ—ਅਪਣੇ ਸੂਬੇ ਲਈ, ਤੇ ਉਰਦੂ ਸਾਰੇ ਪਾਕਿਸਤਾਨ ਲਈ ਬੜੀ ਸੋਹਣੀ ਤਰ੍ਹਾਂ ਖਿਦਮਤ ਕਰ ਸਕਦੀਆਂ ਨੇ।' [ਪੰਜਾਬੀ, ਜਨਵਰੀ 1952 (ਲਾਹੌਰ)

36. ਪੰਡਤ ਰਵਿ ਸ਼ੰਕਰ ਸ਼ੁਕਲ—

'Punjabi is indisputably their mother tongue, the speech in which the voice of every Panjabi finds its first utterance, the language of every Panjabi home and the language which accompanies every Panjabi from the cradle to the grave.

Mother tongue is infinitely sweeter than the sweetest tongue. Panjabi literature, geets and folklore express the longings, joys and sorrows which Panjabis have experienced through the centuries Panjabi is the essential part of the very being of the Panjabis; without it, they will be cut off from their past. without Panjabi, the Panjab will be anything but Punjab.

[Language —Policy of All India Radio]

37. ਸ੍ਰੀ ਮਦਨ ਗੋਪਾਲ—

'ਅਜ ਕਲ ਪੰਜਾਬ ਵਿਚ ਇਕ ਨਿਰਾਲੀ ਖੇਲ ਚਲ ਰਹੀ ਹੈ। ਖਾਸ ਪੰਜਾਬ ਦੀਆਂ 98 ਫੀ ਸਦੀ ਔਰਤਾਂ ਪੰਜਾਬੀ ਬੋਲਦੀਆਂ ਹਨ, ਮੁਸ਼ਕਲ ਨਾਲ ਦੋ ਫੀ ਸਦੀ ਹਿੰਦੀ ਯਾ ਉਰਦੂ ਸਮਝ ਸਕਦੀਆਂ ਹਨ। ਲੇਕਿਨ ਉਥੋਂ ਦੇ ਮੁਸਲਮਾਨ ਕਹਿੰਦੇ ਹਨ ਸਾਡੀ 'ਮਾਦਰੀ ਜ਼ਬਾਨ' ਉਰਦੂ ਹੈ, ਹਿੰਦੂ ਕਹਿੰਦੇ ਹਨ ਸਾਡੀ 'ਮਾਤ੍ਰੀ-ਭਾਸ਼ਾ' ਹਿੰਦੀ ਹੈ। ਚੂੰਕਿ ਸਿਖ ਪੰਜਾਬੀ ਨੂੰ ਆਪਣੀ ਮਾਤ-ਬੋਲੀ ਮੰਨਦੇ ਹਨ ਇਸ ਲਈ ਉਥੋਂ ਦੇ ਹਿੰਦੂ ਪੰਜਾਬੀ ਨੂੰ ਮਾਂ-ਬੋਲੀ ਮੰਨਣ ਲਈ ਤਿਆਰ ਨਹੀਂ। ਦੇਖੋ, ਇਸ ਦਾ ਕੀ ਨਤੀਜਾ ਨਿਕਲਦਾ ਹੈ, ਰੱਬ ਜ ਣੇ। [ਭਾਸ਼ਾ, ਪੰਨਾ 99]

38. ਡਾ: ਹਰੀ ਰਾਮ ਗੁਪਤਾ—

'The majority of the people in the punjab spoke the Panjabi language. In the north-west it had a good deal of mixture of Pashto, in the south-west some combination of Sindhi, and in the south-east a large amalgamation of Hindi and Urdu'.‡ [History of the Sikhs Vol. III P. 168]

39. ਪ੍ਰਿੰਸੀਪਲ ਤੇਜਾ ਸਿੰਘ—

'ਪੰਜਾਬ ਦੀ ਬੋਲੀ ਪੰਜਾਬੀ ਹੈ—ਜਿਸ ਵਿਚ ਮਾਲਵਾ, ਦੁਆਬਾ, ਮਾਝਾ, ਬਾਰ, ਮੁਲਤਾਨ, ਧੰਨੀ ਧੋਠੋਹਾਰ ਸ਼ਾਮਲ ਹਨ। ਕਈ ਲੋਕ ਗ੍ਰੀਅਰਸਨ ਦੇ ਪਿਛੇ ਲਗ ਕੇ ਲਹਿੰਦੇ ਪਾਸੇ ਦੀ ਬੋਲੀ ਨੂੰ ਪੰਜਾਬੀ ਵਿਚੋਂ ਕੱਢ ਦਿੰਦੇ ਹਨ ਪਰ ਇਹ ਠੀਕ ਨਹੀਂ। ਲਹਿੰਦੀ ਪੰਜਾਬੀ ਦਾ ਨਿੱਗਰ ਅੰਗ ਹੈ। ਇਸ ਦਾ ਸਾਹਿਤ ਪੰਜਾਬੀ ਦਾ ਮਾਣ ਹੈ। ਕਈਆਂ ਗੱਲਾਂ ਵਿਚ ਜਿਤਨੀ ਲਹਿੰਦੀ ਮਾਝੀ ਦੇ ਨੇੜੇ ਹੈ, ਉਤਨੀ ਮਲਵਈ ਨਹੀਂ।' [ਸਾਹਿੱਤ ਦਰਸ਼ਨ, ਪੰਨਾ 20-21]

40. ਡਾ: ਮੋਹਨ ਸਿੰਘ—

'Punjabi is the successor, in the plains watered by the five rivers, of Abhiri and Gurjari Apabhramsas and of the Khatris.' [P. 21] Panjabi is the composite language of a composite people, the basis of whose structure is agricultural and the super structure military.'

[ਐਨ ਇੰਟਰੋਡਕਸ਼ਨ ਟੂ ਪੰਜਾਬੀ ਲਿਟ੍ਰੇਚਰ, ਪੰਨਾ 257

‡ਲੁਧਿਆਣਾ ਡਿਸਟ੍ਰਿਕਟ ਗਜ਼ਟੀਅਰ (ਪੰਨਾ 59) ਦੇ ਹਵਾਲੇ ਨਾਲ।

Sri Satguru Jagjit Singh Ji eLibrary NamdhariElibrary@gmail.com

41. **ਪੰਡਤ ਰਾਮ ਸਰਨ ਦਾਸ—**

'ਇਨ੍ਹਾਂ ਪੰਜਾਬੀ ਗੀਤਾਂ ਦੇ ਪੜ੍ਹਨ ਨਾਲ ਪੜ੍ਹਨ ਵਾਲਿਆਂ ਨੂੰ ਕਈ ਨਵੀਆਂ ਨਵੀਆਂ ਤਰਜ਼ਾਂ, ਨਵੀਆਂ ਬੰਦਸ਼ਾਂ, ਤੇ ਨਵੇਂ ਨਵੇਂ ਮੀਟਰਾਂ ਦਾ ਗਿਆਨ ਹੋਵੇਗਾ ਤੇ ਤਾਂ ਉਨ੍ਹਾਂ ਨੂੰ ਪਤਾ ਲਗੇਗਾ ਕਿ ਪੰਜਾਬੀ ਜ਼ਬਾਨ ਕੋਈ ਭੁੱਖੀ ਨੰਗੀ ਜ਼ਬਾਨ ਨਹੀਂ ਜਿਨ੍ਹੂੰ ਕਿ ਦੂਜੀਆਂ ਜ਼ਬਾਨਾਂ ਦੀਆਂ ਤਰਜ਼ਾਂ ਨਕਲ ਕਰਨ ਦੀ ਲੋੜ ਹੋਵੇ। ਪੰਜਾਬੀ ਜ਼ਬਾਨ ਵਿਚ ਸਭ ਕੁਝ ਮੌਜੂਦ ਹੈ, ਸਿਰਫ ਖੋਜਣ ਦੀ ਲੋੜ ਏ।'

[ਪੰਜਾਬ ਦੇ ਗੀਤ, ਪੰਨਾ 15

42. **ਕਰਨਲ ਭੋਲਾ ਨਾਥ—**

'ਮਾਲੂਮ ਹੁੰਦਾ ਏ ਜੋ ਪੰਜਾਬੀ ਬੋਲੀ ਵਿਚ ਉਪਰੀਆਂ ਬੋਲੀਆਂ ਤੋਂ ਮੱਦਤ ਲੈਣ ਦੀ ਸ਼ਕਤੀ ਤੇ ਕਾਬਲੀਅਤ ਅੱਤ ਦੀ ਹੈ। ਪੰਜਾਬੀ ਦੀ ਉਠਕ ਬੈਠਕ, ਚਾਲ ਢਾਲ, ਉਰਦੂ, ਅੰਗਰੇਜ਼ੀ, ਹਿੰਦੀ ਨਾਲ ਰਲਦੀ ਹੈ।'

[ਸਾਰੰਗ, ਰਸਾਲਾ ਅਗਸਤ 1931

43. **ਡਾ. ਬਨਾਰਸੀ ਦਾਸ—**

'ਪੰਜਾਬ ਦੇ ਸਾਰੇ ਵਸਨੀਕ ਚਾਹੇ ਉਹ ਹਿੰਦੂ, ਸਿਖ, ਮੁਸਲਮਾਨ, ਈਸਾਈ ਹੋਣ, ਠੇਠ ਪੰਜਾਬੀ ਬੋਲਦੇ ਤੇ ਸਮਝ ਸਕਦੇ ਹਨ। [ਪੰਜਾਬੀ ਜ਼ਬਾਨ ਤੇ ਉਹਦਾ ਲਿਟ੍ਰੇਚਰ, ਪੰਨਾ 33

'ਪੰਜਾਬੀ ਭਾਸ਼ਾ ਦੇ ਉਚਾਰਣ ਵਿਚ ਇਕ ਅਜੇਹੀ ਵਿਸ਼ੇਸ਼ਤਾ ਹੈ, ਜਿਹੜੀ ਏਸ ਨੂੰ ਭਾਰਤ ਦੀਆਂ ਹੋਰਨਾਂ ਭਾਸ਼ਾਵਾਂ ਨਾਲੋਂ ਵੱਖਰਾ ਕਰਦੀ ਹੈ।' [ਜੀਵਨ ਸੰਦੇਸ਼, ਪਟਿਆਲਾ ਪੰਨਾ 29

44. **ਪ੍ਰੋ: ਦੁਨੀਚੰਦ---**

'ਪੰਜਾਬ ਦੇ ਹਿੰਦੂ ਮੁਸਲਮਾਨਾਂ ਵਲੋਂ ਜੋ ਪੰਜਾਬੀ ਨਾਲ ਲਾਪ੍ਰਵਾਹੀ ਕੀਤੀ ਜਾਂਦੀ ਹੈ, ਕੀ ਇਸ ਨਾਲ ਪੰਜਾਬ ਘਾਟੇ ਵਿਚ ਨਹੀਂ ਰਹੇਗਾ ? ਕੀ ਪੰਜਾਬ ਦੇ ਹਿੰਦੂਆਂ ਮੁਸਲਮਾਨਾਂ ਨੂੰ ਇਹ ਭਰੋਸਾ ਹੈ ਕਿ ਉਹ ਪੰਜਾਬ ਦੀ ਜਨ-ਸਧਾਰਣ ਦੀ ਬੋਲੀ ਨੂੰ ਮਿਟਾ ਕੇ 'ਹਿੰਦੁਸਤਾਨੀ' ਨੂੰ ਇਸ ਪ੍ਰਾਂਤ ਦੀ ਬੋਲੀ ਬਣਾਉਣ ਵਿਚ ਸਫਲ ਹੋ ਜਾਣਗੇ ? ਕੀ ਇਹ ਚੰਗਾ ਨਹੀਂ ਹੋਵੇਗਾ ਜੋ ਬੰਗਾਲੀਆਂ ਵਾਂਙ ਪੰਜਾਬੀ ਵੀ ਪੰਜਾਬ ਦੀ ਬੋਲੀ ਨੂੰ ਮੁਖ ਸਮਝਦੇ ਹੋਏ ਹਿੰਦੁਸਤਾਨੀ ਨੂੰ ਸਾਰਥ-ਦੇਸੀ—ਕੌਮੀ ਬੋਲੀ ਹੀ ਸਮਝਣ। ਮੈਨੂੰ ਆਸ ਹੈ ਪੰਜਾਬ ਦੇ ਲੋਕ ਇਨ੍ਹਾਂ ਸਵਾਲਾਂ ਵਲ ਧਿਆਨ ਦੇ'ਦੇ ਹੋਏ ਆਪਣੀ ਮਾਤ ਭਾਸ਼ਾ ਸਬੰਧੀ ਫਰਜ਼ ਨੂੰ ਪਾਲਣਗੇ।

[ਪੰਜਾਬੀ ਔਰ ਹਿੰਦੀ ਕਾ ਭਾਸ਼ਾ ਵਿਗਿਆਨ, ਪੰਨਾ 32

'ਮਤਲਬ ਇਹ ਕਿ ਇਨ੍ਹਾਂ ਹਿੰਦੀ ਤੇ ਪੰਜਾਬੀ ਦੋਹਾਂ ਬੋਲੀਆਂ ਵਿਚ ਭੇਦ ਕਿਤੇ ਕਿਤੇ ਹੀ ਨਜ਼ਰੀ ਪੈਂਦਾ ਹੈ, ਜ਼ਿਆਦਾ ਗੱਲਾਂ ਵਿਚ ਸਮਾਨਤਾ ਹੀ ਪਾਈ ਜਾਂਦੀ ਹੈ। ਇਹ ਸਮਾਨਤਾ ਹੋਵੇ ਵੀ ਕਿਉਂ ਨਾ ਜਦੋਂ ਕਿ ਇਹ ਦੋਵੇਂ ਬੋਲੀਆਂ ਇਕੋ ਹੀ ਮਾਂ—ਸ਼ੌਰਸੈਨੀ ਅਪਭ੍ਰੰਸ਼ ਦੀਆਂ ਧੀਆਂ ਹਨ। [ਉਪਰਲੀ ਪੁਸਤਕ, ਪੰਨਾ 45

45. **ਲਾਲਾ ਧਨੀ ਰਾਮ ਚਾਤ੍ਰਿਕ—**

'ਪੰਜਾਬੀ ਬੋਲੀ ਗਵਾਰਾਂ ਦੀ ਬੋਲੀ ਨਹੀਂ, ਸਭਯ ਲੋਕਾਂ ਦੀ ਬੋਲੀ ਹੈ; ਜੋ ਸੱਠ, ਸੱਤਰ ਵਰ੍ਹਿਆਂ ਤੋਂ ਧੁਪਦੀ ਮੰਜਦੀ ਆ ਰਹੀ ਹੈ। ਇਸ ਵਰਗੀ ਮਿੱਠੀ ਤੇ ਆਦਰ-ਭਰੀ ਬੋਲੀ ਹੋਰ ਕੋਈ ਨਹੀਂ।'

[ਜੀਵਨ ਸੰਦੇਸ਼, ਪਟਿਆਲਾ ਪੰਨਾ 49

46. **ਸ੍ਰੀ ਬਲਰਾਜ ਸਾਹਨੀ**—

'ਆਪਣੀ ਭਾਸ਼ਾ ਤੇ ਆਪਣੀ ਤਹਿਜ਼ੀਬ ਉਪਰ ਮਾਣ ਕਰਨ ਵਾਲੇ ਪੰਜਾਬੀਆਂ ਦੀ ਗਿਣਤੀ ਬਹੁਤ ਘਟ ਤੇ ਘ੍ਰਿਣਾ ਕਰਨ ਵਾਲੇ ਪੰਜਾਬੀਆਂ ਦੀ ਗਿਣਤੀ ਬਹੁਤ ਹੈ।'

'ਮੈਨੂੰ ਅਫਸੋਸ ਹੈ ਕਿ ਮੈਂ ਪੰਜਾਬੀ ਵਿਚ ਲਿਖਣਾ ਸ਼ੁਰੂ ਨਾ ਕੀਤਾ। ਜੇ ਬੰਗਾਲੀਆਂ ਬੰਗਾਲੀ ਨਹੀਂ ਛਡੀ ਤਾਂ ਪੰਜਾਬੀ, ਪੰਜਾਬੀ ਕਿਉਂ ਛੱਡਣ ?

[ਪੰਜ ਦਰਿਆ, ਸਤੰਬਰ-ਅਕਤੂਬਰ 1950

47. **ਪ੍ਰੋ: ਸੀਤਾ ਰਾਮ ਬਾਹਰੀ**—

'ਅਜ ਸੂਫੀ ਵਿਚਾਰਾਂ ਨੂੰ ਪ੍ਰਗਟ ਕਰਨ ਲਈ, ਮੇਰਾ ਖ਼ਿਆਲ ਹੈ ਕਿ ਪੰਜਾਬੀ ਤੋਂ ਵਧ ਹਿੰਦੁਸਤਾਨ ਵਿਚ ਹੋਰ ਕੋਈ ਬੋਲੀ ਨਹੀਂ।' [ਪੰਜਾਬੀ ਦੁਨੀਆਂ, ਪਟਿਆਲਾ (ਨਵੰਬਰ 50)

48. **ਚੌਧਰੀ ਜੋਸ਼ੂਆ ਫਜ਼ਲ ਦੀਨ**—

'ਕੀ ਪੰਜਾਬੀ ਇਕ ਖਿਚੜੀ ਏ ਤੇ ਇਹਦੀ ਆਪਣੀ ਸ਼ਖਸੀਅਤ ਤੇ ਇਹਦਾ ਆਪਣਾ ਆਦਰਸ਼ ਕੋਈ ਨਹੀਂ ? ਨਹੀਂ, ਹੈ ਤੇ ਜ਼ਰੂਰ। ਬਲਕਿ ਇਹਦੀ ਸ਼ਖਸ਼ੀਅਤ ਪੰਜਾਬ ਦੇਸ਼ ਦੀ ਸ਼ਖਸ਼ੀਅਤ ਵਾਂਙ ਅਜੇਹੀ ਏ ਜਿਹਦੇ ਸਾਹਮਣੇ ਹਿੰਦੁਸਤਾਨੋਂ ਬਾਹਰ ਵੀ ਕਈ ਦੇਸਾਂ ਨੂੰ ਸਿਰ ਨੀਵਾਂ ਕਰਨਾ ਪਏਗਾ। ਹਾਂ, ਜੇ ਇਹ ਘਰੋਗੀ ਬੇਇਨਸਾਫੀ ਤੋਂ ਬਚ ਜਾਏ ਤਾਂ।

[ਪੰਜਾਬੀ ਦਰਬਾਰ ਲਾਹੌਰ (1928)

49. **W. P. ਹੇਅਰਜ਼**—

"The language of the Punjab is rich in Proverbs. I have been able to collect together 850, but there must be many more in daily use which will not be found in this book."

['ਏ ਕੁਲੈਕਸ਼ਨ ਆਫ 850 ਪੰਜਾਬੀ ਪ੍ਰਾਵਰਬਜ਼ ਐਂਡ 5850 ਇਡੀਓਮੈਟਿਕ ਸਨਟੈਨਸਜ਼' ਦੇ ਮੁਖਬੰਧ ਵਿਚ]

50. **ਸ: ਗਿਆਨ ਸਿੰਘ ਰਾੜੇਵਾਲਾ**—

'ਪੰਜਾਬੀ ਬੋਲੀ ਮਾਂ ਦੇ ਦੁਧ ਦੇ ਹਰੇਕ ਘੁਟ ਨਾਲ ਸਾਡੇ ਅੰਦਰ ਰਚੀ, ਇਸੇ ਵਿਚ ਅਸੀਂ ਪੰਘੂੜਿਆਂ ਤੇ ਲੋਰੀਆਂ ਸੁਣੀਆਂ। ਇਸ ਦੇ ਮਿਠੇ ਲੋਕ-ਗੀਤਾਂ ਵਿਚ ਸਾਡਾ ਬਚਪਨ ਮੌਲਿਆ। ਇਸੇ ਵਿਚ ਅਸੀਂ ਮੁਹੱਬਤਾਂ ਦੇ ਇਕਰਾਰ ਦਿਤੇ ਲਏ ਤੇ ਮਿਤਰਾਂ ਨਾਲ ਨਿੱਘ ਮਾਣਿਆ, ਇਸੇ ਵਿਚ ਬੱਚਿਆਂ ਨੂੰ ਲਡਾਇਆ ਅਤੇ ਫੈਰੀ ਧਮਕਾਏ। ਇਸੇ ਵਿਚ ਅਸੀਂ ਈਸ਼ਵਰ-ਭਗਤੀ ਕੀਤੀ ਅਤੇ ਇਸੇ ਦੀ ਗੋਦ ਵਿਚ ਹੀ ਸੁਆਸ ਤਿਆਗੇ।

ਜੇ ਸਾਨੂੰ ਆਪਣੇ ਪੰਜਾਬ ਨਾਲ ਪਿਆਰ ਹੈ ਤਾਂ ਸਾਨੂੰ ਆਪਣੀ ਬੋਲੀ ਦੁਪਿਆਰੀ ਕਿਉਂ ? ਕੋਈ ਬੰਗਾਲੀ, ਕੋਈ ਗੁਜਰਾਤੀ, ਕੋਈ ਮਦਰਾਸੀ ਆਪਣੀ ਬੋਲੀ ਦੀ ਨਿਰਾਦਰੀ ਨਹੀਂ ਸਹਿੰਦਾ, ਫੇਰ ਪੰਜਾਬੀ ਕੀ ਤੇ ਬੋਲੀ ਦਾ ਅਪਮਾਨ ਕੀ ?

(ਰਿਪਦਮਨ ਕਾਲਜ ਨਾਭਾ, ਵਿਚ ਦਿਤੇ ਦੀਖਿਆਂਤ ਭਾਸ਼ਣ ਵਿਚੋਂ)

51. **ਸ੍ਰੀ ਗੁਰਦਿਤਾ ਖੰਨਾ**—

'ਭਾਵੇਂ ਕੋਈ ਕੁਝ ਕਹੇ ਪਰ ਅਸਲ ਵਿਚ ਪੰਜਾਬ ਦੀ ਬੋਲੀ ਪੰਜਾਬੀ ਹੀ ਹੈ ਤੇ ਇਹ ਉਤਨੀ ਹੀ ਪੁਰਾਣੀ ਹੈ ਜਿਤਨੇ ਕਿ ਪੁਰਾਣੇ ਹਿੰਦੁਸਤਾਨ ਦੇ ਆਰੀਏ ਹਨ। .... ਤਾਹੀਓਂ ਇਕ

ਵਾਰੀ ਹਿੰਦੀ ਦੇ ਬਹੁਤ ਉਚੇ ਕਵੀ ਲੇਖਕ ਤੇ ਖੋਜੀ ਬਾਬੂ ਜਗਨ ਨਾਥ ਦਾਸ 'ਰਤਨਾਕਰ' ਬੀ. ਏ. ਨੇ ਸ਼ਿਮਲੇ ਵਿਚ ਹਿੰਦੀ ਸਾਹਿਤ ਸੰਮੇਲਨ ਦੀ ਪ੍ਰਧਾਨਗੀ ਕਰਦਿਆਂ ਕਿਹਾ ਸੀ :

'ਪੰਜਾਬੀ ਹਿੰਦੀ ਦੀ ਮਾਂ ਹੈ।'

'ਜੋ ਵੀ ਹੋਵੇ, ਪੰਜਾਬੀ ਇਕ ਮੁਕੰਮਲ ਜ਼ਬਾਨ ਹੈ, ਇਸ ਦਾ ਇਤਿਹਾਸ ਬਹੁਤ ਸ਼ਾਨਦਾਰ ਹੈ।.....ਜੇ ਕਰ ਪੰਜਾਬ ਨੇ ਜੀਊਣਾ ਹੈ, ਪੰਜਾਬੀ ਸਭਿਆਚਾਰ ਨੇ ਰਹਿਣਾ ਹੈ ਤਾਂ ਪੰਜਾਬੀ ਸਭ ਨੂੰ ਅਪਣਾਉਣੀ ਹੀ ਪਉ, ਉਹ ਵੀ ਗੁਰਮੁਖੀ ਅੱਖਰਾਂ ਵਿਚ। ਹੋਰਨਾਂ ਵਿਚ ਨ ਇਸ ਦਾ ਸ਼ੁੱਧ ਉਚਾਰਣ ਹੋ ਸਕਦਾ ਹੈ ਤੇ ਨ ਇਹ ਜੀਊਂਦੀ ਰਹਿ ਸਕਦੀ ਹੈ।'

[ਪੰਜਾਬੀ ਦੁਨੀਆਂ, ਪਟਿਆਲਾ ਅਪਰੈਲ 1950]

52. ਪ੍ਰੋ: ਓਮ ਪ੍ਰਕਾਸ਼ ਕਹੋਲ—

'ਪੰਜਾਬੀ ਭਾਸ਼ਾ ਸੰਸਾਰ ਦੀਆਂ ਸਭ ਭਾਸ਼ਾਵਾਂ ਤੋਂ ਸਥਿਰ ਅਤੇ ਸੰਸਕ੍ਰਿਤ ਦੇ ਨੇੜੇ ਹੈ। ਇਸ ਅਦੁਤੀਯ ਸੰਪਤੀ ਦੀ ਰੱਖਿਆ, ਮੈਂ ਆਪਣੇ ਜੀਵਨ ਦਾ ਇਕ ਮੁੱਖ ਉਦੇਸ਼ ਸਮਝਦਾ ਹਾਂ।'

53. ਸ. ਰਾਜਿੰਦਰ ਸਿੰਘ ਬੇਦੀ – ਇਹ ਗੱਲ ਸਾਬਤ ਕਰਨ ਲਈ ਕਿ ਉਰਦੂ ਜ਼ਬਾਨ ਪੰਜਾਬੀ ਵਿਚੋਂ ਨਿਕਲੀ ਹੈ ਜਾਂ ਇਸ ਦੇ ਵਧਣ ਫਲਣ ਵਿਚ ਪੰਜਾਬੀ ਦਾ ਵੱਡਾ ਭਾਗ ਹੈ, ਮੈਨੂੰ ਹਾਫਿਜ਼ ਮਹਿਮੂਦ ਸ਼ੀਰਾਨੀ ਜਾਂ ਕਿਸੇ ਹੋਰ ਆਲੋਚਕ ਦੇ ਹਵਾਲੇ ਦੇਣ ਦੀ ਲੋੜ ਨਹੀਂ। ਵਲੀ ਦੱਕਨੀ ਤੋਂ ਲੈ ਕੇ ਖ਼ਾਕਾਨੀ ਤੇ ਸਰਵਰ ਤੀਕ ਉਰਦੂ ਦਾ ਕਲਾਮ ਅੱਧਾ ਪੰਜਾਬੀ ਮਾਲੂਮ ਹੁੰਦਾ ਹੈ। ਚਲੋ ਜੇ ਉਰਦੂ ਪੰਜਾਬੀ ਦੀ ਔਲਾਦ ਨਹੀਂ ਤਾਂ ਚਾਚੇ ਭਾਏ ਦੀ ਬੇਟੀ ਜ਼ਰੂਰ ਹੈ। ਇਹ ਸਾਰੇ ਸਿਲਸਿਲੇ ਕਾਰਣ ਹੀ ਉਰਦੂ ਦੀ ਜ਼ੁਲਫ ਪੰਜਾਬੀ ਯਾ ਪੰਜਾਬੀਆਂ ਨੇ ਹੀ ਸੰਵਾਰੀ ਹੈ।'

54. ਖ਼ਾਜਾ ਅਹਿਮਦ ਅੱਬਾਸ—

'ਮੈਂ ਪੰਜਾਬ ਦੇ ਉਸ ਖਿੱਤੇ ਦਾ ਜੰਮਪਲ ਹਾਂ ਜਿਥੇ ਦੀ ਬੋਲੀ ਪੰਜਾਬੀ ਨਹੀਂ ਪਰੰਤੂ ਪੰਜਾਬੀ ਸਾਡੇ ਲਹੂ ਵਿਚ ਸੀ, ਉਸ ਪੌਣ ਪਾਣੀ ਵਿਚ ਸੀ ਜਿਸ ਵਿਚ ਅਸੀਂ ਸਾਹ ਲੈਂਦੇ ਸੀ, ਉਸ ਪਾਣੀ, ਦੁੱਧ ਤੇ ਲੱਸੀ ਵਿਚ ਸੀ ਜੋ ਅਸੀਂ ਪੀਂਦੇ ਸਾਂ ਤੇ ਸਾਡੀਆਂ ਮਾਵੇਦਾਰ ਰੰਗੀਨ ਪੱਗਾਂ ਵਿਚ ਪੰਜਾਬੀ ਸੀ ਸੋ ਅਸੀਂ ਸਕੂਲ ਦੇ ਮੁਆਇਨੇ ਸਮੇਂ ਬੜੇ ਫਖਰ ਨਾਲ ਘੱਟ ਕੇ ਬੰਨ੍ਹਦੇ ਹੁੰਦੇ ਸਾਂ।

ਇਹ ਗ਼ਲਤ ਹੈ ਕਿ ਪੰਜਾਬੀ ਇਕ ਆਧੁਨਿਕ ਬੋਲੀ ਹੈ। ਹਿੰਦੀ ਆਪਣੇ ਹੁਣ ਵਾਲੀ ਮੌਜੂਦਾ ਸੂਰਤ ਵਿਚ ਪੰਜ ਸੌ ਸਾਲ ਤੋਂ ਪੁਰਾਣੀ ਨਹੀਂ, ਪਰ ਪੰਜਾਬੀ ਇਸ ਤੋਂ ਢੇਰ ਪ੍ਰਾਚੀਨ ਹੈ। ਹਿੰਦੁਸਤਾਨ ਇਕ ਤਰ੍ਹਾਂ ਦਾ ਅਨੋਖਾ ਬਗੀਚਾ ਹੈ ਜਿਸ ਵਿਚ ਵੰਨ ਸੁਵੰਨੇ ਫੁਲ ਲਗੇ ਹੋਏ ਹਨ ਤੇ ਪੰਜਾਬੀ ਇਨ੍ਹਾਂ ਵਿਚੋਂ ਇਕ ਟਹਿਕਦਾ ਮਹਿਕਦਾ ਫੁੱਲ ਹੈ।'

55. ਡਾ: ਹਰਦੇਵ ਬਾਹਰੀ—

'ਅਸੀਂ ਪੰਜਾਬੀ ਤੇ ਲਹਿੰਦੇ ਬੋਲਣ ਵਾਲੇ ਜਾਣਦੇ ਹਾਂ ਕਿ ਪੰਜਾਂ ਦਰਿਆਵਾਂ ਦੇ ਇਸ ਭੂ-ਭਾਗ ਦੀ ਭਾਸ਼ਾ ਇਕੋ ਹੈ। ਦੋ ਭਾਸ਼ਾਵਾਂ ਦਾ ਵਿਚਾਰ ਕਰਨਾ ਹਕੀਕਤ ਤੋਂ ਬਹੁਤ ਦੂਰ ਹੈ। ਪੱਛਮੀ ਪੰਜਾਬੀ ਬੋਲਣ ਵਾਲਿਆਂ ਨੂੰ ਪੂਰਬੀ ਪੰਜਾਬੀ ਕਿਧਰੇ ਲਿਖਣੀ ਨਹੀਂ ਪੈਂਦੀ।

[ਪੰਜਾਬੀ ਦੁਨੀਆ, ਪਟਿਆਲਾ ਭਾਸ਼ਾ ਅੰਕ]

56. **ਬਾਬੂ ਫੀਰੋਜ਼ਦੀਨ ਸ਼ਰਫ** —

ਮਿਲੇ ਮਾਣ ਪੰਜਾਬੀ ਨੂੰ ਦੇਸ਼ ਅੰਦਰ,
ਆਸ਼ਕ ਮੁਢੋਂ ਮੈਂ ਏਸ ਉਮੰਗ ਦਾ ਹਾਂ।
ਵਾਰਸ ਸ਼ਾਹ ਤੇ ਬੁਲ੍ਹੇ ਦੇ ਰੰਗ ਅੰਦਰ,
ਡੁੱਬ ਡੁੱਬ ਕੇ ਜ਼ਿੰਦਗੀ ਰੰਗਦਾ ਹਾਂ।
ਰਵ੍ਹਾਂ ਇਥੇ ਤੇ ਯੂ. ਪੀ. 'ਚ ਕਰਾਂ ਗੱਲਾਂ,
ਐਸੀ ਅਕਲ ਨੂੰ ਛਿੱਕੇ ਤੇ ਟੰਗਦਾ ਹਾਂ।
ਮੈਂ ਪੰਜਾਬੀ, ਪੰਜਾਬੀ ਦਾ 'ਸ਼ਰਫ' ਸੇਵਕ,
ਸਦਾ ਖੈਰ ਪੰਜਾਬੀ ਦੀ ਮੰਗਦਾ ਹਾਂ।

ਨੋਟ—ਮਾਤ-ਬੋਲੀ ਤੇ ਕੌਮੀ ਬੋਲੀ ਦੇ ਦਰਜੇ ਤੇ ਸਬੰਧਾਂ ਬਾਰੇ ਵੀ ਪ੍ਰਸਿਧ ਵਿਅਕਤੀਆਂ ਦੇ ਵਿਚਾਰ ਧਿਆਨ ਜੋਗ ਹਨ, ਇਹ ਵੀ ਨਮੂਨੇ ਮਾਤਰ ਪੇਸ਼ ਹਨ—

ਮਹਾਤਮਾ ਗਾਂਧੀ—

'ਮੈਂ ਇਸ ਮਤੇ ਦੀ ਦਿਲੋਂ ਪ੍ਰੋੜਤਾ ਕਰਦਾ ਹਾਂ ਕਿ ਮਾਤ-ਬੋਲੀ ਨੂੰ ਪਹਿਲਾ ਦਰਜਾ ਮਿਲਣਾ ਚਾਹੀਦਾ ਹੈ।' [ਹਰਿਜਨ ਸਵਕ 15, 8.36

'ਹਿੰਦੀ ਜਾ ਹਿੰਦੁਸਤਾਨੀ ਦੇ ਪ੍ਰਚਾਰ ਦਾ ਮੰਤਵ ਇਹ ਕਦੇ ਵੀ ਨਹੀਂ ਕਿ ਇਹ ਪ੍ਰਾਂਤਕ ਬੋਲੀਆਂ ਦਾ ਥਾਂ ਮੱਲੇ। ਇਹ ਤਾਂ ਉਨ੍ਹਾਂ ਦੀ ਮੱਦਦ ਲਈ ਤੇ ਅੰਤਰ-ਪ੍ਰਾਂਤਕ ਕੰਮਾਂ ਲਈ ਹੈ।'

[ਰਾਸ਼ਟਰ ਭਾਸ਼ਾ ਹਿੰਦੁਸਤਾਨੀ, ਪੰਨਾ 30

'ਇਸ ਲਈ ਠੀਕ ਤੇ ਹੱਣ ਯੋਗ ਗੱਲ ਇਹੋ ਹੈ ਕਿ ਹਰ ਪ੍ਰਾਂਤ ਵਿਚ ਉਸ ਪ੍ਰਾਂਤ ਦੀ ਬੋਲੀ, ਸਾਰੇ ਹਿੰਦ ਦੇ ਪਰਸਪਰ ਵਿਚਾਰ ਲਈ ਹਿੰਦੀ ਤੇ ਕੌਮਾਂਤਰੀ ਕੰਮਾਂ ਵਾਸਤੇ ਅੰਗਰੇਜ਼ੀ ਵਰਤੀ ਜਾਵੇ।'

[ਰਾਸ਼ਟਰ ਭਾਸ਼ਾ ਹਿੰਦੁਸਤਾਨੀ, ਪੰਨਾ 40

'ਦੇਹਾਤੀ ਬੋਲੀ ਵਿਚ ਮੈਨੂੰ ਜੋ ਮਿਠਾਸ ਦਿਸਦਾ ਹੈ, ਉਹ ਨ ਲਖਨਊ ਦੇ ਮੁਸਲਮਾਨ ਭਾਈਆਂ ਦੀ ਬੋਲੀ ਵਿਚ ਹੈ ਤੇ ਨਾ ਹੀ ਪ੍ਰਯਾਗ ਦੇ ਪੰਡਤਾਂ ਦੀ ਬੋਲੀ ਵਿਚ। ਬੋਲੀ ਉਹੋ ਸ਼ੁਧ ਹੈ, ਜਿਸ ਨੂੰ ਸਾਰੇ ਲੋਕ ਸਹਜੇ ਹੀ ਸਮਝ ਲੈਣ। ਜਿਵੇਂ ਛੋਟੀ ਜੇਹੀ ਪਹਾੜੀ ਤੋਂ ਨਿਕਲਣ ਵਾਲਾ ਝਰਨਾ ਜਲਦੀ ਸੁੱਕ ਜਾਂਦਾ ਹੈ, ਉਸੇ ਤਰ੍ਹਾਂ ਸੰਸਕ੍ਰਿਤ-ਮਈ ਹਿੰਦੀ ਯਾ ਫਾਰਸੀ-ਮਈ ਹਿੰਦੀ ਦੀ ਹਾਲਤ ਹੋਵੇਗੀ। ਦੇਹਾਤੀ ਬੋਲੀ ਹਿਮਾਲੀਆ ਤੋਂ ਨਿਕਲਦੀ ਗੰਗਾ ਵਾਂਙ ਸਦਾ ਵਹਿੰਦੀ ਰਹੇਗੀ।' [ਰਾਸ਼ਟਰ ਭਾਸ਼ਾ ਹਿੰਦੁਸਤਾਨੀ ਪੰਨਾ, 11

ਪੰ: ਜਵਾਹਰ ਲਾਲ ਨਹਿਰੂ –

'ਇਹ ਪ੍ਰਮਾਣੀਕ ਸਚਾਈ ਹੈ ਕਿ ਤਾਲੀਮੀ ਤੇ ਤਹਿਜ਼ੀਬੀ ਤੌਰ ਤੇ ਜਨ ਸਾਧਾਰਣ ਨੂੰ ਕੇਵਲ ਉਨ੍ਹਾਂ ਦੀ ਬੋਲੀ ਦੁਆਰਾ ਹੀ ਉੱਨਤ ਕੀਤਾ ਜਾ ਸਕਦਾ ਹੈ। ਇਸ ਲਈ ਲਾਜ਼ਮੀ ਹੈ ਕਿ ਪ੍ਰਾਂਤਕ ਬੋਲੀਆਂ ਨੂੰ ਮੁਖਤਾ ਦਿਤੀ ਜਾਵੇ ਤੇ ਸਾਰਾ ਕੰਮ ਇਨ੍ਹਾਂ ਰਾਹੀਂ ਹੀ ਚਲਾਈਏ।' 'ਹਰ ਪ੍ਰਾਂਤ ਦੀ ਅਦਾਲਤੀ ਬੋਲੀ ਉਸੇ ਸੂਬੇ ਦੀ ਬੋਲੀ ਹੋਵੇ ਤੇ ਤਾਲੀਮ ਵੀ ਵਿਦਯਾਰਥੀ ਨੂੰ ਉਸ ਦੀ ਆਪਣੀ ਮਾਤ ਬੋਲੀ ਰਾਹੀਂ ਹੀ ਦਿਤੀ ਜਾਵੇ।' [India on the march, P. 241

ਸ੍ਰੀ ਪੁਰਸ਼ੋਤਮ ਦਾਸ ਟੰਡਨ –

'Use the language and script which is intelligible to the people whom you are addressing'.

'ਅਸੀਂ ਹਮੇਸ਼ਾਂ ਪ੍ਰਾਂਤਕ ਬੋਲੀਆਂ ਨੂੰ ਆਦਰ ਦੀ ਨਜ਼ਰ ਨਾਲ ਤੱਕਿਆ ਹੈ । ਹਿੰਦੀ ਦੇ ਵਰਤਮਾਨ ਰੂਪ ਨੂੰ ਸੰਵਾਰਨ ਵਿਚ ਇਨ੍ਹਾਂ ਦਾ ਮਾਨਨੀਕ ਹਿਸਾ ਹੈ । ਹਿੰਦੀ ਨੂੰ ਰਾਸ਼ਟਰ-ਭਾਸ਼ਾ ਬਣਾਉਣ ਦਾ ਸੇਹਰਾ ਅਹਿੰਦੀ ਬੋਲੀ ਬੋਲਣ ਵਾਲਿਆਂ ਦੇ ਹੀ ਸਿਰ ਹੈ ।'

[ਹਿੰਦੀ ਆਜ ਕਲ, ਦਿਹਲੀ ਫਰਵਰੀ 1951

ਸ੍ਰੀ ਭਦਤ ਆਨੰਦ ਕੌਸ਼ਲਾਯਨ —

'ਜੇ ਰਾਸ਼ਟਰ ਭਾਸ਼ਾ ਤ ਮਾਤ-ਭਾਸ਼ਾ ਵਿਚੋਂ ਇਕ ਨੂੰ ਚੁਣਨਾ ਹੋਵੇ ਭਾਂ ਮੈਂ ਮਾਤ-ਬੋਲੀ (ਪੰਜਾਬੀ) ਨੂੰ ਹੀ ਚਣਨਾ ਪਸੰਦ ਕਰਾਗਾ ।'

ਸ੍ਰੀ ਕਾਕਾ ਕਾਲੇਲਕਰ —

'ਜੋ ਲੋਗ ਪ੍ਰਾਂਤੀਯ ਭਾਸ਼ਾਓਂ ਕੋ ਅਪਨਾਨੇ ਕੋ ਤੱਯਾਰ ਨਹੀਂ, ਵੇ ਸੰਕੀਰਣ ਪ੍ਰਾਂਤੀਯਤਾ ਬਢਾਤੇ ਹੈਂ ਔਰ ਪ੍ਰਸਪਰ ਦ੍ਵੇਸ਼ ਔਰ ਅਵਿਸ਼ਵਾਸ ਕਾ ਵਾਯੂ ਮੰਡਲ ਪੈਦਾ ਕਰਤੇ ਹੈਂ । ਰਾਸ਼ਟਰ-ਭਾਸ਼ਾ ਕੇ ਬਲ ਪਰ ਪ੍ਰਾਂਤੀਯ ਭਾਸ਼ਾ ਕੀ ਅਗਰ ਹਮ ਨੇ ਉਪੇਕਸ਼ਾ ਕੀ ਔਰ ਕਿਸੀ ਭਾਸ਼ਾ ਕੇ ਛੇਤ ਕਾ ਤਨਿਕ ਭੀ ਸੰਕੋਚ ਕੀਆ ਤੋਂ ਪ੍ਰਾਂਤੀਯਤਾ ਔਰ ਅਵਿਸ਼ਵਾਸ ਬਢਨੇ ਹੀ ਵਾਲੇ ਹੈਂ ।' [ਨਵ ਭਾਰਤ ਟਾਇਮਜ਼, 16 ਨਵੰਬਰ 1950

'ਹਿੰਦੁਸਤਾਨੀ ਬੋਲੀਆਂ (ਚਾਹੇ ਉਹ ਅਮੀਰ ਹਨ ਚਾਹੇ ਗਰੀਬ ਗਵਾਰੂ) ਸਾਡੇ ਲੋਕਾਂ ਦੀਆਂ ਬੋਲੀਆਂ ਹਨ । ਉਨ੍ਹਾਂ ਬੋਲੀਆਂ ਦੁਆਰਾ ਅਸੀਂ ਆਪਣੇ ਦੇਸ਼ ਦੇ ਲੋਕਾਂ ਦੇ ਨਾਲ ਇਕ ਰੂਪ, ਇਕ ਦਿਲ ਤੇ ਇਕ ਜਾਨ ਬਣ ਸਕਦੇ ਹਾਂ । ਜੋ ਆਦਮੀ ਹਿੰਦ ਦੀ ਕਿਸੇ ਵੀ ਬੋਲੀ ਨਾਲ ਵੈਰ ਰਖਦਾ ਹੈ, ਉਹ ਸਰਸ੍ਵਤੀ ਦੇਵੀ ਨਾਲ ਧ੍ਰੋਹ ਕਰਦਾ ਹੈ ।' [ਮੰਗਲ ਪ੍ਰਭਾਤ; ਦਿਹਲੀ ਮਈ 1951

ਇਸ ਤੋਂ ਸਪਸ਼ਟ ਹੈ ਕਿ ਕਿਸੇ ਵੀ ਮਾਂ ਬੋਲੀ ਦੇ ਮੁਕਾਬਲੇ ਤੇ ਹੋਰ ਭਾਸ਼ਾਵਾਂ ਨੂੰ ਨਹੀਂ ਸੋਚਿਆ ਜਾ ਸਕਦਾ, ਮਾਤ ਭਾਸ਼ਾ ਦਾ ਗੌਰਵ ਸਭ ਤੋਂ ਵਧ ਹੈ । ਤਮਾਮ ਭਾਸ਼ਾ ਸ਼ਾਸਤ੍ਰੀ ਤੇ ਸਿਖਿਆ ਸ਼ਾਸਤ੍ਰੀ ਮਾਤ ਭਾਸ਼ਾ ਦੇ ਮਹੱਤਵ ਨੂੰ ਪਰਵਾਣ ਕਰਦੇ ਹਨ ।

ਸ੍ਰੀ ਹਰਿ ਭਾਉ ਉਪਾਧਿਆਇ—

'ਹਮਾ ਕੀ ਤੋ ਅਾ ਪੱਕੀ ਖਾਤਰੀ ਹੈ ਕਿ ਰਾਜਸਥਾਨੀ ਕੋ ਕਾਮ ਕਾਜ ਰਾਜਸਥਾਨੀ ਭਾਸ਼ਾ ਮੇਂ ਹੀਜ ਹੋਣੇ ਚਾਹਿਜੇ । ਰਾਜਸਥਾਨੀ ਭਾਈ ਜੋ ਦੀ ਕੋ ਮਹੱਤਵ ਔਰ ਮਰਜ ਸਮਝ ਲੇਂ ਤੋ ਏਕ ਆਛੀ ਔਰ ਚਾਲੂ ਬੋਲੀ ਬਣਾਵਾ ਮੇਂ ਕੋਈ ਅੜਚਨ ਨਹੀਂ ਆਸੀ...। ਮਾ ਕੋ ਬਸ ਪੜੇ ਤੋ ਹੂੰ ਤੋ ਕਿਣੀ ਭੀ ਰਾਜਸਥਾਨੀ ਨੈ ਰਾਜਸਥਾਨ ਕੋ ਕਾਮ ਕਾਜ ਸਾਰੂ ਰਾਜਸਥਾਨੀ ਕੇ ਉਪਰਾਂਤ ਦੂਸਰੀ ਬੋਲੀ ਨਾ ਬੋਲਬਾਂ ਦੂੰ ਨ ਲਿਖਬਾ ਦੂੰ ।'

ਡਾ: ਸੁਨੀਤੀ ਕੁਮਾਰ ਚੈਟਰਜੀ—

'ਜ਼ਬਰਦਸਤੀ ਕਿਸੇ ਉਤੇ ਹਿੰਦੀ ਠੋਸਣ ਦੀ ਕੋਸ਼ਸ਼ ਨਹੀਂ ਕਰਨੀ ਚਾਹੀਦੀ, ਖਾਸ ਕਰਕੇ ਅਹਿੰਦੀ ਪ੍ਰਾਂਤਾਂ ਦੇ ਲੋਕਾਂ ਉਤੇ, ਜਿਨ੍ਹਾਂ ਦੀ ਵੱਖਰੀ ਸਾਹਿਤਕ ਭਾਸ਼ਾ ਮੌਜੂਦ ਹੈ । ਅਜੇਹਾ ਕਰਨਾ ਗਲਤ ਹੋਏਗਾ ਤੇ ਇਸ ਦਾ ਨਤੀਜਾ ਅੱਛਾ ਨਹੀਂ ਨਿਕਲੇਗਾ ।.....ਇਹ ਅਤਿ ਧਿਆਨ ਜੋਗ ਹੈ ਕਿ ਵਿਦਿਅਕ ਖੇਤਰ ਵਿਚ ਪਰਤਿਸ਼ਠਤ ਮਾਤ-ਬੋਲੀ ਦੀ ਥਾਂ ਸਭ ਤੋਂ ਪਹਿਲਾਂ ਹੈ । ਰਾਸ਼ਟਰ-ਭਾਸ਼ਾ ਨੂੰ ਚਾਹੀਦਾ ਹੈ ਕਿ ਇਨ੍ਹਾਂ ਵਿਸ਼ਿਆਂ ਉਤੇ ਨਿਰਪੱਖ ਮੇਲ-ਜੋਲ ਕਰੇ ਤੇ ਇਹ ਇਉਂ ਹੋਣਾ ਹੀ ਠੀਕ ਹੈ, ਜਿਸ ਨਾਲ ਮਾਤ-ਭਾਸ਼ਾ ਦੇ ਪੜ੍ਹਨ ਪੜ੍ਹਾਉਣ ਦੇ ਨਾਲ ਨਾਲ ਸਭ ਪ੍ਰਾਂਤਕ ਭਾਸ਼ਾ ਬੋਲਣ ਵਾਲਿਆਂ ਵਿਚ ਹਿੰਦੀ ਭਾਈ ਪ੍ਰੇਮ ਵਧੇ ।' [ਰਿਤੰਭਰਾ, ਪੰਨਾ 69

ਤੀਜਾ ਭਾਗ

ਪੰਜਾਬੀ ਲਿੱਪੀ-ਗੁਰਮੁਖੀ

ਲਿੱਪੀ ਕਲਾ ਦਾ ਪਿੱਛਾ

ਮਨੁਖੀ ਭਾਵਾਂ ਦੀ ਪੁਸ਼ਾਕ ਬੋਲੀ ਤੇ ਬੋਲੀ ਦੀ ਪੁਸ਼ਾਕ ਲਿੱਪੀ ਹੈ। ਇਸ ਲਿੱਪੀ ਦ
ਪੁਸ਼ਾਕ ਨੇ ਜਿਥੇ ਛਿਣ-ਭੰਗਰ ਬੋਲੀ ਨੂੰ ਕਾਫੀ ਹੱਦ ਤਕ ਅਮਰ ਕਰ ਦਿਖਾਇਆ ਹੈ, ਉਥੇ ਕੰ
ਮਾਤਰ ਦਾ ਵਿਸ਼ਾ ਬਣਨ ਵਾਲੀ ਅਵਾਜ਼ ਨੂੰ ਅੱਖਾਂ-ਗੋਚਰਾ ਕਰਕੇ ਅਤੇ ਸਮੇਂ ਤੇ ਥਾਂ ਦੀ ਦੂਰ
ਉਲੰਘਕੇ ਸਰਬ ਵਿਆਪੀ ਬਣਾ ਦਿਤ ਹੈ। ਖਿਆਲ ਇਕ ਭਾਰੀ ਤਾਕਤ ਹੈ, ਜਤੋਂ ਇਹ ਬੋਲ
ਦੀ ਸ਼ਕਲ ਵਿਚ ਅਵਤਾਰ ਧਾਰਦਾ ਤੇ ਲਿੱਪੀ ਦਾ ਪੁਸ਼ਾਕਾ ਪਹਿਨਕੇ ਸਾਵਧਾਨ ਹੁੰਦਾ ਹੈ ਤ
ਜੁਗਾਂ ਜੁਗਾਂ ਤਕ ਦਿਮਾਗੀ ਤਰਥੱਲੀ ਪੈਦਾ ਕਰਦਾ ਰਹਿੰਦਾ ਹੈ ਤੇ ਲਿੱਪੀ ਨੇ ਹੀ ਇਸ
ਚਿਰੰਜੀਵ ਰੱਖਣ ਵਿਚ ਬਹੁਤੀ ਮੱਦਦ ਦਿਤੀ ਹੈ। ਅਜ ਲਿੱਪੀ ਦੇ ਆਸਰੇ ਖਿਆਲ ਕਹੋ ਨ
ਬੋਲੀ, ਥਾਂ ਥਾਂ ਆਪਣੀ ਛੜੇ ਦਾ ਨਗਾਰਾ ਗੁੰਜਾ ਰਹੀ ਹੈ, ਜੇ ਲਿੱਪੀ ਨਾ ਹੁੰਦੀ ਤਾਂ ਬੋਲੀ ਲਏ
ਆਪਣੇ ਜਨਮ ਕਾਲ ਤੋਂ ਬਾਦ ਇਕ ਛਿਨ ਵੀ ਜੀਉਣਾ ਅਸੰਭਵ ਸੀ ਅਤੇ ਮਨੁਖ ਲਦੀ ਹਜ਼ਾਰ
ਵਰ੍ਹਿਆਂ ਦੇ ਤਜਰਬੇ ਤੇ ਗਿਆਨ ਦੇ ਸਿਟੇ ਪ੍ਰਾਪਤ ਕਰਨੇ ਦੁਰਲਭ ਹੋ ਜਾਣੇ ਸਨ। ਭਾਵੇ
ਨਵੀਆਂ ਵਿਗਿਆਨਕ ਕਾਢਾਂ ਨੇ ਅਵਾਜ਼ ਨੂੰ ਸਥਾਈ ਰੂਪ ਦੇਣ ਦੇ ਹੁਣ ਨਵੇਂ ਸਾਧਨ ਹੋਰ ਬਣ
ਲਏ ਹਨ ਪਰ ਲਿੱਪੀ ਦੀ ਤਾਕਤ ਤੇ ਵਿਆਪਕਤਾ ਦੇ ਮੁਕਾਬਲੇ ਇਹ ਅਜੇ ਤੁੱਛ ਹਨ। ਰੇਡੀਓ
ਅਵਾਜ਼ ਨੂੰ ਥਾਂ ਦੀ ਦੂਰੀ ਤੇ ਤਾਂ ਪਹੁੰਚਾ ਸਕਦਾ ਹੈ ਪਰ ਸਮੇਂ ਦੀ ਦੂਰੀ ਦੂਰ ਕਰਨੀ
ਉਸ ਦੇ ਵਸ ਤੋਂ ਬਾਹਰੀ ਗੱਲ ਹੈ। ਨਾਲੇ ਇਨ੍ਹਾਂ ਦੀ ਪੈਦਾਇਸ਼ ਤੇ ਬਣਤਰ ਵਿਚ ਲਿੱਪੀ ਦ
ਵੀ ਘਣੇਰਾ ਹੱਥ ਹੈ, ਸੋ ਲਿੱਪੀ ਨੂੰ ਅਸੀਂ ਬੋਲੀ ਦੀ ਸਵਾਰੀ ਕਹਿ ਸਕਦੇ ਹਾਂ, ਜਿਸ ਉਤੇ
ਅਵਾਜ਼ ਸਵਾਰ ਹੋ ਕੇ ਦੇਸ਼ ਕਾਲ ਦੀਆਂ ਵਿੱਥਾਂ ਚੀਰਦੀ ਦੂਰ ਦੂਰ ਆਪਣਾ ਡੰਕਾ ਵਜਾਉਂਦ
ਹੈ। ਮਨੁਖੀ ਵਿਕਾਸ ਵਿਚ ਜਿਤਨਾ ਬੋਲੀ ਨੇ ਹਿੱਸਾ ਪਾਇਆ ਹੈ, ਉਸ ਤੋਂ ਕਿਤੇ ਵਧ ਲਿਪ
ਦਾ ਹਿਸਾ ਹੈ ਯਾ ਦੂਜੇ ਸ਼ਬਦਾਂ ਵਿਚ ਇਹ ਕਹਿਣਾ ਵੀ ਗ਼ਲਤ ਨਹੀਂ ਹੋਵੇਗਾ ਕਿ ਬੋਲੀ ਦ
ਬਹੁਤਾ ਹਿਸਾ ਵੀ ਲਿਪੀ ਦੇ ਆਸਰੇ ਹੀ ਹੈ, ਲਿੱਪੀ ਬਿਨਾ ਬੋਲੀ ਪਿੰਗਲੀ ਬਣ ਕੇ ਹੀ ਰਹਿ ਜਾਂਦੀ
ਇਸ ਵਿਚ ਇਤਨੇ ਲੰਮੇ ਚੱਕਰ ਕੱਟਣ ਦੀ ਸਮਰਥਾ ਨਹੀਂ ਸੀ ਹੋਣੀ।

ਬੋਲੀਆਂ ਵਾਂਙ ਲਿੱਪੀਆਂ ਬਾਰੇ ਵੀ ਅੱਡ ਅੱਡ ਕੌਮਾਂ ਵਿਚ ਇਹ ਵਿਸਵਾਸ਼ ਚਲੇ ਆਉਂ
ਹਨ ਕਿ ਲਿੱਪੀਆਂ ਦੀ ਘੜਤ ਰੱਬ ਯਾ ਦੇਵਤਿਆਂ ਨੇ ਕੀਤੀ। ਯਹੂਦੀਆਂ ਦਾ ਭਰੋਸਾ ਹੈ ਕਿ
ਉਨ੍ਹਾਂ ਦੀ ਲਿੱਪੀ ਖ਼ੁਦਾ ਨੇ ਪਹਿਲੇ ਪਹਿਲ ਮੂਸਾ ਨੂੰ ਲਿਖਣੀ ਦੱਸੀ ਸੀ। ਮਿਸਰ ਵਾਸੀ ਆਪਣ
ਲਿੱਪੀ ਨੂੰ 'ਥੱਥ' ਦੇਵਤੇ ਦੀ ਰਚੀ ਦਸਦੇ ਹਨ, ਯੂਨਾਨੀ ਲੋਕ ਯੂਨਾਨੀ ਲਿੱਪੀ ਨੂੰ 'ਕੈਡਮਸ
ਦੇਵਤੇ ਦੀ ਬਣਾਈ ਆਖਦੇ ਹਨ। ਹਿੰਦੁਸਤਾਨੀ ਆਪਣੀ ਪੁਰਾਣੀ ਲਿੱਪੀ 'ਬ੍ਰਹਿਮੀ' ਨੂੰ ਬ੍ਰਹਿਮ

Sri Satguru Jagjit Singh Ji eLibrary NamdhariElibrary@gmail.com

ਦੀ ਕਿਰਤ ਦਸਦੇ ਸਨ ਤੇ ਸੰਸਕ੍ਰਿਤ ਨੂੰ ਦੇਣ-ਭਾਸ਼ਾ ਮੰਨਣ ਵਾਲੇ ਲੋਕ ਆਪਣੀ ਲਿਪੀ ਨੂੰ 'ਦੇਵਨਾਗਰੀ' ਆਖਦੇ ਹਨ। ਗੱਲ ਕੀ ਥਾਂ ਥਾਂ ਹੋਰ ਗੱਲਾਂ ਵਾਂਙ ਲਿੱਪੀ ਦੀ ਬਣਤਰ ਵਿਚ ਵੀ ਦੇਵਤਿਆਂ ਦੀ ਜਾਦੂਗਰੀ ਛਾਈ ਦਿਸਦੀ ਹੈ।‡

ਅਸਲੀਅਤ ਇਹ ਹੈ ਕਿ ਲਿੱਪੀ ਵੀ ਬਾਕੀ ਵਸਤਾਂ ਵਾਂਙ ਮਨੁਖ ਦੀ ਹੀ ਕਾਢ ਹੈ, ਜੋ ਕਿ ਵਿਕਾਸ ਦੀਆਂ ਕਿਤਨੀਆਂ ਹੀ ਮੰਜ਼ਲਾਂ ਤੈਅ ਕਰਕੇ ਵਰਤਮਾਨ ਸੁਚੱਜੇ ਰੂਪ ਵਿਚ ਮੂਰਤੀਮਾਨ ਹੋਈ। ਇਸ ਦੇ ਪੁਰਾਣੇ ਪੜਾਆਂ ਨੂੰ ਲੱਭਣਾ ਖਾਸਾ ਔਖਾ ਕੰਮ ਹੈ, ਸਭਿਅਤਾ ਤੋਂ ਪਰਲੇ ਪਾਸੇ ਦੇ ਯੁਗ ਦੀ ਵਾਰਤਾ ਹੂਬਹੂ ਇਤਿਹਾਸ ਵਿਚ ਆਉਣੀ ਅਸੰਭਵ ਸੀ, ਕੇਵਲ ਕੁਝ ਬਚੇ-ਖੁਚੇ ਨਿਸ਼ਾਨਾਂ ਤੋਂ ਅਨੁਮਾਨ ਹੀ ਲਾ ਸਕੀਦਾ ਹੈ। ਇਹੋ ਹਾਲ ਲਿੱਪੀਆਂ ਦਾ ਪਿਛਵਾੜਾ ਲੱਭਣ ਦਾ ਹੈ। ਲਿੱਪੀ ਦੇ ਨਿਕਾਸ ਵਿਕਾਸ ਤੋਂ ਪਹਿਲਾਂ ਮਨੁਖ ਨੇ ਦੂਜੇ ਦੂਰ ਵਸਦੇ ਆਪਣੀ ਸਾਥੀ ਮਨੁਖ ਤਕ, ਜਿਥੇ ਕਿ ਬੋਲੀ ਦੀ ਪਹੁੰਚ ਨਹੀਂ ਸੀ, ਕਿਵੇਂ ਆਪਣੇ ਮਨੋਭਾਵਾਂ ਦਾ ਸੁਨੇਹਾ ਪਹੁੰਚਾਇਆ, ਇਹ ਜਾਣਨਾ ਬਹੁਤ ਕਠਨ ਹੈ। ਕਈ ਭਿੰਨ ਭਿੰਨ ਤਰੀਕੇ ਵਰਤੇ ਜਾਂਦੇ ਹੋਣਗੇ, ਅਸੀਂ ਉਨ੍ਹਾਂ ਦਾ ਸਹੀ ਤੇ ਪੂਰਾ ਵੇਰਵਾ ਨਹੀਂ ਜਾਣਦੇ। ਇਨ੍ਹਾਂ ਸਾਧਨਾਂ ਵਿਚੋਂ ਕੁਝ ਕੁ ਦੇ ਥਹੁ ਪਤੇ ਜੋ ਵਿਦਵਾਨ ਖੋਜੀਆਂ ਦੇ ਅਨੁਮਾਨ ਵਿਚ ਆਏ ਹਨ, ਉਨ੍ਹਾਂ ਦੀ ਜਾਣਕਾਰੀ ਜ਼ਰੂਰੀ ਹੈ। ਇਸ ਤੋਂ ਲਿੱਪੀ ਦੇ ਵਿਕਾਸ ਨੂੰ ਸਮਝਣ ਵਿਚ ਵੀ ਸਾਨੂੰ ਕਾਫੀ ਸਹੂਲਤ ਮਿਲ ਜਾਏਗੀ। ਕੁਛ ਆਦਮ ਜਾਤੀਆਂ ਵਿਚ ਅਜੇ ਵੀ ਇਨ੍ਹਾਂ ਪੁਰਾਣੇ ਸਾਧਨਾਂ ਦੀ ਵਰਤੋਂ ਹੈ, ਜਿਸ ਤੋਂ ਭਲੀ ਭਾਂਤ ਸਿਧ ਹੁੰਦਾ ਹੈ ਕਿ ਮਨੁਖੀ ਸੂਝ ਨੇ ਕਿਵੇਂ ਹੌਲੀ ਹੌਲੀ ਨਵੇਂ ਤੋਂ ਨਵੇਂ ਸਾਧਨਾਂ ਦੀ ਕਾਢ ਕੱਢੀ ਤੇ ਆਪਣੇ ਯਤਨਾਂ ਦੁਆਰਾ ਹੋਣ ਵਾਲੀ ਸਫਲਤਾ ਪ੍ਰਾਪਤ ਕੀਤੀ।

ਹਿੰਦੁਸਤਾਨ, ਚੀਨ ਤੇ ਦੱਖਣੀ ਅਮਰੀਕਾ ਦੇ ਪੇਰੂ ਦੇਸ ਵਿਚ ਰੰਗਾਂ ਰੰਗ ਦਿਆਂ ਧਾਗਿਆਂ (Quippos) ਅਤੇ ਇਨ੍ਹਾਂ ਧਾਗਿਆਂ ਨੂੰ ਵਖੋ ਵਖ ਕਿਸਮ ਦੀਆਂ ਗੰਢਾਂ ਦੇ ਕੇ ਇਨ੍ਹਾਂ ਦੁਆਰਾ ਦੂਰ ਦੂਰ ਤਕ ਸੁਨੇਹੇ ਪਹੁੰਚਾਏ ਜਾਂਦੇ ਸਨ ਅਤੇ ਉਸ ਸਮੇਂ ਦੇ ਸ਼ਾਹੀ ਫੁਰਮਾਨ ਵੀ ਇਸੇ ਸਾਧਨ ਰਾਹੀਂ ਲੋਕਾਂ ਤਕ ਪਹੁੰਚਦੇ ਸਨ। ਪੇਰੂ ਵਿਚ ਤਾਂ ਇਸ ਢੰਗ ਦੀ ਇਕ ਤਰ੍ਹਾਂ ਦੀ 'ਕਿਤਾਬ' ਵੀ ਮਿਲੀ ਹੈ ਜਿਸ ਨੂੰ ਅਜੇ ਤਕ 'ਪੜ੍ਹਿਆ' ਸਮਝਿਆ ਨਹੀਂ ਜਾ ਸਕਿਆ। ਇਸ ਨੂੰ ਨਵੇਂ ਖੋਜੀਆਂ ਸੂਤਰ-ਲਿੱਪੀ, ਗ੍ਰੰਥੀ ਯਾ ਗੰਢ-ਲਿੱਪੀ ਦਾ ਨਾਂ ਦਿਤਾ ਹੈ। ਆਸਟ੍ਰੇਲੀਆ ਵਿਚ 'ਪੈਗਾਮੀ ਛਟੀਆਂ' (Message Sticks) ਰਾਹੀਂ ਅਤੇ ਕਈ ਥਾਂ ਘੋਗਿਆਂ ਨੂੰ ਤਰਤੀਬ ਦੇ ਵੀ ਸੰਦੇਸ਼ ਭੇਜੇ ਜਾਂਦੇ ਸਨ।§

ਹਿੰਦੁਸਤਾਨ ਵਿਚ ਜਦੋਂ ਅਜੇ ਲਿੱਪੀ ਦਾ ਵਰਤਾਰਾ ਨਹੀਂ ਸੀ ਚਲਿਆ, ਪਹਿਲੇ ਪਹਿਲ ਗਿਆਨ ਦੀਆਂ ਰਚਨਾਵਾਂ ਨੂੰ ਕੰਨੀਂ ਸੁਣ ਕੇ ਸੀਨਾ ਬਸੀਨਾ ਕੰਠ ਕਰ ਲਿਆ ਜਾਂਦਾ ਸੀ, ਇਸੇ ਕਰਕੇ ਵੇਦਾਂ ਦਾ ਪੁਰਾਣਾ ਨਾਂ 'ਸ੍ਰੁਤਿ' (ਸੁਣੀ ਸੁਣਾਈ) ਕਿਹਾ ਜਾਂਦਾ ਹੈ, ਇਹੋ ਭਾਵ 'ਸਿਮ੍ਰਤੀ' ਪਦ ਤੋਂ ਨਿਕਲਦਾ ਹੈ, ਜਿਸ ਦਾ ਲਫਜ਼ੀ ਮਾਅਨਾ ਹੈ, 'ਜ਼ਬਾਨੀ ਯਾਦ ਕੀਤੀ ਚੀਜ਼।'

ਯਾਦਦਾਸ਼ਤ ਵਿਚ ਲੰਮੀਆਂ ਲੰਮੀਆਂ ਰਚਨਾਵਾਂ ਦੀ ਸੰਭਾਲ ਕਰਨੀ ਔਖੀ ਸੀ, ਇਸੇ ਲਈ ਉਸ ਸਮੇਂ ਵਧ ਤੋਂ ਵਧ ਸੰਖੇਪ ਰਚਨਾ ਕਰਨ ਜਾਅਨੀ ਸੂਤਰ ਸ਼ੈਲੀ ਦਾ ਰਿਵਾਜ ਪ੍ਰਚਲਤ ਹੋਇਆ। ਸੰਸਕ੍ਰਿਤ ਵਿਚ ਸੂਤਰ ਉਸ ਰਚਨਾ ਨੂੰ ਕਿਹਾ ਗਿਆ ਹੈ ਜਿਸ ਵਿਚ ਅੱਖਰ ਥੋੜੇ ਤੇ ਭਾਵ ਬਾਹਲਾ ਬੰਦ ਕੀਤਾ ਗਿਆ ਹੋਵੇ। ਇਸ 'ਸੂਤਰ' ਸ਼ਬਦ ਦੀ ਵਰਤੋਂ ਤੋਂ ਪਤ

‡This Hindi & Devnagri P. 233

§Language—J., V., P. 319

ਲਗਦਾ ਹੈ ਕਿ ਕਦੀ ਹਿੰਦ ਵਿਚ ਸੂਤਰਾਂ ਯਾ ਧਾਗਿਆਂ ਰਾਹੀਂ ਮਨੋਭਾਵ ਪ੍ਰਗਟ ਕੀਤੇ ਜਾਂ ਸਨ ਤੇ ਜਦੋਂ ਲਿੱਪੀ ਦੀ ਕਾਢ ਨਿਕਲੀ ਤਾਂ ਇਹ ਸ਼ਬਦ ਬਦਲੇ ਅਰਥਾਂ ਅਨੁਸਾਰ ਵਰਤੀਂ ਰਿਹਾ। ਇਸੇ ਤਰ੍ਹਾਂ 'ਅੱਖਰ' ਲਈ ਜੋ 'ਵਰਣ' ਸ਼ਬਦ ਵਰਤਿਆ ਜਾਂਦਾ ਰਿਹਾ ਹੈ, ਇਸ ਪਿਛੇ ਵੀ ਇਕ ਇਤਿਹਾਸ ਹੈ। 'ਵਰਣ' ਦਾ ਲਫਜ਼ੀ ਮਾਅਨਾ ਹੈ, ਰੰਗ।

ਇਸ ਤੋਂ ਇਹ ਅਨੁਮਾਨ ਕਰਨਾ ਕੋਈ ਔਖਾ ਨਹੀਂ ਕਿ ਰੰਗੇ ਹੋਏ ਧਾਗਿਆਂ ਯਾ ਸੂਤ ਦੀ ਪਹਿਲੋਂ ਵਰਤੋਂ ਸੀ ਫਿਰ ਇਹੋ ਸ਼ਬਦ ਨਵੇਂ ਅਰਥ ਲੈ ਕੇ ਅੱਖਰ ਵਾਚਕ ਹੋ ਗਿਆ। ਇ ਹਾਲ ਗ੍ਰੰਥ ਸ਼ਬਦ ਦਾ ਹੈ, ਗ੍ਰੰਥ ਦਾ ਸ਼ਬਦੀ ਅਰਥ ਹੀ ਗੰਢ ਹੈ। ਜਦੋਂ ਰੰਗ ਬਰੰਗਿਆਂ ਧਾਗਿ ਨੂੰ ਅੱਡ ਅੱਡ ਤਰ੍ਹਾਂ ਦੀਆਂ ਗੰਢਾਂ ਦੇ ਕੇ ਭਾਂਤ ਭਾਂਤ ਦੇ ਮਨੋਭਾਵ ਜ਼ਾਹਰ ਕਰਨ ਲਈ ਵਰਤਿ ਜਾਂਦਾ ਸੀ, ਉਦੋਂ ਤੋਂ ਹੀ ਇਹ ਸ਼ਬਦ ਇਧਰ ਆਇਆ ਤੇ ਬਾਦ ਵਿਚ ਲਿੱਪੀ ਬਣਨ ਤੇ ਲਿ ਵਿਚ ਗੁੰਦੀ ਗਈ ਵੱਡੀ ਰਚਨਾ ਨੂੰ 'ਗ੍ਰੰਥ' ਕਿਹਾ ਜਾਣ ਲੱਗਾ। ਸ਼ਾਇਦ ਪਾਠਕਾਂ ਨੂੰ ਇ ਸੂਤਰ, ਵਰਣ ਤੇ ਗ੍ਰੰਥ ਆਦਿ ਸ਼ਬਦਾਂ ਦੇ ਇਸ ਉਪਰ ਦੱਸੇ ਪਿਛਵਾੜੇ ਬਾਰੇ ਪੂਰਾ ਨਿਸ਼ਚਾ ਬਝੇ, ਉਹ ਇਸ ਨੂੰ ਇਕ ਮਨੋ ਕਲਪਣਾ ਹੀ ਖਿਆਲ ਕਰਨ। ਪਰ ਇਸ ਗੱਲ ਤੋਂ ਕਿਵੇਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਹੁਣ ਵੀ ਕਿਸੇ ਦਾ ਸੁਨੇਹਾ ਯਾਦ ਰਖਣ ਲਈ ਅ ਸਾਧਾਰਣ ਲੋਕ ਆਪਣੀ ਚਾਦਰ, ਪਗੜੀ ਯਾ ਰੁਮਾਲ ਨੂੰ ਗੰਢ ਦੇ ਲੈਂਦੇ ਹਨ ਤੇ ਪਿੰਡਾਂ ਵਿ ਜੋ ਨਾਈ ਹੱਥ ਕੋਈ ਖੁਸ਼ੀ ਦਾ ਸੁਨੇਹਾ ਦੂਜੇ ਪਿੰਡ ਰਿਸ਼ਤੇਦਾਰਾਂ ਪਾਸ ਪਹੁੰਚਾਇਆ ਜਾਂਦਾ ਉਸ ਨੂੰ ਅਜੇ ਤਕ 'ਗੰਢ ਘਲਣਾ' ਯਾ 'ਗੰਢ ਦੇਣਾ' ਆਖਦੇ ਹਨ। ਮਸ਼ਹੂਰ ਉਰਦੂ ਸ਼ਾਇ ਗ਼ਾਲਿਬ ਦੀ ਆਪਣੇ ਰੁਮਾਲ ਨੂੰ ਗੰਢਾਂ ਦੇ ਦੇ ਸ਼ਿਅਰ ਯਾਦ ਰੱਖਣ ਦੀ ਰਵਾਇਤ ਹੁਣ ਤ ਪ੍ਰਚਲਤ ਹੈ। 'ਪੱਲੇ ਬੰਨ੍ਹਣਾ' ਜਾਂ 'ਲੜ ਬੰਨ੍ਹਣਾ' ਦਾ ਮੁਹਾਵਰਾ ਇਸੇ ਪੁਰਾਣੀ ਰੀਤੀ ਯਾਦਗ਼ਾਰ ਹੈ।

ਇਸ 'ਗੰਢ ਲਿੱਪੀ' ਨੇ ਮਨੁਖ ਦਾ ਕਿਤਨਾ ਚਿਰ ਤੇ ਕਿੰਨਾ ਕੁ ਕੰਮ ਸਾਰਿਆ, ਇ ਲੱਖਣ ਲਾਉਣਾ ਔਖਾ ਹੈ ਪਰ ਇਹ ਅਨੁਮਾਨਣਾ ਮੁਸ਼ਕਲ ਨਹੀਂ ਕਿ ਕਦੀ 'ਗੰਢ ਲਿਪੀ' ਪ ਜੋਬਨ ਤੇ ਸੀ ਤੇ ਇਸੇ ਨਾਲ ਮਨੁਖ ਆਪਣੇ ਸਾਰੇ ਅਰਥ ਸਾਰਦਾ ਸੀ।

ਲਿੱਪੀ ਦਾ ਜਨਮ ਤੇ ਵਿਕਾਸ

ਦਰਅਸਲ ਲਿੱਪੀ ਜਾਂ ਲਿਖਤ ਦਾ ਮੁਢ ਤਾਂ ਚਿਤ੍ਰ-ਲਿੱਪੀ (Pictographic scrip ਤੋਂ ਥੱਲਾ ਹੀ ਸਮਝਣਾ ਚਾਹੀਦਾ ਹੈ, ਜਦ ਤੋਂ ਮਨੁਖ ਨੇ ਕੁਝ ਰੇਖਾ ਉਲੀਕ ਕੇ ਮਨੋਭਾਵ ਦੱ ਦੀ ਵਿਉਂਤ ਬਣਾਈ। ਗੰਢ ਲਿੱਪੀ ਤੋਂ ਬਾਦ ਚਿਤ੍ਰ-ਲਿੱਪੀ ਦਾ ਰਿਵਾਜ ਕਿਵੇਂ ਚਲਿ ਇਸ ਮੋੜ ਬਾਰੇ ਕੋਈ ਸਹੀ ਖੁਰਾ-ਖੋਜ ਨਹੀਂ ਮਿਲਦਾ। ਰੰਗ ਬਰੰਗੇ ਧਾਗਿਆਂ ਦੀਆਂ ਗੰ ਮਨੁਖ ਦੀ ਨਿਤ ਵਧਦੀ ਅਕਲ ਕਾਰਣ ਬਾਰੀਕ ਵੀਚਾਰਾਂ ਨੂੰ ਪ੍ਰਗਟ ਕਰਨੋਂ ਅਸਮਰਥ ਸ ਇਨ੍ਹਾਂ ਰਾਹੀਂ ਮੋਟੇ-ਠੁਲ੍ਹੇ ਸੁਨੇਹੇ ਤਾਂ ਭਿਜਵਾਏ ਜਾ ਸਕਦੇ ਸਨ ਪਰ ਸੂਖਮ ਮਨੋਭਾਵ ਨਹੀਂ ਸਮਝਾਏ ਜਾ ਸਕਦੇ। ਇਸ ਸਟੇਜ ਤੇ ਆ ਕੇ ਮਨੁਖ ਨੇ ਚਿਤ੍ਰ-ਲਿੱਪੀ ਨੂੰ ਜਨਮ ਦਿਤਾ, ਜਿ ਦੁਆਰਾ ਵਖੋ ਵਖ ਖੁਸ਼ੀ ਗ਼ਮੀ ਦੇ ਭਾਵ ਪ੍ਰਗਟ ਕਰਨ ਲਈ ਖਾਸ ਖਾਸ ਚਿਤ੍ਰ ਯਾ ਤਸਵੀ ਨੀਅਤ ਕੀਤੀਆਂ ਗਈਆਂ ਸਨ; ਇਨ੍ਹਾਂ ਤਸਵੀਰਾਂ ਨੂੰ ਜੋੜ ਕੇ ਹੀ ਇਕ ਸੁਨੇਹਾ ਮੁਕੰਮਲ ਕ ਜਾਂਦਾ ਸੀ। ਜੇ ਕਿਸੇ ਇਹ ਦੱਸਣਾ ਹੋਵੇ ਕਿ ਮੈਂ ਸਮੁੰਦਰ ਵਿਚ ਬੇੜੀ ਉਤੇ ਬੈਠ ਕੇ ਮੱਛੀ ਸ਼ਿਕਾਰ ਕਰਨ ਚਲਿਆ ਹਾਂ ਤਾਂ ਬੇੜੀ, ਮਲਾਹ, ਮੱਛੀ ਤੇ ਤੀਰ, ਧਨੁਖ ਸਭ ਦੇ ਚਿਤ੍ਰ ਬ

ਕੇ ਦੇਣੇ ਪੈਂਦੇ ਸਨ। ਇਹ ਬਹੁਤ ਲੰਮੀ ਮੇਹਨਤ ਦਾ ਕੰਮ ਸੀ ਤੇ ਇਸ ਨਾਲ ਵੀ 'ਗੰਢ ਲਿਪੀ' ਵਾਂਙ ਕਈ ਕੁਲੇਖੇ ਪੈਂਦੇ ਰਹਿੰਦੇ ਸਨ, ਕਿਉਂਕਿ ਇਹ ਚਿਤ੍ਰ ਅਵਾਜ਼ ਦੇ ਪ੍ਰਤੀਨਿਧ ਹੋਣ ਦੀ ਥਾਂ ਭਾਵਾਂ ਦੇ ਸਥੂਲ ਪ੍ਰਤੀਨਿਧ ਸਨ। ਕੈਲੇਫੋਰਨੀਆ, ਸਕਾਟਲੈਂਡ, ਮਿਸਰ ਤੇ ਚੀਨ ਵਿਚ ਅਜ ਵੀ ਇਸ ਚਿਤ੍ਰ-ਲਿੱਪੀ ਦੇ ਕਈ ਯਾਦਗਾਰੀ ਨਿਸ਼ਾਨ ਮਿਲਦੇ ਹਨ।

ਇਸੇ ਚਿਤ੍ਰ-ਲਿਪੀ ਦਾ ਸੁਧਰਿਆ ਤੇ ਸੰਖਿਪਤ ਹੋਇਆ ਰੂਪ ਭਾਵ-ਲਿੱਪੀ (Ideographic script) ਸੀ। ਚਿਤਰਾਂ ਤੋਂ ਹੌਲੀ ਹੌਲੀ ਵਖੋ ਵਖ ਭਾਵਾਂ ਲਈ ਵੱਖ ਵੱਖ ਚਿੰਨ੍ਹ ਨੀਅਤ ਹੋ ਗਏ ਸਨ, ਜੋ ਧੁਨੀਆਂ ਦੀ ਥਾਂ ਚਿਤ੍ਰ-ਲਿੱਪੀ ਵਾਂਙ ਭਾਵਾਂ ਜਾਂ ਖਿਆਲਾਂ ਦੇ ਹੀ ਪ੍ਰਤੀਨਿਧ ਸਨ। ਇਸ ਵਿਚ ਘਾਟਾ,ਇਹ ਸੀ ਕਿ ਚਿੰਨ੍ਹ ਤਾਂ ਖਾਸ ਗਿਣਤੀ ਤਕ ਨਿਸਚਤ ਹੋ ਗਏ ਸਨ ਪਰ ਭਾਵਾਂ ਨੂੰ ਇਕੋ ਘੇਰੇ ਵਿਚ ਨਹੀਂ ਸੀ ਵਲਿਆ ਜਾ ਸਕਦਾ। ਮਿਸਾਲ ਲਈ ਸੂਰਜ ਦੇ ਚਿਤ੍ਰ ਤੋਂ ਬਣਿਆ ਚਿੰਨ੍ਹ ਤਾਂ ਇਕੋ ਹੀ ਸੀ ਪਰ ਉਸ ਇਕੱਲੇ ਤੋਂ ਹੀ ਰੌਸ਼ਨੀ, ਉਜਲਾ, ਚਿਟਾ, ਚੜ੍ਹਦਾ ਦਿਨ, ਚਮਕ ਆਦਿ ਕਈ ਭਾਵ ਸਮਝੇ ਸਮਝਾਏ ਜਾਂਦੇ ਸਨ।

ਇਸੇ ਲਈ ਇਨ੍ਹਾਂ ਚਿੰਨ੍ਹਾਂ ਨੂੰ ਬਹੁ-ਧੁਨਕ (Polyphony) ਕਿਹਾ ਗਿਆ ਹੈ। ਕਿਉਂਕਿ ਬਹੁਤੀਆਂ ਅਵਾਜ਼ਾਂ ਲਈ ਇਕੋ ਹੀ ਚਿੰਨ੍ਹ ਚਲਦਾ ਸੀ ਜਿਸ ਤੋਂ ਹਰ ਕੋਈ ਮਦਜ਼ੀ ਅਨੁਸਾਰ ਅਰਥ ਕੱਢ ਸਕਦਾ ਸੀ, ਇਸੇ ਤਰ੍ਹਾਂ ਸਮ ਧੁਨਕ (Homophony) ਚਿੰਨ੍ਹ ਸਨ, ਜਿਨ੍ਹਾਂ ਦੇ ਇਕੋ ਤਰ੍ਹਾਂ ਦੇ ਉੱਚਾਰਣ ਤੋਂ ਬਹੁਤੇ ਸ਼ਬਦਾਂ ਦਾ ਬੋਧ ਹੁੰਦਾ ਸੀ। ਇਨ੍ਹਾਂ ਕਮੀਆਂ ਤੋਂ ਇਲਾਵਾ ਭਾਵ-ਲਿੱਪੀ ਦੇ ਸੁਮੇਰੀ, ਬੇਬੀਲੋਨੀ, ਮਿਸਰੀ, ਹਿਤੀ, ਚੀਨੀ ਤੇ ਉਤਰੀ ਅਮਰੀਕਨ ਇਤਿਹਾਸ ਵਿਚ ਕੁਝ ਕੁਝ ਚਿੰਨ੍ਹ ਬਾਕੀ ਮਿਲਦੇ ਹਨ। ਚੀਨੀ ਦੀ ਮੌਜੂਦਾ ਸੰਕੇਤ-ਲਿੱਪੀ ਇਸੇ ਭਾਵ-ਲਿੱਪੀ ਦਾ ਸੰਖਿਪਤ ਕੀਤਾ ਤੇ ਸੁਧਰਿਆ ਰੂਪ ਹੈ। ਇਸ ਲਿੱਪੀ ਵਿਚ ਇਕ ਆਵਾਜ਼ ਲਈ ਇਕ ਅੱਖਰ ਨਹੀਂ, ਸਗੋਂ ਪੂਰੇ ਦਾ ਪੂਰਾ 'ਸ਼ਬਦ' ਮੁਕਰਰ ਹੈ।

ਲਫਜ਼ਾਂ ਵਿਚ ਅੱਖਰਾਂ ਦੀ ਥਾਂ ਵੱਖ ਵੱਖ ਸੰਕੇਤ-ਚਿੰਨ੍ਹ ਹਨ। ਚੀਨੀ, ਚਿਤ੍ਰ ਲਿਪੀ ਦੀ ਮੰਜ਼ਲ ਤੋਂ ਅਗੇ ਸੰਕੇਤ ਲਿਪੀ ਦੀ ਸਟੇਜ ਤੇ ਤਾਂ ਪਹੁੰਚ ਗਏ ਹਨ ਪਰ ਉਹ ਅਜੇ ਤਕ ਧੁਨੀ-ਲਿਪੀ ਤਿਆਰ ਨਹੀਂ ਕਰ ਸਕੇ। ਇਸੇ ਘਾਟੇ ਕਰਕੇ ਚੀਨੀ ਜ਼ਬਾਨ ਸਿਖਣ ਲਈ ਘਟ ਤੋਂ ਘਟ ਪੰਜ ਛੇ ਸੌ ਸ਼ਬਦ-ਸੰਕੇਤ ਯਾਦ ਕਰਨੇ ਪੈਂਦੇ ਹਨ ਜਦੋਂ ਕਿ ਹੋਰ ਜ਼ਬਾਨਾਂ ਦੇ 20-30 ਅੱਖਰ ਸਿਖਣ ਨਾਲ ਹੀ ਸਾਰਾ ਕੰਮ ਸਰ ਜਾਂਦਾ ਹੈ। ਇਸੇ ਲਈ ਚੀਨੀ ਲਿਖਤ ਪੜ੍ਹਨੀ ਲਿਖਣੀ ਔਖੀ ਤੇ ਸਾਲਾਂ ਦਾ ਕੰਮ ਹੈ। ਚੀਨੀ ਲੋਕ ਚੂੰਕਿ ਉਸ ਹਾਲਤ ਵਿਚ ਪੱਕ ਗਏ ਹਨ, ਇਸ ਲਈ ਉਨ੍ਹਾਂ ਨੂੰ ਉਤਨੀ ਔਖ ਪ੍ਰਤੀਤ ਨਹੀਂ ਹੁੰਦੀ। ਜਾਪਾਨੀਆਂ ਦੀ ਲਿਪੀ ਵੀ ਇਸੇ ਤਰ੍ਹਾਂ ਦੀ ਸੀ ਪਰ ਉਨ੍ਹਾਂ ਨੇ ਚੇਤੰਨਤਾ ਤੋਂ ਕੰਮ ਲੈਂਦਿਆਂ ਭਾਵਾਂ ਦੀ ਥਾਂ ਧੁਨੀਆਂ ਦੇ ਕੁਲ 47 ਚਿੰਨ੍ਹ ਬਣਾ ਕੇ ਚੀਨੀਆਂ ਵਾਲੇ ਝੰਜਟ ਤੋਂ ਛੁਟਕਾਰਾ ਪਾ ਲਿਆ ਹੈ।

ਇਸ ਤਰ੍ਹਾਂ ਭਾਵ-ਲਿਪੀ ਦੇ ਲਫਜ਼ੀ ਤਸਵੀਰਾਂ ਦਿਆਂ ਅਕਸਾਂ ਨੂੰ ਛਾਂਟ ਛਾਂਟ ਕੇ ਛੋਟਿਆਂ ਕਰਕੇ ਸਾਡੀਆਂ ਧੁਨੀ-ਲਿਪੀਆਂ (Phonetic Scripts) ਵਜੂਦ ਵਿਚ ਆਈਆਂ। ਇਹ ਕੰਮ ਇਕ ਦਿਨ ਵਿਚ ਨਹੀਂ ਹੋਇਆ ਸਗੋਂ ਸਦੀਆਂ ਵਿਚ ਮਨੁਖ ਦੀ ਉੱਨਤ ਬੁਧੀ ਨੇ ਇਹ ਸਫਲਤਾ ਪ੍ਰਾਪਤ ਕੀਤੀ। ਮਿਸਰ ਦੀ Hieroglyphic ਲਿਖਣ-ਪ੍ਰਣਾਲੀ ਤੇ ਅਰਾਮੀ ਲੋਕਾਂ ਦੀ Cunieform ਕੀਲਾਖਰੀ ਲਿਪੀ ਇਸੇ ਦੇ ਮੁਢਲੇ ਪੜਾਉ ਸਨ। ਜਿਹਾ ਕਿ ਅਸਾਂ ਉਤੇ ਦਸਿਆ ਹੈ ਕਿ ਚਿਤ੍ਰ ਲਿਪੀ ਦੀ ਚੜ੍ਹਦੀ ਕਲਾ ਦੇ ਜ਼ਮਾਨੇ ਵੱਖ ਵੱਖ ਭਾਵਾਂ ਲਈ ਚਿਤ੍ਰ ਨੀਅਤ ਹੋ ਗਏ

ਸਨ ਤੇ ਫੇਰ ਹੌਲੀ ਹੌਲੀ ਵਡੇ ਚਿਤ੍ਰਾਂ ਦੀ ਥਾਂ ਨਿਕੇ ਚਿਤ੍ਰ-ਸੰਕੇਤਾਂ ਨੇ ਮੱਲੇ ਤੇ ਇਨ੍ਹਾਂ ਚਿਤ੍ਰ-ਸੰਕੇਤਾਂ ਤੋਂ ਹੀ ਭਾਵ-ਲਿਪੀ ਤੇ ਫਿਰ ਛਾਂਟ-ਛਟਾਈ ਕਰਕੇ ਅੱਖਰ ਬਣਦੇ ਗਏ ਜੋ ਕਿ ਭਾਵਾਂ ਦੀ ਥਾਂ ਕੇਵਲ ਧੁਨੀਆਂ ਦੀ ਹੀ ਪ੍ਰਤੀਨਿਧਤਾ ਕਰਨ ਲਗੇ। ਕਈ ਲਿਪੀਆਂ ਦੇ ਅੱਖਰਾਂ ਦੇ ਨਾਵਾਂ ਤੋਂ ਵੀ ਇਸ ਵਿਕਾਸ-ਪੜਾਅ ਦੀ ਪੁਸ਼ਟੀ ਹੁੰਦੀ ਹੈ। ਮਿਸਾਲ ਲਈ ਅੰਗ੍ਰੇਜ਼ੀ ਵਰਣਮਾਲਾ ਦੀ ਏ, ਬੀ, ਸੀ, ਡੀ, ਯੂਨਾਨੀ ਲਿਪੀ ਅਲਫਾ, ਬੇਟਾ, ਗਾਮਾ ਤੇ ਡੈਲਟਾ ਤੋਂ ਬਣੀ ਹੈ। ਅਗੋਂ ਯੂਨਾਨੀ ਲਿਪੀ ਦਾ ਨਿਕਾਸ ਸਾਮੀ ਲਿਪੀ ਵਿਚੋਂ ਹੋਇਆ ਹੈ। ਅੱਖਰਾਂ ਦੇ ਇਹ ਨਾਂ ਸਾਮੀ ਸ਼ਬਦਾਂ—ਅਲੇਫ, ਬੇਥ, ਗਿਮੇਲ ਤੇ ਦਾਮੇਥ ਦਾ ਹੀ ਵਟਵਾਂ ਰੂਪ ਹਨ ਤੇ ਸਾਮੀ ਵਿਚ ਇਨ੍ਹਾਂ ਸ਼ਬਦਾਂ ਦਾ ਕ੍ਰਮਵਾਰ ਅਰਥ ਬੈਲ, ਮਕਾਨ, ਊਠ ਅਤੇ ਕਨਾਤ ਦਾ ਦਰਵਾਜ਼ਾ ਹੈ। ਇਸ ਤੋਂ ਸਾਬਤ ਇਹ ਹੁੰਦਾ ਹੈ ਕਿ ਚਿਤ੍ਰ ਲਿਪੀ ਦੇ ਸਮੇਂ ਇਨ੍ਹਾਂ ਚੀਜ਼ਾਂ ਦੇ ਚਿਤ੍ਰਾਂ ਤੋਂ ਖਾਸ ਭਾਵ ਲਿਆ ਜਾਂਦਾ ਸੀ ਤੇ ਫਿਰ ਇਨ੍ਹਾਂ ਦੇ ਹੀ ਭਾਵ-ਲਿਪੀ ਵਿਚ ਚਿਤ੍ਰ-ਸੰਕੇਤ ਬਣ ਗਏ। ਹੌਲੀ ਹੌਲੀ ਇਹੋ ਚਿਤ੍ਰ ਸੰਕੇਤ ਛੋਟੇ ਹੋ ਕੇ ਅੱਖਰਾਂ ਦਾ ਰੂਪ ਧਾਰਨ ਕਰ ਗਏ। ਇਨ੍ਹਾਂ ਅੱਖਰਾਂ ਦੇ ਪੁਰਾਣੇ ਰੂਪ ਵੀ ਇਸ ਗੱਲ ਦਾ ਪ੍ਰਮਾਣ ਹਨ ਕਿ ਉਨ੍ਹਾਂ ਦੀ ਸ਼ਕਲ ਪੁਰਾਣੇ ਸਮੇਂ ਵਿਚ ਇਨ੍ਹਾਂ ਚੀਜ਼ਾਂ ਦੇ ਨਾਲ ਮਿਲਦੀ-ਜੁਲਦੀ ਹੀ ਸੀ। ਜਿਵੇਂ ਇਨ੍ਹਾਂ ਸੰਕੇਤਾਂ ਵਿਚ ਸੌਖੇਪਤਾ ਆ ਗਈ ਤਿਵੇਂ ਹੌਲੀ ਹੌਲੀ ਅੱਖਰਾਂ ਦੇ ਨਾਂ ਵੀ ਨਿੱਕੇ ਰਹਿ ਗਏ। ਯੂਨਾਨੀ ਦਾ ਅਲਫਾ, ਬੇਟਾ, ਅੰਗਰੇਜ਼ੀ ਵਿਚ ਏ, ਬੀ, ਬਣਕੇ ਰਹਿ ਗਿਆ ਤੇ ਦੂਜੇ ਪਾਸੇ ਅਲਫ, ਬੇ, ਆਖਿਆ ਜਾਣ ਲੱਗਾ। ਅੰਗਰੇਜ਼ੀ ਦਾ ਲਿਪੀ ਵਾਚਕ ਸ਼ਬਦ ਅਲਫੇ ਬਿਟ (Alphabet) ਇਨ੍ਹਾਂ ਦੋਹਾਂ ਮੁਢਲੇ ਅੱਖਰਾਂ ਦੇ ਮੇਲ ਦਾ ਹੀ ਸਿੱਟਾ ਹੈ।

ਭਾਰਤ ਦੀਆਂ ਲਿਪੀਆਂ ਦੇ ਅੱਖਰਾਂ ਦਾ ਵਿਕਾਸ ਵੀ ਇਸੇ ਤਰ੍ਹਾਂ ਦੇ ਸੰਕੇਤ-ਚਿਤ੍ਰਾਂ ਤੋਂ ਹੋਇਆ। ਸਾਡੇ ਤਕ ਪਹੁੰਚਦੇ ਹੁਣ ਤਾਂ ਇਨ੍ਹਾਂ ਦੇ ਨਾਂ ਵੀ ਸੰਖਿਪਤ ਜੇਹੇ ਰਹਿ ਗਏ ਹਨ, ਇਸ ਲਈ ਅਸੀਂ ਬਿਉਰੇਵਾਰ ਇਸ ਗੱਲ ਦਾ ਲੇਖਾ ਲਾਉਣੋਂ ਅਸਮਰੱਥ ਹਾਂ ਕਿ ਕਿਨ੍ਹਾਂ ਚੀਜ਼ਾਂ ਦੇ ਚਿਤ੍ਰਾਂ ਤੋਂ ਇਨ੍ਹਾਂ ਅੱਖਰਾਂ ਦੇ ਆਕਾਰ ਬਣੇ ਤੇ ਕੀ ਕੀ ਉਨ੍ਹਾਂ ਦੇ ਪੁਰਾਣੇ ਨਾਂ ਸਨ। ਹਾਂ, ਇਹ ਗੱਲ ਤਾਂ ਭਲੀ ਭਾਂਤ ਸਿੱਧ ਹੈ ਕਿ ਲੀਕਾਂ ਖਿਚਣ ਦੇ ਕਿੱਤੇ ਤੋਂ ਹੀ ਹਜ਼ਾਰਾਂ ਵਰ੍ਹਿਆਂ ਵਿਚ ਹੌਲੀ ਹੌਲੀ ਲਿੱਪੀਆਂ ਯਾ ਵਰਣਮਾਲਾ ਦਾ ਵਿਕਾਸ ਹੋਇਆ। ਅੰਦਾਜ਼ਾ ਹੈ ਅੱਜ ਤੋਂ ਚਾਰ ਹਜ਼ਾਰ ਵਰ੍ਹੇ ਪਹਿਲਾਂ ਇਨ੍ਹਾਂ ਲਿਪੀਆਂ ਦਾ ਜਨਮ ਨਹੀਂ ਸੀ ਹੋਇਆ, ਗੰਢ ਲਿਪੀ, ਚਿਤ੍ਰ ਲਿਪੀ, ਭਾਵ ਲਿਪੀ ਯਾ ਅਜੇਹੇ ਕਿਸੇ ਹੋਰ ਸਾਧਨ ਰਾਹੀਂ ਹੀ ਮਨੁਖ ਆਪਣਾ ਗੁਜ਼ਾਰਾ ਤੋਰਦਾ ਚਲਿਆ ਆ ਰਿਹਾ ਸੀ।

ਸੰਸਾਰ ਦੀਆਂ ਲਿਪੀਆਂ

ਪ੍ਰੋ: ਪੇਟਰੀ ਦਾ ਮਤ ਹੈ ਕਿ ਮਿਸਰੀ, ਯੂਨਾਨੀ, ਫਿਨੀਸ਼ੀ, ਏਸ਼ਿਆਈ ਤੇ ਸਾਮੀ ਆਦਿ ਸਭੇ ਲਿਪੀਆਂ ਭੂ-ਮੱਧ ਸਾਗਰ ਦੇ ਆਸਪਾਸ ਰਹਿਣ ਵਾਲੇ ਵਪਾਰੀਆਂ ਤੋਂ ਚਲੀਆਂ, ਹੋਰ ਪੱਛਮੀ ਵਿਦਵਾਨ ਇਸ ਗਲ ਨਾਲ ਸੰਮਤੀ ਨਹੀਂ ਰਖਦੇ। ਆਮ ਪ੍ਰਮਾਣੀਕ ਮਤ ਇਹ ਹੈ ਕਿ ਫਿਨੀਸ਼ੀਅਨ ਲੋਕ ਜੋ ਕਿ ਰੂੰਮ ਸਾਗਰ ਦੇ ਕੰਢੇ ਏਸ਼ਿਆਈ ਕੋਚਕ ਦੇ ਵਾਸੀ ਸਨ, ਪੁਰਾਣੇ ਸੌਦਾਗਰ ਸਨ ਤੇ ਇਨ੍ਹਾਂ ਦਾ ਦੇਸ਼ਾਂ ਵਿਦੇਸ਼ਾਂ ਨਾਲ ਵਪਾਰ ਚਲਦਾ ਸੀ। ਇਨ੍ਹਾਂ ਨੇ ਹੀ ਵਪਾਰੀ ਲੋੜਾਂ ਲਈ (950 ਈ. ਪੂ.) ਲਿਖਤ ਪੜ੍ਹਤ ਦਾ ਕੰਮ ਤੋਰਿਆ ਤੇ ਤਮਾਮ ਲਿਪੀਆਂ ਇਨ੍ਹਾਂ ਤੋਂ ਹੀ ਪ੍ਰਚਲਤ ਹੋਈਆਂ। ਕਈਆਂ ਦੇ ਖਿਆਲ ਵਿਚ ਇਹ ਲੋਕ ਸਾਮੀ ਨਸਲ ਦੇ ਸਨ, ਕਈ ਇਨ੍ਹਾਂ ਨੂੰ 'ਹਾਮੀ' ਨਸਲ ਦੇ ਦਸਦੇ ਹਨ।

ਸਾਮੀ ਲਿਪੀ ਦੀਆਂ ਤਿੰਨ ਵੱਡੀਆਂ ਸ਼ਾਖਾਂ ਮੰਨੀਆਂ ਜਾਂਦੀਆਂ ਹਨ—ਉਤਰੀ ਸਾਮੀ,

ਅਰਥਾਤ ਫਿਨੀਕੀ, ਅਰਾਮੀ ਤੇ ਸਾਬੀ ਜਾਂ ਦੱਖਣੀ ਸਾਮੀ ਫਿਨੀਕੀ ਤੋਂ ਯੂਨਾਨੀ ਤੇ ਅਗੇ ਹੋਰ ਯੂਰਪੀਨ ਲਿਪੀਆਂ ਉਪਜੀਆਂ। ਅਰਾਮੀ ਤੋਂ ਇਬਰਾਨੀ, ਅਰਬੀ ਸੀਰੀਅਨ ਲਿਪੀ ਜੰਮੀ ਅਤੇ ਸਾਬੀ ਜਾਂ ਦੱਖਣੀ ਸਾਮੀ ਤੋਂ ਬ੍ਰਾਹਮੀ ਤੇ ਅਗੋਂ ਬਾਕੀ ਭਾਰਤੀ ਲਿਪੀਆਂ ਦਾ ਨਿਕਾਸ ਹੋਇਆ।‡ ਦਸਿਆ ਜਾਂਦਾ ਹੈ ਕਿ ਅਰਬ ਦੀ ਸਾਬੀ ਕੌਮ ਮਸ਼ਹੂਰ ਵਪਾਰੀ ਕੌਮ ਸੀ ਜੋ ਹਿੰਦ ਦੇ ਪੱਛਮੀ ਕੰਢਿਆਂ ਉਤੇ (850 ਈ. ਪੂ.) ਵਪਾਰ ਲਈ ਆਇਆ ਜਾਇਆ ਕਰਦੀ ਸੀ। ਟੇਲਰ ਦੇ ਕਥਨ ਅਨੁਸਾਰ ਇਨ੍ਹਾਂ ਲੋਕਾਂ ਹੀ ਦੱਖਣੀ ਸਾਮੀ ਲਿਪੀ ਹਿੰਦ ਲਿਆਂਦੀ, ਜਿਸ ਤੋਂ ਬ੍ਰਾਹਮੀ ਦਾ ਜਨਮ ਹੋਇਆ ਪਰੰਤੂ ਸਾਰੇ ਭਾਰਤੀ ਵਿਦਵਾਨ ਇਸ ਮਤ ਨੂੰ ਪ੍ਰਵਾਨ ਨਹੀਂ ਕਰਦੇ।*

ਇਸ ਮੂਲ ਸਾਮੀ ਲਿਪੀ ਦੇ, ਜੋ ਕਿ ਪੁਰਾਣੇ ਮਿਸਰ ਦੀ ਕਾਢ ਦਸੀ ਜਾਂਦੀ ਹੈ, ਕੁਲ 22 ਅੱਖਰ ਸਨ, ਇਨ੍ਹਾਂ ਵਿਚ ਹੀ ਵੱਖ ਵੱਖ ਦੇਸ਼ਾਂ ਵਾਲਿਆਂ ਅ ਪਣੀਆਂ ਧੁਨੀਆਂ ਅਨੁਸਾਰ ਵਾਧੇ ਘਾਟੇ ਕਰ ਕੇ ਆਪਣੀਆਂ ਵਰਣਮਾਲਾ ਬਣਾਈਆਂ। ਸੰਸਾਰ ਦੀਆਂ ਕੁਝ ਮੁਖੀ ਲਿਪੀਆਂ ਦੇ ਅੱਖਰਾਂ ਦਾ ਵੇਰਵਾ ਇਸ ਪ੍ਰਕਾਰ ਹੈ :—

1. ਫਨੀਕੀ—22
2. ਇਬਰਾਨੀ—22
3. ਸਾਬੀ—22
4. ਆਰਾਮੀ—29
5. ਅਰਬੀ—28
6. ਯੂਨਾਨੀ—29
7. ਰੋਮਨ ਪਹਿਲੇ 23 ਸਨ, 15ਵੀਂ ਸਦੀ ਬਾਦ 26 ਚਲੇ।
8. ਫਾਰਸੀ -- 32
9. ਖਰੋਸ਼ਟੀ—20
10. ਬ੍ਰਾਹਮੀ—22
11. ਦੇਵ ਨਾਗਰੀ—42
12. ਗੁਰਮੁਖੀ—35
13. ਉਰਦੂ—36

ਜਿਸ ਮੱਤ ਦਾ ਅਸੀਂ ਉਤੇ ਜ਼ਿਕਰ ਕੀਤਾ ਹੈ ਕਿ ਸਾਰੀਆਂ ਲਿਪੀਆਂ ਦਾ ਨਿਕਾਸ ਇਕੋ ਉਤਰੀ ਸਾਮੀ ਲਿਪੀ-ਫਿਨੀਸ਼ੀ ਜਾਂ ਦੱਖਣੀ ਸਾਮੀ-ਸਾਬੀ ਲਿਪੀ ਤੋਂ ਹੀ ਹੋਇਆ, ਬਹੁਤਾ ਠੀਕ ਨਹੀਂ ਜਚਦਾ। ਜਿਸ ਤਰ੍ਹਾਂ ਥਾਂ ਥਾਂ ਮਨੁਖ ਦੀ ਸਮਾਜਕ ਲੋੜ ਨੇ ਬੋਲੀਆਂ ਉਪਜਾਈਆਂ, ਇਵੇਂ ਜਿਵੇਂ ਇਸੇ ਸਮਾਜਕ ਸਰਗਰਮੀ ਨੇ ਵੱਖ ਵੱਖ ਦੇਸ਼ਾਂ ਦੀਆਂ ਲੋੜਾ ਅਨੁਸਾਰ ਲਿਖਣ ਦੇ ਸਾਧਨ ਮੁਹਰੇ ਲਿਆਂਦੇ। ਕਿਸੇ ਸੱਜੇ ਤੋਂ ਖੱਬੇ ਨੂੰ ਲਿਖਾਈ ਕੀਤੀ, ਕਿਸੇ ਖੱਬੇ ਤੋਂ ਸੱਜੇ ਵਲ ਨੂੰ ਲਿਖਣਾ ਅਰੰਭਿਆ। ਸਾਮੀ ਲਿਪੀਆਂ ਸੱਜੇ ਤੋਂ ਖੱਬੇ ਨੂੰ ਚਲਦੀਆਂ ਹਨ ਤੇ ਯੋਰਪੀਨ ਅਤੇ ਭਾਰਤੀ ਲਿਪੀਆਂ ਦੀ ਚਾਲ ਖੱਬਿਓਂ ਸੱਜੇ ਨੂੰ ਹੈ। ਹਿੰਦ ਦੀਆਂ ਦੋ ਲਿਪੀਆਂ ਜ਼ਰੂਰ ਹਨ ਜੋ ਸਾਮੀ ਖਾਨਦਾਨ ਨਾਲ ਸਬੰਧਤ ਹੋਣ ਕਰਕੇ ਸੱਜਿਓਂ ਖੱਬੇ ਨੂੰ ਚਲਦੀਆਂ ਹਨ, ਉਹ ਹਨ ਖਰੋਸ਼ਟੀ ਤੇ ਉਰਦੂ। ਖਰੋਸ਼ਟੀ ਢਾਈ ਹਜ਼ਾਰ ਵਰ੍ਹੇ ਪੁਰਾਣੀ ਲਿਪੀ ਹੈ ਤੇ ਉਰਦੂ ਇਸ ਨਵੇਂ ਜ਼ਮਾਨੇ ਦੀ। ਇਸੇ ਤਰ੍ਹਾਂ ਕਈ ਲਿਪੀਆਂ ਉਤੋਂ ਹੇਠ ਨੂੰ ਚਲਦੀਆਂ ਹਨ। ਜੇ ਸਾਰੀਆਂ ਲਿਪੀਆਂ ਦਾ ਨਿਕਾਸ ਇਕੋ ਥਾਂ ਤੋਂ ਹੋਇਆ ਮੰਨਿਆ ਜਾਵੇ ਤਾਂ ਘੱਟ ਤੋਂ ਘੱਟ ਉਨ੍ਹਾਂ ਦੀ ਦਿਸ਼ਾ-ਚਾਲ ਵਿਚ ਤਾਂ ਸਮਾਨਤਾ ਹੋਣੀ ਜ਼ਰੂਰੀ ਸੀ। ਇਸੇ ਤਰ੍ਹਾਂ ਰੂਪ-ਭੇਦ ਤੇ ਅੱਖਰ-ਗਿਣਤੀ-ਭੇਦ ਵੀ ਇਸ ਗੱਲ ਨੂੰ ਜ਼ਾਹਰ ਕਰਦਾ ਹੈ ਕਿ ਭਿੰਨ ਭਿੰਨ ਮਨੁਖੀ ਸਮਾਜ ਨੇ ਆਪਣੀ ਬੁਧੀ ਤੇ ਲੋੜ ਅਨੁਸਾਰ ਇਨ੍ਹਾਂ ਦੀ ਰੂਪ ਰੇਖਾ ਉਲੀਕੀ। ਚੀਨ ਵਰਗੇ ਦੇਸ਼ ਦੀ ਲਿਪੀ ਇਕ ਪੜਾਉ ਪਿਛੇ ਹੀ ਖੜੋ ਗਈ।

‡ਹਿੰਦੀ ਵਿਸ਼ਵ ਭਾਰਤੀ, ਭਾਗ ਪਹਿਲਾ ਪੰਨਾ 347-49

*ਪੰਜਾਬੀ ਦੁਨੀਆਂ, ਪਟਿਆਲਾ ਮਾਰਚ 53 (ਪ੍ਰੋ. ਜੋਗਿੰਦਰ ਸਿੰਘ)

ਜੇ ਫਿਨੀਸ਼ੀ ਲਿਪੀ ਤੋਂ ਹੀ ਸਾਰੇ ਦੇਸ਼ ਪ੍ਰਭਾਵਤ ਹੋ ਕੇ ਲਿਪੀਆਂ ਰਚਦੇ ਤਾਂ ਇਤਨਾ ਵੱਡਾ ਅੰਤਰ ਨਹੀਂ ਸੀ ਪੈ ਸਕਦਾ। ਨਾਲੇ ਆਵਾਜਾਈ ਦੇ ਸਾਧਨ ਬੜੇ ਸਾਧਾਰਣ ਤੇ ਅਧੂਰੇ ਹੋਣ ਕਾਰਨ ਕਿਸੇ ਵੀ ਚੀਜ਼ ਦਾ ਉਸ ਸਮੇਂ ਸੰਸਾਰ-ਵਿਆਪੀ ਹੋ ਜਾਣਾ ਸੰਭਵ ਨਹੀਂ ਸੀ। ਹਾਂ, ਇਹ ਗੱਲ ਮੰਨਣੋਂ ਦਰੇਗ ਨਹੀਂ ਕਿ ਯੂਰਪ ਦੀਆਂ ਯੂਨਾਨੀ ਤੇ ਰੋਮਨ ਆਦਿ ਲਿਪੀਆਂ ਫਿਨੀਕੀ ਲਿਪੀ ਤੋਂ ਹੀ ਵਿਗਸੀਆਂ। ਰਾਜਬਲ ਦੇ ਸਦਕੇ ਰੋਮਨ ਲਿਪੀ ਤਾਂ ਯੂਰਪ ਤੇ ਅਮਰੀਕਾ ਤੋਂ ਇਲਾਵਾ ਹਿੰਦ ਚੀਨੀ, ਸਿਆਮ, ਇੰਡੋਨੇਸ਼ੀਆ, ਬਰਮਾ, ਲੰਕਾ, ਫਿਲਪਾਇਨ ਆਦਿ ਵਿਚ ਵੀ ਵਰਤੀ ਜਾ ਰਹੀ ਹੈ। ਟਰਕੀ ਵਿਚ ਕਮਾਲ ਪਾਸ਼ਾ ਨੇ ਅਰਬੀ ਦੀ ਥਾਂ ਰੋਮਨ ਤੋਂ ਹੀ ਸੋਧ ਕੇ 27 ਅੱਖਰਾਂ ਦੀ ਨਵੀਂ ਤੁਰਕੀ ਲਿਪੀ ਚਾਲੂ ਕੀਤੀ। ਅਜ ਰੋਮਨ ਲਿਪੀ ਦਾ ਥਾਂ ਥਾਂ ਬੋਲਬਾਲਾ ਹੈ, ਉਸ ਦੀ ਵਡਿਆਈ ਨੂੰ ਹੋਰ ਕੋਈ ਲਿਪੀ ਨਹੀਂ ਪਹੁੰਚਦੀ, ਜਿਵੇਂ ਅੰਗਰੇਜ਼ੀ ਭਾਸ਼ਾ ਨੂੰ।

ਵਿਆਪਕਤਾ ਦੇ ਲਿਹਾਜ਼ ਨਾਲ ਰੋਮਨ ਤੋਂ ਉਤਰ ਕੇ ਸਾਮੀ ਖ਼ਾਨਦਾਨ ਦੀਆਂ ਲਿਪੀਆਂ ਹਨ। ਇਨ੍ਹਾਂ ਵਿਚੋਂ ਅਰਾਮੀ, ਅਰਬੀ, ਈਰਾਨੀ ਆਦਿ ਸ਼ਿਰੋਮਣੀ ਹਨ। ਅਰਾਮੀ, ਸੀਰੀਆਂ (ਸੈਸੋਪੁਟਾਮੀਆ) ਦੀ ਲਿਪੀ ਸੀ। ਈਰਾਨ ਵਿਚ ਪਹਿਲਾਂ ਕੀਲਾਖਰ (Cunieform) ਦੀ ਵਰਤੋਂ ਸੀ। ਯੂਨਾਨੀ ਵਿਜਈ ਸਿਕੰਦਰ ਦੇ ਹਮਲੇ ਤੋਂ (328 ਈ. ਪੂ.) ਬਾਦ ਉਥੇ ਅਰਾਮੀ ਲਿਪੀ ਚਲੀ। ਫਿਰ ਪਹਿਲਵੀ ਦੀ ਵਰਤੋਂ ਵੀ ਹੁੰਦੀ ਰਹੀ। ਸਤਵੀਂ ਸਦੀ ਵਿਚ ਜਦੋਂ ਅਰਬੀਆਂ ਈਰਾਨ ਕਾਬੂ ਕੀਤਾ ਤਾਂ ਉਥੇ ਪਹਿਲਵੀ ਦੇ 24 ਅੱਖਰਾਂ ਵਿਚ ਅਰਬੀ ਦੇ ਅੱਠ ਅੱਖਰ (ਉਰਦੂ ਨਾਂ-ਸੇ, ਹੇ, ਸੁਆਦ, ਜ਼ੁਆਦ, ਤੋਇ, ਜ਼ੋਇ, ਐਨ ਤੇ ਕਾਫ) ਹੋਰ ਸ਼ਾਮਲ ਕਰਕੇ ਕੁਲ 32 ਫਾਰਸੀ ਅੱਖਰ ਬਣਾ ਲਏ ਗਏ।

ਇਸ ਫਾਰਸੀ ਲਿਪੀ ਵਿਚ ਉਰਦੂ ਲਿਖਤ ਚਾਲੂ ਹੋਣ ਸਮੇਂ ਟੇ, ਡੇ, ਡਾਲ ਆਦਿ ਹੋਰ ਵਧਾਏ ਗਏ ਕਿਉਂਕਿ ਇਹ ਅਵਾਜ਼ਾਂ ਹੀ ਫਾਰਸੀ ਵਿਚ ਨਹੀਂ ਸਨ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਕਿਵੇਂ ਇਕ ਲਿਪੀ ਆਪਣੇ ਮਜ਼ਬੀ, ਤਹਿਜ਼ੀਬੀ ਯਾ ਰਾਜਸੀ ਜ਼ੋਰ ਦੇ ਆਸਰੇ ਬਿਗਾਨੇ ਪਰਿਵਾਰ ਦੀਆਂ ਬੋਲੀਆਂ ਨੂੰ ਵੀ ਆਪਣੀ ਝੋਲੀ ਪਾਈ ਜਾਂਦੀ ਹੈ। ਫਾਰਸੀ ਯਾ ਉਰਦੂ ਹਿੰਦੁਸਤਾਨੀ ਆਰੀਆ ਘਰਾਣੇ ਦੀਆ ਬੋਲੀਆਂ ਹਨ ਪਰ ਇਨ੍ਹਾਂ ਦਾ ਲਿਬਾਸ (ਲਿਪੀ) ਸਾਮੀ ਖ਼ਾਨਦਾਨ ਵਾਲਾ ਹੈ। ਇਸ ਲਿਬਾਸ ਨੇ ਇਨ੍ਹਾਂ ਨੂੰ ਇਤਨਾ ਪ੍ਰਭਾਵੜ ਕੀਤਾ ਹੈ ਕਿ ਫਾਰਸੀ ਵਿਚ 70 ਫੀ ਸਦੀ ਅਰਬੀ ਸ਼ਬਦ ਆ ਧਸੇ। ਇਹੋ ਹਾਲ ਉਰਦੂ ਦਾ ਹੈ, ਇਸ ਵਿਚ 50 ਫੀ ਸਦੀ ਅਰਬੀ ਸ਼ਬਦਾਵਲੀ ਦਾ ਜ਼ੋਰ ਹੈ, ਵੈਸੇ ਇਹ ਜ਼ਬਾਨ ਹਿੰਦੁਸਤਾਨ ਦੀ ਹੈ। ਇਸ ਇਕੋ ਮਿਸਾਲ ਤੋਂ ਇਹ ਲੱਖਣ ਲਾਉਣਾ ਔਖਾ ਨਹੀਂ ਕਿ ਕਿਵੇਂ ਇਕ ਲਿਪੀ ਦੂਜੇ ਬੰਸ ਦੀ ਬੋਲੀ ਉਤੇ ਭਾਰੂ ਹੋ ਕੇ ਉਸ ਦੀ ਕਾਇਆ ਪਲਟ ਛਡਦੀ ਹੈ। ਇਸ ਅਰਬੀ ਫਾਰਸੀ ਲਿਪੀ ਦੇ ਪਿਛੇ ਭਾਵੇਂ ਮਜ਼ਬੂਥੀ ਪ੍ਰਭਾਵ ਦਾ ਬਹੁਤ ਹੱਥ ਹੈ ਪਰ ਇਹ ਗੱਲ ਤਾਂ ਮੰਨਣੀ ਪਵੇਗੀ ਕਿ ਲਿਪੀ ਨੇ ਵੀ ਕਾਫੀ ਪਾਰਟ ਅਦਾ ਕੀਤਾ ਹੈ। ਰਾਜਸੀ ਪ੍ਰਭਾਵ ਸਦਕੇ ਜਗਤ ਉਤੇ ਛਾਈ ਰੋਮਨ ਲਿਪੀ ਦਾ ਅਸੀਂ ਜ਼ਿਕਰ ਕਰ ਹੀ ਚੁਕੇ ਹਾਂ।

ਤੀਜੀ ਥਾਂ ਬ੍ਰਹਮੀ ਖ਼ਾਨਦਾਨ ਦੀਆਂ ਲਿਪੀਆਂ ਹਨ, ਜੋ ਰਿਸ਼ੀਆਂ ਭਗਤਾਂ ਦੇ ਦੇਸ਼ ਹਿੰਦੁਸਤਾਨ ਵਿਚ ਅੱਡੋ ਅੱਡ ਰੂਪਾਂ ਅੰਦਰ ਵਿਗਸੀਆਂ ਮਿਲਦੀਆਂ ਹਨ। ਨ ਹਿੰਦੁਸਤਾਨੀ ਘਰੋਂ ਬਾਹਰ ਨਿਕਲੇ ਕਿਉਂਕਿ ਬ੍ਰਹਮਣੀ ਸ਼ਾਸਤ੍ਰਾਂ ਅਨੁਸਾਰ ਸਮੁੰਦਰ ਪਾਰ ਜਾਣਾ ਪਾਪ ਸੀ ਅਤੇ ਨ ਹੀ ਇਨ੍ਹਾਂ ਕੋਈ ਗੁਆਂਢੀ ਦੇਸ਼ਾਂ ਵਿਚ ਹੀ ਕੋਈ ਸਿੱਕਾ ਮਾਰਿਆ। ਇਸ ਲਈ ਬ੍ਰਹਮੀ ਲਿਪੀ

ਯਾ ਇਸ ਦੀਆਂ ਧੀਆਂ ਦਾ ਕੋਈ ਬਹੁਤਾ ਲੰਮਾ ਚੌੜਾ ਦੂਰ ਦੁਰਾਡੇ ਪ੍ਰਭਾਵ ਨਹੀਂ ਮਿਲਦਾ। ਹਾਂ, ਲੰਕਾ, ਬਰਮਾ ਤੇ ਲਾਗੇ ਦੇ ਕੁਛ ਹੋਰ ਨਿੱਕੇ ਮੋਟੇ ਟਾਪੂਆਂ ਵਿਚ ਕੁਝ ਅਸਰ ਦਸਿਆ ਜਾਂਦਾ ਹੈ ਪਰ ਇਹ ਕੋਈ ਅਜੇਹਾ ਵਰਨਣ ਯੋਗ ਕਿੱਸਾ ਨਹੀਂ ਕਿ ਸਾਡੀ ਭਾਰਤੀ ਲਿੱਪੀ ਨੇ ਕਿਸੇ ਦੂਜੇ ਦੇਸ਼ ਦੀ ਲਿਪੀ ਯਾ ਬੋਲੀ ਦਾ ਢਾਂਚਾ ਹੀ ਬਦਲ ਦਿੱਤਾ ਹੋਵੇ। ਹਾਂ, ਇਕ ਗੱਲ ਜ਼ਰੂਰ ਹੈ ਕਿ ਇਨ੍ਹਾਂ ਸ਼ਾਂਤੀ-ਪਸੰਦ ਲੋਕਾਂ ਨੇ ਦਿਮਾਗੀ ਤਰੱਕੀ ਖੂਬ ਕੀਤੀ ਤੇ ਇਸ ਦਿਮਾਗੀ ਤਰੱਕੀ ਦਾ ਸਰੂਪ ਇਨ੍ਹਾਂ ਦੀਆਂ ਬਣਾਈਆਂ ਸੁਚੱਜੀਆਂ ਵਿਗਿਆਨਕ ਲਿਪੀਆਂ ਵਿਚੋਂ ਵੀ ਮਿਲਦਾ ਹੈ।

ਹਿੰਦੁਸਤਾਨੀ ਲਿਪੀਆਂ

ਹਿੰਦੁਸਤਾਨ ਵਿਚ ਲਿਖਣ ਦੇ ਸਾਧਨ ਯਾ ਲਿਪੀ ਦਾ ਹੁਨਰ ਕਦੋਂ ਪ੍ਰਚਲਤ ਹੋਇਆ, ਇਸ ਬਾਰੇ ਨਿਸਚਿਤ ਮਿਤੀ ਤਾਂ ਕੋਈ ਨਹੀਂ ਦੱਸੀ ਜਾ ਸਕਦੀ ਪਰ ਇਹ ਗੱਲ ਪ੍ਰਤੱਖ ਹੈ ਕਿ ਭਾਰਤ-ਵਾਸੀ ਤਿੰਨ ਹਜ਼ਾਰ ਵਰ੍ਹੇ ਤੋਂ ਲਿਖਣ ਵਿਚ ਜ਼ਰੂਰ ਮਾਹਰ ਚਲੇ ਆ ਰਹੇ ਹਨ। ਵਿਦਵਾਨਾਂ ਦਾ ਅਨੁਮਾਨ ਹੈ ਕਿ ਵੇਦਕ ਰਚਨਾ 2500 ਈ: ਪੂਰਬ ਤੋਂ 1200 ਈ: ਪੂਰਬ ਤਕ ਹੁੰਦੀ ਰਹੀ ਤੇ ਫਿਰ ਇਨ੍ਹਾਂ ਨੂੰ ਵੇਦ ਵਿਆਸ ਨੇ ਲਿਪੀ-ਬੱਧ ਕਰਕੇ ਸੰਹਤਾ ਯਾ ਗ੍ਰੰਥ ਰੂਪ ਵਿਚ ਸੰਪਾਦਨ ਕੀਤਾ। ਪ੍ਰਾਚੀਨਤਾ ਵਿਚ ਵੇਦਕ ਰਚਨਾ ਨਾਲ ਸੰਸਾਰ ਦਾ ਕੋਈ ਵੀ ਸਾਹਿਤ ਟਾਕਰਾ ਨਹੀਂ ਲੈ ਸਕਦਾ। ਇਹ ਇਸ ਗੱਲ ਦਾ ਪੱਕਾ ਸਬੂਤ ਹੈ ਕਿ ਈਸਵੀ ਸਦੀ ਤੋਂ ਇਕ ਹਜ਼ਾਰ ਵਰ੍ਹੇ ਪਹਿਲੇ ਵੈਦਕ ਸਾਹਿਤ ਨੂੰ ਕਲਮਬੰਦ ਕਰਨ ਵਾਲੇ ਲੋਕ ਲਿਪੀ ਦੇ ਹੁਨਰ ਵਿਚ ਚੰਗੀ ਤਰ੍ਹਾਂ ਮਾਹਰ ਸਨ। ਵੇਦ ਸੰਪਾਦਿਤ ਨਹੀਂ ਸੀ ਹੋ ਸਕਦੇ ਜੇ ਲਿਪੀ ਨਾ ਹੁੰਦੀ।‡ ਛਾਂਦੋਗ ਉਪਨਿਸ਼ਧ ਵਿਚ ਵੀ 'ਅਖਛਰ' ਸ਼ਬਦ ਵਰਤਿਆ ਮਿਲਦਾ ਹੈ। ਪਾਣਿਨੀ (500 ਈ. ਪੂ.) ਜਿਸ ਦਾ ਸਮਾਂ ਕਈ ਵਿਦਵਾਨ ਮਾ: ਬੁਧ ਤੋਂ ਵੀ ਪਹਿਲਾਂ ਮੰਨਦੇ ਹਨ, ਉਸ ਨੇ ਵੀ ਆਪਣੀ ਵਿਆਕਰਣ 'ਅਸ਼ਟਾਧਿਆਈ' ਵਿਚ 'ਲਿਬਿ' (ਲਿਪੀ) ਤੇ ਲਿਪਿਕਰ (ਲੇਖਕ) ਲਫਜ਼ ਵਰਤੇ ਹਨ। ਨਾਲੇ ਅਜੇਹੀਆਂ ਨੇਮ-ਬੱਧ ਭਾਵ-ਪੂਰਤ ਗੁਟ ਰਚਨਾਵਾਂ ਜਿਨ੍ਹਾ ਵਿਚ ਕਈਆਂ ਦਾ ਖੰਡਨ ਮੰਡਨ ਕਰਨਾ ਹੋਵੇ, ਕਈ ਜ਼ਬਾਨੀ ਕੰਠ-ਸਾਹਿਤ ਦੇ ਆਧਾਰ ਤੇ ਨਹੀਂ ਰਚੀਆਂ ਜਾਂਦੀਆਂ, ਲਿਖਤੀ ਸਾਹਿਤ ਦੀ ਮੌਜੂਦਗੀ ਵਿਚ ਹੀ ਅਜੇਹਾ ਹੋਣਾ ਸੰਭਵ ਸੀ।

ਬੋਧੀ ਗ੍ਰੰਥਾਂ ਵਿਚ ਬੋਧੀ ਸਾਧੂਆਂ ਲਈ 'ਅਖਛਰਿਕਾ' ਖੇਡ ਖੇਡਣੀ ਮਨ੍ਹਾ ਕੀਤੀ ਗਈ ਹੈ। ਇਸ ਖੇਡ ਵਿਚ ਆਪਣੀ ਪਿੱਠ ਉਤੇ ਲਿਖਿਆ ਅੱਖਰ ਪੜ੍ਹਨਾ ਪੈਂਦਾ ਸੀ।।

ਸਕੰਦਰ ਦੇ ਹਮਲੇ ਨਾਲ ਆਇਆ (325 ਈ. ਪੂਰਬ) ਯੂਨਾਨੀ ਸੈਨਾਪਤੀ ਨਿਆਰਕਸ ਲਿਖਦਾ ਹੈ ਕਿ ਹਿੰਦੁਸਤਾਨ ਅੰਦਰ ਲਿਖਣ ਲਈ ਡਾਢਾ ਬਰੀਕ ਕਪੜਾ ਵਰਤਿਆ ਜਾਂਦਾ ਹੈ।

ਚੰਦਰਗੁਪਤ ਦੇ ਦਰਬਾਰ ਵਿਚ ਸੀਰੀਆ ਦੇ ਬਾਦਸ਼ਾਹ ਦਾ ਆਇਆ ਰਾਜਦੂਤ ਮੈਗਸਥਨੀਜ਼ (306 ਈ: ਪੂ:) ਲਿਖਦਾ ਹੈ ਕਿ ਸੜਕਾਂ ਉਤੇ ਦਸ ਦਸ ਸਟੇਡੀਏ (ਇਕ ਮਾਪ) ਉਤੇ ਪੱਥਰ ਲਗੇ ਹੋਏ ਹਨ, ਜਿਨ੍ਹਾਂ ਤੋਂ ਸਰਾਵਾਂ ਦੀ ਦੂਰੀ ਦਾ ਪਤਾ ਲਗਦਾ ਹੈ।

ਜੈਨੀਆਂ ਦੀ ਪੁਰਾਣੀ ਕਿਤਾਬ 'ਪਨਵਣ ਸੂਤ੍ਰ' ਵਿਚ 18 ਲਿਪੀਆਂ ਦੇ ਨਾਂ ਦਿਤੇ ਗਏ ਹਨ। ਇਸ ਤਰ੍ਹਾਂ 'ਲਲਿਤ ਵਿਸਤਰ' ਨਾਮੀ ਸੰਸਕ੍ਰਿਤ ਪੁਸਤਕ, ਜਿਸ ਵਿਚ ਮ: ਬੁਧ ਜੀ ਦਾ ਜੀਵਨ ਹੈ, ਬ੍ਰਹਮੀ, ਖਰੋਸ਼ਟੀ, ਨਾਗ ਲਿਪੀ, ਯੱਖਛ ਲਿਪੀ, ਗੰਧਰਵ ਲਿਪੀ, ਅਸੁਰ, ਹੂਣ ਤੇ ਖਸ ਆਦਿ 64 ਲਿਪੀਆਂ ਦਾ ਜ਼ਿਕਰ ਕੀਤਾ ਗਿਆ ਹੈ। ਇਸ ਪੁਸਤਕ ਦਾ ਸਹੀ ਰਚਨਾ ਕਾਲ ਨਹੀਂ ਮਿਲਿਆ, 308 ਈ ਵਿਚ ਇਸ ਦਾ ਚੀਨੀ ਉਲਥਾ ਹੋਇਆ ਸੀ। 668 ਈ. ਵਿਚ

‡ਇੰਡੋ ਆਰੀਅਨ ਐਂਡ ਹਿੰਦੀ, (ਸੁਨੀਤੀ ਕੁਮਾਰ ਚੈਟਰਜੀ) ਪੰਨਾ 48.

ਬਣੇ ਚੀਨੀ ਕੋਸ਼ 'ਫਾ ਯੁਅਨ ਚੁਲਿਨ' ਵਿਚ ਵੀ 'ਲਲਿਤ ਵਿਸਤਰ' ਵਾਲੀ ਲਿਪੀ-ਸੂਚੀ ਮਿਲਦੀ ਹੈ ।‡

ਬ੍ਰਹਿਮੀ ਤੇ ਖਰੋਸ਼ਠੀ ਹਿੰਦ ਦੀਆਂ ਦੋ ਪ੍ਰਧਾਨ ਲਿਪੀਆਂ ਸਨ । 250 ਈ. ਪੂਰਬ ਦੇ ਮਹਾਰਾਜਾ ਅਸ਼ੋਕ ਦੇ ਲਿਖਾਏ ਸ਼ਿਲਾਲੇਖ ਆਮ ਮਿਲਦੇ ਹਨ ਜੋ ਕਿ ਜ਼ਿਆਦਾਤਰ ਬ੍ਰਹਿਮੀ ਲਿਪੀ ਵਿਚ ਹਨ ਤੇ ਦੋ ਲੇਖ ਖਰੋਸ਼ਠੀ ਵਿਚ ਹਨ ਜੋ ਕਿ ਸ਼ਹਿਬਾਜ਼ ਗੜ੍ਹੀ ਤੇ ਮਾਨ ਸੇਹਰਾ ਤੋਂ ਮਿਲੇ ਹਨ । ਖਰੋਸ਼ਠੀ ਲਿਪੀ ਦਾ ਹਿੰਦ ਵਿਚ ਈਰਾਨੀ ਹਮਲੇ ਸਮੇਂ (558 ਈ. ਪੂ.) ਮੁਢ ਬੱਝਾ, ਇਹ ਅਰਾਮੀ ਲਿਪੀ ਤੋਂ ਨਿਕਲੀ ਸੀ, ਇਸੇ ਦਾ ਪ੍ਰਭਾਵ ਪੱਛਮੀ ਪੰਜਾਬ, ਸਰਹੱਦੀ ਸੂਬਾ, ਅਫ਼ਗ਼ਾਨਾ ਤਾਨ ਤੇ ਚੀਨੀ ਤੁਰਕਸਤਾਨ ਤਕ ਰਿਹਾ । ਇਸ ਦੇ ਲੇਖ ਤੀਜੀ ਈਸਵੀ ਸਦੀ ਤਕ ਦੇ ਮਿਲੇ ਹਨ, ਇਸ ਪਿਛੋਂ ਇਹ ਉਕਾ ਗੁੰਮ ਹੀ ਹੋ ਗਈ । ਦਰਅਸਲ ਇਹ ਬਿਦੇਸ਼ੀ ਰਾਜ ਨਾਲ ਆਈ ਸੀ ਤੇ ਜਦੋਂ ਇਸ ਦੀ ਪੁੱਛ-ਗਿਛ ਹੀ ਨਾ ਰਹੀ, ਮਰ ਮਿਟ ਗਈ ।*

ਸ਼ਾਇਦ ਇਸ ਸੁਰਗਵਾਸੀ ਬਾਂਝ ਲਿਪੀ ਦਾ ਕੋਈ ਥਹੁ-ਬਿੱਤਾ ਹੀ ਨ ਮਿਲਦਾ ਜੇ ਪ੍ਰਿੰਸਪ, ਨੌਰਸ ਤੇ ਕਨਿੰਘਮ ਜੇਹੇ ਪੱਛਮੀ ਵਿਦਵਾਨ ਇਸ ਲਈ ਅਣਥਕ ਜਤਨ ਨ ਕਰਦੇ । ਰੱਬ-ਸਬੱਬੀਂ ਯੂਨਾਨੀ ਤੇ ਕੁਸ਼ਾਨ-ਬੰਸੀ ਰਾਜ ਸਮੇਂ ਦੇ ਕੁਝ ਅਜੇਹੇ ਸਿੱਕੇ ਮਿਲ ਗਏ, ਜਿਨ੍ਹਾਂ ਉਤੇ ਯੂਨਾਨੀ ਤੇ ਖਰੋਸ਼ਠੀ ਲਿਪੀਆਂ ਵਿਚ ਵਿਸ਼ੇਸ਼ਣਾਂ ਸਣੇ ਰਾਜਿਆਂ ਦੇ ਨਾਂ ਲਿਖੇ ਹੋਏ ਸਨ । ਯੂਨਾਨੀ ਲਿਖਤ ਪੜ੍ਹਨ ਨਾਲ ਇਹ ਵੀ ਪੜ੍ਹੀ ਗਈ ਤੇ ਵਿਦਵਾਨਾਂ ਇਸ ਦੀ ਪੂਰੀ ਵਰਣਮਾਲਾ ਖੋਜ ਲਈ । ਪਰੰਤੂ ਜੇਹਾ ਕਿ ਅਸਾਂ ਪਹਿਲੇ ਕਿਹਾ ਹੈ, ਇਹ ਬਿਦੇਸ਼ੀ ਰਾਜ ਦੀ ਪੈਦਾਵਾਰ ਸੀ, ਬ੍ਰਹਿਮੀ ਜੇਹੀ ਪੂਰਨ ਲਿਪੀ ਦੇ ਸਾਹਮਣੇ ਇਸ ਦੀ ਬਹੁਤਾ ਚਿਰ ਦਾਲ ਨਹੀਂ ਸੀ ਗਲ ਸਕਦੀ । ਉਸ ਸਮੇਂ ਸ਼ਾਇਦ ਦੇਸੀ ਲਿਪੀ (ਬ੍ਰਹਿਮੀ) ਦੇ ਹਾਮੀਆਂ ਇਸ ਦਾ ਨਾਂ ਵੀ ਚੰਦਰਾ ਜੇਹਾ ਰਖ ਕੇ ਇਸ ਨਾਲ ਘਿਰਣਾ ਦਾ ਮੁਢ ਬੰਨ੍ਹਿਆ । ਖਰੋਸ਼ਠ ਦਾ ਅਰਥ ਖੋਤਾ, ਊਠ ਜਾਂ ਖੋਤੇ ਦਾ ਬੁਲ੍ਹ ਹੈ । ਕਈ ਇਸ ਦੇ ਮੋਢੀ ਦਾ ਨਾਂ 'ਖਰੋਸ਼ਠ' ਦਸਦੇ ਹਨ । ਕਈਆਂ ਦਾ ਖਿਆਲ ਹੈ ਕਿ ਚੀਨੀ ਤੁਰਕਸਤਾਨ ਵਲ ਦਾ ਇਲਾਕਾ ਜ਼ਿਆਦਾ ਖਚਰਾਂ ਊਠਾਂ ਕਾਰਣ 'ਖਰੋਸ਼ਠ ਦੇਸ਼' ਕਹਾਉਂਦਾ ਸੀ, ਉਥੋਂ ਨਾਂ ਤੁਰਿਆ । ਸੰਭਵ ਹੈ ਸ਼ਾਇਦ ਕਾਬਲ ਕੰਧਾਰ ਦਾ ਹਿਸਾ ਖਰੋਟਾਂ ਦੀ ਜ਼ਿਆਦਾ ਪੈਦਾਵਾਰ ਕਾਰਣ ਖਰੋਟ ਜਾਂ 'ਖਰੋਸ਼ਟ ਦੇਸ' ਆਖਿਆ ਜਾਂਦਾ ਹੋਵੇ । ਪਾਲੀ ਗ੍ਰੰਥਾਂ ਵਿਚ ਨਾਂ 'ਖਰੋਠੀ' ਹੀ ਮਿਲਦਾ ਹੈ ।

ਗੱਲ ਤਾਂ ਸਿਧੀ ਹੈ, ਬ੍ਰਹਿਮਾ ਦੇਵਤਾ ਦੀ ਬਣਾਈ ਲਿਪੀ ਦੇ ਸਾਹਮਣੇ ਹਿੰਦੁਸਤਾਨੀ ਇਸ ਨੂੰ 'ਕੁਕੜ ਘਾਂਗੜੇ' ਜਾਂ ਤੁਛ ਜੇਹੀ ਲਿਪੀ ਖਿਆਲ ਕਰਦੇ ਸਨ ਜੋ ਕਿ ਛੇ ਸੱਤ ਸੌ ਵਰ੍ਹੇ ਆਪਣਾ ਸਿੱਕਾ ਚਲਾ ਕੇ ਖਤਮ ਹੋਈ । ਬਾਦ ਵਿਚ ਇਸ ਦੀ ਥਾਂ ਬ੍ਰਹਿਮੀ ਨੇ ਹੀ ਮੱਲ ਲਈ ।

ਬ੍ਰਹਿਮੀ ਬਾਰੇ ਪੱਛਮੀ ਵਿਦਵਾਨ ਪ੍ਰਿੰਸਪ, ਵਿਲਸਨ, ਮੈਕਸਮੂਲਰ ਤੇ ਸੇਨਾਰਟ ਆਦਿ ਦੀ ਰਾਇ ਹੈ ਕਿ ਇਹ ਫਨੀਸ਼ੀ ਲਿਪੀ ਤੋਂ ਜੰਮੀ । ਵਿਲੀਅਮ ਜੋਨਜ਼, ਵੈਬਰ, ਟੇਲਰ, ਬਿਊਲਰ ਆਦਿ ਇਸ ਦੀ ਪੈਦਾਇਸ਼ ਕਿਸੇ ਹੋਰ ਸਾਮੀ ਲਿਪੀ ਦੀ ਸ਼ਾਖ ਜਾਂ ਦੱਖਣੀ ਸਾਮੀ ਤੋਂ ਦਸਦੇ ਹਨ । ਡੀਕੇ ਦਾ ਵਿਚਾਰ ਹੈ ਕਿ ਅਸੀਰੀ ਕੀਲਾਖਰਾਂ ਤੋਂ ਹੀ ਬ੍ਰਹਿਮੀ ਬਣੀ ਪਰ ਜਦੋਂ ਸਾਡੇ ਸਾਹਮਣੇ ਅਜੇਹੇ ਸਬੂਤ ਮੌਜੂਦ ਹਨ ਕਿ ਭਾਰਤਵਾਸੀ ਈਸਵੀ ਸਦੀ ਤੋਂ ਇਕ ਹਜ਼ਾਰ ਵਰ੍ਹਾ ਪਹਿਲਾਂ ਲਿਖਤੀ

‡ਭਾਰਤੀਯ ਪ੍ਰਾਚੀਨ ਲਿਪੀ ਮਾਲਾ, (ਪੰ. ਗੌਰੀ ਸ਼ੰਕਰ ਹੀਰਾ ਚੰਦ ਓਝਾ) ਪੰਨਾ 4—17
*ਭਾਰਤੀਯ ਪ੍ਰਾਚੀਨ ਲਿਪੀ ਮਾਲਾ, ਪੰਨਾ 35 ਤੇ 97, 98

Sri Satguru Jagjit Singh Ji eLibrary NamdhariElibrary@gmail.com

ਹੁਨਰ ਤੋਂ ਜਾਣੂ ਸਨ ਤਾਂ ਇਨ੍ਹਾਂ ਵਿਦਵਾਨਾਂ ਦੀਆਂ ਖੋਜਾਂ ਨੂੰ ਜ਼ਰਾ ਸੰਭਲ ਕੇ ਵਿਚਾਰਨਾ ਪਵੇਗਾ।

ਬ੍ਰਹਮੀ ਲਿਪੀ ਭਾਰਤ ਦੀ ਜੰਮਪਲ ਹੈ, ਇਸ ਦਾ ਸਬੰਧ ਕਿਸੇ ਇਸ ਤੋਂ ਵੀ ਪ ਹਲੇ ਦੀ ਅਤੀ ਪ੍ਰਾਚੀਨ ਭਾਰਤੀ-ਲਿਪੀ ਨਾਲ ਹੈ ਤੇ ਇਹ ਹਿੰਦੁਸਤਾਨੀ ਦਿਮਾਗ ਦੀ ਹੀ ਸੁਤੰਤਰ ਕਾਢ ਹੈ। ਇਸ ਮਤ ਦੇ ਹਾਮੀ ਐਡਵਰਡ ਥਾਮਸ, ਪ੍ਰੋ. ਡਾਊਸਨ, ਜਨਰਲ ਕਨਿੰਘਮ ਤੇ ਸ੍ਰੀ ਗੌਰੀ ਸ਼ੰਕਰ ਹੀਰਾ ਚੰਦ ਓਝਾ ਆਦਿ ਵਿਦਵਾਨ ਹਨ।*

ਡਾ: ਜੀ. ਆਰ. ਹੰਟਰ ਨੇ ਹੜੱਪਾ ਤੇ ਮੋਹਿੰਜੋਦੜੋ ਦੇ ਥੇਹਾਂ ਵਿਚੋਂ ਮਿਲੀਆਂ ਪੁਰਾਣੀਆਂ ਮੋਹਰਾਂ ਸਿੱਕਿਆਂ ਤੇ ਹੋਰ ਚੀਜ਼ਾਂ ਉਤੇ ਪਈ ਲਿਖਤ ਦੇ ਆਧਾਰ ਤੇ ਉਸ ਜ਼ਮਾਨੇ ਦੀ ਲਿੱਪੀ ਸਬੰਧੀ ਇਕ ਖੋਜ ਭਰੀ ਪੁਸਤਕ ਲਿਖੀ ਹੈ, ਜੋ ਕਿ 1934 ਵਿਚ ਲੰਡਨ ਤੋਂ ਛਪੀ। ਇਸ ਦਾ ਨਾਂ ਹੈ, 'The script of Harappa and Mohenjodaro and its connection with other scripts'। ਇਸ ਪੁਸਤਕ ਵਿਚ ਡਾਕਟਰ ਸਾਹਿਬ ਨੇ ਸਿਧ ਕੀਤਾ ਹੈ ਕਿ 'ਇਹ ਸਿੰਧੂ-ਪੰਜਾਬ ਸਭਿਅਤਾ ਸੁਮੇਰੀ ਸਭਿਅਤਾ ਦੀ ਸਮਕਾਲੀ ਹੈ। ਸੁਮੇਰੀ ਤੇ ਮਿਸਰੀ ਸਭਿਅਤਾ ਦੇ ਕਈ ਲਿਖਤੀ ਚਿੰਨ੍ਹ ਇਸ ਨਾਲ ਮਿਲਦੇ ਵੀ ਹਨ ਪਰ ਪੂਰੇ ਤੌਰ ਤੇ ਇਹ ਲਿੱਪੀ ਕਿਸੇ ਨਾਲ ਵੀ ਨਹੀਂ ਮਿਲਦੀ, ਬਿਲਕੁਲ ਵੱਖਰੀ ਹਸਤੀ ਰਖਦੀ ਹੈ। ਇਹ ਲਿੱਪੀ-ਧੁਨੀ-ਲਿੱਪੀ (Phonetic script) ਸੀ, ਜੋ ਕਿ 3000 ਈ: ਪੂ: ਤੋਂ ਕਈ ਸਦੀਆਂ ਪਹਿਲਾਂ ਚਿਤ੍ਰ-ਲਿੱਪੀ ਤੇ ਭਾਵ-ਲਿੱਪੀ ਤੋਂ ਵਿਕਸਤ ਹੋਈ ਸੀ। ਇਸੇ ਪੁਰਾਣੀ ਧੁਨੀ-ਲਿਪੀ ਤੋਂ ਬ੍ਰਹਮੀ, ਸਾਬੀ ਤੇ ਫਿਨੀਕੀ (ਹਿੰਦੀ ਵਪਾਰੀਆਂ ਦੀ ਆਵਾਜਾਈ ਨਾਲ) ਆਦਿ ਲਿੱਪੀਆਂ ਉਪਜੀਆਂ।‡

ਸੋ ਜੋ ਲੋਕ ਬ੍ਰਹਮੀ ਦਾ ਫਨੀਕੀ ਆਦਿ ਲਿੱਪੀਆਂ ਨਾਲ ਰਿਸ਼ਤਾ ਜੋੜਦੇ ਹਨ, ਉਹ ਗਲਤ ਨਹੀਂ, ਪਰ ਇਹ ਰਿਸ਼ਤਾ ਹੋਰਵੇਂ ਹੈ। ਉਹ ਇਹ ਕਿ ਸਾਮੀ ਲਿੱਪੀਆਂ ਦਾ ਮੂਲ ਵੀ ਬ੍ਰਹਮੀ ਵਾਂਗ ਸਿੰਧੂ-ਪੰਜਾਬ ਸਭਿਅਤਾ ਵੇਲੇ ਦੀ ਪੁਰਾਣੀ ਲਿੱਪੀ ਨਾਲ ਸਬੰਧਤ ਹੈ। ਡਾ: ਸਾਹਿਬ ਲਿਖਦੇ ਹਨ—

Indeed the entire Brahmi 'alphabet' is shown to be derived from the script of Mohenjodaro and Harappa. It is also shown that those scholars were not mistaken who connected Brahmi with the South Semitic and Phoenician scripts. For there is much evidence to show that these also were derived from the script ef Harappa and Mohenjodaro (which I have called Proto-Indian) It is thus seen that Proto-Indian forms, an important link in the history of the evolution of the alphabet from pictographic writing.' [Page 1]

ਪ੍ਰੋ: Langdon ਨੇ ਵੀ ਇਸ ਕਿਤਾਬ ਦੇ ਮੁਖਬੰਧ ਵਿਚ ਇਹੋ ਰਾਇ ਜ਼ਾਹਰ ਕੀਤੀ ਹੈ ਕਿ ਬ੍ਰਹਮੀ ਮੋਹਿੰਜੋਦੜੋ ਵਾਲੀ ਲਿੱਪੀ ਤੋਂ ਪੈਦਾ ਹੋਈ। ਗੱਲ ਸਾਫ ਹੈ ਕਿ ਜੋ ਵਿਤਨੀ ਉਚੀ

*ਭਾਰਤੀਯ ਪ੍ਰਾਚੀਨ ਲਿਪੀ ਮਾਲਾ, ਪੰਨਾ 27-28

‡G. R. Hunter, ਪੰਨਾ 21

ਸਭਿਅਤਾ ਦੇ ਮਾਲਕ ਲੋਕ ਸਨ, ਅਖਰ ਉਹ ਲਿੱਪੀ ਕਲਾ ਤੋਂ ਜਾਣੂ ਹੀ ਸਨ। ਜਦੋਂ ਆਰੀਆਂ ਨਾਲ ਉਨ੍ਹਾਂ ਦੀ ਮੁੱਠ-ਭੇੜ ਹੋਈ ਤਾਂ ਆਰੀਆਂ ਉਨ੍ਹਾਂ ਦੀ ਧ੍ਰਭਤਾ ਨੂੰ ਤਕੜੀ ਚੋਟ ਜ਼ਰੂਰ ਮਾਰੀ ਪਰ ਇਹ ਮਤਲਬ ਨਹੀਂ ਕਿ ਉਨ੍ਹਾਂ ਦੇ ਤਮਾਮ ਹੁਨਰ, ਵਿਦਿਆ ਤੇ ਰਸਮ ਰਿਵਾਜ ਇਕ ਦਮ ਮਿਟ ਗਏ, ਸਗੋਂ ਬਹੁਤ ਸਾਰੀਆਂ ਗੱਲਾਂ ਆਰੀਆਂ ਨੇ ਉਨ੍ਹਾਂ ਪਾਸੋਂ ਸਿਖੀਆਂ ਅਤੇ ਆਪਣੇ ਆਪ ਨੂੰ ਤਰੱਕੀ ਦੇ ਮੈਦਾਨ ਵਿਚ ਅਗੇ ਵਧਾਇਆ। ਲਿਖਤ ਦਾ ਹੁਨਰ ਵੀ ਆਰੀਆਂ ਨੇ ਉਨ੍ਹਾਂ ਪੁਰਾਣੇ ਹਿੰਦ-ਵਾਸੀਆਂ ਤੋਂ ਹੀ ਸਿਖਿਆ, ਜੋ ਕਿ ਕਈ ਪੜਾਅ ਲੰਘ ਕੇ ਸਦੀਆਂ ਬਾਦ 'ਬ੍ਰਹਮੀ ਲਿੱਪੀ' ਦੀ ਸਟੇਜ ਉਤੇ ਪਹੁੰਚਿਆ। ਇਸ ਵਿਕਾਸ ਵਿਚ ਕਿਸੇ ਹੋਰ ਬਾਹਰਲੇ ਅਸਰ ਨੇ ਵੀ ਮਾੜ-ਮੋਟਾ ਹਿਸਾ ਪਾਇਆ ਹੋਵੇ, ਇਸ ਤੋਂ ਇਨਕਾਰੀ ਹੋਣ ਦੀ ਲੋੜ ਨਹੀਂ ਪਰ ਇਹ ਤਾਂ ਪੱਕੀ ਗੱਲ ਹੈ ਕਿ ਹਿੰਦ ਦੀ ਲਿੱਪੀ ਕਲਾ ਕਿਤੋਂ ਬਾਹਰੋਂ ਨਹੀਂ ਆਈ। ਮੋਢੀ ਇਸ ਦੇ ਜ਼ਰੂਰ ਅਣਾਰੀਅਨ ਸਨ ਤੇ ਇਸ ਨੂੰ ਮੁੜ ਆਪਣੇ ਤਰੀਕੇ ਨਾਲ ਪ੍ਰਫੁਲਤ ਤੇ ਪੂਰਨ ਕਰਨ ਵਾਲੇ ਆਰੀਆ ਹੀ ਸਨ। ਮਿ: ਟੇਲਰ ਦੇ ਸ਼ਬਦਾਂ ਵਿਚ 'ਜੇ ਸਾਮੀ ਲਿਪੀ ਮਨੁਖੀ ਖੱਪਰੀ ਦੀ ਹੱਡੀ ਦਾ ਢਾਂਚਾ ਹੀ ਹੈ ਤਾਂ ਆਰੀਆ-ਲਿੱਪੀ ਇਕ ਜੀਉਦੇ ਮਨੁਖ ਦਾ ਪੂਰਣ ਅਰੋਗ ਮੁਖੜਾ ਹੈ, ਜਿਸ ਵਿਚ ਦਿਲੀ ਵਲਵਲੇ, ਗੁੱਸੇ ਦੀ ਭੜਕਦੀ ਜੁਆਲਾ ਤੇ ਮਿਠੀ ਮੁਸਕਰਾਹਟ ਨੂੰ ਜ਼ਾਹਰ ਕਰਨ ਦੀ ਪੂਰੀ ਸਮਰੱਥਾ ਹੈ।‡ ਅਜੇਹੀ ਪੂਰਨ ਲਿੱਪੀ ਦੁਨੀਆਂ ਵਿਚ ਸਭ ਤੋਂ ਪਹਿਲਾਂ ਸਾਹਿਤ ਉਪਜਾਉਣ ਵਾਲਿਆਂ ਹਿੰਦੀਆਂ ਰਚੀ।

ਇਹ ਠੀਕ ਹੈ ਕਿ ਬ੍ਰਹਮੀ ਦੀਆਂ 500 ਈ: ਪੂਰਬ ਤੋਂ ਪਹਿਲਾਂ ਦੀਆਂ ਲਿਖਤਾਂ ਪ੍ਰਾਪਤ ਨਹੀਂ ਪਰ ਲਿਖਤਾਂ ਦੀ ਅਪ੍ਰਾਪਤੀ ਇਸ ਗੱਲ ਦਾ ਸਬੂਤ ਨਹੀਂ ਬਣਾਉਣਾ ਚਾਹੀਦਾ ਕਿ ਹਿੰਦ ਦੇ ਲੋਕ ਇਸ ਤੋਂ ਪਹਿਲਾਂ ਲਿੱਪੀ ਕਲਾ ਤੋਂ ਹੀ ਅਣਜਾਣ ਸਨ। ਪ੍ਰਾਚੀਨ ਵੈਦਕ ਕਾਲ ਦੇ ਸਾਹਿਤ ਵਿਚ ਭਾਂਤ ਭਾਂਤ ਦੀਆਂ ਬੋਲੀਆਂ ਦੇ ਮਿਲਦੇ ਨਮੂਨੇ ਵੀ ਇਸ ਗੱਲ ਦਾ ਪ੍ਰਮਾਣ ਹਨ ਕਿ ਲਿਪੀ ਦੀ ਤਜੌਰੀ ਵਿਚ ਹੀ ਇਨ੍ਹਾਂ ਦੀ ਸੰਭਾਲ ਹੋਈ, ਨਹੀਂ ਤਾਂ ਨਿਤ ਬਦਲਦੀ ਬੋਲੀ ਨੂੰ ਜ਼ਬਾਨੀ ਨਹੀਂ ਸੀ ਸੁਰੱਖਿਅਤ ਰਖਿਆ ਜਾ ਸਕਦਾ। ਕਵਿਤਾ ਤਾਂ ਸ਼ਾਇਦ ਜ਼ਬਾਨੀ ਕੰਠ ਕੀਤੀ ਜਾ ਸਕਦੀ ਸੀ ਪਰ ਉਪਨਿਸ਼ਦਾਂ ਜਿਹੇ ਵਡੇ ਵਡੇ ਪੁਰਾਣੇ ਵਾਰਤਕ ਗ੍ਰੰਥਾਂ ਦਾ ਜ਼ਬਾਨੀ ਰੱਟ ਲਾ ਕੇ ਕਾਇਮ ਰੱਖਣਾ ਔਖਾ ਕੰਮ ਸੀ। ਇਸ ਪ੍ਰਾਚੀਨ ਉਨਤ ਸਾਹਿਤ ਦੀ ਹੋਂਦ ਕਾਰਣ ਇਹ ਵੀ ਮੰਨਣਾ ਪਵੇਗਾ ਕਿ ਭਾਰਤੀ ਲੋਕ ਚਿਰੰਕਾਲ ਤੋਂ ਲਿੱਪੀ ਕਲਾ ਵਿਚ ਨਿਪੁੰਨ ਸਨ ਤੇ ਇਹ ਲਿੱਪੀ ਉਨ੍ਹਾਂ ਨੂੰ ਉਨ੍ਹਾਂ ਵਡਾਰੂਆਂ ਤੋਂ ਵਿਰਸੇ ਵਿਚ ਮਿਲੀ ਜੋ ਕਿ ਮੋਹਿਜੋਦੜੋ ਵਰਗੀ ਉਚੀ ਸਭਿਅਤਾ ਦੇ ਜਨਮ-ਦਾਤਾ ਸਨ।

ਪੁਰਾਣੇ ਲੋਕ ਸੋਨੇ, ਚਾਂਦੀ, ਤਾਂਬੇ ਆਦਿ ਧਾਤਾਂ, ਪੱਥਰਾਂ, ਫੱਟੀਆਂ, ਰੇਸ਼ਮੀ ਕਪੜਿਆਂ, ਚਮੜਿਆਂ ਤੇ ਜ਼ਿਆਦਾਤਰ ਭੋਜ-ਪੱਤ੍ਰਾਂ ਯਾ ਤਾੜ-ਪੱਤ੍ਰਾਂ ਤੇ ਲਿਖਿਆ ਕਰਦੇ ਸਨ। ਤਾੜ ਦਾ ਦਰਖਤ ਦੱਖਣੀ ਹਿੰਦ ਵਿਚ ਸਮੁੰਦਰੀ ਕੰਢਿਆਂ ਤੇ ਜ਼ਿਆਦਾ ਹੁੰਦਾ ਹੈ ਤੇ ਇਸ ਦੇ ਪੱਤੇ ਬਹੁਤ ਵਡੇ ਹੁੰਦੇ ਹਨ। ਇਸ ਨੂੰ ਇਕ ਇੰਚ ਤੋਂ ਚਾਰ ਇੰਚ ਤਕ ਚੌੜੀ ਪੱਟੀ ਕੱਟ ਕੇ ਵਰਤਿਆ ਜਾਂਦਾ ਸੀ ਤੇ ਵਰਤਣ ਤੋਂ ਪਹਿਲਾਂ ਸੁਕੇ ਪੱਤਿਆਂ ਨੂੰ ਪਾਣੀ ਵਿਚ ਭਿਉਂ ਕੇ, ਸੁਕਾ ਕੇ ਸੰਖ ਜਾਂ ਕਿਸੇ ਹੋਰ ਚਿਕਣੇ ਪੱਥਰ ਨਾਲ ਘੋਟ ਦਿਤਾ ਜਾਂਦਾ ਸੀ। ਇਸ ਉਤੇ ਦੂਜੀ ਸਦੀ ਦੀ ਲਿਖੀ ਇਕ ਪੁਰਾਣੀ ਲਿਖਤ ਮਿਲੀ ਹੈ।

‡ਹਿੰਦੀ ਵਿਸ਼ਵ ਭਾਰਤੀ, ਪੰਨਾ 483

ਭੂਰਜ ਬ੍ਰਿਛ ਹਿਮਾਲੀਆ ਦੇ ਪਹਾੜਾਂ ਵਿਚ ਜ਼ਿਆਦਾ ਹੁੰਦਾ ਹੈ, ਇਸੇ ਦੀ ਛਿੱਲ ਨੂੰ ਭੋਜ ਪੱਤਰ ਕਿਹਾ ਜਾਂਦਾ ਹੈ। ਐਲਬਰੂਨੀ (1030 ਈ.) ਨੇ ਲਿਖਿਆ ਹੈ ਕਿ ਉਤਰੀ ਹਿੰਦ ਦੇ ਲੋਕ ਤੂਜ਼ (ਭੋਜ) ਦੀ ਛਿੱਲ ਉਤੇ ਲਿਖਦੇ ਹਨ ਤੇ ਓਹ ਇਸ ਨੂੰ ਪਹਿਲਾਂ ਤੇਲ ਨਾਲ ਘੋਟ ਕੇ ਸੋਹਣਾ ਬਣਾ ਲੈਂਦੇ ਹਨ। ਭੋਜ-ਪੱਤ੍ਰ ਉਤੇ ਲਿਖੀਆਂ ਪੁਸਤਕਾਂ ਜ਼ਿਆਦਾ ਕਸ਼ਮੀਰ ਵਿਚੋਂ ਮਿਲੀਆਂ ਹਨ। ਸਭ ਤੋਂ ਪੁਰਾਣਾ ਖਰੋਸ਼ਠੀ ਲਿੱਪੀ ਵਿਚ ਭੋਜ-ਪੱਤ੍ਰ ਉਤੇ ਲਿਖਿਆ ਬੋਧੀ ਪੁਸਤਕ, 'ਧੰਮ-ਪਦ' ਦਾ ਕੁਛ ਹਿਸਾ ਹੈ, ਇਹ ਖ਼ੁਤਾਨ ਤੋਂ ਮਿਲਿਆ ਸੀ ਜੋ ਸਤੂਪ ਦੇ ਪੱਥਰ ਨੇਠ ਰਹਿਣ ਕਰਕੇ ਬਚਿਆ ਰਿਹਾ। ਇਸ ਦਾ ਲਿਖਣ-ਕਾਲ ਦੂਜੀ ਜਾਂ ਤੀਜੀ ਸਦੀ ਅਨੁਮਾਨਿਆ ਗਿਆ ਹੈ।

ਇਹ ਤਾਂ ਇਤਿਹਾਸ ਤੋਂ ਭਲੀ ਭਾਂਤ ਪਰਗਟ ਹੈ ਕਿ 105 ਈ: ਵਿਚ ਪਹਿਲਾਂ ਚੀਨ ਵਾਲਿਆਂ ਕਾਗਜ਼ ਬਣਾਇਆ। ਹਿੰਦੁਸਤਾਨੀ ਤਾਂ ਲਿਖਣ ਲਈ ਬਾਰੀਕ ਕਪੜਾ ਹੀ ਵਰਤਦੇ ਸਨ ਜੇਹਾ ਕਿ ਯੂਨਾਨੀ ਸੈਨਾਪਤੀ ਨਿਆਰਕਸ ਨੇ (325 ਈ: ਪੂ:) ਲਿਖਿਆ ਹੈ। ਕਾਗਜ਼ ਬਣਾਉਣ ਦਾ ਹੁਨਰ ਚੀਨੀਆਂ 751 ਈ: ਤਕ ਲੁਕ ਈ ਰਖਿਆ। ਸਮਰਕੰਦ ਦੀ ਜੰਗ ਸਮੇਂ ਚੀਨੀ ਕੈਦੀਆਂ ਤੋਂ ਅਰਬਾਂ ਨੇ ਕਾਗਜ਼ ਬਣਾਉਣਾ ਸਿਖਿਆ ਤੇ ਫਿਰ ਮੁਸਲਮਾਨਾਂ ਨਾਲ ਹੀ ਇਹ ਹੁਨਰ ਹਿੰਦ ਆਇਆ।‡

ਹਿੰਦ ਵਿਚ ਕਾਗਜ਼ ਉਤੇ ਲਿਖੀ ਸਭ ਤੋਂ ਪੁਰਾਣੀ ਪੋਥੀ 1223-24 ਦੀ ਲਿਖੀ ਲੱਭੀ ਹੈ। ਮਿ: ਬੋਵਰ ਨੂੰ ਮੱਧ ਏਸ਼ੀਆ (ਯਾਰਕੰਦ) ਤੋਂ ਹਿੰਦ ਦੀ ਗੁਪਤ ਲਿੱਪੀ ਵਿਚ ਲਿਖੇ ਚਾਰ ਪੁਸਤਕ ਮਿਲੇ ਸਨ, ਇਹ ਪੰਜਵੀਂ ਸਦੀ ਦੇ ਲਿਖੇ ਦੱਸੇ ਜਾਂਦੇ ਹਨ। ਕਾਲੀ ਸਿਆਹੀ ਨਾਲ ਲਿਖੇ ਹੋਏ 300 ਈ: ਪੂਰਬ ਦੇ ਪੁਰਾਣੇ ਅੱਖਰ ਮਿਲੇ ਹਨ।§

ਇਹ ਪੁਰਾਣੇ ਸ਼ਿਲਾ ਲੇਖ, ਤਾੜ-ਪੱਤ੍ਰ ਤੇ ਭੋਜ-ਪੱਤ੍ਰਾਂ ਉਤੇ ਲਿਖੀਆਂ ਪ੍ਰਾਚੀਨ ਲਿਖਤਾਂ ਇਸ ਗੱਲ ਨੂੰ ਸਪਸ਼ਟ ਕਰਨ ਲਈ ਨਿੱਗਰ ਪ੍ਰਮਾਣ ਹਨ ਕਿ ਭਾਰਤੀ ਲੋਕ ਲਿੱਪੀ ਦੇ ਹੁਨਰ ਵਿਚ ਚਿਰੰਕਾਲ ਤੋਂ ਕਮਾਲ ਰਖਦੇ ਆ ਰਹੇ ਸਨ ਤੇ ਇਨ੍ਹਾਂ ਨੇ ਆਪਣੀ ਵਿਦਿਆ ਨੂੰ ਸਦੀਆਂ ਤੋਂ ਲਿੱਪੀ ਰਚ ਕੇ ਕਮਾਇਆ ਹੋਇਆ ਸੀ। ਇਹੋ ਹੀ ਨਹੀਂ, ਇਹ ਲਿਖਣ ਦੇ ਸ਼ੌਕੀਨ ਲੋਕ ਢੇਰਾਂ ਦੇ ਢੇਰ ਪੋਥੀਆਂ ਲਿਖਦੇ ਤੇ ਧਰਮ-ਪ੍ਰਚਾਰ ਲਈ ਵੰਡ ਵੀ ਛਡਦੇ ਸਨ। ਸੱਤਵੀਂ ਸਦੀ ਵਿਚ ਚੀਨੀ ਯਾਤਰੂ ਹਿਊਨਸਾਂਗ ਵੀਹ ਘੋੜਿਆਂ ਉਤੇ 657 ਪੁਸਤਕਾਂ ਲੱਦ ਕੇ ਲੈ ਗਿਆ ਸੀ ਤੇ ਇਵੇਂ ਹੀ 655 ਈ: ਵਿਚ ਮੱਧ ਭਾਰਤ ਦਾ ਪ੍ਰੰਭੋਪਾਯੇ ਸਾਧੂ ਡੇਢ ਹਜ਼ਾਰ ਤੋਂ ਉਤੇ ਪੋਥੀਆਂ ਚੀਨ ਦੇਸ਼ ਨੂੰ ਪ੍ਰਚਾਰ ਲਈ ਲੈ ਗਿਆ ਸੀ।* ਜੇ ਇਤਨੀਆਂ ਕਿਤਾਬਾਂ ਲਿਖੀਆਂ ਜਾਂਦੀਆਂ ਸਨ; ਤਾਂ ਹੀ ਅਜੇਹਾ ਹੋਇਆ। ਉਸ ਸਮੇਂ ਪ੍ਰੈੱਸ ਤਾਂ ਸੀ ਨਹੀਂ ਕਿ ਇਕੋ ਦਾਬ ਨਾਲ ਲੱਖਾਂ ਕਿਤਾਬਾਂ ਤਿਆਰ ਕੀਤੀਆਂ ਜਾ ਸਕਦੀਆਂ। ਇਸ ਤੋਂ ਜ਼ਾਹਰ ਹੈ ਜਿਥੇ ਲਿਖਣ ਦਾ ਕਮਾਲ ਹਾਸਲ ਸੀ, ਉਥੇ ਸ਼ੌਕ ਵੀ ਬਹੁਤ ਸੀ। ਵਿਹਲ ਤੇ ਸੁਖ ਸ਼ਾਂਤੀ ਕਰਕੇ ਅਜੇਹੇ ਕੌਮਲ ਹੁਨਰ ਚੰਗੀ ਸਫਲਤਾ ਤੇ ਪੂਜੇ ਹੁੰਦੇ ਸਨ।

---

‡This Hindi & Devnagri, (Madan Gopal) P. 24

§ਭਾਰਤੀਯ ਪ੍ਰਾਚੀਨ ਲਿੱਪੀ ਮਾਲਾ, ਪੰਨਾ 145

*ਭਾ: ਪ੍ਰਾ. ਲਿ. ਮਾਲਾ ਪੰਨਾ—16

ਛਾਪਾਖਾਨਾ ਨ ਹੋਣ ਕਰਕੇ ਇਕਸਾਰਤਾ ਰੱਖਣੀ ਤਾਂ ਔਖੀ ਸੀ । ਇਸੇ ਲਈ ਇਕ ਬ੍ਰਹਮੀ ਲਿੱਪੀ ਦੀ ਲਿਖਾਈ ਵਿਚ ਵੱਖ ਵੱਖ ਦੇਸ ਦੇ ਹਿਸਿਆਂ ਵਿਚ ਭਿੰਨ ਭੇਦ ਵਧਦਾ ਗਿਆ ਜੋ ਸਦੀਆਂ ਬਾਦ ਅੱਡ ਅੱਡ ਲਿਪੀਆਂ ਦੇ ਰੂਪ ਵਿਚ ਮੂਰਤੀਮਾਨ ਹੋਇਆ । ਅੱਖਰਾਂ ਵਿੱਚ ਫਰਕ ਪੈਣ ਦੇ ਮੋਟੇ ਮੋਟੇ ਇਹ ਕਾਰਣ ਆਖੇ ਜਾ ਸਕਦੇ ਹਨ—

1. ਹਰ ਲਿਖਾਰੀ ਦਾ ਅੱਖਰਾਂ ਨੂੰ ਸੋਹਣਾ ਬਣਾਉਣ ਦਾ ਸ਼ੌਕ ।
2. ਹੌਲੀ ਹੌਲੀ ਜਾਂ ਸਮੇਂ ਦੀ ਬੱਚਤ ਲਈ ਕਾਹਲੀ ਲਿਖਣਾ ।
3. ਅੱਖਰਾਂ ਦੇ ਸਿਰਾਂ ਉਤੇ ਲਕੀਰ ਲਾਉਣੀ ਯਾ ਨਾ ਲਾਉਣੀ ।
4. ਕਲਮ ਚੁਕੇ ਜਾਂ ਬਿਨਾਂ ਚੁਕੇ ਹੀ ਲਿਖੀ ਜਾਣਾ ।
5. ਜਿਸ ਚੀਜ਼ ਉਤੇ ਲਿਖਿਆ ਜਾਂਦਾ ਸੀ, ਉਸ ਦਾ ਅਸਰ । ਜਿਵੇਂ ਭੋਜ-ਪੱਤਰਾਂ ਉਤੇ ਗੋਲ ਲੀਕਾਂ ਚੰਗੀਆਂ ਪੈਂਦੀਆਂ ਸਨ ਤੇ ਸਿਧੀਆਂ ਘੱਟ । ਇਸੇ ਤਰ੍ਹਾਂ ਧਾਤਾਂ, ਪੱਥਰਾਂ ਤੇ ਖੱਲ ਆਦਿ ਉਤੇ ਲਿਖਾਈ ਕਰਨ ਦਾ ਅਸਰ ਭਿੰਨ ਭਿੰਨ ਪੈਂਦਾ ਸੀ ।
6. ਹਰ ਲਿਖਾਰੀ ਦਾ ਨਿਜੀ ਪ੍ਰਭਾਵ ਤੇ ਆਪਣੀ ਨਵੀਂ ਕਰਮੀਕੀ ਛਾਂਟਣਾ ।

ਇਹ ਗੱਲਾਂ ਸਨ ਜਿਨ੍ਹਾਂ ਇਕੋ ਬ੍ਰਹਮੀ ਦੇ ਦੇਸ-ਭੇਦ ਨਾਲ ਕਈ ਰੂਪ ਬਣਾਏ । ਬ੍ਰਹਮੀ ਬਾਦ ਕੁਝ ਅਰਸਾ ਗੁਪਤ ਰਾਜਿਆਂ ਦੇ ਸਮੇਂ 'ਗੁਪਤ ਲਿੱਪੀ' ਚਲਦੀ ਰਹੀ ਤੇ ਛੇਵੀਂ ਤੋਂ ਨੌਵੀਂ ਸਦੀ ਤਕ 'ਕੁਟਿਲ ਲਿੱਪੀ' ਦਾ ਰਿਵਾਜ ਰਿਹਾ । ਫਿਰ 10ਵੀਂ ਸਦੀ ਦੇ ਲਾਗੇ ਚਾਗੇ ਅੱਡ ਅੱਡ ਸੂਬਿਆਂ ਵਿਚ ਸਾਡੀਆਂ ਵਰਤਮਾਨ ਲਿੱਪੀਆਂ ਵਿਕਸਤ ਹੋਈਆਂ ਤੇ ਇਸ ਸਮੇਂ ਹੀ ਦੇਵ ਨਾਗਰੀ ਨੇ ਯੂ. ਪੀ., ਸੀ. ਪੀ., ਮੱਧ ਭਾਰਤ ਤੇ ਰਾਜਸਥਾਨ ਵਿਚ ਆਪਣਾ ਨਿਵੇਕਲਾ ਰੂਪ ਧਾ ਕੇ ਅਰੰਭਕ ਕਦਮ ਟਿਕਾਏ ।

ਦਸਵੀਂ ਸਦੀ ਤੋਂ ਪਹਿਲਾਂ ਦੀ ਨਾਗਰੀ ਦੀ ਕੋਈ ਲਿਖਤ ਨਹੀਂ ਮਿਲਦੀ, ਪਰ ਸੰਸਕ੍ਰਿਤ, ਪ੍ਰਾਕ੍ਰਿਤ, ਪਾਲੀ ਆਦਿ ਲਿਖਣ ਲਈ ਬ੍ਰਹਮੀ, ਖਰੋਸ਼ਟੀ, ਗੁਪਤ ਤੇ ਕੁਟਿਲ ਆਦਿ ਲਿਪੀਆਂ ਹੀ ਵਰਤੀਆਂ ਜਾਂਦੀਆਂ ਸਨ ਯਾ ਫਿਰ ਦੇਸ-ਭੇਦ ਨਾਲ ਨਾਗਰੀ, ਸ਼ਾਰਦਾ, ਬੰਗਲ ਪਸ਼ਚਮੀ, ਮਧ ਪ੍ਰਦੇਸੀ, ਤੈਲਗੂ, ਕੰਨੜੀ, ਕਾਲਿੰਗੀ, ਤਾਮਲ ਤੇ ਵਟੇਲਤੂ ਆਦਿ ਦੇ ਪੁਰਾ ਰੂਪਾਂ ਦਾ ਵਰਤਾਰਾ ਸੀ । 1030 ਈ: ਵਿਚ ਐਲਬਰੂਨੀ‡ ਨੇ ਹਿੰਦ ਵਿਚ ਚਾਲੂ ਸਿਧਮਾਤ੍ਰਿਕ

‡ਮਹਿਮੂਦ ਗਜ਼ਨਵੀ ਦੇ ਦਰਬਾਰ ਦੇ ਦੋ ਵਿਦਿਆ-ਰਤਨ ਸਨ, ਫਿਰਦੌਸੀ ਤੇ ਐਲਬਰੂਨੀ ਅਬੂਰੇਹਾਨ ਮੁਹੰਮਦ ਐਲਬਰੂਨੀ ਦਾ ਜਨਮ ਸਤੰਬਰ 973 ਈ: ਨੂੰ ਮਧ ਏਸ਼ੀਆ ਵਿਚ ਯੂਤਾ ਸਾਗਰ ਕੰਢੇ 'ਖੀਵ' ਨਾਮੀ ਥਾਂ ਤੇ ਹੋਇਆ । ਵਡਾ ਹੋ ਕੇ ਇਹ ਅਲੀ ਬਿਨ ਮਾਮੂਨ, ਵਾਲ ਖੁਵਾਰਜ਼ਮ ਪਾਸ ਰਿਹਾ; ਇਥੇ ਹੀ ਇਸ ਦਾ ਪਰਸਿਧ ਫਿਲਾਸਫਰ ਬੂ ਅਲੀ ਸੀਨਾ ਨ ਮੇਲ ਹੋਇਆ । ਜਦੋਂ ਮਹਿਮੂਦ ਗਜ਼ਨਵੀ ਨੇ ਖੁਵਾਰਜ਼ਮ ਦੀ ਸਲਤਨਤ ਜਿਤ ਕੇ ਆਪ ਅਧੀਨ ਕਰ ਲਈ ਤਾਂ ਅਲਬਰੂਨੀ ਨੂੰ ਗਜ਼ਨੀ ਲਿਆਂਦਾ ਗਿਆ । ਇਸ ਤੋਂ ਪਿਛੋਂ ਇ (1017 ਈ: ?) ਮਹਿਮੂਦ ਨਾਲ ਪੰਜਾਬ ਆਇਆ ਤੇ ਇਥੇ ਕਈ ਵਰ੍ਹੇ ਰਿਹਾ । 1030 ਵਿਚ ਗਜ਼ਨੀ ਪਰਤਿਆ ਤੇ ਸਤੰਬਰ 1048 ਈ: ਵਿਚ ਉਥੇ ਹੀ ਦੇਹਾਂਤ ਹੋਇਆ ।

ਇਕ ਵਿਦਵਾਨ ਦੇ ਸ਼ਬਦਾਂ ਵਿਚ ਅਲਬਰੂਨੀ ਦੀ ਕਲਮ ਕਦੇ ਹਥੋਂ ਬਾਹਰ ਨਹੀਂ ਰਹਿੰਦੀ ਤੇ ਉਸ ਦੀਆਂ ਨਜ਼ਰਾਂ ਕਦੀ ਪੋਥੀ ਤੋਂ ਬਾਹਰ ਨਹੀਂ ਸੀ ਜਾਂਦੀਆਂ । ਉਸ ਦੀਆਂ 1 ਪੁਸਤਕਾਂ ਲਿਖੀਆਂ ਦਸੀਆਂ ਜਾਂਦੀਆਂ ਹਨ ਜਿਨ੍ਹਾਂ ਵਿਚੋਂ 'ਅਸਰੁਲ ਬਾਕੀ' 'ਕਾਨੂੰਨਿ ਮਸਊ ਤੇ 'ਤਹਿਕੀਕੁਲ ਹਿੰਦ' ਜ਼ਿਆਦਾ ਮਸ਼ਹੂਰ ਹਨ । 'ਅਸਰੁਲ ਬਾਕੀ' ਵਿਚ ਏਸ਼ੀਆ ਅਫਰੀਕਾ

ਨਾਗਰ, ਅਰਧ-ਨਾਗਰ, ਮਲਵਾਰੀ, ਮੈਂਧਵ, ਕਰਣਾਟੀ, ਅੰਧਰੀ, ਦ੍ਰਾਵੜੀ, ਗੌਂਡੀ (ਬੰਗਲਾ), ਲਾਟੀ (ਗੁਜਰਾਤੀ) ਤੇ ਭਿਖਛਕੀ ਆਦਿ 11 ਲਿੱਪੀਆਂ ਦੀ ਗਿਣਤੀ ਕੀਤੀ ਹੈ । ਉਹ ਲਿਖਦਾ ਹੈ ਰਵਾਇਤ ਹੈ ਕਿ ਹਿੰਦੂਆਂ ਦੀ ਵਰਣਮਾਲਾ ਪਹਿਲੇ ਲੋਪ ਹੋ ਗਈ ਸੀ ਯਾ ਭੁੱਲ ਚੁਕੀ ਸੀ, ਕਿਸੇ ਨੂੰ ਇਸ ਦੀ ਪ੍ਰਵਾਹ ਨਹੀਂ ਸੀ, ਪਿਛੋਂ ਵਿਆਸ ਪਾਰਾਸ਼ਰ ਨੇ ਪੰਜਾਹ ਅੱਖਰਾਂ ਦੀ ਵਰਣਮਾਲਾ ਫੇਰ ਲੱਭੀ । ਕਈ ਲੋਕ ਆਖਦੇ ਹਨ ਕਿ ਉਹਨਾਂ ਦੇ ਅੱਖਰਾਂ ਦੀ ਗਿਣਤੀ ਪਹਿਲੇ ਤਾਂ ਥੋੜ੍ਹੀ ਹੁੰਦੀ ਸੀ ਪਰ ਹੌਲੀ ਹੌਲੀ ਵਧਦੀ ਗਈ । ਇਹ ਸੰਭਵ ਹੈ, ਸਗੋਂ ਮੈਂ ਅਜੇਹਾ ਹੋਣਾ ਜ਼ਰੂਰੀ ਸਮਝਦਾ ਹਾਂ । ਯੂਨਾਨੀ ਵਰਣਮਾਲਾ ਪਹਿਲੇ 16 ਅੱਖਰਾਂ ਦੀ ਬਣੀ ਸੀ, ਫਿਰ ਵੀਹ ਤੇ ਹੋਰ ਪਿਛੋਂ ਸੁਕਰਾਤ ਵੇਲੇ 24 ਅੱਖਰਾਂ ਦੀ ਹੋ ਗਈ ਸੀ ।

ਹਿੰਦੂਆਂ ਦੀ ਵਰਣਮਾਲਾ ਦੇ ਅੱਖਰ ਬਾਹਲੇ ਹੋਣ ਦੇ ਦੋ ਸਬੱਬ ਹਨ, ਇਕ ਤਾਂ ਉਹ ਹਰ ਅੱਖਰ ਲਈ ਜਿਸ ਦੇ ਪਿਛੇ ਲਗ ਮਾਤਰ ਆਉਂਦੀ ਹੈ, ਵਖਰਾ ਚਿੰਨ੍ਹ ਮੁਕੱਰਰ ਕਰਦੇ ਹਨ । ਦੂਜੇ ਹਿੰਦ ਦੀ ਬੋਲੀ ਵਿਚ ਵਿਅੰਜਨ ਅੱਖਰ ਇਤਨੇ ਹਨ ਜਿਤਨੇ ਕਿਸੇ ਹੋਰ ਬੋਲੀ ਵਿਚ ਨਹੀਂ । ਇਨ੍ਹਾਂ ਨੂੰ ਅਸੀਂ ਬੁਲਾ ਵੀ ਨਹੀਂ ਸਕਦੇ ਤੇ ਨ ਹੀ ਇਨ੍ਹਾਂ ਦਾ ਦੂਜੀਆਂ ਆਵਾਜ਼ਾਂ ਨਾਲੋਂ ਫਰਕ ਕਰ ਸਕਦੇ ਹਾਂ ।

ਹਿੰਦੂ, ਯੂਨਾਨੀਆਂ ਵਾਂਗ ਖੱਬਿਓਂ ਸੱਜੇ ਨੂੰ ਲਿਖਦੇ ਹਨ ਤੇ ਪਾਲ ਦੇ ਹੇਠਾਂ ਲਿਖਦੇ ਹਨ । ਹਰ ਅੱਖਰ ਦੇ ਸਿਰ ਉਪਰ ਲੀਕ ਹੁੰਦੀ ਹੈ ਜਿਸ ਨਾਲ ਅੱਖਰ ਹੇਠਾਂ ਵਲ ਲਟਕਾਇਆ ਦਿਸਦਾ ਹੈ, ਲਕੀਰ ਤੋਂ ਉਪਰ ਖਾਲੀ ਲਗਾਂ ਮਾਤ੍ਰਾਂ ਹੁੰਦੀਆਂ ਹਨ ।‡

ਫਿਰ ਇਹੋ ਲੇਖਕ ਲਿਖਦਾ ਹੈ, 'ਹਿੰਦੂ ਆਪਣੀ ਵਰਣਮਾਲਾ ਦੇ ਅੱਖਾਂ ਨੂੰ ਅੰਕਾਂ ਦੀ ਥਾਂ ਕੰਮ ਵਿਚ ਨਹੀਂ ਲਿਆਉਂਦੇ ਜਿਵੇਂ ਕਿ ਹਿਬਰੂ ਅੱਖਰਾਂ ਦੀ ਵਰਣਮਾਲਾ ਦੀ ਤਰਤੀਬ ਨਾਲ ਅਸੀਂ ਅਰਬੀ ਅੱਖਰਾਂ ਨੂੰ ਕੰਮ ਵਿਚ ਲਿਆਉਂਦੇ ਹਾਂ ।' ਹਿੰਦ ਵਿਚ ਜਿਵੇਂ ਅਲੱਗ ਅਲੱਗ ਇਲਾਕਿਆਂ ਦੇ ਅੱਖਰਾਂ ਦੀਆਂ ਸ਼ਕਲਾਂ ਅੱਡ ਅੱਡ ਹਨ ਤਿਵੇਂ ਹੀ ਗਿਣਤੀ ਦਸਣ ਵਾਲੇ ਹਿੰਦਸਿਆਂ ਦੀਆਂ ਵੀ ਸ਼ਕਲਾਂ ਅੱਡ ਅੱਡ ਹਨ, ਜਿਨ੍ਹਾਂ ਨੂੰ ਅੰਕ ਕਿਹਾ ਜਾਂਦਾ ਹੈ ।

ਜੋ ਹਿੰਦਸੇ ਅਸੀਂ ਵਰਤਦੇ ਹਾਂ, ਇਹ ਹਿੰਦੂਆਂ ਦੇ ਸਭ ਤੋਂ ਸੋਹਣੇ ਅੰਕਾਂ ਤੋਂ ਹੀ ਲਏ ਗਏ ਹਨ । ਜਿਨ੍ਹਾਂ ਅੱਡ ਅੱਡ ਕੌਮਾਂ ਨਾਲ ਮੇਰਾ ਵਾਹ ਪਿਆ, ਮੈਂ ਉਨ੍ਹਾਂ ਦੀਆਂ ਜ਼ਬਾਨਾਂ ਦੇ ਗਿਣਤੀ-ਵਾਚਕ ਤਰਤੀਬੇ ਨਾਮਾਂ (ਇਕਾਈ, ਦਹਾਈ, ਸੈਂਕੜਾ) ਆ ਦਿ ਦਾ ਅਧਿਐਨ ਕੀਤਾ ਹੈ, ਜਿਸ ਤੋਂ ਮਲੂਮ ਹੁੰਦਾ ਹੈ ਕਿ ਕੋਈ ਵੀ ਕੌਮ ਹਜ਼ਾਰ ਤੋਂ ਅਗੇ ਗਿਣਨਾ ਨਹੀਂ ਜਾਣਦੀ । ਅਰਬ ਲੋਕ ਵੀ ਹਜ਼ਾਰ ਤਕ ਹੀ (ਨਾਮ) ਜਾਣਦੇ ਹਨ, ਇਸ ਮਜ਼ਮੂਨ ਉਤੇ ਮੈਂ ਇਕ ਅੱਡ ਕਿਤਾਬ ਲਿਖੀ ਹੈ । ਆਪਣੀ ਗਿਣਤੀ ਵਿਚ ਜੋ ਹਜ਼ਾਰ ਤੋਂ ਵਧ ਗਿਣਨਾ ਜਾਣਦੇ ਹਨ, ਉਹ ਹਿੰਦ-ਵਾਸੀ ਹਨ, ਜੋ ਕਿ [redacted] ਤੇ ਯੂਰਪ ਦੇ ਭੂਗੋਲਕ ਅਤੇ ਇਤਹਾਸਕ ਸਮਾਚਾਰ ਹਨ, 'ਕਾਨੂੰਨਿ ਮਸਊਦੀ' ਇਕ ਤਰ੍ਹਾਂ ਭੂਗੋਲ ਖਗੋਲ ਦਾ ਮਹਾਂ ਕੋਸ਼ ਹੈ । 'ਤਹਿਕੀਕੁਲ ਹਿੰਦ' ਵਿਚ 7ਵੀਂ ਤੋਂ 11ਵੀਂ ਸਦੀ ਤਕ ਦੇ ਹਿੰਦ ਦੇ ਹਾਲਾਤ ਹਨ ।

ਡਾ: ਸਚਾਯੂ ਨੇ 1818 ਵਿਚ ਇਸ ਦਾ ਅੰਗਰੇਜ਼ੀ ਉਲਥਾ ਕੀਤਾ ਤੇ ਹੁਣ ਇਸ ਦੇ ਹਿੰਦੀ, ਉਰਦੂ ਤਰਜਮੇ ਵੀ ਮਿਲਦੇ ਹਨ ।

ਗੁਰਮੁਖੀ ਦੇ ਜਨਮ ਪਰ ਵਿਚਾਰ (ਜੀ. ਬੀ. ਸਿੰਘ) ਪੰਨਾ 6. ਐਡੀਸ਼ਨ (1914)

ਗਿਣਤੀ ਵਾਚਕ ਨੰਬਰ ਨੂੰ 28ਵੇਂ ਥਾਂ ਤਕ ਲੈ ਜਾਂਦੇ ਹਨ ਤੇ ਇਸ ਨੂੰ ਉਹ 'ਪਰਾਰਧ' ਕਹਿੰਦੇ ਹਨ।‡*

ਅਲਬਰੂਨੀ ਜੇਹੇ ਬਿਦੇਸ਼ੀ ਵਿਦਵਾਨ ਦੀ ਇਤਨੀ ਲੰਮੀ ਚੌੜੀ ਰਾਇ ਦੇਣ ਤੋਂ ਸਾਡਾ ਮਤਲਬ ਇਤਨਾ ਹੀ ਹੈ ਕਿ ਹਿੰਦੁਸਤਾਨ ਦੇ ਲੋਕ ਲਿਪੀ ਦੇ ਹੁਨਰ ਅਤੇ ਅੰਕਾਂ ਆਦਿ ਵਿਚ ਭਲੀ ਭਾਂਤ ਸਿਆਣੇ ਸਨ ਅਤੇ 11ਵੀਂ ਸਦੀ ਤਕ ਇਥੇ ਕਿਤਨੀਆਂ ਹੀ ਲਿਪੀਆਂ ਪ੍ਰਚਲਤ ਹੋ ਚੁਕੀਆਂ ਸਨ। ਜਦੋਂ ਅਸੀਂ ਦੇਖਦੇ ਹਾਂ ਕਿ ਦਸਵੀਂ, ਗਿਆਰ੍ਹਵੀਂ ਸਦੀ ਵਿਚ ਸਾਡੀਆਂ ਵਰਤਮਾਨ ਪ੍ਰਾਂਤਕ ਬੋਲੀਆਂ ਨਿਖਾਰ ਲੈ ਰਹੀਆਂ ਸਨ, ਜ਼ਰੂਰੀ ਸੀ ਕਿ ਇਨ੍ਹਾਂ ਵੱਖ ਵੱਖ ਬੋਲੀਆਂ ਦੇ ਲਿਖਣ ਲਈ ਦੇਸ-ਭੇਦ ਨਾਲ ਲਿਪੀਆਂ ਵੀ ਅੱਡ ਅੱਡ ਚਲਦੀਆਂ ਤੇ ਠੀਕ ਅਜਿਹਾ ਹੀ ਹੋਇਆ। ਉਨ੍ਹਾਂ ਬ੍ਰਹਮੀ ਦੀਆਂ ਧੀਆਂ—ਪ੍ਰਾਚੀਨ ਲਿਪੀਆਂ ਤੋਂ ਹੀ ਸਾਡੀਆਂ ਹੁਣ ਦੀਆਂ ਲਿਪੀਆਂ ਵਿਕਸੀਆਂ। ਹੁਣ ਅਸੀਂ ਵਰਤਮਾਨ ਹਿੰਦ ਵਿਚ ਵਰਤੀਂਦੀਆਂ ਲਿਪੀਆਂ ਦਾ ਸੰਖੇਪ ਜੇਹਾ ਜਿਕਰ ਕਰਨਾ ਜ਼ਰੂਰੀ ਸਮਝਦੇ ਹਾਂ।

1. ਬੰਗਲਾ—ਇਹ ਬੰਗਾਲ ਦੀ ਲਿਪੀ ਹੈ, ਇਸੇ ਦਾ ਇਕ ਰੂਪ ਅਸਾਮ ਵਿਚ ਚਾਲੂ ਹੈ। ਮਿਥਲਾ ਦੇ ਬ੍ਰਾਹਮਣਾਂ ਵਿਚ ਵੀ ਇਸੇ ਦੇ ਜ਼ਰਾ ਬਦਲਵੇਂ ਰੂਪ ਦੀ ਵਰਤੋਂ ਹੈ।

2. ਉੜੀਆ—ਉੜੀਸਾ ਵਿਚ ਵਰਤੀਂਦੀ ਲਿਪੀ ਤੇ ਬੰਗਲਾ ਨਾਲ ਕਾਫ਼ੀ ਮਿਲਦੀ ਜੁਲਦੀ ਹੈ।

3. ਕੈਥੀ—ਕਾਇਸਥ -ਮੁਨਸ਼ੀਆਂ ਦੇ ਵਰਤਣ ਕਰਕੇ ਇਸ ਦਾ ਨਾਂ 'ਕੈਥੀ' ਪੈ ਗਿਆ ਤੇ ਬਿਹਾਰ ਦੇ ਜਨ-ਸਾਧਾਰਣ ਵਿਚ ਇਸ ਦੀ ਆਮ ਵਰਤੋਂ ਹੈ। ਇਸੀ ਕਰਕੇ ਇਸ ਨੂੰ ਕਈ ਵਾਰ 'ਬਿਹਾਰੀ' ਵੀ ਆਖ ਦਿਤਾ ਜਾਂਦਾ ਹੈ।

4. ਦੇਵ ਨਾਗਰੀ—ਕਿਸੇ ਸਮੇਂ ਮੱਧ ਭਾਰਤ ਦੇ ਉਜੈਨ ਨਗਰ ਨੂੰ 'ਦੇਵ ਨਗਰ' ਕਿਹਾ ਜਾਂਦਾ ਸੀ ਤੇ ਇਹ ਬ੍ਰਹਮਣੀ ਸਭਿਅਤਾ ਅਤੇ ਵਿਦਿਆ ਦਾ ਗੜ੍ਹ ਸੀ। ਇਸ ਇਲਾਕੇ ਵਿਚ ਵਰਤੀ ਜਾਣ ਵਾਲੀ ਲਿਪੀ ਦਾ ਨਾਂ 'ਦੇਵਨਾਗਰੀ' ਪਿਆ ਤੇ ਇਸ ਵਿਚ ਸ਼ਾਸਤ੍ਰ ਲਿਖੇ ਜਾਣ ਕਰ ਕੇ ਪਿਛੋਂ ਇਹ 'ਸ਼ਾਸਤ੍ਰੀ' ਕਹੀ ਜਾਣ ਲੱਗੀ। ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਪੂਜਾ ਕਰਨ ਵੇਲੇ ਜੋ ਦੇਵਤਿਆਂ ਦੇ ਸੰਕੇਤਕ-ਚਿੰਨ੍ਹ ਉਲੀਕੇ ਜਾਂਦੇ ਸਨ ਉਸ ਰੇਖਾ-ਚਿਤ੍ਰ ਨੂੰ 'ਦੇਵ ਨਗਰ' ਆਖਿਆ ਜਾਂਦਾ ਸੀ। ਇਸੇ ਤੋਂ ਵਿਕਾਸ ਕਰਕੇ ਦੇਵ ਨਾਗਰੀ ਬਣੀ।‡ ਯੂ. ਪੀ. ਤੋਂ ਚਲ ਕੇ ਬਿਹਾਰ ਤਕ ਇਸ ਦਾ ਵਰਤਾਰਾ ਹੈ ਤੇ ਹੁਣ ਤਾਂ ਰਾਸ਼ਟਰ-ਭਾਸ਼ਾ ਹਿੰਦੀ ਦੀ ਲਿਪੀ ਹੋਣ ਕਾਰਣ ਇਹ ਦੇਸ਼ ਭਰ ਵਿਚ ਵਿਆਪਕ ਹੋ ਰਹੀ ਹੈ।

5. ਗੁਰਮੁਖੀ—ਪੰਜਾਬ ਦੀ ਪ੍ਰਧਾਨ ਲਿਪੀ ਹੈ ਜੋ ਪੁਰਾਣੀ ਸ਼ਾਰਦਾ ਟਾਕਰੀ ਨਾਲ ਰਲਦੀ ਹੈ। ਇਸ ਦਾ ਜ਼ਿਕਰ ਅਗੇ ਕਰਾਂਗੇ।

6. ਮੋੜੀ—ਮਰਾਠਾ ਦੇਸ਼ ਦੀ ਲਿਪੀ ਹੈ, ਸਿਰ ਤੇ ਲੰਮੀ ਲੀਕ ਖਿਚ ਕੇ ਲਿਖੀ ਜਾਂਦੀ ਹੈ।

7. ਗੁਜਰਾਤੀ—ਗੁਜਰਾਤ ਕਾਠੀਆਵਾੜ ਤੇ ਕੱਛ ਵਿਚ ਇਸ ਦਾ ਪ੍ਰਚਾਰ ਹੈ। ਪਹਿਲਾਂ ਸਿਰ ਉਤੇ ਲਕੀਰ ਖਿਚੀ ਜਾਂਦੀ ਸੀ, ਹੁਣ ਟਾਈਪ ਵਿਚ ਇਹ ਲਕੀਰ ਛੱਡ ਦਿਤੀ ਗਈ ਹੈ।

---

‡*ਡਾ: ਪ੍ਰਾਚੀਨ ਲਿਪੀ ਮਾਲਾ, ਪੰਨਾ 119, ਕਿਤਾਬੁਲ ਹਿੰਦ ਪੰਨਾ 223-227 (ਉਲਥਾਕਾਰ ਸਯਦ ਅਸਗਰਅਲੀ, ਅੰਜਮਨਿ ਤਰੱਕੀ ਉਰਦੂ ਦਿਲੀ)

‡ਹਿੰਦੀ ਸ਼ਬਦ ਸਾਗਰ, ਪੰਨਾ 1624

8. ਤੇਲਗੂ—ਤਿਲੰਗਾਨਾ ਦੀ ਲਿਪੀ ਹੈ, ਮਦਰਾਸ ਪ੍ਰਾਂਤ ਦੇ ਪੂਰਬੀ ਸਮੁੰਦਰੀ ਕੰਢੇ, ਹੈਦਰਾਬਾਦ ਦੇ ਪੂਰਬੀ ਤੇ ਦੱਖਣੀ ਭਾਗ ਅਤੇ ਮੱਧ ਪ੍ਰਦੇਸ਼ ਦੇ ਦੱਖਣੀ ਹਿੱਸੇ ਵਿਚ ਇਸ ਦੀ ਵਰਤੋਂ ਹੈ।

9. ਤਾਮਲ—ਤਾਮਲ ਦੇਸ ਦੀ ਲਿਪੀ ਹੈ, ਇਸ ਦਾ ਪ੍ਰਚਾਰ ਮਦਰਾਸ ਦੇ ਉਪਰਲੈ ਹਿਸੇ, ਦੱਖਣੀ ਪੂਰਬੀ ਭਾਗ ਆਰਕਟ, ਤ੍ਰਿਚਨਾਪਲੀ, ਤੰਜੋਰ, ਮਦਰਾ ਤੇ ਟ੍ਰਾਵਣਕੋਰ ਆਦਿ ਦੇ ਹੇਠਲੇ ਹਿਸੇ ਵਿਚ ਹੈ।

10. ਮਲਿਆਲਮ—ਕੇਰਲ ਪ੍ਰਾਂਤ ਦੀ ਲਿਪੀ ਹੈ, ਮਾਲਾਬਾਰ, ਕੋਚੀਨ ਤੇ ਟ੍ਰਾਵਨਕੋਰ ਵਿਚ ਇਸ ਦਾ ਪ੍ਰਚਾਰ ਹੈ। ਦਰਅਸਲ ਇਹ 'ਗ੍ਰੰਥ ਲਿਪੀ' ਦਾ ਹੀ ਇਕ ਘੜੀਸਵਾਂ ਰੂਪ ਹੈ।

11. ਤੁਲੂ—ਇਹ ਮਲਿਆਲਮ ਦਾ ਹੀ ਇਕ ਰੂਪ ਹੈ। ਇਸ ਦੀ ਵਰਤੋਂ ਦੱਖਣੀ ਕੰਨੜ ਦੇਸ ਵਿਚ ਸੰਸਕ੍ਰਿਤ ਲਿਖਣ ਲਈ ਕੀਤੀ ਜਾਂਦੀ ਸੀ।

12. ਕੰਨੜ—ਇਹ ਕਰਨਾਟਕ ਦੀ ਲਿਪੀ ਹੈ। ਮੈਸੂਰ, ਕੁਰਗ, ਨੀਲ ਗਿਰੀ ਅਤੇ ਬੰਬਈ ਪ੍ਰਾਂਤ ਦੇ ਦੱਖਣੀ ਕੋਨੇ ਵਿਚ ਇਸ ਦੀ ਵਰਤੋਂ ਹੈ।

13. ਗ੍ਰੰਥ ਲਿਪੀ—ਤਾਮਲ ਵਾਲੇ ਖਿੱਤੇ ਵਿਚ ਆਮ ਤੌਰ ਤੇ ਇਹ ਲਿਪੀ ਸੰਸਕ੍ਰਿਤ ਗ੍ਰੰਥ ਲਿਖਣ ਲਈ ਵਰਤੀ ਜਾਂਦੀ ਹੈ।‡

14. ਉਰਦੂ—ਹਿੰਦ ਵਿਚ ਇਹ ਇਕੋ ਇਕ ਸੱਜੇ ਤੋਂ ਖੱਬੇ ਨੂੰ ਚਲਣ ਵਾਲੀ ਲਿਪੀ ਹੈ। ਇਸ ਦਾ ਨਿਕਾਸ ਫਾਰਸੀ ਲਿਪੀ ਤੋਂ ਹੋਇਆ ਤੇ ਮੁਸਲਮਾਨਾਂ ਨੇ ਇਸ ਦੀ ਵਰਤੋਂ ਚਲਾਈ। ਅੰਗਰੇਜ਼ੀ ਸਰਕਾਰ ਨੇ ਇਸ ਨੂੰ ਦਫਤਰੀ ਵਰਤੋਂ ਵਿਚ ਲਿਆ ਕੇ ਖ਼ੂਬ ਪ੍ਰਚਾਰਿਆ। ਅਜ ਵੀ ਹਿੰਦ ਵਿਚ ਦੇਵਨਾਗਰੀ ਨੂੰ ਛੱਡ ਕੇ ਇਸ ਦੀ ਵਰਤੋਂ ਬਾਕੀ ਲਿਪੀਆਂ ਨਾਲੋਂ ਕਿਤੇ ਵਧ ਹੈ। ਪਾਕਿਸਤਾਨ ਦੀ ਤਾਂ ਇਹ ਹੈ ਹੀ ਮਲਕਾ।

ਪੰਜਾਬ ਦੀਆਂ ਲਿਪੀਆਂ

1. ਸ਼ਾਰਦਾ—ਪੰਜਾਬ ਵਿਚ ਪ੍ਰਚਲਤ ਲਿਪੀਆਂ—ਸ਼ਾਰਦਾ, ਟਾਕਰੀ, ਲੰਡੇ ਤੇ ਗੁਰਮੁਖੀ ਆਦਿ ਮੁਖੀ ਹਨ। ਕਸ਼ਮੀਰ ਦੇਸ ਰਮਣੀਕ ਸ਼ਾਂਤੀ ਅਮਨ ਦਾ ਟਿਕਾਣਾ ਹੋਣ ਕਰਕੇ ਪੁਰਾਣੇ ਜ਼ਮਾਨੇ ਤੋਂ ਵਿਦਿਆ ਦਾ ਭਾਰਾ ਕੇਂਦਰ ਰਿਹਾ ਸੀ। ਵਿਦਵਾਨ ਲੋਕ ਸਰਸ੍ਵਤੀ ਯਾ ਸ਼ਾਰਦਾ ਦੇਵੀ ਦੇ ਜ਼ਿਆਦਾ ਉਪਾਸ਼ਕ ਹੁੰਦੇ ਸਨ। ਇਸ ਲਈ ਇਨ੍ਹਾਂ ਵਲੋਂ ਵਰਤੀ ਜਾਣ ਵਾਲੀ ਲਿਪੀ ਦਾ ਨਾਂ 'ਸ਼ਾਰੋਦਾ' ਪੈ ਗਿਆ। ਮੂਲ ਸ਼ਾਰਦਾ ਲਿਪੀ ਦਸਵੀਂ ਸਦੀ ਦੇ ਆਸ ਪਾਸ 'ਕੁਟਿਲ ਲਿਪੀ' ਤੋਂ ਨਿਕਲੀ ਤੇ ਇਸ ਦਾ ਪ੍ਰਚਾਰ ਕਸ਼ਮੀਰ ਤੇ ਪੰਜਾਬ ਵਿਚ ਰਿਹਾ। ਇਸੇ ਵਿਚ ਅਦਲਾ ਬਦਲੀ ਹੋ ਕੇ ਵਰਤਮਾਨ ਸ਼ਾਰਦਾ ਲਿਪੀ ਬਣੀ ਜਿਸ ਦਾ ਪ੍ਰਚਾਰ ਹੁਣ ਕਸ਼ਮੀਰ ਵਿਚ ਘਟ ਗਿਆ ਹੈ ਤੇ ਉਸ ਦੀ ਥਾਂ ਦੇਵਨਾਗਰੀ, ਗੁਰਮੁਖੀ ਯਾ ਟਾਕਰੀ ਨੇ ਲੈ ਲਈ ਹੈ।

[ਪ੍ਰਾਚੀਨ ਭਾਰਤੀਯ ਲਿਪੀ ਮਾਲਾ, ਪੰਨਾ 129

ਮੇਰਾ ਖਿਆਲ ਹੈ ਕਿ ਪੰਜਾਬ ਤੇ ਕਸ਼ਮੀਰ ਦੀ ਸਾਰਦਾ ਲਿਪੀ ਇਸ ਤੋਂ ਵੀ ਅਤੀ ਪ੍ਰਾਚੀਨ ਹੈ ਤੇ ਇਸ ਦਾ ਮੁੱਢ ਸਰਸ੍ਵਤੀ ਨਦੀ ਕੰਢੇ ਵਸਣ ਵਾਲੇ ਵਿਦਵਾਨ ਲੋਕਾਂ ਹਥੋਂ ਹੋਇਆ। ਸਰਸ੍ਵਤੀ ਨਦੀ ਤੋਂ ਪ੍ਰਯਾਗ ਤਕ ਗੰਗਾ ਜਮਨਾ ਦੀ ਵਾਦੀ 'ਬ੍ਰਹਿਮਾਵਰਤ' ਕਹਾਉਂਦੀ ਸੀ, ਚਾਹੇ ਬ੍ਰਹਿਮਾ ਦੇ ਨਾਂ ਕਰਕੇ, ਚਾਹੇ ਬ੍ਰਾਹਮਣਾਂ ਦੀ ਬਹੁਤੀ ਵਸੋਂ ਕਰਕੇ। ਇਨ੍ਹਾਂ ਵਿਚ ਵਰਤੀਂਦੀ ਲਿਪੀ 'ਬ੍ਰਹਿਮੀ' ਅਖਵਾਈ। ਇਹੋ ਬ੍ਰਹਿਮੀ ਪੰਜਾਬ ਦੀਆਂ ਉਪਰੋਕਤ ਲਿਪੀਆਂ ਦੀ ਅੰਮਾ ਹੈ। ਜਿਸ ਤਰ੍ਹਾਂ

‡ਪ੍ਰਾਚੀਨ ਭਾਰਤੀਯ ਲਿਪੀ ਮਾਲਾ, ਪੰਨਾ 130-133

ਪੰਜਾਬ ਦੀ ਬੋਲੀ ਦਾ ਪੁਰਾਣੀ ਵੈਦਰਭ ਬੋਲੀ ਨਾਲ ਘਣੇਰਾ ਸਬੰਧ ਹੈ ਤਿਵੇਂ ਪੰਜਾਬ ਦੀਆਂ ਲਿਪੀਆਂ ਵੀ ਬਾਕੀ ਪ੍ਰਾਂਤਾਂ ਦੀਆਂ ਲਿਪੀਆਂ ਨਾਲੋਂ ਆਪਣੇ ਮੂਲ ਸੋਮੇ-ਬ੍ਰਹਮੀ ਨਾਲ ਜ਼ਿਆਦਾ ਮੁਸ਼ਾਹਬਤ ਰਖਦੀਆਂ ਹਨ ਕਿਉ ਕਿ ਪੰਜਾਬ ਹੈਸੀ ਜੋ ਸਭ ਦਾ ਬਾਬਾ । ਸਰਸੁਤੀ ਨਦੀ ਦੇ ਉਰਾਰ ਦੇ ਪਾਸੇ ਜੋ ਲੋਕ ਵਸਦੇ ਸਨ, ਉਨ੍ਹਾਂ ਵਿਚ ਇਸ ਨਦੀ ਦਾ ਪਿਆਰ, ਸ਼ਰਧਾ ਉਪਾਸਨਾ ਵਿਚ ਪਲਟ ਚੁਕਾ ਸੀ ਅਤੇ ਉਹ ਬਣੀ ਦੀ ਦੇਵੀ ਨੂੰ 'ਸਰਸੁਤੀ' ਯਾ 'ਸ਼ਾਰਦਾ ਦੇਵੀ' ਆਖ ਕੇ ਅਰਾਧਦੇ ਸਨ । ਇਸੇ ਤੋਂ ਬਾਦ ਵਿਚ ਉਨ੍ਹਾਂ ਆਪਣੀ ਲਿਪੀ ਦਾ ਨਾਂ 'ਸ਼ਾਰਦਾ' ਰਖਿਆ । ਇਹ ਸਰਸੁਤੀ ਕੰਢੇ ਵਸਦੇ ਵਿਦਵਾਨ ਹੀ ਪੰਜਾਬ ਦਾ ਮੈਦਾਨੀ ਇਲਾਕਾ ਛਡ ਕੇ ਕਸ਼ਮੀਰ ਪਹਾੜ ਦੀ ਸੁਰੱਖਿਅਤ ਵਾਦੀ ਵਿਚ ਜਾ ਵਸੇ ਤੇ ਉਧਰ ਆਪਣੀ ਲਿਪੀ ਦਾ ਨਾਂ 'ਸ਼ਾਰਦਾ' ਰਖਿਆ । ਇਹ ਸਰਸੁਤੀ ਕੰਢੇ ਵਸਦੇ ਵਿਦਵਾਨ ਹੀ ਪੰਜਾਬ ਦਾ ਮੈਦਾਨੀ ਇਲਾਕਾ ਛਡ ਕੇ ਕਸ਼ਮੀਰ ਪਹਾੜ ਦੀ ਸੁਰੱਖਿਅਤ ਵਾਦੀ ਵਿਚ ਜਾ ਵਸੇ ਤੇ ਉਧਰ ਆਪਣੀ ਲਿਪੀ 'ਸ਼ਾਰਦਾ', ਨਾਲ ਲੈ'ਦੇ ਗਏ । ਇਹ ਠੀਕ ਹੈ, ਇਸ ਦਾ ਨਵਾਂ ਰੂਪ ਦੇਵਨਾਗਰੀ ਦੇ ਜਨਮ ਸਮੇਂ ਬਣਿਆ । ਜੇਹਾ ਕਿ ਪੰਡਤ ਗੌਰੀ ਸ਼ੰਕਰ ਹੀਰਾ ਚੰਦ ਓਝਾ ਲਿਖਦੇ ਹਨ ਕਿ ਦੇਵ ਨਾਗਰੀ ਦੀ ਭੈਣ ਸ਼ਾਰਦਾ ਦਾ ਪ੍ਰਚਾਰ ਦਸਵੀਂ ਸਦੀ ਵਿਚ ਕਸ਼ਮੀਰ ਤੇ ਪੰਜਾਬ ਵਿਚ ਹੋਣ ਲਗ ਪਿਆ ਸੀ ।‡ ਸ਼ਾਰਦਾ ਦਾ ਸਭ ਤੋਂ ਪਹਿਲਾ ਲੇਖ ਦਸਵੀਂ ਸਦੀ ਦਾ ਹੀ ਮਿਲ ਸਕਿਆ ਹੈ ਤੇ ਇਹ ਜਾਂ ਅਜੇਹੇ ਹੋਰ ਲੇਖ ਜ਼ਿਆਦਾ ਮਿਤਾਹਾਂ, ਚੌਥੇ ਤੇ ਕੁੱਲੂ ਆਦਿ ਤੋਂ ਮਿਲੇ ਹਨ ।*

2. ਟਾਕਰੀ—ਇਹ ਪੰਜਾਬ ਦੀ ਪੁਰਾਣੀ ਲਿਪੀ ਦਾ ਸ਼ਾਰਦਾ ਵਰਗਾ ਹੀ ਘੜੀਸਵਾਂ ਪਹਾੜੀ ਰੂਪ ਹੈ ਜੋ ਜੰਮੂ ਤੇ ਹੋਰ ਪੰਜਾਬ ਦੇ ਉਤਰ ਵਲ ਦੇ ਪਹਾੜੀ ਇਲਾਕੇ ਵਲ ਪ੍ਰਚਲਤ ਹੈ। ਕਾਂਗੜੇ ਲਾਗੇ ਦੀਆਂ ਪਹਾੜੀਆਂ ਵਿਚ ਇਸ ਲਿਪੀ ਦੇ ਕਈ ਪੁਰਾਣੇ ਸ਼ਿਲਾਲੇਖ ਵੀ ਮਿਲੇ ਹਨ । ਪਹਾੜ ਦੇ ਅੱਡ ਅੱਡ ਹਿਸਿਆਂ ਵਿਚ ਇਸ ਦੇ ਅੱਡ ਅੱਡ ਰੂਪ ਹਨ । ਜੰਮੂ ਦੇ ਇਲਾਕੇ ਵਿਚ ਵਰਤੀ ਦਾ ਰੂਪ 'ਡੋਗਰੀ' ਤੇ ਚੰਬੇ ਵਿਚਲਾ ਰੂਪ 'ਚੰਬਿਆਲੀ ਅਖਵਾਉਂਦਾ ਹੈ ।§ ਕਈ ਵਿਦਵਾਨਾਂ ਦਾ ਖਿਆਲ ਹੈ ਕਿ ਠਾਕਰ-ਰਾਜਪੂਤ ਚੌਧਰੀਆਂ ਵਿਚ ਵਰਤੀ ਜਾਣ ਕਰਕੇ ਇਸ ਦਾ ਨਾਂ 'ਠਾਕਰੀ' ਪਿਆ ਤੇ ਇਹੋ ਵਟ ਕੇ 'ਟਾਕਰੀ' ਲਫ਼ਜ਼ ਬਣਿਆ । ਸ਼ਾਇਦ ਇਹ ਠੀਕ ਨ ਹੋਵੇ । ਅਸਲ ਗੱਲ ਇਹ ਜਾਪਦੀ ਹੈ ਕਿ ਕਿਸੇ ਸਮੇਂ ਪੰਜਾਬ ਵਿਚ ਟੱਕ ਜਾਤੀ ਦਾ ਬੜਾ ਜ਼ੋਰ ਰਿਹਾ, ਇਨ੍ਹਾਂ ਦੇ ਤੇਜ ਪ੍ਰਤਾਪ ਦਾ ਗੜ੍ਹ 'ਟੈਕਸਿਲਾ' ਸ਼ਹਿਰ ਸੀ ਤੇ ਪੰਜਾਬ ਦੇ ਬਹੁਤ ਸਾਰੇ ਹਿਸੇ ਨੂੰ 'ਟੱਕ ਦੇਸ' ਆਖਿਆ ਜਾਂਦਾ ਸੀ ।

ਪੁਰਾਣੀਆਂ ਸੰਸਕ੍ਰਿਤ ਤੇ ਪ੍ਰਾਕ੍ਰਿਤ ਦੀਆਂ ਪੋਥੀਆਂ ਵਿਚ ਇਸ 'ਟੱਕ ਦੇਸ਼' ਦੀ ਬੋਲੀ ਨੂੰ 'ਟੱਕੀ ਯਾ ਟਾਕੀ' ਕਿਹਾ ਗਿਆ ਹੈ, ਸੰਭਵ ਹੈ ਇਸ ਬੋਲੀ ਲਈ ਵਰਤੀ ਜਾਂਦੀ ਲਿਪੀ ਹੀ 'ਟਾਕਰੇ' ਜਾਂ 'ਟਾਕਰੀ' ਕਹਾਈ ਹੋਵੇ ।

3. ਲੰਡੇ—ਇਨ੍ਹਾਂ ਸ਼ਾਰਦਾ, ਟਾਕਰੀ ਆਦਿ ਲਿਪੀਆਂ ਤੋਂ ਇਲਾਵਾ ਪੰਜਾਬ ਦੇ ਵਪਾਰੀਆਂ ਵਿਚ ਲੰਡੇ ਯਾ ਮਹਾਜਨੀ ਲਿਪੀ ਦਾ ਬਹੁਤ ਵਰਤਾਰ ਰਿਹਾ ਹੈ । ਵਪਾਰੀ ਲੋਕ ਸਮੇਂ ਤੇ ਮੋਹਨਤ ਦੀ ਬੱਚਤ ਲਈ ਅੱਖਰਾਂ ਉਤੋਂ ਨਾ ਲੀਕਾਂ ਖਿਚਦੇ ਸਨ ਅਤੇ ਨਾ ਹੀ ਕੋਈ ਲਗ ਮਾਤ੍ਰ ਲਾਉਂਦੇ ਸਨ । ਇਸੇ ਕਾਹਲੀ ਦਾ ਸਿਟਾ ਲੰਡੇ ਅੱਖਰ ਚਲੇ, ਮਹਾਜਨਾਂ ਯਾ ਸਰਾਫਾਂ ਦੇ ਵਰਤਣ

‡ਪ੍ਰਾਚੀਨ ਭਾਰਤੀਯ ਲਿਪੀ ਮਾਲਾ-ਪੰਨਾ 68
*ਪ੍ਰਾਚੀਨ ਭਾਰਤੀਯ ਲਿਪੀ ਮਾਲਾ ਪੰਨਾ 73
§ਪ੍ਰ. ਭਾ. ਲਿ. ਮਾਲਾ, ਪੰਨਾ 130

ਕਰਕੇ ਇਹੋ 'ਮਹਾਜਨੀ' ਯਾ 'ਸਰਾਫੀ' ਅੱਖਰ ਕਹਿਲਾਏ ।

ਹਿੰਦੁਸਤਾਨ ਵਿਚ ਅਜੇਹੀਆਂ ਸੌ ਦੇ ਲਗਭਗ ਵਪਾਰੀ ਲਿਪੀਆਂ ਹੋਣਗੀਆਂ । ਪੰਜਾਬ-ਵਿਚ ਵੀ ਸਰਾਫੀ, ਮਹਾਜਨੀ, ਖੋਜਾ, ਅਰੋੜਾ, ਲੰਮਾ—ਵਾਸੀ, ਮੁਲਤਾਨੀ, ਬਹਾਵਲੀਪੁਰੀ, ਪਰਾਚੀ, ਉੱਚੀ, ਰੋਹੜੀ, ਸਿੰਧੀ, ਸਾਰਿਕਾ, ਥਲੀ ਤੇ ਕੀਰਕੀ ਆਦਿ ਕਈ ਭਾਂਤ ਦੇ ਅੱਖਰ ਵਹੀਆਂ ਖਾਤਿਆਂ ਵਿਚ ਚਾਲੂ ਹਨ ।‡ ਹੈਨ ਇਹ ਸਭ ਲੰਡਿਆਂ ਦਾ ਅਦਲਿਆ-ਬਦਲਿਆ ਰੂਪ ਹੀ ਅਤੇ ਲੰਡੇ ਖੁਦ ਵੀ ਸਾਹਿਰਕ ਕੰਮਾਂ ਲਈ ਵਰਤੀਆਂ ਜਾਂਦੀਆਂ ਲਿਪੀਆਂ ਦਾ ਹੀ ਇਕ ਸ਼ਿਕਸ਼ਤੇ ਵਾਲਾ ਵਟਿਆ ਰੂਪ ਹੈ ।

ਇਹ ਤਾਂ ਹੋਈਆਂ ਪੰਜਾਬ ਦੇ ਪਹਾੜੀ ਇਲਾਕੇ ਤੇ ਵਪਾਰੀਆਂ ਵਿਚ ਵਰਤੀਂਦੀਆਂ ਲਿਪੀਆਂ, ਹੁਣ ਅਸੀਂ ਗੁਰਮੁਖੀ ਲਿਪੀ ਵਲ ਆਉਂਦੇ ਹਾਂ ।

4. ਗੁਰਮੁਖੀ— ਪੰਜਾਬ ਦੇ ਮੈਦਾਨੀ ਇਲਾਕੇ ਵਿਚ ਪੁਰਾਣੇ ਜ਼ਮਾਨੇ ਕਿਸ ਲਿਪੀ ਦਾ ਵਰਤਾਰਾ ਸੀ ਤੇ ਉਸ ਦਾ ਕੀ ਨਾਂ ਸੀ, ਇਸ ਬਾਰੇ ਜ਼ਰਾ ਵਿਚਾਰ ਕਰਨ ਦੀ ਲੋੜ ਹੈ । ਅਲਬਰੂਨੀ ਨੇ ਜੋ ਹਿੰਦ ਦੀਆਂ 11 ਲਿਪੀਆਂ ਦਾ ਜ਼ਿਕਰ ਕੀਤਾ ਹੈ, ਉਸ ਵਿਚ ਇਕ 'ਅਰਧਨਾਗਰੀ' ਨਾਂ ਦੀ ਲਿਪੀ ਹੈ । ਇਸ ਬਾਰੇ ਉਹ ਕਹਿੰਦਾ ਹੈ ਕਿ ਇਹ 'ਸਿਧ ਮਾਤ੍ਰਿਕਾ' ਅਤੇ ਮਾਲਵਾ (ਉਜੈਨ) ਵਿਚ ਵਰਤੀਂਦੀ 'ਨਾਗਰ' ਲਿਪੀ ਦੇ ਮੇਲ ਤੋਂ ਬਣੀ ਹੈ ਤੇ ਇਹ 'ਭਾਟੀ ਦੇਸ' ਅਤੇ ਸਿੰਧ ਦੇ ਕੁਝ ਹਿਸਿਆਂ ਵਿਚ ਵਰਤੀ ਜਾਂਦੀ ਹੈ ।* ਜੇਹਾ ਕਿ ਇਹ ਪ੍ਰਗਟ ਹੀ ਹੈ ਕਿ ਭੱਟੀ ਰਾਜਪੂਤਾਂ ਦੀ ਵਸੋਂ ਕਾਰਣ ਬਠਿੰਡੇ ਵਲ ਦਾ ਇਲਾਕਾ 'ਭਾਟੀ ਦੇਸ' ਜਾਂ 'ਭਟੀਆਣਾ' ਕਿਹਾ ਜਾਂਦਾ ਸੀ । ਇਥੋਂ ਦੀ ਬੋਲੀ ਦਾ ਨਾਂ ਹੈ ਭਟਿਆਣੀ, ਜੋ ਕਿ ਪੰਜਾਬੀ ਦੀ ਉਪਭਾਖਾ ਹੈ । ਇਸੇ ਇਲਾਕੇ ਵਿਚ ਵਰਤੀ ਜਾਂਦੀ ਪੁਰਾਣੀ ਲਿਪੀ ਦਾ ਨਾਂ 'ਅਰਧਨਾਗਰੀ' ਸੀ, ਜਿਸ ਨੂੰ 'ਭਟਾਖਰੀ' ਵੀ ਕਿਹਾ ਜਾਂਦਾ ਸੀ । ਇਤਿਹਾਸਕ ਤੌਰ ਤੇ ਇਹ ਗੱਲ ਪ੍ਰਗਟ ਹੈ ਕਿ ਦਸਵੀਂ ਗਿਆਰ੍ਹਵੀਂ ਸਦੀ ਵਿਚ ਬਠਿੰਡਾ ਇਕ ਭਾਰਾ ਰਾਜ ਕੇਂਦਰ ਸੀ । ਇਥੋਂ ਦੇ ਹੀ ਰਾਜੇ ਜੈਪਾਲ ਤੇ ਅਨੰਗਪਾਲ ਆਦਿ ਨੇ ਮਹਿਮੂਦ ਗਜ਼ਨਵੀ ਨਾਲ ਟਾਕਰਾ ਲਿਆ ਸੀ । ਸੋ ਇਸ ਥਾਂ ਦੀ ਲਿਪੀ ਦੀ ਪੰਜਾਬ ਭਰ ਵਿਚ ਪ੍ਰਭੁਤਾ ਹੋਣੀ ਕੁਦਰਤੀ ਗੱਲ ਸੀ । ਇਸੇ ਕਰਕੇ ਅਲਬਰੂਨੀ ਨੇ ਇਸ ਦਾ ਜ਼ਿਕਰ ਕੀਤਾ । ਭਾਰਤੀ ਲਿਪੀ-ਵਿਗਿਆਨੀ ਪੰਡਿਤ ਗੌਰੀ ਸ਼ੰਕਰ ਹੀਰਾ ਚੰਦ ਓਝਾ ਨੇ ਇਹ ਮੰਨਿਆ ਹੈ ਕਿ ਪੰਜਾਬ ਵਿਚ ਸੰਸਕ੍ਰਿਤ ਪੁਸਤਕਾਂ ਨਾਗਰੀ ਨਾਲ ਮਿਲਦੀ ਇਕ ਪੁਰਾਣੀ ਲਿਪੀ ਵਿਚ ਲਿਖੀਆਂ ਜਾਂਦੀਆਂ ਸਨ । ਇਸੇ ਸੰਸਕ੍ਰਿਤ ਪੁਸਤਕਾਂ ਲਈ ਵਰਤੀ ਜਾਣ ਵਾਲੀ ਲਿਪੀ ਹੀ ਵਰਤਮਾਨ ਪੰਜਾਬੀ ਲਿਪੀ ਬਣੀ । ਇਹ ਕਥਨ ਵੀ ਉਸ ਪੁਰਾਣੀ ਅਰਧਨਾਗਰੀ ਜਾਂ ਭਟਾਖਰੀ ਲਿਪੀ ਵਲ ਸੰਕੇਤ ਕਰਦਾ ਹੈ, ਜਿਸ ਤੋਂ ਗੁਰਮੁਖੀ ਲਿਪੀ ਦਾ ਵਿਕਾਸ ਹੋਇਆ । ਚੂੰਕਿ ਅਰਧਨਾਗਰੀ ਦੀ ਅੱਖਰ ਮਾਲਾ ਸਾਡੇ ਸਾਮ੍ਹਣੇ ਨਹੀਂ, ਇਸ ਉਤੇ ਬਹੁਤ ਜ਼ੋਰ ਨ ਦੇ ਕੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਸ਼ਾਇਦ ਇਹੋ 'ਸਿਧ ਮਾਤ੍ਰਿਕਾ' ਜਾਂ 'ਸਿੱਧ' ਲਿਪੀ ਹੀ ਸਾਡੀ ਗੁਰਮੁਖੀ ਲਿਪੀ ਦੀ ਵਡੇਰੀ ਹੋਵੇ ।

ਗੁਰਮੁਖੀ ਨਾਂ ਤਾਂ ਭਾਵੇਂ ਪੰਜ ਚਾਰ ਸੌ ਵਰ੍ਹੇ ਤੋਂ ਵਧ ਨਾ ਪੁਰਾਣਾ ਹੋਵੇ ਪਰੰਤੂ ਇਸ ਦੀ ਲਿਪੀ ਦੇ ਅੱਖਰ ਢੇਰ ਪੁਰਾਣੇ ਹਨ । ਈ. ਪੀ. ਨਿਊਟਨ ਦਾ ਕਹਿਣਾ ਹੈ ਕਿ ਪੰਜਾਬੀ ਦੇ ਪੈਂਤੀ

‡ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ-ਪੰਨਾ 106

*ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ-ਪੰਨਾ, 81

ਅੱਖਰਾਂ ਵਿਚੋਂ ਘਟ ਤੋਂ ਘਟ 21 ਅੱਖਰ ਤਾਂ ਮਾੜੇ ਮੋਟੇ ਫਰਕ ਨਾਲ ਪ੍ਰਾਚੀਨ ਲੇਖਾਂ ਵਿਚ ਦਿਸ ਹੀ ਪੈਂਦੇ ਹਨ। ਛੇ ਦਸਵੀਂ ਸਦੀ ਈਸਵੀ ਦੇ, ਬਾਰਾਂ ਤੀਜੀ ਸਦੀ ਈ. ਪੂਰਬ ਦੇ, ਅਤੇ ਤਿੰਨ ਪੰਜਵੀਂ ਸਦੀ ਈ. ਪੂਰਬ ਵਿਚ ਮਿਲ ਪੈਂਦੇ ਹਨ। ਇਸ ਲਈ ਇਹ ਮੰਨਣਾ ਪਵੇਗਾ ਕਿ ਪੰਜਾਬ ਵਿਚ ਚੇਰ ਤੋਂ ਲਿਪੀ ਕਲਾ ਚਾਲੂ ਸੀ ਤੇ ਇਸੇ ਦਾ ਸਦੀਆਂ ਵਿਚ ਵਟਿਆ ਬਦਲਿਆ ਰੂਪ ਮੌਜੂਦਾ ਲਿਪੀ ਹੈ।

ਇਸ ਸਮੇਂ ਪੰਜਾਬ ਦੀ ਪ੍ਰਧਾਨ ਲਿਪੀ ਗੁਰਮੁਖੀ ਹੈ। ਵਹੀ ਖਾਤਿਆਂ ਤੋਂ ਬਿਨਾਂ ਪੰਜਾਬੀਆਂ ਦਾ ਬਾਕੀ ਕਾਰ ਵਿਹਾਰ, ਚਿਠੀ ਪੱਤਰ ਤੇ ਸਾਰੀ ਸਾਹਿਤਕ ਲਿਖਤ ਇਸੇ ਲਿਪੀ ਵਿਚ ਕੀਤੀ ਜਾਂਦੀ ਹੈ। ਇਸ ਦੇ 'ਗੁਰਮੁਖੀ' ਨਾਂ ਨੇ ਕਈ ਫਿਰਕਾਪ੍ਰਸਤ ਦਿਮਾਗਾਂ ਵਿਚ ਕਈ ਤਰ੍ਹਾਂ ਦੇ ਸ਼ੰਕੇ ਖੜੇ ਕਰਕੇ ਇਸ ਦੇ ਸਰਬ-ਪ੍ਰਵਾਣ ਹੋਣ ਵਿਚ ਕੁਝ ਕੁ ਅਟਕਾ ਪਾ ਛਡਿਆ ਹੈ। ਉਹ ਲੋਕ ਕਹਿੰਦੇ ਹਨ ਕਿ ਇਹ ਤਾਂ ਸਿਖਾਂ ਵਾਸਤੇ ਹੀ ਬਣਾਈ ਸੀ, ਅਸੀਂ ਇਸ ਨੂੰ ਨਹੀਂ ਅਪਣਾਉਣਾ। ਹੁਣ ਵੀਚਾਰਨ ਵਾਲੀ ਗੱਲ ਤਾਂ ਇਹ ਹੈ ਕਿ ਕੀ ਇਹ ਲਿਪੀ ਸਿਖ ਗੁਰੂਆਂ ਦੇ ਜ਼ਮਾਨੇ ਦੀ ਹੀ ਕਾਢ ਹੈ ਯਾ ਇਹ ਪੰਜਾਬ ਦੀ ਚਲੀ ਆ ਰਹੀ ਕਿਸੇ ਪ੍ਰਾਚੀਨ ਲਿਪੀ ਦਾ ਬਦਲਿਆ ਸੁਧਰਿਆ ਰੂਪ ਹੈ ? ਜੇ ਕਰ ਸਿਖ-ਗੁਰੂਆਂ ਨੇ ਹੀ ਇਸ ਦੀ ਘਾੜਤ ਘੜੀ ਹੋਵੇ ਤਾਂ ਕੀ ਅਜਿਹੀ ਸਾਦੀ ਸੁਚੱਜੀ ਲਿਪੀ ਦੀ ਵਰਤੋਂ ਕਰਨਾ ਪਾਪ ਹੋ ਜਾਂਦਾ ਹੈ ? ਬਿਦੇਸ਼ ਤੋਂ ਆਏ ਜਰਵਾਣਿਆਂ ਅਰਬੀਆਂ, ਈਰਾਨੀਆਂ ਦੀ ਲਿੱਪੀ ਦਾ ਇਕ ਰੂਪ-ਉਰਦੂ ਤਾਂ ਸਾਨੂੰ ਪ੍ਰਵਾਣ ਕਰਨ ਵਿਚ ਕੋਈ ਹਿਚਕਚਾਹਟ ਨਹੀਂ ਹੁੰਦੀ ਪਰ ਆਪਣੇ ਦੇਸ ਦੇ ਉਪਕਾਰੀ ਮਹਾਂਪੁਰਸ਼ਾਂ ਦੀ ਕਿਰਤ ਤੋਂ ਨੱਕ ਵੱਟਣਾ ਹੀ ਚੰਗਾ ਸਮਝਦੇ ਹਾਂ। ਇਹ ਗੱਲ ਕਿਸੇ ਸੁੰਮਾਨ ਵਾਲੇ ਦੇਸ਼ ਵਿਚ ਭਲੀ ਨਹੀਂ ਮੰਨੀ ਜਾ ਸਕਦੀ। ਪਰ ਹੁਣ ਤਾਂ ਖੋਜ ਨੇ ਉਹ ਸਬੂਤ ਸਾਮ੍ਹਣੇ ਲਿਆ ਦਿਤੇ ਹਨ ਜਿਨ੍ਹਾਂ ਤੋਂ ਇਹ ਗੱਲ ਚੰਗੀ ਤਰ੍ਹਾਂ ਸਪਸ਼ਟ ਹੋ ਜਾਂਦੀ ਹੈ ਕਿ ਗੁਰਮੁਖੀ ਲਿੱਪੀ ਕੋਈ ਨਵੀਂ ਕਾਢ ਨਹੀਂ, ਇਹ ਤਾਂ ਪੰਜਾਬ ਦੀ ਪ੍ਰਾਚੀਨ ਲਿੱਪੀ ਦਾ ਹੀ ਇਕ ਸੰਵਰਿਆ ਸੁਧਰਿਆ ਰੂਪ ਹੈ। ਪੰਜਾਬ ਦੀਆਂ ਪ੍ਰਸਿਧ ਲਿੱਪੀਆਂ ਦੀ ਵਰਣਮਾਲਾ ਦਾ ਵੇਰਵਾ ਇਸ ਤਰ੍ਹਾਂ ਹੈ—

ਸ਼ਾਰਦਾ—4 ਸੁਰ, 33 ਵਿਅੰਜਨ—37 ਟਾਕਰੀ—4 ਸੁਰ, 33 ਵਿਅੰਜਨ—37	ੜ ਨਹੀਂ ਹੈ
ਲੰਡੇ—3 ਸੁਰ, 27 ਵਿਅੰਜਨ—30 ਗੁਰਮੁਖੀ—3 ਸੁਰ, 32 ਵਿਅੰਜਨ—35	ੜ ਹੈ

ਇਨਾਂ ਚਹੁੰਆਂ ਲਿੱਪੀਆਂ ਦੀ ਅੱਖਰ-ਗਿਣਤੀ ਵੀ ਜਿਥੇ ਰਲਦੀ ਹੈ, ਉਥੇ ਬਹੁਤ ਸਾਰੀਆਂ ਅੱਖਰ-ਸ਼ਕਲਾਂ ਵੀ ਮਿਲਦੀਆਂ ਹਨ। ਵਪਾਰੀ ਲਿੱਪੀ ਲੰਡਿਆਂ ਨੂੰ ਛਡਕੇ ਜੇ ਅਸੀਂ ਪੁਰਾਣੀਆਂ ਲਿੱਪੀਆਂ ਸ਼ਾਰਦਾ ਤੇ ਟਾਕਰੀ ਨਾਲ ਗੁਰਮੁਖੀ ਦਾ ਟਾਕਰਾ ਕਰੀਏ ਤਾਂ ਇਨ੍ਹਾਂ ਦਾ ਗੂੜ੍ਹਾ ਸਬੰਧ ਜ਼ਾਹਰ ਹੋਵੇਗਾ। ਗੁਰਮੁਖੀ ਦੇ ਸੱਤ ਅੱਖਰ ਸ਼ਾਰਦਾ ਨਾਲ ਬਿਲਕੁਲ ਸਾਂਝੇ ਤੇ ਬਾਰਾਂ ਕਾਫੀ ਮਿਲਦੇ ਹਨ। ਦੂਰ ਦਾ ਸਾਕ ਹੋਣ ਕਰਕੇ ਸਮੇਂ ਨਾਲ ਬਾਕੀ ਰੂਪ ਬਦਲ ਗਏ ਹਨ ਪਰ ਟਾਕਰੀ ਨਾਲ ਗੁਰਮੁਖੀ ਅੱਖਰ ਵਧੇਰੇ ਰਲਦੇ ਹਨ।

ੳ, ਹ, ਖ, ਗ, ਘ, ਟ, ਠ, ਡ, ਤ, ਥ, ਪ, ਫ, ਭ, ਰ, ਵ, ਇਹ 15 ਅੱਖਰ ਤਾਂ ਟਾਕਰੀ ਤੇ ਗੁਰਮੁਖੀ ਦੇ ਸਾਂਝੇ ਹੀ ਹਨ। ਬਾਕੀ ਪੰਜ—ਚ, ਢ, ਦ, ਧ, ਲ ਕਾਫੀ ਮਿਲਦੇ ਅਤੇ ਛੇ—ਕ,

ਛ, ਜ, ਵ, ਮ, ਯ ਕੁਝ ਕੁਝ ਮਿਲਦੇ ਹਨ। ਸਿਰਫ ਅੱਠ ਅੱਖਰ ਨਹੀਂ ਮਿਲਦੇ।‡ ਲਗ ਮਾਤ੍ਰਾਂ—ਔਂਕੜ, ਦੁਲੈਂਕੜ ਦੋਹਾਂ ਦੇ ਇਕੋ ਜੇਹੇ ਹੀ ਹਨ, ਤੇ ਹੋਰੜੇ ਕਨੌੜੇ ਵੀ ਪੁਰਾਣੇ ਰੂਪਾਂ ਵਿਚ ਮਿਲਦੇ ਹਨ। ਇਸ ਗੂੜ੍ਹੇ ਮੇਲ ਤੋਂ ਇਹ ਸਿਟਾ ਕੱਢਣਾ ਗ਼ਲਤ ਨਹੀਂ ਕਿ ਟਾਕਰੀ ਤੇ ਗੁਰਮੁਖੀ ਦੋਵੇਂ ਭੈਣਾਂ ਹਨ ਤੇ ਇਨ੍ਹਾਂ ਦੀ ਆਪਸ ਵਿਚ ਡੂੰਘੀ ਸਾਕੇਦਾਰੀ ਹੈ। ਗੁਰਮੁਖੀ ਦੇ ਜੋ ਅੱਠ ਅੱਖਰ ਟਾਕਰੀ ਨਾਲ ਨਹੀਂ ਰਲਦੇ ਉਨ੍ਹਾਂ ਵਿਚੋਂ ਕਈ ਸ਼ਾਰਦਾ, ਮਹਾਜਨੀ ਤੇ ਕਈ ਪੁਰਾਣੇ ਸ਼ਿਲਾ-ਲੇਖਾਂ ਵਿਚ ਥੋੜੇ ਬਹੁਤ ਫਰਕ ਨਾਲ ਪਾਏ ਜਾਂਦੇ ਹਨ।

ਇਸ ਤੋਂ ਇਹ ਗੱਲ ਭਲੀ ਭਾਂਤ ਸਿਧ ਹੋ ਜਾਂਦੀ ਹੈ ਕਿ ਪੰਜਾਬ ਵਿਚ ਵੇਦਕ ਜ਼ਮਾਨੇ ਤੋਂ ਹੀ ਲਿੱਪੀ ਮੌਜੂਦ ਸੀ ਤੇ ਇਸ ਨੇ ਸਮੇਂ ਦੇ ਚੱਕ੍ਰ ਨਾਲ ਕਈ ਰੂਪ ਬਦਲੇ।

ਜਿਸ ਧਰਤੀ ਵਿਚ ਵੇਦ ਰਚੇ ਗਏ, ਜਿਸ ਧਰਤੀ ਨੇ (ਕੁਰਖੇਤ੍ਰ ਵਿਚ) ਗੀਤਾ ਵਰਗਾ ਗਿਆਨ ਪ੍ਰਗਟ ਕੀਤਾ ਅਤੇ ਜਿਸ ਧਰਤੀ ਨੇ 'ਅਸ਼ਟਾਧਿਆਈ' ਜੇਹੇ ਸੰਸਕ੍ਰਿਤ ਦੇ ਅਤੀ ਵਿਗਿਆਨਕ ਤੇ ਸੰਪੂਰਣ ਵਿਆਕਰਣ ਰਚਣ ਵਾਲੇ ਪਾਣਿਨੀ ਜੈਸੇ ਵਿਦਵਾਨ ਪੈਦਾ ਕਰਕੇ ਦਿਤੇ, ਜਿਨ੍ਹਾਂ ਲੰਕਾਂ ਦੀ ਸੁਰਸਤੀ ਨਦੀ ਹਿੰਦ ਭਰ ਵਿਚ 'ਬਾਣੀ ਦੀ ਦੇਵਤਾ' ਮੰਨੀ ਜਾ ਕੇ ਪੂਜੀ ਜਾਂਦੀ ਹੋਵੇ, ਇਹ ਕਦੀ ਹੋ ਨਹੀਂ ਸਕਦਾ ਕਿ ਉਹ ਲਿਖਣ ਦੇ ਹੁਨਰ ਤੋਂ ਅਣਜਾਣ ਹੋਣ। ਆਰੀਆਂ ਤੋਂ ਪਹਿਲਾਂ ਪੰਜਾਬ ਦੀ ਧਰਤੀ ਦੇ ਉਚੀ ਸਭਿਅਤਾ ਦੇ ਮਾਲਕ ਆਦਿ ਵਾਸੀ ਵੀ ਲਿਖਣ ਵਿਚ ਚੰਗੇ ਪ੍ਰਬੀਨ ਸਨ। ਮੋਹਿੰਜੋਦੜੋ, ਹੜੱਪਾ ਤੋਂ ਮਿਲੀਆਂ ਪੁਰਾਣੀਆਂ ਲਿਖਤਾਂ ਇਸ ਗੱਲ ਦਾ ਸਬੂਤ ਹਨ। ਇਸ ਲਈ ਇਹ ਇਕ ਪ੍ਰਮਾਣੀਕ ਸਚਾਈ ਹੈ ਕਿ ਪੰਜਾਬ ਵਿਚ ਲਿਖਤ ਵਿਦਿਆ ਪਹਿਲਾਂ ਤੋਂ ਹੀ ਜਾਰੀ ਸੀ ਤੇ ਉਸੇ ਗੱਦੀ ਦੀ ਵਾਰਸ ਗੁਰਮੁਖੀ ਹੈ।

ਗੁਰਮੁਖੀ ਦਾ ਜਨਮ ਤੇ ਵਿਕਾਸ

ਜੇਹਾ ਕਿ ਅਸੀਂ ਉਪਰ ਵਿਚਾਰ ਕਰ ਚੁਕੇ ਹਾਂ ਕਿ ਉਤਰੀ ਭਾਰਤ ਦੀਆਂ ਵਰਤਮਾਨ ਲਿੱਪੀਆਂ ਫਧੇਰੇ ਕਰਕੇ ਬ੍ਰਹਮੀ ਤੋਂ ਹੀ ਵਿਕਸਿਤ ਹੋਈਆਂ ਹਨ, ਇਸ ਬਾਰੇ ਬਹੁਤੀ ਸ਼ੰਕਾ ਦੀ ਗੁੰਜਾਇਸ਼ ਨਹੀਂ। ਬ੍ਰਹਮੀ ਤੋਂ ਗੁਪਤਾ ਲਿੱਪੀ ਤੇ ਗੁਪਤਾ ਤੋਂ ਕੁਟਿਲ ਤੇ ਸਿੰਧੂ ਲਿਪੀ ਦੇ ਅੱਖਰਾਂ ਤੋਂ ਅਗੇ ਸ਼ਾਰਦਾ, ਟਾਕਰੀ ਤੇ ਗੁਰਮੁਖੀ ਆਦਿ ਦਾ ਵਿਕਾਸ ਹੋਇਆ। ਲਗਭਗ 500 ਈ: ਦੇ ਲਾਗੇ ਦੀ ਲਿੱਖੀ ਇਕ ਪੁਸਤਕ 'ਉਸ਼ਣੀਸ ਵਿਜਯ ਧਾਰਣੀ' (ਧਾਰਣੀ—ਤਾਂਤ੍ਰਿਕ ਬਚਨ) ਜਾਪਾਨ ਦੇ ਹੋਰ ਯੂਜ਼ੀ ਮਠ ਤੋਂ ਮਿਲੀ ਹੈ ਜੋ ਕਿ ਭੋਜ ਪੱਤਰ ਉਤੇ ਲਿਖੀ ਹੋਈ ਹੈ। ਇਸ ਦੇ ਅੰਤ ਵਿਚ ਇਕ ਮੁਕੰਮਲ ਭਾਰਤੀ ਵਰਣਮਾਲਾ ਦਰਜ ਹੈ ਜਿਸ ਨੂੰ ਕੁਝ ਵਿਦਵਾਨ ਕੁਟਿਲ ਤੇ ਕੁਝ ਸਿਧੰ ਲਿੱਪੀ ਦੀ ਵਰਣਮਾਲਾ ਖਿਆਲ ਕਰਦੇ ਹਨ। ਇਸ ਦਾ ਉਤਾਰਾ 'ਭਾਰਤੀਯ ਪ੍ਰਾਚੀਨ ਲਿੱਪੀ ਮਾਲਾ' ਗਰੰਥ ਦੀ 19 ਨੰਬਰ ਪਲੇਟ ਵਿਚ ਦਿਤਾ ਗਿਆ ਹੈ। ਇਸ ਤਰ੍ਹਾਂ 894 ਈ: ਦੀ ਜੋਧਪੁਰ ਵਾਲੀ ਲਿਖਤ ਦੇ ਅੱਖਰ 23 ਨੰਬਰ ਪਲੇਟ ਵਿਚ ਦਿਖਾਏ ਗਏ ਹਨ, ਉਹ ਵੀ ਸਾਡੇ ਲਈ ਵਿਸ਼ੇਸ਼ ਧਿਆਨ ਦੇ ਮੁਥਾਜ ਹਨ। 19 ਨੰਬਰ ਪਲੇਟ ਦੇ ਅੱਖਰ ਤੱਕ ਕੇ ਇਹ ਸਹਿਜੇ ਹੀ ਸਪਸ਼ਟ ਹੋ ਜਾਂਦਾ ਹੈ ਕਿ ਉਸ ਸਮੇਂ ਗੁਰਮੁਖੀ ਵਾਲੇ ਅੱਧਿਓਂ ਵਧ ਅੱਖਰ ਅਜ ਵਾਲਾ ਰੂਪ ਧਾਰਨ ਕਰ ਚੁਕੇ ਸਨ।

ਗੁਰਮੁਖੀ ਤੇ ਸਿਧੰ ਲਿੱਪੀ

ਸਿਧ ਮਾਤ੍ਰਿਕਾ ਜਾ ਸਿਧੰ ਲਿੱਪੀ ਦਾ ਪੁਰਾਣਾ ਹਵਾਲਾ ਅਲਬਰੂਨੀ ਦੀ ਪੁਸਤਕ 'ਕਿਤਾਬੁਲ

‡ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ—ਸ. ਜੀ. ਬੀ. ਸਿੰਘ, ਪੰਨਾ 96

ਹਿੰਦ' (1030 ਈ:) ਵਿਚ ਮਿਲਦਾ ਹੈ। ਉਹ ਲਿਖਦਾ ਹੈ 'ਸਭ ਨਾਲੋਂ ਵਧੇਰੇ ਪ੍ਰਚਲਤ ਲਿੱਪੀ' 'ਸਿਧ ਮਾਤ੍ਰਿਕਾ' ਹੈ ਜਿਸ ਨੂੰ ਕਈ ਕਸ਼ਮੀਰ ਵਿਚੋਂ ਨਿਕਲੀ ਦਸਦੇ ਹਨ। ਕਸ਼ਮੀਰ ਤੋਂ ਇਲਾਵਾ ਬਨਾਰਸ ਤੇ ਮੱਧਦੇਸ ਯਾ ਕਨੌਜ ਦੇ ਇਲਾਕੇ ਵਿਚ ਵੀ ਇਹੋ ਅੱਖਰ ਵਰਤੇ ਜਾਂਦੇ ਹਨ।' ਸਿਧ ਮਾਤ੍ਰਿਕਾ ਦਾ ਲਫਜ਼ੀ ਮਾਅਨਾ ਹੈ ਸਿਧਾਂ ਦੀ ਲਿਪੀ। ਪਹੁੰਚੇ ਹੋਏ ਬੋਧੀ ਭਿਖੂਆਂ ਜਾਂ ਸਾਧੂ ਸੰਤਾਂ ਨੂੰ 'ਸਿੱਧ' ਕਿਹਾ ਜਾਂਦਾ ਸੀ। ਇਨ੍ਹਾਂ ਸਾਧੂਆਂ ਵਿਚ ਪ੍ਰਚਲਤ ਲਿਪੀ ਸੀ ਸਿਧੰ ਲਿਪੀ ਜਾਂ ਸਿਧ ਮਾਤ੍ਰਿਕਾ। ਵੈਸੇ 'ਸਿਧ ਮਾਤ੍ਰਿਕਾ' ਇਕ ਤਾਂਤ੍ਰਿਕ ਦੇਵੀ ਦਾ ਵੀ ਨਾਂ ਹੈ, ਹੋ ਸਕਦਾ ਹੈ ਜੰਤਰ ਵਿਦਿਆ ਦੇ ਹਮੈਤੀਆਂ ਨੇ ਉਸ ਦੇ ਨਾਂ ਤੇ ਹੀ ਲਿਪੀ ਦਾ ਨਾਂ ਰੱਖਿਆ ਹੋਵੇ ਜਿਵੇਂ ਕਿ ਅਗੇ ਸਪਸ਼ਟ ਹੋਵੇਗਾ। ਇਸ ਸਿਧੰ ਲਿਪੀ ਦੀ ਕਿਸਮਤ ਇਤਨੀ ਚਮਕੀ ਕਿ ਇਹ ਬੋਧੀ ਭਿਖੂ (ਤੰਤਰੀ) ਇਸ ਨੂੰ ਚੀਨ ਜਾਪਾਨ ਤਕ ਲੈ ਗਏ। 1837 ਈ: ਵਿਚ ਇਕ ਜਾਪਾਨੀ ਭਿੱਖੂ ਸੋਗੇਨ ਨੇ ਪੰਜ ਜਿਲਦਾਂ ਵਿਚ ਇਕ 'ਆਸ਼ਰ ਜੋ' ਨਾਂ ਦਾ ਗ੍ਰੰਥ ਪ੍ਰਕਾਸ਼ਤ ਕੀਤਾ ਸੀ, ਇਸ ਵਿਚ ਚੀਨੀ ਤੇ ਜਾਪਾਨੀ ਬੋਧੀ ਅਚਾਰਯਾਂ ਦੀਆਂ ਸਿਧੰ ਲਿਪੀ ਵਿਚ ਲਿਖੀਆਂ ਦੁਰਲਭ ਹੱਥ-ਲਿਖਤਾਂ, ਪੁਰਾਣੇ ਮਠਾਂ ਮੰਦਰਾਂ ਦੀਆਂ ਲਾਇਬਰੇਰੀਆਂ ਵਿਚੋਂ ਲੈ ਕੇ ਸੰਕਲਿਤ ਕੀਤੀਆਂ ਗਈਆਂ ਸਨ।

ਦਰਅਸਲ ਚੀਨ ਦੇ ਬੋਧੀ ਮੰਦਰਾਂ ਵਿਚ ਸਿਧੰ ਲਿੱਪੀ ਨੇ ਧਾਰਮਕ ਦ੍ਰਿਸ਼ਟੀ ਤੋਂ ਕਾਫੀ ਪੂਜਨੀਕ ਥਾਂ ਹਾਸਲ ਕਰ ਲਈ ਸੀ। ਕਾਰਣ ਇਹ ਸੀ ਕਿ ਇਸ ਵਿਚ ਮੰਤ੍ਰ ਜੰਤ੍ਰ ਲਿਖ ਕੇ ਅਗੇ ਇਕ ਇਕ ਅੱਖਰ ਨੂੰ ਵਿਸ਼ੇਸ਼ ਅਧਿਆਤਮਕ ਅਰਥ ਦਿਤੇ ਜਾਂਦੇ ਸਨ। ਕਈ ਵਾਰ ਦੀਵਾਰ ਉਤੇ ਕੋਈ ਗੋਲਾਕਾਰ ਬਣਾ ਕੇ ਦਰਮਿਆਨ ਕੋਈ ਅੱਖਰ ਲਿਖ ਲਿਖ ਕੇ ਉਸ ਵਿਚ ਧਿਆਨ ਟਿਕਾਇਆ ਜਾਂਦਾ ਸੀ। 'ਅ' ਅੱਖਰ ਦੀ ਆਦਿ ਵਿਚ ਆਉਣ ਕਾਰਣ ਸਭ ਤੋਂ ਵਧ ਵਡਿ-ਆਈ ਸੀ, ਇਸ ਵਿਚ ਮੰਤ੍ਰਯਾਨ ਦੇ ਸਭ ਸਿਧਾਂਤਾਂ ਦਾ ਸੁਮੇਲ ਮੰਨਿਆ ਜਾਂਦਾ ਸੀ। ਆਮ ਚੀਨੀਆਂ ਵਿਚ ਹੁਣ ਤਕ ਵੀ ਇਨ੍ਹਾਂ ਮੂਲ ਅੱਖਰਾਂ ਦੀ ਇਤਨੀ ਮਾਨਤਾ ਰਹੀ ਹੈ ਕਿ ਕਿਸੇ ਲੰਮੇ ਸਫਰ ਤੇ ਜਾਣ ਸਮੇਂ ਉਹ ਇਨ੍ਹਾਂ ਬੀਜ-ਮੰਤ੍ਰਾਂ ਨੂੰ ਸਹਾਇਕ ਵਜੋਂ ਆਪਣੇ ਨਾਲ ਲਿਜਾਣਾ ਪੁੰਨ ਸਮਝਦੇ ਹਨ।

ਸਾਨੂੰ ਲਿੱਪੀ-ਵਿਚਾਰ ਕਰਦਿਆਂ ਇਸ ਪੱਖ ਨੂੰ ਵਧੇਰੇ ਸਪਸ਼ਟ ਕਰਨ ਲਈ ਇਸ ਲਈ ਇਹ ਸਤਰਾਂ ਵਧਾਉਣੀਆਂ ਪਈਆਂ ਤਾਂ ਕਿ ਪਤਾ ਲਗ ਸਕੇ ਕਿ ਇਉਂ ਅੱਖਰਾਂ ਦੀ ਪੂਜਾ ਹੋਣ ਕਰਕੇ ਤੇ ਇਸ ਤੋਂ ਮਨੋਰਥਾਂ ਦੀ ਸਿੱਧੀ ਹੋਣ ਕਾਰਣ ਚੀਨੀਆਂ ਨੇ 'ਸਿਧੰ ਲਿਪੀ' ਨੂੰ ਬਹੁਤ ਸੁੰਦਰ ਤਰੀਕੇ ਨਾਲ ਲਿਖ ਕੇ ਰੱਖਣ ਤੇ ਸੰਭਾਲਣ ਦਾ ਉਪਰਾਲਾ ਕੀਤਾ ਹੈ।

ਉਪਰੋਕਤ 'ਆਸ਼ਰ ਜੋ' ਗ੍ਰੰਥ ਦੇ ਆਧਾਰ ਤੇ ਹੀ ਸਿਧੰ ਲਿੱਪੀ ਯਾ ਸਿਧ ਮਾਤ੍ਰਿਕਾ ਦੀ ਪੂਰੀ ਵਰਣਮਾਲਾ ਦਾ ਉਤਾਰਾ ਡਾ: ਰਘੁਵੀਰ ਨੇ ਆਪਣੇ ਇਕ ਲੇਖ ਵਿਚ ਦਿਤਾ ਹੈ।‡ ਇਨ੍ਹਾਂ ਅੱਖਰਾਂ ਨੂੰ ਵੇਖ ਕੇ ਤਸੱਲੀ ਤੇ ਹੈਰਾਨੀ ਵੀ ਹੁੰਦੀ ਹੈ ਕਿ ਗੁਰਮੁਖੀ ਲਿਪੀ ਵਾਲ਼ੇ ਅੱਖਰ ਕਿਤਨੇ ਪ੍ਰਾਚੀਨ ਤੇ ਕਿਤਨੇ ਅਜੋਕੇ ਅੱਖਰਾਂ ਨਾਲ ਹੂ-ਬਹੂ ਮੇਲ ਖਾਂਦੇ ਹਨ।

ਸੋ ਸਿਧੰ ਲਿੱਪੀ ਦੇ ਅੱਖਰਾਂ ਦੀ ਰੂਪ-ਰੇਖਾ ਰਲਦੀ-ਮਿਲਦੀ ਵੇਖ ਕੇ ਇਸ ਸਿਟੇ ਤੇ ਪਹੁੰਚਣ ਤੋਂ ਸੰਕੋਚ ਨਹੀਂ ਹੁੰਦਾ ਕਿ ਗੁਰਮੁਖੀ ਨਾਲ ਇਸ ਲਿੱਪੀ ਦਾ ਬਹੁਤ ਨੇੜੇ ਦਾ ਰਿਸ਼ਤਾ ਹੈ।

ਸਾਡੇ ਪ੍ਰਾਚੀਨ ਸਾਹਿਤ ਅਤੇ ਵਿਦਿਅਕ ਰਵਾਇਤਾਂ ਤੋਂ ਵੀ ਇਸ ਮਤ ਦੀ ਪੁਸ਼ਟੀ ਹੁੰਦੀ

‡ਸਪਤ ਸਿੰਧੂ, ਪਟਿਆਲਾ (ਚੀਨ ਔਰ ਜਾਪਾਨ ਮੇਂ ਸਿਧੰ ਲਿਪੀ—ਨਵੰਬਰ 1954)

ਹੈ। ਆਮ ਪਾਠਸ਼ਾਲਾਵਾਂ ਵਿਚ ਅੱਖਰਾਂ ਦੀ ਸਿਖਿਆ ਦੇਣ ਤੋਂ ਪਹਿਲਾਂ ਮੰਗਲਾਚਰਣ ਵਜੋਂ 'ਓਅੰ ਨਮੋ ਸਿੱਧੰ' ਦਾ ਮੰਤ੍ਰ ਰਟਾਇਆ ਜਾਂਦਾ ਸੀ, (ਇਸ ਦਾ ਪੁਰਾਣਾ ਰੂਪ 'ਨਮਾ: ਸਰਬ-ਗਿਆਯ ਸਿਧੰ' ਉਪਰੋਕਤ ਚੀਨੀ ਗ੍ਰੰਥ ਵਿਚ ਆਏ ਸਿੱਧੰ ਲਿੱਪੀ ਦੇ ਮੁੱਢ ਵਿਚ ਵੀ ਦਰਜ ਹੈ)। ਇਹ ਮੰਤ੍ਰ ਅਜ ਕਲ ਵੀ ਪਾਂਧਿਆਂ ਦੇ ਨਵੇਂ ਚੇਲੇ 'ਓਨਾਂ ਮੌਸੀ ਧੌਂ' ਕਰਕੇ ਦੁਹਰਾਉਂਦੇ ਹਨ, ਭਾਵੇਂ ਇਹ ਗ਼ਲਤ ਆਮ ਹੀ ਹੈ।

ਗੁਰੂ ਨਾਨਕ ਸਾਹਿਬ ਨੇ 'ਪੱਟੀ' ਲਿਖੀ, ਉਸ ਵਿਚ ਸੱਸਾ ਅੱਖਰ ਪਹਿਲੇ ਰੱਖਿਆ ਹੈ, 'ਓਅੰਕਾਰ' ਨਾਮੀ ਬਾਣੀ ਵਿਚ ਅੱਖਰਾਂ ਦਾ ਕ੍ਰਮ 'ਓ ਸ ਧ ਡ ਏ' ਕਰਕੇ ਹੈ। ਗੁਰੂ ਅਮਰ ਦਾਸ ਦੀ ਪੱਟੀ', 'ਸਿੰਧਡਾਈਐ ਸਿਮਰਹਿ ਨਾਹੀ' ਨਾਲ ਚਲਦੀ ਹੈ। ਗੁਰੂ ਅਰਜਨ ਦੇਵ ਜੀ ਦੀ 'ਬਾਵਨ ਅੱਖਰੀ' ਵਿਚ ਅੱਖਰ ਕ੍ਰਮ 'ਓ ਸ ਧ ਡ' ਹੈ। ਇਨ੍ਹਾਂ ਉਦਾਹਰਣਾਂ ਤੋਂ ਪਤਾ ਲਗਦਾ ਹੈ ਕਿ ਓਅੰ ਸਿਧੰ' ਮੰਤ੍ਰ ਪੰਜਾਬ ਵਿਚ ਚਾਲੂ, ਲਿਪੀ ਸਿਖਿਆ ਦੇ ਅਰੰਭ ਵਿਚ ਆਮ ਰਟਾਇਆ ਜਾਂਦਾ ਸੀ ਤੇ ਇਹ 'ਸਿਧੰ ਲਿਪੀ' ਦਾ ਇਕ ਵਿਸ਼ੇਸ਼ ਨਿਸ਼ਾਨ ਹੈ ਸੀ। ਸੋ ਗੁਰੂਆਂ ਦੇ ਜ਼ਮਾਨੇ ਜਿਸ ਲਿੱਪੀ ਦਾ ਜਿਵੇਂ ਵਰਤਾਰਾ ਸੀ, ਉਨ੍ਹਾਂ ਉਸੇ ਤਰ੍ਹਾਂ ਉਸ ਨੂੰ ਇਨ੍ਹਾਂ 'ਅੱਖਰੀ ਬਣੀਆਂ' ਵਿਚ ਰਿਕਾਰਡ ਕਰਕੇ ਇਸ ਕੜੀ ਨੂੰ ਜਿਵੇਂ ਤਿਵੇਂ ਚਲਦਾ ਦਿਖਾਇਆ ਹੈ।

ਇਸ ਤੋਂ ਅਨੁਮਾਨ ਕਰਨਾ ਸ਼ਾਇਦ ਉਕਾਈ ਵਾਲੀ ਗੱਲ ਨਹੀਂ ਕਿ ਪੰਜਾਬ ਵਿਚ ਵੀ 'ਸਿਧੰ ਲਿਪੀ' ਦਾ ਜ਼ੋਰ ਰਿਹਾ ਹੈ ਤੇ ਉਸੇ ਦੀ ਉਤਰਾਧਿਕਾਰੀ ਗੁਰਮੁਖੀ ਹੈ। ਪੈਂਤੀ ਅੱਖਰਾਂ ਵਿਚੋਂ 20-25 ਅੱਖਰਾਂ ਦਾ ਮੇਲ ਕੋਈ ਅਕਾਰਣ ਘਟਨਾ ਨਹੀਂ, ਇਹ ਇਕ ਇਤਿਹਾਸਕ ਰਿਸ਼ਤੇ ਦਾ ਸਬੂਤ ਹੈ। ਸ਼ਾਰਦਾ ਲਿਪੀ ਨਾਲ ਗੁਰਮੁਖੀ ਅੱਖਰਾਂ ਦੀ ਏਕਤਾ ਵੀ ਇਹੋ ਸਪਸ਼ਟ ਕਰਦੀ ਹੈ ਕਿ ਇਹ ਲਿਪੀਆਂ ਇਕੋ ਘਰਾਣੇ ਦੀਆਂ ਹੋਣ ਕਾਰਣ ਪਰਸਪਰ ਡੂੰਘਾ ਰਿਸ਼ਤਾ ਰੱਖਦੀਆਂ ਹਨ। ਹੋ ਸਕਦਾ ਹੈ, ਸ਼ਾਰਦਾ ਵੀ 'ਸਿਧੰ ਲਿਪੀ' ਤੋਂ ਪ੍ਰਭਾਵਤ ਹੋਵੇ। ਯਾ ਪਿਛੋਂ ਜਾ ਕੇ ਬੋਧੀ ਲਿਪੀ—'ਸਿਧੰ' ਦਾ ਹੀ ਬ੍ਰਾਹਮਣੀ ਨਾਮ 'ਸ਼ਾਰਦਾ' ਪਿਆ ਹੋਵੇ।

ਇਸ ਬਾਰੇ ਹੋਰ ਵਧੇਰੇ ਤੁਲਨਾਤਮਕ ਪੜਤਾਲ ਦੀ ਲੋੜ ਹੈ। ਪਾਠਕਾਂ ਦੀ ਜਾਣਕਾਰੀ ਲਈ ਸਿਧੰ ਲਿਪੀ ਦਾ ਚਿਤ੍ਰ ਅਗੇ ਦਿਤਾ ਜਾਂਦਾ ਹੈ :—

ਡੇਢ ਹਜ਼ਾਰ ਵਰ੍ਹਾ ਪੁਰਾਣੀ

ਸਿੱਧੰ ਲਿੱਪੀ ਦੀ ਵਰਣਮਾਲਾ ਦਾ ਗੁਰਮੁਖੀ ਰੂਪ

ਸਿੱਧੇ ਅਕਸ਼ਰ :

ਨਮ : ਸਰਵਗਿਆਯ ਸਿੱਧੰ

ਅ ਆ ਇ ਈ ਉ ਊ ਰਿ ਰੀ ਲ੍ਰਿ ਲ੍ਰੀ ਏ ਐ ਓ ਔ ਅੰ ਅ:


ਕ ਖ ਗ ਘ ਙ ਚ ਛ ਜ ਝ ਞ

ਟ ਠ ਡ ਢ ਣ ਤ ਥ ਦ ਧ ਨ

ਪ ਫ ਬ ਭ ਮ ਯ ਰ ਲ ਵ

ਸ਼ ਖ਼ ਸ ਹ ਖ਼

ਕ ਕਾ ਕਿ ਕੀ ਕੁ ਕੂ ਕੇ ਕੈ ਕੋ ਕੌ ਕੰ ਕ :



ਸ਼ਾਸਤ੍ਰੀ	ਲੰਡੇ	ਸਾਰਦਾ	ਗੁਰਮੁਖੀ	ਟਾਕਰੀ	ਬ੍ਰਹਮੀ ਵਰੈਰਾ ਪੁਰਾਣੇ ਅਖਰ
					
					
					
					
					
					
					

ਬ੍ਰਾਹਮੀ	ਲੰਡੇ	ਸਾਰਦਾ	ਗੁਰਮੁਖੀ	ਟਾਕਰੀ	ਖ਼ਰੋਸ਼ਠੀ ਦਰੀਰਾ ਪੁਰਾਣੇ ਅੱਖਰ
ਅ	ੱ	𑆃	ਅ	ਨ	𐨀 𐨁 𐨂 𐨃
ਆ		𑆄	ਆ	ਏ	𐨅 𐨆
ਇ	ਓ	𑆅	ਇ	ਓ	∴ ∴ ∴ ∴ ∴
ਈ		𑆆	ਈ	ਓ:	∵
ਉ	ਓ	𑆇	ਉ	ਓ	𐨉 𐨊 𐨋 𐨌 𐨍
ਊ		𑆈	ਊ	ਓ	𐨎
ਏ	ਓ	𑆏	ਏ	ਟ	𐨏 𐨐 𐨑 𐨒
ਐ		𑆐	ਐ	ਟ	𐨏
ਓ		𑆑	ਓ	ਟ	𐨓
ਔ		𑆒	ਔ	ਟ	𐨔
਋		𑆋			
਋		𑆌			
਌		𑆍			
਌					
ਕ	ੰ	ਕ	ਕ	ਅ	+ ਨ ਨ ਕ
ਖ	੫੫੪	ਖ	ਖ	ਖ	੧ ੨ ਨ ਖ
ਗ	੧	ਗ	ਗ	ਗ	∧ ∩ ਗ •

ਸ਼ਾਸਤ੍ਰੀ	ਲੰਡੇ	ਸਾਰਦਾ	ਗੁਰਮੁਖੀ	ਟਾਕਰੀ	ਬ੍ਰਹਮੀ ਵਰੋਰਾ ਪੁਰਾਣੇ ਅਖਰ
					
					
					
					
					
					
					

ਸੋ ਲਿਪੀ-ਵਿਕਾਸ ਇਕ ਦਿਨ ਦੀ ਗੱਲ ਨਹੀਂ, ਸਦੀਆਂ ਦਾ ਕੰਮ ਹੈ । ਇਸ ਕਰਕੇ ਗੁਰਮੁਖੀ ਦੇ ਜਨਮ ਤੇ ਵਿਕਾਸ ਬਾਰੇ ਕਿਸੇ ਅਜੇਹੇ ਵਖਰੇ ਮਤ ਨੂੰ ਸਥਾਪਨ ਦੀ ਲੋੜ ਨਹੀਂ ਜੋ ਬਾਕੀਆਂ ਤੋਂ ਬਿਲਕੁਲ ਨਿਰਾਲਾ ਹੋਵੇ । ਭਾਸ਼ਾ ਤੇ ਲਿਪੀ ਦਾ ਵਿਕਾਸ ਸਮਾਜ ਦੇ ਵਿਕਾਸ ਦੇ ਨਾਲ ਨਾਲ ਚਲਦਾ ਹੈ, ਇਸ ਲਈ ਇਹੋ ਮੰਨਣ ਯੋਗ ਹੈ ਕਿ ਜਿਵੇਂ ਜਿਵੇਂ ਹੋਰ ਇਲਾਕਿਆਂ ਵਿਚ ਅੱਖਰਾਂ ਦੇ ਰੂਪ ਬਦਲ ਬਦਲ ਕੇ ਸਾਡੀਆਂ ਆਧੁਨਿਕ ਲਿਪੀਆਂ ਦਾ ਵਿਕਾਸ ਹੋਇਆ, ਤਿਵੇਂ ਹੀ ਗੁਰਮੁਖੀ ਦੇ ਅੱਖਰ ਰੂਪਾਂ ਦਾ ਪ੍ਰਕਾਸ਼ ਤੇ ਵਿਕਾਸ ਹੋਇਆ ।

ਗੁਰਮੁਖੀ ਦਾ ਨਾਂ ਸੰਸਕਾਰ

'ਗੁਰਮੁਖੀ' ਨਾਂ ਨੇ ਇਸ ਲਿਪੀ ਬਾਰੇ ਕਾਫੀ ਲੋਕਾਂ ਨੂੰ ਕਈ ਤਰ੍ਹਾਂ ਦੇ ਟਪਲੇ ਲਾਏ ਹਨ ਪਰ ਗੱਲ ਬੜੀ ਸਿਧੀ ਸਾਦੀ ਹੈ । ਜਿਵੇਂ ਬ੍ਰਹਿਮਾਵਰਤ ਵਾਲਿਆਂ ਦੀ ਲਿਪੀ ਦਾ ਬ੍ਰਹਿਮਾ ਤੋਂ 'ਬ੍ਰਹਮੀ' ਨਾਂ ਪੈ ਗਿਆ, ਜਿਵੇਂ ਦੇਵ ਨਗਰ (ਉਜੈਨ) ਦੀ ਥਾਂ, ਜਾਂ 'ਨਾਗਰ' ਬ੍ਰਹਮਣਾਂ ਵਲੋਂ ਵਰਤੀ ਜਾਣ ਵਾਲੀ ਲਿਪੀ ਦੇਵਨਾਗਰੀ ਆਖੀ ਜਾਣ ਲਗ ਪਈ । ਇਸੇ ਤਰ੍ਹਾਂ ਸਰੁਸਤੀ ਕੰਢੇ ਵਸਦਿਆਂ, ਸ਼ਾਰਦਾ ਨੂੰ ਧਿਆਉਣ ਵਾਲੇ ਪੰਜਾਬੀਆਂ ਦੀ ਸ਼ਾਰਦਾ ਲਿਪੀ ਤੇ ਟੱਕ ਲੋਕਾਂ ਦੇ ਵਰਤਣ ਕਰਕੇ ਟਾਕਰੀ ਅਖਵਾਈ । ਸ਼ਾਇਦ ਬੰਧੀਆਂ, ਸਿਧਾਂ ਦੀ ਵਰਤੋਂ ਨੇ ਇਸੇ ਨੂੰ 'ਸਿਧ ਮਾਤ੍ਰਿਕਾ' ਦਾ ਨਾਂ ਦਿਵਾਇਆ । ਜਦੋਂ ਮੁਸਲਮਾਨੀ ਪ੍ਰਭਾਵ ਹੇਠ ਪੰਜਾਬੀ ਬੋਲੀ ਤੇ ਇਹ ਪੰਜਾਬੀ ਲਿਪੀ ਦਬ ਗਈ ਤਾਂ ਦੇਸ ਦਾ ਸੈਮਾਨ ਜਗਾਉਣ ਵਾਲੇ ਗੁਰੂਆਂ ਨੇ ਇਥੋਂ ਦੀ ਲਿਪੀ ਨੂੰ ਫਿਰ ਸੁਰਜੀਤ ਕੀਤਾ । ਚੂੰਕਿ ਗੁਰੂ ਨੂੰ ਮੰਨਣ ਵਾਲੇ ਲੋਕ 'ਗੁਰਮੁਖ' ਆਖੇ ਜਾਂਦੇ ਸਨ, ਇਸ ਦੀ ਵਰਤੋਂ ਨੇ ਇਸ ਦਾ ਨਾਂ 'ਗੁਰਮੁਖੀ' ‡ਪਾਇਆ । ਇਹ ਗੁਰਮੁਖ ਸਿਖ, ਗੁਰੂ ਦੀ ਬਾਣੀ ਕੰਠ ਕਰਦੇ ਤੇ ਥਾਂ ਥਾਂ ਇਸ ਨੂੰ ਪ੍ਰਚਾਰਦੇ ਸਨ । ਇਸ ਪ੍ਰਚਾਰ ਲਈ ਬਾਣੀ ਲਿਖਣ ਦੀ ਵੀ ਲੋੜ ਸੀ, ਸੋ ਉਨ੍ਹਾਂ ਉਸ ਸਮੇਂ ਦੀ ਪੰਜਾਬ ਵਿਚ ਪ੍ਰਚਲਤ ਲਿਪੀ ਨੂੰ ਇਸ ਕੰਮ ਲਈ ਵਰਤਿਆ ਤੇ ਇਸੇ ਵਧੇਰੇ ਵਰਤੋਂ ਨੇ ਨਵਾਂ ਗੁਰਮੁਖੀ ਨਾਂ ਮਸ਼ਹੂਰ ਕੀਤਾ । ਇਕ ਗੱਲ ਹੋਰ ਵੀ ਮੇਰੇ ਅਨੁਮਾਨ ਵਿਚ ਆਉਂਦੀ ਹੈ ਕਿ ਭਗਤੀ ਲਹਿਰ ਸਮੇਂ ਪਰਮਾਰਥ ਮਾਰਗ ਦੇ ਪੰਧਾਊ ਜੋਗੀ, ਨਾਥ, ਸਾਧੂ ਸੰਤ ਹਿੰਦ ਭਰ ਵਿਚ ਇਕ ਸਾਂਝੀ ਜਿਹੀ ਬੋਲੀ ਵਰਤਦੇ ਸਨ ਤੇ ਉਸ ਨੂੰ 'ਸੰਤ-ਭਾਖਾ' ਯਾ 'ਸਧੁਕੜੀ' ਆਖਿਆ ਜਾਂਦਾ ਸੀ । ਬਾਬਾ ਸ੍ਰੀਚੰਦ ਨੇ 'ਜੁਗਤਿ ਕਾ ਟੋਪ ਗੁਰਮੁਖੀ ਬੋਲੀ' ਇਸੇ ਨੂੰ ਕਿਹਾ ਹੈ । ਜਿਵੇਂ ਇਸ ਸਾਧ-

---

‡'ਜਨਮ ਪੱਤ੍ਰੀ ਬਾਬੇ ਨਾਨਕ ਕੀ' ('ਸੰਮਤ ੧੫ ਮਿਤੀ ਵੈਸਾਖ ਸੁਦੀ ਪੰਚਮੀ ਪੋਥੀ ਲਿਖੀ') ਵਿਚ 'ਗੁਰਮੁਖੀ' ਪਦ ਭਲਾ ਪੁਰਸ਼ ਤੇ ਲਿਪੀ ਦੋਹਾਂ ਅਰਥਾਂ ਵਿਚ ਆਇਆ ਹੈ । (1) 'ਗੁਰੂ ਅੰਗਦ ਕਹਿਆ ਭਾਈ ਲਾਲਾ ਪੰਨੂ ! ਤੂੰ ਸਿਖ ਹੈਂ ਗੁਰਮੁਖੀ ਹੈਂ, ਭਾਈ ਬਾਲੇ ਨਾਲਿ ਜਾਹਿ ਤਲਵੰਡੀ, ਗੁਰੂ ਨਾਨਕ ਦੀ ਜਨਮ ਪੱਤਰੀ ਲੈ ਆਉ ।' ਗੁਰਬਾਣੀ ਵਿਚ ਵੀ ਇਹ ਪਦ ਵਿਸ਼ੇਸ਼ਣ ਦੇ ਤੌਰ ਤੇ ਵਰਤਿਆ ਗਿਆ ਹੈ—'ਇਹ ਚਾਲ ਨਿਰਾਲੀ ਗੁਰਮੁਖੀ' (2) ਇਹ ਜਨਮ ਪੱਤਰੀ ਪਹਿਲੇ ਸ਼ਾਸਤ੍ਰੀ ਵਿਚ ਸੀ, ਗੁਰੂ ਜੀ ਨੇ ਮਹਿਮੇ ਖਹਰੇ ਦੇ ਹੱਥ ਸੁਨੇਹਾ ਦੇ ਕੇ ਪੈੜੇ ਮੋਖੇ ਨੂੰ ਸਦਿਆ ਤੇ ਉਸ ਤੋਂ ਗੁਰਮੁਖੀ ਅੱਖਰਾਂ ਵਿਚ ਲਿਖਾਈ । 'ਗੁਰੂ ਅੰਗਦ ਉਸ ਤਾਈਂ ਜਨਮ ਪੱਤ੍ਰੀ ਦਿਖਾਈ, ਉਹ ਝੜਿ ਝੜਿ ਵਾਚਦਾ ਗਇਆ । ਗੁਰੂ ਬਹੁਤ ਖੁਸ਼ੀ ਹੋਇਆ । ਗੁਰੂ ਕਹਿਆ ਪੈੜਾ ! ਏਹਿ ਅਸਾਨੂੰ ਗੁਰਮੁਖੀ ਅੱਛਰੀਂ ਲਿਖ ਦੇ ।'

ਲਿਪੀ ਲਈ ਇਹ 'ਗੁਰਮੁਖੀ' ਪਦ ਬਾਬੇ ਮੋਹਨ ਵਾਲੀਆਂ ਪੋਥੀਆਂ ਵਿਚ ਵੀ ਵਰਤਿਆ ਮਿਲਦਾ ਹੈ ।

ਬੋਲੀ ਦਾ ਨਾਂ ਸੰਤ ਭਾਖਾ ਪੈ ਗਿਆ, ਹੋ ਸਕਦਾ ਹੈ ਤਿਵੇਂ ਇਨ੍ਹਾਂ ਸਾਧਾਂ ਗੁਰਮੁਖਾਂ ਵਿਚ ਵਰਤੀ ਜਾਂਦੀ ਲਿਪੀ ਦਾ ਨਾਂ 'ਗੁਰਮੁਖੀ' ਪੈ ਗਿਆ ਹੋਵੇ। ਚੂੰਕਿ ਗੁਰਮੁਖ ਸ਼ਬਦ ਬਹੁਤ ਪੁਰਾਣਾ ਹੈ ਅਤੇ 8ਵੀਂ, 9ਵੀਂ ਸਦੀ ਦੇ ਜੋਗੀਆਂ ਨਾਥਾਂ ਦੇ ਰਚੇ ਪੁਰਾਣੇ ਅਪਭ੍ਰੰਸ਼ ਸਾਹਿਤ ਵਿਚ ਵੀ ਇਸ ਦੀ ਵਰਤੋਂ ਆਮ ਮਿਲਦੀ ਹੈ।

ਗੁਰਮੁਖੀ ਦੀ ਪ੍ਰਾਚੀਨਤਾ

ਜੋ ਕਈ ਸੱਜਣ 'ਗੁਰਮੁਖੀ' ਲਫਜ਼ ਦਾ 'ਗੁਰੂ ਦੇ ਮੁਖੋਂ ਨਿਕਲੀ ਲਿਪੀ' ਅਰਥ ਕਰਦੇ ਹਨ, ਉਹ ਠੀਕ ਨਹੀਂ ਬਣਦਾ ਕਿਉਂਕਿ ਮੁੱਖੋਂ ਤਾਂ ਬੋਲੀ ਨਿਕਲਦੀ ਹੈ, ਲਿਪੀ ਨਹੀਂ। ਦੂਸਰੇ ਗੁਰੂ ਨਾਨਕ ਸਾਹਿਬ ਨੇ ਆਸਾ ਰਾਗ ਵਿਚ 'ਪੱਟੀ' ਸਿਰਲੇਖ ਹੇਠ ਜੋ ਬਾਣੀ ਲਿਖੀ ਹੈ, ਉਸ ਵਿਚ ਪੰਜਾਬ ਦੀ ਇਸ ਪੁਰਾਣੀ ਵਰਣਮਾਲਾ ਦੇ ਸਾਰੇ ਅੱਖਰ ਆ ਗਏ ਹਨ। ਜਿਵੇਂ ਅੱਜ ਕਲ ਸੋਹਰ-ਫੀਆਂ ਯਾ ਪੈਂਤੀਸ ਅੱਖਰੀਆਂ ਲਿਖਣ ਦਾ ਰਿਵਾਜ ਹੈ, ਤਿਵੇਂ ਪਿਛਲੇ ਜ਼ਮਾਨੇ ਵਿਚ ਅੱਖਰਾਂ ਦੇ ਆਧਾਰ ਤੇ 'ਅਖਰਾਵਤ', ਪੱਟੀ, ਬਾਵਨ-ਅੱਖਰੀ ਜਾ ਬਾਵਨੀ ਆਦਿ ਰਚਨਾਵਾਂ ਰਚੀਆਂ ਜਾਂਦੀਆਂ ਸਨ। ਪੰਜਾਬ ਵਿਚ ਵੀ ਵਰਣਮਾਲਾ ਆਸਰੇ ਕਵਿਤਾ ਰਚਣ ਦਾ ਰਿਵਾਜ ਸੀ। 11ਵੀਂ ਸਦੀ ਦੇ ਕਵੀ ਮਾਸਊਦ ਨੇ ਪੰਜਾਬੀ ਵਿਚ ਅੱਖਰਾਂ ਦੇ ਆਧਾਰ ਤੇ ਕਵਿਤਾ ਲਿਖੀ ਸੀ।

ਜਿਵੇਂ ਗੁਰੂ ਨਾਨਕ ਸਾਹਿਬ ਨੇ ਹੋਰ ਪੁਰਾਣੇ ਕਾਵਿ-ਰੂਪਾਂ, ਵਾਰਾਂ, ਬਾਰਾਂਮਾਹਿਆਂ ਦੀ ਅਲਾ-ਹੁਣੀਆਂ ਅਨੁਸਾਰ ਕਵਿਤਾ ਲਿਖੀ ਤਿਵੇਂ ਉਨ੍ਹਾਂ ਪੰਜਾਬ ਦੀ ਵਰਣਮਾਲਾ ਦੇ ਅਧਾਰ ਉਤੇ ਵੀ 'ਪੱਟੀ' ਨਾਂ ਦੀ ਰਚਨਾ ਰਚੀ। ਇਸ ਵਿਚ ਗੁਰਮੁਖੀ ਵਰਣਮਾਲਾ ਦੇ 35 ਅੱਖਰਾਂ ਦਾ ਜ਼ਿਕਰ ਹੈ, ਅੱਖਰਾਂ ਦੇ ਨਾਂ ਉਹੋ ਆਏ ਹਨ ਜਿਵੇਂ ਅੱਜ ਕੱਲ ਅਸੀਂ ਇਨ੍ਹਾਂ ਨੂੰ ਬੋਲਦੇ ਹਾਂ, ਜਿਵੇਂ ਸ਼ੱਸਾ, ਕਕਾ ਆਦਿ। ਇਸ ਤੋਂ ਪਹਿਲੇ ਲਿਖੀ ਕਬੀਰ ਜੀ ਦੀ ਬਾਵਨ ਅੱਖਰੀ ਵਿਚ ਵੀ ਅੱਖਰਾਂ ਦੇ ਨਾਂ ਕੱਕਾ, ਖੱਖਾ ਕਰਕੇ ਹੀ ਆਉਂਦੇ ਹਨ। ਸੋ ਗੁਰਮੁਖੀ ਲਈ ਇਹ ਕੋਈ ਵੱਖਰੀ ਗੱਲ ਨਹੀਂ। ਲੋਕ ਵਰਤਾਰੇ ਦੀਆਂ ਲਿਪੀਆਂ ਵਿਚ ਅੱਖਰ ਗਿਣਤੀ ਵੀ ਆਮ ਤੌਰ ਤੇ 34, 35 ਹੀ ਸੀ, ਜਿਵੇਂ ਭਗਤ ਰਵਿਦਾਸ ਜੀ ਨੇ ਕਿਹਾ ਹੈ—

ਨਾਨਾ ਖਿਆਨ ਪੁਰਾਨ ਬੇਦ ਬਿਧਿ, ਚਉਤੀਸ ਅੱਛਰ ਮਾਹੀ।
ਬਿਆਸ ਬਿਚਾਰ ਕਹਿਓ ਪਰਮਾਰਥ, ਰਾਮ ਨਾਮ ਸਰ ਨਾਹੀ।

ਨਾਲੇ ਜੇਹਾ ਕਿ ਪਿਛੇ ਜਨਮ ਸਾਖੀ ਵਿਚ ਜ਼ਿਕਰ ਆਇਆ ਹੈ ਕਿ ਗੁਰੂ ਅੰਗਦ ਜੀ ਨੇ ਭਾਈ ਪੈੜਾ ਨੂੰ ਗੁਰੂ ਨਾਨਕ ਜੀ ਦੀ ਜਨਮ-ਪੱਤਰੀ ਨਾਗਰੀ ਤੋਂ ਗੁਰਮੁਖੀ ਅੱਖਰਾਂ ਵਿਚ ਉਤਾਰਨ ਲਈ ਕਿਹਾ। ਇਸ ਤੋਂ ਜ਼ਾਹਰ ਹੈ ਕਿ ਭਾਈ ਪੈੜਾ ਪਹਿਲਾਂ ਹੀ ਗੁਰਮੁਖੀ ਅੱਖਰਾਂ ਤੋਂ ਜਾਣ ਸੀ ਜੋ ਕਿ ਦੇਸ ਵਿਚ ਚਾਲੂ ਸਨ।

ਜੇ ਕਰ ਪੁਰਾਣੀਆਂ ਜਨਮ ਸਾਖੀਆਂ ਵਿਚ ਲਿਖੀ ਵਾਰਤਾ ਹੀ ਠੀਕ ਮੰਨ ਲਈ ਜਾਵੇ ਕਿ ਗੁਰੂ ਨਾਨਕ ਸਾਹਿਬ ਨੇ ਇਸ 'ਪੱਟੀ' ਰਾਹੀਂ ਆਪਣੇ ਪੜ੍ਹਾਉਣ ਵਾਲੇ ਪਾਂਧੇ ਨੂੰ ਉਪਦੇਸ਼ ਦਿਤਾ ਤਾਂ ਇਸ ਤੋਂ ਇਹ ਤਾਂ ਆਪਣੇ ਆਪ ਹੀ ਸਿਧ ਹੋ ਜਾਵੇਗਾ ਕਿ ਗੁਰੂ ਸਾਹਿਬ ਦੇ ਬਚਪਨ ਸਮੇਂ (1476 ਈ.) ਪੰਜਾਬ ਦੀਆਂ ਪਾਠਸ਼ਾਲਾਵਾਂ ਵਿਚ ਇਸੇ ਲਿਪੀ ਰਾਹੀਂ ਵਿਦਿਆ ਪੜ੍ਹਾਈ ਜਾਂਦੀ ਸੀ, ਇਸੇ ਕਰਕੇ ਉਨ੍ਹਾਂ ਇਸ ਪ੍ਰਚਲਤ ਵਰਣਮਾਲਾ ਆਸਰੇ ਇਹ ਆਤਮ-ਗਿਆਨ ਦੀ ਬਾਣੀ ਉਚਾਰੀ।

ਸ. ਜੀ. ਬੀ. ਸਿੰਘ ਜੀ ਨੇ **ਗੁਰਮੁਖੀ** ਦੀ ਪ੍ਰਾਚੀਨਤਾ ਸਿੱਧ ਕਰਦਿਆਂ ਗੁਰੂ ਸਾਹਿਬ ਦੇ

ਸਮੇਂ ਤੋਂ ਪਹਿਲਾਂ ਦੀ ਪਿੰਡ ਹਠੂਰ (ਜ਼ਿ. ਲੁਧਿਆਣਾ) ਵਿਚ ਰਾਇ ਫਿਰੋਜ਼ ਦੇ ਪੁਰਾਣੇ ਮਕਬਰੇ ਦੀਆਂ ਕੰਧਾਂ ਉਤੇ ਲਿਖੀ ਸੰਨ 1470, 1490, 1497, 1501, 1516, 1587 ਈ.) ਪੁਰਾਣੀ ਲਿਖਤ ਦੇ ਚਿਤ੍ਰ ਟ੍ਰੇਸ ਕਰਕੇ ਦਿਤੇ ਹਨ [ਦੇਖੋ, ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ ਪੰਨਾ 170 ੳ] । ਹਠੂਰ ਦੇ ਇਸ ਮਕਬਰੇ ਉਤੇ ਪ੍ਰਾਚੀਨ ਗੁਰਮੁਖੀ ਲਿਖਤ ਬਾਰੇ ਸਭ ਤੋਂ ਪਹਿਲਾਂ ਸਰ ਅਤਰ ਸਿੰਘ ਭਦੌੜੀਏ (1883-1899 ਈ.) ਨੇ ਡਾ. ਲਾਇਟਨਰ ਨੂੰ ਦੱਸ ਪਾਈ ਸੀ ਕਿ ਉਥੇ 1419 ਈ. ਦਾ ਵੀ ਇਕ ਸ਼ਿਲਾਲੇਖ ਹੈ। ਸਰਦਾਰ ਸਾਹਿਬ ਨੇ ਆਪ ਰਾਇਲ ਏਸ਼ੀਆਟਿਕ ਸੁਸਾਇਟੀ ਵਿਚ ਪੜ੍ਹੇ ਇਕ ਲੇਖ ਵਿਚ 1476 ਈ. ਦੀ ਗੁਰਮੁਖੀ ਲਿਖਤ ਦਾ ਵੀ ਜ਼ਿਕਰ ਕੀਤਾ ਸੀ ਪਰੰਤੂ ਇਹ ਦੋਵੇਂ ਲਿਖਤਾਂ ਸਮੇਂ ਦੇ ਗੇੜ ਨਾਲ ਖੁਰ ਭੁਰ ਗਈਆਂ ਹਨ।

ਇਸ ਤੋਂ ਇਲਾਵਾ ਲਾਲਾ ਸ਼ਿਵਦਿਆਲ ਐਮ. ਏ. ਨੇ ਮਿਤੀ 13 ਜੁਲਾਈ 1919 ਦੇ 'ਟ੍ਰਿਬਿਊਨ' ਵਿਚ ਇਕ ਲੇਖ ਰਾਹੀਂ ਦੱਸਿਆ ਸੀ ਕਿ ਕਾਂਗੜੇ, ਗਇਆ ਤੇ ਹਰਦੁਆਰ ਦੇ ਪਾਂਡਿਆਂ ਦੀਆਂ ਵਹੀਆਂ ਵਿਚ ਗੁਰੂ ਸਾਹਿਬ ਤੋਂ ਪਹਿਲਾਂ ਦੀ ਗੁਰਮੁਖੀ ਜੇਹੀ ਲਿਖਤ ਦੇ ਨਮੂਨੇ ਮਿਲਦੇ ਹਨ। ਅਜੇਹੇ ਸਬੂਤਾਂ ਦੀ ਮੌਜੂਦਗੀ ਵਿਚ ਗੁਰਮੁਖੀ ਦੀ ਪ੍ਰਾਚੀਨਤਾ ਉਤੇ ਸ਼ੱਕ ਕਰਨ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ। ਇਹ ਪੁਰਾਣੀ ਲਿਪੀ ਗੁਰੂ-ਕਾਲ ਤੋਂ ਵੀ ਢੇਰ ਚਿਰ ਪਹਿਲਾਂ ਪੰਜਾਬ ਵਿਚ ਵਰਤੀ ਜਾਂਦੀ ਸੀ ਤੇ ਸਤਿਗੁਰੂਆਂ ਆਪਣੇ ਬਾਣੀ ਪ੍ਰਚਾਰ ਲਈ ਇਸ ਦੀ ਵਰਤੋਂ ਕਰਕੇ ਇਸ ਨੂੰ ਜ਼ਿਆਦਾ ਪ੍ਰਸਿੱਧੀ ਦਿਤੀ।

ਚੂੰਕਿ ਗੁਰੂ ਅਗਦਦੇਵ ਜੀ ਨੇ ਗੁਰੂ ਨਾਨਕ ਸਾਹਿਬ ਦੀ ਬਾਣੀ ਅਤੇ ਉਨ੍ਹਾਂ ਦੇ ਜੀਵਨ-ਇਤਿਹਾਸ ਦੀਆਂ ਸਾਖੀਆਂ ਲਿਖਵਾਉਣ ਲਈ ਇਸੇ ਲਿਪੀ ਨੂੰ ਵਰਤਿਆ ਤੇ ਪ੍ਰਚਾਰਿਆ ਸੀ, ਇਸ ਲਈ ਆਮ ਲੋਕਾਂ ਵਿਚ ਗੱਲ ਚਲ ਪਈ ਕਿ ਗੁਰੂ ਅੰਗਦ ਜੀ ਨੇ ਇਸ ਲਿਪੀ ਦੀ ਕਾਢ ਕੱਢੀ। ਇਹ ਮੰਨਣ ਵਿਚ ਵੀ ਸਾਨੂੰ ਕੋਈ ਇਤਰਾਜ਼ ਨਹੀਂ ਸੀ, ਜੇ ਗੁਰੂ ਨਾਨਕ ਸਾਹਿਬ ਨੇ 'ਪੱਟੀ' ਵਿਚ ਇਸ ਵਰਣਮਾਲਾ ਦੇ ਅੱਖਰਾਂ ਦਾ ਜ਼ਿਕਰ ਨਾ ਕੀਤਾ ਹੁੰਦਾ ਅਤੇ ਗੁਰੂ ਨਾਨਕ ਸਾਹਿਬ ਤੋਂ ਵੀ ਪਹਿਲੋਂ ਦੇ ਪੁਰਾਣੇ ਸ਼ਿਲਾਲੇਖਾਂ ਯਾ ਵਹੀਆਂ ਵਿਚ ਲਿਪੀ ਦੀ ਵਰਤੋਂ ਨਾ ਪਾਈ ਜਾਂਦੀ। ਨਾਲੇ ਸਿਧ ਲਿਪੀ, ਸ਼ਾਰਦਾ ਅਤੇ ਟਾਕਰੀ ਨਾਲ ਗੁਰਮੁਖੀ ਦੇ ਅੱਖਰਾਂ ਦੀ ਸਮਾਨਤਾ ਵੀ ਇਸ ਦੀ ਪ੍ਰਾਚੀਨਤਾ ਉਤੇ ਮੋਹਰਾਂ ਲਾਉਂਦੀ ਹੈ ਜਿਸ ਦਾ ਜ਼ਿਕਰ ਅਸੀਂ ਪਿਛੇ ਕਰ ਚੁਕੇ ਹਾਂ।‡

ਦੇਵਨਾਗਰੀ, ਗੁਰਮੁਖੀ ਦਾ ਮੂਲ ਨਹੀਂ

ਹੁਣ ਇਕ ਗਲਤ ਮਨੋਕਲਪਤ ਵਿਚਾਰ ਦਾ ਖੰਡਨ ਕਰਨਾ ਵੀ ਇਥੇ ਜ਼ਰੂਰੀ ਹੈ। ਸੰਸਕ੍ਰਿਤ ਨੂੰ ਦੇਵ-ਭਾਸ਼ਾ ਮੰਨਣ ਵਾਲੇ ਪੁਰਾਣੇ ਪੰਡਤਾਂ ਦਾ ਜਿਵੇਂ ਇਹ ਖਿਆਲ ਰਿਹਾ ਹੈ ਕਿ ਸਭੇ ਬੋਲੀਆਂ ਸੰਸਕ੍ਰਿਤ ਤੋਂ ਨਿਕਲੀਆਂ ਹਨ ਤਿਵੇਂ ਬਹੁਤ ਸਾਰੇ ਪੁਰਾਤਨਤਾ ਦੇ ਹਾਮੀ ਇਹ ਵੀ ਆਖਦੇ ਹਨ ਕਿ ਹਿੰਦ ਦੀਆਂ ਸਾਰੀਆਂ ਮੌਜੂਦਾ ਲਿਪੀਆਂ ਦੇਵਨਾਗਰੀ ਵਿਚੋਂ ਨਿਕਲੀਆਂ ਹਨ, ਗੁਰਮੁਖੀ ਲਿਪੀ ਵੀ ਇਸੇ ਤੋਂ ਬਣੀ ਹੈ।* ਭਾਰਤੀ ਲਿਪੀਆਂ ਦੇ ਮਹਾਨ ਖੋਜੀ ਸ੍ਰੀ ਗੌਰੀ ਸ਼ੰਕਰ ਹੀਰਾ ਚੰਦ

---

‡ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ, ਪੰਨਾ 136 ਤੇ 151

*ਕੇਸਵ ਦੇਵ ਮਿਸਰ ਲਿਖਦੇ ਹਨ, 'ਅਸੀਂ ਇਹੋ ਵੀ ਨਿਰਭੈ ਹੋ ਕੇ ਅਨੁਮਾਨ ਨਾਲ ਕਹਿ ਸਕਦੇ ਹਾਂ ਕਿ ਇਨ੍ਹਾਂ ('ਹਿੰਦ ਦੀਆਂ') ਲਿਪੀਆਂ ਦੀ ਰਚਨਾ ਦੇਵਨਾਗਰੀ ਅੱਖਰਾਂ ਦੇ ਆਧਾਰ ਤੇ ਹੋਈ ਹੈ।' ਫਿਰ ਅਗਲੇ ਪੰਨੇ ਉਤੇ ਇਹੋ ਲੇਖਕ ਖਿੜਕਦਾ ਹੋਇਆ ਆਖਦਾ ਹੈ, 'ਮੈਂ ਇਸ ਮਜ਼ਮੂਨ ਉਤੇ ਬਹੁਤੀ ਸੋਚ ਵਿਚਾਰ ਨਹੀਂ ਕੀਤੀ ਤੇ ਨਾ ਹੀ ਮੇਰੇ ਪਾਸ ਇਸ ਕੰਮ ਲਈ ਇਤਿਹਾਸਕ ਸਮੱਗਰੀ ਹੈ। [ਨਾਗਰੀ ਅੰਕ ਔਰ ਅਕਸ਼ਰ, ਪੰਨਾ 28—29]

ਉਝ ਇਸ ਵਿਚਾਰ ਨਾਲ ਸੰਮਤੀ ਨਹੀਂ ਰਖਦੇ। ਉਹ ਦੇਵਨਾਗਰੀ ਦਾ ਜਨਮ-ਕਾਲ ਦਸਵੀਂ ਸਦੀ ਮੰਨਦੇ ਹਨ ਤੇ ਉਨ੍ਹਾਂ ਦਾ ਵਿਚਾਰ ਹੈ, ਹਿੰਦ ਦੀਆਂ ਬਾਕੀ ਲਿਪੀਆਂ ਵੀ ਇਸੇ ਸਮੇਂ ਨਿਖਾਰ ਵਿਚ ਆਉਣੀਆਂ ਸ਼ੁਰੂ ਹੋਈਆਂ।

ਜੇ ਅੱਖਰਾਂ ਦੀ ਵੀ ਸਮਾਨਤਾ ਪਰਖੀ ਜਾਵੇ ਤਾਂ ਗੁਰਮੁਖੀ ਦੇ 18, ਟਾਕਰੀ ਦੇ 12 ਤੇ ਸ਼ਾਰਦਾ ਤੇ 11 ਅੱਖਰ ਨਾਗਰੀ ਨਾਲੋਂ ਵੀ ਬ੍ਰਹਿਮੀ ਦੇ ਜ਼ਿਆਦਾ ਨੇੜੇ ਦਿਸਦੇ ਹਨ, ਜੋ ਕਿ ਭਾਰਤੀ ਲਿਪੀਆਂ ਦੀ ਮਾਂ ਹੈ। ਪੰਜਾਬ ਦੀਆਂ ਇਨ੍ਹਾਂ ਲਿਪੀਆਂ ਦੇ ਅੱਖਰਾਂ ਦੀ ਗਿਣਤੀ ਦਾ ਵੀ ਨਾਗਰੀ ਨਾਲ ਮੇਲ ਨਹੀਂ ਬਹਿੰਦਾ, ਜਿਥੇ ਨਾਗਰੀ ਦੇ 52 ਅੱਖਰ ਕਹੇ ਜਾਂਦੇ ਹਨ, ਉਥੇ ਇਹ ਲਿਪੀਆਂ 35-36 ਤੋਂ ਵਧ ਅੱਖਰ ਨਹੀਂ ਰੱਖਦੀਆਂ। ਅਸਲ ਗੱਲ ਇਹ ਹੈ ਕਿ ਕਿਸੇ ਲਿਪੀ ਦੇ ਅੱਖਰਾਂ ਦੀ ਗਿਣਤੀ ਉਸ ਦੀ ਬੋਲੀ ਦੀਆਂ ਆਵਾਜ਼ਾਂ ਅਨੁਸਾਰ ਹੀ ਨੀਅਤ ਹੁੰਦੀ ਹੈ। ਪੰਜਾਬੀ ਦੀਆਂ ਅਵਾਜ਼ਾਂ ਆਪਣੀਆਂ ਸਨ ਤੇ ਇਨ੍ਹਾਂ ਅਵਾਜ਼ਾਂ ਦੇ ਅਨਕੂਲ ਹੀ ਇਥੋਂ ਦੀ ਲਿਪੀ ਬਣੀ। ਪ੍ਰਾਕ੍ਰਿਤਾਂ ਦੇ ਵਿਕਾਸ ਦੇ ਸਮੇਂ ਹੀ, ਜਾਪਦਾ ਹੈ, ਇਨ੍ਹਾਂ ਲਿਪੀਆਂ ਦਾ ਨਿਕਾਸ ਸ਼ੁਰੂ ਹੋ ਗਿਆ ਸੀ, ਵਾਧਾ ਘਾਟਾ ਤਾਂ ਬਾਦ ਵਿਚ ਵੀ ਹੁੰਦਾ ਰਿਹਾ। ਇਹ ਮੰਨਿਆ ਨਹੀਂ ਜਾ ਸਕਦਾ ਕਿ ਵੇਦਕ ਸਾਹਿਤ ਦੇ ਰਚਣਹਾਰਿਆਂ ਦੀ ਉਲਾਦ ਲਿਪੀ ਤੋਂ ਵਾਂਝੀ ਸੀ ਤੇ ਦਸਵੀਂ ਸਦੀ ਦੀ ਜੰਮੀ ਨਾਗਰੀ ਤੋਂ ਅੱਖਰ ਉਧਾਰੇ ਲੈ ਕੇ ਇਨ੍ਹਾਂ ਅਪਣਾ ਭੰਗ ਸਾਰਿਆ। ਦਸਵੀਂ ਸਦੀ ਤੋਂ ਪਹਿਲਾਂ ਵੀ ਇਥੇ ਜੋ ਸਿਧੰ ਲਿਪੀ ਪ੍ਰਚਲਤ ਸੀ, ਉਸੇ ਤੋਂ ਸ਼ਾਰਦਾ, ਟਾਕਰੀ ਤੇ ਗੁਰਮੁਖੀ ਆਦਿ ਦਾ ਵਿਕਾਸ ਹੋਇਆ। ਇਸ ਲਈ ਨਾਗਰੀ ਨੂੰ ਇਨ੍ਹਾਂ ਦੀ ਜਨਮ-ਦਾਤੀ ਆਖਣਾ ਕੋਰੀ ਕਲਪਨਾ ਹੈ, ਜੋ ਕਿ ਸੰਪੂਦ ਇਕ ਵਹਿਮ ਦਾ ਸਿਟਾ ਹੈ।

ਨਾਗਰੀ ਲਿਪੀ ਠੀਕ ਨਹੀਂ

ਬਾਵਜੂਦ ਇਸ ਦੇ ਕਿ ਸਦੀਆਂ ਤੋਂ ਪੰਜਾਬ ਵਿਚ ਕਾਰ-ਵਿਹਾਰ ਤੇ ਸਾਹਿਤਕ ਲਿਖਤਾਂ ਲਈ ਗੁਰਮੁਖੀ ਲਿਪੀ ਦੀ ਸਫਲ ਵਰਤੋਂ ਚਲੀ ਆ ਰਹੀ ਹੈ ਕਈ ਲੋਕਾਂ ਹੁਣ ਫਿਰਕਾਪ੍ਰਸਤੀ ਦੇ ਅਸਰ ਹੇਠ ਦੀਵਾਨੇ ਹੋ ਕੇ ਇਹ ਰਾਗ ਅਲਾਪਣਾ ਸ਼ੁਰੂ ਕਰ ਦਿਤਾ ਹੈ ਕਿ ਪੜਾਬੀ ਬੋਲੀ ਨਾਗਰੀ ਅੱਖਰਾਂ ਵਿਚ ਲਿਖੀ ਜਾਣੀ ਚਾਹੀਦੀ ਹੈ। ਦੇਖਣਾ ਇਹ ਹੈ ਕਿ ਕੀ ਪਹਿਲਾਂ ਵੀ ਅਜੇਹੀ ਵਰਤੋਂ ਰਹੀ ਹੈ ? ਜੇ ਨਹੀਂ ਰਹੀ ਤਾਂ ਹੁਣ ਇਹ ਤਬਦੀਲੀ ਕਰਨ ਦੀ ਕੀ ਲੋੜ ਪੈ ਗਈ ਹੈ ? ਸਚਾਈ ਇਹ ਹੈ ਕਿ ਪੰਜਾਬ ਵਿਚ ਨਾਗਰੀ ਦੀ ਵਰਤੋਂ ਕਦੇ ਵੀ ਆਮ ਪ੍ਰਚਲਤ ਨਹੀਂ ਹੋਈ। ਵਹੀਆਂ ਖਾਤਿਆਂ ਵਿਚ ਲੰਡੇ ਚਲਦੇ ਆ ਰਹੇ ਹਨ ਤੇ ਬਾਕੀ ਕਾਰ-ਵਿਹਾਰ ਲਈ ਗੁਰਮੁਖੀ।

ਅਗੋਂ ਲਈ ਲਿੱਪੀ ਦੀ ਅਦਲਾ-ਬਦਲੀ ਕਰਨੀ ਵੀ ਕੋਈ ਪਾਪ ਨਹੀਂ ਜੇ ਕੋਈ ਸੁੱਖ ਜਾਂ ਲਾਭ ਹੋਵੇ। ਪਰ ਜੇ ਲਾਭ ਦੀ ਥਾਂ ਹਾਨੀ ਹੋਵੇ ਤਾਂ ਇਹ ਤਬਦੀਲੀ ਲਈ ਜ਼ੋਰ ਲਾਉਣਾ ਸਿਆਣਪ ਨਹੀਂ। ਕਿਸੇ ਬੋਲੀ ਲਈ ਚੁਕਵੀਂ ਤੇ ਚੰਗੀ ਲਿਪੀ ਉਹ ਹੁੰਦੀ ਹੈ, ਜੋ ਉਸ ਦੀਆਂ ਅਵਾਜ਼ਾਂ ਨੂੰ ਪੂਰੀ ਤਰ੍ਹਾਂ ਪ੍ਰਗਟ ਕਰੇ। ਨ ਉਸ ਵਿਚ ਅਜੇਹੇ ਵਾਧੂ ਚਿੰਨ੍ਹ ਹੋਣੇ ਚਾਹੀਦੇ ਹਨ, ਜਿਨ੍ਹਾਂ ਦੀ ਉਸ ਬੋਲੀ ਵਿਚ ਹੀ ਕੋਈ ਥਾਂ ਨ ਹੋਵੇ ਅਤੇ ਨਾ ਹੀ ਅਜੇਹੇ ਚਿੰਨ੍ਹਾਂ ਦਾ ਘਾਟਾ ਹੋਣਾ ਚਾਹੀਦਾ ਹੈ, ਜੋ ਉਸ ਬੋਲੀ ਦੀਆਂ ਅਵਾਜ਼ਾਂ ਨੂੰ ਪ੍ਰਗਟ ਕਰਨ ਲਈ ਜ਼ਰੂਰੀ ਹੋਣ। ਨਾਗਰੀ ਚੂੰਕਿ ਪੰਜਾਬੀ ਬੋਲੀ ਦੀਆਂ ਲੋੜਾਂ ਨੂੰ ਮੁਖ ਰੱਖ ਕੇ ਬਣਾਈ ਗਈ ਲਿਪੀ ਨਹੀਂ, ਇਸ ਲਈ ਬਾਵਜੂਦ ਚੰਗੀ ਲਿਪੀ ਹੋਣ ਦੇ ਇਹ ਪੰਜਾਬੀ ਲਿਖਣ ਦਾ ਕੰਮ ਸਾਰ ਨਹੀਂ ਸਕਦੀ।

1. ਨਾਗਰੀ ਦੇ 52 ਅੱਖਰ ਹਨ ਤੇ ਗੁਰਮੁਖੀ ਦੇ 35। ਜੇ 35 ਨਾਲ ਕੰਮ ਚਲਦਾ ਹੋਵੇ ਤਾਂ 17 ਹੋਰ ਸਿਖਣ ਦਾ ਸਿਆਪਾ ਕਿਉਂ ਗਲ ਪਾਇਆ ਜਾਵੇ।

2. ਜਿਨ੍ਹਾਂ ਨਾਗਰੀ ਅੱਖਰਾਂ ਸ਼, ਖ਼, ਕ੍ਸ਼, ਤ੍ਰ, ਜ੍ਞ, ਰ੍ਸ਼, ਰ੍ਸ, ਲ੍ਰ, ਆਦਿ ਦੀ ਪੰਜਾਬੀ ਵਿਚ ਲੋੜ ਹੀ ਨਹੀਂ, ਉਹ ਸ਼ਕਲਾਂ ਦਿਮਾਗ ਉਤੇ ਕਿਉਂ ਲੱਦੀਆਂ ਜਾਣ।

3. ਘ, ਝ, ਢ, ਧ ਤੇ ਭ ਦੀ ਜੋ ਅਵਾਜ਼ ਪੰਜਾਬੀ ਵਿਚ ਹੈ, ਉਹ ਨਾਗਰੀ ਅੱਖਰਾਂ ਦੇ ਉਚਾਰਣ ਵਿਚ ਨਹੀਂ ਪਾਈ ਜਾਂਦੀ। ਇਹੋ ਹਾਲ ਦੁਲਾਵਾਂ ਤੇ ਕਨੌੜੇ ਦੇ ਉਚਾਰਨ ਦਾ ਹੈ।

4. ੜ ਦੀ ਪੰਜਾਬੀ ਵਿਚ ਖਾਸ ਨਿਰਾਲੀ ਧੁਨੀ ਹੈ, ਨਾਗਰੀ ਵਿਚ ਇਸ ਆਵਾਜ਼ ਨੂੰ ਪ੍ਰਗਟਾਉਣ ਲਈ ਕੋਈ ਚਿੰਨ੍ਹ ਨਹੀਂ। ਗੋੜ੍ਹਾ, ਘੋੜਾ, ਅੜਿੱਕਾ, ਖੜਕਾ, ਪੜ੍ਹਨਾ, ਪੜ੍ਹਾਉਣਾ ਕਿਵੇਂ ਲਿਖਿਆ ਜਾਵੇਗਾ ?

5. ਨਾਗਰੀ ਦੂਹਰੀ ਅਵਾਜ਼ ਪ੍ਰਗਟ ਕਰਨ ਲਈ ਅੱਖਰ ਨੂੰ ਦੂਹਰਾ ਕਰਦੀ ਹੈ ਜਦੋਂ ਕਿ ਗੁਰਮੁਖੀ, ਅੱਖਰ ਦੇ ਸਿਰ ਤੇ ਅਧਕ ਲਾ ਕੇ ਹੀ ਇਹ ਕੰਮ ਬਣਾ ਦੇਂਦੀ ਹੈ। ਇਸ ਤੋਂ ਸਮੇਂ ਤੇ ਥਾਂ ਦੀ ਬੱਚਤ ਦਾ ਦੂਹਰਾ ਲਾਭ ਹੈ। ਛਾਪੇ ਲਈ ਤਾਂ ਹੈ ਹੀ ਚੰਗੁਣਾ ਫਾਇਦਾ। 35 ਦੂਹਰੇ ਅੱਖਰਾਂ ਤੋਂ ਬਚੇ।

6. ਟਿੱਪੀ ਦਾ ਚਿੰਨ੍ਹ ਵੀ ਪੰਜਾਬੀ ਦਾ ਆਪਣਾ ਨਿਵੇਕਲਾ ਹੈ, ਹਿੰਦੀ ਵਿਚ ਜੋ ਬਿੰਦੀ ਹੈ, ਉਸ ਦੀ ਆਵਾਜ਼ ਇਤਨੀ ਦੱਬਵੀਂ ਨਹੀਂ ਜਿਤਨੀ ਕਿ ਪੰਜਾਬੀ ਵਿਚ ਬੋਲੀ ਜਾਂਦੀ ਹੈ।

7. ਨਾਗਰੀ ਵਿਚ ਅਜੇ ਤਕ ਝ, ਣ, ਅ ਅਤੇ ਪੈਰੀਂ ਰਾਰੇ ਦੇ ਇਕ ਤੋਂ ਵਧ ਰੂਪ ਚਲੇ ਆਉਂਦੇ ਹਨ।

8. ਪ੍ਰੈੱਸ ਦੇ ਦ੍ਰਿਸ਼ਟੀਕੋਣ ਤੋਂ ਤਾਂ ਨਾਗਰੀ ਦੀ ਕਮਜ਼ੋਰੀ ਨੂੰ ਹਿੰਦੀ ਵਿਦਵਾਨਾਂ ਵੀ ਮੰਨਿਆ ਹੈ। ਸ੍ਰੀ ਚਤੁਰਸੇਨ ਸ਼ਾਸਤ੍ਰੀ ਲਿਖਦੇ ਹਨ—'ਦੇਵ ਨਾਗਰੀ ਲਿਪੀ ਲਿਖਾਈ ਦੇ ਨੁਕਤੇ ਤੋਂ ਜਿੰਨੀ ਪੂਰਣ ਹੈ, ਉਤਨੀ ਹੀ ਪ੍ਰੈੱਸ ਦੇ ਛਪਾਈ ਦੇ ਦ੍ਰਿਸ਼ਟੀਕੋਣ ਤੋਂ ਅਧੂਰੀ ਹੈ।

[ਹਿੰਦੀ ਭਾਸ਼ਾ ਔਰ ਸਾਹਿਤ ਕਾ ਇਤਿਹਾਸ, ਪੰ. 32

'ਜੇ ਨਾਗਰੀ ਨੂੰ ਰਾਸ਼ਟਰ-ਲਿਪੀ ਬਣਾਉਣਾ ਹੈ ਤਾਂ ਇਸ ਵਿਚ ਬਹੁਤ ਸਾਰੀ ਸੋਧ ਕਰਨ ਦੀ ਲੋੜ ਹੈ।' [ਲਿਪੀ ਵਿਕਾਸ, ਕਿਰਤ ਰਾਮ ਮੂਰਤੀ ਮੇਹਰੋਤ੍ਰਾ

ਕਈ ਇਹ ਆਖ ਦੇਂਦੇ ਹਨ ਕਿ ਪੰਜਾਬੀ ਦੀ ਲੋੜ ਅਨੁਸਾਰ ਨਾਗਰੀ ਵਿਚ ਕੁਝ ਵਾਧੇ ਘਾਟੇ ਕਰ ਲੈਣੇ ਚਾਹੀਦੇ ਹੋਨ। ਜੇ ਇਹ ਪੁਆੜੇ ਕਰਨੇ ਹਨ ਤਾਂ ਗੁਰਮੁਖੀ ਨੂੰ ਕਿਉਂ ਛੱਡਿਆ ਜਾਵੇ, ਜੋ ਕਿ ਪੰਜਾਬੀਆਂ ਵਾਂਗ ਸਿਧੀ-ਸਾਦੀ ਸਰਲ ਤੇ ਸੁਚੱਜੀ, ਸੌਹਣੀ ਲਿਪੀ ਹੈ ਅਤੇ ਜਿਸ ਵਿਚ 11 ਹਜ਼ਾਰ ਦੇ ਲਗਭਗ ਕਿੱਸੇ ਕਿਤਾਬਾਂ ਦਾ ਲਿਖਤੀ ਰੀਕਾਰਡ ਵੀ ਸਾਂਭਿਆ ਪਿਆ ਹੈ। ਇਸ ਬਾਪ ਦਾਦੇ ਦੇ ਖਜ਼ਾਨੇ ਨਾਲੋਂ ਲੋਕਾਂ ਨੂੰ ਵੱਖਰਾ ਕਰਕੇ ਕਿਉਂ ਗਰੀਬ ਕੀਤਾ ਜਾਵੇ ? ਪੰਡਤ ਨਹਿਰੂ ਜੀ ਦੇ ਸ਼ਬਦਾਂ ਵਿਚ 'ਕਿਸੇ ਅਮੀਰ ਪ੍ਰਫੁਲਤ ਪਿੱਛੇ ਵਾਲੇ ਬੋਲੀ ਲਈ ਲਿਪੀ ਦੀ ਅਦਲਾ-ਬਦਲੀ ਕਰਨੀ ਇਕ ਅਹਿਮ ਤਬਦੀਲੀ ਹੈ। ਕਿਉਂਜੋ ਲਿਪੀ ਸਾਹਿਤ ਦਾ ਇਕ ਜ਼ਰੂਰੀ ਅੰਤਰਗਤ ਭਾਗ ਹੈ। ਲਿਪੀ ਬਦਲ ਦਿਓ, ਹੋਰ ਦੇ ਹੋਰ ਸ਼ਬਦ, ਹੋਰ ਦੀਆਂ ਹੋਰ ਅਵਾਜ਼ਾਂ ਤੇ ਹੋਰ ਹੋਰ ਖ਼ਿਆਲ ਸਾਹਮਣੇ ਆ ਖਲੋਂਦੇ ਹਨ। ਪੁਰਾਣੇ ਅਤੇ ਨਵੇਂ ਸਾਹਿੱਤ ਵਿਚਕਾਰ ਇਕ ਨ ਸਰ ਹੋਣ ਵਾਲੀ ਰੋਕ ਆ ਖੜੋਂਦੀ ਹੈ ਅਤੇ ਪੁਰਾਣਾ ਸਾਹਿਤ ਇਕ ਮਰ ਚੁਕੀ ਬਿਦੇਸੀ ਭਾਸ਼ਾ ਵਾਂਗ ਲਗ਼ਣ ਲਗ਼ ਪੈਂਦਾ ਹੈ।'

ਅਸਲ ਵਿਚ ਹਰ ਬੋਲੀ ਅਪਣੀ ਹੀ ਲਿਪੀ ਵਿਚ ਚੰਗੀ ਤਰ੍ਹਾਂ ਲਿਖੀ ਪੜ੍ਹੀ ਜਾ ਸਕਦੀ ਹੈ, ਦੂਜੀ ਲਿਪੀ ਦਾ ਪੁਸ਼ਾਕਾ, ਜੋ ਦੂਜੀ ਬੋਲੀ ਲਈ ਹੀ ਬਣਿਆ ਹੁੰਦਾ ਹੈ, ਉਸ ਨੂੰ ਮੱਲੋਮੱਲੀ ਪਾ ਕੇ ਸਾਂਗ ਨਹੀਂ ਬਣਾਉਣਾ ਚਾਹੀਦਾ। ਪੰਜਾਬਣ ਦਾ ਸਹੀ ਲਿਬਾਸ ਕੁੜਤੀ ਸਲਵਾਰ ਹੀ ਹੈ, ਸੜੀ ਸਾੜ੍ਹੀ ਤੇ ਅੜੀ ਅੰਗੀਆ ਇਸ ਨੂੰ ਨਹੀਂ ਫਬਦੀ। ਜੇਹਾ ਕਿ ਗ੍ਰੀਅਰਸਨ ਨੇ ਕਿਹਾ ਹੈ ਕਿ ਪੰਜਾਬੀ ਬੋਲੀ ਵਿਚ ਮਰਦਾਵੇਂ ਗੁਣ ਹਨ, ਸੋ ਅਜੇਹੀ ਮਰਦਾਵੀਂ ਪ੍ਰਕ੍ਰਤਾ ਤੇ ਲੱਛਣਾਂ ਵਾਲੀ ਬੋਲੀ ਨੂੰ ਨਾਗਰੀ ਵਾਲਾ ਜ਼ਨਾਨਾ ਪਹਿਰਾਵਾ ਨਹੀਂ ਪੁਗਦਾ। ਨਾਲੇ ਆਪਣਾ ਕਿਉਂ ਕੋਈ ਛਡੇ ਜਦੋਂ ਕਿ ਚੰਗਾ ਗੁਜ਼ਾਰਾ ਹੁੰਦਾ ਹੋਵੇ।

ਫਾਰਸੀ ਲਿਪੀ ਠੀਕ ਨਹੀਂ

ਨਾਗਰੀ-ਭਗਤ ਹਿੰਦੂਆਂ ਵਾਂਙ ਮੁਸਲਮਾਨ ਵੀ ਇਸਲਾਮ ਨਾਲ ਅਰਬ ਈਰਾਨ ਤੋਂ ਆਈ ਲਿਪੀ ਨਾਲ ਹੀ ਬੱਝ ਗਏ। ਜਿਥੇ ਉਨ੍ਹਾਂ ਦੀ ਫਾਰਸੀ-ਪ੍ਰਧਾਨ ਹਿੰਦੁਸਤਾਨੀ ਜ਼ਬਾਨ-ਉਰਦੂ ਨਾਂ ਹੇਠ ਵਖਰਾ ਢਾਂਚਾ ਬਣਾ ਬੈਠੀ, ਉਥੇ ਲਿਪੀ ਵੀ ਰਤਾ ਮਾਸਾ ਫਰਕ ਨਾਲ ਸਾਮੀ ਖਾਨਦਾਨ ਦੀ ਹੀ ਪ੍ਰਚਲਤ ਹੋਈ। ਆਮ ਤੌਰ ਤੇ ਜੋ ਮੁਸਲਮਾਨ ਪੰਜਾਬੀ ਕਵੀ ਹੋਏ, ਉਨ੍ਹਾਂ ਆਪਣੀ ਰਚਨਾ ਇਸੇ ਵਿਚ ਲਿਖੀ। ਅਜ ਤੋਂ ਢਾਈ ਹਜ਼ਾਰ ਵਰ੍ਹਾ ਪਹਿਲਾਂ ਵੀ ਇਕ ਸਾਮੀ ਬੰਸ ਦੀ ਲਿਪੀ-ਖਰੋਸ਼ਠੀ ਕੁਝ ਸਦੀਆਂ ਪੰਜਾਬ ਵਿਚ ਅਪਣਾ ਸਿੱਕਾ ਚਲਾ ਗਈ ਸੀ ਪਰ ਫਿਰ ਉਸ ਦਾ ਬੀ ਨਾਸ਼ ਹੋ ਗਿਆ।

ਫਾਰਸੀ ਲਿਪੀ ਦੀ ਹਾਲੇ ਅਜੇਹੀ ਕੋਈ ਗੱਲ ਨਹੀਂ, ਉਸ ਨੇ ਤਾਂ ਇਸਲਾਮੀ ਤਹਿਜ਼ੀਬ ਨਾਲ ਥਾਂ ਥਾਂ ਹਿੰਦ ਭਰ ਵਿਚ ਪੈਰ ਜਮਾਏ ਹੋਏ ਹਨ। ਅੰਗਰੇਜ਼ੀ ਰਾਜ ਸਮੇਂ ਕਈ ਸੂਬਿਆਂ ਵਿਚ ਕਾਫੀ ਅਰਸਾ ਉਰਦੂ ਜ਼ਬਾਨ ਦਫਤਰੀ ਬੋਲੀ ਰਹਿਣ ਕਰ ਕੇ ਇਸ ਦਾ ਹੋਰ ਵੀ ਰੋਹਬ ਬਣ ਗਿਆ ਤੇ ਪੰਜਾਬ ਵਿਚ ਤਾਂ ਵਿਦਿਅਕ-ਮਾਧਿਅਮ ਹੋਣ ਦਾ ਵੀ ਇਸੇ ਨੂੰ ਮਾਣ ਮਿਲਿਆ। ਅਜੇਹਿਆਂ ਕਾਰਣਾਂ ਕਰਕੇ ਉਰਦੂ ਜ਼ਬਾਨ ਤੇ ਫਾਰਸੀ ਲਿਪੀ ਦੀ ਵਡਿਆਈ ਤਾਂ ਚੰਗੀ ਬਣ ਗਈ ਪਰ ਪੰਜਾਬੀ ਸਾਹਿਤ ਦੀਆਂ ਕਿਤਾਬਾਂ ਪੰਜਾਬ ਦੀ ਪੁਰਾਣੀ ਲਿਪੀ ਗੁਰਮੁਖੀ ਵਿਚ ਹੀ ਛਪਦੀਆਂ ਰਹੀਆਂ। ਹਾਂ, ਕੁਝ ਕਿੱਸੇ ਜ਼ਰੂਰ ਫਾਰਸੀ ਲਿਪੀ ਵਿਚ ਪ੍ਰਕਾਸ਼ਤ ਹੋਏ।

ਫਾਰਸੀ ਇਕ ਤਰ੍ਹਾਂ ਦੀ ਸਿਕਸ਼ਤਾ ਲਿਪੀ ਹੈ, ਇਸੇ ਕਰਕੇ ਇਸ ਲਈ 'ਲਿਖੇ ਮੂਸਾ ਪੜ੍ਹੇ ਖੁਦਾ' ਦੀ ਕਹਾਵਤ ਚਲ ਪਈ ਹੈ। ਖੁਦ ਮੁਸਲਮਾਨ ਲਿਖਾਰੀ ਇਸ ਦੀਆਂ ਕਮੀਆਂ ਨੂੰ ਮੰਨਦੇ ਹਨ। 'ਉਰਦੂ' ਪੱਤਰ ਦੇ ਐਡੀਟਰ ਸਾਹਿਬ ਲਿਖਦੇ ਹਨ-'ਮੁਝੇ ਅਕਸਰ ਉਰਦੂ ਕੀ ਕਦੀਮ ਕਿਤਾਬ ਕੇ ਮੁਤਾਲਏ ਕਾ ਇਤਫ਼ਾਕ ਹੋਤਾ ਹੈ, ਪੁਰਾਨੇ ਇਲਫਾਜ਼ ਕੇ ਸਹੀ ਪਢਨੇ, ਔਰ ਸਹੀ ਤਲੱਫਜ਼ ਕੇ ਦਰਿਆਫਤ ਕਰਨੇ ਮੇਂ ਬੜੀ ਦਿੱਕਤ ਹੋਤੀ ਹੈ। ਅਗਰ ਲਾਤੀਨੀ ਯਾ ਨਾਗਰੀ ਹਰੂਫ ਮੇਂ ਯੇਹ ਤਹਿਰੀਰੇਂ ਹੋਤੀਂ ਤੋ ਇਤਨੀ ਦਿੱਕਤ ਨ ਹੋਤੀ।' ਇਸੇ ਤਰ੍ਹਾਂ ਮੌ: ਸ਼ੌਕਤ ਅਲੀ ਬਿਲਗ੍ਰਾਮੀ ਲਿਖਦੇ ਹਨ, 'ਪਹਿਲਵੀ ਤੇ ਫਾਰਸੀ ਵਾਂਙ ਉਰਦੂ ਵੀ ਉਨ੍ਹਾ ਅਭਾਗੀਆ ਬੋਲੀਆਂ ਵਿਚੋਂ ਹੈ, ਜਿਨ੍ਹਾਂ ਦੇ ਅੱਖਰ ਦੂਜੀ ਜਾਤੀ ਤੋਂ ਬਣਾਏ ਗਏ ਹਨ ਤੇ ਇਨ੍ਹਾਂ ਅੱਖਰਾਂ ਦਾ ਜ਼ਬਾਨ ਨਾਲ ਕੋਈ ਸਬੰਧ ਨਹੀਂ ਹੈ। ਅਰਥਾਤ ਬੋਲੀ ਵਿਚ ਜੋ ਸ਼ਬਦ (ਅਵਾਜ਼ਾਂ) ਹਨ, ਉਨ੍ਹਾ ਲਈ ਅਖਰ ਨਹੀਂ ਤੇ ਕਿਸੇ ਕਿਸੇ ਆਵਾਜ਼ ਲਈ ਕਈ ਕਈ ਅੱਖਰ ਹਨ, ਜਿਵੇਂ—ਸੇ, ਸੁ ਆਦ, ਸੀਨ ਵਗ਼ੈਰਾ।'

ਇਹ ਇਤਰਾਜ਼ ਠੀਕ ਹੈ ਕਿ ਉਰਦੂ ਵਿਚ ਇਕੋ ਅਵਾਜ਼ ਲਈ ਬਹੁਤੇ ਅੱਖਰ ਹਨ ਜਿਵੇ, ਜ਼ਾਲ, ਜ਼ੋਇ, ਦੋ ਜ਼ੇ, ਤੇ ਦੋ ਹੇ। ਇਹ ਗੱਲ ਵੀ ਗ਼ਲਤ ਨਹੀਂ ਕਿ ਜਿਥੋਂ ਇਹ ਚਿੰਨ੍ਹ ਟੁਰੇ, ਉਥੋਂ ਦੀਆਂ ਵੱਖ ਵੱਖ ਆਵਾਜ਼ਾਂ ਲਈ ਇਹ ਭਿੰਨ, ਭਿੰਨ ਚਿੰਨ੍ਹ ਠੀਕ ਹੋਣਗੇ ਪਰ ਸਾਡੇ ਲਈ ਤਾਂ ਇਹ ਦੂਹਰੇ ਤੀਹਰੇ ਹੀ ਹਨ। ਇਨ੍ਹਾਂ ਵਿਚੋਂ ਕੇਵਲ ਇਕੋ ਹੀ ਲੋੜੀਂਦਾ ਕਿਹਾ ਜਾ ਸਕਦਾ ਹੈ। ਇਕ ਖ਼ਮੀ ਫ਼ਾਰਸੀ ਲਿਪੀ ਵਿਚ ਇਹ ਵੀ ਹੈ ਕਿ ਬਿਨਾਂ ਜ਼ੇਰ, ਜ਼ਬਰ, ਪੇਸ਼ ਦੇ ਲਿਖਣ ਦਾ ਰਿਵਾਜ ਹੋਣ ਕਰਕੇ ਮਲਕ, ਮਿਲਕ, ਮੁਲਕ ਯਾ ਚੋਰੀ, ਚੁਰੀ ਆਦਿ ਇਕੋ ਤਰ੍ਹਾਂ ਹੀ ਲਿਖਿਆ ਜਾਏਗਾ, ਜਿਸ ਨੂੰ ਪੜ੍ਹਨ ਵੇਲੇ ਅੱਟੇ ਸੱਟੇ ਤੋਂ ਹੀ ਕੰਮ ਲੈਣਾ ਪਵੇਗਾ। ਜੇ ਨੁਕਤੇ ਨ ਲਗਣ, ਜੇਹਾ ਕਿ ਕਾਤਬ ਆਮ ਕਰਦੇ ਹਨ ਤਾ 'ਆਲੂ ਬੁਖ਼ਾਰਾ' ਵੀ 'ਉਲੂ ਬੇਚਾਰਾ' ਹੀ ਪੜ੍ਹਿਆ ਜਾਂਦਾ ਹੈ। ਕਈ ਅਵਾਜ਼ਾਂ ਲਈ ਚਿੰਨ੍ਹ ਵੀ ਨਹੀਂ ਜਿਵੇਂ ਣ ਤੇ ਛ ਆਦਿ। ਪੰਜ ਬੀ ਦਾ ਤਾਣਾ, ਕਾਣਾ, ਪਾਣ ਉਰਦੂ ਵਿਚ ਤਾਨਾ, ਕਾਨਾ, ਪਾਨ ਲਿਖ ਹੋਵੇਗਾ ਜਿਸ ਨਾਲ ਅਰਥ ਦਾ ਅਨਰਥ ਹੋਣ ਦੀ ਪੱਕੀ ਸੰਭਾਵਨਾ ਹੈ। ਇਸੇ ਤਰ੍ਹਾਂ ਘ, ਝ, ਢ, ਭ, ਧ ਆਦਿ ਦੀਆਂ ਮਹਾ-ਪ੍ਰਾਣ ਧੁਨੀਆਂ ਵੀ ਸਹੀ ਨਹੀਂ ਲਿਖੀਆਂ ਜਾਂ ਸਕਦੀਆਂ।

ਪ੍ਰੈਸ ਦੇ ਨੁਕਤੇ ਤੋਂ ਫ਼ਾਰਸੀ ਅੱਖਰਾਂ ਦੀ ਸੂਰਤ ਗੋਲ ਤੇ ਚੌਰਸ ਨਾ ਹੋਣ ਕਾਰਨ ਹੁਣ ਇਨ੍ਹਾਂ ਦਾ ਚੰਗਾ ਟਾਈਪ ਵੀ ਨਹੀਂ ਬਣ ਸਕਿਆ। ਅਜਿਹੇ ਘ ਟਿਆਂ ਕਰ ਕੇ ਫ਼ਾਰਸੀ ਲਿਪੀ ਪੰਜਾਬੀ ਲਈ ਪੁਗਦੀ ਨਹੀਂ ਤੇ ਨਾ ਹੀ ਹੁਣ ਮੌਜੂਦਾ ਹਿੰਦ ਵਿਚ ਇਸ ਦੀ ਉਹ ਮਹੱਤਤਾ ਰਹੀ ਹੈ। ਕਈਆਂ ਨੇ ਰੋਮਨ ਅੱਖਰਾਂ ਵਿਚ ਪੰਜਾਬੀ ਲਿਖਣ ਦੀ ਸਿਫ਼ਾਰਸ਼ ਵੀ ਕੀਤੀ ਹੈ, ਉਸ ਵਿਚ ਵੀ ਅਜਿਹੇ ਘਾਟੇ ਹਨ ਜਿਨ੍ਹਾਂ ਦਾ ਇਥੇ ਜ਼ਿਕਰ ਕਰਨ ਦੀ ਹੁਣ ਲੋੜ ਨਹੀਂ ਭਾਸਦੀ।

ਗੁਰਮੁਖੀ ਹੀ ਠੀਕ ਹੈ

ਪੰਜਾਬੀ ਲਿਖਣ ਲਈ ਗੁਰਮੁਖੀ ਦੇ ਮੁਕਾਬਲੇ ਦੀ ਹੋਰ ਕੋਈ ਚੁਕਵੀਂ ਤੇ ਸੰਪੂਰਨ ਲਿਪੀ ਨਹੀਂ। ਮੁਕੰਮਲ ਲਿਪੀ ਵਾਲੀਆਂ ਸਾਰੀਆਂ ਹੀ ਖੂਬੀਆਂ ਇਸ ਵਿਚ ਪਾਈਆਂ ਜਾਂਦੀਆਂ ਹਨ—

1. ਗੁਰਮੁਖੀ ਇਕ ਫ਼ਨੈਟਿਕ ਯਾ ਧੁਨਿਕ-ਲਿਪੀ ਹੈ। ਇਸ ਵਿਚ ਪੰਜਾਬੀ ਦੀਆਂ 35 ਮੂਲ ਅਵਾਜ਼ਾਂ ਲਈ 35 ਹੀ ਚਿੰਨ੍ਹ ਮੌਜੂਦ ਹਨ। ਪੰਜ ਬੀ ਦੀ ਆਪਣੀ ਕੋਈ ਅਜੇਹੀ ਆਵਾਜ਼ ਨਹੀਂ, ਜਿਸ ਲਈ ਇਸ ਵਿਚ ਅੱਖਰ ਨਾ ਹੋਵੇ।

2. ਇਕ ਅਵਾਜ਼ ਲਈ ਇਕੋ ਅੱਖਰ ਹੈ, ਦੋਹਰ ਨਹੀਂ।

3. ਇਕ ਅੱਖਰ ਇਕੋ ਅਵਾਜ਼ ਨੂੰ ਪ੍ਰਗਟ ਕਰਦਾ ਹੈ, ਦੋਹਰ ਜਾਂ ਰਲਾਉਟ ਨਹੀਂ।

4. ਚੰਗੀ ਲਿਪੀ ਦੀ ਇਹ ਵੀ ਖੂਬੀ ਹੈ ਕਿ ਉਸ ਦਾ ਹਰ ਅੱਖਰ ਇਕ ਦੂਜ ਤੋਂ ਬਿਲਕੁਲ ਨਿਆਰੀ ਸ਼ਕਲ ਦਾ ਹੋਵੇ, ਭੁਲੇਖਾ ਨਾ ਪਾਵੇ। ਗੁਰਮੁਖੀ ਲਿਪੀ ਇਸ ਕਸਵੱਟੀ ਉਤੇ ਪੂਰੀ ਉਤਰਦੀ ਹੈ।

5. ਹਰ ਬੋਲੀ ਦੀਆਂ ਅਵਾਜ਼ਾਂ ਅਨੁਸਾਰ ਹੀ ਅੱਖਰ ਹੁੰਦੇ ਹਨ। ਮੁੱਢ ਵਿਚ ਲਿਪੀ ਕਰਤਿਆਂ ਦੇ ਸਾਹਮਣੇ ਬਿਦੇਸੀ ਬੋਲੀ ਲਿਖਣ ਦਾ ਕੋਈ ਮਨੋਰਥ ਨਹੀਂ ਹੁੰਦਾ ਪਰ ਜੇ ਕੋਈ ਲਿਪੀ ਇਹ ਕੰਮ ਵੀ ਸਾਰ ਦੇਵੇ ਤਾਂ ਉਸ ਨੂੰ ਜ਼ਿਆਦਾ ਚੰਗੀ ਤੇ ਗੁਣਵੰਤੀ ਸਮਝਣਾ ਚਾਹੀਦਾ ਹੈ। ਗੁਰਮੁਖੀ ਨੇ ਅਜ ਤਕ ਕਦੇ ਕਿਸੇ ਬਿਦੇਸੀ ਅਵਾਜ਼ ਲਿਖਣ ਲਈ ਅਯੋਗਤਾ ਯਾ ਅਸਮਰਥਤਾ ਨਹੀਂ ਦਿਖਾਈ। (ਲੋੜ ਪੈਣ ਤੇ ਆਪਣੇ ਅੱਖਰਾਂ ਨਾਲ ਹੀ ਰਤਾ ਮਾਸਾ ਚਿੰਨ੍ਹ ਲਾ ਕੇ ਕੰਮ ਸਾਰ ਲਿਆ ਹੈ ਜਿਵੇਂ ਸ਼, ਜ਼ ਆਦਿ) ਸੰਸਕ੍ਰਿਤ, ਫਾਰਸੀ ਤੇ ਬ੍ਰਿਜ-ਭਾਖਾ ਦੀਆਂ ਕਈ ਕਿਤਾਬਾਂ ਗੁਰਮੁਖੀ ਲਿਪੀ ਵਿਚ ਲਿਖੀਆਂ ਹੋਈਆਂ, ਇਸ ਗੱਲ ਦਾ ਨਿੱਗਰ ਪ੍ਰਮਾਣ ਹਨ।

6. ਹਿੰਦ ਦੀਆਂ ਹੋਰ ਲਿਪੀਆਂ ਵਾਂਗ ਇਸ ਦੀ ਵਰਣਮਾਲਾ ਦੀ ਤਰਤੀਬ ਵੀ ਵਿਗਿਆਨਿਕ ਹੈ। ਇਸ ਦੀਆਂ ਅੱਖਰਾਂ-ਪਾਲਾਂ ਨੂੰ ਅਵਾਜ਼-ਅਸਥਾਨਾਂ ਅਨੁਸਾਰ ਵਿਉਂਤਿਆ ਗਿਆ ਹੈ।

7. ਇਕਹਿਰੇ ਤੇ ਛੋਟੇ ਅੱਖਰਾਂ ਦੇ ਸਦਕੇ ਮੇਹਨਤ ਤੇ ਸਮੇਂ ਦੀ ਬੱਚਤ ਹੁੰਦੀ ਹੈ। ਪੰਜਾਬੀ ਵਿਚ ਡਿਉਢੀਆਂ ਦੁਹਰੀਆਂ ਅਵਾਜ਼ਾਂ ਹੀ ਨਹੀਂ, ਇਸ ਲਈ ਇਸ ਦੀ ਲਿਪੀ ਵੀ ਇਸ ਔਗੁਣੋਂ ਬਚੀ ਹੈ। ਕੇਵਲ ਰ ਜਾਂ ਹ ਦੀ ਕਿਤੇ ਕਿਤੇ ਪੈਰੀਂ ਵਰਤੋਂ ਹੁੰਦੀ ਹੈ।

8. ਅੱਖਰਾਂ ਦੀ ਇਕਸਾਰਤਾ, ਪੱਧਰਾਈ ਤੇ ਸੁੰਦਰਤਾ ਵਿਚ ਗੁਰਮੁਖੀ ਬੇਮਿਸਾਲ ਹੈ। ਇਸੇ ਕਰਕੇ ਇਸ ਦਾ ਟਾਈਪ ਵੀ ਦੇਵ-ਨਾਗਰੀ ਨਾਲੋਂ ਵਧੇਰੇ ਸੁੰਦਰ ਹੈ।

9. ਚੰਗੀ ਲਿਪੀ ਦਾ ਲੱਛਣ ਇਹ ਵੀ ਹੈ ਕਿ ਸਰਲ, ਸੌਖੀ ਤੇ ਗੁੰਝਲ ਰਹਿਤ ਹੋਵੇ। ਗੁਰਮੁਖੀ ਆਪਣੇ ਲੋਕਾਂ ਵਾਂਗ ਸਿੱਧੀ ਪੱਧਰੀ ਤੇ ਥੋੜੀ ਮੇਹਨਤ ਅਤੇ ਥੋੜ੍ਹੇ ਸਮੇਂ ਵਿਚ ਅਸਾਨੀ ਨਾਲ ਲਿਖੀ ਸਿਖੀ ਜਾਣ ਵਾਲੀ ਹੈ। ਸ੍ਰੀ ਮਦਨ ਗੋਪਾਲ ਜੀ ਨੇ ਇਸ ਨੁਕਤੇ ਤੋਂ ਗੁਰਮੁਖੀ ਨੂੰ ਹਿੰਦ ਭਰ ਦੀਆਂ ਲਿਪੀਆਂ ਵਿਚੋਂ 'ਸਭ ਤੋਂ ਵਧ ਆਸਾਨ' ਆਖਿਆ ਹੈ।‡

10. ਤੇਜ਼ ਲਿਖਣ ਵਾਸਤੇ ਕੁਝ ਅੱਖਰਾਂ ਤੋਂ ਸਿਵਾ ਬਿਨਾਂ ਕਲਮ ਚੁਕੇ ਲਿਖੇ ਜਾਣ ਦਾ ਗੁਣ ਵੀ ਇਸ ਵਿਚ ਮੌਜੂਦ ਹੈ।

ਗੁਰਮੁਖੀ ਬਾਰੇ ਰਾਵਾਂ

ਉਪਰ ਅਸੀਂ ਭਾਵੇਂ ਬਹੁਤ ਸਾਰੇ ਪਹਲੂਆਂ ਤੋਂ ਇਹ ਨਿਰਣਾ ਕਰ ਹੀ ਚੁਕੇ ਹਾਂ ਕਿ ਪੰਜਾਬੀ ਦੀ ਪੁਰਾਣੀ ਲਿਪੀ ਤੇ ਪੰਜਾਬੀ ਲਈ ਢੁਕਵੀਂ ਲਿਪੀ ਇਕੋ ਇਕ ਗੁਰਮੁਖੀ ਹੀ ਹੈ ਪਰ ਫਿਰ ਵੀ ਸ਼ੰਕਾਵਾਦੀਆਂ ਦੀ ਵਧੇਰੇ ਤਸੱਲੀ ਲਈ ਇਸ ਬਾਰੇ ਵਿਦਵਾਨਾਂ ਦੀਆਂ ਕੁਝ ਰਾਵਾਂ ਦਰਜ ਕੀਤੀਆਂ ਜਾਂਦੀਆਂ ਹਨ। ਇਸ ਤੋਂ ਇਸ ਦੇ ਹੋਰ ਗੁਣਾਂ ਤੇ ਵਿਸੇਸ਼ਤਾਈਆਂ ਦਾ ਪਤਾ ਲਗੇਗਾ।

1. ਜੋਜ਼ਫ ਡੇਵਿਡ ਕਨਿੰਘਮ (1848)

'ਇਸ ਸਮੇਂ ਭਾਰਤ ਵਿਚ ਜੋ ਲਿਪੀਆ ਚਾਲੂ ਹਨ, ਗੁਰਮੁਖੀ ਵੀ ਉਨ੍ਹਾਂ ਵਿਚੋਂ ਇਕ ਹੈ ਕਿਉਂਕਿ ਸਿਖ ਗੁਰੂਆਂ ਇਸ ਨੂੰ ਵਰਤੋਂ ਵਿਚ ਲਿਆਂਦਾ, ਇਸ ਲਈ ਇਸ ਨੂੰ ਕਦੇ ਕਦੇ ਗੁਰਮੁਖੀ ਵੀ ਕਿਹਾ ਜਾਂਦਾ ਹੈ ਪਰ ਇਹ ਪੰਜਾਬ ਦੀ ਲਿਪੀ ਦਾ ਹੀ ਦੂਜਾ ਨਾ ਹੈ।'

(ਸਿਖ ਇਤਿਹਾਸ, ਜ਼ਮੀਮਾ 1

2. ਲਾਲਾ ਬਿਹਾਰੀ ਲਾਲ (1867)

'ਪੰਜਾਬੀ ਬੋਲੀ ਵਿਸ਼ੇਸ਼ ਕਰਕੇ ਗੁਰਮੁਖੀ ਅੱਖਰਾਂ ਵਿਚ ਲਿਖੀ ਜਾਂਦੀ ਹੈ। ਏਸੇ ਲਈ ਗੁਰਮੁਖੀ ਦੀ ਬਰਣਮਾਲਾ ਪੈਂਤੀ ਨੂੰ ਪੰਜਾਬੀ ਬਰਣਮਾਲਾ ਕਹਿੰਦੇ ਹਨ।'

(ਪੰਜਾਬੀ ਬਯਾਕਰਣ, ਪੰਨਾ 1

3. ਜੌਹਨ ਬੀਮਜ਼ (1872)

'ਪੰਜਾਬੀ ਲਿਖਣ ਲਈ ਵਰਤੇ ਜਾਣ ਵਾਲੇ ਅੱਖਰ 'ਗੁਰਮੁਖੀ' ਸਦਾਉਂਦੇ ਹਨ।'

(ਏ ਕੰਪੈਰਿਟਿਵ ਗ੍ਰਰਮਰ

‡ਭਾਸ਼ਾ, ਪੰਨਾ 31

Sri Satguru Jagjit Singh Ji eLibrary NamdhariElibrary@gmail.com

4. ਈ. ਪੀ. ਨਿਊਟਨ (1898 ਈ:)

'The language which is spoken with some variation throughout the Punjab and hence called Punjabi, is usually written in what is known as the Gurmukhi character. (ਪੰਨਾ 1

It will be seen that the arrangement of letters here is more systematic than that of the English alphabet'.

(ਪੰਜਾਬੀ ਗ੍ਰਾਮਰ, ਪੰਨਾ 5

5 ਜਾਰਜ ਗ੍ਰੀਅਰਸਨ (1918)

'The Punjabi literature is usually said to be written in Gurmukhi alphabet.....as a matter of fact several languages have been written in Gurmukhi.'

(L S. of India ਜਿਲਦ ਨੌਵੀਂ, ਭਾਗ 1. ਪੰਨਾ 624

6. ਪੰਡਿਤ ਗੌਰੀ ਸ਼ੰਕਰ ਹੀਰਾ ਚੰਦ ਓਝਾ (1918)

'ਪੰਜਾਬ ਦੇ ਮਹਾਜਨਾਂ ਤੇ ਹੋਰ ਮਾਮੂਲੀ ਪੜ੍ਹਿਆਂ ਵਿਚ ਪਹਿਲੇ ਲੰਡਾ ਲਿਪੀ ਪ੍ਰਚਲਤ ਸੀ, ਇਸ ਵਿਚ ਸ਼ੁਧ ਪਾਠ ਨਹੀਂ ਸੀ ਹੁੰਦਾ, ਇਸ ਲਈ ਗੁਰੂ ਅੰਗਦ ਜੀ ਨੈ ਆਪਣੇ ਧਰਮ-ਗ੍ਰੰਥ ਦੀ ਸ਼ੁਧੀ ਲਈ ਸ੍ਵਰਾਂ ਦੇ ਚਿੰਨ੍ਹਾਂ-ਲਗਾਂ ਵਾਲੀ ਨਵੀਂ ਲਿਪੀ ਬਣਾਈ। ਇਸ ਨੂੰ, ਗੁਰਮੁਖੀ ਕਹਿੰਦੇ ਹਨ ਤੇ ਇਸ ਦਾ ਪ੍ਰਚਾਰ ਪੰਜਾਬ ਵਿਚ ਵਧ ਰਿਹਾ ਹੈ।'

(ਪ੍ਰਾਚੀਨ ਭਾਰਤੀਯ ਲਿਪੀ ਮਾਲਾ, ਪੰਨਾ 130

7. ਪ੍ਰੋ: ਦੁਨੀ ਚੰਦ (1924)

'ਪੰਜਾਬੀ ਜ਼ਿਆਦਾ ਗੁਰਮੁਖੀ ਲਿਪੀ ਵਿਚ ਹੀ ਲਿਖੀ ਜਾਂਦੀ ਹੈ। ਗੁਰਮੁਖੀ ਲਿਪੀ ਵਿਚ ਹਿੰਦੀ, ਰਾਜਸਥਾਨੀ ਤੇ ਫ਼ਾਰਸੀ ਆਦਿ ਵੀ ਲਿਖੀਆਂ ਮਿਲਦੀਆਂ ਹਨ ਜਿਵੇਂ ਰੋਮਨ ਲਿਪੀ ਵਿਚ ਅੰਗਰੇਜ਼ੀ ਤੋਂ ਇਲਾਵਾ ਯਰਪ ਦੀਆਂ ਹੋਰ ਬਹੁਤ ਸਾਰੀਆਂ ਬੋਲੀਆਂ ਵੀ ਲਿਖੀਆਂ ਜਾਂਦੀਆਂ ਹਨ।'

(ਪੰਜਾਬੀ ਔਰ ਹਿੰਦੀ ਕਾ ਭਾਸ਼ਾ ਵਿਗਿਆਨ, ਪੰਨਾ 31

8. ਮਾ: ਗਾਂਧੀ

'ਇਸ ਵੇਲੇ ਬੰਗਾਲ ਲਈ ਬੰਗਾਲੀ, ਪੰਜਾਬ ਲਈ ਗੁਰਮੁਖੀ, ਸਿੰਧ ਲਈ ਸਿੰਧੀ, ਉਤਕਲ ਵਾਸਤੇ ਉੜੀਆ, ਗੁਜਰਾਤ ਲਈ ਗੁਜਰਾਤੀ, ਆਂਧਰ ਵਿਚ ਤੈਲਗੂ, ਤਾਮਲਨਾਦ ਵਿਚ ਤਾਮਲ, ਕੇਰਲ ਵਿਚ ਮਲਿਆਲੀ ਤੇ ਕਰਨਾਟਕ ਵਿਚ ਕੰਨੜ ਲਿਪੀ।'

(ਨਵ ਜੀਵਨ 21.7.1927

9. ਮੁਨਸ਼ੀ ਮੌਲਾ ਬਖਸ਼ ਕੁਸ਼ਤਾ (1939)

'ਉਰਦੂ ਵਿਚ ਇਕ ਨੁਕਸ ਹੈ ਕਿ ਪੰਜਾਬੀ ਬੋਲਦੀਆਂ ਅਵਾਜ਼ਾਂ ਨੂੰ ਇਸ ਵਿਚ ਸਹੀ ਤੌਰ ਤੇ ਅਦਾ ਨਹੀਂ ਕੀਤਾ ਜਾ ਸਕਦਾ ਅਰ ਜੇ ਉਨ੍ਹਾਂ ਅਵਾਜ਼ਾਂ ਨੂੰ ਅਦਾ ਕਰਨ ਦਾ ਯਤਨ ਕੀਤਾ ਜਾਏ ਤਾਂ ਪੂਰੀ ਕਾਮਯਾਬੀ ਨਹੀਂ ਹੁੰਦੀ। ਲਿਖਣ-ਸ਼ੈਲੀ ਦਾ ਦੂਜਾ ਢੰਗ ਗੁਰਮੁਖੀ ਅੱਖਰ ਹਨ; ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰਮੁਖੀ ਅੱਖਰਾਂ ਦਾ ਵਰਤਾਉ ਪੰਜਾਬੀ ਬੋਲੀ ਵਾਸਤੇ ਬੜਾ

ਸੁਖਾਲਾ ਤੇ ਆਮ ਫਹਿਮ ਹੈ ਤੇ ਇਸ ਵਿਚ ਜੋੜ ਚੰਗੀ ਤਰ੍ਹਾਂ ਬਣਾਏ ਜਾ ਸਕਦੇ ਹਨ ਤੇ ਅਵਾਜ਼ਾਂ ਪੰਜਾਬੀ ਦੇ ਲਹਿਜੇ ਮੁਤਾਬਕ ਨਕਲ ਕੀਤੀਆਂ ਜਾ ਸਕਦੀਆਂ ਹਨ ।'

(ਪੰਜਾਬ ਦੇ ਹੀਰੇ, ਪੰਨਾ 29

0. ਡਾ: ਬਨਾਰਸੀ ਦਾਸ (1941)

'ਪੰਜਾਬੀ ਲਿਖਣ ਲਈ ਦੇਵਨਾਗਰੀ ਦਾ ਇਸਤੇਮਾਲ ਬਹੁਤ ਘਟ ਹੋਇਆ ਹੈ। ਪੰਜਾਬੀ ਦੀਆਂ ਸਿਰਫ ਪੰਜ ਸੱਤ ਕਿਤਾਬਾਂ ਹੋਣਗੀਆਂ ਜਿਹੜੀਆਂ ਦੋ ਢਾਈ ਸੌ ਬਰਸ ਦੇ ਅੰਦਰ ਦੇਵਨਾਗਰੀ ਹਰਫਾਂ ਵਿਚ ਲਿਖੀਆਂ ਹੋਈਆਂ ਮਿਲਦੀਆਂ ਹਨ । ਪੰਜਾਬੀ ਦੀ ਆਪਣੀ ਲਿਪੀ ਗੁਰਮੁਖੀ ਹੈ। ਏਸ ਲਈ ਇਹਨੂੰ ਪੰਜਾਬੀ ਵੀ ਆਖਦੇ ਹਨ, ਇਸ ਦਾ ਰਿਵਾਜ ਸਿਰਫ ਪੰਜਾਬ ਦੇ ਅੰਦਰ ਹੈ ।' (ਪੰਜਾਬੀ ਜ਼ਬਾਨ ਤੇ ਉਹਦਾ ਲਿਟਰੇਚਰ, ਪੰਨਾ 190

11. ਪੰ: ਅਜੁਧਿਆ ਸਿੰਹ ਉਪਾਧਿਆਇ

'ਪੰਜਾਬੀ ਦੇ ਅੱਖਰ ਰਾਜਪੂਤਾਨੇ ਦੇ ਮਹਾਜਨੀ ਤੇ ਕਸ਼ਮੀਰ ਦੇ ਸ਼ਾਰਦਾ ਅੱਖਰਾਂ ਨਾਲ ਮਿਲਦੇ ਜੁਲਦੇ ਹਨ। ਸੱਲ੍ਹਵੀਂ ਸਦੀ ਵਿਚ ਗੁਰੂ ਅੰਗਦ ਜੀ ਨੇ ਇਸ ਦੀ ਸੁੱਧ ਕੀਤੀ, ਜਿਸ ਦਾ ਸਿਟਾ ਗੁਰਮੁਖੀ ਅੱਖਰ ਹਨ।' (ਹਿੰਦੀ ਭਾਸ਼ਾ ਔਰ ਸਾਹਿਤ ਕਾ ਵਿਕਾਸ, ਪੰਨਾ 44

12. ਪ੍ਰੋ: ਧੀਰੇਂਦਰ ਵਰਮਾ

'ਲੰਡਿਆਂ ਦੀ ਲਿਪੀ ਬਹੁਤ ਅਧੂਰੀ ਸੀ, ਇਸ ਦੇ ਪੜ੍ਹਨ ਵਿਚ ਅੱਖ ਹੁੰਦੀ ਹੈ। ਗੁਰੂਆਂ ਇਸ ਦਾ ਸੁਧਾਰ ਕੀਤਾ, ਇਹ ਸੋਧਿਆ ਰੂਪ ਗੁਰਮੁਖੀ ਹੈ । ਅਜ ਕਲ ਪੰਜਾਬੀ ਬੋਲੀ ਦੀਆਂ ਪੁਸਤਕਾਂ ਇਸੇ ਲਿਪੀ ਵਿਚ ਛਪਦੀਆਂ ਹਨ।' (ਹਿੰਦੀ ਭਾਸ਼ਾ ਔਰ ਲਿਪੀ, ਪੰਨਾ 35

13. ਸੀ ਰਾਮ ਮੂਰਤੀ ਮੇਹਰੋਤਰਾ

'ਨਾਗਰੀ ਤੇ ਗੁਰਮੁਖੀ ਦੇ ਅੱਖਰ ਸੋਹਣੇ ਤੇ ਨਿਸਚਤ ਹੋਣ ਵਿਚ ਸਮਾਨ ਹਨ।' ਲੇਖਕ ਨੇ ਗੁਰਮੁਖੀ ਦੇ ਨਾਗਰੀ ਨਾਲੋਂ ਵੀ ਕਈ ਅੱਖਰ ਵਧ ਸਰਲ, ਸੁੰਦਰ ਤੇ ਨਿਸ਼ਚਤ ਹੋਣ ਦੀ ਸਾਖ ਭਰੀ ਹੈ। (ਲਿਪੀ ਵਿਕਾਸ, ਪੰਨਾ 70

14. ਪੰਡਤ ਕੇਸ਼ਵ ਦੇਵ ਮਿਸਰ

'ਹਿੰਦ ਦੀਆਂ ਪੰਜ ਬੋਲੀਆਂ (ਬੰਗਾਲੀ, ਮਰਾਠੀ, ਗੁਜਰਾਤੀ, ਹਿੰਦੀ ਤੇ ਪੰਜਾਬੀ) ਦੀਆਂ ਲਿਪੀਆਂ ਉਤੇ ਹੀ ਵਿਚਾਰ ਕਰਨੀ ਜ਼ਰੂਰੀ ਹੈ।' ਅਗੇ ਲੇਖਕ ਨੇ ਇਨ੍ਹਾਂ ਲਿਪੀਆਂ ਦਾ ਪਰਸਪਰ ਟਾਕਰਾ ਕਰਦਿਆਂ ਥਾਂ ਥਾਂ ਗੁਰਮੁਖੀ ਦਾ ਵਰਣਨ ਕੀਤਾ ਹੈ।

(ਨਾਗਰੀ ਅੰਕ ਔਰ ਅਕਸ਼ਰ, ਪੰਨਾ 25-35

15. ਬਾਬੂ ਰਾਮ ਸਕਸੈਨਾ

'ਸ਼ਾਰਦਾ ਤੋਂ ਹੀ ਵਰਤਮਾਨ ਕਸ਼ਮੀਰੀ ਤੇ ਟਾਕਰੀ ਲਿਪੀਆਂ ਦੀ ਪੈਦਾਇਸ਼ ਹੋਈ ਤੇ ਗੁਰਮੁਖੀ ਦੇ ਵਧੇਰੇ ਅੱਖਰ ਵੀ ਇਸੇ ਨਾਲ ਮਿਲਦੇ ਹਨ।'

(ਸਾਮਾਨਯ ਭਾਸ਼ਾ ਵਿਗਿਆਨ, ਪੰਨਾ 180

16. ਸ੍ਰੀ ਰਘੂਨੰਦਨ ਸ਼ਾਸਤ੍ਰੀ

'ਪੰਜਾਬ ਦੀ ਬੋਲੀ ਪੰਜਾਬੀ ਹੈ ਤੇ ਇਹ ਗੁਰਮੁਖੀ ਅੱਖਰਾਂ ਵਿਚ ਲਿਖੀ ਜਾਂਦੀ ਹੈ।'

(ਪੰਜਾਬ ਮੇਂ ਹਿੰਦੀ ਕੀ ਪ੍ਰਗਤੀ, ਪੰਨ 50

17. ਸ੍ਰੀ ਦੇਵਿੰਦਰ ਸਤਿਆਰਥੀ

'ਪੰਜਾਬੀ ਭਾਸ਼ਾ ਦੀ ਗੁਰਮੁਖੀ ਲਿਪੀ ਦੀ ਵਰਣਮਾਲਾ 'ਪੈਂਤੀ' ਕਹਾਉਂਦੀ ਹੈ ਕਿਉਂਕਿ ਇਸ ਵਰਣਮਾਲਾ ਦਾ ਕੰਮ 35 ਅੱਖਰਾਂ ਨਾਲ ਹੀ ਚਲਦਾ ਹੈ। ਇਸ ਨੁਕਤੇ ਤੋਂ ਇਹ ਬੜੀ ਸੰਖਿਪਤ ਲਿਪੀ ਹੈ।' ਵੈਸੇ ਇਸ ਲਿਪੀ ਵਿਚ ਪੰਜਾਬੀ ਭਾਸ਼ਾ ਦੀ ਹਰ ਲੋੜ ਦਾ ਧਿਆਨ ਰਖਿਆ ਗਿਆ ਹੈ।' (ਦੇਵਨਾਗਰ, ਤ੍ਰੈਮਾਸਿਕ ਪੱਤ੍ਰ ਪੰਨਾ 20

18. ਪੰਡਿਤ ਕਰਤਾਰ ਸਿੰਘ ਦਾਖਾ

'ਗੁਰਮੁਖੀ ਲਿਪੀ ਦਾ ਪ੍ਰਯੋਜਨ, ਪੰਜਾਬੀ ਨੂੰ ਸਹੀ ਸਹੀ ਲਿਖਣ ਦਾ ਹੈ ਪਰੰਤੂ ਇਸ ਵਿਚ ਦੂਨੀਆਂ ਭਰ ਦੀਆਂ ਬੋਲੀਆਂ ਵੀ ਲੋੜ ਅਨੁਸਾਰ ਸਹੀ ਸਹੀ ਲਿਖੀਆਂ ਜਾ ਸਕਦੀਆਂ ਹਨ।'

(ਸਾਹਿਤ ਸਮਾਚਾਰ, ਮਾਸਕ ਪੱਤਰ ਫਰਵਰੀ 1953

19. ਸ੍ਰੀ ਮਦਨ ਗੋਪਾਲ

'ਦੂਤ ਲਿਖਣ ਦੀ ਬੀਮਾਰੀ ਬੰਗਾਲੀ, ਗੁਜਰਾਤੀ ਤੇ ਮਰਹੱਟੀ ਵਿਚ ਵੀ ਆ ਗਈ ਹੈ। ਇਸ ਨੇ ਹਿੰਦੀ ਨੂੰ ਵੀ ਅੱਖਾ ਕਰ ਰਖਿਆ ਹੈ। ਸਿਰਫ ਗੁਰਮੁਖੀ ਵਾਲੇ ਬਚੇ ਹਨ। ਇਸੇ ਕਰ ਕੇ ਜਿਤਨਾ ਗੁਰਮੁਖੀ ਪੜ੍ਹਨਾ ਅਸਾਨ ਹੈ, ਉਤਨਾ ਹੋਰ ਕੋਈ ਹਿੰਦੁਸਤਾਨੀ ਲਿਖਾਵਟ ਨਹੀਂ... ਗੁਰਮੁਖੀ ਦੇਵਨਾਗਰੀ ਨਾਲੋਂ ਵੀ ਸੌਖੀ ਹੈ। (ਭਾਸ਼ਾ, ਪੰਨਾ 31

20. ਪ੍ਰਿੰਸੀਪਲ ਜੋਧ ਸਿੰਘ

'ਇਕ ਵਿਗਿਆਨ ਮਈ ਲਿਪੀ ਦੀ ਸਿਫਤ ਇਹ ਹੈ ਕਿ ਜੋ ਅੱਖਰ ਲਿਖੇ ਜਾਣ ਉਹ ਇਕ ਤੋਂ ਵਧ ਅਵਾਜ਼ ਦੇ ਲਖਾਇਕ ਨ ਹੋਣ। ਨਾ ਹੀ ਕੋਈ ਅੱਖਰ ਅਜੇਹਾ ਹੋਵੇ ਜੋ ਲਿਖਤ ਵਿਚ ਤਾਂ ਆ ਜਾਵੇ ਪਰ ਉਚਾਰਿਆ ਨ ਜਾਵੇ। ਅਜੇਹੀਆਂ ਲਿਪੀਆਂ ਨੂੰ ਅੰਗਰੇਜ਼ੀ ਵਿਚ Phonetic ਧੁਨਿਕ ਲਿਪੀਆਂ ਆਖਦੇ ਹਨ ਅਤੇ ਗੁਰਮੁਖੀ ਲਿਪੀ ਅਜੇਹੀਆਂ ਲਿਪੀਆਂ ਵਿਚੋਂ ਇਕ ਹੈ। ਗੁਰਮੁਖੀ ਅੱਖਰ ਸਾਦੇ, ਥੋੜੇ ਅਤੇ ਪੰਜਾਬੀ ਬੋਲੀ ਲਈ ਸਭ ਤੋਂ ਵਧੀਕ ਯੋਗ ਹਨ।'

(ਪੰਜਾਬੀ ਦੂਨੀਆਂ, ਪਟਿਆਲਾ ਮਈ 51

21. ਡਾ: ਰਘੁਵੀਰ

'ਪੰਜਾਬੀ ਜਾਂ ਗੁਰਮੁਖੀ ਲਿਪੀ, ਦੇਵਨਾਗਰੀ ਹਿੰਦੀ, ਮਰਾਠੀ, (ਨੇਪਾਲੀ) ਸ਼ਾਰਦਾ, ਤਿਬਤੀ, ਬੰਗਾਲੀ, ਉੜੀਆ, ਨੰਦੀ, ਨਾਗਰੀ, ਗੁਜਰਾਤੀ ਆਦਿ ਵਾਂਙ ਗੁਪਤ ਲਿਪੀ ਦੇ ਰਾਹੀਂ ਪ੍ਰਾਚੀਨ ਬ੍ਰਹਮੀ ਵਿਚੋਂ ਈ ਨਿਕਲੀ ਹੋਈ ਹੈ। ਤੇ ਅਸੀਂ ਜੋ ਕੁਝ ਬੋਲਦੇ ਹਾਂ, ਭਾਰਤ ਵਰਸ਼ ਦੀਆਂ ਹੋਰਨਾਂ ਲਿਪੀਆ ਵਾਂਙ ਏਸ ਲਿਪੀ ਵਿਚ ਵੀ ਓਵੇਂ ਈ ਲਿਖ ਦੇਂਦੇ ਹਾਂ.....। ਸਾਡੇ ਕੋਲ ਆਪਣੀ ਲਿਪੀ ਹੁੰਦਿਆਂ ਸਾਨੂੰ ਕੀ ਲੋੜ ਹੈ ਕਿ ਅਸੀਂ ਦੂਸਰਿਆਂ ਦੇਸਾਂ ਦੀਆਂ ਲਿਪੀਆਂ ਲਈਏ। ਦੂਸਰੇ ਦੇਸ ਦੀ ਲਿਪੀ ਗ੍ਰਹਿਣ ਕਰਨ ਦੀਆਂ ਹਾਨੀਆਂ ਉਤੇ ਅਸੀਂ ਲੋਕ ਵਿਚਾਰ

ਨਹੀਂ ਕਰਦੇ । ਏਸ ਦਾ ਸਿਟਾ ਇਹ ਹੈ ਕਿ ਬਿਦੇਸੀ ਭਾਸ਼ਾਵਾਂ ਦੇ ਸ਼ਬਦ ਸਾਡੀ ਆਪਣੀ ਭਾਸ਼ਾ ਦੇ ਸ਼ਬਦਾਂ ਦੀ ਥਾਂ ਮੱਲਦੇ ਜਾਂਦੇ ਹਨ ਤੇ ਦੇਸੀ ਭਾਸ਼ਾ ਨੂੰ ਮਨ ਦੇ ਭਾਵ ਪ੍ਰਗਟ ਕਰਨ ਦੇ ਅਸਮਰਥ ਕਰਦੇ ਜਾਂਦੇ ਹਨ । ਇਹ ਵਿਸ਼ਯ ਪੰਜਾਬੀ ਬੋਲੀ ਦੀ ਉਨਤੀ ਲਈ ਜੀਵਨ ਮਾਰਨ ਦਾ ਪ੍ਰਸ਼ਨ ਹੈ । [8 ਪੰਨਾ

'ਬਾਰ੍ਹਵੀ ਬਿ: ਸਦੀ ਤੋਂ ਲੈ ਕੇ ਸੋਲ੍ਹਵੀਂ ਸਦੀ ਦੇ ਅੰਤ ਤੀਕਰ ਪੰਜਾਬੀ ਲਿਪੀ ਨੇ ਆਪਣਾ ਹੁਣ ਵਾਲਾ ਰੂਪ ਅਵਸ਼ ਗ੍ਰਹਿਣ ਕਰ ਲਿਆ ਹੋਵੇਗਾ ਭਾਵੇਂ ਉਸ ਸਮੇਂ ਦੇ ਸਾਨੂੰ ਕੋਈ ਲੇਖ ਨਹੀਂ ਮਿਲਦੇ । ਤਾਂ ਵੀ ਸਾਡਾ ਨਿਸਚਾ ਹੈ ਕਿ ਇਨ੍ਹਾਂ ਸਦੀਆਂ ਵਿਚ ਬਪਾਰੀ ਲੋਕ ਏਸ ਲਿਪੀ ਨੂੰ ਆਪਣੇ ਲੇਖੇ ਪੱਤੇ ਲਈ ਵਰਤਦੇ ਰਹੇ ।' [70 ਪੰਨਾ

'ਭਾ: ਕਾਨ੍ਹ ਸਿੰਘ ਨਾਭਾ ਨਿਵਾਸੀ ਦਾ ਇਹ ਕਥਨ 'ਪੰਜਾਬੀ ਬੋਲੀ ਦੀ ਵਰਣਮਾਲਾ ਸਾਰਦਾ ਅਤੇ ਟਾਕਰੀ ਤੋਂ ਨਿਕਲੀ ਹੈ' ਠੀਕ ਨਹੀਂ । ਪੰਜਾਬੀ ਲਿਪੀ ਦਾ ਵਿਕਾਸ ਸਾਰਦਾ ਅਤੇ ਟਾਕਰੀ ਦੇ ਨਾਲੋ ਨਾਲ ਪ੍ਰਾਚੀਨ ਲਿਪੀਆਂ ਵਿਚੋਂ ਹੋਇਆ ਹੈ ।... ..ਪੰਜਾਬੀ ਦੇ ਕਈ ਅੱਖਰ ਟਾਕਰੀ ਜਾਂ ਸਾਰਦਾ ਨਾਲ ਨਹੀਂ ਮਿਲਦੇ ਪਰ ਪ੍ਰਾਚੀਨ ਲਿਪੀਆਂ ਦੇ ਅੱਖਰਾਂ ਨਾਲ ਮਿਲਦੇ ਹਨ । [71 ਪੰਨਾ, ਪੰਜਾਬੀ ਪ੍ਰਕਾਸ਼ (ਮਾਸਕ ਪੱਤ੍ਰ) ਜੂਨ 1936

Sri Satguru Jagjit Singh Ji eLibrary NamdhariElibrary@gmail.com

ਚੌਥਾ ਭਾਗ

ਪੰਜਾਬੀ ਦਾ ਖਜ਼ਾਨਾ

(1) ਪੰਜਾਬੀ ਸਾਹਿੱਤ

ਜਿਵੇਂ ਬ੍ਰਿਛ ਬੂਟਿਆਂ ਤੋਂ ਵੇਲਾਂ ਦੀ ਪਛਾਣ ਉਨ੍ਹਾਂ ਦੇ ਫੁਲਾਂ ਫਲਾਂ ਤੋਂ ਹੁੰਦੀ ਹੈ ਤਿਵੇਂ ਕਿਸੇ ਬੋਲੀ ਦੀ ਉਚਤਾ ਤੇ ਵਡਿਆਈ ਸਾਹਿਤ ਤੋਂ ਪਰਖੀ ਜਾਂਦੀ ਹੈ। ਸਾਹਿਤ ਬਗੈਰ ਬੋਲੀ ਬਾਂਝ ਹੈ। ਬੋਲ ਚਾਲ ਵਿਚ ਆਉਣ ਵਾਲੀਆਂ ਬੋਲੀਆਂ ਤਾਂ ਬਹੁਤ ਹਨ ਪਰ ਸਾਹਿਤਕ ਸ਼ਾਨ ਨਾਲ ਜਗਮਗਾਉਣ ਵਾਲੀਆਂ ਵਿਰਲੀਆਂ ਹੀ ਹਨ। ਭਾਵੇਂ ਕੋਈ ਬੋਲੀ ਕਰੋੜਾਂ ਬੁਲਾਰਿਆਂ ਦੇ ਦਿਲਾਂ ਦੀ ਮਲਕਾ ਵੀ ਹੋਵੇ ਪਰ ਬਿਨਾਂ ਕਿਸੇ ਕਾਲੀਦਾਸ, ਸ਼ੈਕਸਪੀਅਰ ਜਾਂ ਵਾਰਸ ਦੇ ਉਹ 'ਰਾਣੀ' ਨਹੀਂ ਬਣਦੀ। ਬੁਧੀਵਾਨ ਸਾਹਿਤਕਾਰ ਜ਼ਿੰਦਗੀ ਦੇ ਅਮਰ ਸਿਧਾਂਤਾਂ ਜਾਂ ਭਾਵਾਂ ਨੂੰ ਬੋਲੀ ਵਿਚ ਨਗੀਨੇ ਵਾਂਙ ਜੜ ਦੇਂਦਾ ਹੈ ਤੇ ਇਹੋ ਸੁਹਜ-ਸੁਆਦ ਭਰਿਆ ਸ਼ੁੰ-ਪ੍ਰਗਟਾਵਾ ਸਾਹਿਤ ਬਣ ਨਿਖਰਦਾ ਹੈ ਜੋ ਧਰਤੀ ਨੂੰ ਗਗਨਾਂ ਨੇ ਤੇ ਗਗਨਾਂ ਨੂੰ ਧਰਤੀ ਉਤੇ ਲੈ ਆਉਂਦਾ ਹੈ। ਇਉਂ ਹੋਣ ਨਾਲ ਸਾਹਿਤ ਬੋਲੀ ਨੂੰ ਚਮਕਾਉਂਦਾ ਤੇ ਬੋਲੀ ਸਾਹਿਤ ਨੂੰ। ਦੋਵੇਂ ਪਰਸਪਰ ਇਸ ਤਰ੍ਹਾਂ ਓਤਪੋਤ ਹੋ ਜਾਂਦੇ ਹਨ ਕਿ ਇਨ੍ਹਾਂ ਨੂੰ ਨਿਖੇੜਨਾ ਅਸੰਭਵ ਜੇਹਾ ਹੋ ਜਾਂਦਾ ਹੈ।

ਪੰਜਾਬੀ ਬੋਲੀ ਆਪਣੀ ਸਾਹਿਤਕ ਅਮੀਰੀ ਕਾਰਣ ਹਿੰਦ ਦੀ ਕਿਸੇ ਸੂਬਕ ਬੋਲੀ ਤੋਂ ਘੱਟ ਨਹੀਂ, ਸਗੋਂ ਕਈਆਂ ਤੋਂ ਵਧ ਹੀ ਹੈ। ਇਸ ਦਾ ਕਾਰਣ ਹੈ, ਇਸ ਦਾ ਅਮੀਰ ਪਿੱਛਾ। ਪੰਜਾਬ, 'ਸਾਹਿਤ' ਦੀ ਜਨਮ ਭੂਮੀ ਹੈ ਕਿਉਂਕਿ ਦੁਨੀਆਂ ਦਾ ਸਭ ਤੋਂ ਪ੍ਰਾਚੀਨ ਸਾਹਿਤ-ਵੇਦ ਇਥੇ ਹੀ ਪੈਦਾ ਹੋਇਆ। ਸੋ ਪੰਜਾਬੀਆਂ ਨੂੰ ਤੇ ਪੰਜਾਬੀ ਬੋਲੀ ਨੂੰ ਇਹ ਸਾਹਿਤਕ ਗੌਰਵ ਵਿਰਸੇ ਵਿਚ ਮਿਲਿਆ।

ਪੰਜਾਬੀ ਮਾਂ ਦਾ ਜਾਇਆ—ਹਰ ਬਾਲਕ, ਨੱਢਾ, ਮੁਟਿਆਰ ਬੁੱਢੀ ਬੁੱਢਾ ਸਾਹਿਤਕ ਸਰੋਦ ਵਿਚ ਆਪਣੀ ਜ਼ਿੰਦਗੀ ਬਿਤਾਉਂਦਾ ਹੈ। ਲੋਰੀਆਂ ਕਿਕਲੀਆਂ ਵਿਚ ਜੰਮਿਆ ਪਲਿਆ ਤੇ ਘੋੜੀਆਂ, ਸੋਹਲਿਆਂ ਵਿਚ ਵਡਾ ਹੋਇਆ ਪੰਜਾਬੀ, ਅਲਾਹ ਲੈਆਂ ਦੇ ਵੈਣਾਂ ਵਿਚ ਆਪਣੀ ਸੰਸਾਰ—ਯਾਤਰਾ ਪੂਰੀ ਕਰਦਾ ਹੈ। ਕੋਈ ਘੜੀ ਨਹੀਂ ਜਦ ਉਸ ਦੇ ਬੁੱਲ੍ਹ ਕੁਝ ਗੁਣਗੁਣਾ ਨ ਰਹੇ ਹੋਣ। ਇਸ ਗੁਣਗੁਣਾਉਣ ਵਿਚ ਜ਼ਿੰਦਗੀ ਦੇ ਅਨੰਤ ਰਾਜ ਛੁਪੇ ਹੁੰਦੇ ਹਨ ਜੋ ਉਸ ਦੇ ਬੋਲਾਂ ਨੂੰ 'ਸਾਹਿਤ ਬਣਾਉਂਦੇ ਜਾਂਦੇ ਹਨ। ਇਉਂ ਪੰਜਾਬੀ ਲੋਕ-ਸਾਹਿਤ ਦੀ ਧਾਰਾ ਤਾਂ ਬੜੇ ਚਿਰਾਂ ਤੋਂ ਵਗਦੀ ਆ ਰਹੀ ਹੈ ਤੇ ਬੜੀ ਪੁਰਾਣੀ ਹੈ। ਇਸ ਵਿਚ ਹਜ਼ਾਰਾਂ ਲੋਕ—ਗੀਤ, ਬੋਲੀਆਂ, ਟੱਪੇ, ਛੰਦ, ਸਿਠਣੀਆਂ, ਲੋਕ ਬੁਝਾਰਤਾਂ, ਲੋਕ-ਵਾਰਤਾਂ—ਬਾਤਾਂ ਤੇ ਲੋਕ-ਅਖਾਣ ਜੰਗਲੀ ਫੁਲਾਂ ਵਾਂਙ ਖਿੜਦੇ ਵਿਗਸਦੇ ਆਏ ਹਨ; ਇਨ੍ਹਾਂ ਦੇ ਮਾਲੀ ਹਨ ਲੋਕ। ਇਨ੍ਹਾਂ ਤੋਂ

Sri Satguru Jagjit Singh Ji eLibrary NamdhariElibrary@gmail.com

ਇਲਾਵਾ ਸਾਹਿਤਕ ਬਾਗਬਾਨੀ ਦੇ ਜਾਣਕਾਰਾਂ ਹੋਰ ਵੀ ਸੈਂਕੜੇ ਬਾਗ ਲਾ ਕੇ ਆਪਣੀ ਬੋਲੀ ਨੂੰ ਮਨੋਹਰ ਫਲਾਂ ਫੁਲਾਂ ਨਾਲ ਭਰਿਆ ਹੈ। ਜਿਨ੍ਹਾਂ ਦਰਸ਼ਕਾਂ ਇਨ੍ਹਾਂ ਬਾਗਾਂ ਨੂੰ ਨਹੀਂ ਤੱਕਿਆ, ਉਹ ਪੰਜਾਬੀ ਉਤੇ 'ਸਾਹਿਤਕ ਗਰੀਬੀ' ਦਾ ਦੋਸ਼ ਲਾਉਂਦੇ ਹਨ, ਜੋ ਠੀਕ ਨਹੀਂ। ਇਸ ਲਈ ਤਾਂ ਪ੍ਰਾਚੀਨ ਤੇ ਨਵੀਨ ਸਾਹਿਤ ਦਾ ਭੰਡਾਰ ਦੇਖਣਾ ਹਿਤਕਾਰੀ ਹੈ। ਹੁਣ ਪੰਜਾਬੀ, ਸਾਹਿਤ ਤੋਂ ਇਲਾਵਾ ਸਿਖਿਆ ਤੇ ਰਾਜ ਪ੍ਰਬੰਧ ਦੇ ਖੇਤਰ ਵਿਚ ਵੀ ਆਪਣਾ ਯੋਗ ਸਥਾਨ ਪ੍ਰਾਪਤ ਕਰ ਰਹੀ ਹੈ, ਇਸ ਨਾਲ ਸਾਹਿਤ ਦਾ ਹੋਰ ਵਿਕਾਸ ਹੋਣਾ ਜ਼ਰੂਰੀ ਹੈ।

ਪੰਜਾਬੀ ਸਾਹਿਤ ਦੀਆਂ ਵਿਸ਼ੇਸ਼ਤਾਈਆਂ ਧਿਆਨ ਗੋਚਰੇ ਕਰਨੀਆਂ ਜ਼ਰੂਰੀ ਹਨ, ਜੋ ਕਿ ਕੁਝ ਕੁ ਇਉਂ ਗਿਣੀਆਂ ਜਾ ਸਕਦੀਆਂ ਹਨ :—

1. ਹੜੱਪਾ ਸੰਸਕ੍ਰਿਤੀ ਤੇ ਰਿਗਵੇਦਕ ਸੰਸਕ੍ਰਿਤੀ ਦਾ ਵਾਰਿਸ ਅਤੇ ਸਰਸ੍ਵਤੀ ਦੇਵੀ ਦਾ ਹਮਵਤਨ (ਜਾਂ ਸਹੋਦਰ) ਪੰਜਾਬੀ ਸਾਹਿੱਤ, ਵਿਸ਼ਵ ਵਿਆਪਕ ਸੱਤਾਂ ਦੇ ਗੀਤਾਂ ਨਾਲ ਗੂੰਜਦਾ ਮਨੁਖ ਨੂੰ ਮੁੱਢ ਤੋਂ ਮਸਤੀ ਤੇ ਸ਼ਾਂਤੀ ਦਿੰਦਾ ਆਇਆ ਹੈ। ਇਸ ਵਿਚ ਅਜੇਹੇ ਜੀਵਨ-ਤੱਤ ਮੌਜੂਦ ਹਨ, ਜੋ ਜ਼ਿੰਦਗੀ ਦੀ ਟੇਕ ਬਣੇ ਰਹੇ ਹਨ।

2. ਇਹ ਸਾਹਿਤ ਲੋਕ-ਜੀਵਨ ਤੇ ਲੋਕ-ਰੁਚੀਆਂ ਦਾ ਦਰਪਣ ਹੈ। ਇਸ ਵਿਚ (ਸੰਸਕ੍ਰਿਤ ਵਾਂਙ) ਕਲਪਤ ਵਡੇਰਿਆਂ ਦੇ ਸਤੋਤਰ ਜਾਂ (ਫਾਰਸੀ ਵਾਂਙ) ਅਮੀਰਾਂ ਦੇ ਕਸੀਦੇ ਲਿਖਣ ਦੀ ਥਾਂ ਜਨ-ਸਾਧਾਰਣ ਦੇ ਜੀਵਨ ਨੂੰ ਚਿਤਰਿਆ ਗਿਆ ਹੈ। ਕੀ ਅਧਿਆਤਮਕ, ਤੇ ਕੀ ਸੰਸਾਰੀ ਇਹ ਸਾਹਿਤ ਵਧੇਰੇ ਲੋਕਵਾਦੀ ਹੈ।

3. ਪ੍ਰਕ੍ਰਿਤੀ-ਚਿਤ੍ਰਣ ਇਸ ਦਾ ਇਕ ਹੋਰ ਖ਼ਾਸਾ ਹੈ ਜੋ ਜਿਥੇ ਇਸ ਨੂੰ ਸੁਹਜਵਾਨ ਬਣਾਉਂਦਾ ਹੈ, ਉਥੇ ਪਾਠਕ ਦੀ ਵੀ ਸੁਹਜ-ਤ੍ਰਿਪਤੀ ਕਰਦਾ ਹੈ।

4. ਗੁਰੂਆਂ ਸੰਤਾਂ, ਭਗਤਾਂ ਅਤੇ ਸੂਫੀ ਦਰਵੇਸ਼ਾਂ ਦਾ ਰਚਿਆ ਇਹ ਸਾਹਿਤ ਏਕਤਾ, ਸਾਂਝੀਵਾਲਤਾ ਤੇ ਪਰੇਮ ਦਾ ਸੁਨੇਹਾ ਦੇਣ ਵਾਲਾ ਹੈ। ਵਿਸ਼ਵ-ਸਾਂਝ ਅਤੇ ਮਨੁਖੀ ਏਕਤਾ ਇਸ ਦੇ ਮੁਢਲੇ ਨਿਸ਼ਾਨੇ ਰਹੇ ਹਨ।

5. ਇਹ ਸਾਹਿਤ ਆਦਰਸ਼ਵਾਦ ਤੇ ਯਥਾਰਥਵਾਦ ਦਾ ਅਨੋਖਾ ਸੰਗਮ ਹੈ। ਆਤਮ ਮੰਡਲ ਦੇ ਅਸਮਾਨੀ ਦ੍ਰਿਸ਼ ਚਿਤਰਦਿਆਂ ਘਰੇਲੂ ਉਪਮਾਵਾਂ ਤੇ ਰੂਪਕਾਂ ਰਾਹੀਂ ਧਰਤੀ ਦਾ ਰੰਗ ਭਰਿਆ ਗਿਆ ਹੈ ਅਤੇ ਧਰਤੀ ਦੀ ਝਾਕੀ ਦਰਸਾਂਦਿਆਂ ਗਗਨੀ ਨਜ਼ਾਰੇ ਹੇਠ ਉਤਾਰੇ ਗਏ ਹਨ।

ਇਸ਼ਕ ਹਕੀਕੀ ਵਿਚ ਇਸ਼ਕ ਮਜ਼ਾਜੀ ਦਾ ਰੰਗ (ਅਧਿਆਤਮਕ ਕਾਵਿ ਵਿਚ ਸ਼ਿੰਗਾਰੀ ਅਲੰਕਾਰਾਂ ਰਾਹੀਂ) ਅਤੇ ਇਸ਼ਕ ਮਜ਼ਾਜੀ ਵਿਚ ਇਸ਼ਕ ਹਕੀਕੀ ਦਾ ਜੌਹਰ (ਜਿਵੇਂ ਹੀਰ ਵਾਰਸ ਵਿਚ 'ਹੀਰ ਰੂਹ ਤੇ ਚਾਕ ਕਲਬੂਤ ਜਾਣੋ' ਆਦਿ) ਦਿਖਾਇਆ ਗਿਆ ਹੈ।

6. ਇਸ ਦੀ ਇਕ ਹੋਰ ਵਿਸ਼ੇਸ਼ਤਾ ਬੌਧਿਕ ਪਰਕਾਸ਼ ਹੈ, ਜਿਸ ਰਾਹੀਂ ਅਨੇਰੇ ਖੂੰਜਿਆਂ ਨੂੰ ਭਰਮ ਭੁਲੇਖੇ ਤੇ ਵਹਿਮ ਸ਼ੰਕੇ ਮੇਟਕੇ ਨੂਰੋ-ਨੂਰ ਕੀਤਾ ਗਿਆ ਹੈ। ਗੁਰੂ-ਬਾਣੀ, ਸੰਤ ਬਾਣੀ ਤੇ ਸੂਫੀ ਬਾਣੀ ਇਸ ਦਾ ਪਰਮਾਣ ਹਨ।

7. ਬਹੁ-ਭਾਂਤਾ ਮਨੋਵਿਗਿਆਨਕ ਵਿਸ਼ਲੇਸ਼ਣ ਵੀ ਇਸ ਦਾ ਵਿਸੇਸ਼ ਅੰਗ ਹੈ ਜਿਵੇਂ ਗੁਰੂ ਗ੍ਰੰਥ ਸਾਹਿਬ ਤੇ ਕਿੱਸਾ-ਸਾਹਿਤ ਵਿਚ ਮਨੁਖੀ ਚਰਿਤਰ ਦਾ ਅਨੇਕ ਪਰਕਾਰੀ ਚਿਤ੍ਰਣ।

8. ਅਟੱਲ ਸਚਾਈਆਂ ਦੀ ਮੌਨਾਕਾਰੀ ਕਾਰਨ ਇਹ ਸਾਹਿਤ ਸਦਾਚਾਰਕ ਸਿਖਿਆ ਦਾ ਭੰਡਾਰ ਹੈ।

9. ਨਿਰਾ ਉਪਦੇਸ਼ਾਤਮਕ ਵੀ ਨਹੀਂ, ਆਪਣੇ ਕਲਾਮਈ ਗੁਣਾਂ ਨਾਲ ਭੂਸ਼ਿਤ ਹੋਇਆ ਸੁਹਜਵੰਤ ਤੇ ਰੂਪਵੰਤ ਵੀ ਹੈ।

10. ਚਾਹੇ ਇਹ ਅਧਿਆਤਮਕ ਹੈ ਚਾਹੇ ਕਿੱਸਾ ਸਾਹਿੱਤ, ਇਸ ਦੇ ਮੁਖੀ ਪੱਖ ਸਦਾ ਅੱਗਰਗਾਮੀ ਰੁਚੀਆਂ ਨੂੰ ਬਲਵਾਨ ਤੇ ਉਤਸ਼ਾਹਤ ਕਰਦੇ ਰਹੇ ਹਨ। ਗੁਰੂਆਂ ਦੀ ਜਾਗ੍ਰਤੀ ਲਹਿਰ ਸਦਕੇ ਬਾਕੀ ਭਾਰਤ ਨਾਲੋਂ ਇਥੇ ਆਜ਼ਾਦੀ ਦੇ ਭਾਵ ਪਹਿਲਾਂ ਤੇ ਪ੍ਰਬਲ ਰੂਪ ਵਿਚ ਪ੍ਰਗਟ ਹੋਏ, ਇਸੇ ਕਰਕੇ ਇਥੋਂ ਦੇ ਸਾਹਿਤ ਦੀ ਪਰਧਾਨ ਰੁਚੀ ਪ੍ਰਗਤੀਵਾਦੀ ਹੈ।

11. ਇਹ ਸਾਹਿਤ ਵਕਤੀ ਮਸਲੇ ਲੈ ਕੇ ਵੀ ਅਮਰ ਤੱਤਾਂ ਦਾ ਪੱਲਾ ਨਹੀਂ ਛਡਦਾ, ਇਹੋ ਖ਼ੂਬੀ ਇਸ ਦੀ ਹਸਤੀ ਨੂੰ ਚਿਰੈਜੀਵ ਬਣਾਂਦੀ ਹੈ।

12. ਸੰਸਕ੍ਰਿਤ ਦਾ ਭਾਰਤੀ ਆਤਮ ਗਿਆਨ, ਫ਼ਾਰਸੀ ਦਾ ਈਰਾਨੀ ਰੋਮਾਂਟਿਕ ਰੰਗ ਤੇ ਅਗਰੇਜ਼ੀ ਸਾਹਿਤ ਵਾਲੀ ਤਰਲ ਚੇਤਨਤਾ ਇਸ ਦਾ ਗੌਰਵਮਈ ਸਰੂਪ ਸਿਰਜ ਰਹੇ ਹਨ।

13. ਬਾਵਜੂਦ ਪਰੰਪਰਾਈ ਸੰਸਕ੍ਰਿਤ ਪ੍ਰਭਾਵਾਂ, ਅਰਬੀ ਫਾਰਸੀ ਅਸਰਾਂ ਅਤੇ ਅੰਗ੍ਰੇਜ਼ੀ ਪਰਛਾਵਿਆਂ ਦੇ ਇਸਦਾ ਅਪਭ੍ਰੰਸ਼ ਵਾਲਾ ਘਰੇਲੂ ਰੰਗ ਇਕ ਵੱਖਰੀ ਛਬ ਬੰਨ੍ਹਦਾ ਇਸ ਦੇ ਨਿਜਤਵ ਨੂੰ ਵਿਲਖਣ ਬਣਾ ਰਿਹਾ ਹੈ।

14. ਇਤਿਹਾਸਕ ਤੇ ਪੁਰਾਣਕ ਹਵਾਲੇ ਜਿਥੇ ਇੰਸ ਨੂੰ ਬੀਤੇ ਦੀ ਪਰੰਪਰਾ ਨਾਲ ਜੋੜ ਕੇ ਸ਼ਕਤੀਵਾਨ ਬਣਾਂਦੇ ਹਨ, ਉਥੇ ਅੱਗਰਗਾਮੀ ਅੰਸ਼ ਇਸ ਨੂੰ ਆਧੁਨਿਕਤਾ ਨਾਲ ਵੀ ਜੋੜ ਰਹੇ ਹਨ।

15. ਨ ਨਿਰਾ ਸਿਧਾਂਤ ਦਾ ਜ਼ੋਰ ਹੈ, ਨ ਬਾਹਰਲੀ ਸ਼ੋਖੀ ਦਾ, ਨ ਖ਼ਿਆਲ ਦੀ ਕਮਜ਼ੋਰੀ ਹੈ ਨ ਕਲਾ ਦੀ ਘਾਟ, ਸਗੋਂ ਵਿਸ਼ੇ-ਵਸਤੂ ਤੇ ਰੂਪ ਨੂੰ ਸਾਵਾਂ ਰਖ ਕੇ ਇਸ ਦੀ ਕੰਚਨ ਕਾਇਆ ਬਣਾਈ ਗਈ ਹੈ।

16. ਇਸ ਦਾ ਵਿਆਪਕ ਆਚਰਣ ਸਾਮੂਹਕ ਰੰਗ ਵਾਲਾ ਹੈ ਤੇ ਇਸ ਦਾ ਨਿਜੀ ਰੰਗ ਇਸ ਨੂੰ ਮਾਰਮਿਕ ਬਣਾਂਦਾ ਹੈ ਫਿਰ ਰੀ ਪੰਜਾਇਤੀ ਗੁਣ ਇਸ ਦਾ ਵਿਸ਼ੇਸ਼ ਵਿਰਸਾ ਹਨ।

17. ਪੰਜਾਬੀ ਲੋਕਾਂ ਤੇ ਪੰਜਾਬੀ ਬੋਲੀ ਦੇ ਖੁਲ੍ਹਾਂ-ਭਰੇ ਆਚਰਣ ਵਾਂਙ ਇਹ ਸਾਹਿਤ ਕਿਸੇ ਨਵਾਬੀ ਕੈਦ ਦਾ ਪਾਬੰਦ ਨਹੀਂ, ਇਹ ਰਵਾਇਤੀ ਵਿਚਾਰ-ਲੀਹਾਂ ਤੇ ਛੰਦ-ਲੀਹਾਂ ਨੂੰ ਤਿਆਗ ਕੇ ਖੁਲ੍ਹੇ ਮੈਦਾਨੀਂ ਵਿਚਰਦਾ ਇਕ ਸੈਲਾਨੀ ਚਰਿਤਰ ਪੇਸ਼ ਕਰਦਾ ਹੈ, ਜੋ ਕਿ ਆਧੁਨਿਕਤਾ ਦਾ ਪ੍ਰਮਾਣਿਤ ਵਿਸ਼ੇਸ਼ ਲੱਛਣ ਹੈ।

18. ਸੰਸਕ੍ਰਿਤ, ਹਿੰਦੀ ਤੇ ਫਾਰਸੀ ਦੇ ਕਾਵਿ-ਰੂਪ ਕਸੀਦਾ, ਸਤੋਤਰ, ਭਜਨ, ਬਬਦ ਬਾਰਾਂਮਾਹ, ਕਾਫ਼ੀ, ਸੀਹਰਫੀ, ਗਜ਼ਲ) ਛੰਦਾਬੰਦੀ (ਦਵਈਆ, ਰੁਬਾਈ, ਬੈਂਤ, ਕਬਿੱਤ, ਸੌਨਟ) ਤੇ ਆਲੰਕਾਰਕ ਬਿਆਨ ਇਸ ਦਾ ਰੂਪਕ ਗੁਲਦਸਤਾ ਐਸਾ ਸਜਾਉਂਦੇ ਹਨ ਕਿ ਇਹ ਵੰਨ ਸੁਵੰਨੇ ਆਰਿਆਈ ਸਾਹਿਤ ਦਾ ਸੰਗਮ ਲਗਦਾ ਹੈ।

19. ਪ੍ਰਾਚੀਨ ਪੰਜਾਬੀ ਸਾਹਿੱਤ ਵਧੇਰੇ ਰਾਗਾਂ ਵਿਚ ਹੋਣ ਕਰਕੇ ਸਰੋਦੀ ਲੈ ਦਾ ਧਾਰਨੀ ਹੈ ਤੇ ਇਸ ਦਾ ਨਵਾਂ ਗੀਤ-ਸਾਹਿਤ ਵੀ ਇਸੇ ਗੁਣ ਨੂੰ ਉਜਾਗਰ ਕਰ ਰਿਹਾ ਹੈ।

20. ਇਸ ਵਿਚ ਜਿਥੇ ਪ੍ਰਾਚੀਨ ਸਾਹਿਤ ਦੇ ਰੂਪ-ਮਹਾਂਕਾਵਿ, ਖੰਡ ਕਾਵਿ (ਜਪੁ), ਬੀਰ ਕਾਵਿ (ਵਾਰ), ਮਸਨਵੀ ਤੇ ਕਿੱਸੇ ਮਿਲਦੇ ਹਨ, ਉਥੇ ਆਧੁਨਿਕ ਸਾਹਿਤ ਦੇ ਅਨੇਕ-ਭਾਂਤੀ ਰੂਪ—ਕਹਾਣੀ, ਨਾਵਲ, ਨਾਟਕ, ਜੀਵਨੀ, ਸਫ਼ਰਨਾਮੇ ਤੇ ਲੇਖ ਨਿਬੰਧ ਆਦਿ ਵੀ ਪ੍ਰਾਪਤ ਹਨ।

(2) ਪੰਜਾਬੀ ਪੱਤਰਕਾਰੀ

ਜੀਵਨ ਦੀਆਂ ਨਿਤ-ਵਰਤਦੀਆਂ ਘਟਨਾਵਾਂ ਨੂੰ ਜਿਉਂ ਦਾ ਤਿਉਂ ਜਾਂ ਟੀਕਾ ਟਿਪਣੀ ਸਮੇਤ ਪੱਤਰ ਦੁਆਰਾ ਬਿਆਨਣ ਦਾ ਨਾਂ ਪੱਤਰਕਾਰੀ ਹੈ । ਪਰੰਤੂ ਹੁਣ ਪੱਤਰਕਾਰੀ ਸਮਾਚਾਰਾਂ ਜਾਂ ਸਮਾਚਾਰਾਂ ਦੀ ਆਲੋਚਨਾ ਤਕ ਸੀਮਤ ਨਹੀਂ ਰਹੀ; ਜੀਵਨ ਦੀਆਂ ਹਰ ਪਾਸੇ ਦੀਆਂ ਗੰਭੀਰ ਖੋਜਾਂ ਵੀ ਇਸ ਦੇ ਘੇਰੇ ਵਿਚ ਆ ਗਈਆਂ ਹਨ । ਮਨੁਖ ਆਪਣੇ ਵੀਚਾਰਾਂ ਦਾ ਪ੍ਰਚਾਰ ਚਾਹੁੰਦਾ ਹੈ । ਲੋਕ-ਰਾਜੀ ਯੁਗ ਵਿਚ ਚੂੰਕਿ ਲੋਕ-ਰਾਇ ਦੀ ਸਭ ਤੋਂ ਵਧ ਮਹੱਤਤਾ ਮੰਨੀ ਜਾਂਦੀ ਹੈ, ਇਸ ਲਈ ਪੱਤਰਾਂ ਨੂੰ ਲੋਕ-ਰਾਇ ਘੜਨ ਲਈ ਸਭ ਤੋਂ ਵਧੀਆ ਹਥਿਆਰ ਬਣਾ ਕੇ ਵਰਤਿਆ ਜਾਂਦਾ ਹੈ ਤੇ ਇਸੇ ਰਾਜਨੀਤਕ ਮਦਦ ਨੇ ਪੱਤਰਕਾਰੀ ਨੂੰ ਅਸਮਾਨੀਂ ਚਾੜ੍ਹ ਦਿਤਾ ਹੈ ।‡

ਸਭ ਤੋਂ ਪਹਿਲਾਂ ਚੀਨ ਵਿਚ ਪੱਤਰਕਾਰੀ ਦਾ ਮੁਢ ਬੱਝਾ । ਛਾਪੇ ਦਾ ਮੋਢੀ ਵੀ ਚੀਨ ਹੀ ਹੈ ਇਨ੍ਹਾਂ 1041—48 ਵਿਚ ਛਾਪੇ ਖਾਨੇ ਦੀ ਜੁਗਤ ਤੋਰੀ । ਚੀਨ ਦਾ ਪੁਰਾਣਾ ਅਖਬਾਰ 'ਕਿੰਗ ਚਾਉ' ਸੀ, ਜੋ ਡੇਢ ਹਜ਼ਾਰ ਵਰ੍ਹਾ ਲਗਾਤਾਰ ਚਲਦਾ ਰਿਹਾ । ਇਸ ਤੋਂ ਬਾਦ 'ਪੈਕਟ ਗਜ਼ਟ' ਦਾ ਨਾਂ ਆਉਂਦਾ ਹੈ, ਜੋ ਉਥੇ ਇਕ ਹਜ਼ਾਰ ਵਰ੍ਹੇ ਤੋਂ ਚਾਲੂ ਹੈ ।+ ਚੀਨ ਤੋਂ ਸਿਖਿਆ ਲੈ ਕੇ 1285 ਵਿਚ ਯੂਰਪ ਵਾਲਿਆਂ ਲੱਕੜ ਦੇ ਠੱਪੇ ਦਾ ਢੰਗ ਤੋਰਿਆ । 1439 ਵਿਚ ਜਰਮਨੀ ਵਾਲਿਆਂ ਲੱਕੜ ਦੇ ਅੱਖਰ ਬਣਾ ਕੇ ਛਾਪਣ ਦੀ ਵਿਉਂਤ ਚਲਾਈ ਤੇ ਸਭ ਤੋਂ ਪਹਿਲੇ 1455 ਵਿਚ ਬਾਇਬਲ ਛਾਪੀ ।

ਯੂਰਪ ਵਿਚ ਪਹਿਲਾ ਸਪਤਾਹਕ ਅਖਬਾਰ 'ਵੀਕਲੀ ਨਿਊਜ਼' 1622 ਵਿਚ ਲੰਡਨ ਤੋਂ ਨਿਕਲਿਆ ਤੇ 1702 ਵਿਚ ਪਹਿਲਾ ਰੋਜ਼ਾਨਾ ਪੱਤਰ Courant ਚਾਲੂ ਹੋਇਆ§ । 1690 ਵਿਚ ਅਮਰੀਕਾ ਦਾ ਪਹਿਲਾ ਪਰਚਾ ਨਿਕਲਿਆ ।* 1780 ਈ: ਵਿਚ ਕਲਕੱਤੇ ਤੋਂ ਹਿੰਦ ਦਾ ਪਹਿਲਾ ਅਖਬਾਰ 'ਬੰਗਾਲ ਗਜ਼ਟ' ਜੇਮਜ਼ ਆਗਸਟਸ ਹਿਕੀ ਨੇ ਜਾਰੀ ਕੀਤਾ, ਐਡੀਟਰ ਦੇ ਨਾਂ ਤੇ ਇਸ ਨੂੰ 'ਹਿਕੀ ਗਜ਼ਟ' ਵੀ ਕਿਹਾ ਜਾਂਦਾ ਸੀ । ਪਹਿਲਾ ਉਰਦੂ ਪੱਤਰ 'ਹਿੰਦੁਸਤਾਨੀ' ਕਲਕੱਤੇ ਤੋਂ 1810 ਵਿਚ, ਦੂਜਾ 'ਜਾਏ ਜਹਾਂ ਨਾਮਾ 1822 ਵਿਚ ਨਿਕਲਿਆ । ਹਿੰਦੀ ਦਾ ਪਹਿਲਾ ਪਰਚਾ 'ਉਦੰਤ ਮਾਰਤੰਡ' 30 ਮਈ 1826 ਨੂੰ ਚਾਲੂ ਹੋਇਆ । 1818 ਵਿਚ ਪਹਿਲਾ ਬੰਗਾਲੀ ਪੱਤਰ, 'ਬੰਗਾਲ ਗਜ਼ਟ', 1830 ਵਿਚ ਪਹਿਲਾ ਗੁਜਰਾਤੀ ਪੱਤਰ 'ਬੰਬਈ ਵਰਤਮਾਨ' ਤੇ 1837 ਵਿਚ ਮਰਾਠੀ ਪੱਤਰ 'ਦਿਗ ਦਰਸਨ' ਨਿਕਲਿਆ । 1829 ਵਿਚ ਇਕ 'ਬੰਗਦੂਤ'

---

‡ਪੱਤਰਕਾਰੀ ਵਿਚ ਅਮਰੀਕਾ ਸਭ ਤੋਂ ਅਗੇ ਹੈ, ਉਥੇ 25 ਹਜ਼ਾਰ ਤੋਂ ਉਤੇ ਪੱਤਰ ਨਿਕਲਦੇ ਹਨ ਜਿਸ ਵਿਚ 2100 ਰਜ਼ਾਨਾ ਪੱਤਰ, 11474 ਮੈਗਜ਼ੀਨਾਂ ਤੇ ਬਾਕੀ ਹਫਤਾਵਾਰ ਹਨ । ਰੋਜ਼ਾਨਾ-ਪੱਤਰਾਂ ਦੀ ਰੋਜ਼ ਲਾਗਤ 4 ਕਰੋੜ 20 ਲੱਖ ਹੈ, ਮੈਗਜ਼ੀਨਾਂ ਦੀਆਂ ਕੁਲ ਕਾਪੀਆਂ ਹਰ ਮਹੀਨੇ ਅਠਾਰਾਂ ਕਰੋੜ 60 ਲੱਖ ਲਗਦੀਆਂ ਹਨ । 20 ਮੈਗਜ਼ੀਨ ਅਜੇਹੇ ਹਨ ਜਿਨ੍ਹਾਂ ਵਿਚੋਂ ਹਰ ਇਕ ਦੀ ਵਿਕਰੀ ਦਸ ਦਸ ਲੱਖ ਦੇ ਕਰੀਬ ਹੈ । 'ਰੀਡਰਜ਼ ਡਾਇਜੈਸਟ' ਦੀ 90 ਲੱਖ ਕਾਪੀ ਲਗਦੀ ਹੈ, ਸਪਤਾਹਕ 'ਲਾਇਫ' ਦੀ ਚਾਲੀ ਲੱਖ । ਨਿਊਯਾਰਕ ਡੇਲੀ ਨਿਊਜ਼ (ਸਚਿਤ) ਦੀਆਂ 20 ਲੱਖ ਤੇ ਨਿਊਯਾਰਕ ਟਾਇਮਜ਼ ਦੀਆਂ 5 ਲੱਖ ਕਾਪੀਆਂ ਰੋਜ਼ ਖਪਦੀਆਂ ਹਨ । [ਪੱਤਰ ਔਰ ਪੱਤਰਕਾਰ, ਪੰਨਾ 50

+ਪੱਤਰ ਸੰਪਾਦਨ ਕਲਾ—ਪੰਨਾ 10-15

§The Complete journalist P. 13, 24

*ਪੱਤਰ ਸੰਪਾਦਨ ਕਲਾ—ਪੰਨਾ 20

Sri Satguru Jagjit Singh Ji eLibrary NamdhariElibrary@gmail.com

ਪੱਤਰ ਨਿਕਲਿਆ, ਇਹ ਬੰਗਾਲੀ; ਹਿੰਦੀ ਤੇ ਫਾਰਸੀ ਤਿੰਨੇ ਜ਼ਬਾਨਾਂ ਵਿਚ ਛਪਦਾ ਸੀ। 1854 ਵਿਚ ਪਹਿਲਾ ਰੋਜ਼ਾਨਾ-ਪੱਤਰ 'ਸਮਾਚਾਰ ਸੁਧਾ ਵਰਖਕ' ਸ਼ੁਰੂ ਹੋਇਆ; ਜੋ ਕਿ ਹਿੰਦੀ ਤੇ ਬੰਗਾਲੀ ਦੋਹਾਂ ਬੋਲੀਆਂ ਵਿਚ ਸੀ।‡ ਇਸ ਸਮੇਂ ਕਲਕੱਤਾ ਚੂੰਕਿ ਰਾਜਧਾਨੀ ਸੀ, ਇਸ ਲਈ ਬਹੁਤੇ ਅਖਬਾਰ ਇਥੋਂ ਹੀ ਚਲੇ। ਕਲਕੱਤੇ ਨੂੰ ਹਿੰਦੁਸਤਾਨੀ ਪੱਤਰਕਾਰੀ ਦੀ ਜਨਮਭੂਮੀ ਆਖਿਆ ਜਾ ਸਕਦਾ ਹੈ।]

'ਪੰਜਾਬੀ ਪੱਤਰਕਾਰੀ' ਜ਼ਰਾ ਦੇਰ ਬਾਦ ਸ਼ੁਰੂ ਹੋਈ ਕਿਉਂਕਿ ਅੰਗਰੇਜ਼ ਦਾ ਕਦਮ ਸਭ ਤੋਂ ਪਿਛੋਂ ਪੰਜਾਬ ਵਿਚ ਪਿਆ। 19ਵੀਂ ਸਦੀ ਦੇ ਮੁਢ ਵਿਚ ਇਹ ਲੁਧਿਆਣੇ ਆਏ। ਇਨ੍ਹਾਂ ਦੇ ਆਸਰੇ ਹੀ ਇਥੇ ਈਸਾਈ ਮਿਸ਼ਨ ਵਾਲਿਆਂ ਦਾ ਕੇਂਦਰ ਖੁਲ੍ਹਿਆ, ਜਿਨ੍ਹਾਂ ਦੀ ਹਿੰਮਤ ਨਾਲ ਸ਼ਾਇਦ 1845 ਵਿਚ ਪੰਜਾਬੀ ਦਾ ਛਾਪਾ ਲੁਧਿਆਣੇ ਸ਼ੁਰੂ ਹੋਇਆ। ਸਭ ਤੋਂ ਪਹਿਲਾਂ ਇਨ੍ਹਾਂ ਮਿਸ਼ਨ ਵਾਲਿਆਂ ਹੀ ਈਸਾਈ ਮਤ ਦੇ ਪ੍ਰਚਾਰ ਲਈ 1866 ਵਿਚ ਲੁਧਿਆਣਿਓਂ 'ਚੌਪੱਤਰੀਆ' ਨਾਂ ਦਾ ਪਰਚਾ ਸ਼ੁਰੂ ਕੀਤਾ।

1867 ਵਿਚ ਅੰਮ੍ਰਿਤਸਰ ਤੋਂ 'ਅਖਬਾਰ ਸ੍ਰੀ ਦਰਬਾਰ ਸਾਹਿਬ' ਨਿਕਲਿਆ ਤੇ 1880 ਵਿਚ ਲਾਹੌਰ ਤੋਂ ਪੰਜਾਬੀ ਦਾ ਅਸਲੀ ਠੇਠ ਪੱਤਰ 'ਗੁਰਮੁਖੀ ਅਖਬਾਰ, (ਹਫਤੇਵਾਰ) ਚਾਲੂ ਹੋਇਆ, ਇਸ ਦੇ ਮੋਢੀ ਪ੍ਰੋ: ਗੁਰਮੁਖ ਸਿੰਘ ਸਨ। 1881 ਵਿਚ ਪਹਿਲਾ ਪੰਜਾਬੀ ਮਾਸਕ ਪੱਤਰ 'ਵਿਦਿਆਰਕ', 1913 ਵਿਚ ਪਹਿਲਾ ਤ੍ਰੈਮਾਸਕ 'ਪੰਜਾਬੀ ਫੁਲਵਾੜੀ', ਤੇ 1914 ਵਿਚ ਪਹਿਲਾ ਰੋਜ਼ਾਨਾ ਪੱਤਰ 'ਬੀਰ' ਪ੍ਰਕਾਸ਼ਤ ਹੋਇਆ। ਪੰਜਾਬੀ ਪੱਤਰਾਂ ਦੇ ਪੂਰੇ ਹਾਲ ਚਾਲ ਦੇਖਣ ਲਈ 'ਪੰਜਾਬੀ ਪੱਤਰ ਕਲਾ' ਪੁਸਤਕ ਦੇਖਣੀ ਚਾਹੀਦੀ ਹੈ। 70-80 ਵਰ੍ਹਿਆਂ ਵਿਚ ਪੰਜ ਛੇ ਸੌ ਅਖਬਾਰ ਤੇ ਪੱਤਰ ਨਿਕਲਣਾ ਇਸ ਗੱਲ ਦਾ ਸੂਚਕ ਹੈ ਕਿ ਪੱਤਰਕਾਰੀ ਨੇ ਆਪਣੀ ਮਾਤ-ਭਾਸ਼ਾ ਲਈ ਅਮੁਕ ਉਤਸ਼ਾਹ ਦਿਖਾਇਆ ਤੇ ਜਬਾਨ ਨੂੰ ਮਾਂਜਣ ਸਵਾਰਨ ਵਿਚ ਢੇਰ ਹਿਸਾ ਪਾਇਆ ਹੈ ਇਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਪੱਤਰ ਔਰ ਪੱਤਰਕਾਰ—ਪੰਨਾ 77—119। ਹਿੰਦੀ ਕੀ ਪੱਤਰ ਪੱਤ੍ਰਿਕਾਏਂ—ਪੰਨਾ 5—8

Sri Satguru Jagjit Singh Ji eLibrary NamdhariElibrary@gmail.com

ਸਰ ਜਾਰਜ ਇਬ੍ਰਾਹਿਮ ਗ੍ਰੀਅਰਸਨ

ਭਾਰਤੀ ਭਾਸ਼ਾ ਵਿਗਿਆਨ ਦੇ ਖੇਤਰ ਵਿਚ ਗ੍ਰੀਅਰਸਨ ਇਕ ਬਹੁਤ ਹੀ ਗੌਰਵਪੂਰਣ ਤੇ ਤੇ ਪ੍ਰਤਿਸ਼ਠਤ ਨਾਂ ਹੈ। ਭਾਵੇਂ ਆਪ ਤੋਂ ਪਹਿਲੇ ਸਰ ਵਿਲੀਅਮ ਜੋਹਨ, ਵਿਲੀਅਮ ਕੇਰੀ,



ਬੀਮਜ਼ ਆਦਿ ਪੱਛਮੀ ਵਿਦਵਾਨਾਂ ਭਾਰਤੀ ਭਾਸ਼ਾਵਾਂ ਸੰਬੰਧੀ ਕਾਫੀ ਕੰਮ ਕੀਤਾ ਸੀ ਪਰ ਗ੍ਰੀਅਰਸਨ ਨੂੰ ਕੋਈ ਨਹੀ ਪਹੁੰਚਦਾ। ਆਪ ਦਾ ਜਨਮ ਆਇਰਲੈਂਡ ਵਿਚ ਡਬਲਨ ਸ਼ਹਿਰ ਦੇ ਲਾਗੇ ਇਕ ਮਾਮੂਲੀ ਪਿੰਡ ਵਿਚ ਸੱਤ ਜਨਵਰੀ 1851 ਈ. ਨੂੰ ਹੋਇਆ। ਇੰਡੀਅਨ ਸਿਵਲ ਸਰਵਿਸ ਦਾ ਕੋਰਸ ਕਰਕੇ ਆਪ 1873 ਵਿਚ ਭਾਰਤ ਆਏ ਤੇ ਬਿਹਾਰ ਪ੍ਰਾਂਤ ਵਿਚ ਲਗੇ। 1886 ਵਿਚ ਓਰੀਐਂਟਲ ਕਾਂਗ੍ਰਸ ਦੀ ਵਿਆਨਾ ਵਿਚ ਇਕੱਠ ਹੋਇ ਜਿਸ ਵਿਚ ਫੈਸਲਾ ਹੋਇਆ ਕਿ ਭਾਰਤ ਸਰਕਾਰ ਨੂੰ ਦੇਸ਼ ਭਾਸ਼ਾਈ ਸਰਵੇਖਣ ਕਰਵਾਉਣ ਲਈ ਬੇਨਤੀ ਕੀਤੀ ਜਾਵੇ 1894 ਵਿਚ ਇਹ ਕੰਮ ਸ਼ੁਰੂ ਹੋਇਆ ਤੇ ਜਾਰਜ ਗ੍ਰੀਅਰਸਨ ਇਸ ਦੇ ਮੁਖੀ ਥਾਪੇ ਗਏ। ਇਉਂ 'ਲਿੰਗੁਇਸਟਕ ਸਰਵੇ ਆਫ ਇੰਡੀਆ' ਦਾ ਕੰਮ 1928 ਵਿਚ 35 ਵਰ੍ਹਿਆ ਅੰਦਰ ਮੁਕੰਮਲ ਹੋਇਆ। ਇਸ ਮਹਾਨ ਗ੍ਰੰਥ ਦੀ 11 ਜਿਲਦਾਂ ਤੇ ਕੁਲ 21 ਭਾਗ ਹਨ ਬਰਤਾਨਵੀ ਸਰਕਾਰ ਨੇ ਇਸ ਮਹਾਨ ਵਿਦਵਤਾਪੂਰਣ ਖੋਜ ਕਾਰਜ ਤੇ ਪ੍ਰਸੰਨ ਹੋਕੇ ਗ੍ਰੀਅਰਸਨ ਨੂੰ 'ਆਰਡਰ ਆਫ ਮੈਰਿਟ' ਦਾ ਖਿਤਾਬ ਦਿਤਾ ਜੋ ਹੁਣ ਤਕ ਕੇਵਲ ਗਿਣਤੀ ਦੇ ਬੰਦਿਆਂ ਨੂੰ ਹੀ ਮਿਲਿਆ ਹੈ। ਇਹ ਇਕ ਹਕੀਕਤ ਹੈ ਕਿ ਕਿਸੇ ਵੀ ਦੇਸ਼ ਦੀਆਂ ਇਤਨੀਆਂ ਵੰਨਸੁਵੰਨੀਆਂ ਜ਼ਬਾਨਾਂ ਬਾਰੇ ਅਜੇਹਾ ਸਵਿਸਤ੍ਰ—ਅਧਿਐਨ ਵਾਲਾ ਗ੍ਰੰਥ ਹੋਰ ਨਹੀਂ ਲਿਖਿਆ ਗਿਆ। 1905 ਵਿਚ ਨੌਕਰੀ ਤੋਂ ਰੀਟਾਇਰ ਹੋਕੇ ਗ੍ਰੀਅਰਸਨ ਦੇਸ਼ ਚਲੇ ਗਏ ਤੇ ਆਪਣੇ ਨਿਵਾਸ ਸਥਾਨ ਤੇ ਹੀ ਸਾਰਾ ਕੰਮ ਕਰਦੇ ਰਹੇ। 90 ਵਰ੍ਹੇ ਦੀ ਉਮਰ ਵਿਚ 8 ਮਾਰਚ 1941 ਈ. ਨੂੰ ਆਪ ਦ ਦੇਹਾਂਤ ਹੋਇਆ। ਆਪ ਦੇ ਛਪੇ ਕੁਲ ਪੁਸਤਕਾਂ, ਟ੍ਰੈਕਟਾਂ ਤੇ ਖੋਜ-ਪੱਤਰਾਂ ਦੀ ਗਿਣਤੀ ਤਿੰਨ ਸ ਦੇ ਲਗਭਗ ਹੈ। 'ਲਿੰਗੁਇਸਟਕ ਸਰਵੇ ਆਫ ਇੰਡੀਆ' ਤੋਂ ਇਲਾਵਾ ਏ ਡਿਕਸ਼ਨਰੀ ਆਫ ਕਸ਼ਮੀਰੀ ਲੈਂਗੁਏਜ (ਚਾਰ ਜਿਲਦਾਂ), ਦੀ ਮਾਡਰਨ ਵਰਨੈਕਲੂਰ ਲਿਟ੍ਰੇਚਰ ਆਫ ਹਿੰਦੁਸਤਾਨ

Sri Satguru Jagjit Singh Ji eLibrary NamdhariElibrary@gmail.com

ਤੇ ਬਿਹਾਰ ਪਿਜ਼ੈਂਟ ਲਾਈਫ ਆਦਿ ਵਧੇਰੇ ਪ੍ਰਸਿੱਧ ਹਨ। 'ਸਰਵੇ' ਦੀ ਪਹਿਲੀ ਜਿਲਦ ਦਾ ਪਹਿਲਾ ਭਾਗ ਇਸ ਪਾਸੇ ਹੋਏ ਕੰਮ ਤੇ ਹੋਰ ਯੋਜਨਾ ਦੇ ਵੇਰਵਿਆਂ ਬਾਰੇ ਜਾਣਕਾਰੀ ਦੇਣ ਵਾਲਾ ਹੈ। ਦੂਜਾ ਭਾਗ ਤੁਲਨਾਤਮਕ ਸ਼ਬਦ ਭੰਡਾਰ ਦਾ ਹੈ ਜਿਸ ਵਿਚ 168 ਸ਼ਬਦ ਲੈ ਕੇ 368 ਭਾਸ਼ਾਵਾਂ ਤੇ ਉਪਭਾਸ਼ਾਵਾਂ ਵਿਚ ਵਰਤੀਂਦੇ ਰੂਪ ਦਿਤੇ ਗਏ ਹਨ, ਅੱਠਵੀਂ ਜਿਲਦ ਦੇ ਪਹਿਲ ਭਾਗ ਵਿਚ ਪੱਛਮੀ ਪੰਜਾਬੀ (ਲਹਿੰਦਾ) ਦਾ ਵਰਣਨ ਹੈ ਤੇ ਨੌਵੀਂ ਜਿਲਦ ਦੇ ਪਹਿਲੇ ਭਾਗ ਵਿਚ ਪੰਜਾਬੀ ਦਾ। ਕਈ ਭਾਸ਼ਾ-ਵਿਗਿਆਨ ਤੋਂ ਅਣਜਾਣ ਲੋਕਾ ਇਹ ਵੀ ਦੱਸ ਲਾਇਆ ਹੈ ਕਿ ਅੰਗ੍ਰੇਜ਼ ਸਰਕਾਰ ਨੇ ਗ੍ਰੀਅਰਸਨ ਨੂੰ ਇਸ ਪਾਸੇ ਇਸ ਲਈ ਨੀਅਤ ਕੀਤਾ ਸੀ ਤਾਂ ਕਿ ਭਾਰਤੀ ਭਾਸ਼ਾਵਾਂ ਦੀ ਅਨੇਕਤਾ ਦਿਖਾ ਕੇ ਸਿੱਧ ਕੀਤਾ ਜਾਵੇ ਕਿ ਇਥੇ ਰਾਸ਼ਟਰੀ ਏਕਤਾ ਸੰਭਵ ਨਹੀਂ। ਪਰ ਉਦੇਸ਼ ਅਜੇਹਾ ਨਹੀਂ ਸੀ, ਸੈਂਕੜੇ ਜ਼ਬਾਨਾਂ ਤੇ ਬੋਲੀਆਂ ਦੇ ਹਜ਼ਾਰਾਂ ਨਮੂਨੇ ਇਕੱਤਰ ਕਰਕੇ ਭਾਸ਼ਾ ਵਿਗਿਆਨਕ ਅਧਿਐਨ ਲਈ ਸਾਮਗਰੀ ਜੁਟਾਉਣਾ ਸੀ, ਜਿਸ ਦਾ ਅਹਿਸਾਨ ਭੁਲਾਇਆ ਜਾਣ ਵਾਲਾ ਨਹੀਂ। ਗ੍ਰੀਅਰਸਨ ਨੇ ਚਾਲੀ ਵਰ੍ਹੇ ਖਰਚ ਕੇ, ਜੋ ਕੁਝ ਇਕੱਤਰ ਕੀਤਾ, ਉਹ ਭਾਰਤੀ ਭਾਸ਼ਾ-ਵਿਗਿਆਨੀਆਂ ਦੇ ਸਦਾ ਕੰਮ ਆਉਂਦਾ ਰਹੇਗਾ।

PUNJABI

Name of the Language

The name Punjabi explains itself. It means the language of the Punjab. As will be seen immediately the name is not a good one, for Punjabi is not by any means the only language spoken in that province.

Where spoken Punjabi :—Punjabi is the tongue of about 12¾ millions of people, and is spoken over the greater part of the eastern half of the province of the Punjab, in the northern corner of the State of Bikaner in Rajputana, and in the southern half of the State of Jammu. In the extreme North east of the province, i.e. in most of the Simla Hills States and Kulu, the language is Pahari. Further south in the districts lying on or near the right bank of the river Jamna viz. in the eastern half of Ambala, in Karnal, in most of Hissar (and the neighbouring portions of the State of Patiala), in Rohtak, Delhi and Gurgaon, the language is not Punjabi, but is some form of Western Hindi. With these exceptions, we may say that the vernacular of the whole of the eastern Punjab is Punjabi. To the north of this area lie the Himalayas, to its south the arid plains of Bikaner, and to its west the inhospitable Bar of the Rechna Doab.

Linguistic Boundaries :—To its North & North-east Punjabi is bounded by Pahari of the lower ranges of the Himalayas. It hardly extends into the hill country. On the east it has the various forms of western Hindi, vernacular Hindostani in east Ambala, and Bangaru spoken in the country immediately to the west of the Jamna. On the south it has the Bagri and Bikaneri dialects of Rajasthani spoken in West Hissar and Bikaner. The boundary between Punjabi and all these languages is very fairly defined (although of course there is a

Sri Satguru Jagjit Singh Ji eLibrary NamdhariElibrary@gmail.com

certain amount of merging from one language into another), for the difference of language to a large extent connotes a difference of nationlities. More especially on the border line between the Punjabi and western Hindi we see that Punjabi is essentially the language of the Sikhs. We may here roughly put the boundary between the two languages, as coinciding with the course of the river Ghaggar. The people to the east of the Ghaggar valley, excepting stray colonies of the Sikhs, all speak western Hindi.

To the south, on the other hand, there is a gradual merging into Rajasthani, through an intermediate dialect named Bhattiani. Like Punjabi, Rajasthani is a language which originally belonged to the outer circle of Indo-Aryan speeches, a substratum of which still remains. At the same time, this basis has been overlaid and almost hidden by a wave of language belonging to the inner group. The two languages, thus closely resembling each other, merge into each other without difficulty. Indeed, it is curious fact that the Dogra, the most northern form of Punjabi, shows peculiarities of pronunciation (such as the change of the initial k to g in declensional suffixes) which also exists in Bagri. On the north there is a distinct dialect Panjabi, Dogra,—which is intermediate between standard Punjabi and the Pahari of the lower Himalayas.

Western Boundary :—It will have been observed that hitherto I have said nothing about the western boundary of Punjabi. The reason is that it is impossible to fix such a boundary. To the West of Punjabi lies the Lahnda or the Western Punjabi langnage which we may take to be firmly established in the Jech Doab. On the other hand Punjabi of the purest kind is spoken in the upper part of the Bari Doab. Between these two, lies the Rechna Doab and the lower part of the Bari Doab. A glance at the map facing page 607 will make my meaning clear. Here the language is mixture of Punjabi and Lahnda, more Punjabi to the East, more Lahnda to the West. We shall see that the reason for this is that an old form of Lahnda must once have extended right upto the Sarsvati, and that it is still the foundation of Punjabi. The Lahnda influence grows stronger (even in the Punjab tract) as we go westwards, as the influence of the wave of the language of the inner group which has encroached from the East and has formed

Sri Satguru Jagjit Singh Ji eLibrary NamdhariElibrary@gmail.com

modern Punjabi, weakens. It thus happens that although in India, we continuously see two neighbouring languages gradually merging into each other, nowhere is the process so gradual as in the case of Punjabi and Lahnda. It is quite impossible to point to any boundary line or approximate boundary line between the two forms of speech. As, however, some kind of boundary between the two languages is necessary for the purpose of this survey. I have assumed the following conventional line to mark the division between them. Commence at the Northern end of the Pabbi range in the Gujrat district, go across the district to the Gujranwala town of Ramnagar on the Chenab. Then draw a line nearly due South to the Southern corner of Gujranwala, where it meets the Northern corner of the district of Montgomery. Then continue the line to the Southern corner of Montgomery on the Sutlej. Follow the Sutlej for a few miles and cross the Northern corner of the State of Bahawalpur. Everything to the east of this line I call Punjabi, and everthing on the West of it I call Lahnda ; but it must be remembered that this line is purely arbitrary convention, and that for some distance to the West of that line, the language which I call Lahnda differs but slightly from the language of the east of the Rechna Doab and of North East Gujrat which I call Punjabi. I have been guided mainly by the vocabulary. To the west of the line, the language, which is mainly that of the tract known as the Bar, or Jungle has a vocabulary which agrees much more closely with that of Lahnda. Except in Multan, we do not find Lahnda inflexions established till we cross the Chenab.

Punjabi and the Land of the Five Rivers :—An interesting fact arises from the foregoing discussion. The Punjab or Panj-ab, is properly the 'Land of Five Rivers', the Jhelum, the Chenab, the Ravi, the Beas, the Sutlej. Now the Punjabi language extends far to the East of the Sutlej, the most Eastern of these five, reaching upto the Ghaggar. It occupies the Doabs between the Beas and Sutlej, and between the Ravi and Beas Sutlej. It also occupies a part of the Rechna Doab betweed the Chenab and the small corner of Jech Doab, between the Jhelum and the Chenab, and the Ravi, but in nearly the whole of the great tract watered by the Chenab and the Jhelum and by the lower part of the Sutlej Punjabi is not spoken. Punjabi is hence not the language entire 'Land of Five Rivers'.

Sri Satguru Jagjit Singh Ji eLibrary NamdhariElibrary@gmail.com

Dialects and Sub Dialects :—Punjabi has two dialects, the ordinary idiom of the language and Dogra or Dogri. The latter, in various forms is spoken over the sub-mountain portion of the Jammu State and over most of the head quarters divisions of the Kangra district with an overflow into the neighbouring parts of the districts of Sialkot and Gurdaspur and of the Chamba State. It will be dealt with separately later on.

Ordinarily Panjabi is spoken over the rest of the Punjabi area in the plains of the Punjab, and has also encroached into the neighbouring Simla Hill States. This standard Punjabi varies slightly from place to place, and its purest form is admitted to be that of the Majh or the middle part of the Bari Doab centring round Amritsar. This Majhi sub-dialect may be said to be language of as—Ravi Lahore, of Amritsar, and of Gurdaspur. Lower down the Doab, in the district of Montgomery, the language is not pure Majhi, but is mixed with Lahnda. We may take Majhi as the standard form of Punjabi. But owing to the accidental circumstances that the first serious European students of Punjabi lived at Ludhiana and not at Amritsar, another standard Punjabi which we may call the European standard Punjabi, has also come into existence. Ludhiana, where J. Newton wrote his Grammar in 1851, where a 'Committee of Ludhiana Mission' published the first Punjabi Dictionary in 1854, and where E.P. Newton published the latest and most complete grammar, of the language in 1898, has since the middle of the last century been the fountain of instruction in Punjabi for Englishmen. It is only natural that these eminent scholars should have taken as their standard that particular phrase of Punjabi with which they were most familiar, and we hence find that the idiom taught by them contains a few characteristics which are peculiar to Eastern Panjabi and are strange to the Majh. Of these the most striking is the employment of the peculiar cerebral. The sound of this letter is not heard in the Majh, although its employment is taught in all the grammars and dictionaries.

We thus see that there are two standards of Panjabi, that of the Majh, which is accepted by natives of India and (theoretically by Europeans, and that of Ludhiana, which is the one practically accepted by Europeans which is described in most grammars and dictionaries

of the language, and into which the scriptures have been translated.

The other sub-dialects of ordinary Panjabi are the dialects of the Jullundur Doab, Powadhi, Rathi, Malwai, Bhattiani, and the Panjabi of the Rechna Doab and North-East Gujrat. The dialect of the Jullundur Doab closely resembles that of Ludhiana as we approach the hills, however we see signs of the influence of Pahari. Powadhi (the Panjabi of the Powadhi or Eastern Punjab) as its name implies, is the most Eastern form of Panjabi. It is spoken on the South bank of the Satlej in the Ludhiana district (and is here identical with the Ludhiana dialect just dealt with at some length), but its main territory is the Panjabi speaking part of the Panjab East of, say, the 76th degree of East longitude. To its East we have the Western Pahari of the Southern Simla Hill States, the vernacular Hindostani of Ambala and East Patiala, and the Bangaru of Karnal. To its South it has Rathi Panjabi to be described immediately, and to its West Malwai Punjabi. As we may expect, Powadhi Panjabi is more and more influenced by Western Hindi as we go Eastwards. Immediately to the South of Powadhi and Malwai Panjabi, in the valley of the Ghaggar, lies the Rathi Panjabi of the Rath or 'Ruthless' Musalman Pachhadas of that tract. It is even more strongly infected by the Bangaru dialect of Western Hindi than Powadhi. It is also noteworthy for its preference for nasal sounds. To its South like the Bagri and Bangaru of Hissar, West of the 76th degree of east longitude as far as the Sutlej lies the Malwa or old settled dry country of the Sikh Jats, to the South of which lies the 'Jungle' or unsettled country.

The language of these areas is known as Malwai Panjabi or Jangli. To its south it has the Rathi Punjabi of the Ghaggar valley, and the Bhattiani Panjabi of South Ferozepur and Bikaner. Malwai Panjabi does not differ materially from the Ludhiana standard but as we go south a tendency is observable to substitute a dental 'N' & 'L' for a cerebral N & L respectively. South of the Malwa in South Ferozepur and North-West Bikaner, lies Bhattiana, the country of the Bhattis. Here Panjabi is merging into Rajasthani and we find a mixed dialect which I name Bhattiani. Bhattiani is spoken on the left bank of the

Sutlej a long way up into Ferozepur, and is there locally known as Rathauri. Crossing the Sutlej we enter the Bari Doab. The central portion of this is the Majh and has been already dealty with. South East of Lahore lies the district of Montgomery, like Lahore, lying on the both sides of the Ravi. The cis-Ravi portion of Montgomery, although politically within the Bari Doab belongs linguistically to the next Doab, the Rechna, between the Ravi and the Chenab. It is in this Rechna Doab that we see Panjabi merging into Lahnda.

As explained above, it is impossible to show any distinct boundary between these two languages, and, for the purposes of this survey, I have adopted a pure conventional line commencing at the Northern end of the Pabbi of hills near the North-West corner of Gujrat and ending on the Sutlej at the South East corner of Montgomery, with a slight deflection down the Sutlej, across the North eastern end of the State of Bahawalpur, where it meets the Soutuern border of Bhattiani. Every thing to the East of this line I call, for the purposes of this survey, Punjabi and everything to its West, Lahnda. This Panjabi of North East Gujrat, of the Rechna Doab, and of East Montgomery becomes more and more infected with Lahnda characteristic as we go West.

Characteristics of the Language :—Panjabi, together with Western Hindi, Rajasthani and Gujerati is one of the members of the Central group of the Indo-Aryan Vernacular. Of these the only pure member of the group is Western Hindi. The others are mixed languages. Although in the main possessing the essential characteristics of the Central group they each present the sign of another language which has been superseded—overlaid would be more correct expression—by central one. We shall see this clearly in the case of Rajasthani and Gujerati, and shall also notice in the case of these two languages, that the further we go from the centre from which the inner language encroached, the more prominent this submerged layer becomes. In every case this submerged layer evidently was a language of the outer circle of Indo-Aryan Languages. We may take the centre of dispersion as the central Gangetic Doab between Mathura and Kanauj. Kanauj, it may be remarked, was the great centre of Indo-Aryan Power during the centuries proceeding the Musalman conquest of India.

Relationship to Lahnda and Western Hindi :—Panjabi is the language of the Eastern Panjab, and at the present day, immediately

to its west, in the Western Punjab, we find Lahnda to be the vernacular. Lahnda is one of the languages of the Outer Circle, and is closely connected with Sindhi, Kashmiri and the languages of the Indus-Kohistan. There can be no doubt, if linguistic evidence is of any value, that a language closely akin to this Lahnda was also once spoken over the entire area of which Panjabi is now the vernacular. Immediately to this East of Panjabi we have the Hindostani forms of Western Hindi which are spoken on both sides of the river Jumna and in the upper Gangetic Doab. It is clear from the present linguistic conditions that an old form of this Hindostani has gradually spread over the whole of the Eastern Punjab, superseding overlaying, the old Lahnda language, as far, at least, as the upper half of the river Chanab. Indeed, its influence has spread further, and it is not till we get to the great thal, or the sandy tract between the Jhelum-Chanab and the Indus-that we lose all traces of it. As in Rajputana, the desert has formed a barrier against the advancing tide of the Central language, and, in such case, we find west of it a pure language of the Outer Circle—in the one case Sindhi, in the other Lahnda.

As this tide progressed westward from its starting point, it gradually lost its body and its force. In the extreme east of the Panjabi tract, on the banks of the ancient Sarswati, a few traces of the ancient Lahnde are observable. When we come to the Bari Doab, where standard Panjabi is spoken, we find several characterstics of Lahnda still surviving which have disappeared in the Powadh or Eastern Panjab. In the Rechna Doab these characteristics become more prominent and here we come to the conventional boundary line between Panjabi and Lahnda. In the Jech Doab they are still more in evidence and Lahnda may be said to be firmly established. In the Sindh Sagar Doab all except one or two traces of the influence of the central language have disappeared, and we are in the presence of a true language of the Outer Circle. We thus see that Panjabi is composite language.

To change the metaphor, its substratum is a language of the Outer Circle akin to the modern Lahnda, while its superstructure is a dialect of Western Hindi. The super-structure is so important and has a concealed the foundation, that Panjab is rightly classed, at the present day, as a language of the Central Group.

Pronunciations :—Coming to details, we find in the first place an initial w or v in Western Hindi always becomes b while in the Punjabi it is in certain cases retained. Thus, Western Hindi bitch, but Punjabi vich, (in). This is also characteristic of Sindhi. Lahnda and Kashmiri.

There is another circumstance in Punjabi pronunciation which is extremely characteristic, and gives the clear cut tone to the language, that at once attracts the attention of anyone who hears it for the first tims. In order to describe it, it will be necessary to discuss a question of derivation. All the various Prakrit dialects of India had, for reasons which it is unnecessary to explain here, a large number of words containing each a double consonant preceeded by a short vowel. For instance, we may take ghodassa, of a horse ; jutto, joined ; khaggo, a sword ; wakhanan, ointment ; marissai, he will strike. By one of the phonetic rules of these languages there was a tendency to simplify these double letters by omitting the first member of the compound, and to lengthen the preceding short vowel in compensation. There was thus a tendency for these words to become respectively ghodassa, jute, khago, makhnam, marisai.

In the Modern Vernaculars of the Central Group, we observe this tendency acting with no uniformity. In Western Hindi we commonly meet both forms of the same word—often one in the literary language, and the other in colloquial speech. Thus for 'butter'* the Prakrit Makkhanam becomes Makhan is literary Hindustani, but we often hear makhan in the mouth of the villagers. In Rajasthani the tendency to simplify the compound increases as we go Westward and Southward till we arrive at Gujerati in which language simplification, with compensatory lengthening of the preceding vowel, has become the general rule. We have makhan and never makkhnam. On the other hand, the Hindustani of the upper Gangetic Doab prefers the pronunciation of the double letters, with the short preceding vowel, so that we have always makkhan and not makhan. Panjabi follows suit in this. It never simlifies such compounds. We always have makkhan and no makhan. Similarly we have Panjabi Kamm, but Hindostani Kam, work ; Panjabi vich, but Hindostani bich, in ; Panjabi Uchha, but

Hindostani Ucha, High. All this gives a Pre dominant Sound of—sharply doubled letters throughout a Panjabi sentence, and gives the well known clear cut character till the language as heard by one whose acquaitance with Indian languages was first made in the Ganges Valley.

Nominal termination :—In the declension of nouns, we find that the termination of strong masculine substantives with a bases, is a, not au or o as in pure Western Hindi. Thus we have ghora, a horse, not ghorau or ghore as in Western Hindi. This is typical of nearly all the languages of the Outer Circle. Compare the Marathi ghoda and the Bengali Ghora.

Termination of the Time :—A characteristic of Panjabi which atonce strikes the beginner and which is, in fact, a most prominent feature of the language is the employment of the termination da for the suffix of the genitive, instead of the Kau, ko (or ka) of Western Hindi. This termination is also employed in Southern Lahnda, and no doubt belongs to the original form of that language which once spread all over the Panjab. It is certainly indegenous in the western Punjab.

***Termination of the case of the Agent** :—Literary Hindostani employes the suffix ne to indicate the case of the agent. This suffix does not properly belong to Western Hindi (of which Hindostani is a dialect). In the other dialects of that language an organic case of the agent is employed without any suffix. This ne of Literary Hindostani is, however, also found in the Vernacular Hindostani of the Upper Gangetic Doab, and is clearly borrowed from Punjabi in which language its employment (under the form of nai) is regular.

Personal Pronouns :—The plurals of the pronouns of the first and second personal (asi, we, oblique form asa, and tusi, ye, oblique form tusa), are relics of the old Lahnda basis of the language, and do not belong to the true Central language, which has hum or tum respectively. Compare Sindhi asi (obl asa) we ; Lahnda assi (obl asa) we ; tussi (obl tussa) you ; Maiya (of the Indus Kohistan) tus, you ; Kashmiri as (obl asa), we. Moreover these pronouns make their genitives asada, tusada. The cerebral d in these words is typical of Lahnda.

Passive Voice :—The Panjabi verb occasionally makes a passive voice by adding i to the root. Tis common in Lahnda, while closely connected passive form is current in Sindhi. In Western Hindi this passive has only survived (if this is a survival) in one or two of the so called polite imperatives.

Pronominal Suffixes :—One of the most striking characteristics of the languages of the Outer Circle is the free use they make of pronominal suffixes added to verbs (a procedure totally strange to the languages of the Central Group). Thus, Lahnda has akheus, said (akhea) by him (us), i.e. In the Majh dialect of Panjabi these also occur. Thus akhins, he said. We rarely hear these further East.

Vocabulary :—Finally, like Lahnda or Sindhi, Panjabi is a language with a vocabularly mainly composed of honest tadbhavas. Tatsama words are conspicous only by their absence, and in this respect the tongue of the Land of the Five Rivers offers striking contrast to the bastard mixture of Sanskrit and Vernacular which the Pandits of Calcutta and Benares imagine to be literature. It is homely language, redolent of the Panjab of to-day. Mr. Beames puts this well :—

"There is flavour of wheaten flour and a reek of cottage smoke about Panjabi and Sindhi, which is infinitely more natural and captivating than anything which is the hide bound Pandit ridden languages of the Eastern parts of India can show us".

But though homely in character, it must not be assumed that it is a rude form of speech incapable of literature. It is no more rude than was the broad low-land Scotch of the poet Burns. Panjabi can express any idea with its own stock of vocables, and is well adopted for both prose and poetry. It is true that it has hardly any literature but that is due to its being over shadowed by its near relation, Hindostani, and to the fact that for centuries the Panjab has been ruled from Delhi but the ballads of the people, which are current everywhere, well show its capabilities. Even at the present day there is too great a tendency to look down upon it as a mere dialect of Hindostani (which it is not), to deny its status as an independent language. Its claim mainly rests upon its phonetic system and on its store of words not found in Hindi, both of which the characteristics are due to its

old Lahnda foundation. Some of the most common Panjabi words do not occur in Hindostani. Such are piu, a father ; mau, a mother ; akhna, to say ; ikk, one ; sah, breath ; tih, thirst ; and hundreds of others, all of which can be found in languages of the Outer Circle.

Old Accounts of the Panjab :—The mixed character of the languages of the Central and the Western Panjab (Panjabi and Lahnda) is well illustrated by the character given to the inhabitants of those tracts in the Mahabharata and by incidental references in the grammar of Panini. Although not distinct from the Madhyadesa or Gangetic Doab, the centre from which the Sanskritic civilisation spread, we learn that the laws and customs of the Punjab were at a very early period widely different from those of the Madhyadesa. The people are at one time described as living in a state of kingless anarchy, and at another time as possessing no Brahmans, (a dreadful thing to an orthodox Hindu of the Middle Country), living in petty villages, and governed by princes who supported themselves by internecine war. Not only were there no Brahmans, but there were not castes. The population has no respect for the Veda and offered no sacrifice to the gods. They were rude and uncultured, given to drinking spirituous liquor and eating all kinds of flesh. Their women were large bodied, yellow and extremely immoral in their behaviour, and seemed to have lived in a state of polyandry, a man's heir being not his son but the son of his sister's. That this account is true in every particularly need not be urged. It is given to us by enemies ; but, whether true or not, it illustrates the gulf in habits, customs, languages, which existed between the Madhayadesa and the Panjab.

Literature :—Panjabi has a very scanty literature. The oldest work which is usually said to be written in the language is the Adi Granth the sacred scripture of the Sikhs ; but, although the manuscript of the book are universally written in the Gurmukhi character, a very small portion of its contents is really in the Panjabi language. It is a collections of hymns by various poets, most of whom wrote in some form of Western Hindi, while others even wrote in Marathi. The best known Panjabi portion is the Japji or introductory stanza by Nanak, who was born in 1469, A.D. The celebrated Janam Sakhi (a life of Nanak) is in Lahnda, not in Panjabi. Later works are the Sakhinama (Translated into English by Attar Singh Bhadauria) another Janam

Sakhi by Mani Singh and a life of Har Gobind, the sixth Guru (1606—1638) A. D. Some of them are probably in Lahnda but I cannot say this for certain, as I have not seen any of them. The Waran Bhai Gurdas is a collection of verses dating from Guruship of Arjan (1581—1606) and has been printed (Amritsar 1879). The verses are written in the style known as war. A war originally meant a dirge for the brave slain in battle, and hence any martial song of praise and the poems are intended to describe the battle of good and evil in the human soul. As specimens of the earlier secular literature Dr. Thorontone mentions the Paras bhag (a collection of ethical precepts), and epic on Akbar's siege of Chitaur, and a much admired epic on Nadir Shah's invasion. The latter literature is mainly composed of translation and imitations of works in Sanskrit, Hindi or Persian. The most famous of these imitators is Hasham, who flourished in the times of Ranjit Singh. The Khair Manukh is a poetical guide to the Greek system of medicine.

Besides the above, the bardic, or folk literature, of the Punjab deserves more than passing notice. It eontains several cycles, that may almost be called epics, the most important of which are those referring to the famous hero Raja Rasalu, to Hir and Ranjha and to Mirza and Sahban. The version of the Hir and Ranjha legend by Waris Shah is considered to be the model of the purest Punjabi. The folk poetry of the Panjab has received considerable attention from European scholars, and deservedly so. It has all the swing and music of the border ballads of England and Scotland. The best known work on the subject is colonel Sir Richard Temple's "Monumental Legends of Panjab."

The Serampore missionaries issued a Panjabi version of the New Testament in 1815. Since then several editions of the other parts of the Bible have appeared in the language. There is also a considerable Christian literature.

Grammar :—Panjabi Grammar in the main follows that of Hindostani so few remarks are necessary.

As regards pronunciation, the only letters which require special notice are hand some of the aspirated consonants. In Lahnda these are pronounced in a peculiar way, and the same fact is evident in the

Sri Satguru Jagjit Singh Ji eLibrary NamdhariElibrary@gmail.com

western districts of the Panjabi area. The best account of its pronunciation is that given by Mr. Graham Bailey in his grammar of Wazirabad dialect, of which the following is an abstract.

In these districts when h commences a word, or precede an accented syllable, it has a strong guttural sound resembling that of a somewhat strongly pronounced aim in Arabic. We might compare the Cockney pronunciation of ham as 'am (not am). Thus hiyyan the sides of a bed, is pronounced as 'yya and pihai, the wages of grinding, pi'ai.

In other positions i.e. when it is not at the beginning of a word or preceding an accented syllable, it is hardly audible or may be altogether inaudible, but it strongly raises the pitch of the preceding vowel, often altering the whole tone of the word. Thus lah, bring down, is very different in sound from la, attatch, although the h in the former is often quite inaudible. Similarly the first a in Kahla, speedy, is pronounced in a high tone while in Kala, black, it has the ordinary tone, although the h in the former word is not itself sounded.

The same remarks apply to the h shown in transliteration of soft (not hard) aspirated consonants the viz., gh, jh, dh, dh, bh, nh, mh, rh, wh, etc., but not in the case of the hard aspirated consonants kh, chh, th, ph, or of sh. Thus, bhra, a brother is pronounced b'ra ; ghuma, a measure of land, g'uma and Chanha the Chenab river, is pronounced chan'a. On the other hand in kurh in which rh follows an accented vowel, the h is inaudible but h is pronounced in higher tone than in kur, the joint of a plough and then bagghi (pronounced bagg'i and not baggi) a buggy, is higher in tone than a baggi (feminine) white.

In nouns, the most noteworthy peculiarities are that the oblique plural ends in a and that the suffix of the genitive is da, which like adjectives ending in a agrees not only in gender and number, but also in case, with the nouns with which it is in agreement.

In the verbs, two forms of the verb substantive may be noted. One is je, he is. This is only heard in the Western districts of the Panjabi area, and its correct meaning was first indicated by Mr. Graham Bailay in his Wazirabad Grammar already alluded to. By origin je is the pronoun of the second person plural combined with the verb,

Sri Satguru Jagjit Singh Ji eLibrary NamdhariElibrary@gmail.com

substantive, and it properly means 'there is to (or by) you'. This is evident in phrases like :—

Ki milea je literally, what was got to you, what did you get ? Standard Panjabi 'Tuhanu ki milia'.

Ki akhea je, what was said by you ? What did you say ? Standard, Tusi ki akhea'. Ki je, what has happened to you ?

Generally the reference to the second person is less direct and must be translated, if at all, by some such phrase as 'I say to you, or I ask you.' Thus 'Ki je' already given also means 'I ask you what has happened' (to any body, not necessarily to you.)

Similarly
Othe do je, I say to you there are two there.
Mai aya je, I say to you I have come.
Sahb je, I say to you it is the Sahib.

It is evident that in the last three examples, the 'I say to you' can be for all practical purposes omitted, and the 'je' represented, as it is in the grammar, by 'he is' or 'they are'. It can, however, only be used in sentences like the foregoing.

The common form of the past tense of the verb substantive is usually 'si' for both masculine and feminine singular, and for the masculine plural. This is generally explained as the feminine of 'sa', but much more probably it is a corruption of some old form akin to the Prakrit, asi, Sanskrit asit, he was. The infinitive of the finite verb generally ends in na (not na) though na occurs in the case of some verbs. The future presents a few irregularities and there is a passive voice formed by adding I to the active root (See page 616) but on the whole the conjunction of the verb closely resembles that of vernacular Hindostani. It is therefore believed that the annexed skeleton grammar will enable the student to understand the language of the following specimens.

(2) ਅੰਤਿਕਾ

ਸੰਸਕ੍ਰਿਤ ਤੇ ਆਧੁਨਿਕ ਭਾਸ਼ਾਵਾਂ

लैटिन परिवार की भाषाओं की उत्पत्ति किसी आदि लैटिन से नहीं हुई; न जर्मन, स्लाव, द्रविड़ आदि भाषा परिवारों की उत्पत्ति अपनी अपनी आदि भाषाओं से हुई है। इसी प्रकार संस्कृत परिवार की भाषाओं का जन्म भी संस्कृत में नहीं हुआ इस परिवार की भाषाओं को हम संस्कृत का आधुनिक परिवर्त्तित रूप नहीं कह सकते।'

'यदि संस्कृत के समानान्तर उस से मिलती जुलती किन्तु व्याकरण रूपो में कहीं कहीं भिन्न—भाषाएं इस देश में बोली जाती थीं तो यह स्वीकार करना होगा कि उनका प्रभाव आधुनिक भारतीय भाषाओं पर पड़ा होगा, किन्तु व्यवहार में इस संभावना को भुला दिया जाता है।'

श्री किशोरी दास बाजपेयी ने बहुत स्पष्टता और दृढ़ता से इस धारणा का खंडन किया है कि हिन्दी की उत्पत्ति संस्कृत से हुई है।...संस्कृत के पंडित होते हुए बाजपेयी जी का यह कहना कि हिन्दी संस्कृत की पुत्री नहीं है, बौद्धिक ईमानदारी की एक अनुकरणीय मिसाल है।

बाजपेयी जी के सामने एक निष्कर्ष स्पष्ट है, हिन्दी की अनेक विशेषताओं का सम्बंध न वैदिक संस्कृत से है, व लौकिक संस्कृत से, न अपभ्रंश से, उन का सम्बंध खड़ी बोली क्षेत्र की किसी प्राचीन बोली से ही हो सकता है।...

निष्कर्ष यह निकला कि हिन्दी जैसी भाषाओं की हर विशेषता को संस्कृत में न ढूंढ कर उन भाषाओं में मानना चाहिये जो संस्कृत के समानान्तर यहां बोली जाती थीं।

भाषा और समाज 141—146
डा० राम विलास शर्मा (1961)

आधुनिक भारतीय आर्य भाषाओं की उत्पत्ति प्राकृत भाषाओं से भी नहीं हुई थी, बल्कि अपभ्रंशों से हुई थी।

हिन्दी भाषा का इतिहास, 48
(डा० धीरेंद्र वर्मा (1962)

'भिन्न भिन्न कालों की भाषाओं का विकास सीधे साहित्यिक भाषाओं से नहीं होता बल्कि जब कभी कोई जनभाषा या बोली शिक्षा, संस्कृति और साहित्य के क्षेत्र में प्रतिष्ठापित हुई उस ने उच्चाभिव्यक्ति के लिए संस्कृत का आश्रय अवश्य लिया। न तो प्राकृतों का विकास सीधे संस्कृत से हुआ और न ही आधुनिक भाषाओं का सीधे साहित्यिक प्राकृतों से।'

हिन्दी उदभव, विकास और रूप, 41
(डा० हरदेव बाहरी (1965)

ਸ਼੍ਰੀ ਧਰਮਵੀਰ M. A.—

'ਸਾਡੇ ਦੇਸ਼ ਦੇ ਲੋਕ ਤਾਂ ਇਹੋ ਸਮਝਦੇ ਹਨ ਕਿ ਸੰਸਕ੍ਰਿਤ ਸਭ ਦਾ ਮੂਲ ਹੈ ਪਰ ਅਜੇਹਾ ਮੰਨਣ ਲਈ ਕੋਈ ਪ੍ਰਮਾਣ ਨਹੀਂ। ਸੰਸਕ੍ਰਿਤ ਆਪਣੇ ਸਮੇਂ ਦੀਆਂ ਅਜੇਹੀਆਂ ਬੋਲੀਆਂ ਦੀਆਂ ਮਾਂ ਨਹੀਂ, ਭੈਣ ਹੀ ਹੋਵੇਗੀ। ਇਹ ਹੋ ਸਕਦਾ ਹੈ ਕਿ ਚੂੰਕਿ ਉਸਦਾ ਸਾਹਿਤ ਸਭ ਤੋਂ ਪੁਰਾਣਾ ਹੈ। ਇਸ ਲਈ ਉਹ ਵਿਆਕਰਣ ਦੇ ਨੇਮਾਂ ਵਿਚ ਜਲਦੀ ਬੰਨ੍ਹ ਦਿੱਤੀ ਗਈ ਤੇ ਇਸੇ ਕਾਰਣ ਉਸ ਦਾ ਰੂਪ ਆਦਿ ਭਾਸ਼ਾ ਨਾਲੋਂ ਹੋਰਾਂ ਦੀ ਨਿਸਬਤ ਜ਼ਿਆਦਾ ਮਿਲਦਾ ਹੈ।'

[ਪੰਜਾਬ ਕਾ ਇਤਿਹਾਸ, ਪੰਨਾ 47

ਭਾਸ਼ਾ ਵਿਗਿਆਨਕ ਸੰਕੇਤਾਵਲੀ

ਉਚਾਰਣ	Pronunciation
ਉਚਾਰਣ-ਅੰਗ	Vocal organs
ਉਚਾਰਣ-ਸਥਾਨ	Place of articulation
ਉਚਾਰਣ-ਵਿਸ਼ੇਸ਼ਤਾ	Speech Peculiarity
ਉਪਸਰਗ ਜਾਂ ਸਬੰਧਕ	Preposition
ਉਪਬੋਲੀ, ਉਪਭਾਸ਼ਾ	Dialect
ਉਲਥਈ ਸ਼ਬਦ-ਜੋੜੇ	Translation-compound
ਅੱਖਰ	Letter, Syllable
ਅੱਖਰ-ਲੋਪ	Haplology
ਅਧਿਐਨ	Study
ਅਨੁਨਾਸਿਕ	Nasal
ਅਰਥ-ਸੰਕੋਚ	Contraction of meaning
ਅਰਥ-ਬਣਤਰ	Semantics
ਅਰਥ-ਵਿਸਤਾਰ	Expansion of meaning
ਅਵਸਯ	Indeclinable
ਅਵਾਜ਼ ਜਾਂ ਧੁਨੀ	Sound
ਅੰਤਮ	Predicate
ਅੰਤਰ-ਸਆਸੀ-ਧੁਨੀ	Click
ਆਗਮ	Prothesis
ਆਦਮ	Subject
ਆਦੇਸ	Change of sound
ਸ਼ਬਦ	Word
ਸ਼ਬਦ ਨਿਰਮਾਣ	Coinage
ਸ਼ਬਦੀ	Literal
ਸ਼ਬਬ-ਜੋੜ	Spelling
ਸ਼ਬਦ-ਬਣਤਰ	Morphology
ਸ਼ਬਦ-ਭੰਡਾਰ	Vocabulary
ਸ਼ਬਦਾਵਲੀ	Glossary
ਸਮਧੁਨਕ	Homophony

Sri Satguru Jagjit Singh Ji eLibrary NamdhariElibrary@gmail.com

ਸਮਾਸ	Compound
ਸਮਾਨ-ਰੂਪਤਾ	Analogy
ਸੁਰ	Vowel
ਸੁਰ-ਸਮਾਨੀ	Semi-vowel
ਸੁਰ-ਤੰਤੀਆਂ	Vocal chords
ਸੁਰ-ਭਗਤੀ	Anaptyxis
ਸੁਰ-ਲੋਪ	Syncope
ਸੈ-ਪ੍ਰਗਟਾਵਾ	Self expression
ਸੰਕੇਤਾਵਲੀ	Terminology
ਸੰਜੋਗੀ, ਸੰਜੋਗ-ਆਤਮਕ, ਜੁੰਦਵੀਂ ਜਾਂ ਜੁੱਟ	Synthetical, agglutinative
ਸੰਧੀ	Combination
ਸਾਹਿਤਕ-ਭਾਸ਼ਾ	Literary Language
ਸ਼ਿਲਾ ਲੇਖ	Inscription
ਹੋਂਠੀ	Labial
ਹਿੰਦ-ਆਰਿਆਈ	Indo-Aryan
ਕਰਤ੍ਰੀਵਾਚ	Active voice
ਕਰਮਣੀ ਵਾਚ	Passive voice
ਕਾਰਕ	Case
ਕ੍ਰਿਆਵੀ-ਬਣਤਰ	Verbal form
ਕੀਲਾਖਰੀ	Cuneiform
ਕੋਸ਼	Dictionary
ਕੌਮੀ-ਬੋਲੀ ਜਾਂ ਰਾਸ਼ਟਰ-ਭਾਸ਼ਾ	National Language
ਕੌਮਾਂਤ੍ਰੀ ਬੋਲੀ	International language
ਕੰਠੀ	Guttural
ਕਾਂ, ਘੰਡੀ	Uvula
ਖਾਸ-ਬੋਲੀਆਂ	Special languages
ਗੁੰਬਦੀ ਸ਼ਬਦ	Echo-words
ਚਿਤ੍ਰ-ਲਿਪੀ	Pictography
ਚਿਤ੍ਰ-ਲੇਖ	Hieroglyphics
ਜਤਨ-ਸੰਜਮ	Economy of effort
ਟਕਸਾਲੀ-ਭਾਸ਼ਾ	Standered language
ਤਾਲੂਈ	Palat
ਤੁਲਨਾਤਮਕ	Comparative
ਦੰਦੀ	Dental

ਧਾਤੂ	Root
ਧੁਨੀ-ਸੰਜਮ	Economy of speech
ਧੁਨੀ ਨੇਮ	Phonetic law
ਧੁਨੀ-ਪਰਿਵਰਤਨ	Phonetic change
ਧੁਨੀ-ਲਿਪੀ	Phonetic script
ਧੁਨੀ-ਵਿਚਾਰ	Phonetics
ਧੁਨੀ-ਵਿਗਿਆਨ ਜਾਂ ਧੁਨੀ-ਬਣਤਰ	Phonology
ਨਕਲਾਤਮਕ, ਨਾਦ ਅਲੰਕਾਰ	Onomatopoeia
ਨਵੀਨ ਹਿੰਦ-ਆਰਿਆਈ	New Indo-Aryan
ਨਿਕਾਸ ਤੇ ਵਿਕਾਸ	Origin and development
ਨਿਰਥਲ	Unstressed
ਨਿਰੁਕਤੀ	Derivation
ਨਿਰੁਕਤ-ਸ਼ਾਸਤਰ ਜਾਂ ਵਿਉਂਤਪਤੀ-ਵਿਗਿਆਨ	Etymology
ਪ੍ਰਤਯ-ਪਿਛੇਤੂ ਅਗੇਤੂ	Prefix, suffix
ਪਰਿਆਇਵਾਚੀ	Synonymous
ਪ੍ਰਕ੍ਰਿਆ	Process
ਪ੍ਰਮਾਣੀਕ ਭਾਸ਼ਾ	Classical Language
ਪ੍ਰਾਚੀਨ ਹਿੰਦ-ਆਰਿਆਈ	Old Indo-Aryan
ਪਿੱਛਾ ਜਾਂ ਪਛਵਾੜਾ	Back ground
ਪੁਰਾਤਤ੍ਵ-ਵਿਗਿਆਨ	Archaeology
ਪੇਂਡੂ ਬੋਲੀ, ਗ੍ਰਾਮੀਣ	Vernacular, slang
ਬਹੁ-ਧੁਨਕ	Polyphony
ਬਣਤਰ	Form, Construction
ਬਲੀ	Stressed
ਬੋਲ	Speech, sound
ਬੋਲਕ-ਏਕਤਾ, ਭਾਸ਼ਈ ਏਕਤ	Linguistic unity
ਬੋਲਕ-ਪ੍ਰਾਂਤ, ਭਾਸ਼ਈ ਪ੍ਰਾਂਤ	Liguistic province
ਬੋਲੀ, ਭਾਸ਼ਾ	Language
ਭਾਸ਼ਾ-ਪਰਵਾਰ	Family of language
ਭਾਸ਼ਾ-ਵਿਗਿਆਨ	Philology, Linguistics
ਭਾਸ਼ਾ-ਵਿਗਿਆਨੀ	Philologist, Linguist
ਭਾਵ-ਲਿਪੀ	Ideograph
ਮਹਾਂ-ਪ੍ਰਾਣ	Aspirated
ਮੱਧ-ਹਿੰਦ-ਆਰਿਆਈ	Middle Indo-Aryan

ਮਾਤ੍ਰੀ-ਭਾਸ਼ਾ ਜਾਂ ਮਾਤ-ਬੋਲੀ	Mother tongue
ਮਾਧਿਅਮ	Medium
ਮੂਰਧਨੀ	Cerebral
ਰਾਜ-ਭਾਸ਼ਾ, ਸਰਕਾਰੀ ਭਾਸ਼ਾ	Official language
ਲੱਛਣ	Definition
ਲਿਖਤ	Writing
ਲਿਖਤੀ ਬੋਲੀ	Written language
ਲਿਪੀ	Script
ਲਿਪੀ-ਚਿੰਨ੍ਹ	Character
ਲੋਪ	Elision, Haplology
ਵਰਣ	Speech sound, letter
ਵਰਣ ਮਾਲਾ	Alphabet
ਵਾਕ-ਬਣਤਰ	Syntax
ਵਿਅੰਜਨ	Consonant
ਵਿਆਕਰਣ-ਪ੍ਰਣਾਲੀ	Grammatical system
ਵਿਆਕਰਣਕ-ਬਣਤਰ	Grammatical form
ਵਿਕਾਸ	Evolution, development
ਵਿਚਾਰ-ਵਟਾਂਦਰਾ	Exchange of thoughts
ਵਿਪਰੀਤੀ	Metathesis
ਵਿਯੋਗੀ, ਵਿਯੋਗਾਤਮਕ ਜਾਂ ਨਿਖੜਵੀਂ	Analytical, Isolating
ਵਿਭਗਤੀ	Inflection
ਵਿਭਗਤੀ-ਪ੍ਰਧਾਨ	Inflectional

ਵਿਸ਼ੇਸ਼ ਨਾਮਾਵਲੀ

ਉਦਿਓਤਨਸੂਰੀ—60, 66, 89 95, 110
ਉਪਨਾਗਰ—67
ਉਪਬੋਲੀ—189, 197, 201
ਉਰਦੂ—48, 64, 185, 203, 206, 234, 243
ਓਮਪ੍ਰਕਾਸ਼ ਕਹੋਲ—224
ਅਸ਼ਟਾਧਿਆਈ—34, 126, 127, 235, 247
ਅਸਾਮੀ—47. 209
ਆਸਟ੍ਰੇਲੀਅਨ ਘਰਾਣਾ—41
ਅਹਿਮਦਅਬਾਸ ਖ਼ਾਜਾ—224
ਅਕਰਮਫ਼ੈਜ਼—115
ਅਗਰ ਚੰਦ ਨਾਹਟਾ—69
ਅਦਹਮਾਣ—68, 112, 113
ਅਪਭ੍ਰੰਸ਼—62, 72, 87, 89
ਅਬਦੁਲ ਅਜ਼ੀਜ਼—219
ਅਬਦੁਲ ਮਜੀਦ—219
ਅਬਿਨਾਸ਼ ਚੰਦ੍—52
ਅਬੁ ਸਾਅਦ—115
ਅਭੀਰੀ—64
ਅਮੀਰ ਖੁਸਰੋ—117, 118, 130, 134
ਅਯੁਧਿਆ ਸਿੰਹ ਉਪਾਧਿਆਇ—93, 217, 263
ਅਰਥ ਬਣਤਰ—157, 158
ਅਰਬੀ—43, 177
ਅਲੀਕੁਲੀ ਖ਼ਾਂ ਵਾਲਾ ਦਾਗ਼ਸਤਾਨੀ—114
ਆਸ਼ਰ ਜੋ—248
ਆਗਮ—14, 148
ਆਦੇਸ਼—147, 149
ਆਰ. ਜੀ. ਭੰਡਾਰਕਰ—99
ਆਰੀਆਨਾ—124
ਆਰੀਆ ਘਰਾਣਾ—40
ਆਰਯ ਸਪਤਸ਼ਤੀ—59
ਐਸਪੇਰੈਂਟੋ—39
ਐਫ. ਈ. ਕੀ—109
ਐਲਬਰੂਨੀ—108, 239-42
ਅੰਗ੍ਰੇਜ਼ੀ—171, 186, 204
ਇਸਤਖ਼ਰੀ—130
ਇਨਸ਼ਾ—136
ਇਬਨ ਬਤੂਤਾ—130
ਈ. ਸਰਾਮਕ—31
ਈ. ਕੀਕਰੇ—39
ਈਡੀਓਨ ਨਿਊਟਰਲ—39
ਈ. ਪੀ. ਨਿਊਟਨ—37, 214, 262
ਈਰਾਨੀ ਮਜਲਿਸ—170
ਸ਼ਹਾਬੁੱਦੀਨ ਚੌਧਰੀ—219
ਸਪਤ ਸਿੰਧੂ—52, 124, 137
ਸ਼ਬਦ-ਬਣਤਰ—145, 153
ਸਮਰਥ—136
ਸਰਹ ਪਾ—68
ਸ੍ਵਯੰਭੂਦੇਵ—68, 90

ਸਵਾਲਖ—129
ਸਾਈਕ ਪ੍ਰੋ:—34
ਸ਼ਾਕਟਾਯਣ—33
ਸ਼ਾਕਲ—177
ਸਾਧੂ ਭਾਸ਼ਾ—180, 181
ਸਾਮੀ ਘਰਾਣਾ—40
ਸਾਮੀ ਲਿਪੀ—232
ਸ਼ਾਰਦਾ—243, 246, 251-53
ਸਿਆਮ ਸੁੰਦਰਦਾਸ—108, 217
ਸਿਧ-ਹੈਮ ਸ਼ਬਦਾਨੁ ਸ਼ਾਸਨ—58
ਸਿਧ ਮਾਤ੍ਰਿਕਾ—247, 248
ਸਿਧੇਸ਼ੂਰ ਵਰਮਾ, ਡ:—31, 37, 46, 114, 139, 183, 184, 209
ਸਿੰਧੀ ਲਿਪੀ—245-50
ਸਿੰਧੀ—48
ਸੁੰਦਰਦਾਸ—135
ਸੂਰਦਾਸ—135
ਸੋਬੀਰ—129
ਸ਼ੌਰਸੈਨੀ—91, 94, 100, 110
ਸੰਸਕ੍ਰਿਤ—32, 55-58, 61, 62, 66-70, 87, 98, 100, 101, 104, 105, 106, 108, 169-175, 182, 183, 229, 269
ਸੰਧੀ—147
ਹਜ਼ਾਰੀ ਪ੍ਰਸਾਦ ਦ੍ਵਿਵੇਦੀ—106
ਹਦਾਇਤ ਹੁਸੈਨ ਡਾ:—118
ਹਰਸ਼ ਵਰਧਨ—33, 67
ਹਰਦੇਵ ਬਾਹਰੀ ਡਾ:—224
ਹਰਿ ਭਾਊ ਉਪਾਧਿਆਇ—226
ਹਾਫਿਜ਼ ਬਰਖੁਰਦਾਰ—135
ਹਾਫਿਜ਼ ਮਹਿਮੂਦ ਸ਼ੀਰਾਨੀ—115, 185, 216
ਹਾਰਨਲੇ—35, 58, 65, 100
ਹਿਊਨਸਾਂਗ—239
ਹਿਦਵੀ—133, 134
ਹਿਦੀ—48, 182, 183, 203, 206
ਹੀਰਨ ਪ੍ਰੋ:—55
ਹੀਰਾ ਲਾਲ ਜੈਨ—64
ਹੇਅਰਜ਼—37, 223
ਹੇਮ ਚੰਦ੍ਰ—34, 58, 68, 69, 88, 105, 115
ਹੰਟਰ—35
ਕਸ਼ਮੀਰੀ—49, 53, 124
ਕਣੂਪਾ—68
ਕਰਟੀਅਸ—96
ਕਾਕਾ ਕਾਲੇਲਕਰ—226
ਕਾਡ ਵੈਲ—101, 106, 172
ਕਾਤਿਆਯਨ—33, 34
ਕਾਲੀਦਾਸ—65, 267
ਕੀਲਾਖਰ—231, 234
ਕੁਟਿਲ ਲਿਪੀ—240
ਕੁਰਡੋ—34
ਕੈਕਈ—89, 91, 100, 110, 133
ਕੈਕਯ—94, 129
ਕੈਥੀ—242
ਕੋਮਾਂਤਰੀ ਭਾਸ਼ਾ ਸਭਾ—204
ਕੋਚਿਆਲੀ—199
ਕੰਨੜ—50
ਖੜ ਭਾਸ਼ਾ ਚੰਦ੍ਰਿਕਾ—58, 94
ਖਰੋਸ਼ਤੀ—57, 233, 235, 236
ਖ਼ੁਰਦਾਦ ਬੇਹ—130
ਗ੍ਰਾਹਮ ਬੇਲੀ—31, 37
ਗ੍ਰੀਅਰਸਨ ਜਾਰਜ—35-37, 46, 65, 68, 87, 89, 91, 92, 99, 115, 139, 166, 184, 192, 210, 212, 213, 215, 226, 272-285
ਗੁੰਥ ਲਿਪੀ—243
ਗਾਥਾ ਸਪਤਸ਼ਤੀ—59
ਗਾਂਧੀ ਮਹਾਤਮਾ—225
ਗਿਆਨੇਸ਼ੂਰ ਸੰਤ—59
ਗਿਲ ਕ੍ਰਾਇਸਟ, ਡਾ:—123

ਗੁਜਰਾਤੀ—47
ਗੁਪਤ ਲਿਪੀ—240
ਗੁਰਦਾਸ—121, 132, 138
ਗੁਰਮੁਖੀ—245-56
ਗੁਰਮੁਖੀ ਅਖਬਾਰ—271
ਗੁਰੂ ਗ੍ਰੰਥ—70, 165, 268
ਗੁਲੇਰੀ ਚੰਦ੍ ਧਰ ਸ਼ਰਮਾ—70
ਗੌਵਰਧਨਾਚਾਰਯ—59
ਗੌਰੀ ਸ਼ੰਕਰ ਹੀਰਾ ਚੰਦ ਓਝਾ—66, 67, 236, 239, 243, 256, 262
ਗੌਢ ਲਿਪੀ—230
ਗੌਦ੍ਯ—172
ਚਾਰਲਸ ਵਿਲਕਨਜ਼—34
ਚਾਂਦ ਬ੍ਰਦਾਈ—115
ਚਿਤ੍ ਲਿਪੀ—230, 231
ਚੀਨੀ ਤਿਬਤੀ ਘਰਾਣਾ—40
ਚੈਟਰਜੀ ਸੁਨੀਤੀ ਕੁਮਾਰ ਡਾ:—35, 39, 51, 53, 55, 92, 93, 107, 169, 175, 183, 209, 212, 226
ਜਵਾਹਰ ਲਾਲ ਨਹਿਰੂ—225
ਜਿਉਲਜ਼ ਬਲਾਕ—33, 35, 202
ਜੀ. ਆਰ. ਹੰਟਰ—237
ਜੀ. ਬੀ. ਸਿੰਘ—132, 241, 256
ਜੇਮਜ਼ ਡੱਈ—138
ਜੈ ਦੇਵ—116
ਜੈ ਵੱਲਭ—60
ਜੋਸ਼ੁਆ ਫਜ਼ਲਦੀਨ—223
ਜੋਧ ਸਿੰਘ ਪ੍ਰਿ:—264
ਜੌਹਨ ਨਿਊਟਨ—36, 214
ਜ਼ੰਦਾਵਸਤਾ—52, 124, 125
ਝਾਂਗੀ—185
ਟਕਸਾਲੀ—201
ਟਕਦੇਸ—126, 127
ਟੱਕੀ—64, 89, 90, 100, 110, 133
ਟਰਨਰ—36, 99
ਟਾਕਰੀ—244, 251-53
ਟੈਕਸਿਲਾ—127, 177
ਟੈਗਰਟ—170
ਟੌਮਸਚੈਕ—99
ਡਬਲਯੂ ਕੈਰੀ—36
ਡੀ. ਏ. ਤ੍ਰਿਵੇਦ—52
ਡੋਗਰੀ—199
ਤਗਾਰੇ—65, 69
ਤਾਜ ਮੁਹੰਮਦ ਪ੍ਰਿ:—220
ਤਾਮਲ—49
ਤ੍ਰਿਪਿਟਕ—57
ਤ੍ਰਿਵਿਕ੍ਰਮਦੇਵ—61, 69
ਤੁਰਕੀ—177
ਤੁਲੂ—243
ਤੇਜਾ ਸਿੰਘ ਪ੍ਰਿ:—206, 208
ਤੈਲਗੂ—49
ਦ੍ਰਾਵੜ ਘਰਾਣਾ—41
ਦ੍ਰਾਵੜੀ—171-74
ਦੁਨੀ ਚੰਦ ਪ੍ਰੋ:—37, 93, 144, 222, 262
ਦੂਹਾ—71
ਦੇਸੀ ਨਾਮ ਮਾਲਾ—65, 69, 105, 163, 164
ਦੇਵਸੇਨ—68
ਦੇਵਨਾਗਰੀ—242, 256-58
ਦੰਡੀ—65, 66
ਧਰਸੇਨ ਵੱਲਭੀ—65
ਧੀਰੇਂਦ੍ ਵਰਮਾ ਪ੍ਰੋ:—35, 99, 108, 139, 216
ਧੁਨੀ ਬਣਤਰ—145, 154
ਧੁਨੀ ਲਿਪੀ—231
ਧੁਨੀ ਵਿਗਿਆਨ—31
ਨਜ਼ਾਮੀ ਅਰੂਜ਼ੀ ਸਮਰਕੰਦੀ—114
ਨਮੀ ਸਾਧੂ—61
ਨਾਗਰ—67

ਨਾਮ ਦੇਵ—116
ਨਿਸ਼ੀਥ ਚੂਰਣਿ—133
ਨਿਰੁਕਤ—33, 162
ਨੂਰਦੀਨ ਮੁਹੰਮਦ ਔਫੀ—114, 115
ਪਸ਼ਤੋ – 49, 124, 180
ਪਹਾੜੀ—48
ਪਤੰਜਲੀ—34, 62
ਪੱਤਰਕਾਰੀ—270, 271
ਪ੍ਰਜ਼ੋਸ਼ ਲੁਕੀ—172
ਪਰਮਾਨੰਦ ਬਹਲ—37
ਪ੍ਰਾਕ੍ਰਿਤ—58-62, 64, 87
ਪ੍ਰਾਕ੍ਰਿਤ ਸਰਵਸ੍ਵ—58, 89
ਪ੍ਰਾਕ੍ਰਿਤ ਚੰਦ੍ਰਿਕਾ—88
ਪ੍ਰਾਕ੍ਰਿਤ ਪ੍ਰਕਾਸ਼—58
ਪ੍ਰਾਕ੍ਰਿਤ ਲਛਣ—88
ਪਾਲੀ—56, 57, 88, 171, 176
ਪਾਇਅਲੱਛੀ ਨਾਮ ਮਾਲਾ—105, 163-64
ਪਾਣਿਨੀ—33, 34, 126, 127, 175, 235
ਪਿਸ਼ਲ—69, 91
ਪੀ. ਡੀ. ਗੁਨੇ—35, 69, 146, 189, 215
ਪੀਅਰ ਫੁਸ—39
ਪੁਆਧੀ— 97
ਪੁਸ਼ਪਦੰਤ—68
ਪੁਰਤਗਾਲੀ—187
ਪੈਸ਼ਾਚੀ—53, 58, 91, 94, 98, 100
ਪੋਠੋਹਾਰੀ—193
ਪੰਜ ਨਦ—127, 128
ਫਕੀਰਮੁਹੰਮਦ ਫਕੀਰ—220
ਫ੍ਰਾਂਜ਼ ਬਾਪ—35
ਫਰੀਦੁੱਦੀਨ ਸ਼ੱਕਰਗੰਜ—115, 17
ਫੈਂਚ ਇਕਾਡਮੀ—39
ਫਾਰਸੀ—169, 170, 178, 179, 180, 234, 269
ਫਿਨੀਸ਼ੀ—233, 234, 237
ਬੱਜ੍ਰਯਾਨੀ—68
ਬੱਡ ਕਹਾ—95
ਬਨਾਰਸੀਦਾਸ ਡਾ:—31, 37, 222 263
ਬ੍ਰਹਮਾਵਰਤ—94, 128
ਬ੍ਰਹਮੀ—234, 236, 237
ਬ੍ਰਾਚੜ—67
ਬਲੂਮਫੀਲਡ—36, 43
ਬਲੋਚੀ—124
ਬਾਣ ਭੱਟ—65, 95
ਬਾਲ ਗੰਗਾਧਰ ਤਿਲਕ—52
ਬਿਹਾਰੀ ਲਾਲ—36, 261
ਬਿਸ਼ਨ ਦਾਸ—37, 215
ਬ੍ਰਿਜ ਭਾਸ਼ਾ—181
ਬ੍ਰਿਜ ਮੋਹਨ ਤਿਵਾਰੀ—41
ਬ੍ਰਿਜ ਮੋਹਨ ਦਤਾਤ੍ਰੇਯ—93, 217
ਬੀਮਜ਼—35, 101, 164, 213, 261
ਬੁਸ਼ਾਹਰੀ—130
ਬੇਦਰ—239
ਬੰਗਾਲੀ—47
ਬੰਟ੍ਰ—41
ਭਟਿਆਣੀ—198
ਭਟਿਆਲੀ—199
ਭਦੰਤ ਆਨੰਦ ਕੌਸਲਾਯਨ—226
ਭਰਤ ਮੁਨੀ—63, 69, 88, 90
ਭਾਟੀ ਦੇਸ—128
ਭਾਨੁਦਤ ਪੀ:—214
ਭਾਮਹ—65
ਭਾਰਤੀ ਸੰਵਿਧਾਨ—209
ਭਾਵ ਲਿਪੀ—231
ਭੋਜ ਰਾਜ—67
ਮਦਨ ਗੋਪਾਲ—221, 264

ਮਦ੍ ਦੇਸ਼—125, 126
ਮੱਧ ਦੇਸ਼—92, 110
ਮੱਧ ਅਫ਼ਰੀਕੀ—
ਮਰਾਠੀ—47
ਮਲਿਆਲਮ—50
ਮਾਸਊਦ ਬਿਨ ਸਾਅਦ—113, 114
ਮਾਸਊਦੀ—131
ਮਾਰਸ਼ਲ ਜੌਹਨ ਸਰ—58
ਮਾਰਕੰਡੇ—69, 88
ਮਾਰਕੰਡੇ ਪੁਰਾਣ—98
ਮਾਲਵ—96, 97, 128
ਮਿੱਛ ਦੇਸ਼—128
ਮਿਰਕਣ ਘਰਾਣਾ—41
ਮੁਹੱਯੁਦੀਨ ਕਾਦਰੀ ਜ਼ੋਰ—217
ਮੁਹੰਮਦ ਬਾਕਰ ਡਾ:—219
ਮਹਿਦੀ ਅਲੀ ਖਾਂ—219
ਮੁਲਤਾਨੀ—134
ਮੁੱਲਾਂ ਵਜਹੀ—119
ਮੈਕਸਮੂਲਰ—24
ਮੈਕਡਾਨਲ—56
ਮੈਲੇਪਾਲੇ ਨੈਸ਼ੀਅਨ—41
ਮੋਹਸਨ ਫਾਨੀ—134
ਮੋਹਨ ਸਿੰਘ ਡਾ:—221
ਮਹਿੰਜਦੜੋ—54, 231
ਮੋੜੀ—242
ਮੌਲਾ ਬਖਸ਼ ਕੁਸ਼ਤਾ—220
ਮੰਗਲਦੇਵ ਸ਼ਾਸਤ੍ਰੀ—36, 101
ਯਾਸਕ—33, 34
ਯੁਆਨ ਚੁਆਂਙ—33
ਯੁਸੀਅਸ—106
ਯੂਨਾਨੀ—177
ਯੂਰਾਲ ਅਲਟਾਇਕ—40
ਯੌਧੇਯ—128
ਰਘੁਵੀਰ ਡਾ:—264
ਰਵਿਸ਼ੰਕਰ ਸ਼ੁਕਲ—220
ਰਾਇਲ ਏਸ਼ਿਆਟਿਕ ਸੁਸਾਇਟੀ—
ਰਾਹੁਲ ਸਾਂਕ੍ਰਿਤਯਾਯਨ—63, 69,
ਰਾਜਸਥਾਨੀ—47
ਰਾਜਸ਼ੇਖਰ—60, 66, 95, 96
ਰਾਜਿੰਦਰ ਸਿੰਘ ਬੇਦੀ—224
ਰਾਮਸਰਨ ਦਾਸ—222
ਰਾਮ ਸਿੰਘ ਪ੍ਰੋ:—37
ਰਾਮ ਬਿਲਾਸ ਸ਼ਰਮਾ—101
ਰਿਗਵੇਦ—53-55
ਰੁਦ੍ਰਟ—66, 88
ਰੌਜ਼ ਐਚ. ਏ.—37
ਲਹਿੰਦੀ—139, 140, 192-94
ਲਲਿਤ ਵਿਸਤਰ—235
ਲਾਇਦਨਰ—135
ਲਾਹੌਰੀ—196, 205
ਲਿਓਸ ਥੌਮਰੇ—39
ਲਿਪੀ—228, 236
ਲੋਪ—147, 148
ਲੰਡੇ—244
ਵੱਸਾਫ਼—130
ਵਰਰੁਚੀ—58, 65, 95
ਵਾਸੁਦੇਵ ਸ਼ਰਣ ਅਗ੍ਰਵਾਲ—70
ਵਾਹੀਕ ਦੇਸ਼—125
ਵਾਕ ਪਤਿਰਾਜ—60
ਵਾਕ ਬਣਤਰ—145, 156
ਵਿਉਤਪਤੀ ਵਿਗਿਆਨ—162
ਵਿਦਿਆਪਤਿ—119
ਵਿਪਰੀਤੀ—147, 149
ਵਿਲੀਅਮ ਜੌਨਜ਼—34
ਵੂਲਨਰ—36, 219
ਵੈਦਿਕ ਸੰਸਕ੍ਰਿਤ—54
ਵੈਂਦੇਜ਼—31, 36, 143, 145, 157, 160, 162, 202, 204